
ਸਤਿਬੀਰ ਸਿੰਘ
ਸਤਿ
ੴ

# ਧਾਰਮਿਕ ਤੇ ਇਤਿਹਾਸਕ ਰਚਨਾਵਾਂ ਪ੍ਰਿੰ. ਸਤਿਬੀਰ ਸਿੰਘ ਰਚਿਤ

| | |
|---|---|
| ਸਾਡਾ ਇਤਿਹਾਸ (ਭਾਗ ੧) | (ਦਸ ਪਾਤਸ਼ਾਹੀਆਂ) |
| ਸਾਡਾ ਇਤਿਹਾਸ (ਭਾਗ ੨) | (ਬਾਬਾ ਬੰਦਾ ਸਿੰਘ ਤੋਂ ਸਿੱਖ ਰਾਜ ਤੱਕ) |
| ਬਲਿਓ ਚਿਰਾਗ਼ | (ਜੀਵਨੀ ਗੁਰੂ ਨਾਨਕ ਦੇਵ ਜੀ) |
| ਕੁਦਰਤੀ ਨੂਰ | (ਜੀਵਨੀ ਗੁਰੂ ਅੰਗਦ ਦੇਵ ਜੀ) |
| ਪਰਬਤ ਮੇਰਾਣੁ | (ਜੀਵਨੀ ਗੁਰੂ ਅਮਰਦਾਸ ਜੀ) |
| ਪੂਰੀ ਹੋਈ ਕਰਾਮਾਤਿ | (ਜੀਵਨੀ ਗੁਰੂ ਰਾਮਦਾਸ ਜੀ) |
| ਪਰਤਖੁ ਹਰਿ | (ਜੀਵਨੀ ਗੁਰੂ ਅਰਜਨ ਦੇਵ ਜੀ) |
| ਗੁਰ ਭਾਰੀ | (ਜੀਵਨੀ ਗੁਰੂ ਹਰਿਗੋਬਿੰਦ ਜੀ) |
| ਨਿਰਭਉ ਨਿਰਵੈਰੁ | (ਜੀਵਨੀ ਗੁਰੂ ਹਰਿ ਰਾਇ ਜੀ) |
| ਅਸ਼ਟਮ ਬਲਬੀਰਾ | (ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ) |
| ਇਤਿ ਜਿਨਿ ਕਰੀ | (ਜੀਵਨੀ ਗੁਰੂ ਤੇਗ਼ ਬਹਾਦਰ ਜੀ) |
| ਪੁਰਖ ਭਗਵੰਤ | (ਜੀਵਨੀ ਗੁਰੂ ਗੋਬਿੰਦ ਸਿੰਘ ਜੀ) |
| ਕਥਾ ਪੁਰਾਤਨ ਇਉਂ ਸੁਣੀ (ਭਾਗ ੧) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਕਥਾ ਪੁਰਾਤਨ ਇਉਂ ਸੁਣੀ (ਭਾਗ ੨) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਪੁਰਾਤਨ ਇਤਿਹਾਸਕ ਜੀਵਨੀਆਂ | (ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ) |
| ਰਛਿਆ ਰਹਿਤ | (ਰਹਿਤ ਦੀ ਮਹੱਤਤਾ ਸਬੰਧੀ) |
| ਖ਼ਾਲਸੇ ਦੀ ਵਾਸੀ | (ਧਾਰਮਿਕ ਲੇਖ) |
| ਸੌ ਸਵਾਲ | (ਗੁਰਮਤਿ ਸਬੰਧੀ ਸਵਾਲ-ਜਵਾਬ) |
| ਆਦਿ ਸਿੱਖ ਤੇ ਆਦਿ ਸਾਖੀਆਂ | (ਸਿੱਖਾਂ ਪ੍ਰਤੀ ਗੁਰੂ ਸਾਹਿਬ ਦੇ ਬਚਨ) |
| ਅਨਾਦਿ ਅਨਾਹਤਿ | (ਜਪੁ ਤੇ ਉਹਦੇ ਪੱਖ) |
| ਰਬਾਬ ਤੋਂ ਨਗਾਰਾ | (ਇੱਕੜ ਦੁੱਕੜ) |
| ਮਨਿ ਬਿਸ੍ਰਾਮ | (ਸੁਖਮਨੀ ਸਾਹਿਬ ਬਾਰੇ) |
| ਦਰਵੇਸ਼ੀ ਗਾਖੜੀ | (ਦਰਵੇਸ਼ਾਂ ਦੀਆਂ ਜੀਵਨੀਆਂ) |
| ਬਾਰਹ ਮਾਹਾ ਤਿਨੇ | (ਪਾਤਸ਼ਾਹੀ ੧, ੫ ਤੇ ੧੦ ਵਲੋਂ ਉਚਾਰੇ ਬਾਰਾਮਾਹ) |
| ਪੂਰਨ ਸਚਿ ਭਰੇ | (ਮੰਨੋ ਭਾਵੇਂ ਨਾਹ) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਪ੍ਰਸਤਾਵਨਾ, ਜਪੁ, ਸੋਦਰ, ਸੋ ਪੁਰਖੁ ਤੇ ਸੋਹਿਲਾ) (ਸੈਂਚੀ ੧) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | O ਸਿਰੀ ਰਾਗ ਮੁਕੰਮਲ ਸੈਂਚੀ ਦੂਜੀ, ਤੀਜੀ,<br>O ਮਾਝ ਰਾਗ ਸੰਪੂਰਨ ਮੁਕੰਮਲ ਸੈਂਚੀ ਚੌਥੀ |

 www.sikhbookclub.com

# ਮਨਿ ਬਿਸ੍ਰਾਮ

## ਸੁਖਮਨੀ ਸਾਹਿਬ ਦਾ ਸਾਰ, ਵਿਸਥਾਰ ਅਤੇ ਸ਼ਬਦ-ਭਾਵ

SIKHBOOKCLUB.COM

ਸਤਿਬੀਰ ਸਿੰਘ

**ਨਿਊ ਬੁੱਕ ਕੰਪਨੀ**
ਮਾਈ ਹੀਰਾਂ ਗੇਟ, ਜਲੰਧਰ-144 008


www.sikhbookclub.com

Man Bisram

*by* SATBIR SINGH

Published by :
New Book Co., Mai Hiran Gate, Jalandhar. Ph : 2280045, 2284325, 3093190, 5534190

SIKHBOOKCLUB.COM

ਪਹਿਲੀ ਵਾਰ : 1992; ਦੂਜੀ ਵਾਰ : 1997

ਮੁੱਲ : 120 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3293190, 2284325
Fax : 0181-2234081
E-mail : newbookco@hotmail.com

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈੱਸ, ਜੋਸ਼ੀ ਅਸਟੇਟ, ਟਾਂਡਾ ਰੋਡ, ਜਲੰਧਰ।


www.sikhbookclub.com

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ਼, ਜਲੰਧਰ।

# ਕੁਝ ਇਸ ਪੁਸਤਕ ਸਬੰਧੀ

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਜਪੁਜੀ ਵਿੱਚ ਜਿਤਨੇ ਅੱਖਰ (੪੯੭੭) ਹਨ, ਉਤਨੀਆਂ ਹੀ ਮਾਤ੍ਰਾਂ ਹਨ। ਜਪੁਜੀ ਦਾ ਪਾਠ ਕਰਦਿਆਂ ਪੂਰਾ ਧਿਆਨ ਕੇਂਦਰਤ ਕਰਨਾ ਪੈਂਦਾ ਹੈ। ਰਤਾ ਕੁ ਧਿਆਨ ਉਖੜਿਆ ਨਹੀਂ ਕਿ ਜਪੁਜੀ ਦੀਆਂ ਪਉੜੀਆਂ ਦੀ ਥਾਂ ਰਹਿਰਾਸ ਦਾ ਪਾਠ ਸ਼ੁਰੂ ਹੋਇਆ ਨਹੀਂ ਪਰ ਸੁਖਮਨੀ ਸਾਹਿਬ ਦਾ ਕਮਾਲ ਇਹ ਹੈ ਕਿ ਉੱਡਦਾ ਮਨ ਵੀ ਬਿਸ੍ਰਾਮ ਹੋ ਜਾਂਦਾ ਹੈ। ਮਨ ਉੱਡ ਕਿਧਰੇ ਜਾਂਦਾ ਹੀ ਨਹੀਂ। ਸਾਹਾਂ ਵਿੱਚ ਸਮਾ ਜਾਂਦੀ ਹੈ ਸੁਖਮਨੀ ਦੀ ਖੁਸ਼ਬੋਈ। ਕਹਿੰਦੇ ਹਨ ਕਿ ਸਿਹਤਮੰਦ ਸ਼ਖ਼ਸ ਰੋਜ਼ ਚੌਵ੍ਹੀ ਹਜ਼ਾਰ ਸਵਾਸ ਲੈਂਦਾ ਹੈ ਅਤੇ ਸੁਖਮਨੀ ਸਾਹਿਬ ਦੇ ਚੌਵ੍ਹੀ ਹਜ਼ਾਰ ਹੀ ਅੱਖਰ ਹਨ।

ਸੁਖਮਨੀ ਸਾਹਿਬ ਦੀ ਇਕ ਹੋਰ ਵੱਡੀ ਵਡਿਆਈ ਹੈ ਕਿ ਇਸ ਵਿਚ ਪ੍ਰੇਰਨਾ ਨਹੀਂ। ਪੜ੍ਹਦਿਆਂ-ਪੜ੍ਹਦਿਆਂ ਹੀ ਚਾਅ ਉੱਠ ਖੜੋਂਦਾ ਹੈ ਸਿਮਰਨ ਕਰਨ ਦਾ। ਸੁਖਮਨੀ ਸਾਹਿਬ ਵਿੱਚ ਉੱਚੀ ਤੋਂ ਉੱਚੀ ਤੇ ਡੂੰਘੀ ਤੋਂ ਡੂੰਘੀ ਵਿਚਾਰ ਇਸ ਸਹਿਜ ਨਾਲ ਕੀਤੀ ਹੈ ਕਿ ਜ਼ਹਨ-ਨਸ਼ੀਨ ਹੁੰਦਿਆਂ ਢਿੱਲ ਨਹੀਂ ਲੱਗਦੀ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਮਹਿਮਾ ਪ੍ਰਕਾਸ਼, ਸੂਰਜ ਪ੍ਰਕਾਸ਼ ਦੇ ਕਰਤਾ ਇਕ ਜ਼ਬਾਨ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਕਲਿਜੁਗ (ਮਸ਼ੀਨ-ਮੋਟਰ-ਏਜ) ਤੋਂ ਉੱਚਾ ਉਠਾਉਣ ਲਈ ਹੀ ਰਾਮਸਰ ਦੇ ਅਸਥਾਨ ਤੇ ਸੁਖਮਨੀ ਸਾਹਿਬ ਉਚਾਰੀ। ਸੁਖਮਨੀ ਸਾਹਿਬ ਦੀ ਆਖਰੀ ਅਸ਼ਟਪਦੀ ਦੀ ਪੰਜਵੀਂ ਪਉੜੀ ਵਿੱਚ ਪੰਜਮ ਪਾਤਸ਼ਾਹ ਨੇ ਲਿਖਿਆ ਹੈ ਕਿ ਗੁਣ ਗਾਂਦੇ ਗਾਂਦੇ ਹੀ ਜਦ ਮਨ ਪੂਰਨ ਤੌਰ ਤੇ ਟਿਕ ਜਾਏ ਤਾਂ ਸਮਝੋ ਸੁੱਖਾਂ ਦੀ ਮਣੀ ਪ੍ਰਾਪਤ ਹੋ ਗਈ। ਇਹ ਨਾ ਭੁੱਲਣਾ ਕਿ ਸੁੱਖ, ਸ਼ਾਂਤ ਸਹਿਜ ਕੇਵਲ ਪ੍ਰਭੂ ਦੀ ਹਜ਼ੂਰੀ ਦਾ ਅਨੰਦ ਪਾਉਣ ਨਾਲ ਹੀ ਮਿਲਣਾ ਹੈ। ਜਦ ਇਹ ਮਿਲ ਜਾਏ ਤਾਂ ਚਿਤਵਨੀਆਂ ਤੱਕ ਆਪੇ ਪੂਰੀਆਂ ਹੁੰਦੀਆਂ ਚਲੀਆਂ ਜਾਂਦੀਆਂ ਹਨ। ਉੱਚੀ ਆਤਮਿਕ ਅਵਸਥਾ ਵਿਚ ਕਦੇ ਨਿਵਾਣ ਨਹੀਂ ਆਉਂਦੀ। ਮਨ-ਤ੍ਰੰਗਾਂ ਨਹੀਂ ਉੱਠਦੀਆਂ। 'ਕਬਹੂ ਨਿਰਤਿ ਕਰੈ ਬਹੁ ਭਾਂਤਿ॥ ਕਬਹੂ ਸੋਇ ਰਹੈ ਦਿਨੁ ਰਾਤਿ' ॥ ਵਾਲੀ ਦਸ਼ਾ ਤਾਰੀ ਨਹੀਂ ਹੁੰਦੀ। ਟਿਕੇ ਮਨ ਨਾਲ ਬਾਣੀ ਪੜ੍ਹਦਿਆਂ ਕੀ ਕੁਝ ਮਿਲਦਾ ਹੈ ਉਸ ਦਾ ਰਤਾ ਕੁ ਨਜ਼ਾਰਾ ਤਾਂ ਕਰੋ :

ਨਾ ਗਵਾਚਣ ਵਾਲੀ ਖ਼ੁਸ਼ੀ, ਆਤਮ-ਟਿਕਾ, ਸੰਸਾਰੀ ਸੰਪਦਾ, ਸੁਹਜ ਸਵਾਦ ਦੇ ਖ਼ਜ਼ਾਨੇ, ਸਭ ਪਦਾਰਥਾਂ ਦੇ ਭੰਡਾਰ (ਨਵਨਿਧਿ), ਸੂਝ ਸਿਆਣਪ, ਸਹੀ ਸੋਚਣੀ, ਕਰਾਮਾਤੀ ਸ਼ਕਤੀਆਂ, ਅਟੁੱਟ ਭਗਤੀ, ਸਰੀਰ ਤੇ ਪੂਰਨ ਕਾਬੂ, ਲਿਵ, ਉੱਚਤਮ ਚਜ-ਆਚਾਰ, ਅੰਦਰਲੀ ਪਵਿੱਤ੍ਰਤਾ, ਜ਼ਿੰਦਗੀ ਦੇ ਸਭ ਮਕਸਦ (ਚਾਰ ਪਦਾਰਥ), ਖੇੜਾ, ਜਗਤ ਵਿਚਰਦੇ ਕਾਮਾਦਿਕ ਤੋਂ ਉੱਚਾ ਰਹਿਣਾ, ਖ਼ੂਬਸੂਰਤ ਸ਼ਖ਼ਸੀਅਤ, ਸਦਾ ਸਾਵਧਾਨਤਾ, ਜਗਤ ਦੀ ਅਸਲੀਅਤ ਤੋਂ ਜਾਣੂ, ਸਭ ਨੂੰ ਇਕੋ ਜਿਹਾ ਸਨੇਹ ਕਰਨ ਵਾਲੀ ਰੁਚੀ ਅਤੇ ਹਰ ਇਕ ਵਿੱਚ ਉਸ ਪ੍ਰਭੂ ਦੀ ਜੋਤ ਕੰਮ ਕਰਦੀ ਦੇਖਣ ਵਾਲੀ ਨਜ਼ਰ ਮਿਲ ਜਾਂਦੀ ਹੈ, ਜਿਸ ਗੁਰ (ਨਾਨਕ ਨਾਮ) ਬਚਨ ਮਨਿ ਸੁਨੇ॥'

ਸੁਖਮਨੀ ਦਾ ਚਮਤਕਾਰ ਸ਼ਾਹਜਹਾਨ ਦੇ ਵਜ਼ੀਰ-ਇ-ਆਜ਼ਮ ਵਜ਼ੀਰ ਖ਼ਾਨ ਨੇ ਡਿੱਠਾ ਸੀ। ਮੂੰਹ ਵਿੱਚ

ਅੰਨ ਉਹ ਉਸ ਵੇਲੇ ਤਕ ਨਹੀਂ ਸੀ ਪਾਂਦਾ ਜਦ ਤਕ ਸੁਖਮਨੀ ਸਾਹਿਬ ਦਾ ਪਾਠ ਸੁਣ ਨਾ ਲਵੇ। ਜਗਤ ਪ੍ਰਸਿੱਧ ਕਲਾਕਾਰ ਨਿਕੋਲਿਸ ਰੋਰਿਕ ਨੇ ਤਾਂ ਇਹ ਵਸੀਅਤ ਹੀ ਕਰ ਦਿੱਤੀ ਸੀ ਕਿ ਮੇਰੀ ਕਬਰ ਦੇ ਖੱਬੇ ਪਾਸੇ ਸੁਖਮਨੀ ਸਾਹਿਬ ਦਾ ਗੁਟਕਾ ਰੱਖਣਾ। ਪ੍ਰੋਫੈਸਰ ਪੂਰਨ ਸਿੰਘ ਦੀ ਹੋਸ਼ ਸੁਖਮਨੀ ਸਾਹਿਬ ਦਾ ਪਾਠ ਸੁਣਦਿਆਂ ਹੀ ਪਰਤੀ ਸੀ। ਸਾਧੂ ਟੀ.ਐਲ. ਵਾਸਵਾਨੀ ਨੇ ਤਾਂ ਦੇਸ਼ ਦੇ ਗਿਆਨੀਆਂ ਨੂੰ ਸਾਫ਼ ਕਿਹਾ ਸੀ ਜੇ ਚਾਹੁੰਦੇ ਹੋ, ਵਿਦਿਆਰਥੀ ਹੱਥੋਂ ਨਾ ਨਿਕਲੇ ਤਾਂ ਸੁਖਮਨੀ ਸਾਹਿਬ ਨੂੰ ਵਿਦਿਆਰਥੀਆਂ ਦੇ ਪਾਠ-ਕਰਮ ਵਿੱਚ ਸ਼ਾਮਲ ਕਰੋ। ਪ੍ਰੋਫ਼ੈਸਰ ਤੇਜਾ ਸਿੰਘ ਨੇ ਸੁਖਮਨੀ ਸਾਹਿਬ ਦਾ ਅੰਗਰੇਜ਼ੀ ਵਿਚ ਉਲੱਥਾ ਕਰਦੇ ਬੜੀ ਭਾਵ ਪੂਰਤ ਗੱਲ ਲਿਖੀ ਸੀ ਕਿ ਸੁਖਮਨੀ ਸਾਹਿਬ ਐਸੀ ਬਾਣੀ ਹੈ ਕਿ ਪੜ੍ਹਦੇ ਹੀ ਨਾਲੋ-ਨਾਲ ਦੁੱਖ ਮਿਟਾਈ ਜਾਂਦੀ ਹੈ। ਸਭ ਤੋਂ ਅਨੋਖੀ ਬਾਤ ਸੁਖਮਨੀ ਸਾਹਿਬ ਵਿੱਚ ਇਹ ਹੈ ਕਿ ਜਗਤ ਦੇ ਧੰਦਿਆਂ ਵਿੱਚ ਉਲਝੇ ਇਨਸਾਨ ਦੀਆਂ ਨਸਾਂ ਤਣਦੀਆਂ ਨਹੀਂ। ਤਣਾਉ (Stresses) ਕਦੇ ਪਹੁੰਚੇ ਨਹੀਂ। ਪਾਠ ਕਰਦੇ ਕਰਦੇ ਹੀ ਨਾਮ ਦੀ ਬੁਨਿਆਦ ਰੱਖੀ ਜਾਂਦੀ ਹੈ ਅਤੇ ਨਾਮ ਦੀ ਨੀਂਹ ਤੇ ਦੀਵਾਰਾਂ ਐਸੀਆਂ ਉਸਰਦੀਆਂ ਹਨ ਕਿ ਆਚਰਣ ਦੀ ਮਜ਼ਬੂਤ ਛੱਤ ਪੈ ਜਾਂਦੀ ਹੈ।

'ਮਨਿ ਬਿਸ੍ਰਾਮ' ਪੁਸਤਕ ਵਿਚ ਸੁਖਮਨੀ ਸਾਹਿਬ ਨੂੰ ਇਨ੍ਹਾਂ ਹੀ ਪੱਖਾਂ ਤੋਂ ਸਮਝਣ ਦਾ ਯਤਨ ਕੀਤਾ ਹੈ। ਪੜ੍ਹਨ ਨੂੰ ਬੜੀ ਸਰਲ ਲਗਦੀ ਹੈ ਇਹ ਬਾਣੀ ਪਰ ਸਮਝ ਲਈ ਹਰ ਇਕ ਤੁਕ ਉਚੇਚਾ ਧਿਆਨ ਮੰਗਦੀ ਹੈ। 'ਅੰਤਰ ਅਗਨਿ ਬਾਹਰ ਤਨੁ ਸੁਆਹ' ਦੇ ਅਰਥ ਲੱਭਣ ਲਈ ਬਹੁਤ ਡੂੰਘਾ ਜਾਣਾ ਪਵੇਗਾ। ਮੈਨੂੰ ਪੂਰਨ ਵਿਸ਼ਵਾਸ ਹੈ ਕਿ 'ਅਨਾਦਿ ਅਨਾਹਤਿ' ਅਤੇ 'ਬਾਰਹ ਮਾਹ ਤਿੰਨੇ' ਵਾਂਗ ਇਹ ਪੁਸਤਕ ਵੀ ਪਾਠਕ ਪਸੰਦ ਕਰ ਸ਼ੁੱਭ ਇੱਛਾਵਾਂ ਭੇਜਣਗੇ। ਇਸੇ ਸਿਲਸਿਲੇ ਦੀ ਚੌਥੀ ਪੁਸਤਕ 'ਕਰਤ ਨ ਲਾਗੀ ਵਾਰ' (ਆਸਾ ਦੀ ਵਾਰ) ਵੀ ਛੇਤੀ ਹੀ ਪਾਠਕਾਂ ਹੱਥ ਦੇ ਕੇ ਪ੍ਰਸੰਨਤਾ ਲਵਾਂਗਾ।

ਇਸ ਪੁਸਤਕ ਦਾ ਟਾਈਟਲ ਕਵਰ ਜਿਸ ਉੱਘੇ ਆਰਟਿਸਟ ਸ੍ਰੀ ਬੋਧ ਰਾਜ ਜੀ ਦੀ ਕਲਮ ਦਾ ਕ੍ਰਿਸ਼ਮਾ ਹੈ, ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ। ਮੇਰੀਆਂ ਕਈ ਹੋਰ ਪੁਸਤਕਾਂ (ਪਰਬਤ ਮੇਰਾਣੁ, ਕਥਾ ਪੁਰਾਤਨ ਇਉ ਸੁਣੀ) ਦੇ ਟਾਈਟਲ ਵੀ ਉਨ੍ਹਾਂ ਹੀ ਬਣਾਏ ਸਨ ਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਸੰਪੂਰਨ ਸਚਿਤ੍ਰ ਜੀਵਨੀ ਵੀ ਉਨ੍ਹਾਂ ਹੀ ਕੀਤੀ ਸੀ। 'ਚਮਕੌਰ ਦੀ ਗੜ੍ਹੀ' ਵੀ ਉਨ੍ਹਾਂ ਦੇ ਹੀ ਬੁਰਸ਼ਾਂ ਦਾ ਕਮਾਲ ਸੀ। ਹੁਣ ਉਹ 'ਜੰਗਾਂ ਗੁਰੂ ਪਾਤਸ਼ਾਹਾਂ ਦੀਆਂ, ਗੁਰੂ ਹਰਿਗੋਬਿੰਦ ਅਤੇ ਗੁਰੂ ਗ੍ਰੰਥ ਸਾਹਿਬ ਰਾਗ ਚਿਤ੍ਰਾਵਲੀ ਸੰਪੂਰਨ ਕਰਨ ਵਿਚ ਰੁੱਝੇ ਹੋਏ ਸਨ ਕਿ ਧੁਰੋਂ ਸੱਦਾ ਆ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਸਮੇਂ ਮੈਨੂੰ ਤਾਂ ਇੰਜ ਮਹਿਸੂਸ ਹੋਇਆ ਕਿ ਜਿਵੇਂ ਪ੍ਰਭੂ ਨੂੰ ਚਿਤ੍ਰ ਨਾਲੋਂ ਚਿਤੇਰਾ ਹੀ ਪਸੰਦ ਆ ਗਿਆ ਤੇ ਉਨ੍ਹਾਂ ਪਾਸ ਬੁਲਾ ਲਿਆ। ਕਲਾ ਨੂੰ ਬੜੀ ਘਾਟ ਪਈ ਹੈ। ਉਨ੍ਹਾਂ ਦੇ ਪੁੱਤਰਾਂ 'ਮਹਿੰਦਰ ਤੇ ਵਿਜੈ ਜੀ' ਨੂੰ ਮੈਂ ਕਿਹਾ ਹੈ ਕਿ ਪਿਤਾ ਦੇ ਅਧੂਰੇ ਕੰਮਾਂ ਨੂੰ ਤੁਸਾਂ ਹੀ ਹੁਣ ਸੰਪੂਰਨ ਕਰਨਾ ਹੈ। ਮੈਨੂੰ ਇਹ ਲਿਖਣ ਵਿਚ ਤਸੱਲੀ ਹੈ ਕਿ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਨੇ ਪੂਰਾ ਪਿਆਰ ਦਿੱਤਾ ਹੈ ਅਤੇ ਸਰਦਾਰ ਇੰਦਰਜੀਤ ਸਿੰਘ ਜੀ ਨੇ ਬੱਚਿਆਂ ਦੇ ਸਿਰ ਹੱਥ ਰੱਖ ਸਨੇਹ ਦਿੱਤਾ ਹੈ। ਵਾਹਿਗੁਰੂ ਦਰੋਂ ਦਾਤਾਂ ਦੇਵੇ। ਪਰਿਵਾਰ ਵਿਚ ਸੁੱਖ ਵਰਤਾਏ।

ਮੈਂ ਆਪਣੀਆਂ ਲਿਖਤਾਂ ਨੂੰ ਛਪਣ ਯੋਗ ਸਰੂਪ ਦੇਣ ਲਈ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਪਹਿਲਗਾਮ ਹੀ ਜਾਂਦਾ ਸੀ ਜਿੱਥੇ ਵੀਰ ਨਰਿੰਦਰ ਸਿੰਘ ਨੇ ਉਚੇਚਾ ਸੁਖਾਲੀ ਥਾਂ ਬਣੀ ਦਿੱਤੀ ਸੀ। ਪਿਛਲੇ ਦੋ ਸਾਲ ਹਾਲਾਤ ਵਸ ਜਾ ਨਾ ਸਕਿਆ। ਇਸ ਵਾਰੀ ਸ੍ਰੀਨਗਰ ਗਿਆ ਤਾਂ ਵੀ ਨਰਿੰਦਰ ਸਿੰਘ ਜੀ ਨੇ ਕਿਹਾ ਕਿ ਪਹਿਲੇ ਵਾਂਗ ਹੀ ਇੱਥੇ ਆ ਅੰਤਮ ਛੋਹਾਂ ਦਿਆ ਕਰੋ। ਮੇਰਾ ਚਿੱਤ ਵੀ ਸੀ ਪਰ ਵਾਤਾਵਰਣ ਵਿਹੁਲਾ ਹੋਣ ਕਾਰਨ ਬਹੁਤੀ ਦੇਰ ਰੁਕ ਨਾ ਸਕਿਆ। ਪਿਛਲੇ ਸਾਲ ਫ੍ਰਿਗਨੈਨੋ ਤੇ ਇਸ ਵਾਰੀ ਕੋਟੀ ਰੀਜ਼ਾਰਟ (ਮਸ਼ੋਬਰਾ) ਜਾਂ ਟਿਕ ਛੂਹੇ ਕੰਮਾਂ ਨੂੰ ਸੰਪੂਰਨ ਕੀਤਾ। 'ਕਥਾ ਪੁਰਾਤਨ ਇਉ ਸੁਣੀ' ਦੀ ਦੂਜੀ

ਜਿਲਦ ਉਥੇ ਹੀ ਲਿਖੀ ਹੈ। ਜਦ ਇਹ ਛਪ ਪਾਠਕਾਂ ਦੇ ਹੱਥ ਆਈ ਤਾਂ ਉਹ ਮਹਿਸੂਸ ਕਰਨਗੇ ਕਿ ਕਿਤਨਾ ਕੁਝ ਚਾਨਣ ਖੁਣੋਂ ਬਾਹਰ ਲਿਆਉਣ ਲਈ ਪੁਰਾਤਨ ਲਿਖਤਾਂ ਦੇ ਖ਼ਜ਼ਾਨੇ ਵਿੱਚ ਲੁਕਿਆ ਪਿਆ ਹੋਆ ਹੈ।

ਬੇਟੀ ਸਿਮਰਨ ਕੌਰ ਜੀ ਦੇ ਅਨੰਦ ਕਾਰਜ ਹੋਣ ਉਪ੍ਰੰਤ ਬੇਟੀ ਹਰਿਕੀਰਤ ਪੂਰਾ ਹੱਥ ਵਟਾਉਣ ਲੱਗ ਪਈ ਹੈ ਤੇ ਬੇਟਾ ਅਜੈਬੀਰ ਸਿੰਘ ਵੀ ਮਹਾਇਕ ਸਾਬਤ ਹੋ ਰਿਹਾ ਹੈ ਪਰ ਮੈਨੂੰ ਇਕ ਤਸੱਲੀ ਹੈ ਕਿ ਬੇਟੀ ਦੀ ਪਹਿਲੀ ਹੀ ਕਿਰਤ 'ਪ੍ਰਸਿੱਧ ਸਿੱਖ ਬੀਬੀਆਂ' ਨੂੰ ਬੜਾ ਉਤਸ਼ਾਹ ਵਾਲਾ ਹੁੰਗਾਰਾ ਮਿਲਿਆ ਹੈ। ਵਾਹਿਗੁਰੂ ਮਿਹਰ ਦਾ ਹੱਥ ਸਿਰਾਂ 'ਤੇ ਰੱਖੀ ਰੱਖੇ। ਨਿੱਤ ਵਾਂਗ ਜਸਪਾਲ ਜੀ ਪੂਰਾ ਧਿਆਨ ਦੇ ਰਹੇ ਹਨ ਕਿ ਹੋਰ ਸਿਹਤ ਨਾ ਵਿਗੜੇ ਅਤੇ ਲਿਖਦਿਆਂ ਪੜ੍ਹਦਿਆਂ ਕੋਈ ਵਿਘਨ ਨਾ ਪਵੇ।

ਬੈਂਕਾਕ ਦੀ ਫੇਰੀ ਵੇਲੇ ਪਿਛਲੇ ਸਾਲ ਜੋ ਸਨੇਹ ਸਰਦਾਰ ਨਰਿੰਜਨ ਸਿੰਘ ਜੀ, ਸਰਦਾਰ ਅਜੀਤ ਸਿੰਘ ਜੀ, ਸਰਦਾਰ ਰਣਜੀਤ ਸਿੰਘ ਜੀ, ਸਰਦਾਰ ਹਰਚਰਨ ਸਿੰਘ ਜੀ ਤੇ ਵੀਰ ਸਰਦਾਰ ਜਸਪਾਲ ਸਿੰਘ ਜੀ ਤੇ ਸਮੂਹ ਸੰਗਤਾਂ ਨੇ ਦਿੱਤਾ ਉਸ ਮੈਨੂੰ ਨਵੇਂ ਉਤਸ਼ਾਹ ਨਾਲ ਭਰ ਦਿੱਤਾ। ਗਿਆਨੀ ਅਰਜਨ ਸਿੰਘ ਜੀ ਨੇ ਉਚੇਚਾ ਪਿਆਰ ਦਰਸਾਇਆ। ਮੈਂ ਸਭਨਾਂ ਦਾ ਰਿਣੀ ਹਾਂ ਜੋ ਸਦਾ ਸਾਥ ਦੇ ਰਹੇ ਹਨ ਕਿ ਹੱਥ ਲਏ ਕੰਮਾਂ ਨੂੰ ਸਿਰੇ ਚਾੜ੍ਹਾਂ।

ਸਰਦਾਰ ਮਹਿਤਾਬ ਸਿੰਘ ਜੀ ਤੇ ਸਰਦਾਰ ਮਨਜੀਤ ਸਿੰਘ ਚਾਅ ਨਾਲ ਸਾਰੀਆਂ ਲਿਖਤਾਂ ਛਾਪ ਆਪ ਤਕ ਪਹੁੰਚਾਂਦੇ ਹਨ। ਇਸ ਲਈ ਉਨ੍ਹਾਂ ਦਾ ਧੰਨਵਾਦੀ ਹਾਂ। ਪਾਠਕ ਹਰ ਪੁਸਤਕ ਨੂੰ ਜਿੰਨੀ ਨੀਝ ਤੇ ਲਗਨ ਨਾਲ ਪੜ੍ਹਦੇ ਹਨ, ਉਹ ਮੇਰੇ ਲਈ ਉਤਸ਼ਾਹ ਦਾ ਸੋਮਾ ਹੈ। ਪਾਠਕਾਂ ਦੇ ਦਿੱਤੇ ਪਿਆਰ ਸਦਕਾ ਹੀ ਮੈਨੂੰ ਕਦੇ ਇਹ ਨਹੀਂ ਕਹਿਣਾ ਪਿਆ ਕਿ ਪੁਸਤਕ ਖ਼ਰੀਦ ਪੜ੍ਹੀ ਨਹੀਂ ਜਾਂਦੀ। ਵਾਹਿਗੁਰੂ ਇਹ ਪਿਆਰ ਦਾ ਸੰਬੰਧ ਬਣਾਈ ਰੱਖੇ।

*ਸਗਲ ਮਤਾਂਤ ਕੇਵਲ ਹਰਿ ਨਾਮ ॥*

*ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥*

ਅਗਸਤ ਪਹਿਲੀ, 1992 — **ਸਤਿਬੀਰ ਸਿੰਘ**

54, ਖ਼ਾਲਸਾ ਕਾਲਜ ਕਾਲੋਨੀ,

ਪਟਿਆਲਾ।


www.sikhbookclub.com

# ਤਤਕਰਾ


| | | |
|---|---|---|
| ੧. | ਕਾਰਨ ਰਚਨਾ : ਸੁਖਮਨੀ ਸਾਹਿਬ | ੯ |
| ੨. | ਮਹਿਮਾ ਸੁਖਮਨੀ ਸਾਹਿਬ | ੧੧ |
| ੩. | ਸੁਖਮਨੀ ਨਾਂ ਦੇ ਭਾਵ ਅਰਥ | ੧੩ |
| ੪. | ਸੁਖਮਨੀ ਸਾਹਿਬ ਦਾ ਸਮੁੱਚਾ ਭਾਵ | ੧੪ |
| ੫. | ਗਉੜੀ ਸੁਖਮਨੀ ਮ: ੫ | |

| | | |
|---|---|---|
| ਪਹਿਲੀ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੬ |
| ਦੂਜੀ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੩੦ |
| ਤੀਜੀ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੪੨ |
| ਚੌਥੀ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੫੬ |
| ਪੰਜਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੬੭ |
| ਛੇਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੮੦ |
| ਸਤਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੯੨ |
| ਅਠਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੦੩ |
| ਨੌਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੧੬ |
| ਦਸਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੨੯ |
| ਯਾਰਵ੍ਹੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੪੧ |
| ਬਾਰ੍ਹਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੫੨ |
| ਤੇਰ੍ਹਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੬੪ |
| ਚੌਦ੍ਹਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੭੫ |
| ਪੰਦਰਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੮੬ |
| ਸੋਲ੍ਹਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੧੯੮ |
| ਸਤਾਰ੍ਹਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੧੧ |
| ਅਠ੍ਹਾਰਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੨੨ |
| ਉਨੀਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੩੫ |
| ਵੀਹਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੪੭ |
| ਇਕੀਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੫੮ |
| ਬਾਈਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੭੧ |
| ਤੇਈਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੮੨ |
| ਚੌਵੀਵੀਂ ਅਸ਼ਟਪਦੀ | (ਸਮੇਤ ਸਲੋਕ ਦਾ ਸਾਰ, ਵਿਸਥਾਰ ਅਤੇ ਸ਼ਬਦ ਭਾਵ) | ੨੯੪ |

## ੧

# ਕਾਰਨ ਰਚਨਾ : ਸੁਖਮਨੀ ਸਾਹਿਬ

ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਦਾ ਨਿਰਣੈ ਸਾਹਿਬ ਗੁਰੂ ਅਰਜਨ ਦੇਵ ਜੀ ਲੈ ਚੁਕੇ ਸਨ। ਉਸ ਲਈ ਉਚੇਚੀ ਥਾਂ ਰਾਮਸਰ ਚੁਣੀ ਸੀ ਤੇ ਭਾਈ ਗੁਰਦਾਸ ਜੀ ਬੀੜ ਨੂੰ ਲਿਖਣ ਦਾ ਕਾਰਜ ਸਰੰਜਾਮ ਦੇ ਰਹੇ ਸਨ।

ਗੁਰ ਬਿਲਾਸ ਪਾਤਸਾਹੀ ਛੇਵੀਂ ਦਾ ਕਹਿਣਾ ਹੈ ਕਿ ਇਕ ਦਿਨ ਗੁਰੂ ਅਰਜਨ ਦੇਵ ਜੀ ਨਿੱਤ ਕਰਮ ਅਨੁਸਾਰ ਇਸ਼ਨਾਨ ਕਰ ਰਾਮਸਰ ਤੋਂ ਬਾਹਰ ਆਏ ਹੀ ਸਨ ਕਿ ਭਾਈ ਗੁਰਦਾਸ ਜੀ ਨੂੰ ਕਹਿਣ ਲੱਗੇ ਕਿ ਘੋਰ ਕਲਿਯੁਗ ਆ ਰਹਿਆ ਹੈ। ਭਾਈ ਗੁਰਦਾਸ ਜੀ ਨੇ ਕਿਹਾ : ਮਹਾਰਾਜ ਕ੍ਰਿਪਾ ਕਰਕੇ ਕੋਈ ਉਪਾਅ ਵੀ ਦੱਸ ਜਾਓ ਤਾਂਕਿ ਜੀਵ ਕਲਿਯੁਗ ਵਿਚ ਫੱਸ ਭਟਕਦੇ ਨਾ ਰਹਿਣ। ਇਤਨਾ ਸੁਣ ਕੇ ਗੁਰੂ ਪਾਤਸ਼ਾਹ ਨੇ ਗਉੜੀ ਰਾਗ ਵਿਚ ਸੁਖਮਨੀ ਸਾਹਿਬ ਉਚਾਰਨੀ ਅਰੰਭ ਕਰ ਦਿਤੀ। ਇੰਝ ਜਾਣੋ ਜਿਵੇਂ ਹਿਰਦੇ ਤੋਂ ਮਾਣਕ ਮਾਲਾ ਲੈ ਕੇ ਸਾਡੇ ਜੀਵਾਂ ਲਈ ਪ੍ਰੋ ਧਰ ਰਹੇ ਹੋਣ।

"ਮਾਨਿਕ ਮਾਲ ਮਨੋ ਉਰਿਧਾਰੀ।"

ਭਾਈ ਸਾਹਿਬ ਪਵਨ ਸਮ ਕਲਮ ਨਾਲ ਲਿਖਦੇ ਜਾ ਰਹੇ ਸਨ। ਦਸਦੇ ਹਨ ਕਿ ਸਿਹਤਯਾਬ ਮਨੁੱਖ ਆਮ ਤੌਰ ਤੇ ਰੋਜ਼ ਚਵੀ ਹਜ਼ਾਰ ਸਵਾਸ ਲੈਂਦਾ ਹੈ ਅਤੇ ਗਹੁ ਨਾਲ ਸੁਖਮਨੀ ਸਾਹਿਬ ਪੜ੍ਹਨ ਵਾਲਾ ਜਾਣਦਾ ਹੈ ਕਿ ਸੁਖਮਨੀ ਸਾਹਿਬ ਦੇ ਵੀ ੨੪੦੦੦ ਹੀ ਅੱਖਰ ਹਨ। ਇਕ ਵਾਰੀ ਜਿਸ ਮਨ ਚਿੱਤ ਇਹ ਬਾਣੀ ਅੰਮ੍ਰਿਤ ਵੇਲੇ ਪੜ੍ਹ ਲਈ ਉਸ ਦਾ ਹਰ ਸੁਆਸ ਸਫਲ ਹੋ ਗਿਆ, ਮੁਅੱਤਰ ਹੋ ਗਿਆ ਕਿਉਂਕਿ ਇਹ ਬਾਣੀ ਉਸ ਦੇ ਹਿਰਦੇ ਤੋਂ ਨਿਕਲੀ ਹੈ ਜੋ ਆਪੁ ਪਰਤਖਿ ਹਰਿ ਸਨ :

ਚਵੀ ਹਜ਼ਾਰ ਅੱਛਰ ਇਹ ਧਰੇ।\
ਯਾਕੀ ਉਪਮਾ ਸ੍ਰੀ ਮੁਖ ਕਰੇ।

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਸੂਰਜ ਪ੍ਰਕਾਸ਼ ਨੇ ਰਤਾ ਕੁ ਹੋਰ ਵਿਆਖਿਆ ਕਰ ਕੇ ਲਿਖਿਆ ਹੈ ਕਿ ਪੰਚਮ ਪਿਤਾ ਰਾਮਸਰ ਸਰੋਵਰ ਦੇ ਪੂਰਬ-ਉੱਤਰ ਦੀ ਵਿਚਕਾਰਲੀ ਕੋਣ ਜਿੱਥੇ ਬੇਰੀ ਸੀ, ਇਸ਼ਨਾਨ ਕਰ ਹੇਠਾਂ ਆ ਕੇ ਬੈਠੇ ਤੇ ਭਾਈ ਗੁਰਦਾਸ ਜੀ ਨੂੰ ਕਿਹਾ :

"ਸਮਾਂ ਘੋਰ ਕਲਿਜੁਗ ਕੋ ਆਯੋ।\
ਕਟਕ ਬਿਕਾਰਨਿ ਕੋ ਜੁਗ ਛਾਯੋ।੪੧।

 www.sikhbookclub.com

ਤਿਨ ਕੋ ਪਾਇ, ਪਾਪ ਨਰ ਕਰਿਈਂ।
ਅੰਤ ਕਾਲ ਫਿਰ ਨਰਕਾਂ ਸੁ ਪਰਿਈਂ।"

**ਭਾਈ ਜੀ** ਨੇ ਬੇਨਤੀ ਕੀਤੀ ਕਿ ਮਿਹਰ ਕਰ ਕੇ ਉਪਰਾਲਾ ਵੀ ਦੱਸ ਜਾਓ। ਵਿਚਾਰਾਂ ਕਰਦੇ ਪਏ ਸਨ ਕਿ ਪਹੁ ਫੁੱਟ ਪਈ ਤੇ ਚਿੜੀ ਚਹਿਕੀ। ਆਪ ਜੀ ਨੇ ਉਸੇ ਹੀ ਬੇਰੀ ਹੇਠਾਂ ਰਾਮਸਰ ਕਿਨਾਰੇ ਸੁਖਮਨੀ ਉਚਾਰਨੀ ਅਰੰਭੀ।

"ਇਤਨੇ ਮਹਿ ਪ੍ਰਭਾਤਿ ਹੁਇ ਆਈ।
ਭਯੋ ਪ੍ਰਕਾਸ਼ ਚਿਰੀ ਚੁਹਕਾਈ।" ੫੦।

ਦੋਹਰਾ : ਰਾਮ ਤਾਲ ਈਸਾਨ ਦਿਸ਼ ਬੈਠੇ ਗੁਰ ਕ੍ਰਿਪਾਲ।
ਰਚਨ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ।੧।

ਚੌਪਈ : ਪ੍ਰਥਮ ਸਲੋਕ ਗੁਰੂ ਪਗ ਬੰਦੇ।
ਕੀਨ ਮੰਗਲਾ ਚਰਨ ਬਿਲੰਦੇ।
ਪ੍ਰਭੁ ਸਿਮਰਨ ਕੀ ਮਹਿਮਾ ਫੇਰ।
ਅਸ਼ਟਪਦੀ ਮਹਿ ਰਚੀ ਬਡੇਰ।੨।

ਨਾਮ ਮਹਾਤਮ ਮਹਦ ਮਹਾਨਾ।
ਬਹੁ ਬਿਧਿ ਸੋਂ ਸਤਿਗੁਰੂ ਬਖਾਨਾ।
ਬ੍ਰਹਮ ਗਯਾਨੀ ਉਰ ਭਗਤ ਵਿਰਾਗੀ।
ਸਾਧ ਸੰਗਤਿ ਜਿਨ ਕੀ ਲਿਵ ਲਾਗੀ।੩।

ਕਹਯੋ ਮਹਾਤਮ ਅਤਿ ਤਿਨ ਕੇਰਾ।
ਸੰਤਨ ਰਿਪੁ ਕੋ ਕਸ਼ਟ ਬਡੇਰਾ।
ਨਿਰਗੁਨੁ ਆਪਿ ਸਰਗੁਨ ਭੀ ਓਹੀ।
ਕਲਾਧਾਰਿ ਜਿਨਿ ਸਗਲੀ ਮੋਹੀ।੪।

ਸਮੁੱਚੀ ਬਾਣੀ ਇਕ ਥਾਂ, ਇਕੋ ਸਮੇਂ, ਇਕ ਟਿਕ ਉਚਾਰੀ।

ਸੋ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਅਰਜਨ ਜੀ ਸੁਖਮਨੀ ਸਾਹਿਬ ਉਚਾਰਦੇ ਸਤਾਰਵੇਂ ਸਲੋਕ ਤੇ ਆ ਕੇ ਅਟਕ ਗਏ ਤੇ ਫਿਰ ਕਿਸੇ (ਬਾਬਾ ਸ੍ਰੀ ਚੰਦ ਜੀ) ਨੇ ਅਗੋਂ 'ਆਦਿ ਸਚੁ, ਜੁਗਾਦਿ ਸਚੁ। ਹੈ ਭਿ ਸਚੁ ਨਾਨਕ ਹੋਸੀ ਭਿ ਸਚੁ' ਦਾ ਸਲੋਕ ਬੋਲ ਅਟਕ ਤੋੜੀ। ○○

SIKHBOOKCLUB.COM

 www.sikhbookclub.com

## ੨

# ਮਹਿਮਾ ਸੁਖਮਨੀ ਸਾਹਿਬ

ਸੁਖਮਨੀ ਸਾਹਿਬ ਇਕ ਐਸੀ ਬਾਣੀ ਹੈ ਜੋ ਇਕੋ ਵੇਲੇ ਦਿਲ ਨੂੰ ਢਾਰਸ ਦੇਂਦੀ, ਦਿਮਾਗ ਟੁੰਬਦੀ, ਸੁਰਤਿ ਜਗਾਂਦੀ ਤੇ 'ਸੁੰਨ ਸਮਾਧਿ' ਵਿਚ ਲੈ ਜਾਂਦੀ ਹੈ। ਹੁਣ ਤਾਂ ਤਜਰਬੇ ਵੀ ਹੋ ਗਏ ਹਨ ਕਿ ਸੁਖਮਨੀ ਸਾਹਿਬ ਦਾ ਨਿੱਤ ਪਾਠ ਪੜ੍ਹਨ ਵਾਲੇ ਦਾ 'ਖ਼ੂਨ ਦਾ ਦਬਾਓ' (ਬਲੱਡ ਪ੍ਰੈਸ਼ਰ) ਨਹੀਂ ਵੱਧਦਾ। ਉਤੇਜਤਤਾ ਨਹੀਂ ਰਹਿੰਦੀ। ਇਤਨਾ ਹੀ ਨਹੀਂ, ਦੁਨੀਆਂ ਦੀ ਚੋਟ ਖਾਧਾ ਕੋਈ ਜੀਵ ਜਦ ਇਸ ਨੂੰ ਲਗਾਤਾਰ ਪੜ੍ਹਦਾ ਹੈ ਤਾਂ ਹੋਸ਼ ਟਿਕਾਣੇ ਆ ਜਾਂਦੀ ਹੈ। ਹੱਥੋਂ ਨਿਕਲੇ ਨੌਜਵਾਨ ਅਤੇ ਲਾਂਭੇ ਚਾਂਭੇ ਝਾਕਦੇ ਵਿਦਿਆਰ-ਥੀਆਂ ਦੇ ਪਾਠਕਰਮ ਵਿਚ ਸੁਖਮਨੀ ਸਾਹਿਬ ਪਾਠ ਪੁਸਤਕ ਲਗਾ ਦਿਤੀ ਜਾਏ ਤਾਂ ਉਹ ਜੀਵਨ ਮਕਸਦ ਪਾ, ਰਾਹੇ ਪੈ ਜਾਣ। 'ਮਹਿਮਾ ਪ੍ਰਕਾਸ਼' ਦੇ ਕਰਤਾ ਨੇ ਸੁਖਮਨੀ ਸਾਹਿਬ ਦੀ ਮਹਿਮਾ ਗਾਂਦੇ ਦੋ ਸਦੀਆਂ ਪਹਿਲਾਂ ਲਿਖਿਆ :

SIKHBOOKCLUB.COM

"ਸੁਖਮਨੀ ਨਾਮ ਗਿਆਨ ਪ੍ਰਵਾਹ।
ਤਿਸ ਪ੍ਰਾਪਤ ਜਿਸ ਹੋਇ ਮਥਾਹ।
ਤਾ ਕੇ ਗੁਨ ਮੁੱਖ ਕਹੇ ਨ ਬਨੇ।
ਵਡਭਾਗੀ ਜੋ ਪਾਠ ਮੁੱਖ ਭਨੇ। ੧੦।

ਜਬ ਪਹਰ ਰਾਤ ਪਿਛਲੀ ਰਹੇ
ਤਬ ਕਰਿ ਇਸ਼ਨਾਨ ਉਚਾਰ।
ਸਰਬ ਪਦਾਰਥ ਤਿਸ ਮਿਲੇ
ਸਭ ਕਿਛ ਕਰੇ ਉਧਾਰ। ੧੧।

ਇਹ ਸੁਖਮਨੀ ਇਕ ਐਸਾ 'ਰਤਨ' ਹੈ ਜਿਸ ਦੀਆਂ ਕਿਰਨਾਂ ਅੰਦਰਲਾ ਰੁਸ਼ਣਾ ਦੇਂਦੀਆਂ ਹਨ। ਬਾਣੀ ਦੀਆਂ ਪਉੜੀਆਂ ਅੰਮ੍ਰਿਤ ਦੇ ਐਸੇ ਚਸ਼ਮੇ ਹਨ ਜੋ ਪੜ੍ਹਨ ਵਾਲੇ ਦੇ ਅੰਦਰ ਵਹਿ ਤੁਰਦੇ ਹਨ।

"ਸੁਖਮਨੀ ਰਤਨ ਦਿਵ ਅਸਬੂਲਾ।
ਤਾ ਮੈ ਚਲੇ ਅੰਮ੍ਰਿਤ ਕੋ ਕੂਲਾ।"

ਸਾਡਾ ਇਤਿਹਾਸ ਕਹਿੰਦਾ ਹੈ ਕਿ ਸ਼ਾਹਜਹਾਨ ਦੇ ਵਜ਼ੀਰੇ ਆਜ਼ਮ, ਵਜ਼ੀਰ ਖ਼ਾਨ,



 www.sikhbookclub.com

ਰੋਜ਼ ਭਾਈ ਭਾਰੂ ਦੇ ਮੁਖੋਂ ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਹੀ ਅੰਨ ਮੂੰਹ ਪਾਂਦਾ ਸੀ ।[1]

ਸੁਖਮਨੀ ਸੁਤੇ ਸਿਧ ਹੀ ਜੀਵਨ ਘੜੀ ਤੁਰੀ ਜਾਂਦੀ ਹੈ । ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਸੀ ਕਿ ਸੁਖਮਨੀ ਸਾਹਿਬ ਦਾ ਪਾਠ ਕੀਤਿਆਂ ਮਨ ਸੁਹਾਵਨੀ ਉਚਿਆਈ ਨੂੰ ਜਾ ਛੋਂਹਦਾ ਹੈ ਅਤੇ ਸਰੀਰ ਵੀ ਹਉਲਾ ਫੁੱਲ ਹੋ, ਨਾਲੋਂ ਨਾਲ ਆਤਮਿਕ ਉਚਿਆਈਆਂ ਹਾਸਲ ਕਰ ਲੈਂਦਾ ਹੈ :

> "When we read Sukhmani Sahib the mind mounts to some delectable height and the body becomes light and etheral and soars with it."

ਪ੍ਰਿੰਸੀਪਲ ਤੇਜਾ ਸਿੰਘ ਨੇ 'ਸਾਮ ਆਫ ਪੀਸ' (Psalm of Peace) ਨਾਂ ਦੀ ਪੁਸਤਕ ਵਿਚ ਸੁਖਮਨੀ ਸਾਹਿਬ ਦਾ ਅੰਗਰੇਜ਼ੀ ਵਿਚ ਤਰਜਮਾ ਕਰਦੇ ਲਿਖਿਆ ਹੈ ਕਿ ਸੁਖਮਨੀ ਦੀ ਤਰਤੀਬ ਹੀ ਰਚਨਹਾਰ ਨੇ ਐਸੀ ਰੱਖੀ ਹੈ ਕਿ ਧੁਰ ਅੰਦਰਲੇ ਨੂੰ ਝੰਜੋੜ ਕੇ ਰੱਖ ਦੇਂਦੀ ਹੈ ਤੇ ਐਸੀ ਰੂਹਾਨੀ ਰੌ ਚੱਲ ਪੈਂਦੀ ਹੈ ਕਿ ਅੰਦਰ ਦੀ ਮੈਲ ਹਰ ਕੇ ਨਿਮਾਣੇ ਜਹੇ ਜੀਵ ਵਿਚ ਇਤਨਾ ਉਤਸਾਹ ਭਰ ਦੇਂਦੀ ਹੈ ਕਿ ਸਿਰਜਨਹਾਰ ਨੂੰ ਜਾ ਮਿਲਦਾ ਹੈ ।[2] ਸੁਖਮਨੀ ਸਾਹਿਬ ਐਸੀ ਬਾਣੀ ਹੈ ਕਿ ਪੜ੍ਹਦੇ ਪੜ੍ਹਦੇ ਹੀ ਨਾਲੋਂ ਨਾਲ ਦੁੱਖ ਮਿਟਾਈ ਚਲੀ ਜਾਂਦੀ ਹੈ ਅਤੇ ਸੁੱਖ ਭਰੀ ਜਾਂਦੀ ਹੈ । ਸਭ ਤੋਂ ਅਨੋਖੀ ਬਾਤ ਸੁਖਮਨੀ ਵਿਚ ਇਹ ਹੈ ਕਿ ਜਗਤ ਦੇ ਧੰਦਿਆਂ ਵਿਚ ਉਲਝੇ ਇਨਸਾਨ ਦੀਆਂ ਨਸਾਂ ਤਣਦੀਆਂ ਨਹੀਂ । ਤਣਾਉ (Stress) ਕਦੇ ਘੇਰਦਾ ਨਹੀਂ । ਇੱਥੇ ਹੀ ਬੱਸ ਨਹੀਂ; ਨਾਮ ਦੀ ਬੁਨਿਆਦ ਰੱਖੀ ਜਾਂਦੀ ਹੈ ਤੇ ਨਾਮ ਦੀ ਨੀਂਹ 'ਤੇ ਪ੍ਰੇਮ ਦੀਆਂ ਦੀਵਾਰਾਂ ਐਸੀਆਂ ਉਸਰਦੀਆਂ ਹਨ ਕਿ ਆਚਰਣ ਦੀ ਮਜ਼ਬੂਤ ਛੱਤ ਪੈ ਜਾਂਦੀ ਹੈ । ਫਿਰ ਆਪ ਮੁਹਾਰੇ ਦਿਲ ਕਰਦਾ ਹੈ ਸੇਵਾ ਕਰਨ ਨੂੰ । ਹਉਮੈ ਦਾ ਦਾਅ ਨ ਪਵੇ, ਦਾਗ ਨ ਲੱਗੇ, ਢੂੰਡ ਕੇ ਵੀ ਗੁਰਮੁਖਾਂ ਦੀ ਸੰਗਤ ਕਰਦਾ ਹੈ, ਸ਼ਬਦ ਸੋਹਲਾ ਗਾਂਦਾ ਰਹਿੰਦਾ ਹੈ ਤਾਂਕਿ ਨਾਮ ਦੀ ਨੀਂਹ ਟਿਕੀ ਰਹੇ । ਇਸ ਤਰ੍ਹਾਂ ਸੁਖਮਨੀ ਸਾਹਿਬ ਦਾ ਪਾਠ ਪੜ੍ਹਣ ਵਾਲਾ ਸਰਬਗੁਣ ਸੰਪੰਨ ਹੋ ਜਾਂਦਾ ਹੈ ।

ਨਿਕੋਲਿਸ ਰੋਰਿਕ ਨੇ 'ਸਾਮ ਆਫ ਪੀਸ' ਦੇ ਮੁੱਖ ਬੰਦ ਵਿਚ ਸੁਖਮਨੀ ਸਾਹਿਬ ਨੂੰ 'ਦਿਲ ਟਟੋਲਣ ਦਾ ਆਲਾ' ਕਹਿਆ । ਖ਼ਾਹਿਸ਼ ਵੀ ਪ੍ਰਗਟ ਕੀਤੀ ਕਿ ਉਸ ਨੂੰ ਦਫਨਾਣ ਵੇਲੇ ਸੁਖਮਨੀ ਸਾਹਿਬ ਦਾ ਗੁਟਕਾ ਉਸ ਦੇ ਕਫ਼ਨ ਵਿਚ ਰੱਖਿਆ ਜਾਵੇ । ੦੦

---

1. ਵਜ਼ੀਰ ਖਾਨ ਦੇ ਸੰਪੂਰਣ ਜੀਵਨ ਲਈ ਮੇਰੀ ਰਚਿਤ 'ਪੁਰਾਤਨ ਇਤਿਹਾਸਕ ਜੀਵਨੀਆਂ' ਪੜ੍ਹੋ ।

2. It is designed to stir the deeps of human nature and to start a current of religious emotion that will cleanse and invigorate our tiny selves and unite them with the source *of all existences.*

 www.sikhbookclub.com

# ੩

# ਸੁਖਮਨੀ ਨਾਂ ਦੇ ਭਾਵ ਅਰਥ

ਹਿੰਦੁਸਤਾਨ ਵਿਚ ਪਾਰਸਮਨੀ, ਚਿੰਤਾਮਨੀ, ਨਾਗਮਨੀ ਲਈ ਤਰਲੇ ਲੈਣ ਦੀਆਂ ਕਈ ਕਹਾਣੀਆਂ ਪ੍ਰਸਿਧ ਹਨ। ਮਣੀਆਂ ਪ੍ਰਾਪਤ ਕਰਨ ਉਪਰੰਤ ਉਸ ਦੀ ਲਾਲਸਾ ਮੁਕਦੀ ਨਹੀਂ, ਸਗੋਂ ਇਤਨੀ ਵਧਦੀ ਹੈ ਕਿ ਮਨ ਹੋਰ ਭਟਕਣ ਲੱਗ ਪੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਦੁਨਿਆਵੀ ਲਾਲਸਾਵਾਂ ਦੇ ਟਾਕਰੇ ਐਸੀ "ਸੁਖਮਨੀ" ਨੂੰ ਪਾਉਣ ਦੀ ਪ੍ਰੇਰਨਾ ਕੀਤੀ ਜਿਸ ਨੂੰ ਪਾਂਦੇ ਹੀ ਮਨ ਟਿਕ ਜਾਏ। ਆਪ ਨੇ ਇਸੇ ਲਈ 'ਰਹਾਉ' ਦੀ ਤੁਕ ਵਿਚ 'ਮਨਿ ਬਿਸ੍ਰਾਮ' ਕਿਹਾ ਤੇ ਫਿਰ ਅੰਤਲੀ ਅਸ਼ਟਪਦੀ ਦੀਆਂ ਅੰਤਲੀਆਂ ਤੁਕਾਂ ਵਿਚ ਇਹ ਹੀ ਫ਼ਰਮਾਇਆ ਹੈ ਕਿ ਸਾਰੀਆਂ ਅਕਲਾਂ, ਸਿਆਣਪਾਂ ਤੇ ਮਤਾਂ ਦਾ ਕੇਵਲ ਨਿਚੋੜ ਇਹ ਹੈ ਕਿ ਪ੍ਰਭੂ ਦੀ ਹਜ਼ੂਰੀ (ਨਾਮ) ਮਿਲੇ ਤੇ ਪ੍ਰਭੂ ਦੇ ਭਗਤ ਜਦ ਹਜ਼ੂਰੀ ਪ੍ਰਾਪਤ ਕਰ ਲੈਂਦੇ ਹਨ ਤਾਂ ਉਨ੍ਹਾਂ ਦਾ ਮਨ ਨੱਠ ਹੋਰ ਕਿਧਰੇ ਜਾਂਦਾ ਹੀ ਨਹੀਂ ਤੇ ਸਦਾ ਲਈ ਟਿਕ ਜਾਂਦਾ ਹੈ।

**"ਸਗਲ ਮਤਾਂਤ ਕੇਵਲ ਹਰਿ ਨਾਮ ।**
**ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ।"**

ਸੁਖਮਨੀ ਨੂੰ ਜੋ ਸੁਖਮਨਾ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ ਉਹ ਇਹ ਨਹੀਂ ਜਾਣਦੇ ਕਿ 'ਸੁਖਮਨਾ' ਤਾਂ ਜੀਵ ਨੂੰ ਨਿਸਲ ਕਰ ਦੇਂਦਾ ਹੈ ਪਰ ਸੁਖਮਨੀ ਜੀਵੰਤ (ਡਾਇਨਮੈਕ) ਬਣਾ ਦੇਂਦੀ ਹੈ। ਸੁਖਮਨਾ ਦਾ ਤਾਂ ਭਾਵ ਹੀ ਹੈ; **'ਸੁੱਤਾ ਹੋਇਆ'**। 'ਇੜਾ' ਦਾ ਭਾਵ **'ਅਟਕਿਆ'** ਤੇ 'ਪਿੰਗਲਾ' ਦੇ ਅਰਥ **ਅਪਾਹਜ** ਹਨ। 'ਸੁਖਮਨੀ' ਤਾਂ ਪ੍ਰਭੂ ਦੀ ਸਦੀਵੀ ਹਜ਼ੂਰੀ ਦਾ ਐਸਾ ਅਨੰਦ ਦੇਂਦੀ ਹੈ ਕਿ ਪ੍ਰਾਪਤ ਕੀਤੇ ਭਗਤਾਂ ਦਾ ਮਨ ਟਿਕਿਆ ਰਹਿੰਦਾ ਹੈ। ਸਹੀ ਤੇ ਵੱਡਾ ਸੁੱਖ ਮਨ ਦਾ ਟਿਕਾਉ ਹੀ ਹੈ। ਮਨ ਦੀ ਸ਼ਕਤੀ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹ ਬੜਾ ਤਾਕਤਵਰ (ਤੁਆਨਾ) ਹੈ ਕਿਉਂਕਿ ਕੁਦਰਤੀ ਆਇਆ ਹੈ ਪਰ ਜਦੋਂ ਸੁੰਦਰ ਪੁਰਖ 'ਬਿਰਾਜਤ ਪੇਖਿ' ਲਵੇ ਤਾਂ ਫਿਰ ਇਸ ਦਾ ਜ਼ੋਰ ਨਹੀਂ ਪੈਂਦਾ। ਸ਼ਕਤੀ ਖੋਹਣ ਦੀ ਥਾਂ, ਸ਼ਕਤੀ ਦੇਣ ਵਾਲਾ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਪੁਛਦੇ ਹਨ ਕਿ ਮਨ ਤੂੰ ਕਿਤਨਾ ਚੰਚਲ ਸੈਂ ਪਰ ਹੁਣ ਕੀ ਹੋਇਆ ਈ ਜਦ ਵਾਹਿਗੁਰੂ ਦੇ ਸੁਹਣੇ, ਸੁਹਾਵਣੇ ਸਰਬ ਵਿਆਪੀ ਰੂਪ ਨੂੰ ਮਨ ਵਿਚ ਬੈਠਾ ਦੇਖ ਲਿਆ ਈ।

**'ਸੁੰਦਰ ਪੁਰਖੁ ਬਿਰਾਜਤ ਪੇਖਿ,** ਮਨੁ ਬੰਚਲਾ ।' ੦੦

# ੪

# ਸੁਖਮਨੀ ਸਾਹਿਬ ਦਾ ਸਮੁੱਚਾ ਭਾਵ

ਸੁਖਮਨੀ ਨੂੰ ਚਵੀ (੨੪) ਸਲੋਕਾਂ ਤੇ ਚਵੀ (੨੪) ਹੀ ਅਸ਼ਟਪਦੀਆਂ ਵਿਚ ਰਚਣਹਾਰ ਨੇ ਵੰਡਿਆ ਹੈ। ਰਹਾਉ ਦੀ ਤੁਕ ਵਿਚ ਸਮੁੱਚਾ ਭਾਵ ਦੇਂਦੇ ਕਿਹਾ ਹੈ ਕਿ ਪ੍ਰਭੂ ਦਾ ਅਮਰ ਕਰਨ ਵਾਲਾ ਨਾਂ ਸੁੱਖਾਂ ਦੀ ਮਨੀ (ਮੋਹਰ, ਜਵਾਹਰ, ਹੀਰਾ) ਹੈ। ਉਸ ਦੀ ਯਾਦ ਪੱਕੀ ਤਰ੍ਹਾਂ ਜਿਸ ਵਿਚ ਟਿਕ ਜਾਏ, ਐਸੇ ਭਗਤਾਂ ਦਾ ਮਨ ਫਿਰ ਸਦਾ ਲਈ ਇਕਾਗਰ ਹੋ ਜਾਂਦਾ ਹੈ।

ਸਿਮਰਨ ਕੀਤਿਆਂ ਜੋ ਬਰਕਤਾਂ ਮਿਲਦੀਆਂ ਹਨ ਉਨ੍ਹਾਂ ਦਾ ਵਰਨਣ ਪਹਿਲੀਆਂ ਤਿੰਨ ਅਸ਼ਟਪਦੀਆਂ ਵਿਚ ਕੀਤਾ ਤੇ ਯਾਦ ਨੂੰ ਜਦ ਫਲ (ਨਾਮ ਦਾ) ਲੱਗੇ ਤਾਂ ਰੰਗ ਕੀ ਚੜ੍ਹਦਾ ਹੈ, ਉਸ ਦੀ ਵਿਆਖਿਆ ਕੀਤੀ ਹੈ । ਕਮਾਲ ਇਹ ਹੈ ਕਿ ਸਿਮਰਨ ਦੀ ਵਿਆਖਿਆ ਕਿਧਰੇ ਵੀ ਨਹੀਂ ਕੀਤੀ। ਵਿਆਖਿਆ ਉਸ ਦੀ ਕਰੀਏ ਜਿਸ ਦੀ ਸਮਝ ਨਾ ਹੋਵੇ ਕਿਉਂਕਿ ਸਿਮਰਨ ਹਰ ਇਕ ਕੋਲ ਹੈ। ਸੋ ਇਸ ਦੀ ਵਿਆਖਿਆ ਦੀ ਨਹੀਂ, ਪ੍ਰੇਰਨਾ ਦੀ ਲੋੜ ਹੈ ਕਿ ਲਗਾਤਾਰ ਹੋ ਜਾਏ। ਯਾਦ ਪੱਕ ਜਾਵੇ। ਸਿਮਰਨ ਲਗਾਤਾਰ ਹੁੰਦਾ ਹੈ ਜਦ ਮਨ ਤਨ ਆਤਮਾ ਦਾ ਪੂਰਾ ਬਲ ਲਗਾ ਕੇ ਪਰਮ-ਆਤਮਾ ਵਿਚ ਲੀਨ ਕਰ ਦੇਈਏ। ਫਿਰ ਐਸਾ ਹੁੰਦਾ ਹੈ ਕਿ ਇਹ ਲਗਾਤਾਰ ਹੋ ਜਾਂਦਾ ਹੈ। 'ਸਾਸਨਿ ਸਾਸਿ ਸਾਸਿ ਬਲੁ ਪਾਈਹੈ, ਨਿਹ ਸਾਸਨਿ ਨਾਮੁ ਧਿਆਵੈਗੋ।' ਸਾਧਨ : ਗੁਰੂ ਪਾਤਸ਼ਾਹ ਸਾਧ ਦੀ ਸ਼ਰਣ, ਸਨੇਹ ਤੇ ਭਗਤੀ ਦਸਦੇ ਹਨ। ਇਸ ਦਾ ਪ੍ਰਗਟਾਵਾ ਨਿਰਮਲ ਕਰਮਾਂ ਵਿਚ ਹੁੰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ "ਸਿਮਰਨ ਭਰਪੂਰ ਜ਼ਿੰਦਗੀ" ਇਕ ਦਾਤ ਹੈ ਜੋ ਉਸ ਨੂੰ ਮਿਲਦੀ ਹੈ ਜਿਸ 'ਲਿਖਿਆ ਧੁਰ ਕਰਮ'। ਪਰ ਜਿਸ ਨੇ ਇਹ ਦਾਤ ਪਾਉਣੀ ਹੈ ਉਸ ਨੂੰ ਉੱਦਮ ਨਹੀਂ ਛੱਡ ਬੈਠਣਾ ਚਾਹੀਦਾ। ਪੂਰੀ ਵਾਹ ਲਗਾਉਂਦੇ ਰਹਿਣਾ ਹੈ ਤਾਂਕਿ ਜਦ ਬਖਸ਼ਸ਼ ਹੋਵੇ ਤਾਂ ਅਸੀਂ ਅਵੇਸਲੇ ਕਿਤੇ ਸੁੱਤੇ ਨਾ ਰਹੀਏ, ਤਿਆਰ ਹੋਈਏ।

ਤਿਆਰ ਹੋਣਾ ਹੈ ਕਿ ਇਹ ਚੇਤਾ ਰਵ੍ਹੇ ਕਿ ਸਭ ਕੁਝ ਚਲਣਹਾਰ ਹੈ। ਤ੍ਰਿਸ਼ਨਾ, ਭੁੱਖ, ਲਾਲਸਾ, ਪਦ, ਪਦਵੀ, ਰਾਜ ਅਭਿਮਾਨ ਹੀ ਜਗਤ ਦੇ ਦੁੱਖਾਂ ਦਾ ਕਾਰਣ ਹਨ। ਇਨ੍ਹਾਂ ਤੋਂ ਬਚ ਨਿਕਲ ਜਾਣ ਦਾ ਰਾਹ ਸਾਧ ਦਾ ਸੰਗ, ਸੰਤ ਦੀ ਸੇਵਾ, ਭਗਤ ਦੇ ਰੰਗ ਤੇ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪਾਉਣਾ ਹੈ। ਕਿਤਨਾ ਕੋਈ ਗਿਆਨਵਾਨ ਹੋ ਜਾਏ,



 www.sikhbookclub.com

ਦਸਵੀਂ ਅਸ਼ਟਪਦੀ ਵਿਚ ਕਹਿੰਦੇ ਹਨ ਕਿ ਉਹ ਉਸ ਪ੍ਰਭੂ ਅਥਾਹ ਨੂੰ ਨਹੀਂ ਪਾ ਸਕਦਾ ਕਿਉਂਕਿ ਸਾਡੀ ਨਹੀਂ ਕਿਤਨੇ ਹੀ ਹੋਰ ਕਰੋੜਾਂ ਚੰਦ, ਸੂਰਜ, ਸਿਤਾਰੇ, ਰੂਪ, ਸ੍ਰਿਸਟੀਆਂ, ਆਕਾਸ਼ ਤੇ ਅਵਤਾਰ ਹਨ।

ਸੱਚ ਤਾਂ ਇਹ ਹੈ ਕਿ 'ਕਈ ਬਾਰ ਪਸਰਿਓ ਪਾਸਾਰ' ਹੈ। ਸੋ ਪ੍ਰਾਪਤੀ ਦਾ ਕਦੇ ਹੰਕਾਰ ਨਾ ਕਰਨਾ ਕਿਉਂਕਿ ਮਸਕੀਨੀ ਵਿਚ ਕਦੇ ਦੁੱਖ ਜਾਂ ਤਣਾਉ ਨਹੀਂ ('ਸੁਖੀ ਵਸੈ ਮਸਕੀਨੀਆ')। ਚੇਤਾਵਨੀ ਦੇਂਦੇ ਹਨ ਕਿ ਕਦੇ ਫਜ਼ੂਲ ਬਹਿਸਾਂ, ਨਿੰਦਿਆ, ਸ੍ਰਿਸ਼ਟੀ ਨੂੰ ਜਾਣਨ ਦੀ ਚੇਸ਼ਟਾ ਦੇ ਟੋਇਆਂ ਵਿਚ ਨਹੀਂ ਪੈਣਾ। ਮਨੁੱਖੀ ਕਮਜ਼ੋਰੀ ਦਾ ਅਹਿਸਾਸ ਹਰ ਵੇਲੇ ਸਾਹਮਣੇ ਰੱਖਣਾ ਹੈ। ਐਸਾ ਕੀਤਿਆਂ ਸਿਮਰਨ ਕਰਨ ਦਾ ਚਿੱਤ ਸਦਾ ਕਰਦਾ ਰਹ੍ਵੇਗਾ।

ਆਖਰੀ ਚਾਰ ਅਸ਼ਟਪਦੀਆਂ ਵਿਚ ਨਿਰਗੁਣ-ਸਰਗੁਣ, ਪਾਪ-ਪੁੰਨ, ਦੁੱਖ-ਸੁੱਖ, ਬੰਧਨ-ਮੁਕਤ, ਮਨ-ਮਾਇਆ ਤੇ ਵਿਚਾਰ ਕਰ ਕੇ ਕਹਿਆ ਹੈ ਕਿ ਉਹ ਹੀ ਅੰਦਰ ਹਿਰਦੇ ਹੈ ਤੇ ਉਹ ਹੀ ਬਾਹਰ ਹੈ। 'ਸੋ ਅੰਤਰਿ ਸੋ ਬਾਹਰਿ ਅਨੰਤ'। ਜਦ ਅਨੰਤ ਅੰਦਰ ਆ ਜਾਵੇ ਤਾਂ ਅਨੰਦ ਵੀ ਅਨੰਤ ਹੁੰਦਾ ਹੈ ਤੇ ਉਸ ਜੀਵ ਦੀ ਸ਼ੋਭਾ ਸਭ ਤੋਂ ਉੱਚੀ ਹੋ ਜਾਂਦੀ ਹੈ।

ਬਸ : ਸੁਖਮਨੀ ਐਸੀ ਹੈ ਕਿ ਰੂਹ ਝੰਜੋੜਦੀ, ਸੋਚ ਉਚਿਆਂਦੀ, ਮਨ ਟਿਕਾਂਦੀ ਹੈ। ਨਿਰਾ ਪੜ੍ਹਦੇ ਜਾਇਆਂ ਹੀ ਐਸੀ ਧੁਨ ਉਠ ਖਲੋਂਦੀ ਹੈ ਕਿ ਧਿਆਨ ਲਾਂਭੇ ਨਹੀਂ ਜਾਂਦਾ ਤੇ ਐਸਾ ਗਿਆਨ ਉਪਜ ਖੜੋਂਦਾ ਹੈ ਕਿ ਆਪੇ ਦੀ ਅਣਹੋਂਦ ਹੋ ਜਾਂਦੀ ਹੈ। ਨਾਮ ਵਿਚ ਲੀਨ ਹੋ ਜਾਈਦਾ ਹੈ। ਚਾਰੇ ਪਾਸੇ ਸ਼ੋਭਾ ਆਪੇ ਹੀ ਫੈਲ ਜਾਂਦੀ ਹੈ। ਇਹ ਹੈ ਕਰਾਮਾਤ ਸੁਖਮਨੀ ਦੀ।

**"ਸਭ ਤੇ ਊਚ ਤਾਕੀ ਸੋਭਾ ਬਨੀ।**
**ਨਾਨਕ ਇਹ ਗੁਣਿ ਨਾਮੁ ਸੁਖਮਨੀ।"** ੦੦

 www.sikhbookclub.com

## ੫

# ਗਉੜੀ ਸੁਖਮਨੀ ਮ: ੫॥

*ਪਹਿਲੀ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਸਿਮਰਨ ਕਰਦਿਆਂ ਦੁੱਖ ਰਹਿੰਦਾ ਨਹੀਂ, ਮੌਤ ਦਾ ਡਰ ਦੂਰ ਹੋ ਜਾਂਦਾ ਹੈ। ਨਾ ਕੋਈ ਅੜਾ ਤੇ ਨ ਕੋਈ ਅਟਕ ਰਹਿੰਦੀ ਹੈ। ਵਿਕਾਰ ਖਹਿੜਾ ਛੱਡ ਜਾਂਦੇ ਹਨ। ਸਿਮਰਨ ਨਾਲ ਮਾਇਆ ਦੀ ਤਰੇਹ ਮਿਟਦੀ ਹੈ ਅਤੇ ਮਾਇਆ ਦਾ ਸਹੀ ਸਰੂਪ ਪਤਾ ਲੱਗ ਜਾਂਦਾ ਹੈ। ਮਾਇਆ ਦੀ ਸਹੀ ਸ਼ਕਲ ਦਿੱਸ ਜਾਣ ਨਾਲ ਮਨ ਤੇ ਫਿਰ ਮੈਲ ਨਹੀਂ ਚੜ੍ਹਦੀ। ਧਿਆਨ ਐਸਾ ਜੁੜਦਾ ਹੈ ਕਿ ਰਿਧ ਸਿਧ ਅਤੇ ਨੌਂ ਨਿਧਾਂ ਦਾ ਮਾਲਕ ਬਣ ਜਾਈਦਾ ਹੈ। ਕਿਸੇ ਹੋਰ ਦੀ ਪੂਜਾ ਤੇ ਤੀਰਥ ਜਾਂ ਇਸ਼ਨਾਨ ਕਰਨ ਦਾ ਧਿਆਨ ਤੱਕ ਨਹੀਂ ਉਪਜਦਾ। ਰਜ਼ਾ ਮਿੱਠੀ ਲਗਦੀ ਹੈ। **'ਹੋਇ ਸੁ ਭਲਾ'**। ਸਿਮਰਨ ਵਾਲੇ ਹੀ ਅਸਲ ਧਨੀ, ਇੱਜ਼ਤ ਵਾਲੇ, ਪੁੱਜੇ ਪੁੱਗੇ ਪ੍ਰਧਾਨ ਪੁਰਖ ਹਨ। ਸਿਮਰਨ ਵਾਲਾ ਪਰਉਪਕਾਰ ਕਰੀ ਟੁਰੀ ਜਾਂਦਾ ਹੈ ਅਤੇ ਉਸ ਦੀ ਸ਼ਖ਼ਸੀਅਤ ਦੀ ਨਿਰਾਲੀ ਛੱਬ ਹੁੰਦੀ ਹੈ। ਆਪੇ ਤੇ ਪੂਰਾ ਕਾਬੂ ਹੁੰਦਾ ਹੈ। ਸਿਮਰਨ ਵਾਲੇ ਜੀਉੜੇ ਕਾਹਲੀਆਂ ਹਰਕਤਾਂ ਨਹੀਂ ਕਰਦੇ। ਵਾਹਿਗੁਰੂ ਨੂੰ ਹਰ ਸਮੇਂ ਹੀ ਨੇੜੇ ਤੱਕਦੇ ਹਨ। ਝੂਰਨਾ ਉਨ੍ਹਾਂ ਵਿਚ ਹੁੰਦਾ ਹੀ ਨਹੀਂ। ਮਨ ਸਦਾ ਗੁਣ ਗਾਂਦਾ ਰਹਿੰਦਾ ਹੈ। ਨਿੰਦਿਆ ਕਦੇ ਕਿਸੇ ਦੀ ਕਰਦੇ ਨਹੀਂ। ਪੂਰਨ ਟਿਕਾ ਵਿਚ ਰਹਿੰਦੇ ਹਨ। ਚਿੱਤ ਖਿੜਿਆ ਰਹਿੰਦਾ ਹੈ। ਅੱਜ ਤੱਕ ਜੋ ਕੋਈ ਉੱਚਾ ਹੋਇਆ ਹੈ ਜਾਂ ਉੱਚੀ ਪੱਧਰ ਦੀ ਪੁਸਤਕ ਰਚ ਸਕਿਆ ਹੈ ਤਾਂ ਉਹ ਸਿਮਰਨ ਕਰਕੇ ਹੀ ਹੈ। ਜਿਥੇ ਸਿਮਰਨ ਹੈ ਉਥੇ ਆਪ੍ਰੰ ਨਿਰੰਕਾਰ ਹੈ।

ਪਰ ਇਹ ਸਿਮਰਨ ਮਿਲਦਾ ਹੈ ਗੁਰਮੁਖਾਂ ਦੀ ਸੰਗਤ ਤੋਂ। ਕਿਉਂਕਿ ਗੁਰਮੁਖਾਂ ਦੀ ਰਸਨਾ ਤੇ ਸਦਾ ਨਾਮ ਹੁੰਦਾ ਹੈ। **ਸਿਮਰਨ ਤਰੱਦਦ-ਜਤਨ ਦਾ ਸਿੱਟਾ ਨਹੀਂ, ਰਹਿਮਤ ਦਾ ਫਲ ਹੈ।** ਗੁਰਮੁਖ ਸਦਾ ਸੁਚੇਤ ਹੈ। **'ਅਨਿ ਦਿਨ ਜਾਗ'**। ਸਿਮਰਨ ਕਿਸੇ ਵਿਅਕਤੀ ਪਿੱਛੇ ਲੱਗ ਨਹੀਂ, ਸ਼ਬਦ ਦੁਆਰਾ ਹੀ ਟੁਰਦਾ ਹੈ।



www.sikhbookclub.com

## ਸਲੋਕੁ ॥

ੴ ਸਤਿਗੁਰ ਪ੍ਰਸਾਦਿ ॥
ਆਦਿ ਗੁਰਏ ਨਮਹ ॥
ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥
ਸ੍ਰੀ ਗੁਰਦੇਵਏ ਨਮਹ ॥ ੧ ॥

**ਵਿਸਥਾਰ** ਉਸ ਨੂੰ ਨਮਸਕਾਰ ਹੈ ਜੋ ਆਦਿ ਤੋਂ ਹੈ। ਉਸ ਨੂੰ ਬੰਦਨਾ ਕਰਦਾ ਹਾਂ ਜੋ ਜੁਗਾਂ ਦੇ ਅਰੰਭ ਤੋਂ ਹੈ। ਉਸ ਨੂੰ ਸਿਰ ਨਿਵਾਂਦਾ ਹਾਂ ਜੋ ਪਾਵਨ ਪਵਿਤ੍ਰ ਹੈ ਜਿਸ ਨੂੰ ਰਤਾ ਭਰ ਲੇਪ ਨਹੀਂ। ਉਸ ਨੂੰ ਮੇਰੀ ਨਮਸਕਾਰ ਹੈ ਜੋ ਨਿਰੀ ਆਤਮਾ ਹੈ।

ਬੰਦਨਾ ਦੇ ਪਹਿਲੇ ਸਲੋਕ ਤੋਂ ਹੀ ਪ੍ਰਗਟ ਹੋ ਗਿਆ ਕਿ ਸਿੱਖ ਕਿਸੇ ਵਿਅਕਤੀ ਦਾ ਪੁਜਾਰੀ ਨਹੀਂ, ਉਸ ਜੋਤ ਦਾ ਹੈ ਜੋ ਮੁੱਢ ਤੋਂ ਪਸਰ ਰਹੀ ਹੈ। ਜੋ ਕਦੇ ਮੱਧਮ ਨਹੀਂ ਹੋਈ। ਜਿਸ ਨੂੰ ਸਤਿਗੁਰੂ ਕਹਿਆ ਹੈ ਉਹ ਵੀ ਆਤਮ ਰੂਪ ਹੈ ਵਿਅਕਤੀ ਜਾਂ ਸਰੀਰ ਨਹੀਂ। 'ਸ੍ਰੀ ਗੁਰਦੇਵਏ।"

**ਸ਼ਬਦ ਭਾਵ :**

**ਆਦਿ ਗੁਰਏ** : ਮੁੱਢ ਤੋਂ ਪ੍ਰਕਾਸ਼ ਗਿਆਨ ਦੇਣ ਵਾਲਾ।
**ਜੁਗਾਦਿ** : ਜੁਗਾਂ ਦੇ ਅਰੰਭ ਤੋਂ। ਜਦ ਤੋਂ ਸ੍ਰਿਸ਼ਟੀ ਹੋਂਦ ਵਿਚ ਆਈ।
**ਸਤਿਗੁਰਏ** : ਪਾਵਨ ਪਵਿਤ੍ਰ, ਨਿਰਲੇਪ ਗਿਆਨ ਦਾਤਾ।
**ਸ੍ਰੀ ਗੁਰਦੇਵਏ** : ਨਿਰਾ ਜੋਤ ਰੂਪ।

ਭਾਈ ਸੰਤੋਖ ਸਿੰਘ ਨੇ ਇਸੇ ਲਈ ਗੁਰੂ ਦੇ ਅਰਥ ਕਰਦਿਆਂ ਦਸਿਆ ਹੈ ਕਿ ਗੁਰੂ ਵਿਚ ਆਏ 'ਗੁ' ਅਖਰ ਦਾ ਭਾਵ ਹੈ ਤਮ, ਤਨ, ਅਗਿਆਨ ਤੇ ਅਨਿਤ। ਤਮ : ਮੁਰਦਾ (Inertia), ਤਨ : ਮਾਦਾ (Matter), ਅਗਿਆਨ (Ignorance), ਅਨਿਤ : ਨ ਰਹਿਣ ਵਾਲਾ (Transience) ਤੇ ਰੂ ਹੈ : ਪ੍ਰਕਾਸ਼ ਰੂਪ, ਜਿਸ ਕਾਰਨ ਜ਼ਿੰਦਗੀ ਦੀ ਰੌਂ ਸਭ ਜੀਵਾਂ ਵਿਚ ਦੌੜ ਰਹੀ ਹੈ। ਸੋ ਗੁਰੂ, ਵਾਹਿਗੁਰੂ ਦਾ ਹੀ ਇਕ ਗੁਣ ਹੈ।

"ਵਾਹ ਨਾਮ ਅਚਰਜ ਕੋ ਹੋਈ।
ਗੁ : ਤਮ, ਤਨ, ਅਗਿਆਨ ਅਨਿਤ
ਰੂ : ਪ੍ਰਕਾਸ਼ ਕੀਓ ਜਿਨ ਚਿਤ।"

**ਨਮਹ** : ਨਮਸਕਾਰ। ਬੰਦਨਾ। (Obeissance to). ੧.

## ਪਹਿਲੀ ਅਸ਼ਟਪਦੀ

### ਪਹਿਲੀ ਪਉੜੀ

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**
**ਕਲਿ ਕਲੇਸ ਤਨ ਮਾਹਿ ਮਿਟਾਵਉ ॥**

 www.sikhbookclub.com

**ਸਿਮਰਉ ਜਾਸੁ ਬਿਸੁੰਭਰ ਏਕੈ ॥**
**ਨਾਮੁ ਜਪਤ ਅਗਨਤ ਅਨੇਕੈ ॥**
**ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥**
**ਕੀਨੇ ਰਾਮ ਨਾਮ ਇਕ ਆਖ੍ਯਰ ॥**
**ਕਿਨਕਾ ਏਕ ਜਿਸੁ ਜੀਅ ਬਸਾਵੈ ॥**
**ਤਾ ਕੀ ਮਹਿਮਾ ਗਨੀ ਨ ਆਵੈ ॥**
**ਕਾਂਖੀ ਏਕੈ ਦਰਸ ਤੁਹਾਰੋ ॥**
**ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥**

**ਵਿਸਥਾਰ**

ਉਸ ਦੀ ਯਾਦ ਹਿਰਦੇ ਟਿਕਾਂਇਆਂ ਰੂਹ ਨੂੰ ਤਸਕੀਨ ਮਿਲੀ ਤੇ ਸਰੀਰ ਵਿਚੋਂ ਉਠਦੇ ਨਿਤ ਦੇ ਬਖੇੜੇ ਤੇ ਰਾਹ ਦੇ ਰੋੜੇ ਜੋ ਪ੍ਰਭੂ ਮਿਲਾਪ ਵਿਚ ਰੁਕਾਵਟ ਪਾਂਦੇ ਸਨ ਹਟੇ । ਹੁਣ ਆਪਣੀ ਰੂਹ ਨੂੰ ਉਸ ਵਿਚ ਟਿਕਾ ਲਿਆ ਹੈ ਜੋ ਸਭ ਸ੍ਰਿਸ਼ਟੀ ਦਾ ਮਾਲਕ ਹੈ। ਉਨ੍ਹਾਂ ਪ੍ਰਾਣੀਆਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ ਜੋ ਉਸ ਦੀ ਹਜ਼ੂਰੀ ਵਿਚ ਟਿਕੇ ਹੋਏ ਹਨ। ਇਹ ਇਸ ਲਈ ਕਹਿ ਰਹੇ ਹਨ ਕਿ ਕਦੇ ਹਉਮੈ ਨਾ ਵਾਪਰੇ। ਇਹ ਚੇਤਾ ਰਵ੍ਹੇ ਕਿ ਅਣਗਿਣਤ ਹੋਰ ਵੀ ਉਸ ਦੀ ਯਾਦਾ ਵਿਚ ਲੱਗੇ ਹੋਏ ਹਨ। ਇਹ ਵੇਦ, ਪੁਰਾਨ ਅਤੇ ਸਿਮਰਤੀਆਂ ਜੋ ਗਿਆਨ ਦੇ ਦਸਤਖਤ, ਸਹੀ ਪਾਉਣ ਵਾਂਗੂ (ਸੁਧਾਖ੍ਯਰ) ਸਮਝੇ ਜਾਂਦੇ ਹਨ, ਖਿੰਡੇ ਖਿਆਲਾਂ ਤੋਂ ਨਹੀਂ ਉਪਜੇ, ਇਨ੍ਹਾਂ ਦੀ ਉਤਪਤੀ ਵੀ ਪੂਰਨ ਪ੍ਰਭੂ ਦੇ ਧਿਆਨ (ਇਕ ਆਖ੍ਯਰ) ਵਿਚੋਂ ਹੀ ਹੋਈ ਹੈ। ਗਿਆਨ ਦਾ ਸੋਮਾ ਵਾਹਿਗੁਰੂ ਹੀ ਹੈ। ਸੋ ਉਸ ਦੀ ਹਜ਼ੂਰੀ ਦੇ ਪ੍ਰਕਾਸ਼ ਦੀ ਇਕ ਕਿਰਨ ਨੇ ਵੀ ਕਿਸੇ ਦਾ ਹਿਰਦਾ ਰੁਸ਼ਨਾ ਦਿੱਤਾ ਤਾਂ ਉਸ ਦੀ ਮਹਿਮਾ ਕੋਈ ਗਾ ਨਹੀਂ ਸਕਦਾ। ਸਾਨੂੰ ਰਾਹ ਪਾਉਣ ਲਈ ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਵਾਹਿਗੁਰੂ ਅਗੇ ਬੇਨਤੀ ਕਰਦੇ ਹਨ ਕਿ ਜੋ ਕੇਵਲ ਤੁਹਾਡੇ ਦੀਦਾਰ ਦੀ ਚਾਹਨਾ ਕਰਦੇ ਹਨ ਉਨ੍ਹਾਂ ਦਾ ਸਾਥ ਬਖ਼ਸ਼ੋ ਤਾਂ ਕਿ ਤੁਹਾਡਾ ਦੀਦਾਰ ਪਾ ਉੱਚਾ ਉਠਾਂ।੧।

*ਸ਼ਬਦ ਭਾਵ :*

**ਸਿਮਰਉ** ਸਿਮਰਿ

**ਸਿਮਰਿ** : ਉਸ ਦੀ ਯਾਦ ਲਗਾਤਾਰ ਅੰਦਰ ਟਿਕਾ ਕੇ (Live in him)।

**ਕਲਿ** : ਝੇੜ। ਕਲਹ। ਝੰਜਟ (Strife)।

**ਕਲੇਸ** : ਦੁੱਖ। ਪੀੜਾ। ਰੋੜਾ।

ਪੰਜ ਕਲੇਸ਼ ਦੱਸੇ ਜਾਂਦੇ ਹਨ :

**ਅਵਿਦਿਆ** : ਅਣਪੜ੍ਹਤਾ।

**ਅਸਮਿਤ** : ਮੈਂ ਹੀ ਮੈਂ ਹਾਂ ਕਹੀ ਜਾਣਾ।

**ਰਾਗ** : ਪਕੜ।

**ਦ੍ਵੈਸ਼** ; ਈਰਖਾ। ਸਾੜਾ।

ਅਤੇ


www.sikhbookclub.com

**ਅਭਿ ਨਵੇਸ** : ਆਪੇ ਤੋਂ ਬਾਹਰ ਹੀ ਨਾ ਤੱਕਣਾ ਅਤੇ ਨਾ ਹੀ ਹੋਰ ਕਿਸੇ ਨੂੰ ਕੁਝ ਜਾਨਣਾ (**Lead life on the** individual plane)।

**ਬਿਸੰਭਰ** : ਵਿਸ਼ਵ ਦਾ ਮਾਲਕ ਹਰ ਥਾਂ ਸਮਾਇਆ ਹੋਇਆ।

**ਬੇਦ** : ਜੋ ਗਿਣਤੀ ਵਿਚ ਚਾਰ ਹਨ।
ਰਿਗ, ਸਾਮ, ਯਜੁਰ ਤੇ ਅਥਰਬਣ।

**ਪੁਰਾਨ** : ਗਿਣਤੀ ਵਿਚ ਅਠਾਰਾਂ ਕਹੇ ਜਾਂਦੇ ਹਨ ਜਿਨ੍ਹਾਂ ਵਿਚ ਸ੍ਰਿਸ਼ਟੀ ਬਾਰੇ, ਹੋ ਚੁਕੇ ਰਾਜਿਆਂ ਦੀਆਂ ਗਾਥਾਵਾਂ, ਗਿਆਨ, ਧਰਮ ਅਤੇ ਜੋਤਿਸ਼ ਬਾਰੇ ਵਿਚਾਰਾਂ ਹਨ।

**ਸਿਮ੍ਰਿਤਿ** : ਯਾਦ ਤੋਂ ਲਿਖੇ ਗ੍ਰੰਥ। ਵਿਧਾਨ ਦਰਸਾਉਂਦੀਆਂ ਪੁਸਤਕਾਂ; ਜਿਵੇਂ ਮਨੂ ਸਿਮ੍ਰਿਤੀ।

**ਸੁਧਾਖੁਰ** : ਸਹੀ ਹਰਫ਼। ਦਸਤਖਤ ਸਮਾਨ। ਮਸਤਨਦ (Accurate Letter)। ਜਿਸ ਲਿਖਤ ਤੇ ਸੁਧਾਖੁਰ ਪਾ ਦੇਂਦੇ ਸਨ ਉਸ ਨੂੰ ਮੁੜ ਵਾਚਨ ਦੀ ਲੋੜ ਨਹੀਂ ਸਮਝੀ ਜਾਂਦੀ ਸੀ। ਪੂਰਾ ਯਕੀਨ ਹੋ ਜਾਂਦਾ ਸੀ ਕਿ ਇਹ ਸਹੀ ਹੈ। ਪੜ੍ਹਨ ਵਾਲੇ ਤੇ ਉਹੋ ਜਿਹਾ ਪ੍ਰਭਾਵ ਪੈਂਦਾ ਸੀ। ਦੁਬਿਧਾ ਵਿਚ ਨਹੀਂ ਸੀ ਪੈਂਦਾ।

**ਇਕ ਆਖੁਰ** : ਕੇਵਲ (Sole)

**ਕਾਂਖੀ** : ਚਾਹਨਾ (Crave)

**ਉਧਾਰੋ** : ਉੱਚਾ ਕਰ ਦਿਓ। ਪਾਰ ਲੰਘਾ ਦਿਓ।੧।

**ਸੁਖਮਨੀ, ਸੁਖ ਅੰਮ੍ਰਿਤ, ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

***ਵਿਸਥਾਰ***

ਵਾਹਿਗੁਰੂ ਦੀ ਹਜ਼ੂਰੀ ਪਾਉਣ ਵਾਲਿਆਂ ਦੇ ਅੰਦਰ ਮਿੱਠੇ-ਮਿੱਠੇ ਝਰਨੇ ਦੀ ਸਦਾ ਸੁਖ ਦੇਣ ਵਾਲੀ ਨੈਂ ਚਲ ਪੈਂਦੀ ਹੈ। ਉਸ ਦੀ ਯਾਦ ਵਿਚ ਸਦਾ ਜੁੜੇ ਰਹਿਣ ਵਾਲੇ (ਭਗਤ ਜਨਾਂ) ਦੇ ਮਨ ਵਿਚ ਸਦਾ ਟਿਕਾ ਹੁੰਦਾ ਹੈ। ਇਹ ਨਿਸ਼ਾਨੀ ਹੁੰਦੀ ਹੈ ਪ੍ਰਭੂ ਹਜ਼ੂਰੀ ਦਾ ਪ੍ਰਕਾਸ਼ ਪਾ ਲੈਣ ਵਾਲਿਆਂ ਦੀ ਕਿ ਉਨ੍ਹਾਂ ਦਾ ਮਨ ਧਾਅ ਕਿਧਰੇ ਹੋਰ ਜਾਂਦਾ ਹੀ ਨਹੀਂ।

ਸੁਖਮਨੀ ਦੀ ਬਾਣੀ ਵਿਚ ਉਸ ਅਨੰਦ ਦਾ ਹੀ ਵਰਨਣ ਹੈ ਜੋ ਵਾਹਿਗੁਰੂ ਦੀ ਹਜ਼ੂਰੀ ਦੇ ਪ੍ਰਕਾਸ਼ ਤੋਂ ਭਗਤ ਜਨਾਂ ਨੂੰ ਆਉਣਾ ਹੈ।

*ਸ਼ਬਦ ਭਾਵ :*

**ਸੁਖਮਨੀ** : ਸੁਖ ਦੇਣ ਵਾਲਾ ਕੀਮਤੀ ਗੋਹਰ; ਹੀਰਾ। ਐਸੇ ਸਿਧਾਂਤ ਦ੍ਰਿੜ੍ਹ ਕਰਾਉਣ ਵਾਲੀ ਬਾਣੀ ਜਿਨ੍ਹਾਂ ਨੂੰ ਅਪਣਾਇਆਂ ਅਨੰਦ ਦੀ ਪ੍ਰਾਪਤੀ ਤੇ ਵਾਹਿਗੁਰੂ ਦੀ ਹਜ਼ੂਰੀ ਦਾ ਪ੍ਰਕਾਸ਼ ਹੋਵੇਗਾ ਤੇ ਅਸੀਂ ਪ੍ਰਭੂ ਪਾਸ ਬੈਠਣ ਜੋਗ ਹੋ ਸਕਾਂਗੇ।

 www.sikhbookclub.com

**ਸੁਖ ਅੰਮ੍ਰਿਤ** : ਸੁਖ ਦੇਂਦੀ। ਮਿੱਠੀ ਨੈਂ।

**ਮਨਿ ਬਿਸ੍ਰਾਮ** : ਪੂਰਨ ਟਿਕਾਉ (Poise)। ਰਹਾਉ।

## ਦੂਜੀ ਪਉੜੀ

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨਿ ਸਾਧ ਕੈ ਸੰਗਿ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥

**ਵਿਸਥਾਰ**

ਵਾਹਿਗੁਰੂ ਦੀ ਯਾਦ ਪਕਾਇਆਂ ਆਉਣ ਜਾਣ, ਜਨਮ-ਮਰਨ ਦੀ ਪੀੜਾ ਮੁੱਕ ਜਾਂਦੀ ਹੈ। ਵਾਹਿਗੁਰੂ ਦੀ ਯਾਦ ਪਕਾਇਆਂ ਮੌਤ ਭਿਆਨਕ ਨਹੀਂ ਲਗਦੀ ਤੇ ਮੌਤ ਦਾ ਤ੍ਰਾਸ ਜੋ ਹਰ ਵੇਲੇ ਖਾਈ ਜਾਂਦਾ ਹੈ ਨਹੀਂ ਪਹੁੰਦਾ। ਵਾਹਿਗੁਰੂ ਦੀ ਯਾਦ ਸਦੀਵੀ ਕਰ ਲੈਣ ਨਾਲ ਸਮੇਂ ਤੇ ਕਾਬੂ ਪਾਉਣ ਦੀ ਜਾਚ ਆ ਜਾਂਦੀ ਹੈ। ਸਮਾਂ ਖਾਣ ਨੂੰ ਨਹੀਂ ਆਉਂਦਾ (**ਕਾਲੁ ਪਰਹਰੈ**)। ਸਿਮਰਨ ਵਾਲਾ ਇਹ ਨਹੀਂ ਕਹਿੰਦਾ ਕਿ ਸਮਾਂ ਪਿਆ ਕਟਦਾ ਹਾਂ। ਸਮੇਂ ਦੀ ਸਹੀ ਵਰਤੋਂ ਉਹ ਕਰਦਾ ਹੈ। ਯਾਦ ਵਾਹਿਗੁਰੂ ਦੀ ਪਕਾ ਲਿਆਂ, ਟਾਕਰੇ ਤੇ, ਦੁਸ਼ਮਨ ਪੈਰ ਚੁੱਕ ਹੀ ਨਹੀਂ ਸਕਦੇ। ਵਾਹਿਗੁਰੂ ਦੀ ਯਾਦ ਪਰਪੱਕ ਕੀਤਿਆਂ ਕੋਈ ਅੜਾ-ਅਟਕਾਉ ਨਹੀਂ ਰਹਿੰਦਾ। ਪ੍ਰਭੂ ਦੀ ਯਾਦ ਪਕਾਇਆਂ ਸਦਾ ਸੁਚੇਤੀ ਰਹਿੰਦੀ ਹੈ। ਆਤਮਾ ਰੋਸ਼ਨ ਰਹਿੰਦੀ ਹੈ। ਡਰ ਤਾਂ ਕਦੇ ਨੇੜੇ ਹੀ ਨਹੀਂ ਆਉਂਦੇ ਅਤੇ ਦੁੱਖਾਂ ਤੋਂ ਉਠੇ ਦਰਦ ਕਾਰਨ ਜੋ ਪੀੜਾ ਸਤਾਂਦੀ ਹੈ ਉਹ ਅਲੋਪ ਹੋ ਜਾਂਦੀ ਹੈ। ਦੁੱਖ ਦੇ ਦਰਦ ਦਾ ਅਭਾਵ ਹੋ ਜਾਂਦਾ ਹੈ।

ਜ਼ਰਾ ਹੁਣ ਪੜ੍ਹੋ ਜੋ ਬੁੱਧ ਨੇ ਕਿਹਾ ਸੀ ਕਿ 'ਹਰ ਚੀਜ਼ ਹੀ ਦੁੱਖ ਹੈ। **ਜਨਮ-ਦੁੱਖ, ਜਵਾਨੀ-ਦੁੱਖ**. ਬੁਢੇਪਾ-ਦੁੱਖ, ਜੀਵਨ-ਦੁੱਖ, ਮਿਲਣਾ-ਦੁੱਖ, ਵਿਛੋੜਾ-ਦੁੱਖ, ਮਾਯੂਸੀ-**ਦੁੱਖ, ਝੇਰਾ-ਦੁੱਖ**, ਚਿੰਤਾ-ਦੁੱਖ, ਚਾਹ-ਦੁੱਖ। ਅਸਲ ਗੱਲ ਹੈ ਭਗਤੋ : ਅੰਗ ਅੰਗ ਹੀ **ਦੁੱਖ।'**

ਪਰ ਫ਼ਰਕ ਦੇਖੋ ਸਿਮਰਨ ਕਰਦਿਆਂ ਦੁੱਖ ਨੇੜੇ ਨਹੀਂ ਆਉਂਦਾ।

 www.sikhbookclub.com

ਇਹ ਸਿਮਰਨ ਇਕੱਲਿਆਂ ਹੋ ਹੀ ਨਹੀਂ ਸਕਦਾ ਸੋ ਉਸ ਦੀ ਯਾਦ ਵਿਚ ਜੁੜਿਆਂ ਦੀ ਸੰਗਤ ਕੀਤਿਆਂ ਹੀ ਯਾਦ ਕਰਨ ਦਾ ਚਿਤ ਉਪਜਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਪ੍ਰਭੂ ਦੇ ਪਿਆਰ ਵਿਚ ਰਹਿਆਂ ਜੋ ਕੁਝ (ਦੌਲਤ, ਸ਼ਾਨ, ਪਦਵੀ, ਗਿਆਨ ਅਤੇ ਸਰਬ ਨਿਧਾਨ) ਦੀ ਖ਼ਾਹਿਸ਼ ਕਰੋ ਪੂਰੀ ਹੋ ਜਾਂਦੀ ਹੈ।੨।

**ਸ਼ਬਦ ਭਾਵ :**

**ਗਰਭਿ ਨ ਬਸੈ** : ਨਹੀਂ ਆਉਂਦਾ ਕੁੱਖ ਵਿਚ। ਜਨਮ ਮਰਨ ਦੀ ਪੀੜਾ ਮੁੱਕ ਜਾਂਦੀ ਹੈ।

**ਦੂਖੁ ਜਮੁ** : ਮੌਤ ਜੋ ਦੁੱਖ ਦੇਣ ਵਾਲੀ ਹੈ।

**ਕਾਲੁ ਪਰਹਰੈ** : ਸਮੇਂ ਨੂੰ ਖੋਹਣ ਦਾ ਵੱਲ। ਸਮਾਂ ਹਾਵੀ ਨਹੀਂ ਹੁੰਦਾ। ਸਮੇਂ ਤੇ ਕਾਬੂ ਪਾਉਣ ਦੀ ਜਾਚ।

**ਟਰੈ** : ਪਿੱਛੇ ਹਟ ਜਾਂਦੇ ਹਨ। ਪੈਰ ਚੁੱਕਣ ਜੋਗ ਨਹੀਂ ਰਹਿੰਦੇ।

**ਦੂਖੁ ਨ ਸੰਤਾਪੈ** : ਦੁੱਖ ਦੀ ਪੀੜਾ ਨਹੀਂ ਪਹੁੰਦੀ।

**ਸਰਬ ਨਿਧਾਨ** : ਸਭ ਖ਼ਜ਼ਾਨੇ ਨਿਰੇ ਪਦਾਰਥ ਨਹੀਂ ਸਗੋਂ ਸਭ ਚਾਹਨਾ ਜੋ ਮਨੁੱਖ ਸੋਚ ਸਕਦਾ ਹੈ।

ਕਹਿੰਦੇ ਹਨ ਕਿ ਪਦਮਨੀ (ਗਿਆਨ ਦੀ ਦੇਵੀ) ਹੀ ਨੌਂ ਖ਼ਜ਼ਾਨਿਆਂ, ਪਦਮ, ਮਹਾ ਪਦਮ, ਸੰਧ, ਮਕਰ, ਕਛਪ, ਮੁਕੰਦ, ਕੁੰਡ, ਨੀਲ ਵਿਖੇ ਹੈ। 'ਪਦਮ' ਪ੍ਰਾਪਤੀ ਦੇ ਅਰਥ ਹਨ ਪੁੱਤ, ਪੋਤਰੇ, ਸੋਨਾ, ਚਾਂਦੀ ਅਤੇ ਮੁਕੰਦ ਦਾ ਭਾਵ ਹੈ ਕਿ ਰਾਗ ਛੰਤ ਦੀ ਮਾਲਕੀ। ਮਕਰ ਹੁੰਦਾ ਹੈ, ਹਕੂਮਤ ਕਰਨੀ, ਹਥਿਆਰਾਂ ਦੀ ਵਰਤੋਂ ਦਾ ਗਿਆਨ।੨।

## ਤੀਜੀ ਪਉੜੀ

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥**
**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥**
**ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥**
**ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥**
**ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥**
**ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥**
**ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥**
**ਪ੍ਰਭ ਕੈ ਸਿਮਰਨਿ ਸੁਫਲ ਫਲਾ ॥**
**ਸੇ ਸਿਮਰਹਿ ਜਿਨ ਆਪਿ ਸਿਮਰਾਏ ॥**
**ਨਾਨਕ ਤਾ ਕੈ ਲਾਗਉ ਪਾਏ ॥੩॥**

**ਵਿਸਥਾਰ**

ਪ੍ਰਭੂ ਦੀ ਯਾਦ ਪਕਾਇਆਂ ਪੂਰਨ ਕਾਮਯਾਬੀ (ਰਿਧਿ) ਕਰਾਮਾਤੀ ਸ਼ਕਤੀਆਂ, ਨੌਂ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ। ਪ੍ਰਭੂ ਦੀ ਯਾਦ ਅਟੁੱਟ ਕੀਤਿਆਂ ਪੂਰਨ ਗਿਆਨ, ਧਿਆਨ ਲਗਾਤਾਰ ਅਤੇ ਦਿਬ ਦ੍ਰਿਸ਼ਟੀ (ਤਤੁ ਬੁਧਿ) ਮਿਲ


www.sikhbookclub.com

ਜਾਂਦੀ ਹੈ। ਪ੍ਰਭੂ ਦੀ ਯਾਦ ਵਿਚ ਹੀ ਧਰਮ ਕਰਮ ਦੇ ਤਿੰਨੇ ਅੰਗ (ਪਾਠ, ਪਸ਼ਚਾਤਾਪ, ਪੂਜਾ ਠਾਕਰਾਂ ਦੀ) ਆ ਜਾਂਦੇ ਹਨ। ਇਨ੍ਹਾਂ ਦੀ ਲੋੜ ਨਹੀਂ ਭਾਸਦੀ। ਦੂਜੇ ਪਾਸੇ ਚਿੱਤ ਜਾਂਦਾ ਹੀ ਨਹੀਂ। ਇਹ ਖ਼ਿਆਲ ਭਸਮ ਹੋ ਜਾਂਦਾ ਹੈ ਕਿ ਉਸ ਤੋਂ ਬਗ਼ੈਰ ਕੋਈ ਹੋਰ ਦੂਜਾ ਵੀ ਹੈ। ਇਹ ਦੂਜਾ-ਪਣ ਹੀ ਦੁਬਿਧਾਂ ਦੀ ਬੁਨਿਆਦ ਹੈ। ਜਦ ਦੂਜਾ-ਪਣ ਮੁੱਕ ਜਾਂਦਾ ਹੈ ਤਾਂ ਆਪਾ ਅਨੰਤ ਨਾਲ ਜਾ ਰਲਦਾ ਹੈ। ਤੀਰਥਾਂ ਤੇ ਜਾਣ ਦਾ ਖ਼ਿਆਲ ਉਪਜਦਾ ਹੀ ਨਹੀਂ। ਯਾਦ ਸਦੀਵੀ ਹੋਇਆਂ ਤੀਰਥ ਇਸ਼ਨਾਨ ਹੋ ਗਿਆ ਜਾਣੋ। ਪਵਿੱਤਰਤਾ ਮਿਲ ਜਾਂਦੀ ਹੈ। ਪ੍ਰਭੂ ਦੇ ਦਰਬਾਰ ਅੰਦਰ ਆਦਰ ਮਿਲਦਾ ਹੈ। ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਹੋ ਜਾਂਦੀ ਹੈ। ਪ੍ਰਭੂ ਦੀ ਯਾਦ ਪਕਾਇਆਂ ਇਹ ਗਿਆਨ ਹੋ ਜਾਂਦਾ ਹੈ ਕਿ ਜੋ ਵਾਪਰ ਰਹਿਆ ਹੈ ਸਾਡੇ ਭਲੇ ਲਈ ਹੈ। ਰਜ਼ਾ ਮਿੱਠੀ ਲਗਦੀ ਹੈ। **'ਹੋਇ ਸੁ ਭਲਾ'**। ਯਾਦ ਪਕਾਇਆਂ ਨੀਵੀਆਂ ਰੁਚੀਆਂ ਮੁੱਕ ਜਾਂਦੀਆਂ ਹਨ ਤੇ ਉੱਚਾ ਆਤਮਿਕ ਟੀਚਾ ਪਾ ਲਈਦਾ ਹੈ। ਜੀਵਨ ਸਹੀ ਪਾਸੇ ਪਿਆ ਰਹਿੰਦਾ ਹੈ। **'ਸੁਫਲ ਫਲਾ'**। ਸਿਮਰਨ ਕਿਸੇ ਤਪ-ਤਰੱਦਦ ਦਾ ਸਿੱਟਾ ਨਹੀਂ, ਇਹ ਉਸ ਦੀ ਪ੍ਰੇਰਨਾ ਹੋਵੇ ਤਾਂ ਹੀ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਵੱਲ ਲਗਾਇਆ ਹੈ, ਉਨ੍ਹਾਂ ਦੇ ਚਰਨਾਂ ਤੇ ਸੀਸ ਝੁਕਾਂਦਾ ਹਾਂ।੩।

***ਸ਼ਬਦ ਭਾਵ :***

**ਰਿਧਿ** : ਪੱਕੀ ਹੋਈ ਵਸਤੂ। ਪੂਰਨ ਕਾਮਯਾਬੀ।

**ਸਿਧਿ** : ਕਰਾਮਾਤੀ ਸ਼ਕਤੀਆਂ। ਇਕਾਗਰ-ਚਿੱਤਤਾ ਤੋਂ ਜੋ ਸ਼ਕਤੀਆਂ ਮਿਲਦੀਆਂ ਹਨ। ਗਿਣਤੀ ਵਿਚ ਅਠਾਰਾਂ ਕਹਿੰਦੇ ਹਨ। ਉਹ ਇਸ ਪ੍ਰਕਾਰ ਹਨ :

(i) **ਅਣਿਮਾ** : ਮਰਜ਼ੀ ਨਾਲ ਸਰੀਰ ਦਾ ਆਕਾਰ ਘਟਾ ਲੈਣਾ।

(ii) **ਮਹਿਮਾ** : ਸਰੀਰ ਦਾ ਆਕਾਰ ਵਧਾ ਲੈਣਾ।

(iii) **ਗਰਿਮਾ** : ਭਾਰ ਵਧਾ ਲੈਣਾ।

(iv) **ਲਘਿਮਾ** : ਭਾਰ ਘਟਾ ਲੈਣਾ।

(v) **ਪ੍ਰਾਪਤੀ** : ਜੋ ਇਛਾ ਕਰਨੀ ਪੂਰੀ ਹੋ ਜਾਣੀ।

(vi) **ਪ੍ਰਾਕਾਮਨ** : ਦੂਜੇ ਦੇ ਅੰਦਰ ਦੀ ਪੜ੍ਹ ਲੈਣੀ।

(vii) **ਇਸ਼ਟ** : ਅਗਲੇ ਦੇ ਖ਼ਿਆਲਾਂ ਤੇ ਕਾਬੂ ਪਾ ਕੇ, ਆਪਣੇ ਮਨ ਦੀ ਮਰਜ਼ੀ ਦੂਜੇ ਕੋਲੋਂ ਕਰਵਾ ਲੈਣੀ।

(viii) **ਵਸਿਤਾ** : ਦੂਜੇ ਨੂੰ ਵਸ ਵਿਚ ਕਰਨਾ (ਮੇਸਮੇਰੇਜ਼ਿਮ)।

(ix) **ਅਣਰਾਮ** : ਭੁੱਖ, ਤ੍ਰੇਹ ਤੇ ਕਾਬੂ।

(x) **ਦੂਰ ਸਰਵਨ** : ਦੂਰ ਦੀ ਗੱਲ ਸੁਣ ਲੈਣੀ।

(xi) **ਦੂਰ ਦਰਸ਼ਨ** : ਦੂਰੀ ਤੋਂ ਦੇਖ ਲੈਣਾ।

(xii) **ਮਨੋਵੇਗ** : ਸਥਾਨ ਦੀ ਜਿੱਤ। ਹਰ ਥਾਂ ਹਾਜ਼ਰ ਹੋਣ ਦੀ ਸ਼ਕਤੀ। (Physically present anywhere at will).

(xiii) **ਕਾਮਰੂਪ** : ਜੋ ਮਰਜ਼ੀ ਰੂਪ ਧਾਰਨ ਕਰ ਲੈਣਾ (Assume any physical form)।

(xiv) **ਪਰਕਾਯ ਪ੍ਰਵੇਸ਼** : ਕਿਸੇ ਦੂਜੇ ਦੇ ਜਿਸਮ ਵਿਚ ਜਦ ਚਾਹੇ ਪ੍ਰਵੇਸ਼ ਕਰ ਜਾਣਾ।

(xv) **ਸਵੈ ਛੰਦ ਮ੍ਰਿਤੂ** : ਮਰਜ਼ੀ ਨਾਲ ਮਰਨਾ (Die at will)।

(xvi) **ਸੁਰਕ੍ਰੀੜਾ** : ਰੂਹਾਂ ਨਾਲ ਮੇਲ ਜੋਲ ਖੁਲ੍ਹਾ ਹੋਣਾ।

(xvii) **ਸਮਕਲਪ ਸਿਧੀ** : ਸਰਬ ਇਛਾ ਪੂਰਨ ਦੀ ਸ਼ਕਤੀ (Power of wishfulfilment)।

(xviii) **ਅਪ੍ਰਤੀਹਤ ਗਤਿ** : ਕੋਈ ਰਾਹ ਨਾ ਰੋਕ ਸਕੇ। ਖੁਲ੍ਹੀ ਆਵਾਜਾਈ ਹੋ ਜਾਣੀ। (No physical impediments to retard going any where).

**ਗਿਆਨੁ** : ਵਾਹਿਗੁਰੂ ਪਾਸੇ ਦੀ ਸੂਝ।

**ਧਿਆਨੁ** : ਖ਼ਿਆਲਾਂ ਤੇ ਅਜਿਹਾ ਕਾਬੂ ਪਾਉਣਾ ਕਿ ਅੰਦਰਲਾ ਰੋਸ਼ਨ ਹੋ ਜਾਏ।

**ਤਤੁ ਬੁਧਿ** : ਮਾੜੇ ਚੰਗੇ ਦੀ ਵਿਚਾਰ ਦੀ ਸੂਝ ਦਾ ਉਪਜ ਪੈਣਾ (Power of Intutions)

**ਜਪ ਤਪ ਪੂਜਾ** : ਧਰਮ ਕਰਮ ਦੇ ਤਿੰਨੇ ਅੰਗ : ਪਾਠ, ਪਸ਼ਚਾਤਾਪ ਤੇ ਪੂਜਾ। (Recitation, austerities penance and worship of Idols)

**ਮਾਨੀ** : ਆਦਰ ਮਿਲਣਾ।

**ਹੋਇ ਸੁ ਭਲਾ** : ਵਾਪਰੇ ਨੂੰ ਅੱਛਾ ਜਾਨਣਾ। ਰਜ਼ਾ ਵਿਚ ਰਾਜ਼ੀ। (Spirit of resignation)

**ਸੁਫਲ ਫਲਾ** : ਉੱਚ ਮਕਸਦ ਨੂੰ ਪਾ ਲੈਣਾ। ਸਹੀ ਪਾਸੇ ਦਾ ਵਾਧਾ। (Creative growth in the right direction) ੩.

## ਚੌਥੀ ਪਉੜੀ

**ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥**
**ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥**
**ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥**
**ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥**
**ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥**
**ਪ੍ਰਭ ਕੈ ਸਿਮਰਨਿ ਪੂਰਨ ਆਸਾ ॥**
**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥**


www.sikhbookclub.com

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥

**ਵਿਸਥਾਰ**

ਵਾਹਿਗੁਰੂ ਦੀ ਯਾਦ ਪਕਾਉਣ ਤੋਂ ਉੱਚਾ ਹੋਰ ਕੋਈ ਆਹਰ ਨਹੀਂ। ਵਾਹਿਗੁਰੂ ਦੀ ਯਾਦ ਪਕਾਉਣ ਕਾਰਨ ਹੀ **ਬਹੁਤਿਆਂ** (ਮੂਚਾ) ਨੇ ਦੀਦਾਰ ਵੀ ਪਾਏ ਅਤੇ ਉੱਚਤਾ ਨੂੰ ਵੀ ਪ੍ਰਾਪਤ ਹੋਏ। '**ਉਧਰੇ**'। ਵਾਹਿਗੁਰੂ ਦੀ ਯਾਦ ਪਕਾਇਆਂ ਖ਼ਾਹਿਸ਼ਾਂ ਦੀ ਤਰੇਹ ਹੀ ਮਿਟ ਜਾਂਦੀ ਹੈ। ਹੋਰ ਦੁਨਿਆਵੀ ਖ਼ਾਹਿਸ਼ਾਂ ਤਾਂ ਐਸੀਆਂ ਹਨ ਕਿ ਇਕ ਕਰੋ ਤਾਂ ਦੋ ਹੋਰ ਉੱਠ ਖੜ੍ਹੋਂਦੀਆਂ ਹਨ ਪਰ ਸਿਮਰਨ ਪਿਆਸ ਹੀ ਬੁਝਾ ਦੇਂਦਾ ਹੈ। ਜਦ ਤ੍ਰਿਸ਼ਨਾ ਹੀ ਨਾ ਰਹੀ ਤਾਂ ਸਭ ਕੁਝ ਸਾਫ਼ ਦਿਖਾਈ ਦੇਣ ਲੱਗ ਪੈਂਦਾ ਹੈ। ਮਨੁੱਖੀ ਜੀਵਨ ਦੀਆਂ ਓਪਰੀਆਂ ਬੇਮੇਲ ਲਗਦੀਆਂ ਸ਼ੈਆਂ (ਜਿਵੇਂ ਇਹ ਜਗ ਸੱਚਾ ਹੈ ਕਿ ਝੂਠਾ) ਦਾ ਹੱਲ ਦਿੱਸ ਪੈਂਦਾ ਹੈ। ਜੋ ਕੁਝ ਪਹਿਲਾਂ ਰਮਜ਼, ਰਹਸ, ਧੁੰਦਲਾ, ਪੇਚਦਾਰ ਲਗਦਾ ਸੀ ਉਹ ਸਾਫ਼, ਸਪੱਸ਼ਟ ਤੇ ਖੁਲ੍ਹਿਆ ਹੋਇਆ ਲਗਦਾ ਹੈ। '**ਸਭ ਕਿਛੁ ਸੁਝੈ**'। ਜਦ ਸਭ ਕੁਝ ਸਹੀ ਦਿੱਸਣ ਲੱਗ ਪਵੇ ਤਾਂ ਮੌਤ ਦਾ ਤ੍ਰਾਸ ਨਹੀਂ ਰਹਿੰਦਾ। ਵਾਹਿਗੁਰੂ ਦੇ ਦੀਦਾਰ ਦੀ ਜੋ ਆਸ ਲਾਈ ਬੈਠਾ ਸੀ ਉਹ ਪੂਰੀ ਹੋ ਜਾਂਦੀ ਹੈ। ਭਗਤ ਰਵਿਦਾਸ ਜੀ ਨੇ ਜੋ '**ਆਸ ਲਗਿ ਜੀਵਉ**' ਕਹਿਆ ਹੈ ਉਸ ਦਾ ਵੀ ਇਹ ਹੀ ਭਾਵ ਹੈ ਕਿ ਦੀਦਾਰ ਲਈ ਉਡੀਕ ਵਿਚ ਬੈਠਾ ਹਾਂ। ਉਹ ਹੁਣ ਪੂਰੀ ਹੋ ਗਈ ਹੈ।

ਵਾਹਿਗੁਰੂ ਦੀ ਯਾਦ ਪਕਾਇਆਂ ਇਤਨੀ ਸਵੱਛਤਾ ਆ ਜਾਂਦੀ ਹੈ ਕਿ ਮਨ ਤੇ ਮੈਲ ਰਹਿੰਦੀ ਨਹੀਂ ਅਤੇ ਉਸ ਦੀ ਹਜ਼ੂਰੀ ਦਾ ਪ੍ਰਕਾਸ਼ ਲਗਾਤਾਰ ਹੋ ਜਾਂਦਾ ਹੈ। ਸਿਮਰਨ ਦਾ ਸਿੱਟਾ ਦੱਸ ਰਹੇ ਹਨ ਕਿ ਜਿਸ ਵਾਹਿਗੁਰੂ ਦਾ ਰੂਪ ਜਾਂ ਨਾਂ ਨਹੀਂ ਹੈ ਉਹ ਹਿਰਦੇ ਨੂੰ ਪ੍ਰਤੱਖ ਪ੍ਰਤੀਤ ਹੋਣ ਲੱਗ ਪੈਂਦਾ ਹੈ। ਸਿਮਰਨ ਨਾਲ ਪ੍ਰਗਟ ਹੁੰਦਾ ਹੈ। ਹਜ਼ੂਰੀ ਦਾ ਪ੍ਰਕਾਸ਼ (ਨਾਮ) ਉਸ ਦੀ ਨਿਸ਼ਾਨੀ ਹੈ। ਫਿਰ ਉਸ ਵਿਚ ਹੀ ਇਕਮਿਕ ਹੋ ਜਾਈਦਾ ਹੈ।

ਵਾਹਿਗੁਰੂ ਪੁੱਗੇ ਹੋਏ ਪੁਰਸ਼ਾਂ (ਸਾਧਾਂ) ਦੀ ਰਸਨਾ ਤੇ ਹੀ ਹੁੰਦਾ ਹੈ ਕਿਉਂਕਿ ਸਾਧ ਲੋਕ ਆਪਣੇ ਹਿਰਦੇ ਵਿਚ ਤੱਕ ਲੈਣ ਬਾਅਦ ਉਸ ਦਾ ਪ੍ਰਗਟਾਵਾ ਰਸਨਾ ਰਾਹੀਂ ਕਰਦੇ ਹਨ। ਗੁਰੂ ਅਰਜਨ ਦੇਵ ਜੀ, ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸਿਆਂ ਦੇ ਗ਼ੁਲਾਮਾਂ ਦਾ ਵੀ ਮੈਂ ਗ਼ੁਲਾਮ ਹਾਂ। ੪।

*ਸ਼ਬਦ ਭਾਵ :*

**ਮੂਚਾ** : ਕਈ। ਬਹੁਤੇ। (Many, Much.)
**ਤ੍ਰਿਸਨਾ** : ਖ਼ਾਹਿਸ਼ਾਂ ਦੀ ਤ੍ਰੇਹ।
**ਬੁਝੈ** : ਹਿਸਾਉਣਾ। ਬੁਝਾਉਣਾ। (Extinguished)
**ਸਭੁ ਕਿਛੁ ਸੁਝੈ** : ਹਰ ਚੀਜ਼ ਸਾਫ਼ ਦਿਖਾਈ ਦੇਣ ਲੱਗ ਪੈਣੀ। (Inconsistencies Resolved.)
**ਤ੍ਰਾਸਾ** : ਡਰ। ਭੈ।

 www.sikhbookclub.com

**ਪੂਰਨ ਆਸਾ** : ਪ੍ਰਭ ਮਿਲਣ ਦੀ ਆਸ ਦਾ ਪੂਰਾ ਹੋਣਾ ।

**ਸਾਧ** : ਜੋ ਆਪਣੇ ਨਿਸ਼ਾਨੇ ਵੱਲ ਸਿੱਧਾ, ਹੋਰ ਕਿਧਰੇ ਝਾਕੇ ਬਗ਼ੈਰ, ਪ੍ਰਭ ਦੇ ਰਾਹ ਵੱਲ ਟੁਰੀ ਜਾਏ । ਪੁੱਗਿਆ ਹੋਇਆ । ਜਿਸ ਦੇ ਜੀਵਨ ਵਿਚ ਕਦੇ ਉਲਾਰ ਨਹੀਂ ਆਇਆ । ਨੇਕੀ ਤੇ ਧਰਮ ਦੇ ਰਾਹੋਂ ਕਦੇ ਨਾ ਹਟਣ ਵਾਲਾ । ਜਿਸ ਨੇ ਪ੍ਰਭੂ ਨੂੰ ਪ੍ਰਤੱਖ ਪਾ ਲਿਆ ਹੈ । ਜਿਸ ਦਾ ਨਿਸ਼ਾਨਾ ਉੱਕਿਆ ਨਹੀਂ । (One-who has hit the mark). ੪.

## ਪੰਜਵੀਂ ਪਉੜੀ

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥**
**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥**
**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥**
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥**
**ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜ ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥**
**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥**
**ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥**
**ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥**

**ਵਿਸਥਾਰ**

ਅਸਲ ਅਮੀਰ ਉਹ ਹੀ ਹਨ ਜਿਨ੍ਹਾਂ ਵਾਹਿਗੁਰੂ ਦੀ ਯਾਦ ਪਕਾ ਲਈ । ਉਹ ਹੀ ਹਨ ਅਸਲ ਇਜ਼ਤਦਾਰ ਜਿਨ੍ਹਾਂ ਯਾਦ ਵਿਸਰਨ ਨਹੀਂ ਦਿਤੀ । ਮਾਇਆ ਨਾਲ ਮਿਲੀ ਵਡਿਆਈ ਤਾਂ ਮਾਇਆ ਖੁੱਸ ਜਾਣ ਨਾਲ ਹੀ ਮੁੱਕ ਜਾਵੇਗੀ ਪਰ ਸਿਮਰਨ ਦੁਆਰਾ ਮਿਲੀ ਵਡਿਆਈ ਨੂੰ ਕੋਈ ਖੋਹ ਨਹੀਂ ਸਕੇਗਾ ਸਗੋਂ ਪ੍ਰਭੂ ਦੀ ਯਾਦ ਨੂੰ ਸਦੀਵੀ ਕਰਨ ਵਾਲੇ, ਵਾਹਿਗੁਰੂ ਦੀ ਦਰਗਾਹ ਵੀ ਆਦਰ ਪਾਉਣਗੇ । ਇਥੇ ਤਾਂ ਉਨ੍ਹਾਂ ਦੀ ਇਜ਼ਤ ਹੈ ਹੀ, ਅਗੇ ਵੀ ਮਾਣ ਪਾਵਣਗੇ । ਉਹ ਹੀ ਹਨ ਮਨੁੱਖਤਾ ਦੀ ਸਹੀ ਉੱਤਮ ਤਸਵੀਰ । '**ਪੁਰਖ ਪ੍ਰਧਾਨ**' । ਪ੍ਰਭੂ ਦੀ ਯਾਦ ਵਾਲੇ ਕਿਸੇ ਦੇ ਵੀ ਮੁਹਤਾਜ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਖ਼ਾਹਿਸ਼ਾਂ ਤੇ ਕਾਬੂ ਜੋ ਪਾ ਲਿਆ ਹੁੰਦਾ ਹੈ । ਕਿਸੇ ਵੀ ਖ਼ਾਹਿਸ਼ ਤ੍ਰਿਸ਼ਨਾ ਦਾ ਗ਼ੁਲਾਮ ਨ ਹੋਣ ਕਾਰਨ ਸੁਤੰਤਰ ਹੁੰਦੇ ਹਨ ਅਤੇ ਕਿਸੇ ਤੇ ਨਿਰਭਰ ਨ ਹੋਣ ਕਾਰਨ ਖ਼ੁੱਦਮੁਖ਼ਤਿਆਰ (Sovereign) ਵੀ ਹੁੰਦੇ ਹਨ । '**ਸਰਬ ਕੇ ਰਾਜੇ**' । ਬੇ-ਮੁਹਤਾਜ ਤੇ ਕਿਸੇ ਦਾ ਗ਼ੁਲਾਮ ਨ ਹੋਣ ਕਾਰਨ ਸਦਾ ਸੁਖੀ ਵੱਸਦੇ ਹਨ, ਉਨ੍ਹਾਂ ਦਾ ਸੁੱਖ ਕਦੇ ਟੁੱਟਦਾ ਵੀ ਨਹੀਂ । 'ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ' ਵਿਚ ਇਸੇ ਨ ਗਵਾਚਣ ਵਾਲੀ ਖ਼ੁਸ਼ੀ ਦਾ ਜ਼ਿਕਰ ਗੁਰੂ ਜੀ ਕਰ ਰਹੇ ਹਨ । ਪ੍ਰਭੂ ਦੀ ਯਾਦ ਭਾਵੇਂ ਹਰ ਇਕ ਪਾਸ ਹੈ ਪਰ ਉਹ ਹੀ ਇਸ ਨੂੰ ਪਕਾਉਂਦਾ ਹੈ ਜਿਸ ਤੇ ਆਪੂੰ ਕ੍ਰਿਪਾਵਾਨ ਵਾਹਿਗੁਰੂ ਮਿਹਰ ਕਰੇ । ਗੁਰੂ ਅਰਜਨ ਦੇਵ ਜੀ ਨਾਨਕ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੇ ਮਿਹਰ ਪਾਇਆਂ ਸੇਵਕਾਂ ਦੀ ਧੂੜ ਦੇਵੋ ਤਾਂ ਕਿ ਯਾਦ ਕਦੇ ਨਾ ਵਿਸਰੇ । ੫ ।


www.sikhbookclub.com

**ਸ਼ਬਦ ਭਾਵ :**

**ਧਨਵੰਤੇ** : ਅਮੀਰ।
**ਪਤਿਵੰਤੇ** : ਇੱਜ਼ਤ ਵਾਲੇ।
**ਪਰਵਾਨ** : ਆਦਰ ਪਾਏ।
**ਪ੍ਰਖ ਪ੍ਰਧਾਨ** : ਮਨੁੱਖਤਾ ਦੀ ਉੱਤਮ ਉੱਚਤਮ ਮੂਰਤ। (Excellence of Human life.)
**ਬੇਮੁਹਤਾਜੇ** : ਕਿਸੇ ਤੇ ਵੀ ਨ ਨਿਰਭਰ। ਖ਼ਾਹਿਸ਼ਾਂ ਤੋਂ ਉੱਤੇ। (Independent)
**ਸਰਬ ਕੇ ਰਾਜੇ** : ਸਭ ਕੁਝ ਜਿਸ ਦੇ ਆਪਣੇ ਵੱਸ। (Sovereign.)
**ਸੁਖ ਵਾਸੀ** : ਸੁਖ ਵਿਚ ਵਾਸਾ। (Live in happiness.)
**ਦਇਆਲਾ** : ਮਿਹਰਵਾਨ। (Compassionate.) ੫.

## ਛੇਵੀਂ ਪਉੜੀ

**ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥**
**ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥**
**ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥**
**ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥**
**ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥**
**ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥**
**ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥**
**ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥**
**ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥**
**ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥**

**ਵਿਸਥਾਰ**

ਪ੍ਰਭ ਦੀ ਯਾਦ ਪਕਾਉਣ ਵਾਲਾ ਆਪਣੇ ਲਈ ਨਹੀਂ ਦੂਜੇ ਲਈ ਸੁੱਖ ਦੀ ਸੋਚਦਾ ਹੈ। ਆਪਣੀਆਂ ਲੋੜਾਂ ਨੂੰ ਵਧਣ ਨਹੀਂ ਦੇਂਦਾ। ਐਸੇ ਸਿਮਰਨ ਵਾਲਿਆਂ ਤੋਂ ਲੋਕੀਂ ਹਮੇਸ਼ਾ ਵਾਰਨੇ ਜਾਂਦੇ ਹਨ। **'ਤਿਨ ਸਦ ਬਲਿਹਾਰੀ'**। ਉਨ੍ਹਾਂ ਦੀ ਸ਼ੋਭਾ ਕਦੇ ਘਟਦੀ ਨਹੀਂ। ਪ੍ਰਭੂ ਦੀ ਯਾਦ ਜਿਨ੍ਹਾਂ ਹਿਰਦੇ ਵਸਾ ਲਈ ਉਨ੍ਹਾਂ ਦੇ ਚਿਹਰੇ ਦੀ ਰੌਣਕ ਹੀ ਹੋਰ ਹੁੰਦੀ ਹੈ। ਚਮਕਦੇ ਰਹਿੰਦੇ ਹਨ ਉਨ੍ਹਾਂ ਦੇ ਚਿਹਰੇ। ਲੇਸ ਮਾਤ੍ਰ ਮਾਯੂਸੀ ਵੀ ਉਨ੍ਹਾਂ ਦੇ ਚਿਹਰਿਆਂ ਤੇ ਨਹੀਂ ਦਿੱਸਦੀ। ਸਾਰੀ ਜ਼ਿੰਦਗੀ ਹੀ ਉਮਾਹ-ਚਾਅ ਵਿਚ ਗੁਜ਼ਾਰ ਜਾਂਦੇ ਹਨ।

ਇਹ ਨਹੀਂ ਕਿ ਇਤਨੀ ਖ਼ੁਸ਼ੀ ਪਾ ਕੇ ਉਹ ਆਫਰ-ਆਫਰ ਫਿਰਦੇ ਹੋਣ। ਉਨ੍ਹਾਂ ਆਪੇ ਤੇ ਪੂਰਾ ਕਾਬੂ ਪਾਇਆ ਹੁੰਦਾ ਹੈ। ਸ਼ਖ਼ਸੀਅਤ ਸਮਤੋਲ ਹੁੰਦੀ ਹੈ। ਉਨ੍ਹਾਂ ਦਾ ਆਚਰਣ ਸ਼ੁੱਧ ਹੁੰਦਾ ਹੈ। ਉਨ੍ਹਾਂ ਦੀਆਂ ਖ਼ੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ਹੁੰਦਾ। ਤਰ੍ਹਾਂ-ਤਰ੍ਹਾਂ ਦੀਆਂ ਖ਼ੁਸ਼ੀਆਂ ਉਹ ਮਾਣਦੇ ਰਹਿੰਦੇ ਹਨ। ਵੱਡੀ ਖ਼ੁਸ਼ੀ ਇਹ ਹੈ ਕਿ ਵਾਹਿਗੁਰੂ ਦੇ ਨੇੜੇ ਹਮੇਸ਼ਾ ਆਪਣੇ ਆਪ ਨੂੰ ਦੇਖਦੇ ਹਨ। ਸਦਾ ਸੁਚੇਤ ਰਹਿੰਦੇ ਹਨ ਕਿਉਂਕਿ ਉਨ੍ਹਾਂ ਉਤੇ ਆਪੇ ਤੇ ਫੁਰਨਿਆਂ ਤੇ ਕਾਬੂ ਪਾਏ ਪੁਰਸ਼ਾਂ (ਸੰਤ) ਦੀ ਦਇਆ ਦ੍ਰਿਸ਼ਟੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ

 www.sikhbookclub.com

ਹਨ ਕਿ ਉਸ ਦੀ ਯਾਦ ਪੱਕ ਜਾਣ ਤੋਂ ਸਿਵਾ ਕੋਈ ਵੱਡੀ ਖ਼ੁਸ਼ੀ ਨਸੀਬ ਨਹੀਂ ਹੈ। **'ਸਿਮਰਨੁ ਪੂਰੈ ਭਾਗਿ'**। ਸਭ ਤੋਂ ਵੱਡੀ ਖ਼ੁਸ਼ਕਿਸਮਤੀ ਇਹ ਹੀ ਹੈ ਕਿ ਉਸ ਦੀ ਯਾਦ ਨ ਵਿਸਰੇ। ੬।

**ਸ਼ਬਦ ਭਾਵ :**

**ਪਰਉਪਕਾਰੀ** : ਆਪਣੇ ਨਾਲੋਂ ਦੂਜੇ ਦੀ ਭਲਾਈ ਸੋਚਣ ਵਾਲਾ।

**ਤਿਨ ਸਦ ਬਲਿਹਾਰੀ** : ਉਨ੍ਹਾਂ ਤੋਂ ਸਦਾ ਕੁਰਬਾਨ ਹੋਣ ਵਾਲੇ। ਹਮੇਸ਼ਾ ਉਪਮਾ ਹੋਣੀ। (Praise be unto them)

**ਤਿਨ ਅਨਦ ਘਨੇਰੇ** : ਬੇਅੰਤ ਖ਼ੁਸ਼ੀਆਂ ਮਾਣਦਾ। (Many are their joys.)

**ਨਿਰਮਲ ਰੀਤਾ** : ਸ਼ੁੱਧ ਆਚਰਣ (Pure Tenor)

**ਸੰਤ** : ਪਹਿਲਾਂ ਸਾਧ ਕਿਹਾ ਸੀ। ਸਾਧ ਨਿਸ਼ਾਨੇ ਵੱਲ ਬਿਲਕੁੱਲ ਸਿੱਧਾ ਟੁਰਦਾ ਹੈ। ਨ ਉਸਦਾ ਨਿਸ਼ਾਨਾ ਉੱਕਿਆ ਹੈ ਅਤੇ ਨ ਹੀ ਉਹ ਨਿਸ਼ਾਨੇ ਮਕਸਦ ਤੋਂ ਪਰ੍ਹਾਂ ਹਟਿਆ ਹੈ। ਹੁਣ **ਸੰਤ** ਆਖ ਰਹੇ ਹਨ ਜਿਸ ਨੇ ਤ੍ਰਿਸ਼ਨਾ ਤੇ ਕਾਬੂ ਪਾ ਲਿਆ ਹੁੰਦਾ ਹੈ। ਜਿਸ ਦੀ ਸ਼ਖ਼ਸੀਅਤ ਦੋ ਫਾੜ ਨਹੀਂ ਹੁੰਦੀ। ਜਿਸ ਨੇ ਜੀਵਨ ਦੇ ਤੱਤ ਨੂੰ ਪਾ ਲਿਆ ਹੁੰਦਾ ਹੈ। (In tune with the infinite mind). ੬.

SIKHBOOKCLUB.COM

## ਸਤਵੀਂ ਪਉੜੀ

**ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥**
**ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥**
**ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥**
**ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥**
**ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥**
**ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥**
**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥**
**ਸੁਖ ਪ੍ਰਭ ਸਿਮਰਨ ਕਾ ਅੰਤ ਨ ਪਾਰ ॥**
**ਸਿਮਰਹਿ ਸੇ ਜਨ, ਜਿਨ ਕਉ ਪ੍ਰਭ ਮਇਆ ॥**
**ਨਾਨਕ ਤਿਨ ਜਨ ਸਰਨੀ ਪਇਆ ॥ ੭ ॥**

**ਵਿਸਥਾਰ**

ਪ੍ਰਭੂ ਦੀ ਯਾਦ ਪਕਾਇਆਂ ਸਾਰੇ ਕਾਰਜ ਸਫ਼ਲਤਾ ਸਹਿਤ ਹੋ ਜਾਂਦੇ ਹਨ। ਯਕੀਨ ਨਹੀਂ ਟੁੱਟਦਾ। ਮਾਯੂਸੀ ਕਦੇ ਘੇਰ ਨਹੀਂ ਖਲੋਂਦੀ ਅਤੇ ਨ ਹੀ ਕੋਈ ਮਾਯੂਸ ਕਰ ਸਕਦਾ ਹੈ। ਜਿਸ ਵੀ ਵਾਹਿਗੁਰੂ ਦੀ ਯਾਦ ਪਕਾ ਲਈ ਉਸਦੇ ਬੋਲਾਂ ਵਿਚੋਂ ਆਪ ਮੁਹਾਰੇ ਵਾਹਿਗੁਰੂ ਦੀ ਸਿਫ਼ਤ ਹੁੰਦੀ ਰਹਿੰਦੀ ਹੈ। **'ਹਰਿ ਗੁਨ ਬਾਨੀ'**। ਅਤੇ ਚਿੱਤ ਐਸਾ ਟਿਕਿਆ ਰਵ੍ਹੇਗਾ ਕਿ ਕਦੇ ਵੀ ਡੋਲਣਾ

 www.sikhbookclub.com

ਨਹੀਂ ਹੋਏਗੀ। ਸਿਮਰਨ ਕਰਦਿਆਂ ਉਹ ਅਟਿਕ ਅਡੋਲ ਅਵਸਥਾ ਪ੍ਰਾਪਤ ਹੋ ਜਾਵੇਗੀ ਜੋ ਯੋਗ ਆਸਨਾਂ ਨਾਲ ਵੀ ਨਹੀਂ ਮਿਲਦੀ। ਇਸ ਟਿਕਵੀਂ ਅਵਸਥਾ ਦੇ ਮਿਲਣ ਨਾਲ ਹਿਰਦੇ ਦਾ ਕੰਵਲ ਫੁੱਲ ਵੀ ਖਿੜ ਪਏਗਾ। ਅੰਦਰ ਖੇੜਾ ਹੀ ਖੇੜਾ ਹੋ ਜਾਏਗਾ। ਆਤਮਾ ਉਹ ਆਵਾਜ਼ ਸੁਣ ਲਵੇਗੀ ਜੋ ਪ੍ਰਭੂ ਦੇ ਨੇੜੇ ਗਿਆਂ ਸੁਣੀਦੀ ਹੈ। 'ਅਨਹਦ ਝੁਨਕਾਰ'। ਜੋ ਸੁੱਖ ਧਿਆਨ ਦੁਆਰਾ ਮਿਲਦਾ ਹੈ ਉਸ ਦਾ ਕਿਸੇ ਤਰ੍ਹਾਂ ਕੋਈ ਵਰਨਣ ਨਹੀਂ ਕੀਤਾ ਜਾ ਸਕਦਾ। ਜਿਸ ਤੇ ਉਸ ਦੀ ਮਿਹਰ ਹੋਵੇ, ਉਹ ਹੀ ਉਸ ਦੀ ਯਾਦ ਸਦੀਵੀ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ-ਐਸਿਆਂ ਦੀ ਮੈਨੂੰ ਸ਼ਰਨ ਬਖ਼ਸ਼ੋ। ੭।

**ਸ਼ਬਦ ਭਾਵ :**

**ਕਾਰਜ ਪੂਰੇ** ; ਸਾਰੇ ਕੰਮ ਵਿਚ ਜੁੜ ਜਾਂਦੇ ਹਨ। ਵਿਸ਼ਵਾਸ ਪੱਕਾ ਹੁੰਦਾ ਹੈ।

**ਝੂਰੇ** : ਮਾਯੂਸੀ। ਝੂਰਨਾ। (Dissatisfaction.)

**ਹਰਿ ਗੁਨ ਬਾਨੀ** : ਬੋਲਾਂ ਵਿਚੋਂ ਹੀ ਵਾਹਿਗੁਰੂ ਦੀ ਉਪਮਾ ਦਾ ਸੁਣਾਈ ਦੇਣਾ। ਸੁਭਾਵਕ ਵਾਹਿਗੁਰੂ ਦੀ ਉਪਮਾ ਹੋਈ ਜਾਣੀ। (Divine laudation breed in the nature of man.)

**ਸਹਜਿ** : ਨਾਲ ਜਨਮਿਆ। ਜਿਸ ਵਿਚ ਰਤਾ ਭਰ ਵੀ ਬਨਾਵਟ ਨਾ ਹੋਵੇ। ਜੋ ਤਿੰਨ ਗੁਣਾਂ ਦੀ ਜਕੜ ਵਿਚ ਨਾ ਆਵੇ। ਜਿਸ ਦੇ ਜੀਵਨ ਵਿਚ ਉਲਾਰ ਨਾ ਹੋਵੇ। (Perfect Equilibrium.)

**ਨਿਹਚਲ ਆਸਨੁ** : ਟਿਕਵੀਂ ਅਵਸਥਾ ਜੋ ਯੋਗੀ ਚੁਰਾਸੀ ਸਰੀਰਕ ਆਸਨਾਂ ਰਾਹੀਂ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। (Undisturbed posture.)

**ਕਮਲ ਬਿਗਾਸਨੁ** : ਕਮਲ ਦਾ ਖਿੜ ਪੈਣਾ।

ਛੇ ਕਮਲਾਂ ਦੀ ਗਿਣਤੀ ਦੱਸਦੇ ਹਨ।

(i) **ਮੂਲਾਧਾਰ** : ਰੀੜ੍ਹ ਦੀ ਹੱਡੀ ਹੇਠ।
(ii) **ਸਵੈ ਸਸਥਾਨ** : ਇੰਦ੍ਰੀਆਂ ਪਾਸ।
(iii) **ਮੁਨੀਪੁਰ** : ਧੁੰਨੀ ਲਾਗੇ।
(iv) **ਵਿਸ਼ੁਧਾ** : ਗਲੇ ਨੇੜੇ।
(v) **ਅਜਨਾ** : ਪਲਕਾਂ ਵਿਚਕਾਰ।
(vi) **ਸਹਸਰਾਗ** : ਸਿਰ ਦੀ ਪੇਪੜੀ ਉੱਤੇ।

ਯੋਗੀ ਹੱਠ ਨਾਲ ਪਹਿਲਾਂ ਕੁੰਡਲਨੀ ਨੂੰ ਜਗਾਂਦਾ ਹੈ ਜੋ ਮੂਲਾਧਾਰ ਪਾਸ ਸੁੱਤੀ ਪਈ ਹੈ। ਫਿਰ ਇਕ ਇਕ ਪਦਮ ਕੰਵਲ ਨੂੰ ਭੇਦ ਕੇ ਵਿਸ਼ੁਧਾ ਦੇ ਕੰਵਲ ਨੂੰ ਖਿੜਾਂਦਾ ਹੈ। ਉਥੋਂ ਹੀ ਅਨਹਤ ਨਾਦ ਦੀ ਧੁਨੀ ਉੱਠਦੀ ਹੈ ਜੋ ਦੱਸ ਪਾਉਂਦੀ ਹੈ ਕਿ ਵਾਹਿਗੁਰੂ ਦਾ ਨੇੜਪਣ ਮਿਲਣ ਵਾਲਾ ਹੈ। ਛੇਵੇਂ 'ਸਹਸਰਾਗ' ਨੂੰ ਵਿੰਨ੍ਹਦੀ ਹੈ ਤਾਂ ਕੰਵਲ ਪੂਰਨ ਤੌਰ ਤੇ ਖਿੜ ਜਾਂਦਾ ਹੈ ਤੇ ਆਪਾ ਮੂਲੋਂ ਹੀ ਮਿਟ ਜਾਂਦਾ ਹੈ ਅਤੇ ਵਾਹਿਗੁਰੂ ਨਾਲ ਇਕ-ਮਿਕ ਹੋ ਜਾਂਦਾ ਹੈ।

 www.sikhbookclub.com

ਸਿਮਰਨ ਦੀ ਬਰਕਤ ਨਾਲ ਕੰਵਲ ਫੁੱਲ ਸਹਜੇ ਹੀ ਖਿੜ ਜਾਂਦਾ ਹੈ ਤੇ ਵਾਹਿਗੁਰੂ ਦੀ ਹਜ਼ੂਰੀ ਦਾ ਆਨੰਦ ਮਾਨਣਾ ਅਰੰਭ ਹੋ ਜਾਂਦਾ ਹੈ। ਜੋ ਕਸ਼ਟਾਂ ਨਾਲ ਪਤਾ ਨਹੀਂ ਮਿਲੇ ਕਿ ਨ ਮਿਲੇ ਪਰ ਸਿਮਰਨ ਨਾਲ ਅਵੱਸ਼ ਮਿਲਦਾ ਹੈ।

**ਅਨਹਦ ਝੁਨਕਾਰ** : ਰੱਬੀ ਰਾਗ । ਵਾਹਿਗੁਰੂ ਦੀ ਹੋਂਦ ਦਾ ਹਰ ਵੇਲੇ ਸਵਾਦ ਮਾਣਦਿਆਂ ਸਦੀਵੀ ਆਨੰਦ ਮਿਲਦਾ ਹੈ। (Infinite silent joy.)

**ਅੰਤ ਨ ਪਾਰ** : ਜਿਸ ਦਾ ਹੱਦ ਬੰਨਾ ਕੋਈ ਨਹੀਂ ।

ਮਇਆ : ਮਿਹਰ । ੭ ।

## *ਅਠਵੀਂ ਪਉੜੀ*

**ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥**
**ਹਰਿ ਸਿਮਰਨਿ ਲਗਿ ਬੇਦ ਉਪਾਏ ॥**
**ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥**
**ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥**
**ਹਰਿ ਸਿਮਰਨਿ ਧਾਰੀ ਸਭ ਧਰਨਾ ॥**
**ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥**
**ਹਰਿ ਸਿਮਰਨਿ ਕੀਓ ਸਗਲ ਅਕਾਰਾ ॥**
**ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ ॥**
**ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥**
**ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥**

SIKHBOOKCLUB.COM

**ਵਿਸਥਾਰ**

ਵਾਹਿਗੁਰੂ ਦੀ ਯਾਦ ਪਰਪੱਕ ਕਰ ਕੇ ਹੀ ਭਗਤਾਂ ਦਾ ਨਾਂ ਜੱਗ ਵਿਚ ਉੱਘਾ ਹੋਇਆ ਹੈ। ਇਹ ਬੇਦ ਵੀ ਉਸ ਪ੍ਰਭੂ ਦੀ ਯਾਦ ਵਿਚ ਲਗਿਆਂ ਹੀ ਰਚੇ ਜਾ ਸਕੇ। ਨਿਰੀ ਦਿਮਾਗੀ ਕਲਾ-ਬਾਜ਼ੀ ਨਾਲ ਕੁਝ ਵੀ ਨਹੀਂ ਉਪਜਦਾ। ਵਾਹਿਗੁਰੂ ਦੀ ਯਾਦ ਪਰਪੱਕ ਕਰਨ ਕਾਰਨ ਹੀ ਕਈਆਂ ਵਿਚ ਕਰਾਮਾਤੀ ਸ਼ਕਤੀਆਂ ਆਈਆਂ, ਕਈਆਂ ਨੂੰ ਆਪਣੇ ਮਨ ਇੰਦਰੇ ਤੇ ਕਾਬੂ ਕਰਨ ਦੀ ਜਾਚ ਆਈ ਤੇ ਦੂਜੇ ਦੀ ਭਲਾਈ ਕਰਨ ਦਾ ਚਾਅ ਉਪਜਿਆ। ਇਹ ਪ੍ਰਭੂ ਦੀ ਯਾਦ ਹੈ ਜਿਸ ਵਜਹ ਉਹ, ਜਿਨ੍ਹਾਂ ਦੀ ਹੋਂਦ ਹਸਤੀ ਵੀ ਨਹੀਂ ਸੀ, ਚਾਰੇ ਪਾਸੇ ਜਾਣੇ ਜਾਣ ਲੱਗੇ। ਪ੍ਰਭੂ ਦੇ ਸਿਮਰਨ ਕਰਕੇ ਹੀ ਇਹ ਧਰਤ਼ੀ ਟਿਕੀ ਹੋਈ ਹੈ। ਸੋ ਟਿਕਾ ਹਾਸਲ ਕਰਨ ਲਈ ਤੇ ਕਾਰਜ ਸਿੱਧੀ ਲਈ, '**ਕਾਰਨ ਕਰਨ**' ਨੂੰ ਹੀ ਸਿਮਰ। ਹੋਰ ਆਸਰੇ ਨ ਭਾਲ। ਵਾਹਿਗੁਰੂ ਦੇ ਸਿਮਰਨ ਕਾਰਨ ਹੀ ਇਹ ਧਰਤੀ ਹੋਂਦ ਵਿਚ ਆਈ। ਇਹ ਕਿਸੇ ਬ੍ਰਹਮਾ ਨੇ ਨਹੀਂ ਬਣਾਈ, ਸ਼ਿਵ ਨੇ ਨਾਸ਼ ਨਹੀਂ ਕਰਨੀ ਤੇ ਵਿਸ਼ਨੂੰ ਇਸ ਦੀ ਪਾਲਣਾ ਨਹੀਂ ਕਰ ਰਹਿਆ। ਸਿਮਰਨ ਨਾਲ ਉਹ ਅਰੂਪ ਵਾਹਿਗੁਰੂ ਜਿਸ ਦਾ ਚਿਹਨ ਚੱਕਰ, ਰੂਪ ਰੰਗ ਨਹੀਂ, ਆਪੇ ਪ੍ਰਗਟ ਹੋ ਜਾਏਗਾ ਕਿਸੇ ਯੋਗਿਕ ਕ੍ਰਿਆ ਅਤੇ ਤਪ ਪੂਜਾ ਦੀ ਲੋੜ ਨਹੀਂ।

ਜਿਸ ਤੇ ਮਿਹਰ ਕਰ ਕੇ ਇਹ ਸੋਝੀ (ਭੇਤ ਭਰੀ ਗੱਲ) ਦੱਸ ਦੇਵੇ ਕਿ ਸਿਮਰਨ ਦੀਆਂ ਇਤਨੀਆਂ ਬਰਕਤਾਂ ਹਨ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ

ਕੋ ਕਹਿੰਦੇ ਹਨ ਕਿ ਉਹ ਫਿਰ ਗੁਰ ਸ਼ਬਦ ਰਾਹੀਂ ਸਿਮਰਨ ਕਰਦਾ ਹੀ ਜਾਂਦਾ ਹੈ।੮।੧।

**ਸ਼ਬਦ ਭਾਵ :**

**ਪ੍ਰਗਟਾਏ** : ਉੱਘੇ ਹੋਏ ।

**ਬੇਦ ਉਪਾਏ** : ਬੇਦ ਸਿਰਜੇ ਗਏ। ਮਹਾਰਾਜ ਜਗਤ ਨੂੰ ਸਮਝਾ ਰਹੇ ਹਨ ਕਿ ਜਿਸ ਸਿਮਰਨ ਵਿਚ ਲੱਗਿਆਂ ਬੇਦ ਲਿਖੇ ਗਏ, ਤੂੰ ਉਸ ਸਿਮਰਨ ਨੂੰ ਕਰ, ਨਾ ਕਿ ਬੇਦਾਂ ਪਿੱਛੇ ਲੱਗ। ਮੂਲ ਨੂੰ ਪਕੜ ।

**ਸਿਧ** : ਕਰਾਮਾਤੀ ਸ਼ਕਤੀਆਂ ਵਾਲੇ। ਇਨ੍ਹਾਂ ਦੀ ਗਿਣਤੀ ਵੀ ਚੁਰਾਸੀ ਕਹੀ ਜਾਂਦੀ ਹੈ ।

**ਜਤੀ** : ਮਨ ਇੰਦ੍ਰੀ ਵਸ ਕਰਨ ਵਾਲੇ।

**ਦਾਤੇ** : ਦੇਣ ਵਾਲੇ। (Philanthropist)

**ਹਰਿ ਕਾਰਨ ਕਰਨਾ** : ਵਾਹਿਗੁਰੂ ਹੀ ਸਭ ਕਾਰਨਾਂ ਦਾ ਕਾਰਨ ਹੈ। (Creator of causes)

**ਸਗਲ ਅਕਾਰਾ** : ਦਿਸਦਾ ਜਗਤ।

**ਸਿਮਰਨੁ ਮਹਿ ਆਪਿ ਨਿਰੰਕਾਰਾ** : ਸਿਮਰਨ ਵਿਚ ਹੀ ਇਹ ਨਿਰ-ਆਕਾਰ ਵਾਹਿਗੁਰੂ ਸਮਾਇਆ ਹੈ। ਸੋ ਸਿਮਰਨ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ।

**ਬੁਝਾਇਆ** : ਭੇਤ ਭਰੀ ਗੱਲ ਦਾ ਪ੍ਰਗਟ ਕਰਨਾ।

**ਗੁਰਮੁਖਿ** : ਸ਼ਬਦ ਰਾਹੀਂ।੮।੧।

---

## ਦੂਜੀ ਅਸ਼ਟਪਦੀ

***ਦੂਜੀ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਸਿਮਰਨ ਦੀ ਮਹਿਮਾ ਬਾਅਦ ਹੁਣ ਦਰਸਾ ਰਹੇ ਹਨ ਕਿ ਜਦ ਸਿਮਰਨ ਨੂੰ ਫਲ ਲਗਦਾ ਹੈ ਤਾਂ ਉਹ ਨਾਮ ਹੋ ਨਿਬੜਦਾ ਹੈ। ਵਾਹਿਗੁਰੂ ਦੀ ਹਜ਼ੂਰੀ ਦਾ ਸਦੀਵੀ ਪ੍ਰਕਾਸ਼ ਹੋ ਜਾਂਦਾ ਹੈ। ਵਾਹਿਗੁਰੂ ਦਾ ਸਦੀਵੀ ਪ੍ਰਕਾਸ਼ ਜਿੱਥੇ ਹੈ ਉੱਥੇ ਕੋਈ ਔਕੜ, ਵਿਘਨ, ਰੁਕਾਵਟ, ਪਸ਼ਚਾਤਾਪ ਨਹੀਂ। ਸੰਸਾਰੀ ਸੁਖ, ਰਾਜ-ਭੋਗ, ਮਾਇਆ ਦੇ ਅੰਬਾਰ, ਲੰਮੀਆਂ ਬਾਹਾਂ ਅਤੇ ਦੁੱਖ ਤਾਂ ਉਪਜਦੇ ਹੀ ਹਨ। ਨਾਮ ਇਥੇ ਵੀ ਸੁੱਖ ਦੇਂਦਾ ਹੈ ਅਤੇ ਅੱਗੇ ਵੀ। ਇਹ ਕੋਈ ਮਨੋਕਲਪਿਤ ਗੱਲ ਨਹੀਂ। ਜਿਨ੍ਹਾਂ ਨੇ ਉਸ ਨੂੰ ਨਹੀਂ ਵਿਸਾਰਿਆ (ਭਗਤ), ਜਿਨ੍ਹਾਂ ਭੇਤ ਪਾ ਲਿਆ (ਸੰਤ), ਜਿਹੜੇ ਮਕਸਦ ਤੋਂ ਲਾਂਭੇ ਨਹੀਂ ਹੋਏ (ਸਾਧ) ਤੇ ਜਿਨ੍ਹਾਂ ਨਿੰਮ੍ਰਤਾ ਧਾਰੀ ਰੱਖੀ (ਜਨ), ਨਾਮ ਦਾ ਜੀਵਨ ਹੀ ਜੀਂਦੇ ਹਨ ਤੇ ਸਫ਼ਲਤਾ ਨੂੰ ਪਾਂਦੇ ਹਨ। ਮਿਲਦਾ ਉਸ ਦੀ ਮਿਹਰ ਸਦਕਾ ਹੀ ਹੈ। ਸੋ ਸਲੋਕ ਵਿਚ ਇਹ ਅਰਦਾਸ ਕੀਤੀ ਹੈ ਕਿ **'ਨਾਨਕ ਕੇ ਪ੍ਰਭ, ਸਦਾ ਸਾਥ ਰਹੀਂ।'**

 www.sikhbookclub.com

## ਸਲੋਕੁ ॥

ਦੀਨ ਦਰਦ ਦੁਖ ਭੰਜਨਾ
ਘਟਿ ਘਟਿ ਨਾਥ ਅਨਾਥ ॥
ਸਰਣਿ ਤੁਮ੍ਹਾਰੀ ਆਇਓ
ਨਾਨਕ ਕੇ ਪ੍ਰਭ ਸਾਥ ॥ ੧ ॥

**ਵਿਸਥਾਰ**

ਹੇ ਗ਼ਰੀਬਾਂ ਤੇ ਨਿਮਾਣਿਆਂ ਦੀ ਪੀੜਾ ਤੇ ਦੁੱਖ ਭੰਨਣ ਵਾਲੇ, ਜਿਸ ਦਾ ਕੋਈ ਨਹੀਂ ਉਸ ਦੀ ਟੇਕ ਪ੍ਰਭੂ, ਹਰ ਹਿਰਦੇ ਦੇ ਮਾਲਕ, ਵਾਹਿਗੁਰੂ ! ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਤੇਰੀ ਸ਼ਰਨ ਆਇਆ ਹਾਂ ਅਤੇ ਇਹ ਹੀ ਬੇਨਤੀ ਹੈ ਕਿ ਹੁਣ ਸਦਾ ਸਾਥ ਰਹੀਂ ।

'ਪ੍ਰਭ ਕੇ ਸਾਥ' ਹੀ ਨਾਮ ਦਾ ਸਹੀ ਤਰਜਮਾ ਹੈ । ਜਦ ਹਜ਼ੂਰੀ ਦਾ ਸਦੀਵੀ ਮਾਣ ਮਿਲ ਜਾਏ ਤਾਂ ਸਮਝੋ ਕਿ ਨਾਮ ਪ੍ਰਗਟ ਹੋ ਗਿਆ । ਸੋ ਪਹਿਲੀਆਂ ਚਾਰ ਪਉੜੀਆਂ ਵਿਚ ਨਾਮ ਦੀ ਸ਼ਕਤੀ ਦੱਸੀ ਹੈ ਤੇ ਫਿਰ ਤਿੰਨਾਂ ਵਿਚ ਜਿਨ੍ਹਾਂ ਨਾਮ ਪ੍ਰਾਪਤ ਕਰ ਲਿਆ ਉਨ੍ਹਾਂ ਦੀ ਅਵਸਥਾ ਤੇ ਅਖ਼ੀਰਲੀ ਪਉੜੀ ਵਿਚ ਉਨ੍ਹਾਂ ਦਾ ਸਾਥ ਮੰਗਿਆ ਹੈ ਕਿ ਪ੍ਰਭ ਕਾ ਸਾਥ ਮਿਲੇ ਅਤੇ ਨਾਮ ਸਦੀਵੀ ਹੋ ਜਾਏ ।

**ਸ਼ਬਦ ਭਾਵ :**

**ਦੀਨ** : ਨਿਮਾਣਾ, ਕੁਝ ਨਾ, ਗ਼ਰੀਬ । (Wretched)
**ਦੁਖ ਭੰਜਨਾ** : ਦੁੱਖ ਤੋੜਨ ਵਾਲਾ ।
**ਘਟਿ ਘਟਿ** : ਮਨ ਭਾਂਡਾ । ਹਰ ਹਿਰਦੇ । (Hearts of men)
**ਅਨਾਥ** : ਬੇ-ਸਹਾਰਾ । (Helpless). ੧.

## ਪਹਿਲੀ ਪਉੜੀ

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
ਅਨਿਕ ਪੁਨਹਚਰਨ ਕਰਤ ਨਹੀ ਤਰੈ ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥ ੧ ॥

 www.sikhbookclub.com

**ਵਿਸਥਾਰ**

ਇਸ ਅਸ਼ਟਪਦੀ ਵਿਚ ਉਸ ਮੁਸ਼ਕਿਲ ਦਾ ਜ਼ਿਕਰ ਕਰ ਰਹੇ ਹਨ ਜਿਸ ਦਾ ਜੀਵ ਨੂੰ ਸਾਮ੍ਹਣਾ ਕਰਨਾ ਪੈਣਾ ਹੈ, ਉਥੇ ਨਿਬੇੜਾ ਜ਼ਾਤੀ ਗੁਣਾਂ ਤੇ ਹੋਣਾ ਹੈ ਨਾ ਕਿ ਇਸ ਤੇ ਕਿ ਤੂੰ ਕਿਤਨੇ ਮਿੱਤਰ ਬਣਾਏ ਹਨ ਅਤੇ ਕਿਤਨਾ ਟੱਬਰ ਹੈ ਤੇ ਕਿਤਨੇ ਮਹਲ ਮਾੜੀਆਂ ਹਨ। ਸੋ ਕਹਿ ਰਹੇ ਹਨ ਕਿ ਉਥੇ ਨਾ ਮਾਂ, ਨਾ ਪਿਓ, ਨਾ ਪੁੱਤਰ, ਨਾ ਮਿੱਤਰ, ਨਾ ਭਰਾ ਸਹਾਈ ਹੋਣਾ ਹੈ। ਉਥੇ, ਜਿਤਨਾ ਤੂੰ ਸਾਥ ਵਾਹਿਗੁਰੂ ਦਾ ਮਾਣਿਆ (ਨਾਮ ਜਪਿਆ) ਹੈ, ਉਹ ਹੀ ਕੰਮ ਆਉਣਾ ਹੈ। ਜਿਸ ਵੇਲੇ ਮੌਤ ਦੇ ਭਿਆਨਕ-ਡਰਾਵਨੇ ਦੂਤ ਨੇ ਆ ਮਾਰਿਆ, ਉਸ ਵੇਲੇ 'ਪ੍ਰਭੂ ਸਾਥ ਨਿਭਾਏ ਪਲ' ਹੀ ਸਾਥ ਦੇਣਗੇ। ਜਿਸ ਵੇਲੇ ਤੇਰੇ ਇਕੱਲੇ ਦਾ ਲੇਖਾ ਹੋਣ ਵਾਲਾ ਮੁਸ਼ਕਿਲ ਕਾਰਜ ਅਰੰਭ ਹੋਇਆ, ਉਥੇ ਕਿਸੇ ਨੇ ਹਾਮੀ ਨਹੀਂ ਭਰਨੀ। ਉਥੇ ਨਾਮ ਨੇ ਅੱਖ ਦੇ ਫੋਰ ਵਿਚ ਤੈਨੂੰ ਬਚਾ ਕੱਢ ਲੈ ਜਾਣਾ ਹੈ। ਤੇਰੇ ਪਸ਼ਚਾਤਾਪ ਵਾਲੇ ਕੀਤੇ ਅਨੇਕਾਂ ਕਰਮ ਜਿਸ ਥਾਂ ਕੰਮ ਨਹੀਂ ਆਉਣੇ ਉਥੇ ਇਹ 'ਹਰਿ ਕਾ ਨਾਮ' ਹੈ ਜੋ ਸਭ ਪਾਪ ਧੋ ਸੁਟੇਗਾ। ਵਾਹਿਗੁਰੂ ਦੀ ਮਿਹਰ ਬਚਾ ਲੈ ਜਾਏਗੀ।

ਓ ਭਟਕਦੇ ਮਨ! ਕਿਉਂ ਕਦੇ ਰਿਸ਼ਤੇਦਾਰਾਂ, ਕਦੇ ਮਿੱਤਰਾਂ ਦਾ ਸਹਾਰਾ ਲੋੜਦਾ ਹੈਂ ਅਤੇ ਕਦੇ ਕਰਮ ਕਾਂਡਾਂ ਵਿਚ ਪੈਂਦਾ ਹੈਂ ? ਗੁਰੂ ਦੇ ਸ਼ਬਦ ਦੀ ਅਗਵਾਈ ਲੈ ਕੇ ਗੁਣ ਗਾਂਦੇ ਹੋਏ ਮਨ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਲੈ ਜਾ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ, ਇਸ ਤਰ੍ਹਾਂ ਪੂਰਨ ਸੁੱਖ ਨੂੰ ਪ੍ਰਾਪਤ ਹੋਵੇਂਗਾ। ੧।

SIKHBOOKCLUB.COM

**ਸ਼ਬਦ ਭਾਵ :**

- **ਮਨ** : ਇਛ-ਤਰੰਗ ਦੇ ਸੁਮੇਲ ਦਾ ਨਾਂ ਹੈ। ਇਹ ਜੋ ਹਰ ਵੇਲੇ ਭਟਕਦਾ ਰਹਿੰਦਾ ਹੈ ਉਸ ਨੂੰ ਸੰਬੋਧਨ ਕਰ ਰਹੇ ਹਨ।
- **ਊਹਾ** : ਉੱਥੇ।
- **ਨਾਮ** : ਵਾਹਿਗੁਰੂ ਦੀ ਹਜ਼ੂਰੀ ਗੁਜ਼ਾਰਿਆ ਸਮਾਂ। ਸਿਮਰਨ ਪੱਕ ਜਾਵੇ ਤਾਂ ਨਾਮ ਫਲ ਲਗਦਾ ਹੈ। ਐਸਾ ਰਸ-ਅਨੰਦ ਆਉਂਦਾ ਹੈ ਕਿ ਮਨ ਫਿਰ ਭਟਕ ਹੋਰ ਕਿਧਰੇ ਜਾਂਦਾ ਨਹੀਂ।
- **ਮਹਾ ਭਇਆਨ** : ਅਤਿ ਡਰਾਉਣਾ। ਮੌਤ ਦੀ ਆਪਣੀ ਇਕ ਭਿਆਨਕ ਦਹਿਸ਼ਤ ਹੈ।
- **ਦੂਤ ਜਮ** : ਮੌਤ ਦਾ ਸੁਨੇਹਾ ਲਿਆਉਣ ਵਾਲਾ।
- **ਦਲੈ** : ਪੀਠਦਾ ਹੈ। ਹਮਲਾ ਕਰਦਾ ਹੈ।
- **ਮੁਸਕਲ** : ਵੱਡੀ ਔਕੜ। ਜਿਥੇ ਅੰਧੇਰਾ ਹੀ ਅੰਧੇਰਾ ਆਤਮਾ ਨੂੰ ਦਿਖਾਈ ਦੇਂਦਾ ਹੈ।
- **ਖਿਨ** : ਅੱਖ ਦਾ ਫੋਰ (Instant)
- **ਪੁਨਹਚਰਨ** : ਫਿਰ ਆਚਰਨ। ਖਿਮਾ ਮਿਲ ਜਾਣ ਬਾਅਦ ਨਵੇਂ ਸਿਰਿਓਂ ਧਰਮ ਕਰਮ ਕਰਨ ਜੋਗਾ। ਪ੍ਰਾਸਚਿਤ ਕਰਮ।
- **ਤਰੈ** : ਸੰਸਾਰ ਸਾਗਰ ਪਾਰ ਕਰ ਜਾਣਾ।
- **ਗੁਰਮੁਖਿ** : ਗੁਰ ਸ਼ਬਦ ਰਾਹੀਂ। ੧।

 www.sikhbookclub.com

## ਦੂਜੀ ਪਉੜੀ

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥
ਲਾਖ ਕਰੋਰੀ ਬੰਧੁ ਨ ਪਰੈ ॥
ਹਰਿ ਕਾ ਨਾਮੁ ਜਪਤ ਨਿਸਤਰੈ ॥
ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥
ਹਰਿ ਕਾ ਨਾਮੁ ਜਪਤ ਆਘਾਵੈ ॥
ਜਹ ਮਾਰਗਿ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥
ਐਸਾ ਨਾਮੁ ਮਨ ਸਦਾ ਧਿਆਈਐ ॥
ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥ ੨ ॥

**ਵਿਸਥਾਰ**

ਸਾਰੀ ਸ੍ਰਿਸ਼ਟੀ ਦਾ ਮਾਲਕ ਤੇ ਰਾਜਾ ਵੀ ਹੋ ਜਾਏ ਮਨੁੱਖ, ਤਾਂ ਵੀ ਉਹ ਦੁਖੀ ਹੀ ਰਵ੍ਹੇਗਾ ਕਿਉਂਕਿ ਆਪੇ ਤੇ ਇਸ ਦਾ ਕਾਬੂ ਨਹੀਂ ਹੋਇਆ। ਮਨੂਆ ਹਰ ਵੇਲੇ ਭਟਕ ਰਹਿਆ ਹੈ। ਸੁੱਖ ਤਾਂ ਮਿਲੇਗਾ ਜੇ ਬ੍ਰਹਮੰਡ ਦੇ ਮਾਲਕ ਦੀ ਹਜ਼ੂਰੀ ਲਈ ਤੜਪ ਹੈ। 'ਹਰਿ ਕੋ ਨਾਮੁ ਜਪਤ'। ਲੱਖਾਂ ਕ੍ਰੋੜਾਂ ਕਮਾਈ ਟੁਰੀ ਜਾਓ ਕਦੇ ਸੋਚ ਤੱਕ ਨਹੀਂ ਆਏਗੀ ਕਿ ਜ਼ਰਾ ਕੁ ਰੁਕਾਂ ਵੀ। ਇਹ ਰੁਕ ਕੇ ਨ ਦੇਖਣਾ ਹੀ ਕਾਰਨ ਹੈ ਦੁੱਖ ਦਾ। ਪਰ ਜੇ ਵਾਹਿਗੁਰੂ ਦੀ ਹਜ਼ੂਰੀ ਦੀ ਚਾਹਨਾ ਹੈ ਤਾਂ ਮਨ ਥੰਮ ਜਾਏਗਾ, ਰੋਕ ਲੱਗ ਜਾਏਗੀ। ਖ਼ਾਹਿਸ਼ਾਂ ਦੇ ਸਮੁੰਦਰ ਨੂੰ ਅਬੂਰ (ਨਿਸਤਰੇ) ਕਰ ਲਵੇਗਾ। ਮਾਇਆ ਦੇ ਕਲੋਲਾਂ ਨਾਲ ਕਦੇ ਕਿਸੇ ਦੀ ਤ੍ਰੇਹ ਨਹੀਂ ਮਿਟੀ ਪਰ ਵਾਹਿਗੁਰੂ ਦੀ ਹਜ਼ੂਰੀ ਵਿਚ ਗਇਆਂ ਹੀ ਰੱਜ ਹੋ ਜਾਂਦਾ ਹੈ। ਮਾਇਆ ਦੇ ਮਾਰਗ ਤੇ ਟੁਰਦਿਆਂ ਛੇਤੀ ਹੀ ਦੇਖ ਲਵੇਂਗਾ ਕਿ ਕੋਈ ਵੀ ਸਾਥ ਦੇਣ ਜੋਗਾ ਨਹੀਂ ਪਰ ਸਿਮਰਨ ਕਰ ਕੇ ਵਾਹਿਗੁਰੂ ਦੀ ਹਜ਼ੂਰੀ ਪਾ ਲਈ ਤਾਂ ਜੀਵਨ ਪੰਧ ਸੁਖਾਲਾ ਕੱਟਿਆ ਜਾਏਗਾ। ਸੋ ਇਹ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਕਦੇ ਨ ਖੁੱਸੇ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੇ ਗੁਰ-ਸ਼ਬਦ ਰਾਹੀਂ ਪ੍ਰਭੂ ਦੇ ਗੁਣ ਗਾਂਦੇ ਰਹੀਏ ਤਾਂ ਹਜ਼ੂਰੀ ਗਵਾਚਣੀ ਤਾਂ ਇਕ ਪਾਸੇ ਸਗੋਂ ਉਹ ਮੰਜ਼ਿਲ ਵੀ ਮਿਲ ਜਾਂਦੀ ਹੈ ਜਿੱਥੇ ਪੂਰਨ ਟਿਕਾਉ ਹੈ। **'ਪਰਮ ਗਤਿ ਪਾਈਐ'**। ੨।

**ਸ਼ਬਦ ਭਾਵ :**

**ਸਗਲ ਸ੍ਰਿਸਟਿ** : ਸਾਰਾ ਜਹਾਨ। (Entire creation)
**ਬੰਧੁ ਨ** : ਰੋਕ ਨਹੀਂ। (Restraint)
**ਨਿਸਤਰੈ** : ਅਬੂਰ ਕਰਨਾ। (Overcome)
**ਰੰਗ** : ਤਮਾਸ਼ਾ। ਕਲੋਲਾਂ। (Mirth)


www.sikhbookclub.com

**ਤ੍ਰਿਖ** : ਤ੍ਰੇਹਾਂ। ਖ਼ਾਹਿਸ਼ਾਂ ਦੀ ਪਿਆਸ। ਇਹ ਐਸੀ ਮੁੱਢਲੀ ਤ੍ਰੇਹ ਹੈ ਜਿਥੋਂ ਸਭ ਖ਼ਾਹਿਸ਼ਾਂ ਜਨਮ ਲੈਂਦੀਆਂ ਹਨ ਤੇ ਫਿਰ ਮਾਯੂਸੀਆਂ ਘੇਰ ਲੈਂਦੀਆਂ ਹਨ ਤੇ ਨ ਮੁਕਣ ਵਾਲੀਆਂ ਚਾਹਾਂ ਦਾ ਸਿਲਸਿਲਾ ਟੁਰੀ ਹੀ ਜਾਂਦਾ ਹੈ। (Basic thirst)

**ਆਘਾਵੈ** : ਰੱਜ (Slaked)

**ਇਕੇਲਾ** : ਜੋ ਇਕੱਲ ਦਾ ਦੁੱਖ ਹੁੰਦਾ ਹੈ ਉਸ ਨੂੰ ਉਹ ਹੀ ਜਾਣਦਾ ਹੈ ਜਿਸ ਨੂੰ ਕਦੀ ਇਕੱਲ ਝੱਲਣੀ ਪਵੇ। ਤਨਹਾਈ ਖ਼ੂੰਖਾਰ ਹੁੰਦੀ ਹੈ। ਇਸ ਦੇ ਟਾਕਰੇ 'ਇਕਾਂਤ' ਹੈ ਜੋ ਪ੍ਰਭੂ ਦੀ ਹਜ਼ੂਰੀ ਪਾਇਆਂ ਮਿਲਦੀ ਹੈ।

**ਸੁਹੇਲਾ** : ਆਰਾਮਦੇਹ। (Ease Conferring)

**ਧਿਆਈਐ** : ਚਿਤਵਨੀ, ਅਨੁਭਵ, ਸੋਚ ਤੇ ਚਿੰਤਨ ਦੇ ਸਾਰੇ ਭਾਵਾਂ ਵਿਚ ਆਉਂਦਾ ਹੈ। (Perceive, Desire and Reflect). ੨.

## ਤੀਜੀ ਪਉੜੀ

**ਛੂਟਤ ਨਹੀ ਕੋਟਿ ਲਖ ਬਾਹੀ ॥**
**ਨਾਮੁ ਜਪਤ ਤਹ ਪਾਰਿ ਪਰਾਹੀ ॥**
**ਅਨਿਕ ਬਿਘਨ ਜਹ ਆਇ ਸੰਘਾਰੈ ॥**
**ਹਰਿ ਕਾ ਨਾਮੁ ਤਤਕਾਲ ਉਧਾਰੈ ॥**
**ਅਨਿਕ ਜੋਨਿ ਜਨਮੈ ਮਰਿ ਜਾਮ ॥**
**ਨਾਮੁ ਜਪਤ ਪਾਵੈ ਬਿਸ੍ਰਾਮ ॥**
**ਹਉ ਮੈਲਾ ਮਲੁ ਕਬਹੁ ਨ ਧੋਵੈ ॥**
**ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥**
**ਐਸਾ ਨਾਮੁ ਜਪਹੁ ਮਨ ਰੰਗਿ ॥**
**ਨਾਨਕ ਪਾਈਐ ਸਾਧ ਕੈ ਸੰਗਿ ॥੩॥**

**ਵਿਸਥਾਰ**

ਮਨ ਦੀ ਪਕੜ, ਲੱਖਾਂ ਚਾਰੇ ਕਰੇ, ਕਈ ਪ੍ਰਕਾਰ ਦੇ ਸਾਧਨ ਵਰਤਾਏ, ਅਨੇਕਾਂ ਮਦਦਗਾਰ ਸਹਾਇਤਾ ਲਈ ਖੜ੍ਹਾ ਕਰੇ, ਹਟ ਨਹੀਂ ਸਕਦੀ ਪਰ ਜੇ ਵਾਹਿਗੁਰੂ ਦੀ ਹਜ਼ੂਰੀ ਲਈ ਤੜਪ ਉਠ ਖੜੋਤੀ ਹੈ ਤਾਂ ਪਕੜ ਮੁੱਕ ਜਾਏਗੀ ਅਤੇ ਸੰਸਾਰ ਸਾਗਰ ਸਹਿਲੇ ਤਰਿਆ ਜਾ ਸਕੇਗਾ। ਬੇਸ਼ੁਮਾਰ ਔਕੜਾਂ ਜੋ ਇਕੋ ਵਾਰ ਇਕੱਠੀਆਂ ਹੋ ਬੰਦੇ ਨੂੰ ਦਲ ਦੇਣ ਲਈ ਘੇਰ ਲੈਣ ਪਰ ਸਾਰੀਆਂ ਉਸੇ ਵੇਲੇ ਰਾਹ ਛੱਡ ਹਟ ਜਾਣਗੀਆਂ ਜੇ ਵਾਹਿਗੁਰੂ ਦੀ ਹਜ਼ੂਰੀ ਲਈ ਅੰਦਰੋਂ ਤਰਲਾ ਪੈਣਾ ਅਰੰਭ ਹੋ ਗਿਆ। ਜਨਮ ਮਰਨ ਦਾ ਨਾ ਮੁੱਕਣ ਵਾਲਾ ਗੇੜ ਜੋ ਟੁੱਟਦਾ ਨਹੀਂ ਦਿਸਦਾ, ਵਾਰ ਵਾਰ ਜੰਮਦਾ, ਮਰਦਾ ਤੇ ਫਿਰ ਜੰਮ ਰਹਿਆ ਹੈ ਪਰ ਵਾਹਿਗੁਰੂ ਦੀ ਹਜ਼ੂਰੀ ਪਾਉਂਦੇ ਹੀ ਇਹ ਗੇੜ ਟੁੱਟ ਜਾਏਗਾ ਤੇ ਸਦੀਵੀ ਭਟਕਣਾ ਮੁੱਕ ਜਾਵੇਗੀ। ਪਾਪ ਕਰਨ ਦਾ ਜੋ ਸੁਭਾਉ ਹੀ ਬਣ ਗਿਆ ਹੈ ਅਤੇ ਇਸ ਨੂੰ ਹਟਾਉਣ ਦਾ ਚਿੱਤ ਤੱਕ ਨਹੀਂ ਆਇਆ, ਆਪਣੀ ਮੰਦੀ ਹਉਂ ਵਿਚ ਹੀ ਪੈ ਸੜ ਖੱਪ ਰਹਿਆ ਹੈ ਪਰ ਜੇ


www.sikhbookclub.com

ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਕਰਨ ਦੇ ਰਾਹ ਟੁਰ ਪਿਆ ਹੈ ਤਾਂ ਕਰੋੜਾਂ ਪਾਪ ਜੋ ਸੁਭਾਅ ਬਣ ਜਾਣ ਕਰਕੇ ਪਿੱਛਾ ਨਹੀਂ ਸਨ ਛੱਡਦੇ, ਹਟਦਿਆਂ ਦੇਰ ਨਹੀਂ ਲਗੇਗੀ। ਸਾਰਾ ਜੀਵਨ ਹੀ ਸਵੱਛ ਹੋ ਜਾਏਗਾ। ਬਣਿਆ ਸੁਭਾਅ ਕਦੇ ਆਪਣੇ ਆਪ ਨਹੀਂ ਹਟਦਾ ਤੇ ਨਾ ਹੀ ਹਉਮੈ ਦੀ ਮੈਲ ਆਪਣੇ ਜਤਨਾਂ ਨਾਲ ਛੁੱਟਦੀ ਹੈ। 'ਹਉ ਮੈਲਾ ਮਲੁ ਕਬਹੂ ਨ ਧੋਵੈ।' ਐਸਾ ਨਾਦਰ, ਦੁਰਲੱਭ ਨਾਮ ਪਿਆਰ ਨਾਲ ਜਪਿਆਂ ਹਉਂ ਦੀ ਮੈਲ ਹਟ ਕੇ ਨਿਰ-ਸੁਆਰਥ ਹੋ ਜਾਈਦਾ ਹੈ ਪਰ ਇਹ ਹਉਂ ਰਹਿਤ ਜੀਵਨ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ, ਮਿਲੇਗਾ ਕੇਵਲ ਪੁੱਗਿਆਂ ਪੁੱਜਿਆਂ ਦੀ ਸੰਗਤ ਕਰਕੇ ਹੀ।੩।

**ਸ਼ਬਦ ਭਾਵ :**

**ਬਾਹੀ** : ਬਾਹਾਂ। ਹੀਲੇ। ਚਾਰੇ। ਸਾਧਨ। ਬਹਾਨੇ। ਹਿਕਮਤਾਂ। ਮਦਦਗਾਰ। (Contrivances)

**ਪਾਰਿ ਪਰਾਹੀ** : ਪਾਰਲਾ ਕਿਨਾਰਾ। ਮੰਜ਼ਲ।

**ਬਿਘਨ** : ਅੜਿਚਣਾਂ। ਦਿਸਦੀਆਂ ਤੇ ਅਦਿਸਦੀਆਂ ਰੁਕਾਵਟਾਂ। (Consternations)

**ਸੰਘਾਰੈ** : ਮਿੱਧ ਦੇਣਾ। ਢਾਲ ਦੇਣਾ। (Crush)

**ਤਤਕਾਲ** : ਉਸੇ ਵੇਲੇ। ਫੱਟ।

**ਜੋਨਿ** : ਕੁੱਖ ਵਿਚੋਂ ਪੈਦਾ ਹੋਣਾ।

**ਜਾਮ** : ਫਿਰ ਜੰਮਦਾ ਹੈ। (Birth Again)

**ਹਉ ਮੈਲਾ** : ਪਾਪ ਕਰਨ ਦਾ ਬਣਿਆ ਪੱਕਾ ਸੁਭਾਅ। ਹਉਂ ਹੀ ਪਾਪ ਦੀ ਮੈਲ ਹੈ। (Sin in Nature)

**ਮਲੁ ਕਬਹ ਨ ਧੋਵੈ** : ਹਉਂ ਦੀ ਮੈਲ ਨੂੰ ਹਉਂ ਨਹੀਂ ਧੋ ਸਕਦੀ।

**ਐਸਾ** : ਦੁਰਲੱਭ। ਨਾਦਰ। (Thing of Rarest Excellence)

**ਮਨਿ ਰੰਗਿ** : ਨਿਰੋ ਪਿਆਰ ਵਿਚ। ਨਿਰ-ਸੁਆਰਥ ਹੋ ਕੇ।੩।

## ਚੌਥੀ ਪਉੜੀ

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥

 www.sikhbookclub.com

ਜਹ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

**ਵਿਸਥਾਰ**

ਜੀਵਨ ਅਤੇ ਜੀਵਨ ਤੋਂ ਪਿੱਛੋਂ ਦੇ ਜਿਸ ਲੰਮੇ ਪੈਂਡੇ ਦੀ ਕੋਈ ਪੈਮਾਇਸ਼ ਨਹੀਂ ਕਰ ਸਕਦਾ ਜਿਸਨੂੰ ਕਹਿੰਦੇ ਹਨ ਕਿ ਕਟਣਾ ਬੜਾ ਔਖਾ ਹੁੰਦਾ ਹੈ, ਉਹ ਸਹਿਲੇ ਕਟਿਆ ਜਾ ਸਕਦਾ ਹੈ ਜੇ ਜੀਵਨ ਵਿਚ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿ ਕੇ ਯਕੀਨ ਦਾ ਸਫ਼ਰ-ਖਰਚ ਇਕੱਠਾ ਕੀਤਾ ਹੈ। ਯਕੀਨ ਇਹ ਹੈ ਕਿ ਵਾਹਿਗੁਰੂ ਆਂਚ ਨਹੀਂ ਲੱਗਣ ਦੇਵੇਗਾ। ਹਰ ਬਾਬ ਰਖਿਆ ਕਰੇਗਾ। ਜਿਸ ਪੈਂਡੇ ਵਿਕਾਰਾਂ ਦੇ ਕਾਰਨ ਘੁੱਪ ਹਨੇਰਾ ਛਾ ਜਾਣ ਕਰਕੇ ਠੇਡੇ ਹੀ ਠੇਡੇ ਲਗਦੇ ਹਨ ਪਰ ਜੇ ਪ੍ਰਭੂ ਦੀ ਹਜ਼ੂਰੀ ਦਾ ਚਾਨਣ ਪਾ ਲਿਆ ਤਾਂ ਕਦੇ ਠੇਡਾ ਨਹੀਂ ਲਗੇਗਾ। ਦੇਖ ਲਵੀਂ, ਜੀਵਨ ਦੇ ਸਫ਼ਰ ਵਿਚ ਐਸਾ ਸਮਾਂ ਵੀ ਆਵੇਗਾ ਕਿ ਜਿਸ ਵੇਲੇ ਤੇਰੇ ਨਾਲ ਕੋਈ ਕੂਣ ਵਾਲਾ ਵੀ ਨਹੀਂ ਹੋਣ ਲੱਗਾ, ਤੂੰ ਬੇਸ਼ਕ ਵਾਜਾਂ ਤੇ ਵਾਜਾਂ ਮਾਰੀਂ ਪਰ ਕੋਈ ਸਿਞਾਨੇਗਾ ਵੀ ਨਹੀਂ। ਇਕੱਲਾ ਹੀ ਕੂਕ ਪੁਕਾਰ ਕਰੀ ਜਾਏਂਗਾ ਪਰ ਜੇ ਵਾਹਿਗੁਰੂ ਦੀ ਹਜ਼ੂਰੀ ਸਿਮਰਨ ਕਰ ਕੇ ਤੂੰ ਪਾ ਲਈ ਹੈ ਤਾਂ ਉਹ ਰਾਹਨੁਮਾ ਹੋ ਤੇਰੀ ਰਾਹਬਰੀ ਕਰੇਗਾ।

ਇਸ ਲੰਮੇ ਸਫ਼ਰ ਵਿਚ ਵਿਕਾਰ ਇਤਨੀ ਤੱਪਸ਼ ਤੇ ਹੁੱਸੜ ਪੈਦਾ ਕਰਨਗੇ ਕਿ ਸਾਹ ਲੈਣਾ ਵੀ ਔਖਾ ਹੋ ਜਾਏਗਾ, ਉਸ ਸਮੇਂ ਸੁਆਸ ਸੁਆਸ ਕੀਤਾ ਸਿਮਰਨ ਹੀ ਠੰਢ ਵਰਤਾਏਗਾ। ਜੀਵਨ ਦੇ ਲੰਮੇ ਸਫ਼ਰ ਵਿਚ ਤ੍ਰਿਸ਼ਨਾ ਐਸੀ ਪਿਆਸ ਲਗਾਈ ਰਖਦੀ ਹੈ ਕਿ ਬੁੱਝਣ ਵਿਚ ਵੀ ਨਹੀਂ ਆਂਦੀ ਪਰ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਫ਼ਰਮਾਂਦੇ ਹਨ ਕਿ ਸਿਮਰਨ ਕਰਦਿਆਂ ਐਸੇ ਰਸ ਭਿੰਨੇ ਮੀਂਹ ਦੀ ਝੜੀ ਲਗ ਜਾਏਗੀ ਕਿ ਤ੍ਰਿਸ਼ਨਾ ਦੀ ਤ੍ਰੇਹ ਸਦਾ ਲਈ ਮਿਟ ਜਾਵੇਗੀ। ੪।

**ਸ਼ਬਦ ਭਾਵ :**

**ਮਾਰਗੁ** : ਜੀਵਨ ਅਤੇ ਜੀਵਨ ਪਿਛੋਂ ਦਾ ਲੰਮਾ ਪੈਂਡਾ ਜੋ ਕਟਣਾ ਬੜਾ ਔਖਾ ਹੁੰਦਾ ਹੈ।

**ਕੋਸਾ** : ਕੋਹ ਸਵਾ ਮੀਲ ਦਾ ਹੁੰਦਾ ਹੈ।

**ਤੋਸਾ** : ਰਾਹ ਦਾ ਖ਼ਰਚ-ਪੱਠਾ। ਪੁਰਾਣੇ ਵਕਤਾਂ ਰਾਹ ਲਈ ਐਸਾ ਖਾਣਾ ਘੀ-ਸ਼ੱਕਰ ਪਾ ਤਿਆਰ ਕਰ ਲੈਂਦੇ ਸਨ ਕਿ ਕਾਫੀ ਦੇਰ ਤੱਕ ਖ਼ਰਾਬ ਨਹੀਂ ਸੀ ਹੁੰਦਾ।

**ਅੰਧ ਗੁਬਾਰਾ** : ਘੁੱਪ ਅਨ੍ਹੇਰਾ। **(Utter Darkness)**

**ਪਛਾਨੂ** : ਰਾਹਨੁਮਾ। ਰਾਹਬਰ। **(Guide)**

**ਘਾਮ** : ਹੁੱਸੜ। ਗਲ ਘੋਟੂ। **(Muggy)**

**ਛਾਮ** : ਛਾਂ।

**ਤ੍ਰਿਖਾ** : ਤ੍ਰੇਹ, ਤ੍ਰਿਸ਼ਨਾ ਦੀ।

**ਆਕਰਖੈ** : ਸਤਾਏ। **(Tear)**

**ਹਰਿ ਹਰਿ** : ਵਾਹਿਗੁਰੂ ਵਾਹਿਗੁਰੂ ਸਿਮਰਨਾ। ੪।

 www.sikhbookclub.com

## ਪੰਜਵੀਂ ਪਉੜੀ

ਭਗਤ ਜਨਾ ਕੀ ਬਰਤਨਿ ਨਾਮੁ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥
ਹਰਿ ਕਾ ਨਾਮੁ ਦਾਸ ਕੀ ਓਟ ॥
ਹਰਿ ਕੈ ਨਾਮਿ ਉਧਰੇ ਜਨ ਕੋਟਿ ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥
ਹਰਿ ਹਰਿ ਅਉਖਧੁ ਸਾਧ ਕਮਾਤਿ ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥
ਪਾਰਬ੍ਰਹਮਿ ਜਨ ਕੀਨੋ ਦਾਨ ॥
ਮਨ ਤਨੁ ਰੰਗਿ ਰਤੇ ਰੰਗ ਏਕੈ ॥
ਨਾਨਕ ਜਨ ਕੈ ਬਿਰਤਿ ਬਿਬੇਕੈ ॥ ੫ ॥

**ਵਿਸਥਾਰ**

ਜੋ ਪੁਰਸ਼ ਇਹ ਜਾਣ ਜਾਂਦੇ ਹਨ ਕਿ ਵਾਹਿਗੁਰੂ ਨੇ ਉਨ੍ਹਾਂ ਨੂੰ ਕੋਈ ਉਚੇਰਾ ਕੰਮ ਸੌਂਪ ਜਗਤ ਤੇ ਭੇਜਿਆ ਹੈ, ਉਨ੍ਹਾਂ (ਭਗਤ ਜਨਾਂ) ਦਾ ਜੀਵਨ ਵਰਤਾਰਾ (ਬਰਤਨਿ) ਆਪ ਹੁਦਰਾ ਨ ਹੋ ਕੇ ਵਾਹਿਗੁਰੂ ਦੀ ਹਜ਼ੂਰੀ ਦੇ ਪ੍ਰਕਾਸ਼ ਵਿਚ ਹੁੰਦਾ ਹੈ। ਜਿਨ੍ਹਾਂ ਇਸ ਤੱਤ ਨੂੰ ਪਛਾਣ ਲਿਆ, ਉਨ੍ਹਾਂ (ਸੰਤ ਜਨਾਂ) ਦਾ ਮਨ ਕਦੇ ਖਿੰਡਾਉ ਵਿਚ ਨਹੀਂ ਹੁੰਦਾ। ਪੂਰੇ ਟਿਕਾਉ ਵਿਚ ਸਦਾ ਰਹਿੰਦੇ ਹਨ। ਜੋ ਉਸ ਦੇ ਹੋ ਗਏ, ਉਨ੍ਹਾਂ ਦਾ ਸਹਾਰਾ ਕੇਵਲ ਨਾਮ ਹੈ। ਅਨੇਕਾਂ ਹੀ ਆਪ ਹੁਦਰਾਪਣ ਛੱਡ, ਉਸ ਦੇ ਪ੍ਰਕਾਸ਼ ਵਿਚ ਟੁਰ, ਤਰ ਗਏ। **ਬਸ ਸੰਤ ਉਹ ਹੀ ਹੈ ਜੋ ਆਪਾ ਭੁਲਾ ਪਰ ਚੇਤੰਨ ਰਹਿ ਉਸ ਦੀ ਹਜ਼ੂਰੀ ਮਾਣਦਾ ਹੈ।** 'ਹਰਿ ਜਸੁ ਕਰਤ ਸੰਤ ਦਿਨ ਰਾਤਿ'। ਜੋ ਮੰਜ਼ਲ ਵਲ ਤੁਰ ਪਏ, ਉਹ (ਸਾਧੂ) ਆਪਾ ਮਾਰਨ ਲਈ, ਸਿਵਾਇ ਨਾਮ ਦੀ ਚਾਨਣ ਵਾਲੀ ਬੂਟੀ (ਅਉਖਧੁ) ਤੋਂ ਹੋਰ ਕੋਈ ਦਵਾ ਨਹੀਂ ਵਰਤਦੇ। ਜੋ ਉਸ ਦੇ ਹੋ ਗਏ ਹਨ, ਉਨ੍ਹਾਂ ਪਾਸ ਅਥਾਹ ਨਿਰਾਲੀ ਹੋਸ਼ਾਂ ਵਾਲੀ ਮਸਤੀ ਹੁੰਦੀ ਹੈ। ਇਹ ਦਾਤ ਉਨ੍ਹਾਂ ਆਪਣੇ ਤਪ ਤਰੱਦਦ ਨਾਲ ਨਹੀਂ ਪਾਈ ਹੁੰਦੀ ਸਗੋਂ ਦਾਤ ਵਜੋਂ ਪ੍ਰਭੂ ਪਾਸੋਂ ਮਿਲੀ ਹੁੰਦੀ ਹੈ। ਉਨ੍ਹਾਂ ਦਾ ਜਾਨ ਜਿਸਮ ਤਾਂ ਇਕ ਐਸੇ ਵਿਸਮਾਦੀ ਰੰਗ ਵਿਚ ਰੰਗਿਆ ਜਾਂਦਾ ਹੈ ਕਿ ਵਾਹਿਗੁਰੂ ਦਾ ਪਿਆਰ (ਰੰਗ ਏਕੈ) ਕਦੀ ਮੱਠਾ ਨਹੀਂ ਪੈਂਦਾ। ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਨ੍ਹਾਂ ਸਾਧੂਆਂ ਦੀ ਇਸ (ਰੰਗ ਏਕੈ) ਸਦਕਾ ਬਿਰਤੀ ਐਸੀ ਹੋ ਜਾਂਦੀ ਹੈ ਕਿ ਮਾੜਾ ਚੰਗਾ ਤੁਰਤ ਪਛਾਣ ਲੈਂਦੀ ਹੈ। ਦੁਬਿਧਾ (ਬਿਬ) ਮੁੱਕ ਜਾਂਦੀ ਹੈ ਤੇ ਨਿਰੋਲ (ਇਕ) ਦਾ ਧਾਰਨੀ ਹੋ ਜਾਂਦਾ ਹੈ। ਨਿਵਾਨ ਵਲ ਕਦੇ ਬਿਰਤੀ ਜਾਂਦੀ ਹੀ ਨਹੀਂ। ੫।

**ਸ਼ਬਦ ਭਾਵ :**

ਭਗਤ : ਲਗਿਆ ਹੋਆ। ਜੋ ਕਿਸੇ ਉਚੇਰੇ ਸੌਂਪੇ (Assigned) ਕਾਰਜ ਨੂੰ ਨਿਭਾ ਰਹਿਆ ਹੋਵੇ।

ਸਾਧ : ਜੋ ਮਿੱਥੇ ਨਿਸ਼ਾਨੇ ਵੱਲ ਨਿਝਕ ਹੋ ਤੁਰਦਾ ਜਾਏ।


www.sikhbookclub.com

ਸੰਤ : ਜੋ ਜੀਵਨ-ਤੱਤ ਨੂੰ ਸਮਝ ਲਵੇ ।

ਜਨ : ਜਿਸ ਆਪਾ ਮੁਕੰਮਲ ਤੌਰ ਤੇ ਗਵਾ ਲਿਆ ਹੋਵੇ ।

ਬਰਤਨਿ : ਵਰਤਾਰਾ ।

ਹਰ ਜਸ ਕਰਤ

ਦਿਨੁ ਰਾਤਿ : ਜੋ ਵਾਹਿਗੁਰੂ ਦੀ ਹਜ਼ੂਰੀ ਮਾਣਦਾ ਸੁਚੇਤ ਚੇਤੰਨ ਹੈ ।

ਅਉਖਧੁ : ਚਾਨਣ ਵਾਲੀ ਬੂਟੀ । ਜੀਵਨ-ਦਾਤੀ । (Light containing herb)

ਰੰਗਿ ਰਤੇ : ਕਿਸੇ ਅਗੰਮੀ ਸਵਾਦ ਵਿਚ ਮਸਤ । (Pleasant stir)

ਬਿਰਤਿ : ਕ੍ਰਿਆਸ਼ੀਲ ਮਨ । (Mind in its functional aspect)

ਬਿਬੇਕ : ਮਾੜੇ ਚੰਗੇ ਦੀ ਪਰਖ ਦਾ ਸੁਤੇ ਸਿਧ ਮਾਲਕ ਹੋ ਜਾਣਾ । ਦੋ (ਬਿਬ) ਖ਼ਿਆਲਾਂ ਦਾ ਮੁੱਕ ਏਕ ਦਾ ਵਿਚਾਰ ਉਪਜ ਪੈਣਾ । (Right judgement). ਪ.

## ਛੇਵੀਂ ਪਉੜੀ

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥
ਹਰਿ ਕਾ ਨਾਮ ਜਨ ਕਾ ਰੂਪ ਰੰਗੁ ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥
ਹਰਿ ਕਾ ਨਾਮੁ ਜਨ ਕੀ ਵਡਿਆਈ ॥
ਹਰਿ ਕੈ ਨਾਮਿ ਜਨ ਸੋਭਾ ਪਾਈ ॥
ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥
ਹਰਿ ਨਾਮ ਜਪਤ ਕਛੁ ਨਾਹਿ ਬਿਓਗੁ ॥
ਜਨੁ ਰਾਤਾ ਹਰਿ ਨਾਮ ਕੀ ਸੇਵਾ ॥
ਨਾਨਕ ਪੂਜੈ ਹਰਿ ਹਰਿ ਦੇਵਾ ॥ ੬ ॥

**ਵਿਸਥਾਰ**

ਜੋ ਉਸ ਦੇ ਹੋ ਗਏ ਉਹ (ਜਨ) ਪ੍ਰਭੂ ਦੀ ਪ੍ਰਾਪਤ ਹਜ਼ੂਰੀ ਦੇ ਚਾਨਣ ਰਾਹੀਂ (ਜੁਗਤਿ) ਹੀ ਅਨੰਦਦਾਤੀ ਮੰਜ਼ਲ (ਮੁਕਤਿ) ਨੂੰ ਜਾ ਹਾਸਲ ਕਰਦੇ ਹਨ। ਉਹ ਉਸ ਦੀ ਹਜ਼ੂਰੀ ਦਾ ਅਨੰਦ ਮਾਣ ਰੱਜੇ-ਰੱਜੇ ਰਹਿੰਦੇ ਹਨ। ਤ੍ਰਿਸ਼ਨਾ ਉਨ੍ਹਾਂ ਨੂੰ ਨਹੀਂ ਸਤਾਂਦੀ। ਉਨ੍ਹਾਂ ਨੂੰ ਰੂਪ ਹੀ ਹੋਰ ਚੜ੍ਹਿਆ ਰਹਿੰਦਾ ਹੈ। ਕਦੇ ਵੀ ਮਾਯੂਸੀ ਦਾ ਮੂੰਹ ਨਹੀਂ ਤੱਕਣਾ ਪੈਂਦਾ । ਰੁਕਾਵਟ ਆਂਦੀ ਹੀ ਨਹੀਂ । ਜੋ ਉਸ ਦਾ ਹੋ ਗਿਆ, ਉਹ ਆਪਣੀ ਵਡਿਆਈ ਇਸੇ ਵਿਚ ਜਾਣਦਾ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਰਵ੍ਹੇ ਕਿਉਂਕਿ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਪਦ, ਪਦਵੀ, ਪਦਾਰਥਾਂ ਕਰਕੇ ਮਿਲੀ ਸ਼ੁਹਰਤ ਛਿਨ ਭਰ ਲਈ ਹੈ ਤੇ ਜੋ ਸ਼ੋਭਾ ਨਾਮ ਜਪ ਪਾਈ ਹੈ, ਉਹ ਸਦੀਵੀ ਹੈ। ਜੋ ਉਸ ਦੇ ਹੋ ਗਏ ਉਨ੍ਹਾਂ ਨੂੰ ਇਤਨੀ ਸੋਝੀ ਹੋ ਜਾਂਦੀ ਹੈ ਕਿ ਦੁਨੀਆਂ ਦੇ ਨੇੜੇ (ਭੋਗ) ਕਿਤਨਾ ਰਹਿਣਾ ਹੈ ਤੇ ਦੂਰ (ਜੋਗੁ) ਕਿਤਨਾ ਹੋਣਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਕਦੀ ਵਿਛੋੜੇ ਦਾ ਦੁੱਖ ਸਤਾਂਦਾ ਹੀ ਨਹੀਂ । 'ਕਛੁ ਨਾਹਿ ਬਿਓਗੁ' ।

 www.sikhbookclub.com

ਜੋ ਉਸ ਦਾ ਹੋ ਗਿਆ ਉਹ ਪ੍ਰਭੂ ਦੀ ਯਾਦ ਦੇ ਸਵਾਦ ਵਿਚ ਮਸਤ ਹੋ ਗਿਆ । ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੇ ਸਿਵਾਇ ਵਾਹਿਗੁਰੂ ਦੇ ਜੋ ਸਭ ਦੇਵਾਂ ਦਾ ਦੇਵ (ਹਰਿ ਹਰਿ ਦੇਵਾ) ਹੈ, ਕਿਸੇ ਹੋਰ ਨੂੰ ਧਿਆਂਦੇ ਹੀ ਨਹੀਂ । ੬ ।

**ਸ਼ਬਦ ਭਾਵ :**

**ਮੁਕਤਿ** : ਉਹ ਅਨੰਦ-ਦਾਇਕ ਮੰਜ਼ਲ ਜਿਸ ਦੇ ਮਿਲਿਆਂ ਸਭ ਪਕੜਾਂ ਜਕੜਾਂ ਹਟ ਜਾਂਦੀਆਂ ਹਨ । (Emancipated final destination)

**ਜੁਗਤਿ** : ਵਸੀਲਾ (Know how)

**ਤ੍ਰਿਪਤਿ** : ਪੂਰਾ ਰੱਜ । (To one's satisfaction)

**ਰੂਪ ਰੰਗੁ** : ਬਹੁਤ ਸੁਹਣਾ ।

**ਭੰਗੁ** : ਅੜਿਕਾ । ਮਾਯੂਸੀ । (Break)

**ਭੋਗੁ** : ਜਗਤ ਦੀਆਂ ਸ਼ੈਆਂ ਦਾ ਰਸ ਮਾਣਨਾ ।

**ਜੋਗੁ** : ਮਨ ਨੂੰ ਦਿਸਦੇ ਜਗਤ ਤੋਂ ਉਪ੍ਰਾਮ ਕਰ ਲੈਣਾ ।

**ਬਿਓਗੁ** : ਵਿਛੋੜਾ ।

**ਸੇਵਾ** : ਨਜ਼ਦੀਕੀ ਪਾਉਣੀ । ਹਜ਼ੂਰੀ ਦਾ ਮਿਲ ਜਾਣਾ । ਧਿਆਉਣਾ । (Stay near, attend upon)

**ਹਰਿ ਹਰਿ ਦੇਵਾ** : ਦੇਵਾਂ ਦਾ ਦੇਵ । ਵਾਹਿਗੁਰੂ । ੬ ।

SIKHBOOKCLUB.COM

## ਸਤਵੀਂ ਪਉੜੀ

ਹਰਿ ਹਰਿ ਜਨ ਕੈ ਮਾਲੁ ਖਜੀਨਾ ॥
ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥
ਹਰਿ ਹਰਿ ਜਨ ਕੈ ਓਟ ਸਤਾਣੀ ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥
ਓਤਿ ਪੋਤਿ ਜਨ ਹਰਿ ਰਸਿ ਰਾਤੇ ॥
ਸੁੰਨ ਸਮਾਧਿ ਨਾਮ ਰਸ ਮਾਤੇ ॥
ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥
ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
ਨਾਨਕ ਜਨ ਸੰਗਿ ਕੇਤੇ ਤਰੇ ॥ ੭ ॥

**ਵਿਸਥਾਰ**

ਜੋ ਉਸ ਦੇ ਹੋ ਗਏ ਉਨ੍ਹਾਂ ਲਈ ਵਾਹਿਗੁਰੂ ਹੀ ਦੌਲਤ ਦਾ ਭੰਡਾਰ ਹੈ । ਇਹ 'ਮਾਲੁ ਖਜੀਨਾ' ਕਿਸੇ ਤਪ, ਤਰੱਦਦ ਦਾ ਸਿੱਟਾ ਨਹੀਂ ਵਾਹਿਗੁਰੂ ਨੇ ਮਿਹਰ ਕਰ ਕੇ ਦਿੱਤਾ ਹੈ । ਜੋ ਉਸ ਦੇ ਹੋ ਗਏ ਉਨ੍ਹਾਂ ਲਈ ਪੱਕੀ ਪਨਾਹ ਵਾਹਿਗੁਰੂ ਹੀ ਹੈ । ਐਸੀ ਪ੍ਰੱਖਤਾਈ ਆਤਮਾ ਨੂੰ ਮਿਲਦੀ ਹੈ ਕਿ ਉਸ

 www.sikhbookclub.com

ਦੀ ਚਮਕ ਅੱਗੇ ਕੋਈ ਟਿਕ ਨਹੀਂ ਸਕਦਾ। 'ਹਰਿ ਪਰਤਾਪੁ' ਪਾਇਆ ਜਨ ਕਿਸੇ ਨੂੰ ਅੱਖ ਤਲੇ ਲਿਆਉਂਦਾ ਹੀ ਨਹੀਂ। ਉਹ ਬੇ-ਪ੍ਰਵਾਹ ਹੋ ਜਾਂਦਾ ਹੈ। ਪੂਰੀ ਤਰ੍ਹਾਂ ਪ੍ਰਭੂ ਪ੍ਰਾਇਣ ਹੋਆ ਜੀਵ ਪੂਰੀ ਤਰ੍ਹਾਂ ਉਸ ਦੇ ਰਸ ਵਿਚ ਹੀ ਮਗਨ ਰਹਿੰਦਾ ਹੈ। ਹੋਰ ਜੀਭਾ ਦੇ ਰਸਾਂ ਤੇ ਕੋਮਲ ਰਸਾਂ ਨੂੰ ਵੀ ਤੁਛ ਜਾਣਦਾ ਹੈ। ਇਸ ਰਸ ਵਿਚ ਮਗਨ ਹੋਏ ਦੇ ਫੁਰਨੇ ਤੱਕ ਉਠਣੇ ਬੰਦ ਹੋ ਜਾਂਦੇ ਹਨ। ਐਸੇ ਟਿਕਾ ਵਿਚ ਹੁੰਦਾ ਹੈ ਏਕ ਰਸ ਮਗਨ ਹੋਣ ਵਾਲਾ ਕਿ ਕੋਈ ਬਾਹਰਲੀ ਸ਼ੈ ਉਸ ਨੂੰ ਹਿਲਾ ਤੱਕ ਨਹੀਂ ਸਕਦੀ। 'ਦਿਨ ਰਾਤ ਉਹ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿੰਦਾ ਹੈ। ਉਹ ਭਾਵੇਂ ਕਿਸੇ ਨੂੰ ਨਾ ਦੱਸੇ ਪਰ 'ਹਰਿ ਪਰਤਾਪੁ' ਕਾਰਨ, ਪੂਰਨ ਟਿਕਾਉ ਕਰਕੇ, ਰਸਾਂ ਕਸਾਂ ਤੋਂ ਉਤਾਂਹ ਹੋ ਜਾਣ ਅਤੇ ਪੂਰਨ ਇਕਾਗਰਤਾ ਕਰਕੇ ਉਸ ਦੀ ਝਾਲ ਨਹੀਂ ਝੱਲੀ ਜਾ ਸਕਦੀ। ਸੋ ਉਹ ਛੁਪ ਹੀ ਨਹੀਂ ਸਕਦਾ। ਉਹ ਪਾਈਆਂ ਸ਼ਕਤੀਆਂ ਨੂੰ ਕਿਸੇ ਨਿੱਜ ਲਈ ਨ ਵਰਤ, ਹੋਰਨਾਂ ਨੂੰ ਬੰਧਨਾਂ ਤੋਂ ਛੁੜਾ ਮੰਜ਼ਲ ਤੇ ਲੈ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਕ ਨਹੀਂ ਅਣਗਿਣਤ ਹੀ ਪ੍ਰਭੂ ਦੇ ਹੋ ਗਇਆਂ ਦੀ ਸੰਗਤ ਕਰ ਤਰ ਗਏ। ੭।

**ਸ਼ਬਦ ਭਾਵ :**

**ਮਾਲੁ ਖਜੀਨਾ** : ਦੌਲਤ ਦੇ ਭੰਡਾਰ। (Wealth and treasure)

**ਓਟ** : ਸਹਾਰਾ। ਪਨਾਹ। ਰੱਖ। (Shelter)

**ਸਤਾਣੀ** : ਦ੍ਰਿੜ੍ਹ। ਮਜ਼ਬੂਤ। (Mighty)

**ਪਰਤਾਪਿ** : ਸ਼ਾਨ। ਚਮਕ ਦਮਕ। (Splendour, Glory)

**ਓਤਿ ਪੋਤਿ** : ਪੂਰੀ ਤਰ੍ਹਾਂ। ਤਾਣੇ ਪੇਟੇ ਵਾਂਗ ਗੁੰਦਿਆ ਹੋਇਆ।

**ਰਸ** : ਛੇ ਮੰਨੇ ਜਾਂਦੇ ਹਨ। ਮਿੱਠਾ, ਖੱਟਾ, ਲੂਣਾ, ਕਉੜਾ, ਤਿੱਖਾ ਤੇ ਜ਼ਹਿਰੀਲਾ। ਕੋਮਲ ਰਸ ਨੌਂ ਕਹੇ ਜਾਂਦੇ ਹਨ। ਸ਼ਿੰਗਾਰ, ਵੀਰ, ਹਾਸ, ਰੌਦਰ (Fury) ਬਿਭੀਤਸ (Disgust), ਭਿਆਨ (ਤ੍ਰਾਹ ਕਢਣ ਵਾਲਾ), ਕਰੁਣਾ (Pity) ਅਦਭੁਤ ਅਤੇ ਸ਼ਾਂਤ। ਨਾਮ ਦਾ ਰਸ ਇਨ੍ਹਾਂ ਪੰਦਰਾਂ ਤੋਂ ਉੱਚਾ ਹੈ।

**ਸੁੰਨ ਸਮਾਧਿ** : ਐਸੀ ਅਵਸਥਾ, ਜਿਥੇ ਫੁਰਨੇ ਨਾ ਫੁਰਨ। ਮਨ ਚਲਾਇਮਾਨ ਨ ਰਵ੍ਹੇ। ਪੂਰਨ ਟਿਕਾਉ। ਬੋਧੀ 'ਸੁੰਨ', ਯੋਗੀ 'ਸਵੈਰੂਪ' ਪਰ ਨਾਮ ਰਸ ਪੀਣ ਵਾਲਾ ਉਸ ਦੀ ਹਜ਼ੂਰੀ ਵਿਚ ਪਹੁੰਚ ਜਾਂਦਾ ਹੈ ਜਿਥੇ ਖਿਆਲ ਨਹੀਂ ਉਠਦੇ। ੭।

## ਅਠਵੀਂ ਪਉੜੀ

ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥
ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥

 www.sikhbookclub.com

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥
ਨਾਮ ਤੁਲਿ ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥

**ਵਿਸਥਾਰ**

ਵਾਹਿਗੁਰੂ ਦੀ ਹਜ਼ੂਰੀ ਦਾ ਮਿਲ ਜਾਣਾ ਹੀ ਸਵਰਗੀ ਇੱਛਾ-ਪੂਰਕ ਰੁੱਖ (ਪਾਰਜਾਤ) ਦੀ ਛਾਂ ਮਾਨਣੀ ਹੈ। ਵਾਹਿਗੁਰੂ ਦੇ ਗੁਣ ਗਾਣੇ ਹੀ ਸਭ ਕੁਝ ਲਿਆ ਹਾਜ਼ਰ ਕਰਨ ਵਾਲੀ ਸਵਰਗੀ ਗਾਂ (ਕਾਮਧੇਨ) ਹੈ। ਸਭ ਤੋਂ ਚੰਗੀ ਵਾਰਤਾ ਵਾਹਿਗੁਰੂ ਦੇ ਪਰਉਪਕਾਰਾਂ ਨੂੰ ਯਾਦ ਕਰਨਾ ਹੈ ਕਿਉਂਕਿ ਵਾਹਿਗੁਰੂ ਦੇ ਪਰਉਪਕਾਰ ਸੁਣਦੇ ਹੀ ਨਿੱਕੇ-ਨਿੱਕੇ ਜੋ ਦੁੱਖ ਵਾਪਰਦੇ ਮਹਿਸੂਸ ਹੁੰਦੇ ਹਨ ਖਹਿੜਾ ਛੱਡ ਜਾਂਦੇ ਹਨ। ਕੋਈ ਪ੍ਰਭੂ ਦੇ ਪਰਉਪਕਾਰਾਂ ਦੀ ਸੂਚੀ ਤਾਂ ਬਣਾਏ, ਫਿਰ ਆਪਣੇ ਦੁੱਖਾਂ ਦਾ ਲੇਖਾ ਕਰੇ ਤਾਂ ਦੁੱਖ ਪ੍ਰਤੀਤ ਹੀ ਨਹੀਂ ਹੋਣਗੇ। ਸਾਧਾਰਨ ਹਿਰਦਾ ਤਾਂ ਆਪਣੀਆਂ ਲੋੜਾਂ ਦਾ ਹੀ ਮਾਰਿਆ ਹੁੰਦਾ ਹੈ ਉਹ ਉਸ ਦੇ ਗੁਣ ਗਾ ਹੀ ਨਹੀਂ ਸਕਦਾ। ਗੁਣ ਤਾਂ ਉਸ ਦੇ ਹਿਰਦੇ ਵਿਚੋਂ ਨਿਕਲਦੇ ਹਨ ਜਿਸ ਨੇ 'ਤਤ ਪਛਾਣ' ਲਿਆ ਹੁੰਦਾ ਹੈ। ਸੰਤ ਦਾ ਜਲੌ ਹੀ ਅਜਿਹਾ ਹੁੰਦਾ ਹੈ ਕਿ ਨ ਪਾਪ ਤੇ ਨ ਹੀ ਝੋਰੇ ਪਾਸ ਵੀ ਨਹੀਂ ਫਟਕ ਸਕਦੇ। ਐਸੇ ਤੱਤ ਵੇਤਿਆਂ ਦਾ ਤਾਂ ਸੰਗ ਹੀ ਬੜੇ ਭਾਗਾਂ ਨਾਲ ਮਿਲਦਾ ਹੈ। ਵਾਹਿਗੁਰੂ ਦੇ ਗੁਣਾਂ ਦਾ ਚਿੰਤਨ ਸੰਤ ਦੇ ਨੇੜੇ ਬੈਠਿਆਂ ਸਹਜੇ ਹੀ ਹੋ ਜਾਂਦਾ ਹੈ। ਸਮਝ ਲਵੋ ਕਿ ਵਾਹਿਗੁਰੂ ਦੀ ਹੋਂਦ ਹਿਰਦੇ ਹੋਣ ਦਾ ਅਹਿਸਾਸ ਅਤੇ ਫਿਰ ਉਸ ਦੇ ਹਿਰਦੇ ਪ੍ਰਕਾਸ਼ ਤੁਲ ਕੋਈ ਹੋਰ ਸ਼ੈ ਨਹੀਂ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਗੁਰੂ ਸ਼ਬਦ ਰਾਹੀਂ ਕੋਈ ਵਿਰਲਾ ਹੀ ਹੈ ਜੋ ਉਸ ਦੀ ਹਜ਼ੂਰੀ ਦਾ ਪ੍ਰਕਾਸ਼ ਹਿਰਦੇ ਦੇਖਦਾ ਹੈ। ਦੁਨੀਆਂ ਤਾਂ ਤਪ, ਤਰੱਦਦ, ਧਰਮਾਂ, ਕਰਮਾਂ ਵਿਚ ਹੀ ਪਈ ਹੋਈ ਹੈ। ੮। ੨।

**ਸ਼ਬਦ ਭਾਵ :**

**ਪਾਰਜਾਤ** : ਸਵਰਗ ਦੇ ਪੰਜ ਰੁੱਖਾਂ ਵਿਚ ਇਕ ਪਾਰਜਾਤ ਕਹਿਆ ਜਾਂਦਾ ਹੈ। ਇਸ ਦੇ ਹੇਠਾਂ ਬੈਠਿਆਂ ਜੋ ਇੱਛਾ ਕਰੀਏ ਪੂਰੀ ਹੋ ਜਾਂਦੀ ਹੈ।

**ਕਾਮ ਧੇਨ** : ਸਵਰਗੀ ਗਾਂ ਜਿਸ ਨੂੰ ਚੋਇਆਂ ਜੋ ਚਾਹੀਏ ਉਹ ਹਾਜ਼ਰ ਕਰ ਦੇਂਦੀ ਹੈ।

**ਗਾਮ** : ਕੀਰਤਨ ਕਰਨਾ।

**ਕਥਾ** : ਵਾਰਤਾ। ਸਾਖੀਆਂ।

**ਦੁਰਤੁ** : ਦੁਰ-ਅੰਤ। ਜਿਸ ਦਾ ਅੰਤ ਮਾੜਾ ਹੋਵੇ। ਝੋਰੇ। (Distress)

**ਧਿਆਈਐ** : ਚਿੰਤਨ ਕਰੀਏ। ਗੁਣਾਂ ਦਾ ਅਧਿਐਨ ਕਰੀਏ।

**ਤੁਲਿ** : ਬਰਾਬਰ।

**ਗੁਰਮੁਖਿ** : ਗੁਰੂ-ਸ਼ਬਦ ਰਾਹੀਂ। ੮। ੨।


www.sikhbookclub.com

## ਤੀਜੀ ਅਸ਼ਟਪਦੀ ।

*ਤੀਜੀ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਸ਼ਾਸਤ੍ਰਾਂ, ਸਿਮ੍ਰਤੀਆਂ ਤੇ ਹੋਰ ਰਚੀਆਂ ਪੁਸਤਕਾਂ ਵਿਚ ਸਾਰਾ ਜ਼ੋਰ ਸਰੀਰ ਸਾਧਨ, ਸਰੀਰ ਲਈ ਸਾਧਨ ਜੁਟਾਉਣ, ਸ਼ੋਭਾ ਲਈ ਪੁੰਨ ਦਾਨ ਕਰਨ ਅਤੇ ਆਪਣੀ ਹਉਂ ਨੂੰ ਇਤਨਾ ਉੱਚਾ ਲੈ ਜਾਣਾ ਕਿ ਲੋਕੀਂ ਪਏ ਵਾਹ ਵਾਹ ਕਰਨ ਤੋਂ ਸਿਵਾ ਕੁਝ ਨਹੀਂ। ਇਨ੍ਹਾਂ ਨੂੰ ਪੜ੍ਹਨ ਨਾਲ ਤਾਂ ਅੰਦਰਲਾ ਡਰ ਘਟਣ ਦੀ ਬਜਾਇ ਵਧਦਾ ਹੈ। ਪਕੜ ਹਟਣ ਦੀ ਥਾਂ ਜਕੜ ਪੀਡੀ ਹੁੰਦੀ ਹੈ।

ਸੋ ਰਾਹ ਹੈ ਪਹਿਲਾ ਸਾਧ ਸੰਗਤ, ਫਿਰ ਹਉਂ ਦਾ ਅਭਾਵ, ਅਤੇ ਇਹ ਦੇਖ ਲੈਣਾ ਕਿ ਸਾਰਿਆਂ ਦਾ ਮਾਲਕ ਉਹ ਵਾਹਿਗੁਰੂ ਹੈ। ਫਿਰ ਸੋਝੀ ਪੈਂਦੀ ਹੈ ਕਿ ਸਹੀ **ਧਰਮ ਹੈ :** ਨਿਰਮਲ ਕਰਮ। **ਕ੍ਰਿਆ ਹੈ :** ਸਾਧ ਸੰਗਤ ਕਰਨੀ। **ਉਦਮ** (ਇਸ਼ਨਾਨ ਆਦਿ) ਹੈ : ਉਸ ਦੀ ਯਾਦ ਨ ਵਿਸਰਨ ਦੇਣਾ। **ਬਾਣੀ** ਉਹ ਹੈ ਜਿਸ ਨੂੰ ਸੁਣਦੇ ਸਾਰ ਹੀ ਜ਼ਬਾਨ ਉਸਦੇ ਗੁਣ ਗਾਉਣ ਲੱਗ ਪਏ ਅਤੇ **ਥਾਂ** (ਤੀਰਥ, ਧਰਮ ਅਸਥਾਨ) ਉਹ ਹੈ ਜਿਥੇ ਹਿਰਦੇ ਵਿਚ ਹਜ਼ੂਰੀ ਦਾ ਪ੍ਰਕਾਸ਼ ਹੋ ਜਾਏ। ਅਰੰਭ ਵਿਚ ਕਿਹਾ ਸੀ ਕਿ ਲੋਕੀਂ ਧਰਮ ਸਮਝਦੇ ਹਨ, ਜਾਪ, ਤਾਪ ਗਿਆਨ ਤੇ ਜੋਗ ਅਭਿਆਸ। ਅਸੀਂ ਧਰਮ ਸਮਝਦੇ ਹਾਂ ਸਿਮਰਨ ਤੇ ਕਰਮ ਭਲਾ। ਲੋਕੀਂ ਕ੍ਰਿਆ ਗਿਣਦੇ ਹਨ—ਘਰ ਬਾਹਰ ਛੱਡ ਜਾਣਾ, ਅਸੀਂ ਕ੍ਰਿਆ ਸਾਧ ਸੰਗਤ ਕਰਨੀ ਸਮਝਦੇ ਹਾਂ। ਸਾਧ ਸੰਗਤ ਕਰਦਿਆਂ ਦੁਰਮਤਿ ਆਪੇ ਛੁੱਟ ਜਾਏਗੀ। ਲੋਕੀਂ ਜਤਨ ਦਾਨ, ਪੁੰਨ ਕਰਨਾ ਹੀ ਗਿਣਦੇ ਹਨ ਅਤੇ ਕਹਿੰਦੇ ਹਨ ਕਿ ਸਿੱਟੇ ਵਜੋਂ ਮਿਲੇਗਾ, ਸਰੀਰ ਦਾ ਨਿਸਲ ਹੋ ਜਾਣਾ। ਅਸੀਂ ਉੱਦਮ ਜਾਣਦੇ ਹਾਂ ਸਿਮਰਨ ਕਰ ਸਦਾ ਉਸ ਦੀ ਹਜ਼ੂਰੀ ਵਿਚ ਰਹਿਣਾ। ਲੋਕੀਂ ਵੇਦ ਪਾਠ ਕਰ ਲੈਣਾ, ਰਮਾਇਣ, ਮਹਾਂਭਾਰਤ ਸੁਣਨਾ, ਰਾਮ ਲੀਲਾ ਦੇਖਣੀ ਹੀ ਬਾਣੀ ਮੰਨਦੇ ਹਨ ਪਰ ਬਾਣੀ ਉਹ ਹੈ ਜਿਸ ਨੂੰ ਸੁਣਦੇ ਹੀ ਰਸਨਾ ਵਾਹਿਗੁਰੂ ਦੇ ਗੁਣ ਗਾਉਣ ਲੱਗ ਪਵੇ। ਲੋਕੀਂ ਤੀਰਥ ਤੇ ਜਾ ਇਸ਼ਨਾਨ ਕਰ ਆਉਣਾ ਹੀ ਵੱਡਾ ਕਾਰਜ ਮਿੱਥਦੇ ਹਨ ਪਰ ਪਾਵਨ ਤੀਰਥ ਉਹ ਹੀ ਹੈ ਜਿਸ ਹਿਰਦੇ ਨਾਮ ਵਸੇ।

### ਸਲੋਕੁ ॥

**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੧ ॥**

**ਵਿਸਥਾਰ**

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਖੋਜ ਘੋਖ ਕੇ ਸਭ ਸ਼ਾਸਤ੍ਰ (ਉਹ ਪੁਸਤਕਾਂ ਜੋ ਆਪਣਾ ਮੱਤ ਦ੍ਰਿੜ੍ਹਾ ਕੇ ਸਿਧਾਂਤ ਦਸਦੀਆਂ ਹਨ, ਸਿਖਿਆ ਦੇ ਕੇ ਅਗਵਾਈ ਕਰਦੀਆਂ ਹਨ), ਸਿਮ੍ਰਤੀਆਂ (ਦੈਵੀ ਪੁਸਤਕਾਂ ਜੋ ਕਰਮ ਦ੍ਰਿੜ੍ਹਾਂਦੀਆਂ ਹਨ) ਤੇ ਹੋਰ ਵੀ ਮਹਾਂ ਕਾਵਿ ਆਦਿ ਸਾਰੇ ਗ੍ਰੰਥ ਦੇਖ ਲਏ ਹਨ, ਇਹ ਤਾਂ ਸਿਮਰਨ (ਹਰਿ ਹਰੇ) ਦੀ ਵੀ ਬਰਾਬਰੀ ਨਹੀਂ ਕਰ ਸਕਦੀਆਂ। ਨਾਮ ਤਾਂ ਭਲਾ ਬਹੁਤ ਹੀ ਅਮੋਲਕ ਵਸਤੂ ਹੈ। ਨਾਮ ਦੀ ਪ੍ਰਾਪਤੀ ਇਨ੍ਹਾਂ ਕੀ ਕਰਵਾਉਣੀ ਹੈ। ੧।

**ਸ਼ਬਦ ਭਾਵ :**

**ਬਹੁ ਸਾਸਤ੍ਰ :** ਨਿਰੇ ਛੇ ਸ਼ਾਸਤ੍ਰ ਨਹੀਂ ਸਗੋਂ ਰਿਸ਼ੀਆਂ, ਮਹਾਤਮਾਵਾਂ, ਪੀਰਾਂ, ਪੈਗੰਬਰਾਂ ਦੀਆਂ ਰਚੀਆਂ ਸਭ ਪੁਸਤਕਾਂ ਜੋ ਆਪਣਾ ਮਤ, ਕਾਨੂੰਨ ਸਿਧਾਂਤ, ਹੁਕਮ, ਫ਼ੁਰਮਾਨ ਸਿਖਿਆ ਦੇਂਦੀਆਂ ਹਨ। ਸ਼ਾਸਤ੍ਰ ਤੋਂ ਪਹਿਲਾਂ ਬਹੁ ਪਾਉਣ ਦਾ ਇਹੋ ਹੀ ਭਾਵ ਲਗਦਾ ਹੈ। (Composition of divine authorities)

**ਬਹੁ ਸਿਮ੍ਰਿਤੀ :** ਇਸੇ ਤਰ੍ਹਾਂ ਜਦ ਬਹੁ ਸਿਮ੍ਰਿਤੀ ਕਹਿੰਦੇ ਹਨ ਤਾਂ ਭਾਵ ਸਾਰੀਆਂ ਹਦੀਸਾਂ, ਸਿਮ੍ਰਤੀਆਂ, ਬੋਧੀ ਪੁਸਤਕਾਂ ਤੇ ਜੈਨੀ ਪੁਸਤਕਾਂ ਜੋ ਹਦਾਇਤਾਂ ਦੇਂਦੀਆਂ ਹਨ ਅਤੇ ਯਾਦ ਤੋਂ ਲਿਖੀਆਂ ਹਨ। (Books having the authority of sages and prophets)

**ਸਰਬ ਢਢੋਲਿ :** ਸਾਰੀਆਂ ਦੀ ਘੋਖ ਖੋਜ ਕਰ ਤੱਕ ਲਿਆ ਹੈ।

**ਹਰਿ ਹਰੇ :** ਸਿਮਰਨ।

**ਅਮੋਲਿ :** ਜਿਸ ਦਾ ਮੁੱਲ ਨਾ ਪਾਇਆ ਜਾ ਸਕੇ। (Invaluable). ੧.

## ਪਹਿਲੀ ਪਉੜੀ

**ਜਾਪ ਤਾਪ ਗਿਆਨ ਸਭਿ ਧਿਆਨ ॥**
**ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**
**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥**
**ਸਗਲ ਤਿਆਗਿ ਬਨ ਮਧੇ ਫਿਰਿਆ ॥**
**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥**
**ਪੁੰਨ ਦਾਨ ਹੋਮੇ ਬਹੁ ਰਤਨਾ ॥**
**ਸਰੀਰੁ ਕਟਾਇ ਹੋਮੈ ਕਰਿ ਰਾਤੀ ॥**
**ਵਰਤ ਨੇਮ ਕਰੈ ਬਹੁ ਭਾਤੀ ॥**
**ਨਹੀ ਤੁਲਿ ਰਾਮ ਨਾਮ ਬੀਚਾਰ ॥**
**ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥**

**ਵਿਸਥਾਰ**

ਸਾਰਾ ਜਤਨ, ਉੱਦਮ, ਕ੍ਰਿਆ, ਧਰਮ, ਕਰਮ, ਜੁਗਤਿ ਇਸ ਲਈ ਕੀਤਾ ਜਾ ਰਹਿਆ ਹੈ ਕਿ ਮਨੁੱਖ ਨੂੰ ਪੂਰਨ ਟਿਕਾਉ ਮਿਲੇ ਤੇ ਪ੍ਰਭੂ ਦੀ ਹਜ਼ੂਰੀ ਮਿਲ ਜਾਏ ਤਾਂ ਕਿ ਇਹ ਟਿਕਾਉ ਜੋ ਸਿਮਰਨ ਰਾਹੀਂ ਮਿਲਿਆ ਹੈ ਨ ਟੁੱਟੇ। ਪਰ ਕਰ ਕੀ ਰਹਿਆ ਹੈ ਇਹ ਜੀਵ ! ਸਭ ਉਹ ਕਰਮ ਜੋ ਸਰੀਰ ਬੁੱਧੀ ਦੇ ਘੇਰੇ ਵਿਚ ਹਨ। ਜਿਹੜੇ ਮਨ ਨੂੰ ਛੁਹਦੇ ਤੱਕ ਨਹੀਂ। ਉਹਨਾਂ ਵਿਅਰਥ ਕਰਮਾਂ ਦਾ ਜ਼ਿਕਰ ਕਰਦੇ ਹੋਏ ਇਸ ਪਉੜੀ ਵਿਚ ਕਹਿੰਦੇ ਹਨ ਕਿ ਲਗਾਤਾਰ ਧਾਰਮਿਕ ਪੁਸਤਕਾਂ ਦਾ ਪਾਠ (ਜਾਪ) ਵੀ ਕਰੀ ਜਾਏ, ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ (ਤਾਪ) ਵੀ ਕਰੇ, ਗਿਆਨ ਪ੍ਰਾਪਤ ਕਰਨ ਲਈ ਦਰਸ਼ਨ ਵੀ ਪੜ੍ਹੇ ਅਤੇ ਇਕਾਗ੍ਰਤਾ ਪਾਉਣ ਲਈ ਕਿਸੇ ਅਕਾਰ ਨੂੰ ਵੀ ਸਾਹਮਣੇ ਰੱਖ ਲਵੇ। ਸ਼ਾਸਤ੍ਰਾਂ, ਸਿਮ੍ਰਤੀਆਂ ਦੀ ਵਿਆਖਿਆ ਵਿਚ ਜ਼ਿੰਦਗੀ ਗੁਜ਼ਾਰ ਦੇਵੇ, ਯੋਗ ਦੇ ਦੱਸੇ ਸਾਰੇ ਆਸਣ ਲਗਾ ਲਵੇ, ਜੋ ਕਰਮ ਕਾਂਡ ਉਹਨਾਂ

ਨੇ ਦੱਸੇ ਹਨ, ਉਹ ਵੀ ਕਰੀ ਜਾਏ। ਸਭ ਕੁਝ ਛੱਡ ਛਡਾ ਜੰਗਲ-ਵਨਾਂ ਵਿਚ ਇਕ ਥਾਂ ਟਿਕਾਣਾ ਨਾ ਬਣਾ ਕੇ ਫਿਰਦਾ ਵੀ ਰਵ੍ਹੇ। ਇਸ ਤਰ੍ਹਾਂ ਦੇ ਅਨੇਕਾਂ ਜਤਨ ਕਰੇ, ਮਿੱਥੇ ਹੋਏ ਭਲੇ ਕਰਮ ਤੇ ਦਾਨ ਵੀ ਕਰੇ। ਯੱਗ ਕਰਾ ਕੇ ਜੋ ਖ਼ਾਸ ਕੀਮਤੀ ਸ਼ੈਆਂ ਹਨ ਜਲਾ ਵੀ ਦੇਵੇ। ਇਥੇ ਹੀ ਬਸ ਨਹੀਂ ਸਰੀਰ ਦੇ ਹਰ ਅੰਗ ਨੂੰ ਕੱਟ-ਕੱਟ, ਇਕ-ਇਕ ਕਰਕੇ ਯੱਗ ਦੀ ਵੇਦੀ ਤੇ ਚਾੜ੍ਹ ਵੀ ਦੇਵੇ। ਖ਼ਾਸ ਖ਼ਾਸ ਦਿਹਾੜੇ ਤਰ੍ਹਾਂ ਤਰ੍ਹਾਂ ਦੇ ਵਰਤ ਦੇ ਨੇਮ ਵੀ ਨਿਭਾਏ ਪਰ ਇਹ ਸਭ ਧਰਮ ਕਰਮ ਗਿਆਨ ਅਭਿਆਸ ਵਾਹਿਗੁਰੂ ਦੇ ਗੁਣਾਂ ਨੂੰ ਚੇਤੇ ਕਰਨ ਦੇ ਬਰਾਬਰ ਨਹੀਂ ਹਨ ਅਤੇ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਹਰ ਵੇਲੇ ਸਿਮਰਨ ਤਾਂ ਬੜੇ ਦੂਰ ਦੀ ਗੱਲ ਹੈ ਜੇ ਇਕ ਵਾਰੀ ਗੁਰੂ ਸ਼ਬਦ ਰਾਹੀਂ ਵਾਹਿਗੁਰੂ ਦੇ ਗੁਣਾਂ ਤੇ ਵਿਚਾਰ ਕਰ ਲਈ ਤਾਂ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਹੋ ਜਾਏਗਾ। ਜੋ ਮਨ ਨੂੰ ਸਦੀਵੀ ਟਿਕਾ ਬਖ਼ਸ਼ ਦੇਵੇਗਾ। **'ਗੁਰਮੁਖਿ ਨਾਮੁ ਜਪੀਐ ਇਕ ਬਾਰ।'** ੧।

***ਸ਼ਬਦ ਭਾਵ :***

**ਜਾਪ** : ਦੈਵੀ ਗਿਣੀਆਂ ਜਾਂਦੀਆਂ ਪੁਸਤਕਾਂ ਦਾ ਪਾਠ ਮੁੜ ਮੁੜ ਕਰਨਾ। ਚਾਰ ਪ੍ਰਕਾਰ ਦੇ ਕਰਮ ਮਿਥੇ ਹਨ ਤਾਂਤ੍ਰਿਕ ਗ੍ਰੰਥ ਨੇ ਪ੍ਰਭੂ ਦਾ ਗਿਆਨ ਪਾਉਣ ਲਈ। ਉਨ੍ਹਾਂ ਵਿਚ ਪਹਿਲਾ **ਜਾਪ,** ਦੂਜਾ **ਹੋਮ,** ਤੀਜਾ **ਧਿਆਨ** ਤੇ ਚੌਥਾ ਪ੍ਰਾਨ **ਪ੍ਰਤਿਸ਼ਠਾ**। ਜਾਪ ਵਿਚ ਆਦਿ ਸ਼ਕਤੀ ਦੇ ਗੁਣਾਂ ਨੂੰ ਗਾਂਦੇ ਹਰ ਸ਼ਬਦ ਦੀ ਧੁਨੀ ਇਸ ਪ੍ਰਕਾਰ ਕੱਢਦੇ ਹਨ ਕਿ ਉਹ ਹਸਤੀ ਬਣ ਜਾਏ। ਸਾਹਮਣੇ ਮੂਰਤੀ ਹੁੰਦੀ ਹੈ ਜਿਸ ਤੋਂ ਧਿਆਨ ਨਹੀਂ ਹਟਾਂਦੇ। ਗੁਰੂ ਅਰਜਨ ਦੇਵ ਜੀ ਦਾ ਇਸ਼ਾਰਾ ਇਸ 'ਜਾਪ-ਧਿਆਨ' ਵਲ ਹੈ। ਤਾਂਤ੍ਰਿਕ ਲੋਕਾਂ ਦਾ ਇਹ ਵੀ ਖ਼ਿਆਲ ਹੈ ਕਿ ਜੋ ਆਪ ਦੇਵ ਨਹੀਂ ਉਹ ਦੇਵਾਂ ਦੀ ਪੂਜਾ ਕਰ ਹੀ ਨਹੀਂ ਸਕਦਾ।

**ਤਾਪ** : ਆਪਣੇ ਆਪ ਨੂੰ ਜਲਾ ਭਸਮ ਕਰ ਦੇਣਾ। ਤਾਪ ਕਰਦਿਆਂ ਸਰੀਰ ਨੂੰ ਇਤਨਾ ਕਸ਼ਟ ਦੇਂਦੇ ਹਨ ਕਿ ਮਨ, ਸਰੀਰ ਦੀ ਕਿਸੇ ਲੋੜ ਵਲ ਤੱਕਦਾ ਤਕ ਨਹੀਂ। ਇਸ ਤਰ੍ਹਾਂ ਦੇ ਕਸ਼ਟਾਂ ਦੀ ਅਗਨੀ ਵਿਚ ਜੀਵ, ਮੈਲ ਨੂੰ ਧੋਂਦਾ ਹੈ ਅਤੇ 'ਵਖ ਇਕੇਲਾ' ਹੋ ਗਿਆ ਸਮਝਦਾ ਹੈ।

**ਗਿਆਨ** : ਜਾਨਣਾ। ਜਿਵੇਂ ਇਹ ਪਤਾ ਹੈ ਕਿ ਲਕੜੀ ਵਿਚ ਅੱਗ ਹੈ ਪਰ ਜਦ ਬਾਲ ਰਸੋਈ ਤਿਆਰ ਕਰੀਦੀ ਹੈ ਤਾਂ ਉਹ 'ਵਿਗਿਆਨ' ਦਾ ਰੂਪ ਧਾਰ ਲੈਂਦੀ ਹੈ।

**ਧਿਆਨ** : ਇਕਾਗ੍ਰਤਾ। ਟਿਕ ਟਿਕੀ। ਸਾਂਖ ਤੋਂ ਯੋਗ ਸ਼ਾਸਤ੍ਰ ਵਿਚ 'ਬੰਧਨ ਮੁਕਤ' ਹੋਣ ਲਈ ਖ਼ਿਆਲਾਂ ਨੂੰ ਮੋੜ ਇਕ ਥਾਂ ਕੇਂਦਰਤ ਕਰਨ ਲਈ ਜੋ ਕ੍ਰਿਆਵਾਂ ਦੱਸੀਆਂ ਹਨ।

**ਖਟ ਸਾਸਤ੍ਰ** : ਛੇ ਸ਼ਾਸਤ੍ਰ। **ਸਾਂਖ** ਤੇ **ਯੋਗ,** ਆਤਮਾ-ਪੁਰਸ਼ ਦਾ ਪ੍ਰਾਕ੍ਰਿਤੀ ਨਾਲ ਸੰਬੰਧ ਦਰਸਾਂਦੇ ਹਨ। (Introverted concentration). **ਮੀਮਾਂਸਾ ਤੇ ਵੇਦਾਂਤ,** ਬ੍ਰਹਮ ਸਬੰਧੀ ਵਿਚਾਰ ਦੇਂਦੇ ਹਨ। **ਵਿਸ਼ੇਸ਼ਕ** ਤੇ **ਨਯਾਇ** ਬ੍ਰਹਮੰਡ

ਸਬੰਧੀ ਅਤੇ ਤਰਕ ਤੇ ਉਕਤੀ ਕਿਵੇਂ ਉਠਾਉਣੀ ਹੈ ਦਾ ਵੱਲ ਦਸਦੇ ਹਨ। (Cosmology and logic)

**ਵਖਿਆਨ** : ਖੋਲ੍ਹ ਬਿਆਨ ਕਰਨਾ। ਵੇਰਵੇ ਸਹਿਤ ਦੱਸਣਾ। ਟੀਕਾ ਕਰਨਾ।

**ਜੋਗ ਅਭਿਆਸ** : ਯੋਗ ਦੇ ਦੱਸੇ ਤੇ ਅਮਲ। (Yogic discipline)

**ਕਿਰਿਆ ਕਰਮ** : ਵੇਦ ਵਿਚ ਜੋ ਕਰਮ ਮਾਰਗ ਦੱਸਿਆ ਹੈ ਉਨ੍ਹਾਂ ਸੰਸਕਾਰਾਂ ਦੀ ਪਾਲਣਾ। (Technique of performance of ritual)

**ਧ੍ਰਮ ਕਿਰਿਆ** : ਸਥਾਪਤ ਮਿਥੇ ਕਰਮਾਂ ਤੇ ਪਹਿਰਾ। ਜਿਵੇਂ ਚੁਮੁਖੀ ਵਰਣਾਸ਼੍ਰਮ ਜੋ ਰਿਗਵੇਦ ਵਿਚ ਦੱਸਿਆ ਹੈ ਉਸ ਨੂੰ ਨਿਭਾਣਾ। ਜੋ ਜਿਸ ਵਰਣ ਵਿਚ ਜਨਮਿਆ ਹੈ ਉਸ ਦੇ, ਕਰਮ, ਫ਼ਰਜ਼, ਜਾਤੀ ਤੇ ਜਮਾਤ ਜੋ ਉਸ ਨੇ ਜੀਵਨ ਭਰ ਨਿਭਾਣੇ ਹਨ ਦੱਸੇ ਹਨ। ਉਨ੍ਹਾਂ ਤੇ ਟੁਰਨ ਨੂੰ 'ਧ੍ਰਮ ਕਿਰਿਆ' ਕਹਿੰਦੇ ਹਨ। ਆਪਣੇ ਵਰਣ ਤੋਂ ਬਾਹਰ ਜੇ ਉਸ ਨੇ ਕੋਈ ਕ੍ਰਿਆ ਕੀਤੀ ਤਾਂ ਉਹ 'ਧਰਮੋਂ ਡਿੱਗਾ' ਗਿਣਿਆ ਜਾਏਗਾ।

**ਬਨ ਮਧੇ ਫਿਰਿਆ** : ਉਪਨਿਸ਼ਦਾਂ ਦੇ ਸਮੇਂ ਤੋਂ ਜਿਵੇਂ ਚਾਰ ਵਰਣ ਬਣੇ ਹਨ ਤਿਵੇਂ ਚਾਰ ਆਸ਼੍ਰਮ ਵੀ ਮਿਥੇ ਹਨ। ਬ੍ਰਹਮਚਾਰੀਆ, ਗ੍ਰਹਿਸਥ, ਬਾਨਪ੍ਰਸਥ ਤੇ ਸੰਨਿਆਸ। ਇਥੇ ਬਾਨਪ੍ਰਸਤ ਹੋਣ ਦੇ ਕਰਮ ਵੱਲ ਇਸ਼ਾਰਾ ਹੈ।

**ਜਤਨਾ** : ਖੇਚਲਾਂ। ਉਦਮ। (Toilsome)

**ਪੁੰਨ** : ਉਹ ਕਰਮ ਜੋ ਮੈਲ ਹਰਨ ਲਈ ਕੀਤੇ ਜਾਣ। (Pious)

**ਦਾਨ** : ਜੋ ਮਾਲ ਧਨ ਖ਼ਾਸ ਮਿਥੇ ਸਮੇਂ ਤੇ ਉਚੇਰੇ ਦਿਹਾੜੇ ਹਿੰਦੂਆਂ ਨੂੰ ਬ੍ਰਾਹਮਣਾਂ ਨੂੰ ਦੇਣ ਲਈ ਕਿਹਾ ਗਿਆ ਹੈ। ਸਾਨੂੰ ਹੁਕਮ ਹੋਏ ਹਨ: **ਸਭਨਾਂ ਨੋ ਕਰਿ ਦਾਨੁ।** ਮੁਸਲਮਾਨਾਂ ਵਿਚ 'ਸਦਕਾ ਤੇ ਜ਼ਕਾਤ' ਦਾਨ ਦਾ ਹੀ ਵਟਾਵਾਂ ਰੂਪ ਹੈ।

**ਹੋਮੈ** : ਜੋ ਹਵਨ ਦੀ ਅਗਨੀ ਵਿਚ ਪਾਇਆ ਜਾਏ।

**ਰਤਨਾ** : ਕੀਮਤੀ ਸ਼ੈ। ਘੀ ਆਦਿ।

**ਕਰਿ ਰਾਤੀ** : ਦੇਹ ਗਵਾ ਪ੍ਰਸੰਨ ਹੋਣਾ। ਲੱਗੇ ਰਹਿਣਾ। (To take pleasure)

**ਵਰਤ** : ਖ਼ਾਸ ਦਿਹਾੜੇ ਕਿਸੇ ਪ੍ਰਣ ਨੂੰ ਨਿਭਾਉਣਾ। (A special vow)

**ਬੀਚਾਰ** : ਗਹੁ ਕਰਨਾ। ਮਨ ਵਿਚ ਤੋਲਣਾ। (Pondering)

**ਇਕ ਬਾਰ** : ਕੇਵਲ ਇਕ ਵਾਰੀ ਉਠਾਇਆ ਕਦਮ (Once taken). ੧।

## *ਦੂਜੀ ਪਉੜੀ*

**ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥**
**ਮਹਾਂ ਉਦਾਸੁ ਤਪੀਸਰੁ ਥੀਵੈ ॥**
**ਅਗਨਿ ਮਾਹਿ ਹੋਮਤ ਪਰਾਨ ॥**
**ਕਨਿਕ ਅਸ੍ਵ ਹੈਵਰ ਭੂਮਿ ਦਾਨ ॥**


www.sikhbookclub.com

ਨਿਉਲੀ ਕਰਮ ਕਰੈ ਬਹੁ ਆਸਨ ॥
ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥ ੨ ॥

**ਵਿਸਥਾਰ**

ਕੱਟਣੀ ਤਾਂ 'ਹਉ ਦੀ ਮੈਲ' ਹੈ ਜਿਸ ਨੇ 'ਅੰਤਰਜਾਮੀ' ਨੂੰ ਛੁਪਾ ਕੇ ਰੱਖਿਆ ਹੋਇਆ ਹੈ ਪਰ ਜੀਵ ਕੈਸਾ ਹੈ ! ਕਰਦਾ ਸਰੀਰ ਦੇ ਸਾਰੇ ਉਹ ਕਰਮ ਹੈ ਜਿਸ ਨਾਲ ਹਉਮੈ ਹੋਰ ਵਧੇ। ਬੇਸ਼ਕ ਸਾਰੀ ਸ੍ਰਿਸ਼ਟੀ (ਨਉ ਖੰਡ) ਫਿਰਦਾ ਰਵੇ ਅਤੇ ਉਮਰ ਵੀ ਵਧਾ ਲਵੇ, ਪੂਰਨ ਉਦਾਸੀ ਹੋ ਜਾਏ, ਸਭ ਕੁਝ ਛੱਡ ਛਡਾ ਬੈਠੇ ਅਤੇ ਸਾਰੇ ਤਪ ਕਰ ਸਾਧ ਤਪੀਸਰੁ ਕਹਿਲਾਉਣ ਲੱਗ ਪਵੇ। ਆਪਣੇ ਪ੍ਰਾਣਾਂ ਦੀ ਆਹੂਤੀ ਪੂਰਨ ਰੀਤੀ ਨਾਲ ਦੇ ਦੇਵੇ ਅਤੇ ਸੋਨਾ, ਵਧੀਆ ਨਮਲਾਂ ਦੇ ਘੋੜੇ ਤੇ ਜ਼ਮੀਨ .ਬ੍ਰਾਹਮਣਾਂ ਨੂੰ ਦਾਨ ਦੇ ਦੇਵੇ। ਯੋਗ ਦੇ ਦਾਰਸਾਏ ਸਾਰੇ ਆਸਨ ਲਗਾ ਲਵੇ। ਖ਼ਾਸ ਕਰ ਪੇਟ ਦੇ ਅੰਦਰਲੇ ਆਸਨ ਕਰੇ ਕਿ ਅੰਤੜੀਆਂ ਸਾਫ਼ ਹੋ ਜਾਣ। ਜੈਨ ਮਾਰਗੀਆਂ ਨੇ ਜੋ ਕਠਨ ਸੰਜਮ ਤੇ ਕਠੋਰ ਸਾਧਨਾਂ ਲਈ ਕਿਹਾ ਹੈ ਉਹ ਵੀ ਕਰ ਲਵੇ ਅਤੇ ਨਿਰੇ ਪੁਰਖਾਂ, ਜੈਨੀਆਂ, ਬੋਧੀਆਂ, ਯੋਗੀਆਂ ਵਾਲੇ ਹੀ ਨਹੀਂ; 'ਅਸੁਰਾਂ ਦੈਂਤਾਂ' ਵਾਲਾ ਕਰਮ ਇਕ ਇਕ ਅੰਗ ਕੱਟ ਹਵਨ ਦੀ ਅਗਨੀ ਭੇਟ ਕਰਨ ਵਾਲਾ ਵੀ ਕਰੇ, ਤਾਂ ਵੀ ਅੰਦਰਲੀ 'ਹਉ' ਨਹੀਂ ਜਾਣੀ। ਕੋਈ ਤਪ, ਕਰਮ, ਯੋਗ, ਸਾਧਨਾ, ਸੰਜਮ, ਖਰਾਬਰੀ ਨਹੀਂ ਕਰ ਸਕਦਾ ਨਾਮ ਦੀ।

ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ 'ਜੀਆ' ਹਉਂ ਰਹਿਤ ਹੋ ਕੇ ਗੁਰੂ ਸ਼ਬਦ ਰਾਹੀਂ ਪ੍ਰਭੂ ਦੇ ਅਨੇਕ ਗੁਣਾਂ ਦਾ ਵਿਚਾਰ ਕਰਿਆਂ ਤੂੰ ਉਸ ਅਵਸਥਾ ਨੂੰ ਜਾ ਪਹੁੰਚੇਂਗਾ ਜਿਥੇ ਫਿਰ ਕਦੇ ਹਉਮੈ ਸਤਾਏਗੀ ਨਹੀਂ। ੨।

**ਸ਼ਬਦ ਭਾਵ :**

**ਨਉ ਖੰਡ** : ਸਾਰੀ ਸ੍ਰਿਸ਼ਟੀ ਨੂੰ ਨੌਂ ਖੰਡਾਂ ਵਿਚ ਵੰਡਦੇ ਹਨ। ਇਹ ਖ਼ਿਆਲ ਹੈ ਕਿ ਇੰਦਰ ਦੇਵਤੇ ਨੌਂ ਖੰਡ ਪ੍ਰਿਥਵੀ ਫਿਰੀ ਸੀ ਤੇ ਫਿਰ ਦੇਵਿੰਦਰ, ਸਾਰਿਆਂ ਦਾ ਵੱਡਾ ਦੇਵ ਬਣ ਗਿਆ ਸੀ।

**ਚਿਰੁ ਜੀਵੈ** : ਯੱਗ ਕਰਕੇ ਉਮਰ ਨੂੰ ਆਪਣੀ ਮਰਜ਼ੀ ਅਨੁਸਾਰ ਵਧਾ ਲੈਣਾ।

**ਮਹਾਂ ਉਦਾਸੁ** : ਜੋ ਸਰੀਰ ਦੀ ਹਰ ਲੋੜ ਤੇ ਮਨ ਦੀ ਹਰ ਖ਼ਾਹਿਸ਼ ਨੂੰ ਰੋਕਣ ਦੇ ਜਤਨਾਂ ਵਿਚ ਹੀ ਲੱਗਾ ਰਹੇ।

**ਤਪੀਸਰੁ** : ਤਪ-ਈਸ਼ਰ। ਜਿਸ ਨੇ ਤੱਪਾਂ ਦੀ ਹੱਠ ਕਿਰਿਆ ਕਰ ਸਰੀਰ ਸਾਧਿਆ ਹੋਵੇ।

**ਅਗਨਿ ਮਾਹਿ ਹੋਮਤ ਪਰਾਨ** : ਆਪਣੇ ਸਾਰੇ ਸਰੀਰ ਨੂੰ ਹੋਮ ਦੀ ਅਗਨੀ ਤੇ ਜਲਾ ਸਾੜਨਾ। ਚਾਰੇ ਪਾਸੇ ਵੇਦੀ ਦੀ ਅੱਗ ਬਾਲ ਫਿਰ ਸਿਰ ਤੇ ਭੱਠ ਤਪਾਂਦੇ ਹਨ ਤੇ ਵਿਚਕਾਰ ਬੈਠ ਭਸਮ ਹੋ ਜਾਂਦੇ ਹਨ।


www.sikhbookclub.com

**ਕਨਿਕ** : ਗੰਦਮ। ਸੋਨਾ। ਸਾਮਗ੍ਰੀ।

**ਅਸ੍ਵ ਹੈਵਰ** : ਅੱਛੀ ਨਸਲ ਦੇ ਘੋੜੇ।

**ਨਿਉਲੀ ਕਰਮ** : ਆਂਤੜੀਆਂ ਨੂੰ ਹੱਠ ਯੋਗ ਆਸਨ ਨਾਲ ਪੁੱਠਾ ਗੇੜ ਦੇ ਕੇ ਚਲਾਉਣਾ ਤਾਂ ਕਿ ਅੰਤੜੀਆਂ ਦੀ ਸਫ਼ਾਈ ਹੋ ਜਾਏ।

**ਸੰਜਮ** : ਉਹ ਬੰਦਸ਼ਾਂ ਜੋ ਵੱਖ ਵੱਖ ਧਰਮਾਂ ਵਿਚ ਲਗਾਈਆਂ ਜਾਂਦੀਆਂ ਹਨ। ਜਿਸ ਵਿਚੋਂ ਕੁਝ ਜ਼ਰੂਰੀ ਬ੍ਰਹਮਚਾਰੀਆ ਰਹਿਣਾ, ਹਿੰਸਾ ਤੇ ਸੁੱਖ-ਸੈਆਂ ਦਾ ਤਿਆਗ ਹੈ।

**ਅਤਿ ਸਾਧਨ** : ਜੈਨੀਆਂ ਦੀ ਉਸ ਕਠੋਰ ਸਾਧਨਾ ਵੱਲ ਇਸ਼ਾਰਾ ਹੈ ਜਿਸ ਵਿਚ ਵਰਤ ਰੱਖ ਕੇ ਮੌਤ ਅਪਣਾਂਦੇ ਹਨ।

**ਨਿਮਖ ਨਿਮਖ ਕਰਿ**

**ਸਰੀਰ ਕਟਾਵੈ** : ਪੁਰਾਨਾਂ ਵਿਚ ਜ਼ਿਕਰ ਹੈ ਕਿ ਅਸੁਰ ਲੋਕ ਹਵਨ ਦੀ ਅਗਨੀ ਬਾਲ ਇਕ ਇਕ ਅੰਗ ਕੱਟ ਕੱਟ ਅਗਨ-ਭੇਟ ਕਰਦੇ ਸਨ ਤਾਂਕਿ ਦੇਵਾਂ ਤੇ ਜਿੱਤ ਹਾਸਲ ਹੋ ਸਕੇ।

**ਹਉਮੈ** : ਉਹ ਪਰਦਾ ਜੋ ਪਾਰਬ੍ਰਹਮ ਦਾ ਦੀਦਾਰ ਨਹੀਂ ਹੋਣ ਦੇਂਦਾ।

**ਗਤਿ** : ਪੁੱਜਣਾ। ਮੰਜ਼ਲ ਦਾ ਪਾ ਲੈਣਾ। (Arriving at). ੨.

## *ਤੀਜੀ ਪਉੜੀ*

SIKHBOOKCLUB.COM

**ਮਨ ਕਾਮਨਾ ਤੀਰਥ ਦੇਹ ਛੁਟੈ ॥**
**ਗਰਬੁ ਗੁਮਾਨੁ ਨ ਮਨ ਤੇ ਹੁਟੈ ॥**
**ਸੋਚ ਕਰੈ ਦਿਨਸੁ ਅਰੁ ਰਾਤਿ ॥**
**ਮਨ ਕੀ ਮੈਲੁ ਨ ਤਨ ਤੇ ਜਾਤਿ ॥**
**ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥**
**ਮਨ ਤੇ ਕਬਹੂ ਨ ਬਿਖਿਆ ਟਰੈ ॥**
**ਜਲਿ ਧੋਵੈ ਬਹੁ ਦੇਹ ਅਨੀਤਿ ॥**
**ਸੁਧ ਕਹਾ ਹੋਇ ਕਾਚੀ ਭੀਤਿ ॥**
**ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥**
**ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥ ੩ ॥**

**ਵਿਸਥਾਰ**

ਮਨ ਤੋਂ ਪੈਦਾ ਹਉ-ਮੈਲ, ਵਿਕਾਰਾਂ ਦੀ ਧੂੜ ਉਤਾਰ ਅੰਦਰਲਾ ਸਵੱਛ ਕਰਨਾ ਜ਼ਰੂਰੀ ਹੈ ਤਾਂਕਿ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਹੋਵੇ ਅਤੇ ਹਜ਼ੂਰੀ ਮਿਲੇ। ਇਸ ਹਜ਼ੂਰੀ ਨੂੰ ਪਾਉਣ ਲਈ ਜੋ ਕਰਮ ਕਰ ਰਹਿਆ ਹੈ ਉਹ ਤਾਂ ਸਗੋਂ ਮੈਲ ਚਾੜ੍ਹਨ ਤੇ ਹੰਕਾਰ ਵਧਾਉਣ ਵਾਲੇ ਹਨ। ਕਰ ਕੀ ਰਹਿਆ ਹੈ; ਮਨ ਵਿਚ 'ਕਾਮਨਾ' ਲੈ ਕੇ ਤੀਰਥਾਂ ਤੇ ਗਿਆ ਕਿ ਉੱਥੇ ਸਰੀਰ ਛੱਡਾਂਗੇ ਤੇ ਪ੍ਰਭੂ ਦਾ ਦਰ ਖੁਲ੍ਹ ਜਾਏਗਾ ਪਰ ਭੋਲਾ ਜੀਵ ਇਹ ਨਹੀਂ ਜਾਣਦਾ ਕਿ 'ਕਾਮਨਾ' ਅਧੀਨ ਮਰਿਆਂ ਨਾ ਹੀ ਹੰਕਾਰ ਦਾ ਪਰਦਾ ਹਟਿਆ ਅਤੇ ਨਾ ਹੀ ਪ੍ਰਭੂ ਦੀ ਹਜ਼ੂਰੀ ਮਿਲੀ।


www.sikhbookclub.com

ਮਿਥੀ ਕਿਰਿਆ ਰਾਹੀਂ ਦਿਨ ਰਾਤ ਇਸ਼ਨਾਨ ਵੀ ਕੀਤੇ ਪਰ ਇਹ ਵੀ ਕਦੀ ਹੋਇਆ ਹੈ ਕਿ ਮਨ ਨੂੰ ਲੱਗੀ ਮੈਲ, ਬਾਹਰਲੇ ਇਸ਼ਨਾਨਾਂ ਨਾਲ ਹਟ ਜਾਏ। ਸਗੋਂ ਹੋਰ ਹਉਮੈ ਦੀ ਮੈਲ ਚੜ੍ਹ ਗਈ ਕਿ ਮੈਂ ਇਤਨੇ ਇਸ਼ਨਾਨ ਕੀਤੇ।

ਸਰੀਰ ਨੂੰ ਕਾਬੂ ਕਰਨ ਦੇ ਕਰੜੇ ਤੋਂ ਕਰੜੇ ਸਾਧਨ ਅਪਣਾਏ ਪਰ ਅੰਦਰ ਹਉਂ-ਸਾੜੇ ਦਾ ਜ਼ਹਿਰ ਭਰਿਆ ਹੋਇਆ ਹੈ ਉਹ ਤਾਂ 'ਸਰੀਰ ਸਾਧਨਾ' ਨਾਲ ਹੋਰ ਵਧ ਗਿਆ, ਜਾਣਾ ਕਿੱਥੇ ਹੈ। ਭਲਾ ਜੇ ਕੋਈ ਕੱਚੀ ਮਿੱਟੀ ਦੀ ਬਣੀ ਕੰਧ ਨੂੰ ਪਾਣੀ ਨਾਲ ਧੋਈ ਜਾਏ ਤਾਂ ਕੀ ਕੱਚੀ ਦੀਵਾਰ ਦਾ ਮਟ-ਮੈਲਾਪਣ ਹਟ ਜਾਏਗਾ। ਇਹ ਸਰੀਰ ਵੀ ਤਾਂ ਮਿੱਟੀ ਦਾ ਹੀ ਪੁਤਲਾ ਹੈ। ਕੀ ਇਸ਼ਨਾਨ ਰਾਹੀਂ ਸ਼ੁੱਧ ਹੋ ਜਾਏਗਾ। ਬਿਲਕੁੱਲ ਨਹੀਂ ਹੋਣਾ। ਹੇ ਮਨਾ! ਜ਼ਰਾ ਕੁ ਭਟਕਨਾ ਛੱਡ ਵਿਚਾਰ ਕਰਕੇ ਦੇਖੇਂ ਤਾਂ ਤੈਨੂੰ ਅਹਿਸਾਸ ਹੋਵੇ ਕਿ ਨਾਮ ਦੀ ਮਹਿਮਾ ਕਿਤਨੀ ਉੱਚੀ ਹੈ ਅਤੇ ਡਿਗੇ ਅਤੇ ਨੀਵੇਂ (ਪਤਿਤ ਬਹੁ ਮੂਚ) ਉਸ ਦੇ ਗੁਣ ਗਾ ਗਾ ਹਜ਼ੂਰੀ ਪਾ ਕੇ ਆਪਣੀ ਅੰਦਰਲੀ ਹਉਮੈ ਦੂਰ ਕਰਕੇ ਉੱਚ ਆਤਮਕ ਅਵਸਥਾ ਨੂੰ ਪਾ ਗਏ। ੩।

**ਸ਼ਬਦ ਭਾਵ :**

- **ਤੀਰਥੀ** : ਦਰਿਆਵਾਂ ਕਿਨਾਰੇ ਉਹ ਅਸਥਾਨ ਜੋ ਪਵਿਤ੍ਰ ਮੰਨੇ ਜਾਂਦੇ ਹਨ। ਹਿੰਦੂ ਗਿਣਤੀ ਵਿਚ ਅਠਾਰਹ[1] ਗਿਣਦੇ ਹਨ।
- **ਮਨ ਕਾਮਨਾ** : ਮਨ ਵਿਚ ਇੱਛਾ ਰੱਖ ਕੇ।
- **ਗਰਬੁ ਗੁਮਾਨੁ** : ਆਪਣੇ ਆਪ ਨੂੰ ਵੱਡਾ ਕਹਿਲਾਉਣ ਦਾ ਹੰਕਾਰ।
- **ਸੋਚ** : ਇਸ਼ਨਾਨ।
- **ਦੇਹ ਅਨੀਤਿ** : ਨਾਸ਼ਮਾਨ ਸਰੀਰ। ਢਹਿ ਢੇਰੀ ਹੋ ਜਾਣ ਵਾਲਾ ਜਿਸਮ। (Mortal frame)
- **ਬਿਖਿਆ** : ਜ਼ਹਿਰ।
- **ਪਤਿਤ** : ਗਿਰੇ। ਗ਼ਰਕ ਹੋਏ। (Fallen ones)
- **ਮੂਚ** : ਬਹੁਤ। (very much). ੩.

## ਚੌਥੀ ਪਉੜੀ

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥
ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਹ ਨਹੀ ਸਿਝੈ ॥
ਛੂਟਸਿ ਨਾਹੀ ਊਭ ਪਇਆਲਿ ॥
ਮੋਹਿ ਬਿਆਪਹਿ ਮਾਇਆ ਜਾਲਿ ॥
ਅਵਰ ਕਰਤੂਤਿ ਸਗਲੀ ਜਮੁ ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥

1. ਇਨ੍ਹਾਂ ਦਾ ਵੇਰਵਾ 'ਬਾਰਹ ਮਾਹ ਤਿੰਨੇ' ਵਿਚ ਦੇਖਣ ਦੀ ਖੇਚਲ ਕਰਨੀ।

 www.sikhbookclub.com

**ਹਰਿ ਕਾ ਨਾਮੁ ਜਪਤ ਦੁਖੁ ਜਾਇ ॥**
**ਨਾਨਕ ਬੋਲੈ ਸਹਜਿ ਸੁਭਾਇ ॥ ੪ ॥**

**ਵਿਸਥਾਰ**

ਜੋ ਡਰ ਦੁੱਖ, ਅਗਨ, ਅੰਦਰਲੇ ਨੂੰ ਖਾ, ਸਾੜ ਸਤਾ ਰਹੇ ਹਨ ਕਿਸੇ ਬਾਹਰਲੇ ਕਰਮ ਨਾਲ ਨਹੀਂ ਜਾਣੇ । ਦੇਖ !

ਅਤਿ ਦੀ ਚਤੁਰਾਈ ਨਾਲ ਜਦ ਕੁਝ ਕੁ ਪ੍ਰਾਪਤ ਹੁੰਦਾ ਹੈ ਤਾਂ ਨਾਲ ਇਹ ਡਰ ਵੀ ਉਪਜ ਖਲੋਂਦਾ ਹੈ ਕਿ ਮੌਤ ਕਿਧਰੇ ਖੋਹ ਕੇ ਹੀ ਨਾ ਲੈ ਜਾਏ । ਬਹੁਤੀ ਸਿਆਣਪ ਹੀ ਮੌਤ ਦਾ ਡਰ ਵਧਾਉਣ ਦਾ ਕਾਰਨ ਬਣੀ । ਇਹ ਸਿਆਣਪਾਂ ਤਾਂ ਝਮੇਲਾ ਵਧਾ ਦੇਂਦੀਆਂ ਹਨ ਤੇ ਝਮੇਲਾ ਹੀ ਤਾਂ ਮੌਤ ਦਾ ਦੂਜਾ ਰੂਪ ਹੈ ।

ਤ੍ਰਿਸ਼ਨਾ ਦੀ ਅਗਨੀ ਅੰਦਰਲਾ ਸਾੜ ਰਹੀ ਹੈ । ਇਹ ਤ੍ਰਿਸ਼ਨਾ ਸਰੀਰਕ ਸਾਧਨਾਵਾਂ ਤੇ ਸਰੀਰ ਨੂੰ ਕਸ਼ਟ ਦਿਤਿਆਂ ਬੁੱਝਣੀ ਨਹੀਂ ਸਗੋਂ ਭੜਕੀ, ਹੋਰ ਵਧੀ ਜਾਣੀ ਹੈ । ਤ੍ਰਿਸ਼ਨਾ ਤਾਂ ਸਗੋਂ ਡਰ ਦਾ ਮੂਲ ਹੈ । ਆਸ ਹੀ ਅੰਦੇਸ਼ੇ (ਡਰ) ਨੂੰ ਪੈਦਾ ਕਰਦੀ ਹੈ । ਭਿਖਿਆ ਤੇ ਨਿਰਾ ਇਸ ਲਈ ਰਹਿਣਾ ਕਿ ਜਗਤ ਤੇ ਪ੍ਰਗਟ ਹੋਵੇ ਕਿ ਮੇਰਾ ਆਪਣਾ ਕੁਝ ਨਹੀਂ: ਪਰ ਇਸ ਤਰ੍ਹਾਂ ਮੰਗ ਖਾਣ ਨਾਲ ਅੰਦਰ ਦੀ ਤ੍ਰਿਸ਼ਨਾ ਅਗਨ ਨਹੀਂ ਬੁਝਦੀ । ਜਿਤਨੇ ਵੀ ਹੋਰ ਉਪਾ ਕਰ ਲਵੇ ਵਾਹਿਗੁਰੂ ਦੀ ਹਜ਼ੂਰੀ ਨਹੀਂ ਮਿਲਣੀ । ਭਾਵੇਂ ਅਕਾਸ਼ਾਂ ਵਿਚ ਚਲਾ ਜਾਏ, ਤੇ ਭਾਵੇਂ ਕਿਧਰੇ ਜ਼ਮੀਨ ਵਿਚ, ਪਰ ਜੋ ਮਾਇਆ ਦੀ ਡਾਹਡੀ ਪਕੜ ਹੈ ਉਸ ਵਿਚੋਂ ਨਹੀਂ ਨਿਕਲ ਸਕੇਗਾ । ਹੋਰ ਜੋ ਚਤੁਰਾਈਆਂ, ਉਪਾਵ, ਜਤਨ ਜਾਂ ਭੇਖ ਧਾਰਦਾ ਹੈ, ਉਹ ਕਰਤੂਤਾਂ ਕਰਕੇ ਤਾਂ ਮੌਤ ਦਾ ਡਰ ਹੋਰ ਵਧਾਂਦਾ ਹੈ ਤੇ ਇਸ ਤਰ੍ਹਾਂ ਡੰਡ ਦਾ ਭਾਗੀ ਬਣਦਾ ਹੈ । ਪ੍ਰਭੂ ਦੇ ਗੁਣ ਗਾ ਜਿਤਨੀ ਯਾਦ ਪਕਾਈ ਹੈ ਉਸ ਤੋਂ ਸਿਵਾ ਪ੍ਰਭੂ ਨੇ ਕਿਸੇ ਹੋਰ ਕੀਤੇ ਕਰਮ ਵਲ ਰਤਾ ਭਰ ਵੀ ਧਿਆਨ ਨਹੀਂ ਧਰਨਾ । ਇਹ ਇਸ ਲਈ ਆਖ ਰਹੇ ਹਨ ਕਿ ਧਰਮ ਰਾਜ ਜੋ ਲੇਖਾ ਕਰਦਾ ਹੈ ਉਹ ਵਾਹਿਗੁਰੂ ਦੀ ਹਜ਼ੂਰੀ ਵਿਚ ਹੀ ਕਰਦਾ ਹੈ ਅਤੇ ਜਿਸ ਨੂੰ ਪਹਿਲਾਂ ਹੀ ਸ਼ਬਦ ਰਾਹੀਂ ਉਸ ਦੀ ਹਜ਼ੂਰੀ ਪ੍ਰਾਪਤ ਹੋਵੇਗੀ, ਉਹ ਜਮ ਵਿਚਾਰਾ ਕੀ ਕਰ ਸਕੇਗਾ । ਸੋ ਯਾਦ ਰੱਖ ! ਸਿਮਰਨ ਨਾਲ ਹੀ ਤ੍ਰਿਸ਼ਨਾ ਦੀ ਅੱਗ ਤੇ ਜਮ ਦਾ ਦੁੱਖ ਜਾਣਾ ਹੈ । ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੋ ਚਤੁਰਾਈਆਂ ਜਤਨ ਉਪਾਵ ਛੱਡ ਕੇ ਨਿਰ ਜਤਨ (ਸਹਜਿ ਸੁਭਾਇ) ਉਸ ਦੇ ਗੁਣਾਂ ਦਾ ਵਰਨਣ ਕਰੀ ਟੁਰੀ ਜਾਂਦਾ ਹੈ ਉਸ ਨੂੰ ਕੋਈ ਜਮ-ਅੱਗ ਸਤਾ ਸਾੜ ਨਹੀਂ ਸਕਦੀ । ੩ ।

**ਸ਼ਬਦ ਭਾਵ :**

**ਸਿਆਣਪ** : ਚਤੁਰਾਈਆਂ ਦਾ ਸਹਾਰਾ ਲੈਣਾ । (Intellectualism)

**ਤ੍ਰਿਸਨ** : ਚਾਹਾਂ ਦੀ ਤ੍ਰੇਹ । ਖ਼ਾਹਿਸ਼ਾਂ ਦੀ ਪਿਆਸ ।

**ਨਾ ਧ੍ਰਾਪੈ** : ਨਹੀਂ ਜਾਂਦੀ । (Does not go)

**ਭੇਖ** : ਵੇਸ । ਜੋ ਭਿਖਿਆ ਤੇ ਰਹਿਣ ਦਾ ਪ੍ਰਣ ਧਾਰਨ ਕਰਕੇ ਕੋਈ ਭੇਖ ਬਣਾ ਲੈਂਦੇ ਹਨ । ਭੇਖ ਤੋਂ ਹੀ ਭੇਖਾਰੀ ਬਣਿਆ ਹੈ ।

**ਅਗਨਿ** : ਵਿਕਾਰਾਂ ਦੀ ਅੱਗ । (Fire of passion)

 www.sikhbookclub.com

**ਜਤਨ** : ਕਸ਼ਟਦਾਇਕ ਕਰਮ । (Painful postures)

**ਉਪਾਵ** : ਢੰਗ । ਤਰਕੀਬਾਂ । (Devices)

**ਦਰਗਹ** : ਵਾਹਿਗੁਰੂ ਦਾ ਦਰ ਜਿਥੇ ਲੇਖੇ ਹੁੰਦੇ ਹਨ । (Hall of audience)

**ਊਭ** : ਅਕਾਸ਼ । ਉੱਤੇ ।

**ਪਇਆਲ** : ਹੇਠਾਂ । ਪਾਤਾਲ ।

**ਮੋਹਿ** : ਮੋਹ । ਪਕੜ ।

**ਮਾਇਆ ਜਾਲ** : ਮਾਇਆ ਨੇ ਮੋਹ ਦਾ ਜੋ ਜਾਲ ਪਾਇਆ ਹੈ ।

**ਕਰਤੂਤਿ** : ਸਾਰੇ ਕਰਮ ਕਾਂਡ ਤੇ ਹੋਰ ਕ੍ਰਿਆਵਾਂ ਜੋ ਬੌਧਿਕ ਜਾਂ ਸਰੀਰਕ ਹਨ । ਇਨ੍ਹਾਂ ਨੂੰ ਇਸ ਲਈ ਨਿਰੀ ਕਰਤੂਤਿ (Activity) ਰਿਹਾ ਹੈ ਕਿਉਂਕਿ ਇਨ੍ਹਾਂ ਦਾ ਆਤਮਾ ਨਾਲ ਕੋਈ ਸੰਬੰਧ ਨਹੀਂ ।

**ਬੋਲੈ ਸਹਜਿ ਸੁਭਾਇ** : ਨਿਰਜਤਨ ਉਸ ਦੇ ਗੁਣਾਂ ਦਾ ਗਾਇਨ ਕਰੀ ਜਾਣਾ । ਜਿਸ ਵਿਚ ਜਤਨ ਆ ਗਿਆ ਉਹ ਕਰਮ ਬਣ ਗਿਆ । ੪ ।

## *ਪੰਜਵੀਂ ਪਉੜੀ*

**ਚਾਰਿ ਪਦਾਰਥ ਜੇ ਕੋ ਮਾਗੈ ॥**
**ਸਾਧ ਜਨਾ ਕੀ ਸੇਵਾ ਲਾਗੈ ॥**
**ਜੇ ਕੋ ਆਪੁਨਾ ਦੂਖੁ ਮਿਟਾਵੈ ॥**
**ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥**
**ਜੇ ਕੋ ਅਪੁਨੀ ਸੋਭਾ ਲੋਰੈ ॥**
**ਸਾਧਸੰਗਿ ਇਹ ਹਉਮੈ ਛੋਰੈ ॥**
**ਜੇ ਕੋ ਜਨਮ ਮਰਣ ਤੇ ਡਰੈ ॥**
**ਸਾਧ ਜਨਾ ਕੀ ਸਰਨੀ ਪਰੈ ॥**
**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥ ੫ ॥**

***ਵਿਸਥਾਰ***

ਜਿਸ 'ਬੋਲੈ ਸਹਜਿ ਸੁਭਾਇ' ਦੀ ਗੱਲ ਕੀਤੀ ਸੀ ਹੁਣ ਦੱਸਦੇ ਹਨ ਕਿ ਉਸ ਲਈ ਕਿਧਰੇ ਤਪ-ਤੀਰਥ, ਊਭ-ਪਇਆਲ, ਕਰਮ-ਧਰਮ-ਕਿਰਿਆ ਦੀ ਲੋੜ ਨਹੀਂ, ਸਿਰਫ ਉਨ੍ਹਾਂ ਪੁਰਸ਼ਾਂ ਦੀ ਸੰਗਤ ਕਰ ਜੋ ਆਪਣੇ ਨਿਸ਼ਾਨੇ ਵੱਲ ਵਧ ਰਹੇ ਹਨ । ਐਸਾ ਕਰਨ ਨਾਲ ਇਹ ਜੀਵਨ ਵੀ ਸੁਹੇਲਾ ਤੇ ਦਰਗਾਹ ਵੀ ਮਾਣ ।

ਸਾਧ ਜਨਾਂ ਦੇ ਨੇੜੇ ਹੋਇਆਂ ਜ਼ਿੰਦਗੀ ਦੇ ਪੂਰੇ ਅਨੰਦ (ਚਾਰ ਪਦਾਰਥ) ਮਿਲ ਜਾਂਦੇ ਹਨ । ਜੋ ਕੋਈ ਚਾਹੁੰਦਾ ਹੈ ਕਿ ਕੋਈ ਦੁੱਖ ਨ ਸਤਾਏ ਤਾਂ ਦਿਲੋਂ ਉਸ ਨੂੰ ਸ਼ਬਦ-ਕੀਰਤਨ ਰਾਹੀਂ ਯਾਦ ਕਰੇ । ਜੇ ਕੋਈ ਚਾਹਵਾਨ ਹੈ ਕਿ ਉਸ ਦੀ ਸਾਰੇ ਸਿਫ਼ਤ ਕਰਨ ਤਾਂ ਪਹਿਲਾਂ ਆਪਣੀ 'ਹਉ' ਮੁਕਾਵੇ ਤੇ ਹਉਂ ਮੁਕਾਉਣ ਲਈ ਸਾਧ-ਸੰਗਤ ਕਰੇ । ਕੈਸਾ ਕਮਾਲ ਹੈ

SIKHBOOKCLUB.COM

ਕਿ 'ਹਉਮੈ' ਗਵਾਇਆਂ ਸਭ ਉਪਮਾ ਸ਼ੁਰੂ ਕਰ ਦੇਣਗੇ। ਹਉਮੈਂ ਹੀ ਪ੍ਰਭੂ ਤੇ ਲੋਕਾਂ ਤੋਂ ਦੂਰ ਲੈ ਜਾਂਦੀ ਹੈ। ਜਿਸ ਨੂੰ ਜਨਮ ਮਰਨ ਦਾ ਭੈ ਖਾਂਦਾ ਹੈ ਉਹ ਨਿਸ਼ਾਨੇ ਵੱਲ ਵਧਦੇ ਸਾਧ ਪੁਰਸ਼ਾਂ ਦੀ ਸ਼ਰਨ ਜਾ ਲਵੇ। ਜਪਨਾ ਅਤੇ ਉਸ ਦਾ ਦੀਦਾਰ ਪਾਉਣਾ ਬੜੇ ਦੂਰ ਦੀ ਗੱਲ ਹੈ। ਜੇ ਸਿਰਫ ਕਿਸੇ ਨੂੰ ਦੁਨਿਆਵੀ ਖ਼ਾਹਿਸ਼ਾਂ ਦੀ ਤ੍ਰਿਹ ਦੀ ਥਾਂ ਵਾਹਿਗੁਰੂ ਦੇ ਦੀਦਾਰ ਦੀ ਪਿਆਸ ਹੀ ਲੱਗ ਜਾਏ ਤਾਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਤੋਂ ਮੈਂ ਹਮੇਸ਼ਾ ਸਦਕੇ ਹਾਂ। ਧੰਨ ਉਹ ਹੈ ਗੁਰੂ ਪਾਤਸ਼ਾਹ ਦੀ ਨਜ਼ਰ ਵਿਚ ਜਿਸ ਘੱਟ ਤੋਂ ਘੱਟ ਆਪਣੀਆਂ ਦੁਨੀਆਵੀ ਤ੍ਰਿਹਾਂ ਮਿਟਾ ਦਿਤੀਆਂ ਹਨ। ਬੜੀ ਸੁੱਖ ਦੀ ਨੀਂਦ ਸੌਂਦਾ ਹੈ ਉਹ ਜਿਸ ਨੂੰ ਸਿਰਫ ਨਾਮ ਦੀ ਭੁੱਖ ਲੱਗ ਜਾਏ। **'ਨੀਂਦ ਸੁਹੇਲੀ, ਨਾਮ ਕੀ ਲਾਗੈ ਭੂਖ।** ੫।

**ਸ਼ਬਦ ਭਾਵ :**

**ਚਾਰਿ ਪਦਾਰਥ** : ਜ਼ਿੰਦਗੀ ਦੇ ਸਾਰੇ ਸੁਹਜ ਸਵਾਦ ਦੇ ਸਾਮਾਨ। (Life with its graces). ਇਨ੍ਹਾਂ ਦੀ ਗਿਣਤੀ ਚਾਰ ਕੀਤੀ ਹੈ। ਧਰਮ, ਅਰਥ, ਕਾਮ ਤੇ ਮੋਖ।

**ਧਰਮ** : ਸਭ ਇਖ਼ਲਾਕੀ ਤੇ ਧਾਰਮਿਕ ਫ਼ਰਾਇਜ ਦਾ ਪੂਰਾ ਹੋ ਜਾਣ ਤੇ ਹਕੂਕ ਮਿਲੀ ਜਾਣੇ। (Law of ethical actions)

**ਅਰਥ** : ਸੰਸਾਰਕ ਲੋੜਾਂ ਦੀ ਪੂਰਤੀ। ਵਡੇ ਮਾਅਨਿਆਂ ਵਿਚ ਨਿਤ ਦੀ ਜ਼ਿੰਦਗੀ ਦੇ ਘੋਲ ਦਾ ਮੁੱਕ ਜਾਣਾ। ਇਥੋਂ ਹੀ ਅਰਥ ਸ਼ਾਸਤ੍ਰ ਹੋਂਦ ਵਿਚ ਆਏ।

**ਕਾਮ** : ਗ੍ਰਿਹਿਸਤ ਤੇ ਹੋਰ ਟੱਬਰ ਦੀਆਂ ਜ਼ਿੰਮੇਵਾਰੀਆਂ ਦਾ ਸਫਲਤਾ ਸਹਿਤ ਪੂਰਨ ਹੋਣਾ। (Science of pleasure and love) ਜਿਸ ਨੂੰ ਗੁਰਬਾਣੀ ਵਿਚ 'ਹਸੰਦਿਆਂ, ਖੇਲੰਦਿਆਂ, ਪਹਨੰਦਿਆਂ, ਖਾਵੰਦਿਆਂ ਵਿਚੇ ਹੋਵੈ ਮੁਕਤਿ' ਕਿਹਾ ਹੈ।

**ਮੋਖ** : ਪਕੜਾਂ ਵਿਚ ਨ ਪੈਂਦੇ ਜੀਂਦੇ-ਜੀਅ ਮੰਜ਼ਲ ਨੂੰ ਪਾ ਲੈਣਾ। (The final aim)

**ਸੇਵਾ ਲਾਗੈ** : ਨੇੜੇ ਹੋਏ। ਪਿਛੇ ਟੁਰੇ। (Follow)

**ਸਦ** : ਹਮੇਸ਼ਾ।

**ਲੋਰੈ** : ਚਾਹੁੰਦਾ ਹੈ।

**ਦਰਸ ਪਿਆਸਾ** : ਦਰਸ਼ਨ ਦੀ ਪਿਆਸ। (A thirst for the vision)

**ਬਲਿ ਬਲਿ** : ਕੁਰਬਾਨ ਹਾਂ। ਉਸ ਦੀ ਸਿਫਤ ਕਰਦੇ ਨਾ ਥੱਕਾਂ। ੫।

## ਛੇਵੀਂ ਪਉੜੀ

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥
ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ ॥
ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥


www.sikhbookclub.com

ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥
ਸੂਖ ਦੂਖ ਜਨ ਸਮ ਦ੍ਰਿਸਟੇਤਾ ॥
ਨਾਨਕ ਪਾਪ ਪੁੰਨ ਨਹੀ ਲੇਪਾ ॥ ੬ ॥

**ਵਿਸਥਾਰ**

ਹੁਣ ਦਸਦੇ ਹਨ ਕਿ ਉਹ ਹੀ ਹੈ ਅਸਲ ਵਿਚ ਵਡਾ ਪੁਰਖ ਜਿਸ ਹਉਂ ਦਾ ਅਭਾਵ ਕਰ ਦਿਤਾ ਹੈ। ਮਨੁੱਖ ਦੇ ਨੀਵੇਂਪਣ ਦਾ ਵੱਡਾ ਕਾਰਨ ਆਪਣੀ 'ਹਉਂ' ਹੈ, ਭਾਵੇਂ ਉਹ ਜਾਤੀ ਹੈ ਜਾਂ ਜਮਾਤੀ। ਕਹਿੰਦੇ ਹਨ ਕਿ ਕਿਸੇ ਪਦ-ਪਦਵੀ-ਪਦਾਰਥ ਕਰਕੇ ਕਿਸੇ ਨੂੰ ਵੱਡਾ ਮਨੁੱਖ ਨਾ ਆਖੋ। ਮਨੁੱਖਾਂ ਵਿਚੋਂ ਵੱਡਾ ਉਸ ਨੂੰ ਹੀ ਮੰਨੋ ਜਿਸ ਆਪਣੀ ਹਉਂ ਦਾ ਅਭਾਵ ਕਰ ਲਿਆ ਹੈ ਤੇ ਕੀਤਾ ਵੀ ਸਾਧ ਸੰਗਤ ਵਿਚ ਜਾ ਕੇ। ਕਿਸੇ ਜਾਪ, ਤਾਪ, ਧੂਮ, ਕ੍ਰਿਆ ਨਾਲ ਨਹੀਂ ਕੀਤਾ। ਕਿਉਂਕਿ ਜਾਪ, ਤਾਪ ਤਾਂ ਅਭਿਮਾਨ ਵਧਾਉਣ ਦਾ ਹੀ ਕਾਰਨ ਬਣਦੇ ਹਨ। ਇਕ ਅਟਲ ਸਚਾਈ ਹੈ ਜੋ ਆਪਣਾ ਨਿਮਾਣਾਪਣ ਜਾਣ ਲੈਂਦਾ ਹੈ ਉਹ ਫਿਰ ਫੜ੍ਹਾਂ ਨਹੀਂ ਮਾਰਦਾ। ਨ੍ਰਿਮਤਾ ਵਿਚ ਵਿਚਰਦਾ ਹੈ। ਨਿਮ੍ਰਤਾ ਵਾਲੇ ਨੂੰ ਹੀ ਉੱਚਾ ਗਿਣੋ। ਹੰਕਾਰੀ ਤਾਂ ਆਪਣੇ ਨੀਵੇਂਪਣ ਵਿਚ ਹੀ ਸੜ ਰਹਿਆ ਹੈ। ਜਿਸ ਨੇ ਕਦੇ ਹਉਮੈ ਦਾ ਦਾਅ ਨਹੀਂ ਖਾਧਾ, ਸਦਾ ਨਿਮ੍ਰਤਾ ਵਿਚ ਵਿਚਰਿਆ ਹੈ, ਆਪਣੇ ਹਿਰਦੇ ਵਾਂਗ ਹੀ ਹਰ ਹਿਰਦੇ ਪ੍ਰਭ ਦੇ ਹੋਂਦੇ ਪ੍ਰਕਾਸ਼ ਨੂੰ ਤੱਕ ਲੈਂਦਾ ਹੈ। ਜਿਸ ਆਪਣੇ ਹਿਰਦਿਉਂ ਦੂਈ ਕੱਢ ਦਿਤੀ, ਕਿਸੇ ਦਾ ਬੁਰਾ ਤਕ ਨ ਚਿਤਵਿਆ ਤਾਂ ਸਾਰੇ ਆਪਣੇ ਹੀ ਪਏ ਲੱਗਣਗੇ। ਪ੍ਰਭੂ ਦੀ ਸਾਰੀ ਸਾਜੀ ਸ੍ਰਿਸ਼ਟੀ ਨੂੰ ਪ੍ਰੇਮ ਨਿਗਾਹ (ਪੇਖੈ ਸਾਜਨਾ) ਨਾਲ ਤੱਕਿਆ, ਉਸ ਨਿਮ੍ਰਤਾ ਵਾਲੇ ਸੱਜਣ (ਜਨ) ਨੂੰ ਐਸੀ ਦ੍ਰਿਸ਼ਟੀ ਮਿਲ ਜਾਂਦੀ ਹੈ ਕਿ ਦੁੱਖ ਸੁੱਖ ਸਮ ਕਰ ਦੇਖ ਸਕੇਗਾ। ਨਾ ਦੁੱਖ ਵਿਚ ਝਉਂ ਜਾਏਗਾ ਅਤੇ ਨਾ ਹੀ ਸੁੱਖ ਵਿਚ ਆਫਰੇਗਾ। ਇਥੇ ਹੀ ਬਸ ਨਹੀਂ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਪਾਪ ਪੁੰਨ ਦੇ ਝੇੜੇ ਜੋ ਕਰਮਕਾਂਡੀਆਂ ਪਾ ਰੱਖੇ ਹਨ ਉਨ੍ਹਾਂ ਵਿਚ ਵੀ ਨਹੀਂ ਉਲਝੇਗਾ। ੬।

**ਸ਼ਬਦ ਭਾਵ :**

**ਪੁਰਖੁ ਪ੍ਰਧਾਨੁ** : ਮਹਾਂ ਪੁਰਸ਼ (Man Supreme)। ਸੁਪਰ ਮੈਨ ਨਹੀਂ ਆਖ ਰਹੇ ਕਿਉਂਕਿ ਸੁਪਰ ਮੈਨ ਕਹਿਆਂ ਹੀ ਨਸਲ ਦਾ ਅਭਿਮਾਨ ਆ ਜਾਂਦਾ ਹੈ। ਮਹਾਂ ਪੁਰਸ਼ ਵਿਚ ਤਾਂ ਨਾ ਜਾਤ ਦਾ, ਨਾ ਜਮਾਤ ਦਾ, ਨਾ ਨਸਲ ਦਾ ਅਤੇ ਨਾ ਹੀ ਥਾਂ ਦਾ ਅਭਿਮਾਨ ਹੁੰਦਾ ਹੈ।

**ਗਣੀਐ** : ਜਾਣੀਐ। (know)

**ਹੀਣਾ** : ਧੂੜ।

**ਘਟਿ ਘਟਿ** : ਹਰ ਇਕ ਹਿਰਦੇ।

**ਚੀਨਾ** : ਤੱਕ ਲਿਆ। (Seen).

 www.sikhbookclub.com

**ਪੇਖੈ, ਸਗਲ ਸ੍ਰਿਸਟਿ,**

**ਸਾਜਨਾ :** ਸੱਜਣ ਦੀਆਂ ਅੱਖਾਂ ਨਾਲ ਸਾਰੀ ਸ੍ਰਿਸ਼ਟੀ ਵੇਖੇ। ਪਿਆਰ ਦੀ ਨਿਗਾਹ ਨਾਲ ਦੁਨੀਆਂ ਨੂੰ ਤੱਕੇ। ਫਿਰ ਨਾ ਕੋਈ ਦੁੱਖ ਤੇ ਨਾ ਸੁੱਖ। ਨਾ ਕੋਈ ਚੰਗਾ ਤੇ ਕੋਈ ਮੰਦਾ ਦਿਸੇਗਾ। ਸਾਰੀ ਸ੍ਰਿਸ਼ਟੀ ਹੀ ਸੱਜਣ ਦਿਸਣ ਲਗ ਪਵੇਗੀ। ਇਕ ਹੰਕਾਰ ਮੁਕਾਇਆਂ ਕਿਤਨਾ ਕੁਝ ਪ੍ਰਾਪਤ ਹੋ ਗਿਆ।

**ਪਾਪ ਪੁੰਨ**

**ਨਹੀ ਲੇਪਾ :** ਪਾਪ ਪੁੰਨ ਦੇ ਝਮੇਲੇ ਨਹੀਂ ਰਹਿਣਗੇ। ਇਹ ਪਾਪ ਪੁੰਨ ਦੇ ਝੇੜੇ ਜੋ ਫਲਸਫੀਆਂ, ਕਰਮ ਕਾਂਡੀਆਂ ਪਾਏ ਹਨ ਇਨ੍ਹਾਂ ਤੋਂ ਉਤਾਂਹ ਹੋ ਜਾਏਗਾ।੬।

## ਸਤਵੀਂ ਪਉੜੀ

ਨਿਰਧਨ ਕਉ ਧਨੁ ਤੇਰੋ ਨਾਉ ॥
ਨਿਥਾਵੇ ਕਉ ਨਾਉ ਤੇਰਾ ਥਾਉ ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥
ਸਗਲ ਘਟਾ ਕਉ ਦੇਵਹੁ ਦਾਨੁ ॥
ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥
ਅਪਨੀ ਗਤਿ ਮਿਤਿ ਜਾਨਹੁ ਆਪੇ ॥
ਆਪਨ ਸੰਗਿ ਆਪਿ ਪ੍ਰਭ ਰਾਤੇ ॥
ਤੁਮ੍ਹਰੀ ਉਸਤਤਿ ਤੁਮ ਤੇ ਹੋਇ ॥
ਨਾਨਕ ਅਵਰੁ ਨ ਜਾਨਸਿ ਕੋਇ ॥ ੭ ॥

**ਵਿਸਥਾਰ**

ਪ੍ਰਭੂ ਤੁਹਾਡੇ ਨਾਮ ਵਿਚ ਇਤਨੀ ਸ਼ਕਤੀ ਹੈ ਕਿ 'ਸੁੰਨੇ ਜੀਵਨ' (ਨਿਰਧਨ) ਵਾਲੇ ਨੂੰ ਤੁਸੀਂ ਮਕਸਦ ਭਰਿਆ ਬਣਾ ਦੇਂਦੇ ਹੋ। ਉਸ ਦੀ ਭਟਕਨਾ ਮੂਲੋਂ ਮੁਕਾ ਦੇਂਦੇ ਹੋ, ਜਿਸ ਦਾ ਕਿਧਰੇ ਟਿਕਾਣਾ ਨਹੀਂ, ਕੋਈ ਢੋਈ ਨਹੀਂ ਦੇਂਦਾ ਉਸ ਨੂੰ ਤੁਸੀਂ ਪੂਰੀ ਤਰ੍ਹਾਂ ਹਿਫ਼ਾਜ਼ਤ ਵਿਚ ਲੈ ਲੈਂਦੇ ਹੋ। ਜਿਸ ਨੂੰ ਸਮਾਜ ਵਿਚ ਕੋਈ ਆਦਰ ਨਹੀਂ ਦੇਂਦਾ, ਤੁਹਾਡੀ ਹਜ਼ੂਰੀ ਮਿਲ ਜਾਏ ਤਾਂ ਉਹ ਆਪਣੀ ਨਜ਼ਰ ਵਿਚ ਵੀ ਉੱਚਾ ਹੋ ਜਾਂਦਾ ਹੈ ਤੇ ਸਮਾਜ ਵੀ ਆਦਰ ਦੇਂਦਾ ਹੈ। ਤੁਸੀਂ ਹੀ ਹਰ ਇਕ ਜੀਵ ਵਿਚ ਆਤਮ ਸਨਮਾਨ ਦੀ ਦਾਤ ਭਰ ਦੇਂਦੇ ਹੋ, ਜਿਸ ਕਾਰਨ ਉਹ ਫਿਰ ਨਿਮਾਣਾ ਨਹੀਂ ਰਹਿੰਦਾ। ਤੁਸੀਂ ਹੀ ਪ੍ਰਭੂ ਮਾਲਕ ਹੋ, ਸਿਰਜਨਹਾਰ ਹੋ ਤੇ ਕਾਮਿਲ ਮੂਲ ਕਰਤਾ ਹੋ। ਜੀਵ ਆਪਣੇ ਆਪ ਕੁਝ ਨਹੀਂ ਕਰਨ ਜੋਗਾ। ਤੁਸੀਂ ਹੋ ਜੋ ਅੰਦਰ ਤੇ ਨਿਯੰਤ੍ਰਨ ਰੱਖਕੇ ਸ਼ਖ਼ਸੀਅਤ ਖੰਡਿਤ ਨਹੀਂ ਹੋਣ ਦੇਂਦੇ। ਤੁਸੀਂ ਹੀ ਆਪਣੀ ਕੁਤ ਤੇ ਮਿਤ ਜਾਣਦੇ ਹੋ। ਤੁਹਾਡਾ ਕੋਈ ਅੰਦਾਜ਼ਾ ਤੱਕ ਨਹੀਂ ਲਗਾ ਸਕਦਾ। ਤੁਹਾਡਾ ਆਪਣੇ ਆਪ ਨਾਲ ਜੋ ਹਿਤ ਹੈ, ਇਹ ਹੀ ਤੁਹਾਡੇ ਆਪਣੇ ਨਾਲ ਹਿਤ ਹੈ, ਇਹ ਹੀ ਸਾਰੇ ਜੀਵਾਂ ਵਿਚ ਸਮਾਇਆ ਹੈ, ਤਾਂ ਹੀ ਤੁਹਾਡੀ ਖਿੱਚ ਹਰ ਜੀਵ ਨੂੰ ਪੈਂਦੀ ਹੈ। ਸੋ ਜੇ ਕੋਈ ਇਹ ਆਖੇ ਕਿ ਉਹ ਤੁਹਾਡੀ ਉਪਮਾ ਕਰ ਸਕਦਾ ਹੈ ਤਾਂ

 www.sikhbookclub.com

ਨਿਰਮੂਲ ਹੈ। ਤੁਹਾਡੀ ਗਤਿਮਿਤ ਕੋਈ ਜਾਣਦਾ ਨਹੀਂ ਇਸ ਲਈ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਕੋਈ ਵੀ ਨਿਮਾਣਾ ਨਿਤਾਣਾ ਜੀਵ ਤੁਹਾਡੀ ਸਿਫਤ ਕਰਨ ਦੇ ਕਾਬਲ ਨਹੀਂ ਹੈ। ੭।

**ਸ਼ਬਦ ਭਾਵ :**

**ਧਨ** : ਇਥੇ ਧਨ, ਦੌਲਤ ਦੇ ਭਾਵ ਵਿਚ ਨਹੀਂ ਵਰਤਿਆ। ਜਦ ਮਕਸਦ ਦਾ ਪਤਾ ਲਗ ਜਾਏ ਤਾਂ ਜੀਵਨ ਕਿਸੇ ਯੋਗ ਹੋ ਜਾਂਦਾ ਹੈ। (A purpose that makes living worth while)

**ਨਿਥਾਵੇ** : ਜਿਸ ਦਾ ਕੋਈ ਘਰ ਟਿਕਾਣਾ ਨਹੀਂ। (Homeless)

**ਨਿਮਾਣੇ** : ਜਿਸ ਦਾ ਸਮਾਜ ਵਿਚ ਕੋਈ ਸਥਾਨ ਨਹੀਂ।

**ਮਾਨੁ** : ਆਤਮ ਸਨਮਾਨ। (Self-Esteem).

**ਦਾਨੁ** : ਦਾਤ, ਆਤਮ ਭਾਵ ਦੀ। (Self-Regard)

**ਕਰਨ ਕਰਾਵਨਹਾਰ** : ਮੂਲ ਕਰਤਾ। (Efficient Cause)

**ਅੰਤਰਜਾਮੀ** : ਅੰਦਰਲੇ ਤੇ ਨਿਯੰਤ੍ਰਣ ਰੱਖਣ ਵਾਲੇ ਹੋ। ਸ਼ਖਸੀਅਤ ਨੂੰ ਸਾਬਤ ਰਖਦੇ ਹੋ। ਖੰਡਿਤ ਨਹੀਂ ਹੋਣ ਦੇਂਦੇ।

SIKHBOOKCLUB.COM

**ਗਤਿ** : ਕੂਤ। ਸੱਤਾ। (Essence).

**ਮਿਤਿ** : ਅੰਦਾਜ਼ਾ (Measure).

**ਰਾਤੇ** : ਪਿਆਰ। ਮਗਨ।

**ਅਵਰੁ** : ਹੋਰ। (No Other). ੭.

## ਅਠਵੀਂ ਪਉੜੀ

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥
ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ੮ ॥ ੩ ॥

**ਵਿਸਥਾਰ**

ਆਰੰਭ ਵਿਚ ਸੰਸਾਰ ਜੋ ਧਰਮ, ਕਰਮ, ਕਿਰਿਆ, ਜਤਨ, ਉਦਮ ਬਾਣੀ ਤੇ ਪਾਵਨ ਅਸਥਾਨ ਸਮਝਦੇ ਸਨ, ਉਨ੍ਹਾਂ ਦਾ ਜ਼ਿਕਰ ਕੀਤਾ ਸੀ। ਦਸਿਆ ਸੀ ਕਿ ਲੋਕੀਂ ਧਰਮ ਸਮਝਦੇ ਹਨ ਜਾਪ, ਤਾਪ, ਗਿਆਨ। ਕਰਮ ਜਾਣਦੇ ਹਨ ਜੋਗ ਅਭਿਆਸ। ਕਿਰਿਆ ਮਿਥਦੇ ਹਨ ਘਰ, ਬਾਹਰ ਛੱਡ ਬੈਠਣਾ।

ਜਤਨ, ਫੜਨਾ ਲਿਆ ਸੀ : ਵਰਤ, ਹੋਮ, ਯਗ ਸਰੀਰ ਨਸ਼ਟ ਕਰਨਾ।
ਉਦਮ ਗਿਣ ਲਿਆ : ਇਸ਼ਨਾਨ ਤੇ ਤੀਰਥ ਯਾਤਰਾ।
ਬਾਣੀ ਮੰਨ ਲਈ : ਰਮਾਇਣ ਤੇ ਮਹਾਂਭਾਰਤ।
ਥਾਂ ਮਿਥ ਲਏ : ਅਠਾਰਹ ਤੀਰਥ।

ਹੁਣ ਗੁਰੂ ਜੀ ਦਸਦੇ ਹਨ ਕਿ ਉਹ ਕਿਸ ਨੂੰ ਧਰਮ, ਕਰਮ, ਕਿਰਿਆ, ਜਤਨ, ਉਦਮ, ਬਾਣੀ ਤੇ ਪਾਵਨ ਅਸਥਾਨ ਗਿਣਦੇ ਹਨ।

ਸਭ ਤੋਂ ਉੱਚਾ ਧਰਮ ਤੇ ਜੀਵਨ ਜਾਚ ਇਹ ਹੈ ਕਿ ਸਿਮਰਨ ਤੇ ਸ਼ੁੱਧ ਆਚਰਣ ਰਾਹੀਂ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਕਰਨੀ। ਸਭ ਤੋਂ ਸ੍ਰੇਸ਼ਟ ਕਿਰਿਆ ਹੈ, ਪੁੱਗਿਆਂ ਪੁਰਸ਼ਾਂ ਦੀ ਸੰਗਤ ਕਰ ਅੰਦਰ ਦੀ ਮੈਲ ਸਾਫ਼ ਕਰਨੀ। ਸਭ ਉੱਦਮਾਂ ਨਾਲੋਂ ਸਹੀ ਉੱਦਮ ਹੈ, ਵਾਹਿਗੁਰੂ ਦੀ ਹਜ਼ੂਰੀ, ਸਦਾ ਕਾਇਮ ਰੱਖਣ ਲਈ ਸਿਮਰਨ ਦੀ ਘਾਲ ਕਰੀ ਜਾਣੀ। ਸਭ ਬਾਣੀਆਂ ਵਿਚ ਉਹ ਹੀ ਸਦਾ ਰਹਿਣ ਵਾਲੀ ਮਿੱਠੀ ਬਾਣੀ ਹੈ ਜਿਸ ਨੂੰ ਸੁਣਦੇ ਹੀ ਰਸਨਾ ਵਾਹਿਗੁਰੂ ਦੇ ਗੁਣ ਗਾਣ ਲਗ ਪਵੇ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਸਭ ਥਾਵਾਂ ਤੋਂ ਪਾਵਨ ਥਾਂ ਗੁਰੂ ਹਿਰਦਾ ਹੈ ਅਤੇ ਹਿਰਦਾ ਵੀ ਉਹ ਜਿਥੇ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਹੋ ਗਿਆ ਹੈ।

ਕਿਸ ਸਹਿਜਤਾ ਨਾਲ ਸਿੱਖ ਆਸ਼ੇ ਦੀ ਵਿਲੱਖਣਤਾ (Uniqueness) ਵੀ ਦੱਸ ਗਏ ਅਤੇ ਸਿੱਖ ਨੂੰ ਧਰਮ, ਕਰਮ, ਕਿਰਿਆ, ਜਤਨ, ਉਦਮ, ਇਸ਼ਨਾਨ ਤੇ ਤੀਰਥਾਂ ਤੋਂ ਵੀ ਉੱਚਾ ਕਰ ਦਿਤਾ। ੮। ੩।

**ਸ਼ਬਦ ਭਾਵ :**

**ਧਰਮ** : ਜੋ ਜੀਵਨ ਵਿਚ ਧਾਰਨ ਕੀਤਾ ਜਾਵੇ।
**ਨਿਰਮਲੁ ਕਰਮ** : ਸ਼ੁੱਭ ਆਚਰਨ। (Good Conduct)
**ਦੁਰਮਤਿ** : ਕੋਝੀ ਮੱਤ। (Foul Thinking)
**ਮਲੁ ਹਿਰਿਆ** : ਅੰਦਰ ਦੀ ਮੈਲ ਨੂੰ ਨਸ਼ਟ ਕਰਨਾ।
**ਭਲਾ** : ਚੰਗਾ। ਸਹੀ।
**ਅੰਮ੍ਰਿਤ ਬਖਾਨੀ** : ਸਦਾ ਰਹਿਣ ਵਾਲੇ ਮਿਠੇ ਬੋਲ। (Word that Edures)
**ਰੋਸਨ ਬਖਾਨੀ** : ਜੀਭਾ ਆਪ ਮੁਹਾਰੇ ਬੋਲਣ ਲਗ ਪਵੇ।
**ਘਟਿ** : ਹਿਰਦੇ ਵਿਚ। ੮। ੩।

---


www.sikhbookclub.com

## ਚੌਥੀ ਅਸ਼ਟਪਦੀ

***ਚੌਥੀ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਇਹ ਮਨੁੱਖ ਇੰਝੇ ਆਫਰ ਕੇ ਹੰਕਾਰ ਦੀ ਪੰਡ ਬਣਿਆ ਹੋਇਆ ਹੈ। ਉਸ ਨੂੰ ਸਮਝਾ ਰਹੇ ਹਨ ਕਿ ਤੂੰ ਤਾਂ ਹਰ ਪਖੋਂ ਅੰਞਾਨ ਹੈਂ, ਨਿਆਣਾ ਹੈਂ। ਤੇਰਾ ਆਪਣੇ ਆਪ ਕਰਕੇ ਕੋਈ ਗੁਣ ਨਹੀਂ। ਪਹਿਲਾਂ ਦਸਦੇ ਹਨ ਕਿ ਤੇਰੀ ਪਾਯਾ ਹੀ ਕੀ ਸੀ। ਕੀ ਸੀ ਤੇਰੀ ਹੋਂਦ (ਮੂਲ) ਤੇ ਹੁਣ ਦੇਖ ਕੈਸੀ ਸੁਹਣੀ ਸੂਰਤ ਬਣ ਗਈ। ਇਹ ਕੋਈ ਤੇਰੇ ਆਪਣੇ ਕਾਰਨ ਤਾਂ ਨਹੀਂ ਹੋਈ। ਜੀਆ ! ਜਿਸ ਨੇ ਇਤਨੀ ਸੁਹਣੀ ਦੇਹੀ ਘੜੀ ਹੈ ਉਸ ਨੂੰ ਨਾ ਭੁਲਾ।

ਫਿਰ ਵਾਹਿਗੁਰੂ ਦੀਆਂ ਰਹਿਮਤਾਂ ਨਾਲੋ ਨਾਲ ਗਿਣਾਂਦੇ ਜਾਂਦੇ ਹਨ ਅਤੇ ਸਿਆਣੇ ਦੀ ਇਯਾਨਪ ਵੀ ਨਾਲ ਨਾਲ ਹੀ ਦੱਸੀ ਜਾਂਦੇ ਹਨ। ਇਯਾਣਾਪਣ ਦੀ ਇਕ ਨਿਸ਼ਾਨੀ ਤਾਂ ਇਹ ਹੈ ਕਿ ਜੀਵ ਅੰਦਰੋਂ ਪਸ਼ੂਪੁਣਾ ਗਵਾ ਨਹੀਂ ਸਕਿਆ। ਸਿਰਫ ਛਲ-ਵਿਖਾਵੇ (ਲੋਕ ਪਚਾਰਾ) ਨਾਲ ਕੰਮ ਰੇੜ੍ਹੀ ਰਖਣਾ ਚਾਹੁੰਦਾ ਹੈ। ਇਸ ਥਾਂ **'ਕਰਤੂਤ ਪਸੂ'** ਤੇ **'ਮਾਨਸ ਜਾਤ ਵਾਲਾ'** ਜੋ ਦੂਹਰਾ ਰੂਪ (Dual personality) ਬਣਾ ਜੀਵਨ ਜੀਉ ਰਹਿਆ ਹੈ, ਮੁਕਣ ਵਿਚ ਨਹੀਂ ਆਵੇਗਾ। ਜਦ ਤਕ ਕੋਈ ਬਾਂਹ ਪਕੜ ਰਾਹ ਨਾਂਹ ਦੱਸੇ ਇਹ ਦੂਹਰਾਪਣ ਨਹੀਂ ਮੁਕਣਾ। ਇਹ ਇਯਾਣਾ ਤਾਂ ਉਨ੍ਹਾਂ ਚੀਜ਼ਾਂ ਨਾਲ ਹੀ ਪਰਚ ਰਹਿਆ ਹੈ ਜੋ ਨਾਲ ਨਹੀਂ ਨਿਭਣੀਆਂ। ਸੋ ਇਸ ਨੂੰ ਇਹ ਦਰਸਾਉਣ ਲਈ ਕਿ 'ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ' ਹਨ, ਅਰਦਾਸ ਕਰਨ ਦੇ ਰਾਹ ਪਾਉਂਦੇ ਹਨ। ਇਕ ਗੱਲ ਹੋਰ ਚੇਤੇ ਰੱਖਣ ਵਾਲੀ ਹੈ ਕਿ ਸਿੱਖ ਧਰਮ ਮਾਂ ਧਰਮ ਹੈ। ਇਸ ਵਿਚ ਤਾੜਨਾ ਤਾਂ ਹੈ ਪਰ ਸਜ਼ਾ ਦੇਣ ਦੀ ਭਾਵਨਾ ਨਹੀਂ। ਮਾਂ ਕੀ ਕਰਦੀ ਹੈ ? ਰੋਜ਼ ਦੇਖਣ ਵਿਚ ਆਇਆ ਕਿ ਜੇ ਬੱਚਾ ਗਲਤੀ ਕਰੇ ਤਾਂ ਬੱਚੇ ਨੂੰ ਪਕੜ ਕੇ ਪਿਤਾ ਪਾਸ ਲੈ ਜਾਂਦੀ ਹੈ। ਉਸ ਦੇ ਔਗੁਣ ਦਰਸਾ ਕੇ ਨਾਲ ਹੀ ਕਹਿ ਦੇਂਦੀ ਹੈ; ਮਾਰਿਆ ਨਾ ਜੇ। ਇਸੇ ਤਰ੍ਹਾਂ ਗੁਰੂ ਪਾਤਸ਼ਾਹ ਇਸ ਅਸ਼ਟਪਦੀ ਵਿਚ ਕਰਦੇ ਦਿਸਦੇ ਹਨ। ਸਾਡੇ ਅਉਗੁਣ ਜੋ ਬੇਅੰਤ ਹਨ ਦਰਸਾ ਰਹੇ ਹਨ ਕਿ ਰਤਨ ਤਿਆਗ ਰਹਿਆ ਹੈ, ਸੱਚ ਛੱਡ, ਝੂਠ ਵਿਚ ਮਜ਼ਾ ਲੈ ਰਹਿਆ ਹੈ। ਕਰਤੂਤ ਪਸੂ ਦੀ ਹੈ ਪਰ 'ਬਖਸ਼ਿ ਲੇਹੁ','ਕਾਢਿ ਲੇਹੁ','ਰਾਖਿ ਲੇਹੁ', ਦਾਤੇ ਇਸ ਇਯਾਣੇ ਨੂੰ। ਹਰ ਪਉੜੀ ਦੀ ਅੰਤਲੀ ਤੁਕ ਤਕਰੀਬਨ ਇਸ ਬੇਨਤੀ ਨਾਲ ਹੀ ਸਮਾਪਤ ਕਰਦੇ ਹਨ।

### *ਸਲੋਕੁ ॥*

**ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ।**
**ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ । ੧ ।**

***ਵਿਸਥਾਰ***

ਹੇ ਗੁਣਾਂ ਤੋਂ ਵਿਰਵੇ ਤੇ ਬਾਲ-ਸੂਝ ਵਾਲੇ ਜੀਵ ! ਉਸ ਮਾਲਕ ਨੂੰ ਚੇਤੇ ਵਿਚ ਰੱਖ ਜਿਸ ਨੇ ਤੇਰਾ ਇਥੇ-ਉਥੇ ਸਹਾਰਾ ਹੋਣਾ ਹੈ। ਉਸ ਨੂੰ ਯਾਦ ਕੀਤਿਆਂ ਗੁਣਾਂ ਵਾਲਾ ਹੋਵੇਂਗਾ ਤੇ ਬਾਲ ਸਮਝ ਮੁੱਕੇਗੀ। ਇਥੇ ਸੁੱਖ ਮਾਣੇਂਦਿਆਂ ਵਿਕਾਰਾਂ ਵਿਚ ਨਹੀਂ ਫਸੇਂਗਾ ਤੇ ਅੱਗੇ ਆਦਰ ਮਿਲੇਗਾ।

 www.sikhbookclub.com

**ਸ਼ਬਦ ਭਾਵ :**

**ਨਿਰਗੁਨੀਆਰ** : ਗੁਣਾਂ ਤੋਂ ਖ਼ਾਲੀ। (Devoid of merits)
**ਇਆਨਿਆ** : ਹੁਣੇ ਆਇਆ। ਜਿਸ ਨੂੰ ਕੁਝ ਪਤਾ ਨਾ ਹੋਵੇ। ਸੂਝ ਜਿਸ ਦੀ ਪੱਕੀ ਨਾ ਹੋਵੇ। (Approaching Babe)
**ਸਮਾਲਿ** : ਸੰਭਾਲ ਕੇ ਰੱਖ। (Take care of).

**ਪਹਿਲੀ ਪਉੜੀ**

**ਰਮਈਆ ਕੇ ਗੁਨ ਚੇਤਿ ਪਰਾਨੀ ॥**
**ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥**
**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥**
**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥**
**ਭਰਿ ਜੋਬਨ ਭੋਜਨ ਸੁਖ ਸੂਧ ॥**
**ਬਿਰਧਿ ਭਇਆ ਊਪਰਿ ਸਾਕ ਸੈਨ ॥**
**ਮੁਖਿ ਅਪਿਆਉ ਬੈਠ ਕਉ ਦੈਨ ॥**
**ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥**
**ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥**

**ਵਿਸਥਾਰ**

ਹੁਣ ਗੁਰੂ ਪਾਤਸ਼ਾਹ ਦਸਦੇ ਹਨ ਕਿ ਕਿਉਂ ਉਸ ਦਾ ਚੇਤਾ ਸੰਭਾਲ ਕੇ ਰੱਖੀਏ। ਇਸ ਲਈ ਕਿ ਉਸ ਨੇ ਬੇਅੰਤ ਰਹਿਮਤਾਂ ਕੀਤੀਆਂ ਹਨ। ਫ਼ਰਮਾਂਦੇ ਹਨ :

ਹੇ ਆਤਮ-ਜੀਵ ! ਹਰ ਥਾਂ ਸਮਾਏ ਪ੍ਰਭੂ ਦੀਆਂ ਚੰਗਿਆਈਆਂ ਦੇਖ। ਰਤਾ ਸੋਚ ਕਿ ਕੀ ਸੀ ਤੇਰੀ ਹੋਂਦ ਤੇ ਕੈਸੀ ਸੋਹਣੀ ਹੁਣ ਤੇਰੀ ਸੂਰਤ ਬਣੀ ਹੈ। ਮੂਲ ਤਾਂ ਨਿੱਕੀ ਜਿਹੀ ਬੂੰਦ ਸੀ ਪਰ ਬਣਿਆ ਕੈਸਾ ਸੁੰਦਰ ਖਿੱਚ ਪਾਉਣ ਵਾਲਾ ਆਕਾਰ (ਦ੍ਰਿਸਟਾਨੀ)। ਦੇਖ ਜ਼ਰਾ ਗਹੁ ਨਾਲ ਕਿ ਉਸ ਨੇ ਪਹਿਲਾਂ ਘੜਿਆ, ਫਿਰ ਸੋਹਣੀ ਸ਼ਕਲ ਬਣਾਈ ਅਤੇ ਕੁੱਖ ਦੀ ਭਖਦੀ ਅੱਗ ਵਿਚੋਂ ਸਹੀ ਸਲਾਮਤ ਕੱਢ ਜਨਮ ਦਿਤਾ। ਬੱਚੇ ਦੇ ਰੂਪ ਵਿਚ ਤਾਂ ਮਾਂ ਦੀ ਸ਼ਕਲ ਵਿਚ ਤੈਨੂੰ ਦੁੱਧ ਪਿਲਾਇਆ ਤੇ ਜਦ ਜਵਾਨ ਹੋਇਆ ਤਾਂ ਨਾ ਸਿਰਫ਼ ਖੱਟਣ ਦੇ ਸਾਧਨ ਜੁਟਾਏ ਸਗੋਂ ਨਾਲ ਹੋਸ਼ ਵੀ ਦਿਤੀ ਕਿ ਇਨ੍ਹਾਂ ਸੁੱਖ ਦੇ ਸਮਾਨਾਂ ਦਾ ਸਵਾਦ ਨਾਲ ਭੁੰਚਨ ਕਿਵੇਂ ਕਰਨਾ ਹੈ। **'ਸੁਖ ਸੂਧ'**। ਜਦ ਬੁਢੇਪਾ ਆਇਆ ਤਾਂ ਰਿਸ਼ਤੇਦਾਰ (ਸਾਕ) ਤੇ ਕਿਤਨੇ ਹੀ ਨਿਕਟਵਰਤੀ (ਸੈਨ) ਬਣਾ ਦਿਤੇ ਜੋ ਬੈਠੇ ਬਿਠਾਏ ਹੀ ਸੰਭਾਲ ਕਰਦੇ ਰਹੇ। ਵਾਹਿਗੁਰੂ ! ਇਹ ਜੀਵ ਮੂਲਕ ਤੌਰ ਤੇ ਹੀ ਅੰਜਾਣ ਹੈ ਤੇ ਇਸ ਨੂੰ ਸਹੀ ਸੂਝ ਨਹੀਂ। ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਦ ਤਕ ਆਪ ਜੀ ਦਾ ਰਹਿਮਤ ਭਰਿਆ ਹੱਥ ਇਸ ਇਆਣੇ ਤੇ ਨ ਹੋਵੇ ਇਹ ਆਪ ਜੀ ਦੇ ਪਰਉਪਕਾਰਾਂ ਨੂੰ ਦੇਖ ਹੀ ਨਹੀਂ ਸਕਦਾ। ਸੋ ਮਿਹਰ ਦੀ ਦ੍ਰਿਸ਼ਟੀ ਕਰੋ ਇਸ ਜੀਵ ਤੇ। ੧।

 www.sikhbookclub.com

**ਸ਼ਬਦ ਭਾਵ :**

**ਰਮਈਆ** : ਹਰ ਥਾਂ ਵਿਆਪਕ। (All pervasive)

**ਕਵਨ ਮੂਲ** : ਕੀ ਹੈ ਇਸ ਦੀ ਅਸਲੀਅਤ, ਹੋਂਦ ? (What thy essence)

**ਦ੍ਰਿਸਟਾਨੀ** : ਖਿੱਚ ਪਾਉਂਦੀ ਸੂਰਤ।

**ਸਵਾਰਿ ਸੀਗਾਰਿਆ** : ਕਲਾਕਾਰੀ ਹੱਥਾਂ ਨਾਲ ਸੋਹਣਾ ਰੂਪ ਦਿਤਾ।

**ਸੁਖ ਸੂਧ** : ਸੁੱਖਾਂ ਨੂੰ ਸਹੀ ਤਰ੍ਹਾਂ ਮਾਨਣ ਦੀ ਹੋਸ਼। (Awareness)

**ਸਾਕ** : ਰਿਸ਼ਤੇਦਾਰ।

**ਸੈਨ** : ਨਿਕਟਵਰਤੀ। ਟੱਬਰ ਟੀਰ। (Near ones)

**ਅਪਿਆਉ** : ਸਵਾਦੀ। ਮਨ ਪਸੰਦ। ਛੇਤੀ ਹਜ਼ਮ ਹੋਣ ਵਾਲੇ। (Nourishing)

**ਸੀਝੈ** : ਜਾਣੇ। ੧।

## ਦੂਜੀ ਪਉੜੀ

**ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥**
**ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥**
**ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥**
**ਸੁਖਦਾਈ ਪਵਨੁ ਪਾਵਕੁ ਅਮੁਲਾ ॥**
**ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥**
**ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥**
**ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥**
**ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥**
**ਐਸੇ ਦੋਖ ਮੂੜ ਅੰਧ ਬਿਆਪੇ ॥**
**ਨਾਨਕ ਕਾਢਿ ਲੇਹੁ ਪ੍ਰਭ ਆਪ ॥ ੨ ॥**

**ਵਿਸਥਾਰ**

ਕਿਤਨਾ ਕੁਝ ਹੋਰ ਸੁੱਖਾਂ ਦਾ ਸਾਮਾਨ ਪ੍ਰਭੂ ਨੇ ਮੁਹੱਯਾ ਕੀਤਾ ਹੈ ਪਰ ਇਹ ਮੂਰਖ ਮਾਣੀ ਤਾਂ ਚਲਿਆ ਜਾਂਦਾ ਹੈ ਪਰ ਸ਼ੁਕਰ ਵਿਚ ਨਹੀਂ ਆਉਂਦਾ। ਉਨ੍ਹਾਂ ਨਾ-ਸ਼ੁਕਰਿਆਂ ਦਾ ਜ਼ਿਕਰ ਕਰਦੇ ਕਹਿੰਦੇ ਹਨ ਕਿ ਜਿਸ ਦੀ ਮਿਹਰ ਸਦਕਾ ਧਰਤੀ ਤੇ ਹੀ ਬਹਿਸ਼ਤ ਬਣਿਆ ਹੋਇਆ ਹੈ ਅਤੇ ਪੁੱਤਰਾਂ, ਭਰਾਵਾਂ ਮਿੱਤਰਾਂ ਤੇ ਇਸਤ੍ਰੀ ਦੇ ਸਾਥ ਵਿਚ ਮੁਕੰਮਲ ਖ਼ੁਸ਼ੀ ਮਾਣਦਾ ਹੈ। ਜਿਸ ਦੀ ਮਿਹਰ ਸਦਕਾ ਪ੍ਰਾਨ-ਪਰਦਾਤਾ, ਠੰਢਾ ਜਲ ਪੀਂਦਾ ਹੈ ਅਤੇ ਆਰਾਮਦੇਹ ਹਵਾ ਵਿਚ ਸਾਹ ਲੈਂਦਾ ਹੈ ਤੇ ਅਣਮੋਲ ਅਗਨੀ ਦੀ ਵਰਤੋਂ ਕਰਦਾ ਹੈ। ਜਿਸ ਦੀ ਮਿਹਰ ਕਾਰਨ ਜੀਵਨ ਦੇ ਸਭ ਸੁਆਦ ਮਾਣਦਾ ਹੈ। ਚਾਰੇ ਪਾਸੇ ਜਿਸ ਨੇ ਜੀਵਾਂ ਲਈ ਸੁੱਖਾਂ ਦਾ ਬੇਅੰਤ ਸਾਮਾਨ ਖਿਲਾਰ ਕੇ ਰਖਿਆ ਹੈ। ਜਿਸ ਨੇ ਫਿਰ ਹੋਰ ਮਿਹਰ ਕਰਕੇ ਹੱਥ, ਪੈਰ,

SIKHBOOKCLUB.COM

ਕੰਨ, ਅੱਖਾਂ, ਜੀਭਾ ਮਜ਼ਾ ਲੈਣ ਲਈ ਬਖ਼ਸ਼ੀਆਂ ਹਨ। ਬੜਾ ਅਜੀਬ ਹੈ ਕਿ ਇਤਨੀਆਂ ਰਹਿਮਤਾਂ ਕਰਨ ਵਾਲੇ ਵੱਲ ਤਾਂ ਪਿੱਠ ਕਰ ਦਿਤੀ ਜਾਵੇ ਤੇ ਹੋਰਨਾਂ ਸ਼ੈਆਂ ਵਿਚ ਖੱਚਤ ਹੋ ਜਾਇਆ ਜਾਏ। ਇਹ ਹੀ ਤਾਂ ਹੈ ਮਾਯੂਸਕੁਨ, ਮੂੜ੍ਹਪਣ ਅਤੇ ਅੰਧਾਪਣ ਵਾਲੀ ਦਸ਼ਾ ਇਸ ਜੀਵ ਦੀ। ਸੋ ਮਿਹਰ ਕਰਕੇ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ, ਇਸ ਦੁੱਖਦਾਇਕ ਦੁਰਦਸ਼ਾ ਵਿਚੋਂ ਇਸ ਜੀਵ ਨੂੰ ਕੱਢੋ ਤਾਂਕਿ ਤੁਹਾਡੇ ਗੁਣ ਗਾ ਸਕੇ। ੨।

**ਸ਼ਬਦ ਭਾਵ :**

- **ਸੁਖਿ ਬਸਹਿ** : ਸਵਰਗੀ ਸੁੱਖ (Comforts of heaven)
- **ਜਿਹ ਪ੍ਰਸਾਦਿ** : ਜਿਸ ਦੀ ਮਿਹਰ ਸਦਕਾ; ਪ੍ਰਭੂ ਦੀ ਕ੍ਰਿਪਾ।
- **ਧਰ** : ਧਰਤੀ। ਜਗਤ। (Earth)
- **ਬਨਿਤਾ** : ਇਸਤ੍ਰੀ।
- **ਸੀਤਲ** : ਠੰਢਾ। (Cool)
- **ਸੁਖਦਾਈ** : ਪ੍ਰਾਨ-ਪਰਦਾਤੀ। (Life-giving)
- **ਅਮੁਲਾ** : ਅਮੋਲਕ। (Invaluable)
- **ਸਗਲ ਸਮਗ੍ਰੀ** : ਸਭ ਸੁੱਖਾਂ ਦਾ ਸਾਮਾਨ। (Paraphernalia)
- **ਕਰਨ** : ਕੰਨ।
- **ਰਚਨਾ** : ਖੱਚਤ। (Engross)
- **ਦੋਖ** : ਭੈੜੀ ਦਸ਼ਾ, ਮਾਯੂਸਕੁਨ। (Sorry State)
- **ਮੂੜ** : ਬੇਵਕੂਫ।੨।

## ਤੀਜੀ ਪਉੜੀ

ਆਦਿ ਅੰਤਿ ਜੋ ਰਾਖਨਹਾਰੁ ॥
ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥
ਜਾ ਕੀ ਸੇਵਾ ਨਵ ਨਿਧਿ ਪਾਵੈ ॥
ਤਾ ਸਿਉ ਮੂੜਾ ਮਨੁ ਨਹੀ ਲਾਵੈ ॥
ਜੋ ਠਾਕੁਰੁ ਸਦ ਸਦਾ ਹਜੂਰੇ ॥
ਤਾ ਕਉ ਅੰਧਾ ਜਾਨਤ ਦੂਰੇ ॥
ਜਾ ਕੀ ਟਹਲ ਪਾਵੈ ਦਰਗਹ ਮਾਨੁ ॥
ਤਿਸਹਿ ਬਿਸਾਰੈ ਮੁਗਧੁ ਅਜਾਨੁ ॥
ਸਦਾ ਸਦਾ ਇਹੁ ਭੂਲਨਹਾਰੁ ॥
ਨਾਨਕ ਰਾਖਨਹਾਰੁ ਅਪਾਰੁ ॥ ੩ ॥

**ਵਿਸਥਾਰ**

ਇਸ ਇਯਾਨੇ ਦਾ ਮੂਰਖਪੁਣਾ ਤਾਂ ਤੱਕੋ ਕਿ ਜਿਸ ਨੇ ਸਾਰੀ ਜ਼ਿੰਦਗੀ ਇਥੇ ਜਗਤ ਵਿਚ ਰੱਖਿਆ ਕੀਤੀ ਤੇ ਲੇਖੇ ਹੋਣ ਵੇਲੇ ਵੀ ਜਿਸ ਪਤਿ ਰੱਖਣੀ ਹੈ, ਉਸ ਨਾਲ ਇਹ ਅੰਞਾਣਾ ਪਿਆਰ

 www.sikhbookclub.com

ਤਕ ਨਹੀਂ ਪਾਉਂਦਾ, ਯਾਦ ਤਕ ਨਹੀਂ ਕਰਦਾ। ਜਿਸ ਦੇ ਨਾਲ ਲਗਿਆਂ ਸਭ ਇੱਛਾਂ ਪੂਰੀਆਂ ਹੋ ਜਾਣੀਆਂ ਹਨ, ਉਸ ਮਾਲਕ ਵੱਲ ਇਹ ਬੇਵਕੂਫ਼ ਮੂੰਹ ਨਹੀਂ ਕਰਦਾ। ਜੋ ਦੁਨੀਆਂ ਦਾ ਮਾਲਕ ਇਸ ਦੇ ਹਿਰਦੇ ਵਿਚ ਹਰ ਵੇਲੇ ਪ੍ਰਕਾਸ਼ ਕਰ ਰਹਿਆ ਹੈ, ਉਸ ਨੂੰ ਇਹ ਸਮਝ ਤੋਂ ਕੋਰਾ, ਕਿਧਰੇ ਹੋਰ ਦੂਰ ਬੈਠਾ ਜਾਣ, ਮਨ ਆਈ ਕਰੀ ਜਾਂਦਾ ਹੈ। ਇਹ ਨਹੀਂ ਜਾਣਦਾ ਕਿ ਉਹ ਸਭ ਕੁਝ ਤੱਕ ਰਹਿਆ ਹੈ। ਜਿਸ ਦੀ ਖ਼ਿਦਮਤ ਕੀਤਿਆਂ ਪ੍ਰਭੂ ਦੇ ਦਰ ਮਾਣ ਮਿਲਣਾ ਹੈ, ਉਸ ਨੂੰ ਇਹ ਥੋੜ੍ਹ-ਮੱਤਾ, ਸਿਰ-ਫਿਰਿਆ, ਵਿਸਾਰ ਬੈਠਾ ਹੈ। ਇਹ ਹਾਲਤ ਹੋ ਗਈ ਹੈ ਇਸ ਜੀਵ ਦੀ ਹਰ ਵੇਲੇ ਭੁੱਲਾਂ ਕਰ ਕਰ ਕੇ। ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਫਿਰ ਵੀ ਪ੍ਰਭੂ ਤੁਹਾਡੀ ਮਿਹਰ ਦਾ ਕੋਈ ਅੰਤ ਨਹੀਂ। ਮਿਹਰ ਕਰ ਕੇ ਇਸ ਗਵਾਰ, ਮੂੜ੍ਹ, ਅੰਨ੍ਹੇ ਤੇ ਭੁੱਲਣਹਾਰ ਨੂੰ ਸਿੱਧੇ ਰਾਹ ਪਾਓ। ੩।

**ਸ਼ਬਦ ਭਾਵ :**

**ਗਵਾਰ** : ਅੰਜਾਨ। (Ignorant)
**ਨਵਨਿਧਿ** : ਨੌਂ ਖ਼ਜ਼ਾਨੇ। ਸਭ ਇਛਾਂ ਪੂਰਨ।
**ਮੂੜਾ** : ਮੂਰਖ। ਬੇਵਕੂਫ਼। (Fool)
**ਅੰਧਾ** : ਸਮਝ ਤੋਂ ਕੋਰਾ। (Bereft of understanding)
**ਮੁਗਧੁ** : ਸਿਰ ਫਿਰਿਆ। (Bewildered)
**ਭੂਲਨਹਾਰੁ** : ਸਦਾ ਗਲਤੀ ਕਰਨ ਵਾਲਾ। (Ever-erring)
**ਅਪਾਰੁ** : ਬੇ ਇੰਤਹਾ। (Limitless)। ੩।

## ਚੌਥੀ ਪਉੜੀ

**ਰਤਨੁ ਤਿਆਗਿ ਕਉਡੀ ਸੰਗਿ ਰਚੈ ॥**
**ਸਾਚੁ ਛੋਡਿ ਝੂਠ ਸੰਗਿ ਮਚੈ ॥**
**ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥**
**ਜੋ ਹੋਵਨੁ ਸੋ ਦੂਰਿ ਪਰਾਨੈ ॥**
**ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥**
**ਸੰਗਿ ਸਹਾਈ ਤਿਸੁ ਪਰਹਰੈ ॥**
**ਚੰਦਨ ਲੇਪੁ ਉਤਾਰੈ ਧੋਇ ॥**
**ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥**
**ਅੰਧ ਕੂਪ ਮਹਿ ਪਤਿਤ ਬਿਕਰਾਲ ॥**
**ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥**

**ਵਿਸਥਾਰ**

ਕਿਤਨਾ ਮੂਰਖ ਹੈ ਇਹ ਜੀਵ ਤੇ ਕਿਥੋਂ ਤਕ ਨੀਵਾਂ (ਪਤਿਤ) ਚਲਾ ਗਿਆ ਹੈ ਕਿ ਨਾਮ ਰਤਨ ਤਾਂ ਤਿਆਗ ਪਰ੍ਹਾਂ ਵਗਾਹ ਮਾਰ ਸੁੱਟ ਰਹਿਆ ਹੈ ਅਤੇ ਨਗੂਣੀ ਕਉਡੀ ਜਿਸ ਦਾ ਕੋਈ ਮੁੱਲ ਨਹੀਂ ਪੈਣਾ, ਇਕੱਠੀ ਕਰੀ ਟੁਰੀ ਜਾ ਰਹਿਆ ਹੈ। ਅਸਲੀਅਤ ਨੂੰ ਤਾਂ ਝੁਠਲਾ ਰਹਿਆ ਹੈ ਪਰ


www.sikhbookclub.com

ਝੂਠੀ ਦੁਨੀਆਂ ਲਗ ਆਫ਼ਰ ਆਫ਼ਰ ਫਿਰਦਾ ਹੈ । **ਮਚੈ** । ਜਿਸ ਜਗਤ ਨੂੰ ਅਵੱਸ਼ ਛੱਡ ਜਾਣਾ ਹੈ ਉਸ ਨੂੰ ਤਾਂ ਮੂਰਖਪੁਣੇ ਕਾਰਨ, ਇਹ ਇਆਣਾ ਸਦੀਵੀ ਕਰ ਜਾਣਦਾ ਹੈ ਪਰ ਜਿਸ ਨਾਮ ਸਿਮਰਨ ਕਾਰਨ ਅਮਰ ਹੋਵਣਾ ਹੈ ਉਸ ਤੋਂ ਪੱਲਾ ਛੁਡਾ ਦੂਰ ਨੱਠਦਾ ਹੈ । **'ਦੂਰਿ ਪਰਾਨੈ'** । ਜਿਸ ਨੇ ਸਾਥ ਨਹੀਂ ਦੇਣਾ, ਉਸ ਲਈ ਘਾਲਾਂ ਘਾਲੀ ਜਾਂਦਾ ਹੈ ਪਰ ਜਿਸ ਨੇ ਸਦਾ ਸਾਥ ਦੇਣਾ ਹੈ, ਉਸ ਨੂੰ ਦੂਰ ਪਰ੍ਹਾਂ ਜਾਣ ਦੇਂਦਾ ਹੈ । **'ਪਰਹਰੈ'** । ਕੈਸਾ ਗਧੇ ਨਿਆਈਂ ਹੈ ਇਹ ਜੀਵ ਕਿ ਜਿਸ ਨੇ ਠੰਢਕ ਬਖ਼ਸ਼ਣੀ ਹੈ ਉਸ ਨੂੰ ਤਾਂ ਮਿੱਟੀ ਵਿਚ ਰੋਲ ਹਟਾ ਦੇਂਦਾ ਹੈ ਕਿਉਂਕਿ ਸੁਭਾਅ ਹੀ ਗੰਦ ਮਿੱਟੀ ਵਿਚ ਰੁਲਣ ਦਾ ਬਣ ਗਿਆ ਸੁ । ਐਸਾ ਡੂੰਘੇ ਡਰਾਵਨੇ ਖੂਹ ਵਿਚ ਗਿਰਿਆ ਹੈ ਜਿਥੇ ਹੱਥ ਪੈਰ ਮਾਰਨ ਜੋਗਾ ਵੀ ਨਹੀਂ ਰਹਿਆ । ਹੇ ਪ੍ਰਭੂ ! ਗੁਰੂ ਅਰਜਨ ਦੇਵ ਜੀ ਡਿਗੇ ਜੀਵ ਵਲੋਂ ਬੇਨਤੀ ਕਰਦੇ ਹਨ ਕਿ ਆਪਣੀ ਬਾਂਹ ਦੇ ਕੇ ਬਾਹਰ ਕੱਢ ਲਵੇ । ੪ ।

**ਸ਼ਬਦ ਭਾਵ :**

**ਰਤਨੁ** : ਨਾਮ ਵਰਗੀ ਕੀਮਤੀ ਚੀਜ਼ ।

**ਰਚੈ** : ਪਰਚਦਾ ਹੈ । ਇਕੱਠੀਆਂ ਕਰੀ ਜਾਂਦਾ ਹੈ ।

**ਸਾਚੁ** : ਅਸਲੀਅਤ । ਇਹ ਹਕੀਕਤ ਹੈ ਕਿ ਸੰਸਾਰ ਨਹੀਂ ਰਹਿਣਾ ।

**ਮਚੈ** : ਮਸਤ ਹੋ ਆਫ਼ਰਦਾ ਹੈ । (Puffed up)

**ਅਸਥਿਰ** : ਟਿਕਵਾਂ ।

**ਜੋ ਹੋਵਨੁ** : ਜੋ ਰਹਿਣੀ ਹੈ । ਅਮਰ ਵਸਤੂ ।

**ਦੂਰਿ ਪਰਾਨੈ** : ਪਰ੍ਹਾਂ ਰਖਦਾ ਹੈ । (Detached from)

**ਸ੍ਰਮ** : ਫ਼ਜ਼ੂਲ ਦੌੜ ਭੱਜ । (Strives)

**ਪਰਹਰੈ** : ਜਾਣ ਦੇਂਦਾ ਹੈ । (Lets go)

**ਅੰਧ ਕੂਪ** : ਅੰਨ੍ਹਾ ਖੂਹ, ਜਿਥੋਂ ਨਾ ਨਿਕਲਣ ਦਾ ਰਾਹ ਹੈ ਅਤੇ ਨਾ ਕੁਝ ਸੁਣਾਈ ਦੇਂਦਾ ਹੈ । (Dark Pit)

**ਪਤਿਤ** : ਗਿਰ ਗਿਆ । ਨੀਚ । (Fallen one)

**ਬਿਕਰਾਲ** : ਭਿਆਨਕ । ਖ਼ਤਰਨਾਕ । (Terrible). ੪ ।

## ਪੰਜਵੀਂ ਪਉੜੀ

**ਕਰਤੂਤਿ ਪਸੂ ਕੀ ਮਾਨਸ ਜਾਤਿ ॥**
**ਲੋਕ ਪਚਾਰਾ ਕਰੈ ਦਿਨੁ ਰਾਤਿ ॥**
**ਬਾਹਰਿ ਭੇਖ ਅੰਤਰਿ ਮਲੁ ਮਾਇਆ ॥**
**ਛਪਸਿ ਨਾਹਿ ਕਛੁ ਕਰੈ ਛਪਾਇਆ ॥**
**ਬਾਹਰਿ ਗਿਆਨ ਧਿਆਨ ਇਸਨਾਨ ॥**
**ਅੰਤਰਿ ਬਿਆਪੈ ਲੋਭੁ ਸੁਆਨੁ ॥**

 www.sikhbookclub.com

**ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥**
**ਗਲਿ ਪਾਥਰ ਕੈਸੇ ਤਰੈ ਅਥਾਹ ॥**
**ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥**
**ਨਾਨਕ ਤੇ ਜਨ ਸਹਜਿ ਸਮਾਤਿ ॥ ੫ ॥**

***ਵਿਸਥਾਰ***

ਇਆਣੇ ਮੂਰਖ ਦਾ ਵਡਾ ਦਵੰਦ ਇਹ ਹੈ ਕਿ ਮਨੁੱਖਾ ਜਨਮ ਤਾਂ ਇਸ ਪਾ ਲਿਆ ਹੈ ਪਰ ਕਾਰਜ ਸਾਰੇ ਪਸ਼ੂਆਂ ਵਾਲੇ ਨਿਭਾ ਰਹਿਆ ਹੈ । ਆਪਣਾ ਪਸ਼ੂ ਸੁਭਾ (Animal Instincts) ਛੁਪਾਉਣ ਲਈ ਹਰ ਵੇਲੇ ਹੀ ਇਸ ਨੂੰ ਪਾਜ, ਪਾਖੰਡ ਦਾ ਪਰਦਾ ਪਾਉਣਾ ਪੈਂਦਾ ਹੈ ਤਾਂਕਿ ਪਸ਼ੂਪੁਣਾ ਜ਼ਾਹਿਰ ਨਾ ਹੋ ਜਾਏ ।

ਇਕ ਪਾਜ ਇਹ ਕਰਦਾ ਹੈ ਕਿ ਸਾਧੂਆਂ ਵਾਲਾ ਭੁਲੇਖਾ ਪਾਊ ਪਹਿਰਾਵਾ ਪਹਿਨ ਲੈਂਦਾ ਹੈ ਪਰ ਅੰਦਰ ਜੋ ਪਸ਼ੂਪੁਣੇ ਕਰਕੇ ਵਿਕਾਰਾਂ, ਅਗਿਆਨ ਤੇ ਧੁੱਸ ਮਾਰਨ ਦਾ ਸੁਭਾਅ ਬਣਿਆ ਹੋਇਆ ਹੈ ਉਸ ਤੋਂ ਛੁਟਕਾਰਾ ਨਹੀਂ ਪਾ ਸਕਦਾ । ਇਹ ਅਗਿਆਨੀ, 'ਮਲੁ ਮਾਇਆ' ਕਰਕੇ ਨਹੀਂ ਜਾਣਦਾ ਕਿ ਕਿਤਨੇ ਪਾਜ ਕਰੀ ਜਾਏ ਜਦ ਤਕ ਪਸ਼ੂਪੁਣਾ ਦੂਰ ਨਾ ਕਰੇ ਦਵੰਦ ਹੀ ਰਹਿਣਾ ਹੈ ਤੇ ਜੀਵਨ ਇਕ ਸੁਰ ਨਹੀਂ ਹੋਣਾ ।

ਬਾਹਰ ਦਿਖਾਵੇ ਲਈ ਕਿਤਨੀਆਂ ਗਿਆਨ ਦੀਆਂ ਗੱਲਾਂ ਕਰੇ, ਧਿਆਨ ਲਗਾਵੇ, ਸੁੱਚਾ ਹੋ ਬੈਠੇ ਪਰ ਅੰਦਰ ਜੋ ਲੋਭ ਦਾ ਕੁੱਤਾ ਨਿਤ ਭਉਂਕ ਰਹਿਆ ਹੈ, ਉਹ ਸ਼ਾਂਤ ਨਹੀਂ ਹੋਇਆ ਤਾਂ ਇਹ ਕਿਸ ਕਾਜ । ਲੋਕ ਦਿਖਾਵੇ ਲਈ ਤਿਆਗ ਦੀ ਨਿਸ਼ਾਨੀ ਸੁਆਹ ਵੀ ਮਲ ਲਵੇ ਪਰ ਜੋ ਅੰਦਰ ਤ੍ਰਿਸਨਾ ਦੀ ਅੱਗ ਮਘੀ ਹੋਣ ਕਾਰਨ ਪਾਪਾਂ ਦੇ ਬੋਝ ਵਧਾ ਰਹਿਆ ਹੈ ਤਾਂ ਇਸ ਭਾਰ (ਪਾਥਰ) ਕਾਰਨ ਸੰਸਾਰ ਸਾਗਰ ਕਿਵੇਂ ਤਰ ਸਕੇਗਾ ? ਇਹ ਪਸ਼ੂਪੁਣਾ, ਨਿਤ ਭਉਂਕਣਾ, ਵਢੂੰ ਵਢੂੰ ਕਰਨਾ ਅਤੇ ਭੜਕੀ ਤਦ ਹੀ ਮੁਕਣੀ ਹੈ ਜਦ ਮਿਹਰ ਕਰ ਕੇ ਵਾਹਿਗੁਰੂ ਆ ਵਸੇ । ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਵਾਹਿਗੁਰੂ ਅੰਦਰ ਆ ਵਸਿਆ ਤਾਂ ਪੂਰਨ ਟਿਕਾ ਨੂੰ ਪਾ ਲਵੇਗਾ ਤੇ ਅੰਦਰ ਬਾਹਰ ਇਕ ਹੋ ਜਾਏਗਾ । ਇਹ ਦਵੰਦ, 'ਕਰਤੂਤਿ ਪਸ਼ੂ' ਵਾਲੀ ਤੇ ਦਿਖਾਵਾ ਜੋ ਅੰਜਾਣ ਮਨੁੱਖ ਕਰਦਾ ਹੈ ਮਿਟ ਜਾਏਗਾ । ੫ ।

***ਸ਼ਬਦ ਭਾਵ :***

**ਕਰਤੂਤਿ** : ਵਰਤਾਰਾ । (Activity)

**ਮਾਨਸ ਜਾਤਿ** : ਮਨੁੱਖੀ ਅਸਲਾ । (Homo Sapiens)

**ਪਚਾਰਾ** : ਪਾਜ । ਵਿਖਾਵਾ । (False Show)

**ਮਲੁ** : ਵਿਕਾਰਾਂ ਦੀ ਮੈਲ ।

**ਮਾਇਆ** : ਭੁਲੇਖੇ ਕਾਰਨ ਛਾਇਆ ਇਆਣਾ ਪਣ । (Nescience)

**ਛਪਸਿ** : ਮਿਟਾਇਆ ਜਾਣਾ । (Annul)

 www.sikhbookclub.com

**ਛਪਸਿ ਨਾਹਿ**
**ਕਛੂ ਕਰੈ**
**ਛਪਾਇਆ** : ਕਿਸੇ ਛਲ ਫਰੇਬ ਨਾਲ ਇਹ ਦਵੰਦ (ਕਰਤੂਤਿ ਪਸ਼ੂ ਵਾਲੀ ਤੇ ਦਿਖਾਵਾ ਮਨੁੱਖ ਦਾ) ਨਹੀਂ ਮਿਟਣਾ ।

**ਗਿਆਨ** : ਸੋਝੀ । (knowledge)

**ਇਸਨਾਨ** : ਸੁੱਚਮ ।

**ਧਿਆਨ** : ਬੌਧਿਕ ਯਕਸੂਈ । (Mental Uni-centricity)

**ਸੁਆਨੁ** : ਕੁੱਤਾ । ਲੋਭੀ । ਕੁੱਤੇ ਵਾਂਗੂ ਭਉਂਕਦਾ ਤੇ ਵਢੂ ਵਢੂ ਕਰਦਾ ਹੈ ।

**ਤਨੁ ਸੁਆਹ** : ਜਦ ਅੱਗ ਪੂਰਨ ਤੌਰ ਤੇ ਬਲ ਸੜ ਜਾਂਦੀ ਹੈ ਤਾਂ ਸੁਆਹ ਹੋ ਜਾਂਦੀ ਹੈ ਜਿਸ ਦਾ ਭਾਵ ਹੈ ਕਿ ਅੱਗ ਦੀ ਹੋਂਦ ਮੁੱਕ ਗਈ ਹੈ । ਮਹਾਰਾਜ ਦੱਸ ਰਹੇ ਹਨ ਕਿ ਬਾਹਰ ਭੇਖ ਕਰ ਸੁਆਹ ਮਲ ਪ੍ਰਗਟ ਤਾਂ ਕਰਦਾ ਹੈ ਕਿ ਅੰਦਰ ਜੋ ਤ੍ਰਿਸ਼ਨਾ ਦੀ ਅਗਨੀ ਹੈ ਉਹ ਸਾੜ ਸੁਆਹ ਕਰ ਦਿਤੀ ਹੈ ਪਰ ਜ਼ਰਾ ਨੇੜੇ ਹੋ ਤੱਕੋ ਤਾਂ ਪ੍ਰਤੀਤ ਹੋਵੇਗਾ ਕਿ ਉਹ ਲੋਭੀ ਕੁੱਤੇ ਵਾਂਗ ਭਉਂਕ ਵੀ ਰਹਿਆ ਹੈ ਤੇ ਕੱਟ ਵੀ ।

**ਸਹਜਿ ਸਮਾਧਿ** : ਪੂਰਨ ਟਿਕਾਉ । (Poise). ੫ ।

## *ਛੇਵੀਂ ਪਉੜੀ*

SIKHBOOKCLUB.COM

**ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥**
**ਕਰੁ ਗਹਿ ਲੇਹੁ ਓੜਿ ਨਿਬਹਾਵੈ ॥**
**ਕਹਾ ਬੁਝਾਰਤਿ ਬੂਝੈ ਡੋਰਾ ॥**
**ਨਿਸਿ ਕਹੀਐ ਤਉ ਸਮਝੈ ਭੋਰਾ ॥**
**ਕਹਾ ਬਿਸਨਪਦ ਗਾਵੈ ਗੁੰਗ ॥**
**ਜਤਨ ਕਰੈ ਤਉ ਭੀ ਸੁਰ ਭੰਗ ॥**
**ਕਹ ਪਿੰਗੁਲ ਪਰਬਤ ਪਰ ਭਵਨ ॥**
**ਨਹੀ ਹੋਤ ਊਹਾ ਉਸੁ ਗਵਨ ॥**
**ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥**
**ਨਾਨਕ ਤੁਮਰੀ ਕਿਰਪਾ ਤਰੈ ॥ ੬ ॥**

**ਵਿਸਥਾਰ**

ਪਹਿਲਾਂ ਇਆਣਾਪਨ ਦਸਿਆ ਸੀ ਹੁਣ ਨਿਤਾਣਾਪਨ ਤੇ ਮਜਬੂਰੀ ਦਸਦੇ ਹਨ ਕਿ ਅੰਨ੍ਹਾ ਹੋਇਆ ਹੈ ਜੀਵ ਮਾਇਆ ਕਰਕੇ, ਬਹਿਰਾ ਹੋਇਆ ਹੈ ਚੁੱਗਲੀ ਸੁਣ ਸੁਣ, ਗੂੰਗਾ ਹੋ ਗਿਆ ਹੈ ਨਿੰਦਿਆ ਕਰ ਕਰ ਕੇ । ਹੁਣ ਉੱਚੀ ਆਤਮਕ ਗੱਲ ਕਿਵੇਂ ਸੁਣ ਸਕਦਾ ਹੈ । ਰਸਨਾ ਗੂੰਗੀ ਹੋ ਗਈ ਹੈ । ਹੁਣ ਪ੍ਰਭੂ ਦੇ ਗੁਣ ਕਿਵੇਂ ਗਾ ਸਕਦਾ ਹੈ । ਲੂਲ੍ਹਾ ਹੋ ਗਿਆ ਹੈ,ਵਿਸ਼ੇ ਵਿਕਾਰਾਂ ਕਰਕੇ । ਸੋ ਉੱਚੀ ਆਤਮਕ ਅਵਸਥਾ ਛੂਹਣ ਦੇ ਕਾਬਲ ਨਹੀਂ ਰਹਿਆਂ। ਇਕ ਹੀ ਰਾਹ ਹੈ ਕਿ

 www.sikhbookclub.com

ਪ੍ਰਭੂ ਆਪੁ ਬਾਂਹ ਪਕੜ ਆਤਮਕ ਉਚਿਆਈਆਂ ਤੇ ਲੈ ਜਾਏ। ਸਮਝਾਂਦੇ ਹਨ ਕਿ ਭਲਾ ਤੁਸੀਂ ਹੀ ਦਸੋ ਕਿ ਕੋਈ ਅੰਨ੍ਹਾ ਨਿਰਾ ਭਲਾ ਸੁਣ ਕੇ ਰਾਹ ਕਿਵੇਂ ਪੈ ਸਕਦਾ ਹੈ ਜਦ ਤਕ ਉਸਦਾ ਹੱਥ ਪਕੜ ਕੇ ਮੰਜ਼ਲ ਤਕ ਨਾ ਲੈ ਜਾਇਆ ਜਾਵੇ। ਭਲਾ ਕਦੇ ਕੋਈ ਡੋਰਾ ਕੋਈ ਭੇਤ ਭਰੀ ਡੂੰਘੀ ਗੱਲ ਸਮਝ ਸਕਦਾ ਹੈ ? ਉਹ ਵਿਚਾਰਾ ਤਾਂ ਜੇ ਕਿਸੇ ਰਾਤ ਕਹੀ ਤਾਂ ਦਿਨ ਚੜ੍ਹਿਆ ਸਮਝ ਲਵੇਗਾ। ਕਦੇ ਗੂੰਗਾ ਵੀ ਪ੍ਰਭੂ ਦੇ ਪਦ-ਛੰਦ (ਸ਼ਾਸਤ੍ਰੀ ਸੰਗੀਤ ਵਿਚ) ਗਾ ਸਕਦਾ ਹੈ। ਕਿਤਨਾ ਹੀ ਜਤਨ ਕਰੇ ਕੋਈ ਗੂੰਗਾ, ਉਸ ਕੋਲੋਂ ਤਾਂ ਸੁਰ ਵੀ ਨਹੀਂ ਉਠਾਉਣ ਹੋਣੀ। ਵਿਚੇ ਹੀ ਅੜ ਜਾਏਗਾ। ਕਦੇ ਕੋਈ ਲੂਲ੍ਹਾ ਵੀ ਆਪਣਾ ਘਰ ਪਹਾੜੀ ਤੇ ਰੱਖ ਸਕਦਾ ਹੈ ਕਿਉਂਕਿ ਉੱਥੇ ਤਾਂ ਆਪਣੇ ਆਪ ਤਾਂ ਉਸ ਕੋਲੋਂ ਜਾਣ ਹੀ ਨਹੀਂ ਹੋਣਾ। ਸੋ ਗੁਰੂ ਅਰਜਨ ਦੇਵ ਜੀ ਸਿਰਜਣਹਾਰ ਸਦਾ ਬਖ਼ਸ਼ਿੰਦ (ਕਰਤਾਰ ਕਰੁਣਾਮੈ) ਪਾਸ ਨਿਮ੍ਰ ਹੋ ਕੇ ਬੇਨਤੀ ਕਰਦੇ ਹਨ ਕਿ ਇਹ ਨਿਮਾਣਾ, ਇਆਣਾ, ਅੰਨ੍ਹਾ, ਪਿੰਗਲਾ, ਸਿਰਫ਼ ਤੁਹਾਡੀ ਮਿਹਰ ਸਦਕਾ ਹੀ ਲੋਭ, ਮੋਹ, ਧਰੋਹ ਤੋਂ ਬਚ ਸਕਦਾ ਹੈ। ੬।

**ਸ਼ਬਦ ਭਾਵ :**

**ਕਰੁ ਗਹਿ ਲੇਹੁ** : ਹੱਥ ਪਕੜ ਕੇ ਲੈ ਜਾਵੇ।
**ਬੁਝਾਰਤਿ** : ਗੁਝੀ ਗੱਲ। (Riddle)
**ਨਿਸਿ** : ਰਾਤ।
**ਭੋਰਾ** : ਦਿਨ ਚੜ੍ਹਿਆ। (Sun Rise)
**ਬਿਸਨ ਪਦ** : ਪ੍ਰਭੂ ਦੇ ਛੰਦ-ਪਦ ਗੀਤ।
**ਪਿੰਗੁਲ** : ਲੂਲ੍ਹਾ।
**ਪਰ ਭਵਨ** : ਪਹਾੜੀ ਤੇ ਘਰ।
**ਗਵਨ** : ਪਹੁੰਚ।
**ਕਰੁਣਾਮੈ** : ਰਹਿਮਵਾਨ। ਤਰਸਵਾਨ। (Compassionate). ੬ :

## ਸਤਵੀਂ ਪਉੜੀ

**ਸੰਗਿ ਸਹਾਈ ਸੁ ਆਵੈ ਨ ਚੀਤਿ ॥**
**ਜੋ ਬੈਰਾਈ ਤਾ ਸਿਉ ਪ੍ਰੀਤਿ ॥**
**ਬਲੂਆ ਕੇ ਗ੍ਰਿਹ ਭੀਤਰਿ ਬਸੈ ॥**
**ਅਨਦ ਕੇਲ ਮਾਇਆ ਰੰਗਿ ਰਸੈ ॥**
**ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥**
**ਕਾਲੁ ਨ ਆਵੈ ਮੂੜੇ ਚੀਤਿ ॥**
**ਬੈਰ ਬਿਰੋਧ ਕਾਮ ਕ੍ਰੋਧ ਮੋਹ ॥**
**ਝੂਠ ਬਿਕਾਰ ਮਹਾ ਲੋਭ ਧ੍ਰੋਹ ॥**

 www.sikhbookclub.com

ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ੭ ॥

**ਵਿਸਥਾਰ**

ਜਿਸ ਨੂੰ ਪ੍ਰਭੂ ਨੇ ਸਾਜਿ ਸਵਾਰ ਸੀਗਾਰ ਕੈਸਾ ਸੋਹਣਾ ਬਣਾਇਆ ਸੀ, ਉਸ ਜੀਵ ਦੀ ਕਰਨੀ ਵਲ ਤਾਂ ਦੇਖੋ ਕਿ ਉਸ ਨੇ ਆਪਣੇ ਆਪ ਨੂੰ ਕੈਸਾ ਵਿਗਾੜ ਲਿਆ ਹੈ।

ਜੋ ਹਰ ਪਖੋਂ ਹਰ ਹਾਲ ਸਦਾ ਸਾਥ ਨਿਭਣ ਵਾਲਾ ਤੇ ਸਹਾਇਕ (ਸੰਗਿ ਸਹਾਈ) ਹੈ, ਉਸ ਨੂੰ ਤਾਂ ਪਛਾਣਦਾ ਤਕ ਨਹੀਂ। ਪਰ ਜੋ ਆਪਣਾ ਵੀ ਨਹੀਂ ਤੇ ਸਗੋਂ ਵੈਰੀ ਹੈ, ਉਸ ਨਾਲ ਹਿਤ ਕਰਦਾ ਹੈ।

ਮਾਇਆ ਦੇ ਦਿਲ ਖਿਚਵੇਂ ਨਜ਼ਾਰੇ ਦੇਖਣ ਵਿਚ ਅਜਿਹਾ ਖੱਚਤ ਹੋ ਗਿਆ ਹੈ ਇਹ ਮੂਰਖ ਕਿ ਚੇਤਾ ਤਕ ਭੁੱਲ ਗਿਆ ਸੂ ਕਿ ਕਿਸ ਘਰ ਵਿਚ ਬੈਠ ਕੇ ਇਹ ਨਜ਼ਾਰੇ ਤੱਕ ਰਹਿਆ ਹੈ, ਉਹ ਤਾਂ ਰੇਤ ਦਾ ਕੱਚਾ ਘਰ ਹੈ, ਢੱਠਾ ਕਿ ਢੱਠਾ।

ਇਸ ਤੋਂ ਵੱਡੀ ਬੇਵਕੂਫ਼ੀ ਹੋਰ ਕੀ ਹੋ ਸਕਦੀ ਹੈ ਕਿ ਜਗਤ ਦੇ ਤਮਾਸ਼ਿਆਂ ਨੂੰ ਦੇਖ ਦੇਖ ਤਾਂ ਦਿਲੋਂ ਸਦੀਵੀ ਜਾਣ ਬੈਠਾ ਹੈ ਪਰ ਸਮੇਂ ਦੇ ਪਲ ਪਲ ਗੁਜ਼ਰ ਜਾਣ ਵੱਲ ਅਣਜਾਣਾ ਧਿਆਨ ਹੀ ਨਹੀਂ ਕਰਦਾ। **'ਕਾਲੁ ਨ ਆਵੈ ਮੂੜੇ ਚੀਤਿ'**। ਇਹ ਭੁੱਲ ਜਾਣ ਕਾਰਨ ਕਿ ਮਿਲਿਆ ਸਮਾਂ ਤਾਂ ਹਥੋਂ ਨਿਕਲ ਰਹਿਆ ਹੈ, ਭਲੇ ਪਾਸੇ ਲਗਾਉਣ ਦੀ ਥਾਂ ਈਰਖਾ ਕਰਨ, ਵੈਰ ਕਮਾਉਣ, ਐਸ਼ ਕਰਨ, ਕ੍ਰੋਧ ਵਿਚ ਸੜਨ, ਪਕੜਾਂ ਵਿਚ ਪੈਣ, ਝੂਠ ਕਮਾਉਣ ਅਤੇ ਤਬਾਹ ਕਰਨ ਵਾਲੇ ਹਿਰਸੀ ਸੁਭਾਉ ਤੇ ਕਪਟ ਕਮਾਉਣ ਵਾਲੇ ਪਾਸੇ ਪੈ, ਲਗਾ ਰਹਿਆ ਹੈ। ਇਸ ਤਰ੍ਹਾਂ ਇਕ ਨਹੀਂ ਕਈ ਜਨਮ ਉਸ ਗੁਜ਼ਾਰ ਜ਼ਾਇਆ ਕਰ ਦਿਤੇ ਹਨ। ਸੋ ਪ੍ਰਭੂ ! ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਬੇਨਤੀ ਕਰਦੇ ਹਨ ਕਿ ਆਪਣੀ ਮਿਹਰ ਦਾ ਦਰ ਖੋਲ੍ਹ ਕੇ ਇਸ ਨੂੰ ਬਚਾ ਲਵੋ। ੭।

*ਸ਼ਬਦ ਭਾਵ :*

**ਸੰਗਿ ਸਹਾਈ** : ਸਾਥੀ ਤੇ ਸਹਾਇਕ।

**ਬੈਰਾਈ** : ਜੋ ਆਪਣਾ ਵੀ ਨਹੀਂ ਤੇ ਵੈਰੀ ਵੀ ਹੈ। (Alien and inimical)

**ਬਲੂਆ** : ਰੇਤ ਦਾ। ਕੱਚਾ।

**ਅਨਦ ਕੇਲ ਮਾਇਆ** : ਮਾਇਆ ਦੇ ਦਿਲ ਖਿਚਵੇਂ ਨਜ਼ਾਰੇ।

**ਰੰਗਿ ਰਸੈ** : ਮੋਹ ਵਿਚ ਖੱਚਤ।

**ਕਾਲੁ ਨ ਆਵੈ** : ਸਮੇਂ ਦੇ ਅਜਾਈਂ ਲੰਘ ਜਾਣ ਨੂੰ 'ਕਾਲੁ ਨ ਆਵੈ' ਕਹਿਆ ਹੈ।

**ਚੀਤਿ** : ਗਹੁ ਕਰਨਾ। (Comprehends)

**ਕਾਲੁ ਨ ਆਵੈ ਮੂੜੇ ਚੀਤਿ** : ਸਮੇਂ ਦੇ ਇੰਜ ਜ਼ਾਇਆ ਹੋ ਜਾਣ ਦੇ ਮੂਰਖਪੁਣੇ ਕਰਕੇ ਰਤਾ ਭਰ ਪ੍ਰਵਾਹ ਨਾ ਕਰਨੀ।

ਬੈਰ : ਈਰਖਾ। (Malice)

ਬਿਰੋਧ : ਦੁਸ਼ਮਣੀ। (Enmity)

ਕਾਮ : ਜਿਨਸੀ ਭੁੱਖ।

ਕ੍ਰੋਧ : ਗੁੱਸਾ। (Anger)

ਮੋਹ : ਪਕੜ। ਲਾਲਸਾ। (Sense of possession)

ਝੂਠ : ਕੂੜ। (Lie)

ਬਿਕਾਰ ਮਹਾ : ਵਡਾ ਦੁੱਖ ਪਹੁੰਚਾਉਣ ਵਾਲੇ। (Great injurer)

ਲੋਭ : ਹਿਰਸ। (Cupidity)

ਧ੍ਰੋਹ : ਕਪਟ, ਵਿਸ਼ਵਾਸਘਾਤੀ। (Perfidy)

ਬਿਹਾਨੇ : ਗੁਜ਼ਾਰ ਦਿਤੇ।

ਕਰਮ : ਰਹਿਮਤ। (Mercy). ੭.

## ਅਠਵੀਂ ਪਉੜੀ

ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥
ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥

**ਵਿਸਥਾਰ**

ਇਹ ਪਉੜੀ ਨਿਤ ਦੀ ਕੀਤੀ ਜਾਂਦੀ ਅਰਦਾਸ ਤੋਂ ਪਹਿਲਾਂ ਸਾਰੀ ਸੰਗਤ ਖੜ੍ਹੇ ਹੋ ਕੇ ਇਕ ਸਾਥ ਪੜ੍ਹਦੀ ਹੈ।

ਤੂੰ ਹੀ ਸਾਡਾ ਇਕ ਮਾਲਕ ਅਤੇ ਸਿਰਫ਼ ਤੇਰੇ ਤਾਈਂ ਹੀ ਸਾਡੀ ਅਰਜੋਈ ਹੈ। ਇਹ ਜਿੰਦ-ਜਾਨ, ਜਿਸਮ ਤੁਹਾਡੀ ਹੀ ਦਿੱਤੀ ਮਿਲਖ ਹੈ, ਸਾਡਾ ਆਪਣਾ ਕੁਝ ਵੀ ਨਹੀਂ।

ਤੁਸੀਂ ਹੀ ਸਾਡੇ ਮਾਤ ਪਿਤਾ ਹੋ ਅਤੇ ਅਸੀਂ ਤੁਹਾਡੇ ਬੱਚਿਆਂ ਨਿਆਈਂ ਹਾਂ। ਤੁਹਾਡੀ ਹੀ ਮਿਹਰ ਸਦਕਾ ਅਸੀਂ ਅਨੇਕਾਂ ਸੁਖਾਂ ਦਾ ਸਵਾਦ ਮਾਣ ਰਹੇ ਹਾਂ। ਤੁਹਾਨੂੰ ਜਾਣਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਤੁਹਾਡਾ ਹੱਦ ਬੰਨਾ ਵੀ ਕੋਈ ਦੱਸ ਨਹੀਂ ਸਕਦਾ ਕਿਉਂਕਿ ਹੇ ਮਾਲਕ ! ਤੁਸੀਂ

ਉੱਚੇ ਤੋਂ ਵੀ ਉੱਚੇ ਹੋ। ਸਾਰਾ ਬ੍ਰਹਿਮੰਡ ਤੁਹਾਡੀ ਹੀ ਮਰਜ਼ੀ ਦੇ ਧਾਗੇ ਨਾਲ ਬੱਝਾ ਘੁੰਮ ਰਿਹਾ ਹੈ। ਤੁਹਾਡੇ ਤੋਂ ਇਹ ਜਗਤ ਉਪਜਿਆ ਹੈ, ਸੋ ਹੁਕਮ ਵਿਚ ਰਹਿ ਕਾਰ ਨਿਭਾ ਰਹਿਆ ਹਾਂ। ਇਹ ਬ੍ਰਹਿਮੰਡ ਤੁਹਾਡੇ ਤੋਂ ਬਾਹਰ ਕਿਵੇਂ ਹੋ ਸਕਦਾ ਹੈ ? ਤੁਸੀਂ ਹੀ ਕੇਵਲ ਆਪਣੇ ਅਸਲੀ ਹਦ ਬੰਨੇ ਨੂੰ ਜਾਣਦੇ ਹੋ, ਹੋਰ ਕੋਈ ਜਾਣ ਵੀ ਨਹੀਂ ਸਕਦਾ। ਸੋ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਅਸੀਂ ਤੇਰੇ ਸੇਵਕ ਹਾਂ ਸਿਰਫ਼ ਤੁਹਾਡੇ ਤੋਂ ਕੁਰਬਾਨ ਹੀ ਜਾ ਸਕਦੇ ਹਾਂ। ੮। ੪।

**ਸ਼ਬਦ ਭਾਵ :**

**ਠਾਕੁਰੁ** : ਮਾਲਕ।

**ਅਰਦਾਸਿ** : ਅਰਜ਼ੋਈ। ਅਰਦਾਸ ਦੋ ਸ਼ਬਦਾਂ ਦਾ ਸਮੂਹ ਹੈ। ਅਰਜ਼-ਦਾਸ਼ਤ; ਜੋ ਕਿਸੇ ਵਡੇ ਅਗੇ ਬੇਨਤੀ ਰੂਪ ਵਿਚ ਖੜੋ ਕੇ ਨਿੰਮ੍ਰਤਾ ਸਹਿਤ ਕੀਤੀ ਜਾਏ।

**ਜੀਉ ਪਿੰਡੁ** : ਜਿੰਦ-ਜਿਸਮ। (mind and body)

**ਰਾਸਿ** : ਮਿਲਖ।

**ਸਗਲ ਸਮਗ੍ਰੀ** : ਜੋ ਕੁਝ ਦਿਸਦਾ ਪਦਾਰਥ ਹੈ। ਬ੍ਰਹਿਮੰਡ। (Entire Creation)

**ਸੂਤ੍ਰਿ ਧਾਰੀ** : ਧਾਗੇ ਨਾਲ ਬੱਝੀ ਹੋਈ।

**ਤੁਮ ਤੇ ਹੋਇ** : ਤੁਹਾਡ ਤੋਂ ਪੈਦਾ ਹੋਣ ਕਾਰਨ।

**ਆਗਿਆਕਾਰੀ** : ਹੁਕਮ ਕਮਾਉਣ ਵਾਲੀ।

**ਗਤਿ** : ਅਸਲਾ। ਹੈਸੀਅਤ। (Status)

**ਮਿਤਿ** : ਹਦ ਬੰਨਾ। (Extent). ੮।

---

## ਪੰਜਵੀਂ ਅਸ਼ਟਪਦੀ

*ਪੰਜਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਚੇਤਾ ਹੀ ਨਹੀਂ ਰਹਿਆ ਕਿ ਦੇਣ ਵਾਲਾ ਕੋਈ ਹੋਰ ਹੈ। ਇਸ ਤਰ੍ਹਾਂ ਇੱਜ਼ਤ ਵੀ ਗਵਾ ਲਈ ਸੂ ਅਤੇ ਸ਼ੁਕਰ ਕਰਨਾ ਵੀ ਛੱਡ ਦਿੱਤਾ ਸੂ। ਉਦਾਹਰਣਾਂ ਦੇ ਕੇ ਪੰਜਮ ਪਿਤਾ ਕਹਿੰਦੇ ਹਨ ਕਿ ਸ਼ੁਕਰ ਵਿਚ ਨਾ ਹੋਣ ਕਾਰਨ ਤੂੰ ਐਸਾ ਹੋ ਗਿਆ ਹੈਂ ਕਿ ਅਨੇਕਾਂ ਵਿਚੋਂ ਉਹ ਇਕ ਖੋਹ ਲਵੇ ਤਾਂ ਚੀਕ ਚਿਹਾੜਾ ਪਾ ਦੇਂਦਾ ਹੈਂ ਪਰ ਜੇ 'ਸ਼ੁਕਰ ਸਬਰ' ਦਾ ਵੱਲ ਸਿੱਖਿਆ ਹੁੰਦਾ ਤਾਂ ਕਦੇ 'ਰੋਸ' ਨਾ ਕਰਦਾ। ਫਿਰ ਹੋਰ ਮਿਸਾਲ ਦੇਂਦੇ ਹੋਏ ਕਹਿੰਦੇ ਹਨ ਕਿ ਮਾਇਆ ਦੇ ਨਜ਼ਾਰੇ ਦੇਖਣ ਵਰਤਣ ਲਈ ਹਨ, 'ਲਗਾਉ' ਲਈ ਨਹੀਂ। ਜੇ ਇਤਨਾ ਕੁ ਜਾਣ ਲਵੇਂ ਤਾਂ ਕਦੇ ਲਗਾਵ ਨਾ ਕਰਕੇ ਹਰ ਅੰਗ ਦੀ ਸਹੀ ਵਰਤੋਂ ਕਰੇਂਗਾ ਅਤੇ ਹੋਰ ਅੰਗ ਨੂੰ ਸਫਲਾ ਕਰ ਜਾਏਂਗਾ। ਇਹ ਹੀ ਤਾਂ ਹੈ 'ਪਤਿ' ਖੱਟ ਕੇ ਜਾਣਾ। ਜੇ ਮਾਇਆ ਨਾਲ ਹੇਤ ਅਤੇ ਨਾਲ ਦਿਖਾਵੇ ਦਾ ਕਰਮ ਕਾਂਡ ਹੈ ਤਾਂ ਤੇਰੀ ਦਸ਼ਾ 'ਰਹਤ ਅਵਰ ਕਛੁ ਅਵਰ ਕਮਾਵਤ' ਵਾਲੀ ਹੋ ਗਈ। ਇਸ ਤਰ੍ਹਾਂ 'ਰਹਤ ਅਵਰ

 www.sikhbookclub.com

ਕਿਛੁ ਅਵਰੁ ਕਾਰਨ ਸ਼ਖ਼ਸੀਅਤ ਦੋਫਾੜ ਹੋ ਜਾਂਦੀ ਹੈ। ਜੀਵ ਭੁਲ ਜਾਂਦਾ ਹੈ ਕਿ ਵਾਹਿਗੁਰੂ ਜੋ ਕੁਝ ਇਸ ਦੇ ਅੰਦਰ ਵਾਪਰ ਰਹਿਆ ਹੈ ਉਸ ਨੂੰ ਭਲੀ ਪਰਕਾਰ ਜਾਣਦਾ ਹੈ। ਸੋ ਪ੍ਰੇਰ ਰਹੇ ਹਨ ਕਿ 'ਬ੍ਰਿਖ ਦੀ ਛਾਇਆ ਸਿਉਂ ਚਿਤ ਨਾ ਲਗਾ ਕੇ' 'ਸੁਆਸਾਂ ਦੀ ਮਿਲੀ ਲਜ' ਨੂੰ ਕਾਮਾਦਿਕ ਹਥੀਂ ਨਾ ਕਟਣ ਦੇਹ ਅਤੇ ਨਿਮਖ ਨਿਮਖ ਹਰੀ ਦਾ ਜਾਪ ਕਰਕੇ ਸੁਆਸ ਦੀ ਲਜ ਸਾਬਤ ਲੈ ਜਾ। ਇਸ ਤਰ੍ਹਾਂ ਇਥੇ ਵੀ ਇੱਜ਼ਤ ਕਮਾਏਂਗਾ ਤੇ ਅਗੋਂ ਵੀ ਆਦਰ ਮਿਲੇਗਾ।

### ਸਲੋਕੁ ॥

**ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥**
**ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥**

**ਵਿਸਥਾਰ**

ਜੋ ਵੀ ਪ੍ਰਭੂ ਦੀ ਯਾਦ ਭੁਲਾ ਕੇ ਉਸ ਦੀਆਂ ਦਿੱਤੀਆਂ ਦਾਤਾਂ ਤਾਂ ਮਾਣਦੇ ਰਹਿੰਦੇ ਹਨ, ਉਹ ਯਾਦ ਰੱਖਣ ਕਿ ਕਿਸੇ ਤਰ੍ਹਾਂ ਵੀ ਇਥੇ ਸਫ਼ਲ ਨਹੀਂ ਹੋਣਗੇ ਸਗੋਂ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਨਾ-ਸ਼ੁਕਰੇਪਣ ਕਾਰਨ 'ਇੱਜ਼ਤ' ਵੀ ਗਵਾ ਕੇ ਜਾਣਗੇ।

**ਸ਼ਬਦਾ ਭਾਵ :**

ਆਨ : ਹੋਰ। (Other)
ਸੁਆਇ : ਪ੍ਰਯੋਜਨਾ। ਮਕਸਦ। (Objectives)
ਕਹੂ : ਕਿਸੇ ਵੀ ਹਿਸਾਬ ਨਾਲ।
ਸੀਝਈ : ਸਫ਼ਲ ਹੋਣਾ।
ਪਤਿ : ਇੱਜ਼ਤ। (Honour)

### ਪਹਿਲੀ ਪਉੜੀ

**ਦਸ ਬਸਤੂ ਲੇ ਪਾਛੈ ਪਾਵੈ ॥**
**ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥**
**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥**
**ਤਉ ਮੂੜਾ ਕਹੁ ਕਹਾ ਕਰੇਇ ॥**
**ਜਿਸੁ ਠਾਕੁਰ ਸਿਉ ਨਾਹੀ ਚਾਰਾ ॥**
**ਤਾ ਕਉ ਕੀਜੈ ਸਦ ਨਮਸਕਾਰਾ ॥**
**ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥**
**ਸਰਬ ਸੂਖ ਤਾਹੂ ਮਨਿ ਵੂਠਾ ॥**
**ਜਿਸੁ ਜਨ ਅਪਨਾ ਹੁਕਮੁ ਮਨਾਇਆ ॥**
**ਸਰਬ ਥੋਕ ਨਾਨਕ ਤਿਨਿ ਪਾਇਆ ॥ ੧ ॥**

ਬਰਤੈ : ਕ੍ਰਮਾਈ ਲਈ ਕਿਧਰੇ ਲਗਾਏ । (Invest)
ਅਨਦ ਉਲਾਸ : ਮੌਜਾਂ ਮਾਣੇ ।
ਅਮਾਨ : ਖਾਤੇ ਦੀਆਂ ਸਹੂਲਤਾਂ । (Credit Facilities)
ਅਗਿਆਨੀ : ਨਾ ਸਮਝ । (Ignorant)
ਰੋਸ ਕਰੇਇ : ਨਾਰਾਜ਼ਗੀ ਪ੍ਰਗਟ ਕਰਨੀ । (Makes a grievance)
ਪਰਤੀਤਿ : ਵਿਸ਼ਵਾਸ ।
ਨਿਹਾਲੁ : ਖੁਸ਼ ਹੋ ਕੇ ਦਾਤ ਦੇਣੀ ।
ਸਦਾ ਦਿਆਲੁ : ਹਮੇਸ਼ਾ ਹੀ ਮਿਹਰਵਾਨ ।੨।

## ਤੀਜੀ ਪਉੜੀ

ਅਨਿਕ ਭਾਤਿ ਮਾਇਆ ਕੇ ਹੇਤ ॥
ਸਰਪਰ ਹੋਵਤ ਜਾਨੁ ਅਨੇਤ ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥
ਜੋ ਦੀਸੈ ਸੋ ਚਾਲਨਹਾਰੁ ॥
ਲਪਟਿ ਰਹਿਓ ਤਹ ਅੰਧ ਅੰਧਾਰੁ ॥
ਬਟਾਊ ਸਿਉ ਜੋ ਲਾਵੈ ਨੇਹ ॥
ਤਾ ਕਉ ਹਾਥਿ ਨ ਆਵੈ ਕੇਹ ॥
ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥

**ਵਿਸਥਾਰ**

ਮਾਇਆ ਦੀਆਂ ਬੇਅੰਤ ਤੇ ਕਈ ਪ੍ਰਕਾਰ ਦੀਆਂ ਕਸ਼ਸ਼ਾਂ ਦਾ ਮਾਰਿਆ ਇਹ ਘੱਟ ਸੂਝ ਵਾਲਾ (ਜਾਨੁ ਅਨੇਤ) ਪੁਰਸ਼ ਮਾਇਆ ਨੂੰ ਦਿਨ ਰਾਤ ਵਰਤ ਵਰਤ ਆਪਾ ਤਬਾਹ (ਸਰਪਰ ਹੋਵਤ) ਕਰ ਲੈਂਦਾ ਹੈ। ਜੇ ਕੋਈ ਰੁੱਖ ਦੀ ਠੰਢੀ ਛਾਂ ਬੈਠ ਮਾਣਦਾ ਇਹ ਹੀ ਸਮਝ ਲਵੇ ਕਿ ਇਹ ਨਹੀਂ ਢਲਣੀ ਤਾਂ ਆਖਿਰ ਪਛਤਾਵੇ ਨੂੰ ਹੀ ਪੱਲੇ ਪਾਏਗਾ ਕਿਉਂਕਿ ਛਾਂ ਨੇ ਸੂਰਜ ਦੇ ਛਿਪਣ ਨਾਲ ਅਵੱਸ਼ ਢਲਨਾ ਹੈ। ਜੋ ਵੀ ਦਿਸਦਾ ਸੰਸਾਰ ਹੈ ਇਹ ਵਕਤੀ, ਥੋੜ੍ਹ-ਚਿਰਾ ਹੈ ਅਤੇ ਜੇ ਕੋਈ ਉਸਨੂੰ ਆਪਣੀ ਗਰਿਫਤ ਵਿਚ ਲਿਆਉਣਾ ਚਾਹੇਗਾ ਤਾਂ ਉਹ ਇਵੇਂ ਫਜ਼ੂਲ ਕੋਸ਼ਿਸ਼ ਕਰ ਰਹਿਆ ਹੈ ਜਿਵੇਂ ਕੋਈ ਅੰਨ੍ਹਾ ਪੁਰਸ਼ ਇੰਜੇ ਹੀ ਖ਼ਿਆਲੀ ਆਕਾਰ ਨੂੰ ਸਹੀ ਸਮਝ ਪਿੱਛੇ ਦੌੜ ਪਏ। ਉਸ ਨੂੰ ਤਾਂ ਅਵੱਸ਼ ਚੋਟਾਂ ਲਗਣਗੀਆਂ। ਹੋਰ ਉਦਾਹਰਣ ਦੇਂਦੇ ਹਨ ਕਿ ਰਾਹ ਜਾਂਦੇ ਨਾਲ ਜੇ ਕਿਸੇ ਪਿਆਰ ਪਾ ਲਿਆ ਤਾਂ ਮੁਸਾਫ਼ਰ ਨਾਲ ਪਿਆਰ ਪਾਉਣ ਵਾਲੇ ਦੇ ਹੱਥ ਕੁਝ ਨਹੀਂ ਆਉਣਾ ਕਿਉਂਕਿ ਮੁਸਾਫ਼ਰ ਨੇ ਤਾਂ ਆਪਣੀ ਮੰਜ਼ਲ ਤੇ ਰੁਕ ਜਾਣਾ ਹੈ। ਬਸ ਮੇਰੇ ਮਨ ਇਹ ਸਮਝ ਲੈ ਕਿ 'ਮਾਇਆ ਕੇ ਹੇਤ' ਨਾ ਸੁੱਖ ਹੈ ਅਤੇ ਨਾ ਢਲਦੀ ਛਾਂ ਸਦੀਵੀ ਹੈ ਤੇ ਨਾ ਹੀ ਰਾਹ ਜਾਂਦੇ ਨਾਲ ਪਿਆਰ ਪਾਉਣਾ ਸਮਝ ਦੀ ਗੱਲ ਹੈ। ਸੋ ਸਹੀ ਸੁੱਖ ਸਿਮਰਨ ਤੇ ਵਾਹਿਗੁਰੂ ਨਾਲ ਪਿਆਰ


www.sikhbookclub.com

ਪਾਉਣ ਵਿਚ ਹੈ ਅਤੇ ਇਹ ਕਿਸੇ ਆਪਣੇ ਜਤਨ ਨਾਲ ਨਹੀਂ ਪੈਣਾ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਵਾਹਿਗੁਰੂ ਆਪ ਹੀ ਕ੍ਰਿਪਾ ਕਰਕੇ ਜੀਵ ਵਿਚ ਆਪੂੰ ਹੀ ਉਸ ਲਈ ਪਿਆਰ ਪਾਂਦਾ ਹੈ।੩।

**ਸ਼ਬਦ ਭਾਵ :**

**ਹੇਤ** : ਤੂੰਗਾਂ। ਖਿੱਚਾਂ। ਕਸੱਸ਼ਾਂ। (Impulses)

**ਮਾਇਆ** : ਜੋ ਮਿਤ ਵਿਚ ਹੈ। ਜੋ ਮਿਣੀ ਜਾ ਸਕਦੀ ਹੈ। ਉਪਜੀ। ਪਦਾਰਥ। ਮਾਇਆ ਸ਼ਬਦ ਦੀ ਜੜ੍ਹ 'ਮਾਤ੍ਰ' ਵਿਚ ਗਿਣਦੇ ਹਨ। ਜਿਥੋਂ ਮੀਟਰ ਤੇ ਮੈਟ੍ਰਿਕਸ (Matrix) ਵੀ ਬਣਿਆ ਲਗਦਾ ਹੈ।

ਗੁਰੂ ਅਮਰਦਾਸ ਜੀ ਨੇ ਮਾਇਆ ਉਸ ਨੂੰ ਆਖਿਆ ਹੈ ਜਿਸ ਦੇ ਆਉਣ ਨਾਲ ਪੈਦਾ ਕਰਨ ਵਾਲਾ ਵਿਸਰ ਜਾਂਦਾ ਹੈ। ਪਕੜ ਪੈਦਾ ਹੁੰਦੀ ਹੈ ਤੇ ਦਿਸਦੀਆਂ ਸ਼ੈਆਂ ਦੀ ਖਿੱਚ ਵਧ ਜਾਂਦੀ ਹੈ। 'ਇਹ ਮਾਇਆ ਜਿਤੁ, ਹਰਿ ਵਿਸਰੈ, ਮੋਹ ਉਪਜੈ, ਭਾਉ ਦੂਜਾ ਲਾਇਆ।'

**ਸਰਪਰ** : ਪੂਰੀ ਵਾਹ ਲਗਾਉਣ ਵਾਲਾ। ਦਿਨ ਰਾਤ ਮੁਸ਼ੱਕਤ ਕਰਨ ਵਾਲਾ। ਸੱਖਣੀ ਘਾਲ ਕਰਨ ਵਾਲਾ ਜਿਸ ਦਾ ਕੋਈ ਫਲ ਪੱਲੇ ਨ ਪਵੇ। (Engaged in un-rewarding occupation)

**ਜਾਨੁ ਅਨੇਤ** : ਨਾ ਪੂਰੀ ਸਮਝ ਵਾਲਾ। ਇਆਣਾ। (Imperfect comprehension)

**ਰੰਗੁ ਲਾਵੈ** : ਮਸਤ ਹੋ ਜਾਏ। ਹੋਰ ਸਭ ਕੁਝ ਭੁੱਲ ਜਾਵੇ।

**ਬਿਨਸੈ** : ਢਲ ਜਾਣ ਨਾਲ।

**ਅੰਧਾਰੁ** : ਅਨ੍ਹੇਪਣ ਕਾਰਨ ਬਣੇ ਖਾਕੇ-ਸ਼ਕਲਾਂ। (Shadowy figures)

**ਬਟਾਊ** : ਮੁਸਾਫ਼ਰ। ਰਾਹ ਜਾਂਦਾ।

**ਸੁਖਦਾਈ** : ਸੱਚੀ ਸਦੀਵੀ ਪ੍ਰਸੰਨਤਾ। ਹਮੇਸ਼ਾ ਹੁਲਾਸ। (True felicity). ੩.

## ਚੌਥੀ ਪਉੜੀ

**ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥**
**ਮਿਥਿਆ ਹਉਮੈ ਮਮਤਾ ਮਾਇਆ ॥**
**ਮਿਥਿਆ ਰਾਜ ਜੋਬਨ ਧਨ ਮਾਲ ॥**
**ਮਿਥਿਆ ਕਾਮ ਕ੍ਰੋਧ ਬਿਕਰਾਲ ॥**
**ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥**
**ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥**
**ਮਿਥਿਆ ਧ੍ਰੋਹ ਮੋਹ ਅਭਿਮਾਨੁ।**
**ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥**
**ਅਸਥਿਰੁ ਭਗਤਿ ਸਾਧ ਕੀ ਸਰਨ ॥**
**ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥**

 www.sikhbookclub.com

**ਵਿਸਥਾਰ**

ਦਮ ਭਰ ਲਈ ਹੈ ਇਹ ਦੇਹ, ਮਾਲ ਮਤਾ ਤੇ ਟੱਬਰ । ਇਨ੍ਹਾਂ ਵਿਚੋਂ ਨਾਲ ਨਿਭਣ ਵਾਲਾ ਕੋਈ ਨਹੀਂ । ਸੋ 'ਦੇਹ-ਮਾਲ-ਟੱਬਰ' ਕਰਕੇ ਹਉਮੈ ਕਰਨੀ, ਪਕੜਾਂ ਰਖਣੀਆਂ ਤੇ ਖਿੱਚਾਂ ਖਾਈ ਜਾਣੀਆਂ ਸਭ ਗ਼ਲਤ ਹਨ । ਹੇ ਜੀਵ ! ਛਿਨ ਭੰਗਰ ਲਈ ਜਾਣ ਉਸ ਤਾਕਤ (ਰਾਜ) ਨੂੰ ਜੋ ਤੇਰੇ ਵਿਚ ਜਵਾਨੀ, ਮਿਲਖ ਮਾੜੀਆਂ ਕਰਕੇ ਆਉਂਦੀ ਹੈ ਅਤੇ ਜੋ ਇਨ੍ਹਾਂ ਦੀ ਮਾਲਕੀ ਪਾ, ਕਾਮ ਦੀ ਪੂਰਤੀ ਲਈ ਕ੍ਰੋਧ ਵਾਲਾ ਭਿਆਨ ਰੂਪ (ਬਿਕਾਰ) ਧਾਰ ਬੈਠਦਾ ਹੈ, ਕਿਸੇ ਕਾਜ ਨਹੀਂ । ਰੱਥਾਂ, ਹਾਥੀਆਂ ਤੇ ਘੋੜਿਆਂ ਦੀਆਂ ਸਵਾਰੀਆਂ ਤੇ ਸੋਹਣੇ ਕਪੜੇ ਪਾ ਰਸ ਲੇਣੇ, ਲਮਹ ਭਰ ਲਈ ਹੈ । ਕਲਾ ਕੌਸ਼ਲ (ਰੰਗ), ਮਿਤ੍ਰਾਂ ਦੇ ਮੇਲੇ, ਮਾਇਆ ਦੇ ਹੁਲਾਸ ਭਰੇ ਨਜ਼ਾਰੇ, ਚਾਅ ਵਿਚ ਫਿਰਨਾ, ਸਭ ਵਕਤੀ ਹੈ ਭਰਾਵਾ ! ਕਿਸੇ ਲਾਭ ਨਹੀਂ ਜ਼ਮਾਨਾਸਾਜ਼ੀ, ਮੌਕਾ ਪ੍ਰਸਤੀ, ਹਿਰਸ ਤੇ ਹੱਠ ਧਰਮੀ ਅਤੇ ਫ਼ਜ਼ੂਲ ਹੈ ਇਸ ਖ਼ੁਸ਼-ਫ਼ਹਿਮੀ ਵਿਚ ਰਹਿਣਾ ਕਿ ਮੇਰੇ ਜਿਹਾ ਹੋਰ ਕੋਈ ਨਹੀਂ । ਯਾਦ ਰੱਖ ! ਕੇਵਲ ਰਹਿਣੀ ਹੈ ਪ੍ਰਭੂ ਦੀ ਕੀਤੀ ਪਿਆਰੀ ਯਾਦ ਤੇ ਉਨ੍ਹਾਂ ਮਹਾਂਪੁਰਸ਼ਾਂ ਦੇ ਪੈਰ ਚਿੰਨ੍ਹਾਂ ਤੇ ਟੁਰਨਾ ਜੋ ਪੁੱਗ ਗਏ ਹਨ । ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਨ੍ਹਾਂ ਪ੍ਰਸੰਨਮਈ ਜੀਵਨ, ਲਗਾਤਾਰ ਸਿਮਰ ਸਿਮਰ ਤੇ ਨਿੰਮ੍ਰਤਾ ਵਿਚੋਂ ਹੀ ਪਾਇਆ ਹੈ ।੪।

**ਸ਼ਬਦ ਭਾਵ :**

**ਮਿਥਿਆ** : ਭੁਲ । ਭੁਲੇਖਾ । ਪੁੱਠਾਪਣ । **(Invertedly)**
ਅਨੈਤਕ ਵਤੀਰਾ । ਕਿਸੇ ਕਾਜ ਨਾਂਹ । ਅਵਲ । ਦਮ ਭਰ ਲਈ । ਵਕਤੀ । **(Not Real)**

**ਕੁਟੰਬ** : ਟੱਬਰ । **(Family)**

**ਹਉਮੈ** : ਮੈਂ-ਮੈਂ । ਹਉ-ਹਫਾਰਾ । **(Ego-consciousness)**
ਹਉਮੈ ਉਸ ਸਮੇਂ ਉਪਜਦੀ ਹੈ ਜਦ ਅੰਦਰ ਸਹਸਾ (ਤੌਖਲਾ) ਉਠ ਖੜ੍ਹਾ ਹੋਵੇ ਕਿ ਮੇਰੀ ਵੀ ਕੋਈ ਹੋਂਦ ਹਸਤੀ ਹੈ । ਇਸ ਅਵਸਥਾ ਵਿਚ ਜਿਤਨੇ ਵੀ ਕਰਮ ਕਰਦਾ ਹੈ, ਹਉਂ ਵਸ ਹੋ ਕੇ ਕਰਦਾ ਹੈ ਜੋ ਵਾਹਿਗੁਰੂ ਤੋਂ ਦੂਰ ਲਈ ਜਾਂਦੇ ਹਨ । ਇਹ ਤੌਖਲਾ ਕਿ ਮੈਂ ਵੀ ਕੁਝ ਹਾਂ ਜਦ ਅੰਦਰ ਉਪਜ ਖਲੋਂਦਾ ਹੈ ਤਾਂ ਕਿਸੇ ਕਰਮ, ਧਰਮ ਕ੍ਰਿਆ ਜਾਂ ਸਰੀਰਕ ਸੰਜਮਾਂ ਨਾਲ ਨਹੀਂ ਜਾਂਦਾ । ਹਾਂ । ਜੇ ਗੁਰੂ ਦੀ ਮਿਹਰ ਹੋ ਜਾਏ ਤਾਂ ਐਸਾ ਗਿਆਨ (ਸਹਜਿ) ਉਪਜ ਪੈਂਦਾ ਹੈ ਕਿ ਆਪਣੀ ਹੋਂਦ, ਹਸਤੀ ਨਿਗੂਣੀ ਲੱਗਣ ਲੱਗ ਪੈਂਦੀ ਹੈ । ਫਿਰ ਚਿਤ ਪ੍ਰਭੂ ਦੇ ਗੁਣ ਗਾਉਣ ਨੂੰ ਕਰਦਾ ਹੈ । ਹਉਮੈ ਦਾ ਅਭਾਵ ਹੋ ਜਾਂਦਾ ਹੈ ਤੌਖਲੇ ਮਿਟ ਜਾਂਦੇ ਹਨ । ਹਉਮੈ ਦਾ ਜਨਮ ਜੀਵ ਨਾਲ ਨਹੀਂ ਹੋਇਆ, ਇਹ ਬਾਹਰਲੀ ਸ਼ੈ ਹੈ । ਸੋ ਮਿਟਾਉਣੀ ਇਤਨੀ ਔਖੀ ਨਹੀਂ ।

**ਰਾਜ** : ਮਾਲਕ । ਸ਼ਕਤੀ ਤਾਕਤ । (Power)

**ਰੰਗ** : ਜਿੱਥੇ ਨਾਟਕ ਆਦਿ ਕੀਤੇ ਜਾਂਦੇ ਹਨ ।

**ਧ੍ਰੋਹ** : ਜ਼ਮਾਨਾਸਾਜ਼ੀ । ਮੌਕਾਪ੍ਰਸਤੀ । ਵਿਸ਼ਵਾਸਘਾਤੀ । (Disregard)

SIKHBOOKCLUB.COM


www.sikhbookclub.com

**ਮੋਹ** : ਪਕੜ।

**ਅਭਿਮਾਨੁ** : ਆਪੇ ਦਾ ਜ਼ੋਰ ਨਾਲ ਪ੍ਰਗਟਾਉਣਾ। ਹੱਠ ਧਰਮੀ। (Self-Assertiveness)

**ਅਸਥਿਰ** : ਸਦਾ ਟਿਕਵੀਂ। ਮਿਥਿਆ ਦੇ ਉਲਟ। (Constant)

**ਭਗਤਿ** : ਪ੍ਰਭੂ ਦੀ ਪਿਆਰੀ ਯਾਦ।੨।

## ਪੰਜਵੀਂ ਪਉੜੀ

**ਮਿਥਿਆ ਸ੍ਰਵਨ ਪਰਨਿੰਦਾ ਸੁਨਹਿ ॥**
**ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥**
**ਮਿਥਿਆ ਨੇਤ੍ਰ ਪੇਖਤ ਪਰਤ੍ਰਿਅ ਰੂਪਾਦ ॥**
**ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥**
**ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥**
**ਮਿਥਿਆ ਮਨ ਪਰ ਲੋਭ ਲੁਭਾਵਹਿ ॥**
**ਮਿਥਿਆ ਤਨ ਨਹੀ ਪਰਉਪਕਾਰਾ ॥**
**ਮਿਥਿਆ ਬਾਸੁ ਲੇਤ ਬਿਕਾਰਾ ॥**
**ਬਿਨੁ ਬੂਝੇ ਮਿਥਿਆ ਸਭ ਭਏ ॥**
**ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥**

SIKHBOOKCLUB.COM

**ਵਿਸਥਾਰ**

ਜੋ ਪ੍ਰਭੂ ਨੇ ਕੰਨ, ਹੱਥ, ਨੈਣ, ਜੀਭ, ਪੈਰ, ਤਨ, ਮਨ ਹਿਰਦਾ ਦਿੱਤਾ ਹੈ, ਇਨ੍ਹਾਂ ਨੂੰ ਫਜ਼ੂਲ ਕੰਮਾਂ, ਵਿਅਰਥ ਕਾਰਜਾਂ ਅਤੇ ਦਮ ਭਰ ਲਈ ਸੁੱਖ ਦੇਣ ਵਾਲੇ ਸਮਾਨਾਂ ਲਈ ਨਾ ਵਰਤ। ਇਨ੍ਹਾਂ ਦੀ ਸਹੀ ਵਰਤੋਂ ਤਦ ਹੀ ਗਿਣੀ ਜਾਵੇਗੀ ਜੇ ਇਨ੍ਹਾਂ ਨੂੰ ਮਾੜੇ ਪਾਸਿਓਂ ਜਾਣ ਤੋਂ ਵਰਜੇਗਾ। ਸਮਝਾਂਦੇ ਕਹਿੰਦੇ ਹਨ : ਫਜ਼ੂਲ ਹਨ ਕੰਨ ਜੋ ਉਹ ਪਰਾਈ ਨਿੰਦਾ ਸੁਣਨ ਵਿਚ ਹੀ ਲਗੇ ਹੋਏ ਹਨ। ਬੇਲੋੜੇ ਹਨ ਹੱਥ ਜੋ ਦੂਜੇ ਦਾ ਮਾਲ ਹਥਿਆਉਣ ਵਿਚ ਹੀ ਜੁਟੇ ਹੋਏ ਹਨ। ਕਿਸੇ ਕਾਜ ਨਹੀਂ ਅੱਖਾਂ ਜੋ ਪਰਾਈ ਇਸਤ੍ਰੀ ਦੇ ਰੂਪ ਦੇਖਣ ਵਿਚ ਹੀ ਲਗੀਆਂ ਹੋਈਆਂ ਹਨ। ਧ੍ਰਿਗ ਹੈ ਜੀਭਾ ਜੋ ਖਾਣ ਦੇ ਘਟੀਆ ਮਜ਼ੇ (ਅਨ ਸ੍ਵਾਦ) ਹੀ ਲੈ ਰਹੀ ਹੈ। ਬੇਕਾਰ ਹਨ ਪੈਰ ਜੋ ਦੂਜੇ ਨੂੰ ਹਾਨੀ ਪਹੁੰਚਾਉਣ ਲਈ ਝੱਟ ਉੱਠ ਪੈਂਦੇ ਹਨ। **'ਪਰ ਬਿਕਾਰ ਕਉ ਧਾਵਹਿ'**। ਫਿਟਕਾਰ ਜੋਗਾ ਹੈ ਐਸਾ ਜਿਸ ਵਿਚ ਹਿਰਸ ਤੇ ਲਾਲਚ ਦੀਆਂ ਲਹਿਰਾਂ ਹੀ ਉਠਦੀਆਂ ਰਹਿੰਦੀਆਂ ਹਨ। ਨਿਰਅਰਥ ਹੈ ਉਹ ਸਰੀਰ ਜੋ ਦੂਜੇ ਦੇ ਭਲੇ ਲਈ ਨਹੀਂ ਲੱਗਾ। ਅਕਾਰਥ ਹੈ ਉਹ ਹਿਰਦਾ ਜਿਥੇ ਸਿਵਾਇ ਵਿਕਾਰਾਂ ਦੇ ਹੋਰ ਕੁਝ ਸੋਚਿਆ ਵੀ ਨਹੀਂ ਜਾਂਦਾ **'ਬਾਸੁ ਲਤ ਬਿਕਾਰਾ'**।

ਇਹ ਸਰੀਰ ਦੇ ਅੰਗ-ਇੰਦ੍ਰੇ ਕਿਸੇ ਕਾਜ ਦੇ ਨਹੀਂ ਜੋ ਇਨ੍ਹਾਂ ਨੂੰ ਸਹੀ ਸੇਧ ਨਹੀਂ ਮਿਲੀ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਨ੍ਹਾਂ ਦਾ ਅਸਲਾ ਮਾੜਾ ਨਹੀਂ। ਸਿਰਫ਼ ਸਹੀ ਪਾਸੇ ਲਗਾਉਣ ਦੀ ਲੋੜ ਹੈ। ਨਾਮ ਸਿਮਰਨ ਨਾਲ ਦੇਹੀ ਸਵਰ ਜਾਏ

 www.sikhbookclub.com

**ਵਿਸਥਾਰ**

ਕੈਸਾ ਨਾਸ਼ੁਕਰਾ ਹੈ ਇਹ ਜੀਵ ਕਿ ਅਨੇਕਾਂ ਦਾਤਾਂ ਪਾ ਕੇ ਕਦੇ ਧੰਨਵਾਦ ਤਕ ਨਹੀਂ ਕਰਦਾ ਪਰ ਜਦ ਇਕ ਖ਼ਾਹਿਸ਼ ਦੀ ਪੂਰਤੀ ਨਹੀਂ ਹੁੰਦੀ ਸੂ ਤਾਂ ਗੁੱਸੇ ਵਿਚ ਭਰ ਜਾਂਦਾ ਹੈ ਇਸ ਤਰ੍ਹਾਂ ਵਾਹਿਗੁਰੂ ਦੀ ਨਜ਼ਰੋਂ ਗਿਰ ਜਾਂਦਾ ਹੈ।

ਭਲਾ ਸੋਚੋ ਤਾਂ ਸਹੀ ਕਿ ਜੋ ਕੁਝ ਵਾਹਿਗੁਰੂ ਨੇ ਉਸ ਨੂੰ ਦਿਤਾ ਹੋਇਆ ਹੈ, ਉਨ੍ਹਾਂ ਸਭਨਾਂ ਅਤੇ ਉਸ ਦੀ ਜਿਸ ਦੀ ਇੱਛਾ ਕੀਤੀ ਹੈ, ਸਮੇਤ ਪੂਰਤੀ ਨਾ ਕਰੇ ਤਾਂ ਉਸ ਬੇਵਕੂਫ ਦਾ ਕੀਤਾ ਗੁੱਸਾ ਕਿਸੇ ਕੰਮ ਆਵੇਗਾ ? ਫ਼ਜ਼ੂਲ ਹੈ, ਇਕ ਇੱਛਾ ਦੀ ਪੂਰਤੀ ਨਾ ਹੋਣ ਤੇ ਵਾਹਿਗੁਰੂ ਨੂੰ ਕੋਸਣ ਲੱਗ ਪੈਣਾ। ਜੋ ਉਸ ਨੇ ਦਿੱਤਾ ਹੋਇਆ ਹੈ ਉਸ ਦਾ ਸ਼ੁਕਰ ਕਰਨਾ ਹੀ ਫੱਬਦਾ ਹੈ। ਜਿਸ ਮਾਲਕ ਨਾਲ ਚਾਰਾਜੋਈ ਖਹਿਣ ਕਹਿਣ ਦਾ ਕੋਈ ਲਾਭ ਨਾ ਹੋਵੇ, ਉਸ ਅਗੇ ਤਾਂ ਸਿਰ ਝੁਕਾਉਣਾ ਹੀ ਫੱਬਦਾ ਹੈ। ਜਿਸ ਹਿਰਦੇ ਨੂੰ ਪ੍ਰਭੂ ਦੀ ਰਜ਼ਾ ਮਿੱਠੀ ਲੱਗਣ ਲੱਗ ਪਵੇ, ਉਸ ਵਿਚ ਸਭ ਖੁਸ਼ੀਆਂ ਆ ਵਾਸਾ ਕਰਦੀਆਂ ਹਨ। ਜਿਸ ਨੂੰ ਮਿਹਰ ਕਰ ਕੇ ਹੁਕਮ ਤੇ ਟੁਰਨ ਦਾ ਵੱਲ ਸਿਖਲਾ ਦੇਵੇ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਨੂੰ ਕਿਸੇ ਵੀ ਦਾਤ ਤੋਂ ਵਿਰਵਾ ਨਹੀਂ ਰਖਦਾ।੧।

**ਸ਼ਬਦ ਭਾਵ :**

- **ਦਸ ਬਸਤੂ** : ਦਸ ਸ਼ੈਆਂ। ਸਭ ਕੁਝ। ਦਸ ਆਪਣੇ ਆਪ ਵਿਚ ਇਕ ਮੁਕੰਮਲ ਹਿੰਦਸਾ ਹੋਣ ਕਾਰਨ ਭਾਵ ਹੈ ਸਾਰੀਆਂ। (Entire)
- **ਪਾਛੈ ਪਾਵੈ** : ਸ਼ੁਕਰ ਕੀਤੇ ਬਗੈਰ। ਲੁਕਾ ਕੇ। (Without being thank
- **ਬਿਖੋਟਿ** : ਇਤਬਾਰ। (Trust worthiness)
- **ਹਿਰਿ** : ਖੋਹ।
- **ਕਹੁ ਕਹਾ** : ਕਹਿਣ ਕਹਾਉਣ। ਰੋਸ ਕਰਨਾ। (Fretfulness)
- **ਚਾਰਾ** : ਚਾਰਾਜੋਈ। (Contending)
- **ਮਨਿ ਲਾਗਾ ਪ੍ਰਭੁ ਮੀਠਾ** : ਮਨ ਨੂੰ ਪ੍ਰਭੂ ਦਾ ਕੀਤਾ ਮਿਠਾ ਲਗੇ।
- **ਵੂਠਾ** : ਵਸੇਬਾ। (Resides)
- **ਸਰਬ ਥੋਕ** : ਹਰ ਸ਼ੈ। ਸੁੱਖਾਂ ਦੇ ਸਭ ਸਾਮਾਨ।੧।

## ਦੂਜੀ ਪਉੜੀ

ਅਗਨਤ ਸਾਹੁ ਅਪਨੀ ਦੇ ਰਾਸਿ ॥
ਖਾਤ ਪੀਤ ਬਰਤੈ ਅਨਦ ਉਲਾਸਿ ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥
ਅਗਿਆਨੀ ਮਨਿ ਰੋਸੁ ਕਰੇਇ ॥


www.sikhbookclub.com

ਅਪਨੀ ਪਰਤੀਤਿ ਆਪ ਹੀ ਖੋਵੈ ॥
ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥
ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥
ਨਾਨਕ ਸਾਹਿਬੁ ਸਦਾ ਦਇਆਲੁ ॥੨॥

## ਵਿਸਥਾਰ

ਹੁਣ ਇਕ ਉਦਾਹਰਣ ਸ਼ਾਹ ਦੀ ਲੈਂਦੇ ਹਨ ਜੋ ਵਰਤਣ ਲਈ ਧਨ
ਰਾਸ ਪੂੰਜੀ ਉਧਾਰੀ ਨੂੰ ਦੇਂਦਾ ਹੈ ਤਾਂਕਿ ਉਹ ਖੱਟ ਕਮਾ ਸਕੇ। ਪੁਛਦੇ
ਹਨ ਕਿ ਜੇ ਸ਼ਾਹ ਆਪਣੀ ਦਿਤੀ ਅਮਾਨ ਦੀ ਰਕਮ (Trust money)
ਵਾਪਸ ਮੰਗੇ ਤਾਂ ਕੀ ਲੈਣ ਵਾਲੇ ਨੂੰ ਗੁੱਸਾ ਕਰਨਾ ਚਾਹੀਦਾ ਹੈ ਕਿ ਸ਼ੁਕਰ-ਸਹਿਤ ਮੋੜਨੀ
ਚਾਹੀਦੀ ਹੈ। ਜਿਸ ਖਿਣ ਮਨ ਮੰਗੀ ਉਹ ਹੋਰ ਲੈਣ ਦਾ ਵੀ ਭਾਗੀ ਬਣ ਜਾਂਦਾ ਹੈ।
ਥ ਮੋੜਨ ਵਾਲੇ ਰੋਸਾ ਇਸ ਕਾਰਨ ਕਰਦਾ ਹੈ ਕਿ ਉਸ ਨੇ ਲਈ ਪੂੰਜੀ ਦੀ ਠੀਕ
ਨਹੀਂ ਕੀਤੀ। ਪੁਛਦੇ ਹਨ :
ਕੋਈ ਸਾਹੂਕਾਰ (ਬੈਂਕਰ) ਇਹ ਆਗਿਆ ਦੇਵੇ ਕਿ ਜਿਤਨੀ ਮਰਜ਼ੀ ਰਕਮ
ਜਦ ਚਾਹ ਕਢਵਾ, ਖੱਟ ਕਮਾ, ਖਰਚ, ਮੌਜਾਂ ਮਾਣ ਤੇ ਫਿਰ ਕੁਝ ਸਮੇਂ ਪਿਛੋਂ
ਤੀਆਂ ਖਾਤੇ ਦੀਆਂ ਸਹੂਲਤਾਂ ਵਿਚੋਂ ਕੁਝ ਕੁ ਵਾਪਸ ਲੈ ਲਵੇ ਤਾਂ ਜੋ ਨਾ-
ਉਹ ਰੋਸ ਮਨਾਉਣ ਲਗ ਪਵੇਗਾ। ਇਸ ਤਰ੍ਹਾਂ ਤਾਂ ਆਪਣਾ ਬਣਿਆ
ਗਵਾ ਲਵੇਗਾ ਅਤੇ ਫਿਰ ਸਾਹੂਕਾਰ ਅਗੇ ਤੋਂ ਉਸ ਦਾ ਇਤਬਾਰ ਕਿਵੇਂ ਕੀ
ਤਾਂ ਇਹ ਆਂਦਾ ਸੀ ਕਿ ਜਿਸਦੀ ਰਾਸ ਪੂੰਜੀ ਸੀ ਉਸ ਤੋਂ ਖਿਝ
ਸਹੂਲਤਾਂ ਲੈਣ ਦਾ ਹੱਕਦਾਰ ਬਣਦਾ ਪਰ ਉਸ ਨੇ ਤਾਂ ਆਪਣੇ
ਹੋਇਆ ਇਤਬਾਰ ਵੀ ਗਵਾ ਲਿਆ।
ਲਈ, ਇਹ ਹੀ ਬਣ ਆਂਵਦਾ ਹੈ ਕਿ ਜੋ ਦਾਤਾਂ ਸ਼ਾਹ
ਦਿੱਤੀਆਂ ਹਨ, ਉਨ੍ਹਾਂ ਨੂੰ ਬੇਸ਼ਕ ਵਰਤੇ ਪਰ ਜਦ ਉਨ੍ਹਾਂ
ਤਾਂ ਰੋਸ ਨਾ ਕਰਦਾ ਫਿਰੇ। ਜਿਸ ਦੀਆਂ ਲੈਆਂ ਹਨ,
ਖ ਨਾ ਆਵੇ। ਜਿਸ ਹੁਕਮ ਅਗੇ ਸਿਰ ਨਿਵਾਇਆ
ਬਰਕਤ ਦੇ ਕੇ ਪ੍ਰਸੰਨ ਕਰ ਦੇਂਦਾ ਹੈ। ਵਾਹਿਗੁਰੂ
ਲ ਜੀ ਕਹਿੰਦੇ ਹਨ ਕਦੀ ਬੰਦ ਨਹੀਂ ਹੁੰਦਾ।
ਦਇਆਲੁ।' ੨।

Unlimited)


www.sikhbookclub.com

ਤਾਂ ਸਹੀ ਪਾਸੇ ਲਗ ਜਾਂਦੀ ਹੈ ਅਤੇ ਇਸ ਨੂੰ ਆਪਣੀ ਮਹੱਤਤਾ ਪ੍ਰਤੀਤ ਹੁੰਦੀ ਹੈ ਅਤੇ ਵਿਗਾੜਾਂ ਵਲ ਨਾ ਪੈ ਕੇ ਸਕਾਰਥਾ (ਸਫ਼ਲ) ਹੋ ਜਾਂਦਾ ਹੈ। ਮਿਥਿਆ (ਅਕਾਰਥ) ਦੇ ਉਲਟ ਇਥੇ ਮਫ਼ਲ (ਸਕਾਰਥ) ਕਹਿਆ ਹੈ ।੫।

**ਸ਼ਬਦ ਭਾਵ :**

**ਮਿਥਿਆ** : ਫ਼ਜ਼ੂਲ, ਬੇਅਰਥ । ਅਕਾਰਥ। ਬੇਲੋੜਾ ਨਿਰਅਰਥ । ਕਿਸੇ ਕਾਜ ਨਹੀਂ । (Fruitless worthless)

**ਸ੍ਰਵਨ** : ਕੰਨ ।

**ਹਸਤ** : ਹੱਥ ।

**ਪਰਤ੍ਰਿਆ-ਰੂਪਾਦ** : ਪਰਾਈ ਇਸਤ੍ਰੀ ਦੇ ਰੂਪ ਨੂੰ ਤੱਕੀ ਹੀ ਜਾਣਾ ।

**ਅਨ ਸ੍ਵਾਦ** : ਘਟੀਆ ਮਜ਼ਾ । (Inferior deuce)

**ਬਿਕਾਰ ਕਉ ਧਾਵਹਿ** : ਹਾਨੀ ਪਹੁੰਚਾਉਣ ਲਈ ਝੱਟ ਉੱਠ ਦੌੜ ਪੈਣਾ ।

**ਪਰਲੋਭ ਲੁਭਾਵਹਿ** : ਲਾਲਚ ਦੀਆਂ ਲਹਿਰਾਂ ਵਿਚ ਹੀ ਗੋਤੇ ਖਾਂਦੇ ਰਹਿਣਾ ।

**ਬਾਸੁ ਲੇਤ ਬਿਕਾਰਾ** : ਹਿਰਦੇ ਵਿਚ ਸਿਵਾਇ ਵਿਕਾਰ ਦੇ ਹੋਰ ਕੁਝ ਨਾ ਹੋਣਾ ।

**ਬਿਨ ਬੂਝੇ** : ਬਗੈਰ ਸਹੀ ਮੰਤਵ ਜਾਣੇ । (Without true understanding)

**ਸਫਲ ਦੇਹ** : ਸਕਾਰਥਾ ਸਰੀਰ ।੫।

## ਛੇਵੀਂ ਪਉੜੀ

**ਬਿਰਥੀ ਸਾਕਤ ਕੀ ਆਰਜਾ ॥**
**ਸਾਚ ਬਿਨਾ ਕਹ ਹੋਵਤ ਸੂਚਾ ॥**
**ਬਿਰਥਾ ਨਾਮ ਬਿਨਾ ਤਨੁ ਅੰਧ ॥**
**ਮੁਖਿ ਆਵਤ ਤਾ ਕੈ ਦੁਰਗੰਧ ॥**
**ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥**
**ਮੇਘ ਬਿਨਾ ਜਿਉ ਖੇਤੀ ਜਾਇ ॥**
**ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥**
**ਜਿਉ ਕਿਰਪਨ ਕੇ ਨਿਰਾਰਥ ਦਾਮ ॥**
**ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥**
**ਨਾਨਕ ਤਾ ਕੈ ਬਲਿ ਬਲਿ ਜਾਉ ॥੬॥**

**ਵਿਸਥਾਰ**

ਅਰਥ ਹੀਣ ਜ਼ਿੰਦਗੀ ਗੁਜ਼ਾਰਨ ਵਾਲੇ ਦੀ ਦੁਰਦਸ਼ਾ 'ਮੁਖਿ ਆਵਤ ਤਾਕੈ ਦੁਰਗੰਧ' ਦੱਸ ਕੇ ਸਫਲ ਦੇਹ ਦੀ ਉਚਿਤ੍ਰਾ ਇਕ ਹੀ ਤੁਕ ਵਿਚ ਪ੍ਰਗਟਾ ਦਿਤੀ ਕਿ ਉਸ ਤੋਂ ਹਰ ਕੋਈ ਸਦਕੇ ਜਾਂਦਾ ਹੈ । 'ਬਲਿ ਬਲਿ ਜਾਉ' ।

ਮੂਢੋਂ ਘੁੱਥੇ, ਡਿੱਗੇ ਟੁੱਟੇ, ਆਦਿ ਸ਼ਕਤੀ (ਕਾਲੀ ਦੁਰਗਾ) ਦੇ ਪੁਜਾਰੀ ਮਮਕਾਰਾਂ (ਮਾਸ ਖਾਣ, ਮਦਰਾ ਪੀਣ, ਮੈਥਨ ਕਰਨ, ਮੰਤ੍ਰ ਪੜ੍ਹਨ ਤੇ ਮੁਦਰਾ, ਆਸਨ ਬਣਾਉਣ) ਵਿਚ ਹੀ ਕੀਮਤੀ ਜ਼ਿੰਦਗੀ ਜ਼ਾਇਆ ਕਰ ਜਾਂਦੇ ਹਨ। ਇਹ ਸਾਕਤ ਦੀ ਖ਼ਾਮ ਖ਼ਿਆਲੀ ਹੈ ਕਿ ਭੋਗ ਭੋਗ ਕੇ ਅੰਦਰਲਾ ਰੱਜ ਜਾਵੇਗਾ ਤੇ ਜੀਵ ਸੁੱਚਾ ਹੋਵੇਗਾ। ਸੁੱਚਾ ਤਾਂ ਸੱਚ ਰਾਹੀਂ ਹੀ ਹੋਣਾ ਹੈ। ਜਦ ਅਸਲੇ ਨੂੰ ਪਹਿਚਾਣ ਲਵੇਗਾ ਤਾਂ ਮਾੜਾ ਕਰਮ ਨਹੀਂ ਕਰੇਗਾ ਤੇ ਸੁੱਚਾ ਹੋ ਜਾਏਗਾ। ਨਿਰੀ ਦੇਹ ਕੁਝ ਕਰਨ ਜੋਗ ਨਹੀਂ। ਅੰਨ੍ਹੀ ਹੈ। ਠੇਡੇ ਹੀ ਖਾਏਗੀ ਜੇ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਨਹੀਂ ਹੋਇਆ। ਇਹ ਤਤ ਪਛਾਣੇ ਬਿਨਾਂ ਕਿ ਸਰੀਰ ਦਾ ਆਧਾਰ 'ਗੋਚਰ' ਨਹੀਂ 'ਅਗੋਚਰ' ਹੈ, ਇਸ ਦੇਹ ਨੂੰ ਕੁਝ ਸੁਝਾਈ ਨਹੀਂ ਦੇਣ ਲਗਾ। 'ਗੋਚਰ' ਨੂੰ ਹੀ ਸਭ ਕੁਝ ਜਾਨਣ ਵਾਲੇ ਦੇ ਹਰ ਇੰਦ੍ਰੇ ਤੋਂ, ਵਿਕਾਰ ਵਿਚ ਪਏ ਰਹਿਣ ਕਾਰਨ ਬਦਬੂ ਆਵੇਗੀ। ਬਗ਼ੈਰ ਉਸ ਦੀ ਯਾਦ ਪਕਾਏ (ਸਿਮਰਨ ਕਰੇ) ਦਿਨ ਰਾਤ ਇੰਜ ਵਿਅਰਥ ਗਿਆ ਜਾਣੋ ਜਿਵੇਂ ਕੋਈ ਖੇਤੀ ਤਾਂ ਵਾਹ ਲਵੇ, ਬੀਜ ਵੀ ਪਾ ਦੇਵੇ, ਸੁਹਾਗਾ ਵੀ ਫੇਰ ਦੇਵੇ ਪਰ ਉਸ ਤੇ ਸਮੇਂ ਸਿਰ ਮੀਂਹ ਹੀ ਨਾ ਪਵੇ। ਸਿਮਰਨ ਰਹਿਮਤਾਂ ਦਾ ਮੀਂਹ ਹੈ ਜੋ ਜੀਵ ਦੀ ਖੇਤੀ ਤੇ ਪੈ ਕੇ ਉਸ ਨੂੰ ਲਹਿਰਾਂਦੀ ਫ਼ਸਲ ਬਣਾ ਦੇਂਦਾ ਹੈ। ਜੇ ਸਰੀਰਕ ਕਿਰਤਾਂ ਤੇ ਕਿਰਿਆਵਾਂ ਨਾਲ ਪ੍ਰਭੂ ਦੀ ਯਾਦ ਨਹੀਂ ਜੁੜੀ ਹੋਈ ਤਾਂ ਅਸਲੇ ਦੀ ਸੋਝੀ ਨਹੀਂ ਹੋਵੇਗੀ ਤੇ ਕੁਝ ਵੀ ਸਵਰੇਗਾ ਨਹੀਂ। ਜਿਵੇਂ ਕੰਜੂਸ ਕਮਾਈ ਤਾਂ ਕਰਦਾ ਹੈ ਪਰ ਕਮਾਈ ਰਕਮ ਨੂੰ ਨਾ ਆਪਣੇ ਤੇ, ਨ ਕਿਸੇ ਭਲਾਈ ਲਈ ਵਰਤਣ ਕਾਰਨ ਕਿਸੇ ਕੰਮ ਨਹੀਂ ਆਂਦੀ। ਸ਼ਾਬਾਸ਼ ਹੈ ਉਸ ਜੀਵ ਦੇ ਜਿਸ ਸਿਮਰਨ ਕਰ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਆਪਣੇ ਹਿਰਦੇ ਕਰ ਲਿਆ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੇ ਸਿਮਰਨ ਕਰਨ ਵਾਲੇ ਜੀਊੜੇ ਤੋਂ ਮੈਂ ਸਦਕੇ ਹਾਂ। ੬।

**ਸ਼ਬਦ ਭਾਵ :**

**ਸਾਕਤ** : ਅਰਬੀ ਵਿਚ ਗਿਰੇ, ਡਿੱਗੇ, ਟੁੱਟੇ ਤੇ ਮੂੰਢੋਂ ਘੁੱਥੇ ਨੂੰ ਸਾਕਤ ( ساقط

ਕਹਿੰਦੇ ਹਨ। ਪਰ ਹਿੰਦੁਸਤਾਨੀ ਪ੍ਰੰਪਰਾ ਵਿਚ ਸਾਕਤ ਆਦਿ ਸ਼ਕਤੀ ਕਾਲੀ-ਦੁਰਗਾ ਦਾ ਪੁਜਾਰੀ ਹੈ ਉਸ ਦੀ ਸਾਰੀ ਕ੍ਰਿਆ ਪੰਜ ਮਮਕਾਰ ਦੀ ਹੁੰਦੀ ਹੈ। ਮਾਸ ਖਾਣਾ, ਮਦਰਾ ਪੀਣੀ, ਮੈਥਨ ਕਰਨਾ (ਜਿਨਸੀ ਭੁੱਖ ਉਤਾਰਨੀ), ਮੰਤ੍ਰ ਪੜ੍ਹਨਾ ਤੇ ਮੁਦਰਾ (ਆਸਨ) ਲਗਾਉਣੇ।

ਸਾਕਤ ਇਨ੍ਹਾਂ ਮਮਕਾਰਾਂ ਵਿਚ ਹੀ ਪਿਆ ਰਹਿੰਦਾ ਹੈ।

**ਆਰਜਾ** : ਕੁਲ ਉਮਰ।

**ਸੂਚਾ** : ਸ਼ੁਧ ਆਚਰਣ। (**Pure conduct**)

**ਤਨੁ ਅੰਧ** : ਸਰੀਰ ਨੂੰ ਕੁਝ ਦਿਖਾਈ ਨਹੀਂ ਦੇਵੇਗਾ। ਇਹ ਜੋ ਸਾਕਤ ਦਾ ਖ਼ਿਆਲ ਹੈ ਕਿ ਬਦੀ ਨੂੰ ਬਦੀ ਨਾਲ ਮਾਰਿਆ ਜਾ ਸਕਦਾ ਹੈ, ਅੰਨ੍ਹਾ ਵਿਚਾਰ ਹੈ। ਵਾਹਿਗੁਰੂ ਦੀ ਹੋਂਦ ਦੇ ਪ੍ਰਕਾਸ਼ ਨੇ ਹੀ ਸਰੀਰ ਦਾ ਅੰਨ੍ਹਾ-ਪਣ ਦੂਰ ਕਰਨਾ ਹੈ। 'ਅੰਧਕਾਰ ਦੀਪਕ ਪ੍ਰਕਾਸ'। ਸਾਕਤ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਨੇ ਗਉੜੀ ਬਾਵਨ ਅਖਰੀ ਦੀ ਨੌਵੀਂ ਪਉੜੀ ਵਿਚ ਕਰਕੇ ਫ਼ਰਮਾਇਆ

 www.sikhbookclub.com

ਹੈ ਕਿ ਉਹ ਕੰਮ ਜੋ ਪ੍ਰਭੂ ਸਿਮਰਨ ਨੂੰ ਤਿਆਗ ਕੇ ਤੂੰ ਕਰਦਾ ਹੈਂ ਉਹ ਤਾਂ ਤੈਨੂੰ ਹੋਰ ਜਕੜ ਰਹੇ ਨੇ। ਬੰਦੀਵਾਨ ਬਣਾ ਰਹੇ ਹਨ। ਸਾਕਤ ਅੰਨ੍ਹਾ ਹੋਇਆ, ਬਗੈਰ ਵਿਚਾਰੇ ਉਹ ਹੀ ਕਰਮ ਕਮਾਈ ਚਲਾ ਜਾਏਗਾ ਜਿਸ ਰਾਹੀਂ ਕਦੇ ਛੁਟਕਾਰਾ ਨਹੀਂ ਹੋਣ ਲੱਗਾ।

'ਰੇ ਮਨ ਬਿਨ ਹਰਿ ਜਹ ਰਚਹੁ
ਤਹ ਤਹ ਬੰਧਨ ਪਾਹਿ।
ਜਿਹ ਬਿਧਿ ਕਤਹੂ ਨ ਛੂਟੀਐ
ਸਾਕਤ ਤੇਉ ਕਮਾਹਿ।'

ਮੁਖਿ : ਗੋਲਕਾਂ। ਗਿਆਨ ਇੰਦ੍ਰੇ। (Mouth like opening)
ਦੁਰਗੰਧ : ਬਦਬੂ।
ਕਿਰਪਨ : ਕੰਜੂਸ।
ਨਿਰਾਰਥ : ਕਿਸੇ ਕੰਮ ਦੇ ਨਹੀਂ। (No Real purpose)
ਘਟਿ : ਹਿਰਦੇ।
ਬਲਿ ਬਲਿ : ਸਦਕੇ। ੬।

## ਸਤਵੀਂ ਪਉੜੀ

SIKHBOOKCLUB.COM

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥
ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥
ਤਿਸ ਕੀ ਸੀਖ ਤਰੈ ਸੰਸਾਰੁ ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥
ਨਾਨਕ ਉਨ ਜਨ ਚਰਨ ਪਰਾਤਾ ॥ ੭ ॥

**ਵਿਸਥਾਰ**

ਕਿਤਨਾ ਅੰਤਰ ਹੈ ਦਿਖਾਵਟ ਤੇ ਕਮਾਵਣ ਵਿਚ, ਇਹ ਉਸਦੇ ਪਹਿਰਾਵੇ ਤੇ ਕਰਨੀ ਦੇ ਫ਼ਰਕ ਤੋਂ ਦਿਸ ਰਹਿਆ ਹੈ। ਸ਼ਕਲੋਂ, ਪਹਿਰਾਵੇ ਤੋਂ ਇੰਜ ਲਗਦਾ ਹੈ ਕਿ ਇਸ ਨੇ ਤ੍ਰਿਸ਼ਨਾ ਮਾਰ ਲਈ ਹੈ ਪਰ ਵਿਵਹਾਰ ਤੱਕੋ ਤਾਂ ਪਤਾ ਲਗੇਗਾ ਕਿ ਇਹ ਮਾਰਿਆ ਹੀ ਤ੍ਰਿਸ਼ਨਾ ਦਾ ਹੈ। ਅੰਦਰੋਂ ਤਾਂ ਪੋਲਾ ਹੈ, ਹਿਲਿਆ ਹੋਇਆ ਹੈ ਪਰ ਬੋਲਾਂ ਤੋਂ ਇਹ ਪ੍ਰਭਾਵ ਦੇਣਾ ਲੋੜਦਾ ਹੈ ਕਿ ਉਸ ਵਰਗਾ ਹੋਰ ਦ੍ਰਿੜ੍ਹ ਚਿੱਤ ਕੋਈ ਨਹੀਂ।

ਇਹ ਜੀਵ ਭੁੱਲ ਕਿਉਂ ਜਾਂਦਾ ਹੈ ਕਿ ਜੋ ਹਰ ਇਕ ਅੰਦਰ ਵਾਪਰ ਰਹੀ ਹੈ ਉਹ

 www.sikhbookclub.com

ਕੌਤਕਹਾਰ (ਪਰਬੀਨ) ਖ਼ੂਬ ਚੰਗੀ ਤਰ੍ਹਾਂ ਜਾਣਦਾ ਹੈ। ਫਿਰ ਇਹ ਕਿਵੇਂ ਉਸ ਜਾਣ ਲਿਆ ਕਿ ਉਹ ਬਾਹਰਲੇ ਕਿਸੇ ਖ਼ਾਸ ਕਿਸਮ ਦੇ ਪਹਿਰਾਵੇ (ਭੇਖ) ਨਾਲ (ਵਾਹਿਗੁਰੂ) ਪਤੀਜ ਜਾਵੇਗਾ। ਐਸਾ ਸ਼ਖ਼ਸ ਜੋ ਹੋਰਨਾਂ ਨੂੰ ਤਾਂ ਕੁਝ ਹੋਰ ਕਹੇ ਪਰ ਆਪ ਉਸ ਦੇ ਉਲਟ ਕਰੇ, ਸਦਾ ਭਟਕਦਾ ਹੀ ਰਹੇਗਾ। ਉਸ ਦਾ ਆਉਣ ਜਾਣ, ਜਨਮ-ਮਰਨ ਇਮ ਤਰ੍ਹਾਂ 'ਰਹਤ ਅਵਰ ਕਛੁ ਅਵਰ ਕਮਾਵਤ' ਮੁਕਦਾ ਹੀ ਨਹੀਂ। ਇਕ ਗੱਲ ਹਰ ਕੋਈ ਜਾਣ ਲਵੇ ਕਿ ਬਹੁਤ ਉਪਦੇਸ਼ਾਂ ਦੀ ਲੋੜ ਨਹੀਂ ਹੁੰਦੀ। ਜਿਸ ਅੰਦਰ ਪ੍ਰਭੂ ਦੀ ਹਜ਼ੂਰੀ ਦਾ ਚਾਨਣਾ ਹੋ ਜਾਏ, ਉਸ ਦੀ ਤਾਂ ਇਕੋ ਕਹੀ ਗੱਲ ਹੀ ਸੰਸਾਰ ਸਾਗਰ ਤੋਂ ਪਾਰ ਕਰਨ ਦੇ ਸਮਰਥ ਹੁੰਦੀ ਹੈ। ਇਹ ਹੈ ਕਮਾਲ ਕਥਨੀ ਕਰਨੀ ਇਕ ਕਰਨ ਦਾ। ਅੰਦਰ ਤੇ ਬਾਹਰ ਇਕ ਰਹਤ ਰੱਖਣ ਦਾ। ਇਹ ਕਮਾਲ ਕਿ ਅੰਦਰ-ਬਾਹਰ ਇਕ ਹੋ ਜਾਏ, ਕਿਸੇ ਆਪਣੇ ਜਤਨ ਚਤੁਰਾਈ ਨਾਲ ਨਹੀਂ ਹੋਣਾ ਕਿਉਂਕਿ ਵਾਹਿਗੁਰੂ ਉਪਾਇ-ਸਿਆਣਪਾਂ ਤੋਂ ਰਹਿਤ ਹੈ।

ਜਿਸ ਤੇ ਉਹ ਤ੍ਰੁਠ ਪਏ ਉਹ ਹੀ ਉਸ ਨੂੰ ਹਿਰਦੇ ਬੈਠ ਦੇਖ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਐਸਿਆਂ ਪ੍ਰਭੂ ਪਿਆਰਿਆਂ ਦੇ ਚਰਨਾਂ ਤੇ ਮੇਰੀ ਨਮਸਕਾਰ ਹੈ। ੭।

**ਸ਼ਬਦ ਭਾਵ :**

**ਰਹਤ** : ਸ਼ਕਲੋਂ। ਵੇਸੋਂ। (veneer)
**ਕਮਾਵਤ** : ਕਰਣੀ (Deeds)
**ਪਰਬੀਨ** : ਕੌਤਕਹਾਰ। ਨਿਪੁੰਨ। (Skilful)
**ਭੀਨ** : ਪਤੀਜਨਾ (Impressed)
**ਨਿਰੰਕਾਰ** : ਜਿਸ ਦਾ ਕੋਈ ਆਕਾਰ ਨਹੀਂ। ਜੋਤ-ਸਰੂਪ।
**ਸੀਖ** : ਇਕ ਸਿਖਿਆ ਇਕ ਬੋਲ। 'ਮੁਖੋਂ ਗੀਦ ਲਾਵਤ' ਦੇ ਉਲਟ ਜੁੜੇ ਹੋਏ ਪੁਰਸ਼ ਦੇ ਇਕ ਬੋਲ ਦੀ ਸ਼ਕਤੀ ਦਾ ਵਰਨਣ ਕਰ ਰਹੇ ਹਨ।
**ਭਾਨੇ** : ਚੰਗੇ ਲਗੇ। ਮਨਜ਼ੂਰ-ਇ-ਨਜ਼ਰ ਹੋਏ। ਪ੍ਰਵਾਨ ਚੜ੍ਹੇ।
**ਚਰਨ ਪਰਾਤਾ** : ਪੈਰੀਂ ਪੈਣਾ, ਨਮਸਕਾਰ ਕਰਨੀ। ੭।

## ਅਠਵੀਂ ਪਉੜੀ

**ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥**
**ਅਪਨਾ ਕੀਆ ਆਪਹਿ ਮਾਨੈ ॥**
**ਆਪਹਿ ਆਪ ਆਪਿ ਕਰਤ ਨਿਬੇਰਾ ॥**
**ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥**
**ਉਪਾਵ ਸਿਆਨਪ ਸਗਲ ਤੇ ਰਹਤ ॥**
**ਸਭੁ ਕਛੁ ਜਾਨੈ ਆਤਮ ਕੀ ਰਹਤ ॥**
**ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥**
**ਥਾਨਿ ਥਨੰਤਰਿ ਰਹਿਆ ਸਮਾਇ ॥**

 www.sikhbookclub.com

**ਸੋ ਸੇਵਕੁ ਜਿਸੁ ਕਿਰਪਾ ਕਰੀ ॥**
**ਨਿਮਖ ਨਿਮਖ ਜਪਿ ਨਾਨਕ ਹਰੀ ॥ ੮ ॥ ੫ ॥**

**ਵਿਸਥਾਰ**

ਉਸ ਮਾਲਕ ਪਾਸ ਹੀ ਮੇਰੀ ਅਰਜ਼ ਹੈ ਜੋ ਕਿਸੇ ਹਿਰਦੇ ਕੀ ਵਾਪਰ ਰਹਿਆ ਹੈ, ਸਭ ਜਾਣਦਾ ਹੈ। ਉਸ ਨੇ ਹੀ ਆਪਣੇ ਜਾਇਆਂ ਨੂੰ ਮਾਣ ਬਖ਼ਸ਼ਣਾ ਹੈ। ਆਪ ਹੀ ਪ੍ਰਭੂ ਅੰਦਰਲੇ ਦਵੰਦ ਨੂੰ ਮੁਕਾ ਕੇ ਕਈਆਂ ਨੂੰ ਤਾਂ ਐਸੀ ਸੋਝੀ ਦੇ ਦੇਂਦਾ ਹੈ ਕਿ ਉਨ੍ਹਾਂ ਨੂੰ ਨੇੜੇ ਹਿਰਦੇ ਵਿਚ ਹੀ ਦਿਖਲਾ ਦੇਂਦਾ ਹੈ ਤੇ ਕਈਆਂ ਨੂੰ ਚਾਨਣਾ ਨਾ ਬਖ਼ਸ਼ ਦੂਰ ਬੈਠਾ ਦਿਖਾਈ ਦੇਂਦਾ ਹੈ।

ਇਹ 'ਨੇੜੇ ਦੇਖਣਾ' ਆਪਣੇ ਵਸ ਦੀ ਗੱਲ ਨਹੀਂ ਕਿਉਂਕਿ ਵਾਹਿਗੁਰੂ ਤੇ ਨਾ ਤਾਂ ਉਪਰਾਲਿਆਂ, ਕਰਮਾਂ ਦਾ ਅਤੇ ਨਾ ਹੀ ਚਤੁਰਾਈਆਂ, ਸਿਆਣਪਾਂ ਦਾ ਕੋਈ ਪ੍ਰਭਾਵ ਉਸ ਤੇ ਪੈਂਦਾ ਹੈ ਕਿਉਂਕਿ ਜੋ ਅੰਦਰ ਕਿਸੇ ਦੇ ਵਾਪਰ ਰਹੀ ਹੈ (ਆਤਮ ਕੀ ਰਹਤ) ਉਸ ਤੋਂ ਉਹ ਚੰਗੀ ਤਰ੍ਹਾਂ ਜਾਣੂ ਹੈ। 'ਉਪਾਵ ਤੇ ਸਿਆਣਪ' ਬਾਹਰਲੀਆਂ ਵਸਤਾਂ ਹਨ। ਕੋਈ ਉਹ ਕਰਮ ਜਿਸ ਦਾ ਅੰਦਰ ਨਾਲ ਕੋਈ ਤਾਲਮੇਲ ਨਹੀਂ, ਵਾਹਿਗੁਰੂ ਤੇ ਕੋਈ ਅਸਰ ਨਹੀਂ ਛੱਡਦਾ। ਜੋ ਹਰ ਥਾਂ ਅਤੇ ਪੁਲਾੜ ਵਿਚ ਸਮਾਇਆ ਹੈ, ਜਿਸ ਤੇ ਉਸ ਦੀ ਖ਼ੁਸ਼ੀ ਹੋ ਜਾਏ ਉਸ ਨੂੰ ਬਾਹੋਂ ਪਕੜ ਮੰਜ਼ਿਲ ਵੱਲ ਲਈ ਜਾਂਦਾ ਹੈ। ਉਹ ਹੀ ਉਸ ਦੇ ਨੇੜੇ (ਸੇਵਕ) ਹੁੰਦਾ ਹੈ ਜਿਸ ਤੇ ਉਸਦੀ ਮਿਹਰ ਹੋਵੇ। ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਮ ਦੀ ਛਾਪ ਲਗਾਂ ਕੇ ਕਹਿੰਦੇ ਹਨ ਕਿ ਹੋਰ 'ਉਪਾਵ ਸਿਆਣਪ' ਤਜ ਲਗਾਤਾਰ ਸਿਮਰਨ ਕਰੀ ਜਾਓ, ਮਿਹਰ ਦਾ ਦਰਵਾਜ਼ਾ ਉਹ ਖੋਲ੍ਹ ਦੇਵੇਗਾ। ੮। ੫।

SIKHBOOKCLUB.COM

**ਸ਼ਬਦ ਭਾਵ :**

**ਪਾਰਬ੍ਰਹਮੁ** : ਵਾਹਿਗੁਰੂ ਸਰਬ ਸਮ੍ਰਥ।

**ਸਭ ਜਾਨੈ** : ਹਰ ਚੀਜ਼ ਜਾਣਦਾ ਹੈ।

**ਅਪਨਾ ਕੀਆ** : ਜੋ ਉਸ ਦੇ ਸਾਜੇ ਹਨ।

**ਆਪਹਿ ਮਾਨੈ** : ਆਪ ਹੀ ਆਦਰ ਦੇਂਦਾ ਹੈ। ਉੱਚ ਆਤਮਿਕ ਅਵਸਥਾ ਪ੍ਰਦਾਨ ਕਰਦਾ ਹੈ।

**ਨਿਬੇਰਾ** : ਨਿਬੇੜਾ ਕਰਨਾ; ਅੰਦਰ ਦਾ ਦਵੰਦ ਮਿਟਾਉਣਾ। ਅਸਲੇ ਦੀ ਸੋਝੀ ਦੇਣੀ।

**ਸਿਆਨਪ** : ਚਤੁਰਾਈਆਂ, ਤਕਨੀਕਾਂ ਜੋ ਵੇਦ ਮੰਤ੍ਰ ਪੜ੍ਹਨ ਵੇਲੇ ਪ੍ਰੋਹਿਤ ਅਪਣਾਂਦੇ ਹਨ।

**ਆਤਮ ਕੀ ਰਹਤ** : ਜੋ ਭੇਦ ਭਰਿਆ ਅੰਦਰ ਵਾਪਰ ਰਹਿਆ ਹੈ।

**ਥਾਨ ਥਨੰਤਰਿ** : ਧਰਤੀ, ਪੁਲਾੜ।

**ਨਿਮਖ ਨਿਮਖ** : ਪਲ ਪਲ। ਹਰ ਵੇਲੇ। ੮। ੫।

 www.sikhbookclub.com

## ਛੇਵੀਂ ਅਸ਼ਟਪਦੀ

***ਛੇਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਪ੍ਰਭੂ ਦੀ ਸ਼ਰਨ, ਸ਼ੁਕਰ ਕਰਨ ਦਾ ਵਲ (ਪਰਸਾਦ) ਅਤੇ ਚਾਨਣ (ਗੁਰਦੇਵ) ਹੋ ਜਾਏ ਤਾਂ ਸੰਸਾਰ ਵਿਚ ਵਿਚਰਦੇ, ਘਰ-ਗ੍ਰਹਿਸਤ ਚਲਾਂਦੇ, ਕਾਰ ਵਿਹਾਰ ਕਰਦੇ, ਪਾਟ ਪਟੰਬਰ ਹਢਾਂਦੇ, ਮਾਨ ਪਾਉਂਦੇ, ਸੁੱਖ ਭੋਗਦੇ, ਧਰਮ ਨਿਭਾਂਦੇ, ਨ ਕਾਮ ਸਤਾਂਦਾ ਹੈ, ਨਾ ਕ੍ਰੋਧ ਸਾੜਦਾ ਹੈ, ਨਾ ਲੋਭ ਲਹਿਰ ਰੋੜ੍ਹਦੀ ਹੈ, ਨਾ ਪਕੜ ਵਧਦੀ ਹੈ ਤੇ ਨਾ ਹੀ ਹਉਮੈ ਦਾ ਦਾਅ ਪੈਂਦਾ ਹੈ। ਸਿਖ ਨੇ ਚਾਰ ਪ੍ਰਸਾਦ ਲੈਣੇ ਹਨ। ਇਨ੍ਹਾਂ ਚਾਰਾਂ ਦੀ ਪ੍ਰਾਪਤੀ ਨਾਲ ਕਦੇ ਕਿਸੇ ਵੇਲੇ ਵੀ ਠੇਡਾ ਨਹੀਂ ਖਾਵੇਗਾ। ਇਕ ਪ੍ਰਸਾਦ ਤਾਂ ਹੈ ਕੜਾਹ ਪ੍ਰਸਾਦ ਜੋ ਸੰਗਤ ਵਿਚ ਜਾਇਆਂ ਮਿਲਦਾ ਹੈ। ਇਸ ਦਾ ਭਾਵ ਹੈ ਕਿ ਜਿਵੇਂ ਕੜਾਹ ਪ੍ਰਸਾਦ ਵਿਚ ਕੋਈ ਵੀ ਵਸਤ ਛੱਡ ਸੁੱਟਣ ਵਾਲੀ ਨਹੀਂ। ਤਿਵੇਂ ਸੰਗਤ ਵਿਚੋਂ ਜੋ ਪ੍ਰਾਪਤ ਕੀਤਾ ਹੈ ਉਸ ਨੂੰ ਗ੍ਰਹਿਣ ਕਰੇਗਾ। ਨਿਰਾ ਸੁਣੇਗਾ ਨਹੀਂ।

ਦੂਜਾ ਹੈ : ਗੁਰ ਪ੍ਰਸਾਦਿ। ਹਰ ਵੇਲੇ ਇਹ ਯਾਦ ਰੱਖਣਾ ਕਿ ਜੋ ਮਿਹਰਾਂ ਹੋ ਰਹੀਆਂ ਹਨ ਉਹ ਸ਼ਬਦ ਗੁਰੂ ਕਰਕੇ ਹਨ। ਕਿਸੇ ਵਿਅਕਤੀ ਵਿਸ਼ੇਸ਼ ਕਰਕੇ ਨਹੀਂ। ਤੀਜਾ : 'ਜਿਹ ਪ੍ਰਸਾਦਿ' ਜਿਸ ਨੂੰ ਕਲਗੀਧਰ ਨੇ 'ਤਵ ਪ੍ਰਸਾਦਿ' ਕਰ ਕੇ ਵੀ ਲਿਖਿਆ ਹੈ। ਕਦੇ ਉਸ ਵਾਹਿਗੁਰੂ ਨੂੰ ਨਹੀਂ ਭੁਲਣਾ। ਸਦਾ ਹੀ ਸ਼ੁਕਰ ਵਿਚ ਰਹਿਣਾ ਹੈ।

ਚੌਥਾ : 'ਇਨ ਹੀ ਕੇ ਪ੍ਰਸਾਦਿ'। ਨਿੰਮ੍ਰਤਾ ਰੱਖਣੀ। ਹਉ ਨੂੰ ਨੇੜੇ ਨਹੀਂ ਆਉਣ ਦੇਣਾ। ਜੇ ਸੰਸਾਰਕ ਜਾਂ ਆਤਮਿਕ ਸੁੱਖ ਮਿਲ ਗਿਆ ਹੈ ਤਾਂ ਹੰਕਾਰ ਦਾ ਦਾਅ ਨਹੀਂ ਖਾਣਾ ਸਗੋਂ ਆਖਣਾ ਹੈ : 'ਇਨਹੀ ਕੇ ਪ੍ਰਸਾਦਿ'। ਸਦਾ ਬੋਲਣਾ ਸੰਗਤ ਦੀ ਮਿਹਰ ਸਦਕਾ ਹੋਇਆ ਹੈ। ਪੰਥ ਨੇ ਕ੍ਰਿਪਾ ਕੀਤੀ ਹੈ। 'ਇਨਹੀ ਕੇ ਪ੍ਰਸਾਦਿ ਸੋ ਵਿਦਿਆ ਲਈ। ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ। ਇਨ ਹੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋ ਸੋ ਗਰੀਬ ਕਰੋਰ ਪਰੇ'। ਇਸ ਤਰ੍ਹਾਂ ਦੇ ਪ੍ਰਸਾਦਿ ਲਿਆਂ ਕਦੇ ਹਉ ਨਹੀਂ ਵਾਪਰੇਗੀ।

### ਸਲੋਕੁ ॥

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥ ੧ ॥**

**ਵਿਸਥਾਰ**

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਹੇ ਪ੍ਰਭੂ ਤੇਰੀ ਸ਼ਰਨ ਤੱਕੀ ਹੈ। ਮਿਹਰ ਦਾ ਇਤਨਾ ਪ੍ਰਸਾਦ ਦੇਵੋ ਕਿ ਸ਼ਬਦ ਦਾ ਚਾਨਣ ਸਦਾ ਅਗਵਾਈ ਕਰਦਾ ਰਹੇ ਤੇ ਕਾਮ ਜ਼ੋਰ ਨਾ ਪਾਵੇ, ਕ੍ਰੋਧ ਚੜ੍ਹੇ ਨਾਂਹ, ਲੋਭ ਭਾਰੂ ਨਾ ਹੋਵੇ, ਮੋਹ ਘੇਰੇ ਨਾਂਹ ਅਤੇ ਹੰਕਾਰ ਨੇੜੇ ਨਾ ਆਵੇ। ਤੇਰੀ ਮਿਹਰ, ਤੇਰੀ ਮਿਹਰ 'ਜਿਹ ਪ੍ਰਸਾਦਿ ਜਿਹ ਪ੍ਰਸਾਦਿ' ਹੀ ਕਹਿੰਦਾ ਰਵ੍ਹਾਂ।

***ਸ਼ਬਦ ਭਾਵ :***

**ਕਾਮ** : ਜਿਨਸੀ ਭੁੱਖ।
**ਅਰੁ** : ਅਤੇ।

 www.sikhbookclub.com

**ਲੋਭ** : ਲਾਲਚ ।

**ਮੋਹ** : ਪਕੜ । ਮਮਤਾ ।

**ਅਹੰਮੇਵ** : ਹੰਕਾਰ ।

**ਸਰਣਾਗਤੀ** : ਸ਼ਰਨ ਲਈ ਹੈ ।

**ਪ੍ਰਸਾਦੁ** : ਧੰਨਵਾਦ ਕਹਿਣ ਦੀ ਰੁਚੀ । ਟਿਕ ਕੇ ਬੈਠਣਾ । ਹੱਥ ਜੋੜੀ ਰਖਣਾ ।

**ਗੁਰਦੇਵ** : ਉਹ ਲੋਅ ਜੋ ਅੰਧੇਰਾ ਦੂਰ ਕਰਦੀ ਹੈ । ਲਗਾਤਾਰ ਚਾਨਣ ਜੋ ਸ਼ਬਦ ਬਖ਼ਸ਼ਦਾ ਹੈ ।

## ਪਹਿਲੀ ਪਉੜੀ

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥ ੧ ॥

**ਵਿਸਥਾਰ**

ਪਹਿਲੀ ਪਉੜੀ ਵਿਚ ਪੰਚਮ ਪਿਤਾ ਦਸਦੇ ਹਨ ਕਿ ਜਿਸ ਵਾਹਿਗੁਰੂ ਦੀ ਮਿਹਰ ਸਦਕਾ ਬਾਹਰਲੇ ਸੁੱਖ ਮਿਲੇ ਹਨ ਉਸ ਨੂੰ ਅੰਦਰ ਟਿਕਾਈ ਰੱਖ ਇਸ ਤਰ੍ਹਾਂ ਸਹੀ ਰਸ ਪਾ ਲਵੇਂਗਾ ।

ਜੇ ਬਾਹਰ ਸੁੱਖ ਹੈ ਤੇ ਅੰਦਰ ਕਲਪਣਾ ਤਾਂ ਕਦੇ ਸੁੱਖ ਦਾ ਸਵਾਦ ਆ ਹੀ ਨਹੀਂ ਸਕਦਾ । ਬਾਹਰ ਤੇ ਅੰਦਰ ਦਾ ਤਾਲਮੇਲ ਕਰਕੇ 'ਦਿਸਦੇ ਸੁੱਖ' ਤੋਂ 'ਅਦਿਸ ਸੁੱਖ' ਕਿਵੇਂ ਲੈਣਾ ਹੈ, ਉਸ ਦੀ ਜਾਚ ਸਿਖਲਾ ਰਹੇ ਹਨ ।

ਫ਼ਰਮਾਂਦੇ ਹਨ :—

ਜਿਸ ਦੀ ਮਿਹਰ ਸਦਕਾ ਅਨੇਕਾਂ ਮੂੰਹ ਦੇ ਸਵਾਦ ਕਈ ਪ੍ਰਕਾਰ ਦੇ ਖਾਣ ਤੋਂ ਮਿਲੇ ਹਨ, ਮੁੱਖੋਂ ਸ਼ੁਕਰ ਕਰ ਤਾਂ ਦੇਖੇਂਗਾ ਕਿ ਸਿਮਰਨ ਦੀ ਰੌ ਅੰਦਰ ਆਪ ਮੁਹਾਰੇ ਚਲ ਪਈ ਹੈ । ਜਿਸ ਦੀ ਮਿਹਰ ਸਦਕਾ ਸਰੀਰ ਤੇ ਸੁਗੰਧੀਆਂ-ਸੈਂਟ ਲਗਾ ਕੇ ਕੁਝ ਚਿਰ ਲਈ ਤੇਰੇ ਤੇ ਵਿਸਮਾਦ ਹੋਇਆ ਹੈ, ਸਰੀਰ ਨੂੰ ਸੁੱਧ ਬੁੱਧ ਭੁੱਲੀ ਹੈ । ਇਸ ਤਰ੍ਹਾਂ ਤਤ ਵਸਤੂ ਪਛਾਣਨ ਨਾਲ ਸਿਰ ਉਤਾਂਹ ਉਠਣ ਜੋਗ ਹੋ ਜਾਏਗਾ ਅਤੇ ਉਸੇ ਉੱਚੇ ਤਕ ਰਸਾਈ ਹੋ ਜਾਏਗੀ । 'ਪਰਮਗਤਿ ਪਾਵਹਿ' । ਜਿਸ ਦੀ ਮਿਹਰ ਸਦਕਾ ਸੁੱਖਾਂ ਨਾਲ ਮਕਾਨ (ਮੰਦਰਿ) ਵਿਚ ਵਸਦਾ ਹੈਂ, ਘੁੰਮ ਫਿਰ, ਕਾਰ ਵਿਵਹਾਰ ਕਰਕੇ ਜਦ ਘਰ


www.sikhbookclub.com

ਮੁੜਦਾ ਹੈਂ ਤਾਂ ਕਿਸੇ ਸੁੱਖ ਦਾ ਅਨੁਭਵ ਕਰਦਾ ਹੈਂ। ਤਿਵੇਂ ਜੇ ਮਨ ਨੂੰ ਘਰੋਂ ਹਿਰਦੇ ਤੋਂ ਬਾਹਰ ਨਾ ਜਾਣ ਦੇਵੇਂ ਤਾਂ ਦੇਖੇਂਗਾ ਕਿ ਕਿਤਨਾ ਟਿਕਾ ਮਿਲਦਾ ਹੈ।

ਜਿਸ ਦੀ ਮਿਹਰ ਕਰਕੇ ਘਰ ਵਿਚ (ਗ੍ਰਹਿ) ਸਾਥ ਟੱਬਰ ਹੈ ਜੋ ਮਕਾਨ ਨੂੰ ਘਰ ਬਣਾਂਦਾ ਹੈ, ਵਸਣ ਯੋਗ ਕਰਦਾ ਹੈ, ਤਿਵੇਂ ਜਿਸ ਨੇ ਉਸ ਨੂੰ ਯਾਦ ਕੀਤਾ ਤੇ ਫਿਰ ਰਲ ਕੇ ਗਾਇਆ, ਉਸ ਨਾਲ ਬਾਹਰਲਾ ਅੰਦਰਲਾ (ਘਰ, ਮੰਦਰਿ) ਹੀ ਸੁਹਾਵਣਾ ਹੋ ਜਾਏਗਾ। ਜਿਸ ਦੀ ਮਿਹਰ ਸਦਕਾ ਤਮਾਸ਼ਿਆਂ ਦਾ ਕਲਾਤਮਿਕ ਅਨੰਦ (ਰਸ ਭੋਗ) ਮਾਣਦਾ ਹੈਂ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੇ ਉਸ ਨੂੰ ਜਿਸ ਸਦਕਾ ਸੁਰਤਿ ਕਾਇਮ ਰਹਿਣ ਕਾਰਨ ਸਰੀਰਕ ਰਸ ਮਾਣਨ ਨੂੰ ਮਿਲਦੇ ਹਨ, ਜੇ ਉਸ ਦੀ ਯਾਦ ਨਾ ਟੁੱਟਣ ਦਿੱਤੀ ਤਾਂ ਐਸਾ ਆਤਮਿਕ ਰਸ ਮਿਲੇਗਾ ਜੋ ਹੋਰ ਰਸਾਂ ਨੂੰ ਫਿੱਕਾ ਕਰ ਦੇਵੇਗਾ। ਫਿਰ ਮਨ ਧਾਅ ਕੇ ਹਿਰਦੇ ਘਰ ਤੋਂ ਬਾਹਰ ਜਾਣ ਹੀ ਨਹੀਂ ਲਗਾ ॥ ੧ ॥

**ਸ਼ਬਦ ਭਾਵ :**

**ਜਿਹ ਪ੍ਰਸਾਦਿ** : ਜਿਸ ਦੀ ਕ੍ਰਿਪਾ ਨਾਲ। ਜਿਸ ਦੀ ਬਖਸ਼ਸ਼ ਸਦਕਾ। ਦਿਲੋਂ ਨਾ ਭੁਲਾਉਣਾ। ਯਾਦ ਨਾ ਟੁੱਟਣ ਦੇਣੀ। ਸ਼ੁਕਰਗੁਜ਼ਾਰ ਰਹਿਣਾ। (Bear in mind)

**ਛਤੀਹ ਅੰਮ੍ਰਿਤ** : ਹਰ ਪ੍ਰਕਾਰ ਦੇ ਭੋਜਨ। ਸਿਆਣਿਆਂ ਨੇ ਛੱਤੀ ਦੀ ਗਿਣਤੀ ਕੀਤੀ ਹੈ। ਭਾਈ ਗੁਰਦਾਸ ਜੀ ਨੇ 'ਖਟ ਰਸ, ਮਿਠ ਰਸ ਮੇਲ ਕੈ ਛੱਤੀ ਭੋਜਨ ਹੋਨ ਰਸੋਈ' ਦਾ ਜ਼ਿਕਰ ਕੀਤਾ ਹੈ।

**ਸੁਗੰਧਤ** : ਖੁਸ਼ਬੂਆਂ (Scents)

**ਪਰਮ ਗਤਿ** : ਉਚ ਆਤਮਿਕ ਅਵਸਥਾ। (Ultimate state of Heavenly life)

**ਮੰਦਰਿ** : ਮਕਾਨ। (House)

**ਗ੍ਰਿਹਿ** : ਘਰ। (Home)

**ਰੰਗ ਰਸ ਭੋਗ** : ਤਮਾਸ਼ਿਆਂ ਨਾਟਕਾਂ ਦਾ ਕਲਾਤਮਕ ਸਵਾਦ ਮਾਨਣਾ। ਸੌਂਦੇਰਾਤਮਿਕ ਮਜ਼ਾ (Artistic and Aesthetic pleasures). ੧।

## ਦੂਜੀ ਪਉੜੀ

**ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥**
**ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥**
**ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥**
**ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥**
**ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥**
**ਮੁਖਿ ਤਾ ਕੋ ਜਸੁ ਰਸਨ ਬਖਾਨੈ ॥**

 www.sikhbookclub.com

**ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥**
**ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥**
**ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥**
**ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥**

**ਵਿਸਥਾਰ**

ਜਿਸ ਦੀ ਮਿਹਰ ਸਦਕਾ ਰੇਸ਼ਮੀ ਕਪੜੇ ਪਾ ਤੇਰੀ ਸ਼ਖਸੀਅਤ ਉਭਰਦੀ ਹੈ ਅਤੇ ਫਿਰ ਰੇਸ਼ਮ ਪਾ ਉਤਾਰਨ ਦਾ ਚਿਤ ਨਹੀਂ ਕਰਦਾ, ਤਿਵੇਂ ਜਿਸ ਤੇਰੀ ਬਣਤ ਬਣਾਈ ਹੈ ਉਸ ਤੋਂ ਸਿਵਾ ਹੋਰ ਕਿਸੇ ਪਾਸੇ ਨਾ ਝਾਕ। ਜਿਸ ਦੀ ਮਿਹਰ ਸਦਕਾ ਆਰਾਮਦੇਹ ਬਿਸਤਰਿਆਂ ਤੇ ਨਿਸਲ ਹੋ ਸੌਂਦਾ ਹੈਂ, ਉਸ ਮਿਹਰਾਂ ਦੇ ਦਾਤੇ ਦੇ ਹਰ ਵੇਲੇ ਕੀਰਤਨ ਰਾਹੀਂ ਗੁਣ ਗਾ, ਆਤਮ ਹੁਲਾਰਾ ਲੈ। ਜਿਸ ਦੀ ਮਿਹਰ ਸਦਕਾ ਜਿਵੇਂ ਤੇਰਾ ਅਤਿ ਸੁੰਦਰ ਅਭਿਨੰਦਨ ਹੁੰਦਾ ਹੈ, ਆਦਰ ਨਾਲ ਤੈਨੂੰ ਸਭ ਬੁਲਾਂਦੇ ਹਨ ਤਿਵੇਂ ਤੂੰ ਵੀ ਆਪਣੇ ਵਾਹਿਗੁਰੂ ਦਾ ਗੁਣ ਹਰ ਇਕ ਨੂੰ ਸੁਣਾ। ਇਸ ਤਰ੍ਹਾਂ ਮਿਲਿਆ ਮਾਣ ਹਉਮੈ ਦਾ ਰੂਪ ਨਹੀਂ ਧਾਰਦਾ। ਜਿਸ ਦੀ ਮਿਹਰ ਸਦਕਾ ਤੇਰੇ ਯਕੀਨ ਤੇ ਕਦੇ ਚੋਟ ਨਹੀਂ ਲੱਗੀ, ਨਿਸ਼ਚੇ ਨਹੀਂ ਡੋਲਦਾ। **'ਰਹਤਾ ਧਰਮੁ'**। ਇਸੇ ਤਰ੍ਹਾਂ ਨਿਸ਼ਚਾ ਦ੍ਰਿੜ੍ਹ ਕਰਾਉਣ ਵਾਲੇ ਪਾਰਬ੍ਰਹਮ ਨੂੰ ਨਾ ਭੁੱਲ। ਜਿਸ ਦੀ ਮਿਹਰ ਸਦਕਾ ਇਥੇ ਜਗਤ ਵਿਚ ਮਾਣ ਮਿਲਿਆ, ਨਿਸ਼ਚਾ ਅਭੰਗ ਰਹਿਆ, ਸ਼ਖਸੀਅਤ ਉਭਰੀ, ਮਨਾ! ਉਸ ਨੂੰ ਯਾਦ ਕਰਦੇ ਰਹਿਆਂ ਗੁਰੂ ਅਰਜਨ ਦੇਵ ਜੀ, ਨਾਨਕ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਦਰਗਾਹ ਥਾਂ ਵੀ ਮਿਲੇਗੀ ਤੇ ਆਦਰ ਨਾਲ ਸਾਰੇ ਬੁਲਾਉਣਗੇ।੨।

sikhbookclub.com

**ਸ਼ਬਦ ਭਾਵ :**

**ਪਾਟ ਪਟੰਬਰ** : ਰੇਸ਼ਮੀ ਕਪੜੇ। (Graceful Garments)

**ਲੁਭਾਵਹਿ** : ਖਿੱਚਿਆ ਜਾਂਦਾ ਹੈ। (Attached)

**ਸੁਖਿ ਸੇਜਿ** : ਸੁਖਾਂ ਦੀ ਸੇਜਾ। ਆਰਾਮਦੇਹ ਬਿਸਤ੍ਰਾ। ਮੋਹਣੀ ਸੁਹਾਵਣੀ ਨੀਂਦ। (Bed of comforts)

**ਮਾਨੈ** : ਆਦਰ ਪਾਉਣਾ।

**ਜਸੁ ਰਸਨ** : ਜ਼ਬਾਨ ਨਾਲ।

**ਰਹਤਾ ਧਰਮੁ** : ਧਰਮ ਕਾਇਮ ਰਹਿੰਦਾ ਹੈ। ਨਿਸ਼ਚਾ ਅਭੰਗ। (Live upto conviction)

**ਪਾਰਬ੍ਰਹਮੁ** : ਜਿਸ ਵਾਹਿਗੁਰੂ ਤਕ ਸਾਡੀ ਪਹੁੰਚ ਨਹੀਂ।

**ਪਤਿ ਸੇਤੀ** : ਇੱਜ਼ਤ ਨਾਲ।੨।

## ਤੀਜੀ ਪਉੜੀ

**ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥**
**ਲਿਵ ਲਾਵਹੁ ਤਿਸੁ ਰਾਮ ਸਨੇਹੀ ॥**

ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥
ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥
ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥
ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥
ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥
ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥
ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥
ਨਾਨਕ ਤਾ ਕੀ ਭਗਤਿ ਕਰੇਹ ॥੩॥

**ਵਿਸਥਾਰ**

ਜਿਸ ਦੀ ਮਿਹਰ ਸਦਕਾ ਸੋਨੇ ਵਰਗਾ ਕੀਮਤੀ ਸਰੀਰ ਤੇ ਸਿਹਤ ਮਿਲੀ ਹੈ, ਉਸ ਨੂੰ ਨਿਗੂਣੀਆਂ ਗੱਲਾਂ ਵਿਚ ਲਗਾ ਕੇ ਜ਼ਾਇਆ ਨ ਕਰ, ਕੀਮਤੀ ਪਾਸੇ ਲਗਾ, ਪ੍ਰਭੂ ਪਿਆਰ ਵਿਚ ਲੀਨ ਕਰ (ਲਿਵ ਲਾਵਹੁ)। ਧਾਤਾਂ ਵਲ ਨਾ ਮੋੜ। ਦੁਨੀਆਂ ਵਿਚ ਨਾ ਉਲਝਾ। ਜਿਸ ਦੀ ਮਿਹਰ ਸਦਕਾ ਤੇਰੇ ਮਨ ਦੀ ਗੱਲ ਬਾਹਰ ਨਹੀਂ ਜਾਂਦੀ। ਭੇਤ ਨਹੀਂ ਖੁਲ੍ਹਦਾ। 'ਓਲਾ ਰਹਤ'। ਭੇਤ ਨਾ ਖੁਲ੍ਹਣ ਕਰਕੇ ਤੂੰ ਨਿਸਚਿੰਤ ਫਿਰ, ਸੁੱਖ ਮਹਿਸੂਸ ਕਰਦਾ ਹੈਂ। ਤੂੰ ਵੀ ਉਸ ਸੁੱਖ ਦਾ ਅੰਦਾਜ਼ਾ ਨਹੀਂ ਲਗਾ ਸਕੇਂਗਾ ਜੋ ਮਨ ਨੂੰ ਅੰਦਰ ਟਿਕਾਇਆਂ ਮਿਲਦਾ ਹੈ। ਭੇਤ ਬਾਹਰ ਨਾ ਨਿਕਲੇ ਤਾਂ ਬੜੀ ਤਸੱਲੀ ਰਹਿੰਦੀ ਹੈ। ਜੇ ਮਨ ਬਾਹਰ ਨਾ ਜਾਏ ਤਾਂ ਨਿਰਾਲਾ ਟਿਕਾ ਮਿਲਦਾ ਹੈ। ਜਿਸ ਦੀ ਮਿਹਰ ਸਦਕਾ ਤੇਰੇ ਸਾਰੇ ਇੰਦਰੇ, (ਸਗਲ ਛਿਦ੍ਰ) ਕਿਸੇ ਬੰਧੇਜ ਵਿਚ ਰਹਿ ਤੇਰਾ ਕਾਰਜ ਸਵਾਰਦੇ ਹਨ, ਤੇਰੇ ਤੋਂ ਬਾਹਰ ਹੋ ਕੇ ਤੈਨੂੰ ਤੰਗ ਨਹੀਂ ਕਰਦੇ, ਪਾਗਲ ਨਹੀਂ ਬਣਾਉਂਦੇ। ਤੂੰ ਵੀ ਐਸੇ ਮਾਲਕ ਦੀ ਸ਼ਰਨ ਪੈ, ਫਿਰ ਵੇਖੀਂ ਜੀਵਨ ਵਿਚ ਉਲਾਰ ਨਹੀਂ ਹੋਣ ਲਗਾ। ਕੋਈ ਚੀਜ਼ ਬੇ-ਕਾਬੂ ਨਹੀਂ ਹੋਣ ਲਗੀ।

ਜਿਸ ਦੀ ਮਿਹਰ ਸਦਕਾ ਕੋਈ ਤੇਰੇ ਨੇੜੇ ਤੱਕ ਨਹੀਂ ਪਹੁੰਚ ਸਕਦਾ। ਕਿਸੇ ਦੀ ਸ਼ਕਤੀ ਨਹੀਂ ਕਿ ਤੈਨੂੰ ਨੁਕਸਾਨ ਪਹੁੰਚਾ ਸਕੇ ਅਤੇ ਸਿਮਰ ਸਿਮਰ ਉਸ ਉੱਚੇ ਤਕ ਜੇ ਤੇਰੀ ਰਸਾਈ ਹੋ ਗਈ ਤਾਂ ਕੋਈ ਜਮ ਤਕ ਵੀ ਤੈਨੂੰ ਛੁਹ ਨਹੀਂ ਸਕੇਗਾ।

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਜਿਸ ਦੀ ਮਿਹਰ ਸਦਕਾ ਅਲਭ ਸਰੀਰ ਵਰਗੀ ਸ਼ੈ ਮਿਲੀ ਹੈ ਉਸ ਨੂੰ ਆਪਣਾ ਸਾਰਾ ਪਿਆਰ ਭੇਟ ਕਰ ਦੇਹ ਤਾਂਕਿ ਨਾਮ ਵਰਗੀ ਦੁਰਲਭ ਸ਼ੈ ਤੈਨੂੰ ਮਿਲੇ।੩।

**ਸ਼ਬਦ ਭਾਵ :**

**ਆਰੋਗ** : ਸਿਹਤਮੰਦ। (Healthy)

**ਕੰਚਨ** : ਸੋਨਾ। ਸੋਨੇ ਵਰਗੀ। (Sterling worth)

**ਲਿਵ** : ਪਕੜ ਤੋਂ ਉੱਚੇ ਉਠ ਕੇ ਜਦ ਸਿਮਰਨ ਕੀਤਾ ਜਾਂਦਾ ਹੈ ਤਾਂ ਲਗਾਤਾਰ ਹੋ ਜਾਂਦਾ ਹੈ ਅਤੇ ਫਿਰ ਨਹੀਂ ਟੁੱਟਦਾ। ਲਿਵਤਾਰ। (Unbroken love)


www.sikhbookclub.com

**ਸਨੇਹੀ** : ਪ੍ਰਿਆਰ ਹੋਣ, ਕਰਨ ਵਾਲਾ। (Loving)

**ਓਲਾ ਰਹਤ** : ਭੇਦ ਦਾ ਬਣਿਆ ਰਹਿਣਾ। ਮਨ ਦੀ ਬਾਤ ਮਨ ਵਿਚ ਹੀ ਰਹਿਣੀ।

**ਛਿਦ੍ਰ** : ਛੇਕ, ਸੁਰਾਖ। ਇੰਦ੍ਰੇ। ਮੋਰੀ। (Aperture)

**ਦਾਕੇ** : ਬੰਦ। ਬੰਧੇਜਾ। ਕਾਬੂ। (Disciplined)

**ਠਾਕੁਰ** : ਮਾਲਕ। (Lord)

**ਪਹੂਚੇ** : ਨੇੜੇ। ਨੁਕਸਾਨ ਪਹੁੰਚਾਣ ਦੀ ਅਵਸਥਾ ਵਿਚ ਆਇਆ ਹੋਇਆ। (Bring harm)

**ਦੁਰਲਭ** : ਜਿਸ ਦਾ ਪਾਉਣਾ ਮੁਸ਼ਕਿਲ ਹੋਵੇ। (Hard to attain)

**ਭਗਤਿ** : ਪੂਰਨ ਪਿਆਰ। ਸੰਸਾਰੀ ਸਨੇਹ ਛਡ ਕੇ ਰਾਮ ਸਨੇਹ ਪਾਉਣਾ। ਭਗਤੀ ਵਿਚ ਪੂਰਨ ਹੋਸ਼ ਹੁੰਦਾ ਹੈ। ਇੰਜ ਮਹਿਸੂਸ ਹੁੰਦਾ ਹੈ ਕਿ ਦੂਜਾ ਵੀ ਪਿਆਰ ਕਰ ਰਹਿਆ ਹੈ। ਇਸੇ ਲਈ ਗੁਰੂ ਅਮਰਦਾਸ ਜੀ ਨੇ 'ਭਗਤਿ ਨਿਰਾਲੀ ਅਲਹ ਦੀ ਜਾਪੈ ਗੁਰ ਵੀਚਾਰ' ਫੁਰਮਾਇਆ ਸੀ।੩।

## ਚੌਥੀ ਪਉੜੀ

**ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥**
**ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥**
**ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥**
**ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥**
**ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥**
**ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥**
**ਜਿਨਿ ਤੇਰੀ ਮਨ ਬਨਤ ਬਨਾਈ ॥**
**ਊਠਤ ਬੈਠਤ ਸਦ ਤਿਸਹਿ ਧਿਆਈ ॥**
**ਤਿਸਹਿ ਧਿਆਇ ਜੋ ਏਕ ਅਲਖੈ ॥**
**ਈਹਾ ਊਹਾ ਨਾਨਕ ਤੇਰੀ ਰਖੈ ॥੪॥**

### ਵਿਸਥਾਰ

ਜਿਸ ਪ੍ਰਭੂ ਦੀ ਮਿਹਰ ਸਦਕਾ ਗਹਿਣੇ ਪਹਿਨਣ ਨੂੰ ਮਿਲੇ ਹਨ। ਕਦੇ ਤੂੰ ਸੋਚਿਆ ਹੈ ਕਿ ਕਿਸ ਤਰ੍ਹਾਂ ਗਹਿਣੇ ਘੜੇ ਸੁਨਿਆਰੇ ਨੇ ਆਲਸ ਤਜ, ਧੀਰਜ ਰੱਖ, ਹੌਲੇ ਹੌਲੇ ਅਗਨੀ ਦਾ ਸੇਕ ਧਉਂਕਣੀ ਰਾਹੀਂ ਦੇ ਕੇ। ਸੋ ਤੂੰ ਵੀ ਆਲਸ ਤਜ ਉਸ ਦੀ ਯਾਦ ਪਕਾ ਤਾਂਕਿ ਮਨ ਰੂਪੀ ਗਹਿਣਾ ਘੜਿਆ ਜਾਏ ਫਿਰ ਤੇਰਾ ਸੋਨੇ ਦਾ ਗਹਿਣਾ ਪਾਇਆ ਸੋਭਾ ਦੇਵੇਗਾ।

ਜਿਸ ਦੀ ਮਿਹਰ ਸਦਕਾ ਘੋੜੇ ਤੇ ਰੱਥ ਦੀ ਸਵਾਰੀ ਕਰਨ ਨੂੰ ਮਿਲੀ ਹੈ। ਤੂੰ ਦੇਖਿਆ ਹੋਵੇਗਾ ਕਿ ਘੋੜੇ ਦੀ ਸਵਾਰੀ ਕਰਨ ਵੇਲੇ ਲਗਾਮ ਤੇ ਹਾਥੀ ਦੀ ਸਵਾਰੀ ਕਰਨ ਸਮੇਂ ਹੱਥ ਅੰਕਸ ਦੀ ਲੋੜ ਹੁੰਦੀ ਹੈ ਤਾਂਕਿ ਘੋੜਾ-ਹਾਥੀ ਕਾਬੂ ਵਿਚ ਰਹਿਣ। ਅਥਰੇ ਨ ਹੋਣ। ਇਸ ਤਰ੍ਹਾਂ ਮਨ ਨੂੰ ਕਦੇ ਲਾਂਭੇ ਨਾ ਜਾਣ ਦਈਂ, ਅੰਕਸ ਰਖੀਂ ਤੇ ਵਾਹਿਗੁਰੂ ਨੂੰ ਕਦੇ ਮਨੋਂ ਵਿਸਰਨ ਨਾ ਦੇਈਂ। ਜਿਸ ਦੀ ਮਿਹਰ ਸਦਕਾ ਬਾਗ, ਖੇਤ ਤੇ


www.sikhbookclub.com

ਧਨ ਪ੍ਰਾਪਤ ਹੋਏ। ਇਨ੍ਹਾਂ ਦਾ ਮਾਲਕ ਥੋੜ੍ਹੇ ਥੋੜ੍ਹੇ ਚਿਰ ਬਾਅਦ ਹੱਥ ਲਗਾ ਕੇ ਦੇਖਦਾ ਹੈ, ਨਜ਼ਰ ਕਰ ਕੇ ਤੱਕਦਾ ਹੈ, ਧਨ ਨੂੰ ਟਟੋਲਦਾ ਹੈ, ਤਿਵੇਂ ਉਸ ਪ੍ਰਭੂ ਨੂੰ ਹਿਰਦੇ ਸਾਂਭ (ਪ੍ਰੋ ਕੇ) ਰੱਖੀਂ ਤੇ ਬਾਰ ਬਾਰ ਟਟੋਲਦਾ ਰਵ੍ਹੀਂ ਕਿ ਯਾਦ ਤਾਂ ਨਹੀਂ ਵਿਸਰ ਗਈ।

ਜਿਸ ਦੀ ਮਿਹਰ ਸਦਕਾ ਤੇਰਾ ਮਨ ਐਸਾ ਬਣਾਇਆ ਗਿਆ ਹੈ ਕਿ ਸਹਿਜਾਤਮਕ ਕਲਾਤਮਿਕ ਅਨੰਦ ਮਾਣ ਸਕੇਂ, ਤਿਸੇ ਤਰ੍ਹਾਂ ਇਹ ਪ੍ਰਬੰਧ ਵੀ ਕਰੀਂ ਕਿ ਹਰ ਵੇਲੇ (ਉਠਤ ਬੈਠਤ) ਪ੍ਰਭੂ ਪਿਆਰ ਦਾ ਅਨੰਦ ਮਾਣ ਸਕੇਂ। ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸੇ ਨੂੰ ਯਾਦ ਰੱਖ ਜੋ 'ਇਕ' ਹੈ, ਜਿਸ ਦਾ ਸਾਨੀ ਕੋਈ ਨਹੀਂ ਤੇ ਜਿਸ ਨੂੰ ਕੋਈ ਬਿਆਨ ਤਕ ਵੀ ਨਹੀਂ ਕਰ ਸਕਦਾ। ਉਸੇ "ਇਕ" ਨੇ ਤੇਰੀ ਇਥੇ ਹਰ ਪੱਖੋਂ ਇੱਜ਼ਤ ਰੱਖੀ ਤੇ ਅਗੇ ਵੀ ਉਹ ਹੀ ਰਖੇਗਾ।

**ਸ਼ਬਦ ਭਾਵ :**

**ਆਭੂਖਨ** : ਗਹਿਣੇ। (Ornaments)
**ਆਲਸੁ** : ਸੁਸਤੀ। (Bloth)
**ਅਸ੍ਵ** : ਘੋੜੇ।
**ਹਸਤਿ** : ਹਾਥੀ।
**ਮਿਲਖ** : ਖੇਤ ਜਾਇਦਾਦ। (Property)
**ਪਰੋਇ** : ਖੂਬ ਸੰਭਾਲ।
**ਬਨਤ ਬਣਾਈ** : ਸੁੰਦਰ ਕਲਾਤਮਿਕ ਘਾੜਤ। (Aesthetic mould)
**ਏਕ** : ਕੇਵਲ ਇਕ। (Sole)
**ਅਲਖੈ** : ਜੋ ਬਿਆਨ ਨਾ ਕੀਤਾ ਜਾਏ।
**ਈਹਾ** : ਇਥੇ ਜਗਤ ਵਿਚ।
**ਊਹਾ** : ਦਰਗਾਹ ਵਿਚ ॥੪॥

## ਪੰਜਵੀਂ ਪਉੜੀ

**ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥
ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥
ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥
ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥
ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥
ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥
ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥
ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥
ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥
ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥**

 www.sikhbookclub.com

**ਵਿਸਥਾਰ**

ਜਿਸ ਦੀ ਮਿਹਰ ਸਦਕਾ ਖੁਲ੍ਹੇ ਹੱਥੀਂ ਦਾਨ ਤੇ ਪੁੰਨ ਕਰ ਰਹਿਆ ਹੈ। ਉਸ ਕਰਤਾ, ਦਾਤਾ ਦੇਣ ਵਾਲੇ ਨੂੰ ਨਾ ਭੁੱਲੀਂ। ਹਰ ਵੇਲੇ ਯਾਦ ਰੱਖੀਂ।

ਜਿਸ ਦੀ ਮਿਹਰ ਸਦਕਾ ਮਰਯਾਦਾ ਕਾਇਮ ਰੱਖਣ ਵਿਚ ਤੂੰ ਕਾਮਯਾਬ ਹੋ ਰਹਿਆ ਹੈਂ ਉਸ ਨੂੰ ਕਦੇ ਨਾ ਵਿਸਾਰੀਂ। ਮਰਯਾਦਾ ਤੇ ਟੁਰਨ ਲਈ ਬੜੇ ਜਤਨ ਦੀ ਲੋੜ ਹੁੰਦੀ ਹੈ ਪਰ ਕ੍ਰਿਪਾ ਨਾਲ ਬੜੇ ਸਹਿਲੇ ਹੀ ਮਰਯਾਦਾ ਅਨੁਸਾਰ ਜੀਵਨ ਟੁਰੀ ਜਾਂਦਾ ਹੈ। ਹੋਰ ਉਪਾਵਾਂ ਵਿਚ ਜਤਨ ਦੀ ਲੋੜ ਹੁੰਦੀ ਹੈ ਪਰ ਸਿਮਰਨ ਸਹਿਜ ਸੁਭਾਅ ਹੀ ਹੁੰਦਾ ਰਹਿੰਦਾ ਹੈ। ਜਿਸ ਦੀ ਮਿਹਰ ਸਦਕਾ ਇਤਨਾ ਸੋਹਣਾ ਸਰੀਰ ਮਿਲਿਆ ਹੈ। ਤੂੰ ਯਾਦ ਰੱਖੀਂ ਇਹ ਤੇਰੇ ਕਿਸੇ ਕਰਮ ਕਰਕੇ ਨਹੀਂ ਮਿਲਿਆ। ਤੇਰੇ ਸਰੀਰ ਦਾ ਸੋਹਣਾ ਹੋਣਾ ਉਸ ਦੇ ਅਥਾਹ ਸੁੰਦਰਤਾ ਦੇ ਤੇਜ ਦੀ ਇਕ ਨਿੱਕੀ ਜਿਹੀ ਕਿਰਨ ਕਾਰਨ ਹੀ ਹੈ। ਸੋ ਉਸ ਸੋਹਣੇ ਪ੍ਰਭੂ ਨੂੰ ਨਾ ਭੁੱਲੀਂ।

ਜਿਸ ਦੀ ਮਿਹਰ ਸਦਕਾ ਤੂੰ ਦੁਨੀਆਂ ਦਾ ਸਰਦਾਰ : ਅਸ਼ਰਫ-ਉਲ-ਮਖਲੂਕਾਤ (ਕਰਾਊਨ ਔਫ ਕਰੀਏਸ਼ਨ, ਨੀਕੀ ਜਾਤੀ) ਬਣਿਆ ਹੈਂ ਉਸ ਨੂੰ ਕਦੇ ਨਾ ਵਿਸਾਰੀਂ। ਜਿਸ ਦੀ ਮਿਹਰ ਸਦਕਾ ਹਰ ਪਲ ਤੇਰਾ ਸੁੱਖ-ਇਜ਼ਤ ਨਾਲ ਲੰਘ ਰਹਿਆ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਦੀ ਧੁਰੋਂ ਬਖ਼ਸ਼ੀ ਬਾਣੀ ਦੀ ਅਗਵਾਈ ਨਾ ਛੱਡੀਂ ਅਤੇ ਸਿਫ਼ਤ ਸਲਾਹ ਕਰਦਾ ਰਵ੍ਹੀਂ। ੫।

**ਸ਼ਬਦ ਭਾਵ :**

ਪੁੰਨ : ਉਹ ਕਰਮ ਜੋ ਕਰਦਿਆਂ ਇਹ ਖਿਆਲ ਹੁੰਦਾ ਹੈ ਕਿ ਅਗੇ ਸਹਾਈ ਹੋਣਗੇ।

ਦਾਨ : ਜਿਸ ਦੇ ਦਿਤਿਆਂ ਇਥੇ ਸਮਾਜ ਵਿਚ ਆਦਰ ਮਿਲਦਾ ਹੈ।

ਆਚਾਰ ਬਿਉਹਾਰੀ : ਮਰਯਾਦਾ ਤੇ ਟੁਰਨ ਦੀ ਸ਼ਕਤੀ। (Keeps up fine tradition)

ਅਨੂਪੁ : ਅਥਾਹ। ਨਾ ਬਿਆਨ ਕੀਤੇ ਜਾਣ ਵਾਲੀ ਸੁੰਦਰਤਾ। (Mysterious Infinite glory)

ਨੀਕੀ ਜਾਤ : ਅਛੀ ਨਸਲ। ਜੂਨਾਂ ਦਾ ਸਰਦਾਰ। (Crown of creation)

ਪਤਿ : ਕਿਸੇ ਇਕ ਸੁਆਸ ਦਾ ਵੀ ਵਿਅਰਥ ਨਾ ਜਾਣਾ। ਸਦਾ ਸੁਖ ਆਦਰ। ਲੱਜਾ। ਇੱਜ਼ਤ। (Endless Peace with honour). ੫।

## ਛੇਵੀਂ ਪਉੜੀ

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ॥
ਜਿਹ ਪ੍ਰਸਾਦਿ ਪੇਖਹਿ ਬਿਸਮਾਦ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ॥
ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ॥

 www.sikhbookclub.com

ਜਿਹ ਪ੍ਰਸਾਦਿ ਹਸਤ ਕਰ ਚਲਹਿ ॥
ਜਿਹ ਪ੍ਰਸਾਦਿ ਸੰਪੂਰਨ ਫਲਹਿ ॥
ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ।
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥ ੬ ॥

**ਵਿਸਥਾਰ**

ਮਹਾਰਾਜ ਕਹਿੰਦੇ ਹਨ ਕਿ ਇਤਨਾ ਵੀ ਬੇਧਿਆਨਾ ਨਹੀਂ ਹੋ ਜਾਣਾ ਚਾਹੀਦਾ ਕਿ ਜਿਨ੍ਹਾਂ ਅੱਖਾਂ, ਕੰਨਾਂ, ਹੱਥਾਂ ਸਰੀਰ ਦਾ ਲਾਭ ਤਾਂ ਉਠਾ ਰਹਿਆ ਹੈਂ ਪਰ ਜਿਸ ਨੇ ਉਹ ਰਚੇ ਹਨ, ਉਸ ਦਾ ਕਦੇ ਰਤਾ ਭਰ ਵੀ ਸ਼ੁਕਰ ਨਹੀਂ ਕੀਤਾ। ਬਾਣੀ ਪੜ੍ਹੇ ਤਾਂ ਅੰਦਰਲਾ ਜਾਗੇ। ਜਾਗਿਆ ਮਨ ਉਸ ਪ੍ਰਭੂ ਨੂੰ ਛੱਡ ਫਿਰ ਹੋਰ ਪਾਸੇ ਨਹੀਂ ਧਾਂਵਦਾ।

ਗੁਰੂ ਪਾਤਸ਼ਾਹ ਸਮਝਾਂਦੇ ਹਨ ਕਿ ਦੇਖ ਉਸ ਦੀ ਮਿਹਰ ਦਾ ਚਮਤਕਾਰ ਕਿ ਜਿਸ ਭੇਤ ਨੂੰ ਕੋਈ ਜਾਣ ਨਹੀਂ ਸਕਿਆ ਕਿ ਇਹ ਕੰਨ ਸੁਣਦੇ ਕਿਸ ਤਰ੍ਹਾਂ ਹਨ ਤੇ ਇਲਾਹੀ ਸੰਗੀਤ ਜੋ ਬ੍ਰਹਿਮੰਡ ਵਿਚ ਹੋ ਰਹਿਆ ਹੈ, ਦਾ ਅਨੰਦ ਕਿਵੇਂ ਮਾਣਦੇ ਹਨ, ਤੈਨੂੰ ਹਰ ਵੇਲੇ ਸੁਨਣ ਮਾਨਣ ਨੂੰ ਮਿਲ ਰਹਿਆ ਹੈ। ਉਸ ਦੀ ਮਿਹਰ ਸਦਕਾ ਹੀ ਅੱਖੀਆਂ ਤੱਕ-ਦੀਆਂ ਹਨ ਤੇ ਜੋ ਖੇਲ੍ਹ ਕੌਤਕ ਬ੍ਰਹਮੰਡਿ ਵਿਚ ਹੋ ਰਹਿਆ ਹੈ, ਉਸ ਨੂੰ ਤਕ ਵਜਦ ਵਿਚ ਆ ਜਾਂਦੀਆਂ ਹਨ। ਉਸ ਦੀ ਮਿਹਰ ਦਾ ਅੰਦਾਜ਼ਾ ਲਗਾ ਕਿ ਜੀਭ ਬੋਲਦੀ ਕਿਵੇਂ ਹੈ ਅਤੇ ਫਿਰ ਬੋਲਦਿਆਂ ਠੰਢ ਕਿਵੇਂ ਪੈਂਦੀ ਹੈ। ਅੰਮ੍ਰਿਤ ਕਿਵੇਂ ਝਰਦਾ ਹੈ ਅਤੇ 'ਪੇਖਣ ਸੁਨਣ ਸੁਣਾਵਨ' ਕਰਕੇ ਸੁਭਾਵਕ ਅਨੰਦ ਕਿਵੇਂ ਬਣ ਜਾਂਦਾ ਹੈ।

ਜਿਸ ਦੀ ਮਿਹਰ ਸਦਕਾ ਹੱਥ ਪੈਰ ਕਾਰ ਵਿਹਾਰ ਵਿਚ ਲਗ ਕੰਮ ਕਿਵੇਂ ਸਿਰੇ ਚੜ੍ਹੀ ਜਾਂਦੇ ਹਨ ਅਤੇ ਕਾਮਯਾਬੀ ਮਿਲਦੀ ਹੈ। ਦੇਖ ! ਉਸ ਦੀ ਮਿਹਰ ਸਦਕਾ ਇਨ੍ਹਾਂ ਦੀ ਸਹੀ ਵਰਤੋਂ ਕਰ ਉੱਚ ਆਤਮਿਕ ਅਵਸਥਾ ਨੂੰ ਪਾ ਲਈਦਾ ਹੈ ਤੇ ਫਿਰ ਅਨੰਦ ਰੂਪ ਹੀ ਹੋ ਜਾਈਦਾ ਹੈ।

ਪਹਿਲਾ ਅਨੰਦ ਪਾਉਣ (ਸੁਖਿ ਸਹਜੇ ਬਸਨਾ) ਆਖਿਆ ਸੀ ਜਦ ਸੰਸਾਰੀ ਪੱਧਰ ਤੇ ਹੀ ਵਿਚਰਦਾ ਸੀ ਪਰ ਜਦ ਪਰਮਗਤਿ ਨੂੰ ਪਾ ਗਿਆ ਤਾਂ ਫਿਰ ਅਨੰਦ ਰੂਪ ਹੀ ਹੋ ਗਿਆ। **'ਸੁਖ ਸਹਜਿ'** ਸਮਾ ਗਿਆ। ਅਨੰਦ ਛੁਟਣ ਦਾ ਖ਼ਦਸ਼ਾ ਵੀ ਮੁੱਕ ਗਿਆ। ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੇ ਸਦਾ ਅਨੰਦ ਦੇਣ ਵਾਲੇ ਨੂੰ ਛੱਡ ਹੋਰ ਕਰਮ ਧਰਮ ਕ੍ਰਿਆ ਵਿਚ ਪੈਣ ਦੀ ਨਾ ਸੋਚ। ਸਿਰਫ਼ ਸ਼ਬਦ ਦੁਆਰਾ (ਗੁਰ ਪ੍ਰਸਾਦਿ) ਮਨ ਨੂੰ ਜਗਾਂਦੇ ਰਹਿ ਤਾਂ ਕਿ ਉਸ ਦੇ ਸ਼ੁਕਰ ਵਿਚ ਰਵ੍ਹੇ। ੬।

**ਸ਼ਬਦ ਭਾਵ :**

**ਕਰਨ** : ਕੰਨ।

**ਨਾਦ** : ਬ੍ਰਹਿਮੰਡ ਵਿਚ ਹੋ ਰਿਹਾ ਇਲਾਹੀ ਸੰਗੀਤ। (Holy music)


www.sikhbookclub.com

ਬਿਸਮਾਦ : ਕੌਤਕ । ਤਮਾਸ਼ੇ । ਚਲਤ । (Wonder in Cosmos)

ਅੰਮ੍ਰਿਤ : ਮਿੱਠੀ ।
ਰਸਨਾ : ਜੀਭ ।
ਹਸਤ : ਹੱਥ ।
ਸੰਪੂਰਨ ਫਲਹਿ : ਕੰਮ ਦਾ ਸਫਲਤਾ ਨਾਲ ਸਿਰੇ ਚੜ੍ਹਨਾ ।
ਪਰਮ ਗਤਿ : ਉਚ ਆਤਮਿਕ ਅਵਸਥਾ । (Lofty Status)
ਸੁਖਿ ਸਹਜਿ : ਨਿਸਚਿੰਤ । ਅਨੰਦ ਵਿਚ । (Balanced life)
ਸੁਖਿ ਸਹਜਿ ਸਮਾਵਹਿ : ਅਨੰਦ ਰੂਪ ਹੋ ਜਾਣਾ । ਸਦੀਵੀ ਸੁੱਖ । (Absorbed in joyful poise)
ਅਵਰ : ਹੋਰ ।
ਕਤ : ਪਾਸੇ ।
ਗੁਰ ਪ੍ਰਸਾਦਿ : ਸ਼ਬਦ ਦੁਆਰਾ । ੬ ।

## ਸਤਵੀਂ ਪਉੜੀ

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥
ਜਿਹ ਪ੍ਰਸਾਦਿ ਤੇਰਾ ਪਰਤਾਪੁ ॥
ਰੇ ਮਨ ਮੂੜ ਤੂ ਤਾ ਕਉ ਜਾਪੁ ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥
ਤਿਸਹਿ ਜਾਨੁ ਮਨ ਸਦਾ ਹਜੂਰੇ ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥
ਨਾਨਕ ਜਾਪੁ ਜਪੈ ਜਪੁ ਸੋਇ ॥ ੭ ॥

**ਵਿਸਥਾਰ**

ਜਿਸ ਦੀ ਮਿਹਰ ਸਦਕਾ ਤੇਰੀ ਪਿਆਰੀ ਹੋਂਦ ਬਣੀ ਹੋਈ ਹੈ ਉਸ ਨੂੰ ਕਦੇ ਵੀ ਨ (ਮੂਲਿ ਨ) ਭੁਲਾਈਂ । ਜਿਸ ਦੀ ਮਿਹਰ ਸਦਕਾ ਤੇਰੀ ਸ਼ਾਨ ਬਣੀ ਹੋਈ ਹੈ, ਕੋਈ ਤੇਰੀ ਗੱਲ ਮੋੜਦਾ ਨਹੀਂ, ਤੇਰੇ ਗੁਣ ਹੀ ਗਾਉਂਦੇ ਹਨ ਲੋਕ । ਓਹ ਨ ਸ਼ੁਕਰੇ ਜੀਵ, ਉਸ ਪ੍ਰਭੂ ਦੇ ਗੁਣਾਂ ਨੂੰ ਗਾਇਨ (ਜਾਪ) ਕਰ। ਜਿਸ ਦੀ ਮਿਹਰ ਸਦਕਾ ਤੇਰੇ ਸਭ ਨਿਸ਼ਾਨਿਆਂ ਦੀ ਪੂਰਤੀ ਹੁੰਦੀ ਹੈ, ਉਸ ਦੀ ਹਜ਼ੂਰੀ ਦਾ ਸਦਾ ਅਹਿਸਾਸ ਕਰ ਕਿਉਂਕਿ ਇਹ ਉਸ ਦੀ ਸੱਤਾ ਕਾਰਨ ਹੀ ਹੈ ਕਿ ਤੇਰੇ ਮਕਸਦ ਪੂਰੇ ਹੋ ਰਹੇ ਹਨ ।

ਜਿਸ ਦੀ ਮਿਹਰ ਸਦਕਾ ਇਹ ਭੇਦ ਤੇਰੇ ਤੇ ਖੁਲ੍ਹਦਾ ਹੈ ਕਿ ਜਗਤ ਦੀ ਕੋਈ ਅਸਲੀਅਤ ਨਹੀਂ, ਇਸ ਦੀਆਂ ਸਭ ਸ਼ੈਆਂ ਨਾਸ਼ਵੰਤ ਹਨ ਸੋ ਤੇਰੇ ਲਈ ਇਹ ਹੀ ਬਣ


www.sikhbookclub.com

ਆਉਂਦਾ ਹੈ ਕਿ ਤੂੰ ਉਸ ਵਿਚ ਹੀ ਆਪਾ ਹਲੂਲ ਕਰ ਦੇਹ।

ਜਿਸ ਦੀ ਮਿਹਰ ਸਦਕਾ ਸਭ ਦਾ ਛੁਟਕਾਰਾ ਹੋਣਾ ਹੈ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਗੁਣ ਗਾਇਨ ਯੋਗ ਦੇ ਹੀ ਗੁਣ ਗਾ। ਹੋਰ ਨਾਸ਼ਵੰਤ ਸ਼ੈਆਂ ਤੇ ਬਿਨਸ ਜਾਣ ਵਾਲੇ ਲੋਕਾਂ ਦੀ ਖ਼ੁਸ਼ਾਮਦ ਵਿਚ ਨਾ ਲੱਗਾ ਰਹੁ।

**'ਸਭ ਕੀ ਗਤਿ ਹੋਇ'**, ਇਸ ਲਈ ਕਹਿ ਰਹੇ ਹਨ ਕਿ ਇਹ ਵਿਚਾਰ ਪ੍ਰਚਲਤ ਸੀ ਕਿ ਜੋ ਹਜ਼ਰਤ ਮੁਹੰਮਦ ਜਾਂ ਖ਼ੁਦਾ ਦੇ ਬੇਟੇ ਈਸਾ ਜਾਂ ਅਵਤਾਰ ਦੀ ਪੂਜਾ ਕਰੇਗਾ ਉਸੇ ਦੀ ਗਤਿ ਹੋਣੀ ਹੈ। ਉਸ ਮਿੱਥ ਨੂੰ ਤੋੜਦੇ ਕਹਿੰਦੇ ਹਨ ਕਿ ਛੁਟਕਾਰਾ ਉਸੇ ਦਾ ਹੋਣਾ ਹੈ ਜੋ ਉਸ ਦੇ ਗੁਣ ਗਾਇਗਾ, ਕਿਸੇ ਪੀਰ ਪੈਗੰਬਰ, ਮਸੀਹਾ ਜਾਂ ਅਵਤਾਰ ਨੇ ਨਹੀਂ ਕਰਾਉਣਾ।੭।

**ਸ਼ਬਦ ਭਾਵ :**

**ਪ੍ਰਗਟੁ ਸੰਸਾਰਿ** : ਸੰਸਾਰ ਵਿਚ ਤੇਰੀ ਸੋਹਣੀ ਹੋਂਦ। (Beautiful existence)

**ਮਨ ਸਦਾ ਹਜੂਰੇ** : ਵਾਹਿਗੁਰੂ ਦੀ ਹਜ਼ੂਰੀ ਨੂੰ ਮਹਿਸੂਸ ਕਰ। (Feel the presense)

**ਮੂਲਿ ਨ** : ਕਦੇ ਵੀ ਨਾਂਹ।

**ਪਰਤਾਪੁ** : ਸ਼ਾਨ (Glory)

**ਸਾਰੁ** : ਅਸਲੀਅਤ, ਸਹੀ ਬਾਤ, ਭੇਦ ਭਰੀ ਗੱਲ।

**ਰਾਚੁ** : ਪੂਰੀ ਤਰ੍ਹਾਂ ਘੁਲ ਮਿਲ ਜਾਣਾ। ਹਲੂਲ।

**ਸਭ ਕੀ ਗਤਿ ਹੋਇ** : ਸਮੁਚੀ ਇਨਸਾਨੀਅਤ ਦਾ ਛੁਟਕਾਰਾ। ਇਹ ਉਸ ਖ਼ਿਆਲ ਦੇ ਉਲਟ ਸਿਧਾਂਤਕ ਗੱਲ ਆਖ ਰਹੇ ਹਨ ਕਿ ਜੋ ਇਹ ਕਹਿੰਦੇ ਨਹੀਂ ਸਨ ਥਕਦੇ ਕਿ ਕਿਸੇ ਖ਼ਾਸ ਪੈਗ਼ੰਬਰ, ਮਸੀਹਾ ਤੇ ਈਮਾਨ ਲਿਆਏ ਬਗੈਰ ਰੋਜ਼ੇ-ਹਸ਼ਰ ਵਾਲੇ ਦਿਹਾੜੇ ਕਿਸੇ ਨੇ ਹਾਮੀ ਨਹੀਂ ਭਰਨੀ।

**ਜਾਪੁ ਜਪੈ ਜਪੁ** : ਉਸ ਦੇ ਹੀ ਗੁਣ ਗਾ, ਜੋ ਗੁਣ ਗਾਇਨ ਦੇ ਜੋਗ ਹੈ। ਅਬੇ ਤਬੇ ਦੀ ਚਰਨੀਂ ਨ ਲੱਗ।੭।

## ਅਠਵੀਂ ਪਉੜੀ

**ਆਪਿ ਜਪਾਏ ਜਪੈ ਸੋ ਨਾਉ ॥**
**ਆਪ ਗਾਵਾਏ ਸੁ ਹਰਿ ਗੁਨ ਗਾਉ ॥**
**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**
**ਪ੍ਰਭੂ ਦਇਆ ਤੇ ਕਮਲ ਬਿਗਾਸੁ ॥**
**ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥**
**ਪ੍ਰਭ ਦਇਆ ਤੇ ਮਤਿ ਊਤਮ ਹੋਇ ॥**
**ਸਰਬ ਨਿਧਾਨ ਪ੍ਰਭ ਤੇਰੀ ਮਇਆ ॥**
**ਆਪਹੁ ਕਛੂ ਨ ਕਿਨਹੂ ਲਇਆ ॥**

**ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥**
**ਨਾਨਕ ਇਨ ਕੈ ਕਛੂ ਨ ਹਾਥ ॥ ੮ ॥ ੬ ॥**

**ਵਿਸਥਾਰ**

ਉਸ ਦੀ ਯਾਦ ਦਾ ਉਸ ਦੀ ਮਿਹਰ ਸਦਕਾ ਹਿਰਦੇ ਵਿਚੋਂ ਉਠ ਪੈਣਾ ਹੀ ਨਾਮ ਹੈ। ਨਾਮ ਕੋਈ ਬਾਹਰਲੇ ਤਪ, ਤਰੱਦਦ ਕਰਨ ਨਾਲ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਉਹ ਹੀ ਮਿਹਰ ਕਰੇ ਤਾਂ ਹੀ ਉੱਚਾ ਸੁਣਿਆ ਗਾਇਆ ਜਾ ਸਕਦਾ ਹੈ। ਇਥੇ ਮਿਹਰ ਕਰਕੇ ਜਪ, ਜਾਪ, ਨਾਮ ਦੇ ਸੂਖਮ ਅੰਤਰ ਦੀ ਵੀ ਸੋਝੀ ਦੇ ਦਿਤੀ ਹੈ। ਹਿਰਦੇ ਵਿਚ ਉਸ ਦੀ ਯਾਦ ਦਾ ਖਿਆਲ ਉਤਪੰਨ ਹੋਣਾ ਜਪੁ ਹੈ। ਉਸ ਦਾ ਪ੍ਰਗਟ ਹੋਣਾ ਨਾਮ ਤੇ ਉਸ ਦੀ ਹੋਂਦ ਦਾ ਪ੍ਰਗਟਾ ਉੱਚਾ ਗੁਣ ਗਾ ਕੇ ਕਰਨਾ : ਜਾਪੁ।

ਕ੍ਰਿਪਾਲੂ ਪ੍ਰਭੂ ਦੀ ਕਿਰਪਾ ਹੋਵੇ ਤਾਂ ਅੰਦਰਲਾ ਰੂਹਾਨੀ ਦੀਵਾ ਮੱਚ ਉਠਦਾ ਹੈ ਅਤੇ ਅੰਦਰ ਦਾ ਮੂਧਾ ਕੰਵਲ ਸਿੱਧਾ ਹੋ ਬਾਣੀ ਦੀਆਂ ਕਿਰਨਾਂ ਪੈਣ ਨਾਲ ਖਿੜ ਪੈਂਦਾ ਹੈ। ਗਿਆਨ ਬਾਰੇ ਪ੍ਰਚਲਤ ਖ਼ਿਆਲ ਹੈ ਕਿ ਉਹ ਰੁੱਖਾ ਹੁੰਦਾ ਹੈ ਪਰ ਜੋ ਪ੍ਰਭੂ ਕ੍ਰਿਪਾ ਨਾਲ ਹਾਸਲ ਹੋਵੇ ਉਸ ਵਿਚ ਰਸ ਵੀ ਭਰਿਆ ਹੁੰਦਾ ਹੈ ਅਤੇ ਖੇੜਾ ਵੀ ਹੁੰਦਾ ਹੈ ਅਤੇ ਸੁਗੰਧੀ ਵੀ। ਪ੍ਰਭੂ ਪ੍ਰਸੰਨ ਹੋਵੇ ਫਿਰ ਅੰਦਰ ਵਸ ਵੀ ਜਾਂਦਾ ਹੈ। ਨਿਰਾ ਝਲਕ ਦਿਖਾ ਕੇ ਕਿਧਰੇ ਅਲੋਪ ਨਹੀਂ ਹੋ ਜਾਂਦਾ। ਉਸ ਦੀ ਹੋਈ ਦਇਆ ਕਾਰਨ ਮੱਤ ਇਤਨੀ ਉੱਚੀ ਹੋ ਜਾਂਦੀ ਹੈ ਕਿ ਸੁਤੇ ਸਿਧ ਹੀ ਮਾੜੇ ਚੰਗੇ ਦਾ ਨਿਖੇੜਾ ਹੋਈ ਜਾਂਦਾ ਹੈ। ਮਿਹਰ ਵਿਚ ਹੀ ਸਭ ਪ੍ਰਾਪਤੀਆਂ ਦੇ ਖ਼ਜ਼ਾਨੇ ਹਨ। ਇਹ ਹਰ ਕੋਈ ਜਾਣ ਲਵੇ ਕਿ ਅਜ ਤਕ ਕਿਸੇ ਨੇ ਆਪੂੰ, ਆਪਣੇ ਜ਼ੋਰ ਨਾਲ ਕੁਝ ਹਾਸਲ ਨਹੀਂ ਕੀਤਾ। ਜੇ ਕੋਈ ਅਜਿਹਾ ਸਮਝਦਾ ਤੇ ਕਹਿੰਦਾ ਹੈ, ਗਲਤ ਫਹਿਮੀ ਵਿਚ ਹੀ ਰਹਿ ਰਹਿਆ ਹੈ। ਆਖਿਰ ਵਿਚ ਸਭ ਲੋਕਾਈ ਲਈ ਗੁਰੂ ਅਰਜਨ ਦੇਵ ਜੀ ਬੇਨਤੀ ਕਰਦੇ ਹਨ ਕਿ ਪ੍ਰਭੂ ਜੀ ! ਜੀਵ ਦੀਆਂ ਹੰਕਾਰ ਭਰੀਆਂ ਗੱਲਾਂ ਵਲ ਧਿਆਨ ਨ ਦਿਆ ਜੇ। ਤੁਸੀਂ ਹੀ ਜਿਸ ਪਾਸੇ ਲਗਾਂਦੇ ਹੋ ਇਹ ਜੀਵ ਲਗ ਤੁਰੀ ਜਾਂਦਾ ਹੈ। ਆਪਣੇ ਪਾਸੇ ਲਗਾਓ ਕਿਉਂਕਿ ਇਸ ਪਾਸ ਇਤਨੀ ਸ਼ਕਤੀ ਨਹੀਂ ਕਿ ਆਪਣੇ ਆਪ ਤੁਹਾਡੇ ਪਾਸੇ ਲਗ ਸਕੇ। ੮। ੬।

SIKHBOOKCLUB.COM

**ਸ਼ਬਦ ਭਾਵ :**

**ਆਪਿ ਜਪਾਏ**

**ਜਪੈ** : ਆਪਣੇ ਹਿਰਦੇ ਵਿਚੋਂ ਉਸ ਦੀ ਮਿਹਰ ਸਦਕਾ ਯਾਦ ਦਾ ਉਠਣਾ।

**ਸੋ ਨਾਉ** : ਉਹ ਹੀ ਨਾਮ ਹੈ। ਨਾਮ ਹਿਰਦੇ ਵਿਚੋਂ ਪੈਦਾ ਹੋਣਾ ਹੈ, ਕੋਈ ਬਾਹਰਲੀ ਸ਼ੈ ਨਹੀਂ।

**ਗਾਵਾਏ** : ਕ੍ਰਿਪਾ ਕਰਕੇ ਗਾਉਣ ਲਈ ਪ੍ਰੇਰੇ।

**ਪ੍ਰਗਾਸੁ** : ਚਾਨਣਾ। (Illumination)

**ਕਮਲ** : ਹਿਰਦਾ ਕੰਵਲ।

**ਬਿਗਾਸੁ** : ਖੇੜਾ।

**ਸੁਪ੍ਰਸੰਨ** : ਬਹੁਤ ਖ਼ੁਸ਼।

**ਮਤਿ ਊਤਮ** : ਉੱਚੀ ਮੱਤ । ਬਿਬੇਕ ਬੁਧੀ । (Sharpness of intelligence)
**ਸਰਬ ਨਿਧਾਨ** : ਸਾਰੇ ਖ਼ਜ਼ਾਨੇ । ਸਭ ਪ੍ਰਾਪਤੀਆਂ ।
**ਮਇਆ** : ਮਿਹਰ । ਕ੍ਰਿਪਾ ।
**ਕਿਨਹੂ** : ਕਿਸੇ ਨੇ ਵੀ । (None)
**ਹਰਿ ਨਾਥ** : ਮਾਲਕ ਪ੍ਰਭੂ । ੮ । ੬ ।

---

## ਸਤਵੀਂ ਅਸ਼ਟਪਦੀ

***ਸਤਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਵਾਹਿਗੁਰੂ, ਜਿਸ ਤਕ ਨ ਬੁਧੀ ਪਹੁੰਚ ਰਖਦੀ ਹੈ ਅਤੇ ਨ ਕੋਈ ਹੋਰ ਸਾਧਨ ਪੁੱਜਦਾ ਹੈ ਪਰ ਇਕ ਰਾਹ ਹੈ ਉਸ ਤਕ ਰਸਾਈ ਦਾ ਕਿ ਉਸ ਦੇ ਗੁਣ ਗਾਏ ਜਾਣ ਪਰ ਇਕੱਲਿਆਂ ਨਹੀਂ, ਉਸ ਦੀ ਸੰਗਤ ਵਿਚ ਜਿਸ ਨੇ ਆਪਾ ਸਾਧ ਲਿਆ ਹੈ। ਹੋਰ ਸਾਧਨ ਤਜ ਦੇਹ, ਲਾਂਭੇ ਨ ਝਾਕ। ਗੁਰਬਾਣੀ ਵਿਚ ਦੱਸੀ ਸੇਧ ਵੱਲ ਟੁਰੀ ਜਾ ਤੇ ਮੰਜ਼ਲ ਨੂੰ ਪਾ ਲਵੇਂਗਾ। ਪੁੱਗਿਆਂ ਦੀ ਸੰਗਤ ਵਿਚ ਵਾਹਿਗੁਰੂ ਦੇ ਗੁਣ ਗਾਇਆਂ ਰਸ ਆਉਂਦਾ ਹੈ, ਮੁੱਖ ਉੱਜਲ ਹੁੰਦਾ ਹੈ। ਅੰਦਰਲੀ ਕਾਹਲੀ ਮੁੱਕਦੀ ਹੈ। ਹੋਰ ਜਤਨ ਕਰਨ ਦਾ ਧਿਆਨ ਤੱਕ ਨਹੀਂ ਜਾਂਦਾ। ਕੋਈ ਵੀ ਘਾਲ, ਉਚੇਚੇ ਸ਼ਾਸਤ੍ਰਾਂ ਦੇ ਦੱਸੇ ਕਰਮ ਨਹੀਂ ਕਰਨੇ ਪੈਂਦੇ। ਸਦਾ ਫੁਲ ਲਗਦਾ ਹੈ (ਪਰਫੁਲੈ) ਅਤੇ ਨਿਮ੍ਰਤਾ ਦਾ ਧਾਰਨੀ ਹੁੰਦਾ ਹੈ। ਮਨ ਟਿਕ ਜਾਂਦਾ ਹੈ। ਵੈਰੀ ਬਲ ਨਹੀਂ ਪਾਉਂਦੇ। ਧਰਮ ਨੂੰ ਧੱਕਾ ਨਹੀਂ ਲਗਦਾ। ਪ੍ਰਭੂ ਅਗਾਧ ਅਬੋਧ ਤਾਂ ਹੈ ਹੀ ਪਰ ਉਸ ਤਕ ਸਾਧ ਦੀ ਸੰਗਤ ਕਰਕੇ ਪੁੱਜ ਗਏ। ਉਂਜ ਸਾਧ ਦੀ ਆਪਣੀ ਵੀ ਬੜੀ ਮਹਿਮਾ ਹੈ ਕਿਉਂਕਿ ਸਾਧ ਤੇ ਪ੍ਰਭੂ ਵਿਚ ਭੇਦ ਹੀ ਨਹੀਂ ਹੁੰਦਾ। ਸੋ ਉਸ ਅਗਾਧ, ਅਗੋਚਰ ਤੱਕ ਪੁੱਜਣ ਦਾ ਰਾਹ, ਸਿਮਰਨ ਹੈ ਪਰ ਸਿਮਰਨ ਕਦੇ ਇਕੱਲਿਆਂ ਨਹੀਂ ਕਰਨਾ, ਪੁੱਜੀਆਂ ਪੁੱਗੀਆਂ ਪਾਵਨ ਆਤਮਾਵਾਂ ਦੇ ਸੰਗ ਹੀ ਕਰਨਾ ਹੈ।

***ਸਲੋਕੁ ॥***

**ਅਗਮ ਅਗਾਧਿ ਪਾਰਬ੍ਰਹਮੁ ਸੋਇ ॥**
**ਜੋ ਜੋ ਕਹੈ ਸੁ ਮੁਕਤਾ ਹੋਇ ॥**
**ਸੁਨਿ ਮੀਤਾ ਨਾਨਕੁ ਬਿਨਵੰਤਾ ॥**
**ਸਾਧ ਜਨਾ ਕੀ ਅਚਰਜ ਕਥਾ ॥ ੧ ॥**

***ਵਿਸਥਾਰ***

ਪਹਿਲਾਂ ਤਾਂ ਸਰਬ ਵਿਆਪੀ ਪ੍ਰਭੂ ਪ੍ਰਤੀ ਆਪਣਾ ਸਿਧਾਂਤ ਦੇਂਦੇ ਹਨ ਕਿ ਪਹੁੰਚ ਤੋਂ ਪਰ੍ਹੇ, ਹਾਥ ਨ ਪਾਏ ਜਾਣ ਵਾਲੇ, ਬੇਅੰਤ ਪ੍ਰਭੂ ਦੇ ਗੁਣ, ਜੋ ਜੋ ਵੀ ਭਾਵੇਂ ਉਹ ਕਿਸੇ ਜਾਤ ਜਨਮ ਦੇਸ ਤੇ ਧਰਮ ਦਾ ਹੈ ਗਾਉਂਦਾ ਹੈ, ਉਸ ਦੀਆਂ ਪਕੜਾਂ ਛੁੱਟ ਜਾਣਗੀਆਂ ਤੇ ਬੰਧਨ ਟੁੱਟ ਜਾਣਗੇ ਤੇ ਮਾਇਆ ਦੇ ਪ੍ਰਭਾਵ ਤੋਂ ਉੱਚਾ ਹੋ ਜਾਵੇਗਾ। ਨਾਲ ਹੀ ਗੁਰੂ ਅਰਜਨ ਦੇਵ ਜੀ ਅਤਿ ਨਿਮ੍ਰਤਾ ਵਿਚ, ਗੁਣ ਗਾਉਣ ਵਾਲੇ ਨੂੰ ਬੇਨਤੀ ਕਰਦੇ ਹਨ ਕਿ ਜੇ ਇਕੱਲਿਆਂ ਗਾਉਣ ਨਾਲੋਂ ਮਨ ਨੂੰ ਸਾਧੇ,


www.sikhbookclub.com

ਪਹੁੰਚਿਆਂ-ਪਹੁੰਚਿਆਂ ਜਿਨ੍ਹਾਂ ਦੀ ਆਪਣੀ ਜ਼ਾਤ ਵੀ ਅਸਚਰਜ, ਅਗਮ ਹੈ ਨਾਲ ਰਲ ਕੇ ਗਾਏ ਜਾਣ ਤਾਂ ਅਗਮ ਅਗਾਧ ਤਕ ਪਹੁੰਚਣਾ ਸਹਿਲਾ ਹੋ ਜਾਏਗਾ। ਸਾਧ, ਗੁਣ ਗਾਉਣ ਵਾਲੇ ਨੂੰ ਹੋਰ ਪਾਸਿਆਂ (ਕਰਮ, ਧਰਮ, ਕਿਰਿਆ, ਪਸ਼ਚਾਤਾਪ, ਵਰ, ਸਰਾਪ, ਪੂਜਾ, ਤਪ, ਹਵਨ) ਤੋਂ ਹਟਾ ਕੇ ਸਿੱਧਾ ਨਿਸ਼ਾਨੇ ਵੱਲ ਲਈ ਜਾਏਗਾ।੧।

**ਸ਼ਬਦ ਭਾਵ :**

ਅਗਮ : ਜਿਸ ਤੱਕ ਪਹੁੰਚ ਨ ਹੋ ਸਕੇ।

ਅਗਾਧਿ : ਜਿਸ ਦਾ ਹਾਥ ਨ ਪਾਇਆ ਜਾ ਸਕੇ।

ਮੁਕਤਾ : ਪੂਰਨ ਤੌਰ ਤੇ ਬੰਧਨਾਂ ਤੋਂ ਆਜ਼ਾਦ। (Liberation)

ਅਚਰਜ : ਅਸਚਰਜ। ਕਮਾਲ ਦੀ। ਲਾਜਵਾਬ।

## ਪਹਿਲੀ ਪਉੜੀ

ਸਾਧ ਕੈ ਸੰਗਿ ਮੁਖ ਊਜਲ ਹੋਤ ॥
ਸਾਧਸੰਗਿ ਮਲੁ ਸਗਲੀ ਖੋਤ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥
ਸਾਧਸੰਗਿ ਸਭੁ ਹੋਤ ਨਿਬੇਰਾ ॥
ਸਾਧ ਕੈ ਸੰਗਿ ਪਾਏ ਨਾਮ ਰਤਨੁ ॥
ਸਾਧ ਕੈ ਸੰਗਿ ਏਕ ਊਪਰਿ ਜਤਨੁ ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥ ੧ ॥

**ਵਿਸਥਾਰ**

ਮਹਾਂ ਪੁਰਸ਼ਾਂ ਦੀ ਸੰਗਤ ਵਿਚ ਗੁਣ ਗਾਇਆਂ ਲਾਲੀ ਚੜ੍ਹੀ ਰਹਿੰਦੀ ਹੈ। ਚਾਅ ਮੱਠਾ ਨਹੀਂ ਪੈਂਦਾ। ਅੰਦਰਲੀ ਹਉਮੈ ਦੀ ਮੈਲ ਧੋਤੀ ਜਾਂਦੀ ਹੈ। ਹਉਮੈ ਦੀ ਮੈਲ ਨ ਰਵ੍ਹੇ ਤਾਂ ਅੰਦਰ ਦਾ ਮਾਨ (ਅਭਿਮਾਨ) ਜੋ ਅੰਦਰਲਾ ਇੰਜਨ ਹੀ ਸਾੜੀ ਤੁਰੀ ਜਾਂਦਾ ਹੈ ਨਹੀਂ ਰਹਿੰਦਾ ਤੇ ਐਸਾ ਨਿਰਮਲ ਗਿਆਨ ਚਾਨਣ ਪ੍ਰਾਪਤ ਹੁੰਦਾ ਹੈ ਜਿਸ ਦੀ ਰੌਸ਼ਨੀ ਕਦੇ ਮੱਧਮ ਨਹੀਂ ਪੈਂਦੀ। ਸਾਫ਼ ਚਾਨਣ ਹੋ ਜਾਣ ਨਾਲ ਜੋ ਪ੍ਰਭੂ ਦੂਰ ਦਿਸਦਾ ਸੀ ਪਾਸ ਦਿਖਾਈ ਦੇਂਦਾ ਹੈ ਅਤੇ ਜਗਤ ਦੀ ਸਹੀ ਸ਼ਕਲ ਦਿੱਸ ਆਉਂਦੀ ਹੈ ਕਿ ਇਹ ਨਾਸਵੰਤ ਹੈ। ਸੋ ਇਸ ਦੁਬਿਧਾ ਦਾ ਫ਼ੈਸਲਾ ਵੀ ਹੋ ਜਾਂਦਾ ਹੈ ਕਿ ਸੰਸਾਰ ਦੀ ਕਿਤਨੀ ਕੁ ਪਾਇਆਂ ਹੈ। ਆਤਮਾ ਡਰ-ਰਹਿਤ ਹੋ ਜਾਂਦੀ ਹੈ। ਪਹੁੰਚਿਆਂ ਦੀ ਸੰਗਤ ਵਿਚ ਗੁਣ ਗਾਇਆਂ, ਜੋ ਚਾਨਣ ਹੁੰਦਾ ਹੈ ਉਸ ਵਿਚ ਚਮਕਦਾ ਨਾਮ ਰਤਨ ਵੀ ਹਿਰਦੇ ਵਿਚ ਹੀ ਦਿਸ ਪੈਂਦਾ ਹੈ ਫਿਰ ਸਾਰੇ ਕਾਰ ਵਿਹਾਰ ਕਰਦੇ ਵਾਹਿਗੁਰੂ ਵਲੋਂ ਪਿਆਰ ਨਹੀਂ ਉਖੜਦਾ। ਸੋ ਕੌਣ ਹੈ ਜੋ ਸਾਧ ਸੰਗਤ ਦੀ ਸੋਭਾ ਦਰਸਾ ਸਕੇ ਕਿਉਂਕਿ ਪ੍ਰਭੂ ਸਮਾਏ ਦੀ ਸ਼ੋਭਾ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਵਾਹਿਗੁਰੂ ਜੇਹੀ ਹੀ ਹੋ ਜਾਂਦੀ ਹੈ।੧।


www.sikhbookclub.com

**ਸ਼ਬਦ ਭਾਵ :**

**ਸਾਧ** : ਜੋ ਲਾਭ, ਚਾਂਭ ਦਾ ਧਿਆਨ ਛੱਡ ਸਿੱਧੇ ਨਿਸ਼ਾਨੇ ਵਲ ਟੁਰਦਾ ਮੰਜ਼ਲ ਨੂੰ ਪਾ ਗਿਆ ਹੈ। ਪੁੱਗਿਆਂ ਹੋਆ ਪੁਰਸ਼।

**ਮੁਖ ਊਜਲ** : ਚਿਹਰੇ ਦੀ ਲਾਲੀ ਦਾ ਬਣਿਆ ਰਹਿਣਾ । ਚਾਅ ਚੜ੍ਹੇ ਰਹਿਣਾ (Face Radiant)

**ਮਲੁ** : ਮੈਲ।

**ਅਭਿਮਾਨ** : ਅੰਦਰ ਧੁਰ ਦਾ ਮਾਣ। ਆਪਣੇ ਆਪ ਤੇ ਮਾਣ। ਸੂਖਮ ਹੰਕਾਰ।

**ਸੁਗਿਆਨ** : ਸਹੀ ਸੂਝ।

**ਨੇਰਾ** : ਨਜ਼ਦੀਕ ।

**ਸਭੁ ਨਿਬੇਰਾ** : ਹਰ ਚੀਜ਼ ਦਾ ਨਿਰਣਾ। ਦੁਬਿਧਾ ਦਾ ਮੂਲੋਂ ਨ ਰਹਿਣਾ।

**ਏਕ ਊਪਰਿ ਜਤਨੁ** : ਸਭ ਕਾਰ ਵਿਹਾਰ ਉਸ ਵਾਹਿਗੁਰੂ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੇ ਜਾਂਦੇ ਹਨ। ਸੰਸਾਰ ਵਿਚ ਵਿਚਰਦਿਆਂ ਕਦੇ ਵਾਹਿਗੁਰੂ ਨਹੀਂ ਭੁੱਲਦਾ। ਵਿਸ਼ਵਾਸ ਨਹੀਂ ਡੋਲਦਾ। (Centred around on object)

**ਬਰਨੈ** : ਖੋਲ੍ਹ ਦੱਸਣਾ। (To express). ੧।

SIKHBOOKCLUB.COM

## ਦੂਜੀ ਪਉੜੀ

**ਸਾਧ ਕੈ ਸੰਗਿ ਅਗੋਚਰੁ ਮਿਲੈ ॥**
**ਸਾਧ ਕੈ ਸੰਗਿ ਸਦਾ ਪਰਫੁਲੈ ॥**
**ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥**
**ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ ॥**
**ਸਾਧ ਸੰਗਿ ਹੋਇ ਸਭ ਕੀ ਰੇਨ ॥**
**ਸਾਧ ਕੈ ਸੰਗਿ ਮਨੋਹਰ ਬੈਨ ॥**
**ਸਾਧ ਕੈ ਸੰਗਿ ਨ ਕਤਹੂੰ ਧਾਵੈ ॥**
**ਸਾਧ ਸੰਗਿ ਅਸਥਿਤਿ ਮਨੁ ਪਾਵੈ ॥**
**ਸਾਧ ਕੈ ਸੰਗਿ ਮਾਇਆ ਤੇ ਭਿੰਨ ॥**
**ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ ॥ ੨ ॥**

**ਵਿਸਥਾਰ**

ਪੁੱਗਿਆਂ ਦੀ ਸੰਗਤ ਕੀਤਿਆਂ, ਜਿਸ ਪ੍ਰਭੂ ਤਕ ਸਾਡੀਆਂ ਇੰਦ੍ਰੀਆਂ ਦੀ ਪਹੁੰਚ ਨਹੀਂ ਸੀ, ਪਹੁੰਚ ਹੋ ਜਾਂਦੀ ਹੈ। ਇਕ ਰਸ ਆਉਣ ਲਗਦਾ ਹੈ। ਬੜਾ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਅੰਦਰਲਾ ਹਰ ਵੇਲੇ ਖਿੜਿਆ ਰਹਿੰਦਾ ਹੈ।

ਪੁੱਗਿਆਂ ਦੀ ਸੰਗਤ ਵਿਚ ਪ੍ਰਭੂ ਦੇ ਗੁਣ ਗਾਇਆਂ ਕਾਮ, ਕ੍ਰੋਧ, ਲੋਭ, ਮੋਹ,

 www.sikhbookclub.com

ਅਹੰਕਾਰ ਜੋ ਸਦਾ ਜੀਵ ਤੇ ਹਾਵੀ ਰਹਿੰਦੇ ਹਨ, ਹੁਣ ਜ਼ੋਰ ਨਹੀਂ ਪਾ ਸਕਦੇ, ਕਾਬੂ ਵਿਚ ਆ ਜਾਂਦੇ ਹਨ ਅਤੇ ਅੰਮ੍ਰਿਤ ਜੋ ਹਰ ਵੇਲੇ ਅੰਦਰ ਝਰਦਾ ਰਹਿੰਦਾ ਹੈ ਦਾ ਸੁਆਦ ਚੱਖਣ ਜੋਗ ਹੋ ਜਾਈਦਾ ਹੈ। ਕਾਮ, ਕ੍ਰੋਧ, ਅੰਮ੍ਰਿਤ ਦਾ ਰਸ ਨਹੀਂ ਸਨ ਲੈਣ ਦੇਂਦੇ ਹੁਣ ਜ਼ੋਰ ਹੋ ਜਾਣ ਨਾਲ, ਅੰਮ੍ਰਿਤ ਦੇ ਘੁੱਟ ਪੀਣ ਦਾ ਬਹੁਤ ਹੀ ਅਨੰਦ ਆਉਂਦਾ ਹੈ। ਪੂੱਗਿਆਂ ਦੀ ਸੰਗਤ ਵਿਚ ਗੁਣ ਗਾਇਆਂ ਮਨ ਨਿਮ੍ਰਤਾ ਵਿਚ ਰਹਿੰਦਾ ਹੈ। ਕਦੇ ਕਿਸੇ ਅੱਗੇ ਵੀ ਆਪਾ ਨਹੀਂ ਜਣਾਂਦਾ। ਨਿਮ੍ਰਤਾ ਆਉਣ ਨਾਲ ਬੋਲ ਵੀ ਮਿੱਠੇ ਹੋ ਜਾਂਦੇ ਹਨ। ਹੰਕਾਰੀਆਂ ਦੇ ਬੋਲ ਕਿਸੇ ਨੂੰ ਨਹੀਂ ਭਾਂਦੇ। ਨਿਮ੍ਰ ਬਚਨ ਹਰ ਇਕ ਨੂੰ ਮਿੱਠੇ ਲਗਦੇ ਹਨ।

ਪੂੱਗਿਆਂ ਦੀ ਸੰਗਤ ਦਾ ਇਕ ਹੋਰ ਲਾਭ ਇਹ ਹੈ ਕਿ ਮਨ ਕਿੱਧਰੇ ਨੱਠ ਜਾਂਦਾ ਨਹੀਂ। ਪੂਰਨ ਟਿਕਾ ਨੂੰ ਪਾ ਲੈਂਦਾ ਹੈ।

ਸਭ ਤੋਂ ਵੱਡੀ ਗੱਲ, ਸਾਧ ਸੰਗ ਕੀਤਿਆਂ ਇਹ ਹੁੰਦੀ ਹੈ ਕਿ ਮਾਇਆ ਦਾ ਕੋਈ ਵੀ ਰੂਪ, ਚਲਿਤ, ਭਰਮਾ ਨਹੀਂ ਸਕਦਾ। ਮਾਇਆ ਦਾ ਤਮਾਸ਼ਾ, ਵੱਖ ਹੋ ਦੇਖਣ ਦੀ ਜਾਚ ਆ ਜਾਂਦੀ ਹੈ। ਆਪੂ ਤਮਾਸ਼ਾ ਨਹੀਂ ਬਣਦਾ। ਗੁਰੂ ਅਰਜਨ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਿਸ ਤੇ ਮਾਇਆ ਕੋਈ ਪ੍ਰਭਾਵ ਨਹੀਂ ਪਾ ਸਕੀ, ਪ੍ਰਭੂ ਦੀ ਪੂਰਨ ਪ੍ਰਸੰਨਤਾ ਉਸੇ ਤੇ ਹੁੰਦੀ ਹੈ। ਪ੍ਰਭੂ ਦੀ ਪ੍ਰਸੰਨਤਾ ਪਾਇਆਂ ਜੀਵ ਪ੍ਰਭੂ ਦੀ ਮਰਜ਼ੀ ਜਾਣ ਲੈਂਦਾ ਹੈ। ੨।

*ਸ਼ਬਦ ਭਾਵ :*

SIKHBOOKCLUB.COM

**ਅਗੋਚਰ** : ਜਿਸ ਤਕ ਇੰਦ੍ਰੀਆਂ ਦੀ ਪਹੁੰਚ ਨਹੀਂ।

**ਪਰਫੂਲੈ** : ਖਿੜੇ ਰਹਿਣਾ। (Bloom)

**ਪੰਚਾ** : ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। (Five fundamental weaknesses)

**ਭੁੰਚਾ** : ਸੁਆਦ ਦਾ ਆਉਣਾ। ਜੋ ਖਾਣ ਤੋਂ ਬਾਅਦ ਆਉਂਦਾ ਹੈ।

**ਰੇਨ** : ਧੂੜੀ। ਨਿਮ੍ਰਤਾ ਦਾ ਚਿੰਨ੍ਹ।

**ਮਨੋਹਰ** : ਖਿੱਚ ਪਾਉਣ ਵਾਲੀ। (Winsome)

**ਬੈਨ** : ਬੋਲ। (Speech)

**ਅਸਥਿਤਿ** : ਪੂਰਨ ਟਿਕਾਉ। (Perfect peace)

**ਮਾਇਆ ਤੇ ਭਿੰਨ** : ਮਾਇਆ ਤੋਂ ਅੱਡ। ਮਾਇਆ ਦਾ ਕੋਈ ਅਸਰ ਨ ਕਬੂਲਣਾ।

**ਸੁਪ੍ਰਸੰਨ** : ਖ਼ੁਸ਼ੀ। ਮਰਜ਼ੀ ਦਾ ਪਾ ਜਾਣਾ। ੨।

## ਤੀਜੀ ਪਉੜੀ

**ਸਾਧ ਸੰਗਿ ਦੁਸਮਨ ਸਭਿ ਮੀਤ ॥**
**ਸਾਧੂ ਕੈ ਸੰਗਿ ਮਹਾ ਪੁਨੀਤ ॥**

 www.sikhbookclub.com

ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥
ਸਾਧ ਕੈ ਸੰਗਿ ਨ ਬੀਗਾ ਪੈਰੁ ॥
ਸਾਧ ਕੈ ਸੰਗਿ ਨਾਹੀ ਕੋ ਮੰਦਾ ॥
ਸਾਧ ਸੰਗਿ ਜਾਨੇ ਪਰਮਾਨੰਦਾ ॥
ਸਾਧ ਕੈ ਸੰਗਿ ਨਾਹੀ ਹਉ ਤਾਪੁ ॥
ਸਾਧ ਕੈ ਸੰਗਿ ਤਜੈ ਸਭੁ ਆਪੁ ॥
ਆਪੇ ਜਾਨੈ ਸਾਧ ਬਡਾਈ ॥
ਨਾਨਕ ਸਾਧ ਪ੍ਰਭੂ ਬਨਿ ਆਈ ॥ ੩ ॥

**ਵਿਸਥਾਰ**

ਪੁੱਗਿਆਂ ਦੀ ਸੰਗਤ ਵਿਚ ਬੈਠ ਪ੍ਰਭੂ ਦੇ ਗੁਣ ਗਾਇਆਂ ਦੁਸ਼ਮਣ ਨੂੰ ਦੋਸਤ ਬਨਾਉਣ ਦਾ ਵੱਲ ਆ ਜਾਂਦਾ ਹੈ। ਜੋ ਦੁਸ਼ਮਣ ਸਨ ਦੋਸਤ ਬਣ ਜਾਂਦੇ ਹਨ।

ਦੁਸ਼ਮਣ ਸਨ ਤਾਂ ਅੰਦਰਲਾ ਡਰਿਆ-ਡਰਿਆ ਰਹਿੰਦਾ ਸੀ। ਡਰ ਕਾਰਨ ਮਨ ਪਲੀਤ ਹੋਈ ਜਾਂਦਾ ਸੀ। ਜਦ ਡਰ ਹੀ ਮੁੱਕ ਗਿਆ ਤਾਂ ਅੰਦਰਲਾ ਪੂਰੀ ਤਰ੍ਹਾਂ ਸੁਅੱਛ ਹੋ ਗਿਆ। ਪ੍ਰਭੂ ਪਿਆਰਿਆਂ ਦੀ ਸੰਗਤ ਕੀਤਿਆਂ ਸੁਅੱਛਤਾ ਮਿਲਣ ਕਾਰਨ ਕਿਸੇ ਵਿਰੁੱਧ ਵੈਰ ਭਾਵਨਾ ਉਠਦੀ ਹੀ ਨਹੀਂ। ਸਾੜਾ ਰਹਿੰਦਾ ਹੀ ਨਹੀਂ ਅਤੇ ਜਦ ਮੰਦ ਭਾਵਨਾ ਨਾ ਉਠੇ ਤਾਂ ਪੈਰ ਵੀ ਮੰਦੇ ਪਾਸੇ ਨਹੀਂ ਉਠਦਾ।

ਪੁੱਗਿਆਂ ਦੀ ਸੰਗਤ ਸਦਕਾ ਜਦ ਪੈਰ ਮਾੜੇ ਪਾਸੇ ਨ ਉਠਿਆ ਤਾਂ ਕੁਝ ਮਾੜਾ ਹੁੰਦਾ ਹੀ ਨਹੀਂ। ਸਭ ਭਲਾ ਭਲਾ ਲਗਦਾ ਹੈ। ਇਸ ਤਰ੍ਹਾਂ ਜੋ ਅਨੰਦ-ਮੂਲ ਪ੍ਰਮਾਤਮਾ ਹੈ, ਸਭ ਖੁਸ਼ੀਆਂ ਦਾ ਸੋਮਾ ਹੈ। ਉਸ ਤਕ ਪਹੁੰਚ ਹੋ ਜਾਂਦੀ ਹੈ।

ਪੁੱਗਿਆਂ ਦੀ ਸੰਗਤ ਕੀਤਿਆਂ, ਬਿਮਾਰੀ ਦਾ ਮਰਜ਼ ਜੋ ਹਉਮੈ ਹੈ ਪਕੜੀ ਜਾਂਦੀ ਹੈ ਅਤੇ ਮਰਜ਼ ਪਕੜੇ ਜਾਣ ਨਾਲ ਹੰਕਾਰ ਦੀ ਜੜ੍ਹ ਹੀ ਪੁੱਟੀ ਜਾਂਦੀ ਹੈ। ਸੰਗਤ ਕੀਤਿਆਂ ਆਪਣੇ, ਨਗੂਣੇਪਣ ਦਾ ਪਤਾ ਲਗ ਜਾਂਦਾ ਹੈ। ਫਿਰ ਹਉਮੈ ਹਾਵੀ ਨਹੀਂ ਹੁੰਦੀ। ਕਿਤਨੀ ਵੱਡੀ ਮਹਿਮਾ ਹੈ ਸਾਧ ਸੰਗ ਦੀ। ਸੋ ਇਹ ਹੀ ਕਹਿਣਾ ਬਣਦਾ ਹੈ ਕਿ ਸਾਧ ਦੀ ਸ਼ੋਭਾ ਅਸੀਂ ਨਿੱਕੇ-ਨਿੱਕੇ ਜੀਵ ਕੀ ਕਰ ਸਕਦੇ ਹਾਂ, ਉਸ ਦੀ ਸ਼ੋਭਾ ਪ੍ਰਭੂ ਹੀ ਜਾਣਦਾ ਹੈ ਅਤੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਾਧੂ ਤੇ ਪ੍ਰਭੂ ਦੀ ਐਸੀ ਇਕਮੁਰਤਾ ਹੋਈ ਹੁੰਦੀ ਹੈ ਕਿ ਸਾਧੂ ਪ੍ਰਭੂ ਦੀ ਰਜ਼ਾ ਨੂੰ ਅੱਛੀ ਤਰ੍ਹਾਂ ਜਾਣ ਜਾਂਦਾ ਹੈ। ਰਜ਼ਾ ਦੇ ਉਲਟ ਕੋਈ ਕਾਰਜ ਸਾਧੂ ਕਰਦਾ ਹੀ ਨਹੀਂ ਤੇ ਉਸ ਦੀ ਪ੍ਰਭੂ ਨਾਲ ਇਕਮੁਰਤਾ ਕਦੇ ਟੁੱਟਦੀ ਹੀ ਨਹੀਂ। ੩।

**ਸ਼ਬਦ ਭਾਵ :**

ਮਹਾ ਪੁਨੀਤ : ਪੂਰਨ ਸੁਅੱਛਤਾ।
ਬੀਗਾ : ਪੁੱਠੇ ਪਾਸੇ।
ਪਰਮਾਨੰਦਾ : ਪ੍ਰਸੰਨਤਾ ਦਾ ਸੋਮਾ। (Source of Bliss)


www.sikhbookclub.com

**ਹਉ ਤਾਪੁ** : ਹਉਂ ਦੀ ਬਿਮਾਰੀ । ਬਿਮਾਰੀ ਦਾ ਪਤਾ ਲਗ ਜਾਣਾ । ਮਰਜ਼ ਪਕੜੀ ਜਾਣੀ ।

**ਤਜੈ** : ਛੱਡ ਜਾਣਾ । ਕਿਸੇ ਸ਼ੈ ਦਾ ਮੂਲੋਂ ਹੀ ਖ਼ਤਮ ਹੋਣਾ ।

**ਤਜੈ ਸਭ ਆਪੁ** : ਹਉਂ ਦੀ ਜੜ੍ਹ ਦਾ ਹੀ ਨ ਰਹਿਣਾ ।

**ਬਨਿਆਈ** : ਇਕ ਸੁਰ ਹੋਣਾ । ਮਰਜ਼ੀ ਦਾ ਪਾ ਜਾਣਾ । ਰਜ਼ਾ ਵਿਚ ਟਿਕਣਾ । (Perfect Accord). ੩.

## ਚੌਥੀ ਪਉੜੀ

**ਸਾਧ ਕੈ ਸੰਗਿ ਨ ਕਬਹੂ ਧਾਵੈ ॥**
**ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥**
**ਸਾਧਸੰਗਿ ਬਸਤੁ ਅਗੋਚਰ ਲਹੈ ॥**
**ਸਾਧੂ ਕੈ ਸੰਗਿ ਅਜਰੁ ਸਹੈ ॥**
**ਸਾਧ ਕੈ ਸੰਗਿ ਬਸੈ ਥਾਨਿ ਊਚੈ ॥**
**ਸਾਧੂ ਕੈ ਸੰਗਿ ਮਹਲਿ ਪਹੂਚੈ ॥**
**ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥**
**ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥**
**ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥**
**ਨਾਨਕ ਸਾਧੂ ਕੈ ਕੁਰਬਾਨ ॥ ੪ ॥**

**ਵਿਸਥਾਰ**

ਪੁੱਗਿਆਂ ਦੀ ਸੰਗਤ ਵਿਚ ਪ੍ਰਭੂ ਦੇ ਗੁਣ ਗਾਇਆਂ ਮਨ ਭਟਕਦਾ ਹੀ ਨਹੀਂ । ਭਟਕੀ ਮੁੱਕ ਜਾਂਦੀ ਹੈ । ਭਟਕਣਾ ਦੇ ਨਾ ਰਹਿਣ ਕਾਰਨ ਨ ਖੁੱਸਣ ਵਾਲੀ ਖ਼ੁਸ਼ੀ ਮਿਲ ਜਾਂਦੀ ਹੈ । ਪੁੱਗਿਆਂ ਦੀ ਸੰਗਤ ਦਾ ਵੱਡਾ ਲਾਭ ਇਹ ਹੈ ਕਿ ਉਸ ਪ੍ਰਭੂ ਜਿਸ ਤੱਕ ਵਿਚਾਰੀਆਂ ਇੰਦ੍ਰੀਆਂ ਦੀ ਪਹੁੰਚ ਨਹੀਂ; ਰਸਾਈ ਹੋ ਜਾਂਦੀ ਹੈ । ਦੂਰ ਦ੍ਰਿਸ਼ਟੀ ਮਿਲ ਜਾਂਦੀ ਹੈ ਅਤੇ ਐਸੀ ਜਰਨ ਸ਼ਕਤੀ ਮਿਲ ਜਾਂਦੀ ਹੈ ਕਿ ਨਾਮ ਪ੍ਰਾਪਤ ਕਰਕੇ ਵੀ ਆਫ਼ਰਦਾ ਨਹੀਂ । **'ਅਜਰੁ ਸਹੈ'** । ਨਾਮ ਦੀ ਇਕ ਝਲਕ ਸੰਭਾਲਣੀ ਵੀ ਮੁਸ਼ਕਲ ਹੋ ਜਾਂਦੀ ਹੈ ਹੋਛੇ ਲੋਕਾਂ ਕੋਲੋਂ, ਪਰ ਜੇ ਸੰਗਤ ਵਿਚ ਗੁਣ ਗਾਉਂਦੇ ਰਹੀਏ ਤਾਂ ਨਾਮ ਵਿਚ ਟਿਕੇ ਰਹੀਦਾ ਹੈ । ਬਸਤ ਅਗੋਚਰ ਪਾਸ ਹੋਣ ਨਾਲ ਚਿਤ ਕਰਾਮਾਤ ਵਰ ਜਾਂ ਸਰਾਪ ਵਿਚ ਨਹੀਂ ਪੈਂਦਾ । ਪੁੱਗਿਆਂ ਦੀ ਸੰਗਤ ਕੀਤਿਆਂ ਚਿਤ ਨਿਵਾਣ ਵੱਲ ਨਹੀਂ ਜਾਂਦਾ । ਉੱਚੀ ਆਤਮਕ ਅਵਸਥਾ ਵਿਚ ਰਹਿੰਦਾ ਹੈ ਤੇ ਗੁਣ ਗਾਇਆਂ ਹੋਰ ਉੱਚਿਆਂ ਹੋਈ ਜਾਈਦਾ ਹੈ । ਇਤਨਾ ਉੱਚਾ ਹੋ ਜਾਂਦਾ ਹੈ ਕਿ ਪ੍ਰਭੂ ਦੇ ਮਹਲ ਪੁੱਜ ਜਾਂਦਾ ਹੈ ।

ਪੁੱਗਿਆਂ ਦੀ ਸੰਗਤ ਵਿਚ ਗੁਣ ਗਾਉਂਦੇ ਰਹਿਆਂ **'ਦਰ ਘਰ'** ਮਿਲਦਾ ਹੈ ਅਤੇ ਦਰ ਘਰ ਪੁੱਜ ਕੇ ਇਹ ਸੋਝੀ ਮਿਲ ਜਾਂਦੀ ਹੈ ਕਿ ਧਰਮਾਂ ਦਾ ਮੂਲ ਪਰਮਾਤਮਾ ਹੈ ਅਤੇ ਉਹ ਹੀ ਹਰ ਥਾਂ ਵਿਆਪਕ ਹੈ । ਫਿਰ ਕਿਸੇ ਤੱਪ ਤਰੱਦਦ, ਕਰਮ ਕਾਂਡ ਕ੍ਰਿਆ ਵਿਚ ਨਹੀਂ ਪੈਂਦਾ ਤੇ ਉਸ ਵਿਆਪਕ ਹਰੀ ਦਾ ਹੀ ਸਿਮਰਨ ਕਰਦਾ ਹੈ ।


www.sikhbookclub.com

ਪੂੱਗਿਆਂ ਦੀ ਸੰਗਤ ਕਰਦੇ ਰਹਿਆਂ ਨਾਮ ਦਾ ਖ਼ਜ਼ਾਨਾ ਹੀ ਪਾ ਲੈਂਦਾ ਹੈ। ਪ੍ਰਭੂ ਦੇ ਗੁਣ ਸਹਿਜ ਸੁਭਾ ਉਸ ਦੇ ਮੁੱਖੋਂ ਨਿਕਲਦੇ ਰਹਿੰਦੇ ਹਨ। ਸਿਮਰਨ ਟੁਰਦਾ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਸਾਧੂ ਤੋਂ ਮੈਂ ਕੁਰਬਾਨ ਹਾਂ ਜਿਸ ਸਦਕਾ ਭਟਕਨਾ ਮੁੱਕੀ, ਭੜਕੀ ਹਟੀ। ਬਸਤ ਅਗੋਚਰ ਮਿਲੀ ਤੇ ਫਿਰ ਨਾਮ ਖ਼ਜ਼ਾਨਾ। ੪।

**ਸ਼ਬਦ ਭਾਵ :**

ਧਾਵੈ : ਭਟਕਣਾ। (To wander)

ਬਸਤੁ : ਸ਼ੈ, ਕੀਮਤੀ ਚੀਜ਼।

ਅਗੋਚਰ : ਜਿਸ ਤਕ ਇੰਦ੍ਰੀਆਂ ਦੀ ਪਹੁੰਚ ਨਹੀਂ।

ਅਜਰੁ : ਜਰਿਆ ਨਾ ਜਾ ਸਕੇ। (Unbearable)

ਮਹਲਿ : ਪ੍ਰਭੂ ਦਾ ਟਿਕਾਣਾ।

ਦ੍ਰਿੜੇ ਸਭਿ ਧਰਮ : ਸਭ ਧਰਮਾਂ ਦਾ ਤੱਤ ਸਮਝ ਆ ਜਾਂਦਾ ਹੈ।

ਕੇਵਲ : ਸਿਰਫ਼। ੪।

## ਪੰਜਵੀਂ ਪਉੜੀ

**ਸਾਧ ਕੈ ਸੰਗਿ ਸਭ ਕੁਲ ਉਧਾਰੈ ॥**
**ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥**
**ਸਾਧੂ ਕੈ ਸੰਗਿ ਸੋ ਧਨੁ ਪਾਵੈ ॥**
**ਜਿਸੁ ਧਨ ਤੇ ਸਭੁ ਕੋ ਵਰਸਾਵੈ ॥**
**ਸਾਧ ਸੰਗਿ ਧਰਮਰਾਇ ਕਰੇ ਸੇਵਾ ॥**
**ਸਾਧ ਕੈ ਸੰਗਿ ਸੋਭਾ ਸੁਰ ਦੇਵਾ ॥**
**ਸਾਧੂ ਕੈ ਸੰਗਿ ਪਾਪ ਪਲਾਇਨ ॥**
**ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥**
**ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥**
**ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥ ੫ ॥**

**ਵਿਸਥਾਰ**

ਪੂੱਗਿਆਂ ਦੀ ਸੰਗਤ ਵਿਚ ਗੁਨ ਗਾਇਆਂ ਆਪਣਾ ਤਾਂ ਨਿਸਤਾਰਾ ਹੁੰਦਾ ਹੀ ਹੈ ਪਰ ਸਾਰਾ ਖ਼ਾਨਦਾਨ ਹੀ ਤਰ ਜਾਂਦਾ ਹੈ। ਖ਼ਾਨਦਾਨ ਕੀ ਨੇੜੇ ਦੇ ਮਿਤ੍ਰ ਤੇ ਸੰਬੰਧੀ ਵੀ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ।

ਪੂੱਗਿਆਂ ਦੀ ਸੰਗਤ ਵਿਚ ਇਹ ਧਨ ਮਿਲ ਜਾਂਦਾ ਹੈ ਜਿਸ ਸਦਕਾ ਸਾਰਿਆਂ ਤੇ ਰਹਿਮਤ ਦਾ ਮੀਂਹ ਵਰ੍ਹਦਾ ਹੈ। ਸਾਰੇ ਹੀ ਆਤਮਿਕ ਉਚਾਈਆਂ ਨੂੰ ਜਾ ਪਹੁੰਚਦੇ ਹਨ। ਕੋਈ ਨੇੜੇ ਆਉਣ ਵਾਲਾ ਵੀ ਖ਼ਾਲੀ ਨਹੀਂ ਜਾਂਦਾ। ਪੂੱਗਿਆਂ ਦੀ ਸੰਗਤ ਕੀਤਿਆਂ ਮੌਤ ਦਾ ਡਰ ਨਹੀਂ ਰਹਿੰਦਾ। ਹਰ ਪਲ ਤੇ ਕਾਬੂ ਹੁੰਦਾ ਹੈ। ਕਾਲ ਵਸ ਹੋਇਆਂ ਸਮੇਂ ਦੀ ਸਹੀ ਵਰਤੋਂ ਹੁੰਦੀ ਹੈ ਅਤੇ ਜੋ ਇੰਦਰ ਆਪਣੇ ਆਪ ਨੂੰ ਸਭ ਤੋਂ ਵੱਡਾ ਦੇਵਤਾ

ਕਹਿਲਾਂਦਾ ਹੈ, ਉਹ ਵੀ ਸ਼ੋਭਾ ਕਰਦਾ ਹੈ ਕਿ ਜੀਵ ਨੇ ਇੰਦਰੀਆਂ, ਖ਼ਾਹਿਸ਼ਾਂ ਵਸ ਕਰ ਲਈਆਂ ਹਨ ਤੇ ਜ਼ਿੰਦਗੀ ਦਾ ਕੋਈ ਪਲ ਜ਼ਾਇਆ ਨਹੀਂ ਕੀਤਾ।

ਸਾਧੂ ਦੀ ਸੰਗਤ ਕੀਤਿਆਂ ਪਾਪ ਨੱਸ ਜਾਂਦੇ ਹਨ। ਚਿਤ ਨਿਰਮਲ ਹੋ ਜਾਂਦਾ ਹੈ ਅਤੇ ਐਸਾ ਉਤਸ਼ਾਹ ਜਾਗਦਾ ਹੈ ਕਿ ਹਰ ਵੇਲੇ ਪ੍ਰਭੂ ਦੇ ਮਿੱਠੇ ਤੇ ਅਮੁੱਕ ਗੁਣ ਗਾਉਣ ਨੂੰ ਚਿੱਤ ਕਰਦਾ ਰਹਿੰਦਾ ਹੈ। ਸਾਧ ਦੀ ਸੰਗਤ ਵਿਚ ਗੁਣ ਗਾਇਆਂ ਆਤਮਿਕ ਟੀਸੀ ਛੂਹ ਲਈ ਜਾਂਦੀ ਹੈ। (ਥਾਨ ਗੰਮਿ)। ਹਰ ਥਾਂ ਸੌਖਾ ਸੌਖਾ ਮਹਿਸੂਸ ਕਰਦਾ ਹੈ। ਕਾਹਲ ਨੇੜੇ ਨਹੀਂ ਆਉਂਦੀ। ਘੁਟਨ ਮਹਿਸੂਸ ਨਹੀਂ ਹੁੰਦੀ। ਗੁਰੂ ਅਰਜਨ ਜੀ, ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੀਵਨ ਦਾ ਸਹੀ ਲਾਹਾ ਸਾਧੂ ਦੀ ਸੰਗਤ ਕਰਨ ਵਾਲਾ ਉਠਾ ਲੈਂਦਾ ਹੈ। ੫।

**ਸ਼ਬਦ ਭਾਵ :**

**ਸਭ ਕੁਲ** : ਪੂਰਾ ਖ਼ਾਨਦਾਨ। (Whole Family)

**ਸਭੁ ਕੋ ਵਰਸਾਵੈ** : ਹਰ ਇਕ ਤੇ ਰਹਿਮਤ ਦਾ ਬੱਦਲ ਵਰ੍ਹਦਾ ਹੈ। ਹਰ ਕੋਈ ਅਭਿਮਾਨ ਤਜ ਆਤਮਿਕ ਉਚਾਈ ਛੂਹ ਲੈਂਦਾ ਹੈ।

**ਧਰਮ ਰਾਇ ਕਰੇ ਸੇਵਾ** : ਕਾਲ ਤੇ ਕਾਬੂ। ਸਮੇਂ ਦੀ ਸਹੀ ਵਰਤੋਂ।

**ਸੁਰ ਦੇਵਾ** : ਦੇਵਤਿਆਂ ਦਾ ਵੱਡਾ ਦੇਵਤਾ। ਇੰਦਰ।

**ਪਲਾਇਨ** : ਨੱਸ ਜਾਣਾ।

**ਅੰਮ੍ਰਿਤ** : ਮਿੱਠੇ ਤੇ ਅਮੁੱਲ। ਕਦੇ ਨਾ ਮੁੱਕਣ ਵਾਲਾ। (Sweet and never ending)

**ਥਾਨ ਗੰਮਿ** : ਘਰ ਪੁੱਜਣਾ। ਆਤਮਿਕ ਉਚਾਈਆਂ ਨੂੰ ਪਾ ਲੈਣਾ। ਸੌਖ ਮਹਿਸੂਸ ਹੋਣੀ। (Feel at home) ।੫।

## ਛੇਵੀਂ ਪਉੜੀ

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥
ਸਾਧ ਕੈ ਸੰਗਿ ਕਲੂਖਤ ਹਰੈ ॥
ਸਾਧ ਕੈ ਸੰਗਿ ਨਰਕ ਪਰਹਰੈ ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥
ਸਾਧ ਸੰਗਿ ਬਿਛੁਰਤ ਹਰਿ ਮੇਲਾ ॥
ਜੋ ਇਛੈ ਸੋਈ ਫਲੁ ਪਾਵੈ ॥
ਸਾਧ ਕੈ ਸੰਗਿ ਨ ਬਿਰਥਾ ਜਾਵੈ ॥
ਪਾਰਬ੍ਰਹਮੁ ਸਾਧ ਰਿਦ ਬਸੈ ॥
ਨਾਨਕ ਉਧਰੈ ਸਾਧ ਸੁਨਿ ਰਸੈ ॥ ੬ ॥

 www.sikhbookclub.com

**ਵਿਸਥਾਰ**

ਪੁੱਗਿਆਂ ਦੀ ਸੰਗਤ ਵਿਚ ਪ੍ਰਭੂ ਦੇ ਗੁਣ ਗਾਇਆਂ ਕਿਸੇ ਹੋਰ ਤਪ ਤਰੱਦਦ, ਪੂਜਾ-ਪਾਠ ਘਾਲਣਾ ਦੀ ਲੋੜ ਨਹੀਂ ਰਹਿੰਦੀ। ਸਾਧ ਦੀ ਸੰਗਤ ਕਰਨਾ ਹੀ ਸਹੀ ਘਾਲ ਹੈ। ਘਾਲ ਪੂਰੀ ਹੋਈ ਜਾਣੋ ਕਿਉਂਕਿ ਸਾਧੂ ਦੇ ਸੰਗ ਪ੍ਰਭੂ ਦੇ ਗੁਣ ਗਾਇਆਂ ਹਿਰਦੇ ਦਾ ਕਉਲ ਫੁੱਲ ਖਿੜ ਪੈਂਦਾ ਹੈ। ਸਭ ਘਾਲਾਂ ਇਸ ਲਈ ਕੀਤੀਆਂ ਜਾਂਦੀਆਂ ਹਨ ਕਿ ਹਿਰਦੇ ਦਾ ਕਉਲ ਖਿੜੇ ਤੇ ਉਹ ਮਕਸਦ ਸਾਧੂ ਦੀ ਸੰਗਤ ਤੋਂ ਹੀ ਪ੍ਰਾਪਤ ਹੋ ਜਾਂਦਾ ਹੈ। ਸਾਧ ਦਾ ਸੰਗ ਕੀਤਿਆਂ ਮਨ ਦੀ ਕਾਲਖ ਦੂਰ ਹੋ ਜਾਂਦੀ ਹੈ। ਇਸ ਕਾਲਖ ਕਰਕੇ ਹੀ ਕਾਲੀਆਂ ਕਰਤੂਤਾਂ ਕਰਦਾ ਸੀ ਅਤੇ ਕਾਲੇ ਕਾਰਨਾਮਿਆਂ ਕਾਰਨ ਨਰਕ ਦਾ ਡਰ ਸਤਾਈ ਰਖਦਾ ਸੀ। ਜਦ ਕਾਲਖ ਹੀ ਨਾ ਰਹੀ ਤੇ ਕਰਮ ਸੁਅੱਛ ਹੋ ਗਏ ਤਾਂ ਨਰਕ ਹੁਣ ਪ੍ਰਭੂ ਦਾ ਰਾਹ ਨਹੀਂ ਰੋਕੇਗਾ।

ਸਾਧੂ ਦੀ ਸੰਗਤ ਕੀਤਿਆਂ ਇੱਥੇ ਵੀ ਸੁੱਖ ਮਿਲਿਆ (ਕਿਉਂਕਿ ਮਾੜੇ ਪਾਸੇ) ਚਿਤ ਨਾ ਭੁੱਜਿਆ ਤੇ ਅੱਗੇ ਵੀ ਸੁੱਖ ਮਿਲਿਆ ਕਿਉਂਕਿ ਨਰਕ ਨੇ ਰਾਹ ਨ ਰੋਕੀ ਰੱਖਿਆ ਅਤੇ ਹੋਰ ਮਿਹਰ ਇਹ ਹੋਈ ਸਾਧ ਦਾ ਸੰਗ ਕਰਦਿਆਂ ਕਿ ਵਿਛੋੜੇ ਦੀ ਕਸਕ ਵੀ ਨ ਰਹੀ ਅਤੇ ਪ੍ਰਭੂ ਦੀ ਹਜ਼ੂਰੀ ਦਾ ਅਨੰਦ ਸਦਾ ਲਈ ਮਿਲ ਗਿਆ। **'ਬਿਛੁਰਤ ਹਰਿ ਮੇਲਾ'**। ਸਾਧ ਦੀ ਸੰਗਤ ਵਿਚ ਪ੍ਰਭੂ ਗੁਣ ਗਾਉਂਦੇ ਰਹਿਆਂ ਮੰਦੇ ਪਾਸੇ ਚਿਤ ਨਾ ਜਾਣ ਕਾਰਨ ਫੁਰਨੇ ਸੁਅੱਛ ਹੋ ਜਾਂਦੇ ਹਨ। ਜੋ ਵੀ ਇੱਛਾ ਹੋਵੇ ਪੂਰੀ ਹੋਈ ਜਾਂਦੀ ਹੈ। ਸਾਧੂ ਦਾ ਸੰਗ ਕੀਤਿਆਂ ਕੋਈ ਵੀ ਖ਼ਾਲੀ ਹੱਥ ਨਹੀਂ ਮੁੜਦਾ। ਹਰ ਇਕ ਦੀ ਝੋਲੀ ਭਰੀ ਜਾਂਦੀ ਹੈ। ਵਾਹਿਗੁਰੂ ਐਸੇ ਸੁਘੜ ਹਿਰਦਿਆਂ ਦੇ ਅੰਦਰ ਹੀ ਵਸਦਾ ਹੈ ਅਤੇ ਜੋ ਕੋਈ ਚਿਤ ਲਗਾ ਲਾਂਭੇ ਚਾਂਭੇ ਧਿਆਨ ਹਟਾ ਮਸਤ ਹੋ (ਰਸੈ) ਉਨ੍ਹਾਂ ਦੀ ਜ਼ਬਾਨੀ ਪ੍ਰਭੂ ਦੇ ਗੁਣ ਸੁਣਦਾ ਹੈ ਤਾਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਦਾ ਨਿਸਤਾਰਾ ਹੋ ਜਾਂਦਾ ਹੈ। ੬।

**ਸ਼ਬਦਾ ਭਾਵ :**

**ਨਹੀ ਕਛੁ ਘਾਲ** : ਕਿਸੇ ਹੋਰ ਤਪ, ਪੂਜਾ ਵਾਲੀ ਘਾਲ ਦੀ ਲੋੜ ਨਹੀਂ ਭਾਸਦੀ।

**ਨਿਹਾਲ** : ਰਹਿਮਤ ਦਾ ਮਿਲ ਜਾਣਾ। ਹਿਰਦੇ ਅੰਦਰ ਕਉਲ ਫੁੱਲ ਦਾ ਖਿੜ ਜਾਣਾ। ਪੂਰਨ ਖ਼ੁਸ਼ੀ ਜੋ ਰਹਿਮਤ ਪਾਇਆਂ ਮਿਲਦੀ ਹੈ। (Blessed)

**ਕਲੂਖਤ** : ਕਾਲਖ। (Black Impurity)

**ਹਰੈ** : ਹਟ ਜਾਣਾ।

**ਪਰਹਰੈ** : ਦੂਰ ਹੋ ਜਾਣਾ। ਪਰ੍ਹੇ ਹਟ ਜਾਣਾ। ਰਾਹ ਨ ਰੋਕੀ ਖੜੋਣਾ।

**ਈਹਾ ਊਹਾ** : ਇਥੇ ਜਗਤ ਵਿਚ, ਉਥੇ ਪ੍ਰਭੂ ਦੀ ਦਰਗਾਹ ਵਿਚ।

**ਬਿਛੁਰਤ** : ਵਿਛੋੜੇ ਦੀ ਪੀੜਾ।

**ਬਿਰਥਾ** : ਅਜਾਈਂ।

**ਰਸੈ** : ਮਸਤ ਹੋ ਕੇ। ਇਕਾਗਰ ਚਿਤ। (In Ecstasy)। ੬।

 www.sikhbookclub.com

## ਸਤਵੀਂ ਪਉੜੀ

ਸਾਧ ਕੈ ਸੰਗਿ ਸੁਨਉ ਹਰਿ ਨਾਉ ॥
ਸਾਧ ਸੰਗਿ ਹਰਿ ਕੇ ਗੁਨ ਗਾਉ ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥
ਸਾਧ ਸੰਗਿ ਸਰਪਰ ਨਿਸਤਰੈ ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥
ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥
ਸਾਧ ਸੰਗਿ ਭਏ ਆਗਿਆਕਾਰੀ ॥
ਸਾਧ ਸੰਗਿ ਗਤਿ ਭਈ ਹਮਾਰੀ ॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥
ਨਾਨਕ ਸਾਧ ਭੇਟੇ ਸੰਜੋਗ ॥ ੭ ॥

**ਵਿਸਥਾਰ**

ਪੁੱਗਿਆਂ ਦੀ ਸੰਗਤ ਕੀਤਿਆਂ ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ ਅਤੇ ਸੰਗਤ ਲਗਾਤਾਰ ਕੀਤਿਆਂ ਗੁਣ ਗਾਉਣ ਦਾ ਚਾਅ ਉਠਦਾ ਹੈ ਅਤੇ ਆਪ-ਮੁਹਾਰੇ ਜੀਭਾ ਗੁਣ ਗਾਉਂਦੀ ਰਹਿੰਦੀ ਹੈ। ਸਾਧੂ ਦੇ ਸੰਗ ਵਿਚ ਪ੍ਰਭੂ ਦੇ ਗੁਣ ਗਾਇਆਂ ਸਿਮਰਨ ਟੁੱਟਦਾ ਹੀ ਨਹੀਂ। ਉਸ ਦੀ ਯਾਦ ਵਿਸਰਦੀ ਨਹੀਂ ਤੇ ਸਦਾ ਸਾਧ ਦੀ ਸੰਗਤ ਕਰਨ ਵਾਲੇ ਦਾ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਉਹ ਭਵ ਸਾਗਰ ਸਹਿਲੇ ਤਰ ਜਾਂਦਾ ਹੈ।

ਸਾਧੂ ਦੇ ਸੰਗ ਵਿਚ ਪ੍ਰਭੂ ਦੇ ਗੁਣ ਗਾਉਂਦੇ ਰਹਿਆਂ ਪ੍ਰਭੂ ਦੀ ਹਰ ਗੱਲ ਚੰਗੀ ਲਗਦੀ ਹੈ। ਭਾਣੇ ਵਿਚ ਰਹਿਣ ਦਾ ਬੜਾ ਸੁਆਦ ਆਉਂਦਾ ਹੈ। ਗੁਣ ਗਾਉਂਦੇ ਰਹਿਆਂ ਹਰ ਇਕ ਵਿਚ ਉਸ ਪ੍ਰਭੂ ਨੂੰ ਦੇਖਣ ਦੀ ਦ੍ਰਿਸ਼ਟੀ ਮਿਲ ਜਾਂਦੀ ਹੈ ਪ੍ਰਭੂ ਮਿੱਠਾ ਚੰਗਾ ਲਗਦਾ ਹੈ ਅਤੇ ਉਸ ਦੀ ਸਾਜੀ ਸ੍ਰਿਸ਼ਟੀ ਵੀ ਚੰਗੀ ਲਗਦੀ ਹੈ। ਸਾਧੂ ਦਾ ਸੰਗ ਕੀਤਿਆਂ ਰਜ਼ਾ ਮਿੱਠੀ ਲਗਦੀ ਹੈ ਤੇ ਹੁਕਮ ਵਿਚ ਤੁਰੀ ਜਾਈਦਾ ਹੈ। ਆਗਿਆ ਵਿਚ ਤੁਰਦੇ ਰਹਿਆਂ ਮੰਜ਼ਲ ਮਿਲ ਜਾਂਦੀ ਹੈ। 'ਗਤਿ ਭਈ ਹਮਾਰੀ'। ਭਟਕਨਾ ਮੁੱਕ ਜਾਂਦੀ ਹੈ। ਪੂਰਨ ਟਿਕਾ ਮਿਲ ਜਾਂਦਾ ਹੈ, ਸਾਧ ਦਾ ਸੰਗ ਕੀਤਿਆਂ ਸਭ ਰੋਗ ਭਾਵੇਂ ਉਹ ਸਰੀਰ ਦੇ ਹਨ ਜਾਂ ਆਤਮਿਕ, ਭਾਈਚਾਰਕ ਹਨ ਜਾਂ ਆਰਥਿਕ ਮਿਟ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਐਸੇ ਸਾਧ ਬੜੇ ਭਾਗਾਂ ਨਾਲ ਮਿਲਦੇ ਹਨ। ੭।

**ਸ਼ਬਦ ਭਾਵ :**

**ਸੁਨਉ ਹਰਿ ਨਾਉ :** ਪ੍ਰਭੂ ਦੀ ਹੋਂਦ-ਹਜ਼ੂਰੀ ਦਾ ਅਹਿਸਾਸ ਹੁੰਦਾ ਹੈ। (Feeling Presence of Waheguru)

**ਨ ਮਨ ਤੇ ਬਿਸਰੈ :** ਮਨੋਂ ਨਹੀਂ ਵਿਸਰਦਾ। ਸਿਮਰਨ ਲਗਾਤਾਰ ਹੋ ਜਾਂਦਾ ਹੈ।

**ਸਰਪਰ :** ਅਵੱਸ਼। (Undoubtedly)

 www.sikhbookclub.com

ਨਿਸਤਰੈ : ਤਰ ਜਾਂਦਾ ਹੈ, ਬਚ ਜਾਂਦਾ ਹੈ। (Saved)

ਘਟਿ ਘਟਿ : ਹਰ ਜੀਵ-ਸਰੀਰ ਵਿਚ।

ਆਗਿਆਕਾਰੀ : ਹੁਕਮ ਵਿਚ ਟੁਰਨ ਵਾਲਾ।

ਗਤਿ ਭਈ ਹਮਾਰੀ : ਟੁਰਦੇ ਟੁਰਦੇ ਮੰਜ਼ਲ ਦਾ ਮਿਲ ਜਾਣਾ। ਪੂਰਨ ਟਿਕਾ ਦਾ ਪਾਉਣਾ। (Mind's at perfect peace)

ਸੰਜੋਗ : ਕਿਸਮਤ ਨਾਲ।੭।

## ਅਠਵੀਂ ਪਉੜੀ

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ੮ ॥ ੭ ॥

**ਵਿਸਥਾਰ**

ਸਾਧੂ ਦੀ ਮਹਿਮਾ ਇਹ ਵੇਦ ਵਿਚਾਰੇ ਕੀ ਜਾਣ ਸਕਦੇ ਹਨ। ਕਿਉਂਕਿ ਵੇਦਾਂ ਦੇ ਰਚਨਹਾਰੇ ਤਾਂ ਉਹ ਕੁਝ ਹੀ ਲਿਖ ਰਹੇ ਹਨ ਜੋ ਉਨ੍ਹਾਂ ਸੁਣਿਆ ਹੁੰਦਾ ਹੈ। ਵੇਦਾਂ ਵਿਚ ਅਨੁਭਵ ਵਾਲੀ ਕੋਈ ਗੱਲ ਨਹੀਂ ਤੇ ਸੁਣੀ ਸੁਣਾਈ ਗੱਲ ਕਦੇ ਪੂਰੀ ਨਹੀਂ ਹੁੰਦੀ।

ਸਾਧ ਦੀ ਵਡਿਆਈ ਇਸ ਲਈ ਕੋਈ ਸੰਸਾਰੀ ਜੀਵ ਨਹੀਂ ਜਾਣ ਸਕਦਾ ਕਿਉਂਕਿ ਸਾਧੂਆਂ ਵਿਚ ਸੰਸਾਰੀਆਂ (Earthly) ਵਾਲੀ ਕੋਈ ਗੱਲ ਹੁੰਦੀ ਹੀ ਨਹੀਂ। ਲੋਕਾਂ ਦੀ ਵਡਿਆਈ ਆਮ ਤੌਰ ਤੇ ਤਿੰਨ ਗੁਣਾਂ ਕਰਕੇ ਹੀ ਹੁੰਦੀ ਹੈ : ਇਕ ਉਸ-ਪਾਸ ਧਨ ਕਿਤਨਾ ਹੈ। ਦੂਜਾ ਸੰਬੰਧੀ ਜਾਂ ਪਿੱਛੇ ਲਗਣ ਵਾਲੇ ਕਿਤਨੇ ਹਨ ਜਾਂ ਵਾਹ ਵਾਹ ਕਿਤਨੀ ਹੈ। ਇਹ ਸਭ ਮਿੱਤ ਵਿਚ ਹਨ ਤੇ ਸਾਧੂ ਦੀ ਸੋਭਾ ਮਿੱਤੋਂ ਬਾਹਰ ਹੋਣ ਕਾਰਨ ਨਹੀਂ ਕੀਤੀ ਜਾ ਸਕਦੀ। ਸਾਧੂ ਦੀ ਸਿਫ਼ਤ ਪ੍ਰਭੂ ਤੁਲ ਹੀ ਹੈ ਕਿਉਂਕਿ ਉਹ ਹੀ ਪ੍ਰਭੂ ਦੀ ਤਰ੍ਹਾਂ ਹਰ ਥਾਂ ਵਿਆਪਕ ਹੈ।

ਸਾਧੂ ਦੀ ਸ਼ੋਭਾ ਤਾਂ ਲਾਇੰਤਹਾ ਹੈ। ਕੀਤਿਆਂ ਕਦੇ ਮੁੱਕਦੀ ਨਹੀਂ ਅਤੇ ਇਸ ਦਾ ਹੱਦ ਬੰਨ੍ਹਾ ਵੀ ਕੋਈ ਨਹੀਂ। ਹੱਦ ਬੰਨਾ ਨਾ ਹੋਣ ਕਾਰਨ ਸਿਰਫ਼ ਇਹ ਹੀ ਕਹਿ ਸਕਦੇ ਹਾਂ ਕਿ ਉਸ ਦੀ ਸ਼ੋਭਾ ਉੱਚੀ ਤੋਂ ਵੀ ਉੱਚੀ ਹੈ, ਅਤੇ ਬਹੁਤ ਵੱਡੀ ਹੈ। ਮੋਟੀ ਜਿਹੀ ਗੱਲ ਇਹ ਹੈ ਕਿ ਸਾਧੂ ਦੀ ਉਪਮਾ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ। ਆਪ

 www.sikhbookclub.com

ਸਾਧੂ ਦੱਸੇ ਤਾਂ ਦੱਸੇ। ਉਸ ਨਿਮ੍ਰਤਾ ਕਾਰਨ ਦੱਸਣੀ ਨਹੀਂ ਅਤੇ ਕੋਈ ਹੋਰ ਦੱਸਣ ਤੋਂ ਅਸਮਰਥ ਹੈ। ਗੁਰੂ ਅਰਜਨ ਜੀ ਗੱਲ ਮੁਕਾਂਦੇ ਕਹਿੰਦੇ ਹਨ ਕਿ ਬੱਸ ਇਹ ਸਮਝ ਕਿ ਸਾਧੂ ਤੇ ਪ੍ਰਭੂ ਵਿਚ ਰਤਾ ਭਰ ਵੀ ਫ਼ਰਕ ਨਹੀਂ। ਇਤਨੀ ਮਹਿਮਾ ਹੈ ਸਾਧੂ ਤੇ ਸਾਧੂ ਦੇ ਸੰਗ ਦੀ।

**ਸ਼ਬਦ ਭਾਵ :**

ਜੇਤਾ ਸੁਨਹਿ ਤੇਤਾ

**ਬਖਿਆਨਹਿ :** ਵੇਦ ਤਾਂ ਨਿਰੋਲ ਸੁਣ ਕੇ ਹੀ ਲਿਖਦੇ ਹਨ। ਇਸ ਤੁਕ ਵਿਚ ਕਿਸ ਸਹਿਜ ਨਾਲ ਵੇਦਾਂ ਦੀ ਅਸਮਰਥਾ ਦਰਸਾ ਦਿੱਤੀ ਕਿ ਵੇਦ ਇਲਹਾਮੀ ਪੁਸਤਕਾਂ ਨਹੀਂ। ਇਹ ਗਿਆਨ-ਪੁਸਤਕਾਂ ਹੀ ਹਨ। ਇਹ ਵੇਦ ਅਨੁਭਵ ਤੋਂ ਨਹੀਂ, ਸੀਨਾ-ਬ-ਸੀਨਾ ਆਈਆਂ ਵਿਚਾਰਾਂ ਦਾ ਹੀ ਵੇਰਵਾ ਦੇ ਰਹੇ ਹਨ।

**ਤਿਹੁ ਗੁਣ :** ਗੁਣ ਰੱਸੀ ਨੂੰ ਕਹਿੰਦੇ ਹਨ ਜੋ ਮਿਤ ਵਿਚ ਹੋਵੇ ਉਹ ਹੀ ਗੁਣ ਹੈ। ਤਿਹ ਗੁਣ, ਜੋ ਤਿੰਨ ਗੁਣਾਂ ਵਿਚ ਹੈ। ਤਿੰਨ ਗੁਣ ਇਹ ਦੱਸੇ ਜਾਂਦੇ ਹਨ। ਵਿਤ, ਸੁਤ ਤੇ ਵਾਹ ਜਾਂ ਰਜੋ (ਚਾਂਦੀ, ਧਨ ਮਾਲ), ਤਮੋ (ਇੱਛਾ ਹਵਸ) ਤੇ ਸਤੋ (ਸ਼ਕਤੀ) ਇਹ ਸਭ ਸੰਸਾਰੀਆਂ ਦੇ ਗੁਣ ਹਨ। ਸਾਧੂ ਇਨ੍ਹਾਂ ਤਿੰਨਾਂ ਤੋਂ ਉਤਾਂਹ ਹੈ।

**ਭਰਪੂਰਿ :** ਹਰ ਥਾਂ ਵਿਆਪਕ ਪ੍ਰਭੂ।

**ਮੂਚ :** ਬਹੁਤੀ (Much)

**ਬਨਿ ਆਈ :** ਆਪ ਹੀ ਕੋਈ ਦੱਸੇ।

**ਭੇਦ :** ਫ਼ਰਕ।੮।੭।

---

## ਅਠਵੀਂ ਅਸ਼ਟਪਦੀ

***ਅਠਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਜਿਸ ਅੰਦਰ ਪੂਰਨ ਚਾਨਣਾ ਹੋ ਗਿਆ ਹੈ ਉਸ (ਬ੍ਰਹਮ ਗਿਆਨੀ) ਦਾ ਮਨ ਦੂਜੇ ਪਾਸੇ ਭਟਕਦਾ ਹੀ ਨਹੀਂ। ਬੋਲ ਉਸ ਦੇ ਅਮਲੀਅਤ ਭਰੇ ਹੁੰਦੇ ਹਨ ਅਤੇ ਹਰ ਇਕ ਵਿਚੋਂ ਵਾਹਿਗੁਰੂ ਨੂੰ ਤੱਕਦਾ ਹੈ। ਚਾਨਣ ਹੋਣ ਨਾਲ ਉਹ ਦੁਨੀਆਂ ਵਿਚ ਖੱਚਤ ਨਹੀਂ ਹੁੰਦਾ। ਪਾਪ ਉਸ ਦੇ ਨੇੜੇ ਨਹੀਂ ਆਉਂਦੇ। ਸ਼ਮਦ੍ਰਿਸ਼ਟੀ ਹੁੰਦੀ ਹੈ ਉਸ ਦੀ। ਧੀਰਜ ਦੀ ਉਹ ਮੂਰਤ ਹੁੰਦਾ ਹੈ। ਆਪਣਾ ਸੁਭਾਅ ਨਹੀਂ ਛੱਡਦਾ (ਸਹਿਜ ਸੁਭਾਉ) ਪਰ ਹੰਕਾਰ ਵੀ ਨਹੀਂ ਹੁੰਦਾ, ਨਿਮ੍ਰਤਾ ਦੀ ਮੂਰਤ ਹੁੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਸਭ ਕੁਝ ਰਹਿਮਤ ਨਾਲ ਮਿਲਿਆ ਹੈ। ਆਪੇ ਵਿਚ ਮਸਤ ਵੀ ਨਹੀਂ ਹੁੰਦਾ। ਸੇਵਾ ਤੇ ਸਚਾਈ ਦੇ ਕੰਮਾਂ ਵਿਚ ਜੁਟਿਆ ਰਹਿੰਦਾ ਹੈ। ਉਸਦੀ ਤੱਕਣੀ ਵਿਚ ਹੀ ਅਗਲੇ ਨੂੰ ਸੁੱਖ ਮਿਲਦਾ ਹੈ, ਕਰਮ ਕਾਂਡਾਂ ਤੋਂ ਉੱਚਾ ਹੁੰਦਾ ਹੈ। ਵਰ ਸਰਾਪਾਂ ਵਿਚ ਨ ਪੈਣ ਕਾਰਨ ਸ਼ਾਂਤ ਚਿੱਤ

 www.sikhbookclub.com

ਹੁੰਦਾ ਹੈ। ਉਸ ਦਾ ਖ਼ਿਆਲ ਪ੍ਰਭੂ ਤੇ ਹੀ ਕੇਂਦਰਿਤ ਰਹਿੰਦਾ ਹੈ। ਵਾਧੂ ਖਿਲਾਰੇ (ਧੰਦਾ) ਨਹੀਂ ਪਾਉਂਦਾ। ਕਿਰਤੀ ਹੁੰਦਾ ਹੈ। ਆਪੇ ਤੇ ਪੂਰਾ ਕਾਬੂ ਹੁੰਦਾ ਹੈ ਭਾਵੇਂ ਇਹ ਵਿਚਰਦਾ ਸੰਸਾਰ ਵਿਚ ਹੈ ਪਰ ਕੋਈ ਉਸ ਤੇ ਪ੍ਰਭਾਵ ਨਹੀਂ ਪਾ ਸਕਦਾ। ਬੜਾ ਚੇਤੰਨ ਹੁੰਦਾ ਹੈ। ਹੰਕਾਰ ਦਾ ਦਾਅ ਨਹੀਂ ਪੈਣ ਦੇਂਦਾ। ਉਸ ਅੰਦਰ ਹੀ ਖ਼ੁਸ਼ੀ ਦਾ ਸੋਮਾ ਫੁੱਟ ਪੈਂਦਾ ਹੈ। ਉਤਸ਼ਾਹ ਸਦਾ ਬਣਿਆ ਰਹਿੰਦਾ ਹੈ।

ਬੇਫ਼ਿਕਰੀ ਰਹਿੰਦੀ ਹੈ। ਮਕਸਦ ਸਾਫ਼ (ਨਿਰਮਲ ਮੰਤ) ਹੁੰਦਾ ਹੈ। ਸਭ ਕੁਝ ਪ੍ਰਭੂ ਪ੍ਰਾਇਨ ਕੀਤੇ ਕਾਰਨ ਕਦੀ ਡੋਲਨਾ ਨਹੀਂ ਹੁੰਦੀ। ਐਸਿਆਂ ਦੀ ਬਹਿਣੀ ਹੀ ਹਰ ਇਕ ਨੂੰ ਬੈਠਣਾ ਚਾਹੀਦਾ ਹੈ। ਬ੍ਰਹਮ ਗਿਆਨੀ ਦੀ ਉਪਮਾ ਕੋਈ ਕਰ ਹੀ ਨਹੀਂ ਸਕਦਾ ਕਿਉਂਕਿ ਬ੍ਰਹਮ ਗਿਆਨੀ ਪ੍ਰਭੂ ਦਾ ਰੂਪ ਹੀ ਹੈ।

**ਸਲੋਕੁ ॥**

**ਮਨਿ ਸਾਚਾ ਮੁਖਿ ਸਾਚਾ ਸੋਇ ॥**
**ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥**
**ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ੧ ॥**

**ਵਿਸਥਾਰ**

ਜਿਸ ਨੂੰ ਪ੍ਰਭੂ ਦਾ ਪੂਰਾ ਗਿਆਨ ਹੋ ਜਾਏ, ਅੰਦਰ ਪੂਰਾ ਚਾਨਣਾ ਹੋ ਜਾਏ ਉਸ ਦੀਆਂ ਵਡਿਆਈਆਂ ਤਿੰਨ ਨਿਸ਼ਾਨੀਆਂ ਇਹ ਹਨ ਕਿ ਉਸ ਦਾ ਮਨ ਬਾਹਰ ਨਹੀਂ ਨੱਸਦਾ, ਅੰਦਰ ਹੀ ਟਿਕਿਆ ਰਹਿੰਦਾ ਹੈ (ਮਨਿ ਸਾਚਾ) ਤੇ ਬੋਲ ਉਸ ਦੇ ਪੁੱਖਤਾ ਹੋ ਜਾਂਦੇ ਹਨ। ਹਰ ਬੋਲਿਆ ਸ਼ਬਦ ਅਟਲ ਸਚਾਈ ਪ੍ਰਗਟ ਕਰਦਾ ਹੈ ਅਤੇ ਪ੍ਰਭੂ ਨੂੰ ਹਰ ਇਕ ਵਿਚ ਦੇਖਦਾ ਹੈ। ਪ੍ਰਭੂ ਤੋਂ ਸਿਵਾ ਉਸ ਨੂੰ ਹੋਰ ਕੁਝ ਨਜ਼ਰੀਂ ਨਹੀਂ ਆਉਂਦਾ। ਇਨ੍ਹਾਂ ਤਿੰਨਾਂ ਸੱਮਿਆਂ ਤੋਂ ਹੋਰ ਅਨੇਕਾਂ ਗੁਣ ਬ੍ਰਹਮ ਗਿਆਨੀ ਦੇ ਚਸ਼ਮੇ ਵਿਚੋਂ ਦਰਿਆਵਾਂ ਵਾਂਗ ਨਿਕਲਦੇ ਹਨ ਜਿਨ੍ਹਾਂ ਦਾ ਵਰਨਣ ਅਸ਼ਟਪਦੀ ਵਿਚ ਗੁਰੂ ਅਰਜਨ ਜੀ ਕਰਦੇ ਹਨ।

**ਸ਼ਬਦ ਭਾਵ :**

**ਮਨਿ** : ਮਨ ਅੰਦਰ।

**ਮੁਖਿ** : ਮੁਖ ਤੇ।

**ਸਾਚਾ** : ਪ੍ਰਭੂ ਦੀ ਹੋਂਦ। ਪੁੱਖਤਾ ਬਾਤ।

**ਅਵਰੁ** : ਹੋਰ।

**ਲਛਣ** : ਨਿਸ਼ਾਨੀਆਂ।

**ਬ੍ਰਹਮ ਗਿਆਨੀ** : ਜਿਸ ਅੰਦਰ ਪੂਰਨ ਤੌਰ ਤੇ ਚਾਨਣ ਹੋ ਜਾਵੇ ਕਿ ਉਸ ਤੋਂ ਬਗੈਰ ਸਭ ਕੁਝ ਨਾਸ਼ਵੰਤ ਹੈ। (Fully Realized Person). ੧.

**ਪਹਿਲੀ ਪਉੜੀ**

**ਬ੍ਰਹਮ ਗਿਆਨੀ ਸਦਾ ਨਿਰਲੇਪ ॥**
**ਜੈਸੇ ਜਲ ਮਹਿ ਕਮਲ ਅਲੇਪ ॥**

 www.sikhbookclub.com

ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥

ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥

ਬ੍ਰਹਮਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ੧ ॥

**ਵਿਸਥਾਰ**

ਪਹਿਲੀ ਪਉੜੀ ਵਿਚ ਦੱਸਦੇ ਹਨ ਕਿ ਬ੍ਰਹਮ ਗਿਆਨੀ ਹੈ ਤਾਂ ਸੰਸਾਰੀ ਜੀਉੜਾ ਪਰ ਉਸ ਵਿਚ ਦੁਨਿਆਵੀ ਕੋਈ ਗੱਲ ਨਹੀਂ ਹੁੰਦੀ। ਉਹ ਵਿਚਰਦਾ ਜ਼ਰੂਰ ਜਗਤ ਵਿਚ ਹੈ ਪਰ ਉਸ ਨੂੰ ਵਿਸ਼ੇ-ਵਿਕਾਰ ਛੁਹ ਤੱਕ ਨਹੀਂ ਸਕਦੇ। ਜਿਵੇਂ ਕਮਲ ਚਿੱਕੜ ਭਰੇ ਜਲ ਵਿਚ ਹੁੰਦਾ ਹੈ ਪਰ ਕੰਵਲ ਨੂੰ ਹਰ ਕੋਈ ਉੱਚਾ ਬੇਦਾਗ ਸਿਰ ਉਠਾਈ ਪਾਣੀ ਤੇ ਦੇਖ ਸਕਦਾ ਹੈ। ਇਵੇਂ ਬ੍ਰਹਮ ਗਿਆਨੀ ਉਤੇ ਜਗਤ ਦੀ ਕਿਸੇ ਸ਼ੈ ਦਾ ਪ੍ਰਭਾਵ ਨਹੀਂ ਪੈਂਦਾ। ਜਿਸ ਅੰਦਰ ਪੂਰਨ ਚਾਨਣ ਹੋ ਗਿਆ ਹੁੰਦਾ ਹੈ ਉਸ ਵਿਚ ਸਾੜੇ ਵਾਲਾ ਔਗੁਣ ਨਹੀਂ ਹੁੰਦਾ। ਉਸ ਨੇ ਸੱਚ ਦੀਆਂ ਕਿਰਨਾਂ ਨਾਲ ਸਭ ਅੰਦਰਲੇ ਹੁੰਮਸ ਮੁਕਾ ਦਿੱਤੇ ਹੁੰਦੇ ਹਨ। ਕਾਹਲ, ਈਰਖਾ, ਸਾੜਾ ਜਾਂ ਹੋਰ ਵੈਰ-ਵਿਰੋਧ ਉਸੇ ਵੇਲੇ ਉਠਦੇ ਹਨ, ਜਦ ਅੰਦਰ ਤ੍ਰਿਸ਼ਨਾ ਦਾ ਹੁੰਮਸ ਹੋਵੇ। ਜਿਵੇਂ ਸੂਰਜ ਦੀਆਂ ਕਿਰਨਾਂ ਲਗਾਤਾਰ ਪੈਣ ਨਾਲ ਕੋਈ ਕੀੜਾ ਮਕੌੜਾ ਨਹੀਂ ਪਲ੍ਹਰਦਾ, ਤਿਵੇਂ ਬ੍ਰਹਮ ਗਿਆਨੀ ਦੇ ਅੰਦਰ ਸੂਰਜ ਵਤ ਚਾਨਣ ਹੋਣ ਕਾਰਨ ਮੰਦਾ ਮਾੜਾ ਖ਼ਿਆਲ ਤੱਕ ਨਹੀਂ ਉਪਜਦਾ। ਪੂਰਨ ਚਾਨਣ ਹੋਣ ਕਾਰਨ ਉਸ ਦੀ ਦ੍ਰਿਸ਼ਟੀ ਵਿਚ ਕੋਈ ਮਾੜਾ ਚੰਗਾ ਨਹੀਂ ਰਹਿੰਦਾ। ਅੰਦਰ ਠੰਢੀ ਪਵਨ ਝੁਲਦੀ ਰਹਿੰਦੀ ਹੈ ਅਤੇ ਝੁਲਦੀ ਪਵਨ ਕਦੀ ਕਿਸੇ ਨਾਲ ਵਿਤਕਰਾ ਨਹੀਂ ਕਰਦੀ। ਭਾਵੇਂ ਰਾਜਾ ਹੈ, ਭਾਵੇਂ ਰੰਕ, ਹਵਾ ਇਕੋ ਜਿਹੀ ਠੰਢਕ ਪਹੁੰਚਾਂਦੀ ਹੈ। ਬ੍ਰਹਮ ਗਿਆਨੀ ਦੇ ਨੇੜੇ ਆਉਣ ਨਾਲ ਹਰ ਇਕ ਨੂੰ ਇਕੋ ਜਿਹੀ ਠੰਢ ਮਿਲਦੀ ਹੈ। ਬ੍ਰਹਮ ਗਿਆਨੀ ਦਾ ਇਕ ਹੋਰ ਵੱਡਾ ਗੁਣ ਹੈ ਕਿ ਗਹਿਰ ਗੰਭੀਰ ਹੁੰਦਾ ਹੈ, ਧਰਤੀ ਜਿਤਨਾ ਧੀਰਜ ਉਸ ਵਿਚ ਹੁੰਦਾ ਹੈ। ਖ਼ਿਮਾ ਉਸ ਨੇ ਧਾਰੀ ਹੁੰਦੀ ਹੈ। ਉਪਮਾ ਜਾਂ ਨਿੰਦਾ ਦਾ ਅਸਰ ਉਸ ਤੇ ਨਹੀਂ ਹੁੰਦਾ। ਜਿਵੇਂ ਧਰਤੀ ਨੂੰ ਕੋਈ ਪੁੱਟੀ ਜਾਏ ਜਾਂ ਉੱਤੇ ਚੰਦਨ ਦਾ ਪੋਚਾ ਕਰੀ ਜਾਏ ਧਰਤੀ ਨੇ ਫੁੱਲ ਆਫਰ ਨਹੀਂ ਜਾਣਾ ਜਾਂ ਨਿੰਮੋਝੂਣਾ ਨਹੀਂ ਹੋਣਾ। ਬ੍ਰਹਮ ਗਿਆਨੀ ਵੀ ਧਰਤੀ ਨਿਆਈਂ ਹੁੰਦਾ ਹੈ। ਬਾਹਰਲੇ ਪ੍ਰਭਾਵਾਂ ਤੋਂ ਉੱਚਾ। ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਕ ਗੁਣ ਇਹ ਹੈ ਬ੍ਰਹਮ ਗਿਆਨੀ ਦਾ ਕਿ ਬਲਦੀ ਅੱਗ ਵਾਂਗ ਆਪਣਾ ਬਣਿਆ ਸੁਭਾਉ ਕਦੇ ਨਹੀਂ ਛੱਡਦਾ। ਅਗਨੀ ਪਾਸ ਕੋਈ ਜਾਏ ਨਿੱਘ ਮਿਲੇਗੀ। ਹੱਥ ਪਾਵੇ ਤਾਂ ਸਾੜ ਸੁੱਟੇਗੀ। ਬ੍ਰਹਮ ਗਿਆਨੀ ਪਾਸ ਕੋਈ ਜਾਏ ਉਸਨੂੰ ਆਤਮਿਕ ਰੌਸ਼ਨੀ ਮਿਲੇਗੀ ਪਰ ਜੇ ਝੂਠੇ ਉਸ ਪਾਸ ਆਉਣਗੇ ਤਾਂ ਉਹ ਸੜ ਸੁਆਹ ਹੋ ਜਾਣਗੇ। ਬ੍ਰਹਮ ਗਿਆਨੀ ਇਕ ਬਲਦੀ ਮਸ਼ਾਲ ਹੈ। ੧।

 www.sikhbookclub.com

**ਸ਼ਬਦ ਭਾਵ :**

**ਨਿਰਲੇਪ :** ਸਾਫ਼, ਸੁਅੱਛ । ਸਫ਼ਾਫ਼ । (Untouched, Immaculate)

**ਅਲੇਪ :** ਦਾਗ ਬਿਨਾਂ, ਨਾ ਲਿਬੜਿਆ ਹੋਇਆ । (Without Stigma)

**ਨਿਰਦੋਖ :** ਸਾੜੇ ਦੇ ਦੁੱਖ ਤੋਂ ਰਹਿਤ । (Free from pain of Jealousy)

**ਸੋਖ :** ਸੁਕਾ ਦੇਂਦਾ ਹੈ (ਹੁੰਮਸ) । ਹੁੰਮਸ (Humidity) ਕਾਰਨ ਹੀ ਕਾਹਲ ਪੈਂਦੀ ਹੈ, ਕੀੜੇ ਮਕੌੜੇ ਉਪਜ ਖਲੋਂਦੇ ਹਨ । ਇਸੇ ਤਰ੍ਹਾਂ ਤ੍ਰਿਸ਼ਨਾ ਦੇ ਹੁੰਮਸ ਕਾਰਨ ਹੀ ਸਭ ਦੁੱਖ, ਈਰਖਾ ਸਾੜਾ ਪੈਦਾ ਹੁੰਦਾ ਹੈ । ਜਦ ਈਰਖਾ ਜਲ ਹੀ ਸੁੱਕ ਜਾਵੇ ਤਾਂ ਉਥੇ ਦੁੱਖ ਕਿਥੋਂ ਉਪਜਦੇ ਹਨ ।

**ਧੀਰਜੁ ਏਕ :** ਬਰਾਬਰ ਸਬਰ । ਸਦਾ ਇਕੋ ਜਿਹਾ । (Uniformity in patience)

**ਬਸੁਧਾ :** ਧਰਤੀ ।

**ਲੇਪ :** ਪੋਚਾ ।

**ਸਹਜ ਸੁਭਾਉ :** ਪੱਕਾ ਮਿਜ਼ਾਜ । ਕੁਦਰਤੀ ਸੁਭਾਉ । ਇਕ ਵਰਤਾਉ । (Same temper)

**ਪਾਵਕ ਕਾ :** ਅਗਨੀ ਦਾ । ਅਗਨੀ ਦਾ ਬਣਿਆ ਸੁਭਾ ਹੈ ਕਿ ਉਹ ਨਿੱਘ ਦੇਵੇਗੀ, ਚਾਨਣ ਖਿਲਾਰੇਗੀ ਤੇ ਜਲਾਏਗੀ । ੧ ।

SIKHBOOKCLUB.COM

## ਦੂਜੀ ਪਉੜੀ

**ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ ॥**
**ਜੈਸੇ ਮੈਲੁ ਨ ਲਾਗੈ ਜਲਾ ॥**
**ਬ੍ਰਹਮਗਿਆਨੀ ਕੈ ਮਨਿ ਹੋਇ ਪ੍ਰਗਾਸੁ ॥**
**ਜੈਸੇ ਧਰ ਊਪਰਿ ਆਕਾਸੁ ॥**
**ਬ੍ਰਹਮਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥**
**ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥**
**ਬ੍ਰਹਮਗਿਆਨੀ ਊਚ ਤੇ ਊਚਾ ॥**
**ਮਨ ਅਪਨੈ ਹੈ ਸਭ ਤੇ ਨੀਚਾ ॥**
**ਬ੍ਰਹਮਗਿਆਨੀ ਸੇ ਜਨ ਭਏ ॥**
**ਨਾਨਕ ਜਿਨ ਪ੍ਰਭੁ ਆਪਿ ਕਰੇਇ ॥ ੨ ॥**

**ਵਿਸਥਾਰ**

ਜਿਸ ਨੂੰ ਇਹ ਗਿਆਨ ਹੋ ਗਿਆ ਹੈ ਕਿ ਸਭ ਉਸ ਪ੍ਰਭੂ ਦਾ ਪਸਾਰਾ ਹੈ, ਉਸ ਦਾ ਜੀਵਨ ਅਤਿ ਸੁਅੱਛ ਹੁੰਦਾ ਹੈ । ਇਤਨਾ ਜਿਤਨਾ ਜਲ । ਜਲ ਅੰਦਰ ਕਦੇ ਮੈਲ ਨਹੀਂ ਟਿਕਦੀ । ਤਿਵੇਂ ਬ੍ਰਹਮ ਗਿਆਨੀ ਸੰਸਾਰ ਵਿਚ ਵਿਚਰਦੇ ਵੀ ਮਲ-ਰਹਿਤ ਹੁੰਦਾ ਹੈ । ਸੀਤਲ ਹੁੰਦਾ ਹੈ । ਬ੍ਰਹਮ ਗਿਆਨੀ ਅੰਦਰ ਇਤਨਾ ਅਮੁੱਕ ਤੇ ਅਥਾਹ ਚਾਨਣ ਹੁੰਦਾ ਹੈ ਜਿਤਨਾ ਧਰਤੀ ਤੇ ਆਕਾਸ਼ ਦੀ ਆਭਾ ਹੁੰਦੀ ਹੈ । ਆਕਾਸ਼ ਦੀ ਰੌਸ਼ਨੀ ਧਰਤੀ ਨੂੰ ਹਰ ਸਮੇਂ ਘੇਰੀ ਰਖਦੀ ਹੈ । ਬ੍ਰਹਮ

 www.sikhbookclub.com

ਗਿਆਨੀ ਦੋਸਤ ਦੁਸ਼ਮਨ ਦੀ ਭਾਵਨਾ ਤੋਂ ਉੱਚਾ ਹੋ ਜਾਂਦਾ ਹੈ। ਇਹ ਵੈਰੀ ਮਿਤ੍ਰ ਦੀ ਦ੍ਰਿਸ਼ਟੀ ਅੰਦਰਲੀ ਹਉਮੈ ਕਰਕੇ ਹੀ ਪੈਦਾ ਹੁੰਦੀ ਹੈ ਅਤੇ ਬ੍ਰਹਮ ਗਿਆਨੀ ਵਿਚ ਅੰਦਰਲੀ ਹਉਮੈ (ਅਭਿਮਾਨ) ਨ ਹੋਣ ਕਰਕੇ ਦ੍ਰਿਸ਼ਟੀ ਵਿਚ ਸਮਾਨਤਾ ਆ ਜਾਂਦੀ ਹੈ। ਬ੍ਰਹਮ ਗਿਆਨੀ ਨਿਰਮਲ ਤੇ ਨਿਰਵੈਰ ਹੋਣ ਕਾਰਨ ਉੱਚੇ ਤੋਂ ਉੱਚਾ ਹੈ, ਇਤਨਾ ਉੱਚਾ ਹੋਣ ਦੇ ਬਾਵਜੂਦ ਹਉਮੈ ਦਾ ਦਾਅ ਨਹੀਂ ਖਾਂਦਾ। ਨਿਮ੍ਰਤਾ ਵਿਚ ਵਿਚਰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਬ੍ਰਹਮ ਗਿਆਨੀ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਉਹ ਕਿਸੇ ਆਪਣੀ ਕਰਨੀ ਕਰਕੇ ਇਸ ਉਚਾਈ ਨੂੰ ਨਹੀਂ ਪੁੱਜਾ। ਇਹ ਤਾਂ ਸੇਵਕ (ਜਨ) ਉਤੇ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਪਈ ਕਿ ਇਤਨੀ ਉਚਾਈ ਮਿਲੀ। ੨।

**ਸ਼ਬਦ ਭਾਵ :**

**ਮੈਲੁ ਨ ਲਾਗੈ**

**ਜਲਾ** : ਪਾਣੀ ਕੋਈ ਮੈਲ ਸਵੀਕਾਰ ਨਹੀਂ ਕਰਦਾ। ਪਾਣੀ ਅੰਦਰ ਐਸੀ ਸ਼ਕਤੀ ਹੁੰਦੀ ਹੈ ਕਿ ਜੇ ਰਤਾ ਕੁ ਟਿਕਾ ਕੇ ਰੱਖੀਏ ਤਾਂ ਮੈਲ ਅਲਹਿਦਾ ਹੋ ਜਾਂਦੀ ਹੈ। ਬ੍ਰਹਮ ਗਿਆਨੀ ਦੇ ਹਿਰਦੇ ਦੇ ਟਿਕਾਉ ਅਗੇ ਕੋਈ ਕਾਮਾਦਿਕ ਪਾਪ ਕਾਇਮ ਨਹੀਂ ਰਹਿ ਸਕਦੇ।

**ਪ੍ਰਗਾਸੁ** : ਗਿਆਨ, ਚਾਨਣਾ। (Illumined)

**ਅਭਿਮਾਨ** : ਅੰਦਰਲਾ ਹੰਕਾਰ।

SIKHBOOKCLUB.COM

**ਜਨ** : ਸੇਵਕ। ੨।

**ਤੀਜੀ ਪਉੜੀ**

**ਬ੍ਰਹਮਗਿਆਨੀ ਸਗਲ ਕੀ ਰੀਨਾ ॥**
**ਆਤਮ ਰਸੁ ਬ੍ਰਹਮਗਿਆਨੀ ਚੀਨਾ ॥**
**ਬ੍ਰਹਮਗਿਆਨੀ ਕੀ ਸਭ ਊਪਰਿ ਮਇਆ ॥**
**ਬ੍ਰਹਮਗਿਆਨੀ ਤੇ ਕਛੁ ਬੁਰਾ ਨ ਭਇਆ ॥**
**ਬ੍ਰਹਮਗਿਆਨੀ ਸਦਾ ਸਮਦਰਸੀ ॥**
**ਬ੍ਰਹਮਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥**
**ਬ੍ਰਹਮਗਿਆਨੀ ਬੰਧਨ ਤੇ ਮੁਕਤਾ ॥**
**ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥**
**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥**
**ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ ੩ ॥**

**ਵਿਸਥਾਰ**

ਪਹਿਲੀਆਂ ਦੋ ਪਉੜੀਆਂ ਵਿਚ ਬ੍ਰਹਮ ਗਿਆਨੀ ਦੇ ਸੁਭਾਅ, ਸ਼ਖਸੀਅਤ, ਵਤੀਰੇ ਬਾਰੇ ਦੱਸਿਆ ਸੀ, ਹੁਣ ਬ੍ਰਹਮ ਗਿਆਨੀ ਦਾ ਕਰਤੱਵ ਦੱਸਦੇ ਹਨ।

ਬ੍ਰਹਮ ਗਿਆਨੀ ਪੂਰਨ ਨਿਮ੍ਰਤਾ ਦਾ ਧਾਰਨੀ ਹੁੰਦਾ ਹੈ। ਕਿਉਂਕਿ ਉਸ ਨੇ ਉਸ

ਅਲੌਕਿਕ ਰਸ ਨੂੰ ਮਾਣ ਲਿਆ ਹੁੰਦਾ ਹੈ ਜੋ ਅੰਦਰ ਟਿਕਣ ਨਾਲ ਮਿਲਦਾ ਹੈ। ਹੰਕਾਰ ਦੇ ਬੋਲ ਉਹ ਹੀ ਬੋਲਦਾ ਹੈ ਜਿਸ ਨੂੰ ਆਪਣੀ ਪਛਾਣ ਨ ਹੋਵੇ। ਆਪਣੀ ਹਸਤੀ ਪਛਾਣ ਲੈਣ ਵਾਲਾ ਨਿਮ੍ਰਤਾ ਵਿਚ ਰਵ੍ਹੇਗਾ। ਬ੍ਰਹਮ ਗਿਆਨੀ ਦਾ ਹਰ ਇਕ ਭਲਾ ਹੀ ਸੋਚੇਗਾ। ਉਸ ਹਥੋਂ ਕਿਸੇ ਦਾ ਬਚ ਕਰਮ ਕਰਕੇ ਵੀ ਬੁਰਾ ਨਹੀਂ ਹੋਣ ਲੱਗਾ। ਐਸੀ ਦ੍ਰਿਸ਼ਟੀ ਬ੍ਰਹਮ ਗਿਆਨੀ ਨੂੰ ਮਿਲ ਜਾਂਦੀ ਹੈ ਕਿ ਅੰਦਰ ਹਰ ਵੇਲੇ 'ਆਤਮ-ਰਸ' ਪੀਣ ਕਾਰਨ ਕਰਨੀ ਸ਼ੁਭ ਹੋ ਜਾਂਦੀ ਹੈ ਅਤੇ ਦ੍ਰਿਸ਼ਟੀ ਵੀ ਸੁੱਖ ਪਹੁੰਚਾਣ ਵਾਲੀ ਹੁੰਦੀ ਹੈ।

ਪੂਰਨ ਚਾਨਣ ਪਾ ਜਾਣ ਕਾਰਨ ਸਭ ਜਕੜਾਂ ਤੋਂ ਆਜ਼ਾਦ ਹੋ ਜਾਂਦਾ ਹੈ। ਕੋਈ ਸ਼ੈ ਉਸ ਨੂੰ ਭਰਮਾ ਨਹੀਂ ਸਕਦੀ। ਉਸ ਦੀ ਰਹਿਣੀ ਪਵਿਤ੍ਰ ਹੁੰਦੀ ਹੈ। ਖੋਹਾ ਖਾਹੀ ਵਾਲਾ ਸੁਭਾਅ ਨ ਹੋਣ ਕਾਰਨ ਕਰਨੀ ਸ਼ੁੱਧ ਹੁੰਦੀ ਹੈ। ਵਤੀਰਾ ਕਦੇ ਕੋਝਾ ਨਾ ਹੋ ਜਾਏ ਇਸ ਲਈ ਉਹ ਗਿਆਨ ਗ੍ਰਹਿਣ ਕਰਦਾ ਰਹਿੰਦਾ ਹੈ। ਗੁਰੂ ਅਰਜਨ ਜੀ ਕਹਿੰਦੇ ਹਨ ਕਿ ਧਿਆਨ ਵਿਚੋਂ ਕਦੇ ਪ੍ਰਭੂ ਲਾਂਭੇ ਨ ਜਾਏ ਅਤੇ ਆਪਣੀ ਦ੍ਰਿਸ਼ਟੀ, ਕਰਨੀ ਤੇ ਵਤੀਰਾ ਸਵੱਛ ਰੱਖਣ ਲਈ ਗਿਆਨ ਵਿਚ ਵਾਧਾ ਕਰਦਾ ਰਹਿੰਦਾ ਹੈ ਤੇ ਧਿਆਨ ਨੂੰ ਕਾਇਮ ਰੱਖਣ ਲਈ ਸਿਮਰਨ ਟੁੱਟਣ ਨਹੀਂ ਦੇਂਦਾ। ੩।

**ਸ਼ਬਦ ਭਾਵ :**

**ਰੀਨਾ** : ਧੂੜ। ਨਿਮ੍ਰਤਾ ਦਾ ਚਿੰਨ੍ਹ। (Sign of humility)

**ਆਤਮ ਰਸੁ** : ਅੰਦਰ ਮਨ ਨੂੰ ਟਿਕਾਉਣ ਪਿਛੋਂ ਜੋ ਰਸ ਮਿਲਦਾ ਹੈ। (Spiritual joy)

**ਚੀਨਾ** : ਤੱਕਣਾ। ਮਾਨਣਾ। ਅਨੁਭਵ ਕਰਨਾ। (Experienced)

**ਮਇਆ** : ਕ੍ਰਿਪਾ। ਭਲਾ।

**ਦ੍ਰਿਸ਼ਟਿ** : ਤੱਕਣੀ। (Sight)

**ਬੰਧਨ** : ਪਕੜਾਂ। ਵਿਚਾਰਵਾਨਾਂ ਨੇ ਨੌ ਪਕੜਾਂ ਗਿਣੀਆਂ ਹਨ। ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ ਵੱਖ ਵੱਖ ਬੰਧਨਾਂ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ **ਪਹਿਲਾ** ਬੰਧਨੁ : **ਮਾਤ ਪਿਤਾ** ਦਾ ਹੈ। ਦੂਜਾ : **ਸੰਤਾਨ ਤੇ ਸੁਪਤਨੀ** ਦਾ। ਤੀਜੇ : ਉਹ ਕਰਮ ਤੇ ਧਰਮ ਜੋ ਹਉ ਅਧੀਨ ਕੀਤੇ ਜਾਂਦੇ ਹਨ। **ਬੰਧਨ, ਧਰਮ ਹਉ ਕੀਆ। ਚੌਥਾ ਬੰਧਨ : 'ਮਨ'** ਹੈ। ਜੋ ਭਟਕਦਾ ਹੀ ਰਹਿੰਦਾ ਹੈ। ਪੰਜਵਾ : ਧਰਤੀ ਦੀ ਪਕੜ ਹੈ। **'ਬੰਧਨ ਕਿਰਖੀ ਕਰਹਿ ਕਿਰਸਾਨ'**। ਛੇਵਾਂ : ਕੋਈ ਵਪਾਰ ਜੋ ਬਗੈਰ ਸਮਝੇ ਕਰ ਦਿਤਾ ਜਾਏ।

**'ਬੰਧਨ ਸਉਦਾ ਅਣਵੀਚਾਰੀ ।'**

**ਸਤਵਾਂ** : ਮਾਇਆ ਇਕੱਠਾ ਕਰਨ ਦੀ ਰੁਚੀ ਹੈ ਕਿਉਂਕਿ ਹਰ ਸਮੇਂ ਇਹ ਹੀ ਖ਼ਤਰਾ ਖਾਈ ਜਾਂਦਾ ਹੈ ਕਿ ਪ੍ਰਾਪਤ ਮਾਇਆ ਹਥੋਂ ਹੀ ਨ ਖਿਸਕ ਜਾਏ।

**ਅਠਵਾਂ** : ਆਪਣੇ ਆਪ ਨੂੰ ਗਿਆਨ ਦਾ ਗਿਆਤਾ ਤੇ ਵਿਖਿਆਤਾ ਸਮਝਣ ਦੇ ਅਹੰਕਾਰ ਵਿਚ ਫਿਰਦੇ ਰਹਿਣਾ ਹੈ। **'ਬੰਧਨ ਬੇਦ ਬਾਦ ਅਹੰਕਾਰ'**।

 www.sikhbookclub.com

ਨੌਵਾਂ : ਵਿਕਾਰੀ ਰੁਚੀ ਹੈ। ਬੰਧਨ ਉਸੇ ਦੇ ਹੀ ਟੁਟਦੇ ਹਨ ਜੋ ਗੁਰੂ ਦੀ ਸਰਣ ਚਲਾ ਜਾਏ ਅਤੇ ਅੰਦਰ ਚਾਨਣ ਕਰ ਲਵੇ।

**ਨਾਨਕ ਰਾਮ ਨਾਮ ਸਰਣਾਈ।**
**ਸਤਿਗੁਰ ਰਾਖੇ ਬੰਧੁ ਨ ਪਾਈ।**

'ਮੁਕਤ ਬਿਬੇਕ' ਪੁਸਤਕ ਦੇ ਕਰਤਾ ਨੇ ਬੰਧਨਾਂ ਨੂੰ ਇਨ੍ਹਾਂ ਸਿਰਲੇਖਾਂ ਹੇਠਾਂ ਲਿਖਿਆ ਹੈ :

(੧) **ਅਵਿਦਯਾ** (ਸਵੈ ਸਰੂਪ ਦੀ ਅਗਿਆਨਤਾ)

(੨) **ਜੀਵ ਭਾਵ** (ਆਤਮ ਦੀ ਸਾਰ ਨਾ ਹੋਣਾ।)

(੩) **ਹਿਰਦੇ ਦੀ ਗੰਢ** ਜੋ ਹਉਮੈ ਕਰ ਪੀਡੀ ਹੁੰਦੀ ਹੈ। 'ਹਉ ਹਉ ਕਰਤ ਬੰਧਨ ਮਹਿ ਪਰਿਆ'।

(੪) **ਸ਼ੰਕਾ**। ਗਿਆਨ ਦੀਆਂ ਗੱਲਾਂ ਸੁਣ ਕੇ ਸ਼ੰਕਾ ਵਧੀ ਜਾਣਾ। ਜਿਵੇਂ ਇਹ ਵਿਚਾਰ ਉਠ ਖਲੋਣੀ ਕਿ ਆਤਮ ਹੈ ਜਾਂ ਅਕਰਤਾ ਜਾਂ ਸਾਖੀ ਰੂਪ। 'ਕਰਮ ਅਕਰਮ ਬੀਚਾਰੀਐ ਸ਼ੰਕਾ ਸੁਨ ਬੇਦ ਪੁਰਾਨ।'

(੫) **ਕਰਮ** : ਕੋਟ ਕਰਮ ਬੰਧਨ ਕਾ ਮੂਲੁ।

(੬) **ਕਾਮਨਾ** : ਆਸਾ ਹੋਵੇ ਤਾਂ ਅੰਦੇਸ਼ਾ ਖੜਾ ਹੋ ਜਾਂਦਾ ਹੈ ਕਿ ਪੂਰੀ ਹੁੰਦੀ ਹੈ ਕਿ ਨਹੀਂ। ਇਥੋਂ ਤਕ ਕਿ ਬੈਕੁੰਠ ਦੀ ਆਸ ਵੀ ਬੰਧਨ ਹੈ।

**ਜਬ ਲਗਿ ਮਨਿ ਬੈਕੁੰਠ ਕੀ ਆਸ ॥**
**ਤਬ ਲਗੁ ਹੋਇ ਨ ਚਰਨ ਨਿਵਾਸ ॥**

(੭) **ਜਨਮ** : **ਕਈ ਜਨਮ ਭਏ ਕੀਟ ਪਤੰਗਾ।**
**ਕਈ ਜਨਮ ਗਜ ਮੀਨ ਕੁਰੰਗਾ।**

(੮) ਮਰਣ।

(੯) ਸਰੀਰ ਰੂਪੀ ਬੰਧਨ। ਹਰ ਗਲ ਸਰੀਰ ਲਈ ਹੀ ਸੋਚੀ ਜਾਣੀ।

**ਨਿਰਮਲ**

**ਜੁਗਤਾ** : ਸ਼ੁੱਧ ਸੁਭਾਉ।

**ਭੋਜਨੁ** : ਖੁਰਾਕ, ਜ਼ਰੂਰੀ ਅੰਗ। (Essential)

**ਬ੍ਰਹਮ ਧਿਆਨੁ** : ਪ੍ਰਭੂ ਦਾ ਹੀ ਖ਼ਿਆਲ। ਸਿਮਰਨ ਸਿਰਫ਼ ਵਾਹਿਗੁਰੂ ਦਾ। ਪੱਕੀ ਯਾਦ। ੩।

## ਚੌਥੀ ਪਉੜੀ

**ਬ੍ਰਹਮਗਿਆਨੀ ਏਕ ਊਪਰਿ ਆਸ ॥**
**ਬ੍ਰਹਮਗਿਆਨੀ ਕਾ ਨਹੀ ਬਿਨਾਸ ॥**
**ਬ੍ਰਹਮਗਿਆਨੀ ਕੈ ਗਰੀਬੀ ਸਮਾਹਾ ॥**
**ਬ੍ਰਹਮਗਿਆਨੀ ਪਰਉਪਕਾਰ ਉਮਾਹਾ ॥**


www.sikhbookclub.com

ਬ੍ਰਹਮਗਿਆਨੀ ਕੈ ਨਾਹੀ ਧੰਧਾ ॥
ਬ੍ਰਹਮਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮਗਿਆਨੀ ਸੁਫਲ ਫਲਾ ॥
ਬ੍ਰਹਮਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥ ੪ ॥

**ਵਿਸਥਾਰ**

ਜਿਸ ਨੂੰ ਪੂਰਨ ਚਾਨਣਾ ਹੋ ਜਾਏ ਉਹ ਸਿਰਫ ਉਸ ਪ੍ਰਭੂ ਵੱਲ ਵੇਖਦਾ ਹੈ, ਜੋ ਅਟੱਲ ਹੈ। ਇਸ ਤਰਾਂ ਬ੍ਰਹਮ ਗਿਆਨੀ ਦੀ ਸ਼ਖਸੀਅਤ ਨਹੀਂ ਬਿਖਰਦੀ। ਬ੍ਰਹਮ ਗਿਆਨੀ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਸਭ ਰਹਿਮਤਾਂ ਦਾ ਦਾਤਾ ਤਾਂ ਪ੍ਰਭੂ ਹੈ, ਸੋ ਕਿਸੇ ਕੀਤੇ ਕੰਮ ਦੀ ਅੰਦਰ ਹਉ ਉਪਜਦੀ ਹੀ ਨਹੀਂ ਤੇ ਗ਼ਰੀਬੀ ਅੰਦਰ ਇਕੱਠੀ ਹੋਈ ਜਾਂਦੀ ਹੈ। ਇਹ ਚਿਤ ਕਰਦਾ ਰਹਿੰਦਾ ਹੈ ਬ੍ਰਹਮ ਗਿਆਨੀ ਦਾ ਕਿ ਜਿਵੇਂ ਉਸ ਦੀਆਂ ਆਸਾਂ ਪੂਰੀਆਂ ਹਨ ਤਿਵੇਂ ਉਹ ਵੀ ਕਿਸੇ ਦੇ ਕੰਮ ਆਵੇ। ਨੇਕੀ ਦਾ ਚਸ਼ਮਾ ਹੀ ਬ੍ਰਹਮ ਗਿਆਨੀ ਅੰਦਰ ਫੁੱਟ ਪੈਂਦਾ ਹੈ।

ਆਪਣੀਆਂ ਲੋੜਾਂ ਬ੍ਰਹਮ ਗਿਆਨੀ ਨੇ ਇਤਨੀਆਂ ਘਟਾ ਲਈਆਂ ਹੁੰਦੀਆਂ ਹਨ ਕਿ ਉਹ ਕਿਰਤ ਰਾਹੀਂ ਹੀ ਪੂਰੀਆਂ ਕਰ ਲੈਂਦਾ ਹੈ। ਧੰਦਿਆਂ ਵਿਚ ਨਹੀਂ ਪੈਂਦਾ। ਹਵਸ ਤੇ ਹਿਰਸ ਵਸ ਹੋ ਕੇ ਕੁਝ ਨਹੀਂ ਕਰਦਾ। ਪੂਰਾ ਕਾਬੂ ਉਸ ਨੇ ਆਪਣੇ ਤੇ ਪਾਇਆ ਹੋਂਦਾ ਹੈ। 'ਧਾਵਤ ਬੰਧਾ'। ਐਸੀ ਅਵਸਥਾ ਵਾਲੇ ਬ੍ਰਹਮ ਗਿਆਨੀ ਜਿਸ ਨੇ ਆਪਣੀਆਂ ਲੋੜਾਂ ਨਾਮ ਮਾਤਰ ਕਰ ਲਈਆਂ ਹੁੰਦੀਆਂ ਹਨ, ਹਰ ਸਮੇਂ ਦੂਜੇ ਦੀ ਭਲਾਈ ਲਈ ਹੀ ਸੋਚਦਾ ਹੈ। ਸਾਰਾ- ਜੀਵਨ ਹੀ ਉਸ ਦਾ ਲਾਹੇ ਵਾਲਾ ਹੋ ਜਾਂਦਾ ਹੈ। ਬ੍ਰਹਮ ਗਿਆਨੀ ਦੀ ਜਿਸ ਵੀ ਸੰਗਤ ਕੀਤੀ ਉਹ ਤਰ ਜਾਂਦਾ ਹੈ। ਬੰਧਨ ਤੋ ਮੁਕਤਾ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਬ੍ਰਹਮ ਗਿਆਨੀ ਦੀ ਕਰਨੀ ਹੀ ਅਜਿਹੀ ਹੁੰਦੀ ਹੈ ਕਿ ਉਸ ਨੂੰ ਦੇਖ ਸਾਰਾ ਸੰਸਾਰ ਹੀ ਵਾਹਿਗੁਰੂ ਨੂੰ ਆਪ ਮੁਹਾਰਾ ਹੀ ਜਪਣ ਲਗ ਪੈਂਦਾ ਹੈ। ਦੁਨੀਆਂ ਜਾਣ ਜਾਂਦੀ ਹੈ ਕਿ ਸਿਮਰਨ ਦੀ ਕਿਤਨੀ ਸ਼ਕਤੀ ਤੇ ਲਾਭ ਹਨ। ੪।

**ਸ਼ਬਦ ਭਾਵ :**

ਏਕ ਊਪਰਿ : ਨਿਰੋਲ ਵਾਹਿਗੁਰੂ ਤੇ ਟੇਕ।
ਬਿਨਾਸ : ਨਾਸ ਹੋਣਾ। ਬਿਖਰ ਟੋਟੇ ਹੋ ਜਾਣਾ।
ਨਹੀ ਬਿਨਾਸ : ਸ਼ਖਸੀਅਤ ਦਾ ਟੋਟੇ ਨਾ ਹੋਣਾ। ਕਿਸੇ ਡਰ ਹੇਠ ਨਾਂਹ ਰਹਿਣਾ।
ਸਮਾਹਾ : ਅੰਦਰ ਸਿੰਜ ਜਾਣਾ। (Saturated)
ਉਮਾਹਾ : ਚਾਅ। ਚਸ਼ਮੇ ਵਤ ਵਗੀ ਜਾਣਾ। ਅਰੁਕ।
ਧੰਧਾ : ਵਾਧੂ ਬਿਖੇੜੇ। ਕਿਰਤ ਦੇ ਉਲਟ। (Concerns)
ਕੈ ਹੋਇ ਸੁ
ਭਲਾ : ਸਿਵਾਇ ਚੰਗਿਆਈ ਤੋਂ ਹੋਰ ਕੁਝ ਨਹੀਂ ਹੁੰਦਾ।

 www.sikhbookclub.com

**ਸੁਫਲ ਫਲਾ** : ਲਾਹੇਵੰਦ ਤੇ ਫਲਦਾਇਕ। (Successful and fruitful)

**ਜਪੈ ਸਗਲ ਸੰਸਾਰੁ** : ਸਾਰਾ ਜਗਤ ਸਿਮਰਨ ਵਿਚ ਜੁਟ ਜਾਂਦਾ ਹੈ। ਐਸੀ ਸ਼ੁੱਭ ਕਰਨੀ ਹੈ ਬ੍ਰਹਮ ਗਿਆਨੀ ਦੀ ਕਿ ਹਰ ਕੋਈ ਪਾਸ ਆਉਣ ਵਾਲਾ ਸਿਮਰਨ ਕਰਨ ਲਗ ਪੈਂਦਾ ਹੈ। ੪।

## ਪੰਜਵੀਂ ਪਉੜੀ

**ਬ੍ਰਹਮਗਿਆਨੀ ਕੈ ਏਕੈ ਰੰਗ ॥**
**ਬ੍ਰਹਮਗਿਆਨੀ ਕੈ ਬਸੈ ਪ੍ਰਭੁ ਸੰਗ ॥**
**ਬ੍ਰਹਮਗਿਆਨੀ ਕੈ ਨਾਮੁ ਆਧਾਰੁ ॥**
**ਬ੍ਰਹਮਗਿਆਨੀ ਕੈ ਨਾਮੁ ਪਰਵਾਰੁ ॥**
**ਬ੍ਰਹਮਗਿਆਨੀ ਸਦਾ ਸਦ ਜਾਗਤ ॥**
**ਬ੍ਰਹਮਗਿਆਨੀ ਅਹੰਬੁਧਿ ਤਿਆਗਤ ॥**
**ਬ੍ਰਹਮਗਿਆਨੀ ਕੈ ਮਨਿ ਪਰਮਾਨੰਦ ॥**
**ਬ੍ਰਹਮਗਿਆਨੀ ਕੈ ਘਰਿ ਸਦਾ ਅਨੰਦ ॥**
**ਬ੍ਰਹਮਗਿਆਨੀ ਸੁਖ ਸਹਜ ਨਿਵਾਸ ॥**
**ਨਾਨਕ ਬ੍ਰਹਮਗਿਆਨੀ ਕਾ ਨਹੀ ਬਿਨਾਸ ॥ ੫ ॥**

SIKHBOOKCLUB.COM

**ਵਿਸਥਾਰ**

ਜਿਸ ਦੇ ਅੰਦਰ ਪੂਰਨ ਚਾਨਣ ਹੋ ਜਾਏ ਉਸ ਦੀ ਅਵਸਥਾ ਇਕੋ ਜਿਹੀ ਰਹਿੰਦੀ ਹੈ। ਸਦਾ ਟਿਕਾਉ ਵਿਚ ਰਹਿੰਦਾ ਹੈ। ਬਾਹਰਲਾ ਕੋਈ ਪ੍ਰਭਾਵ ਉਸ ਦੇ ਅੰਦਰਲੇ ਤੇ ਨਹੀਂ ਪੈਂਦਾ ਕਿਉਂਕਿ ਇਹ ਹਰ ਵੇਲੇ ਪ੍ਰਭੂ ਦੇ ਨੇੜੇ ਹੀ ਰਹਿੰਦਾ ਹੈ ਅਤੇ ਵਰਤਦੇ ਹੁਕਮ ਨੂੰ ਪ੍ਰਤੱਖ ਦੇਖ ਰਹਿਆ ਹੁੰਦਾ ਹੈ। ਬ੍ਰਹਮ ਗਿਆਨੀ ਦੀ ਟੇਕ ਕੇਵਲ ਨਾਮ ਹੁੰਦਾ ਹੈ। ਪ੍ਰਭੂ ਦੀ ਹਜ਼ੂਰੀ ਦਾ ਅਨੰਦ ਮਾਨਣ ਕਰਕੇ ਹੋਰ ਸਹਾਰਿਆਂ ਵਲ ਦੇਖਦਾ ਤਕ ਨਹੀਂ। ਉਹ ਨਾਮ ਨੂੰ ਹੀ ਵਧਾਂਦਾ ਹੈ। ਕਿਉਂਕਿ ਉਹ ਹੀ ਉਸ ਦਾ ਪਰਵਾਰ ਹੁੰਦਾ ਹੈ। ਬ੍ਰਹਮ ਗਿਆਨੀ ਸਦਾ ਸੁਚੇਤ ਹੁੰਦਾ ਹੈ। ਪਿਆਰੇ ਦੇ ਸੱਦੇ ਨਿਤ ਸੁਣਦਾ ਰਹਿੰਦਾ ਹੈ। ਹਉਮੈ ਦਾ ਦਾਅ ਨਹੀਂ ਪੈਣ ਦਿੰਦਾ। ਆਪਾ ਭਾਵ ਉਸ ਨੇ ਗਵਾ ਲਿਆ ਹੁੰਦਾ ਹੈ। ਇਨਸਾਨ ਦੀ ਕਿਤਨੀ ਕੁ ਹਸਤੀ ਹੋਂਦ ਹੈ ਉਸ ਦਾ ਬ੍ਰਹਮ ਗਿਆਨੀ ਨੂੰ ਗਿਆਨ ਹੁੰਦਾ ਹੈ। ਜਿਸ ਅੰਦਰ ਪੂਰਨ ਚਾਨਣਾ ਹੈ ਉਹ ਚਾਅ ਦੇ ਸੋਮੇ ਨਾਲ ਜੁੜਿਆ ਹੁੰਦਾ ਹੈ। ਉਸਦਾ ਉਤਸ਼ਾਹ ਕਦੀ ਘਟਦਾ ਨਹੀਂ ਅਤੇ ਹਿਰਦਾ ਸਦਾ ਖੇੜੇ ਵਿਚ ਰਹਿੰਦਾ ਹੈ। ਬ੍ਰਹਮ ਗਿਆਨੀ ਹੁਲਾਸ ਭਰੇ ਟਿਕਾ ਵਿਚ ਹੁੰਦਾ ਹੈ। ਮਾਯੂਸੀ ਦਾ ਨਿੰਮੋਝੂਣਾ ਨੇੜੇ ਨਹੀਂ ਆਉਂਦਾ ਅਤੇ ਚਾਅ ਦੇ ਸੋਮੇ ਨਾਲ ਜੁੜੇ ਹੋਣ ਕਾਰਨ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਆਤਮਕ ਟਿਕਾ ਕਦੇ ਖੁੱਸਦਾ ਨਹੀਂ। ੫।

**ਸ਼ਬਦ ਭਾਵ :**

**ਏਕੈ ਰੰਗ** : ਇਕੋ ਜਹਿਆ। ਪ੍ਰਭਾਵਾਂ ਤੋਂ ਉਤਾਂਹ। (Unwarying state)


www.sikhbookclub.com

ਆਧਾਰੁ : ਟੇਕ ।

ਪਰਵਾਰੁ : ਟੱਬਰ ਟੀਰ । ਵਾਧਾ ਤੇ ਖਿਲਾਰਾ ।

ਸਦਾ ਸਦ

ਜਾਗਤ : ਹਮੇਸ਼ਾ ਸਾਵਧਾਨ ਸੁਚੇਤ । (Intensely conscious)

ਅਹੰਬੁਧਿ : ਅਹਿੰਕਾਰ ਵਾਲੀ ਮੱਤ ।

ਪਰਮਾਨੰਦ : ਚਾਅ ਦਾ ਸੋਮਾ ।

ਸੁਖ ਸਹਜ

ਨਿਵਾਸ : ਚਾਅਵਾਂ ਭਰਿਆ ਟਿਕਾ, ਹੁਲਾਸ ਵਿਚ ਰਹਿਣਾ । (Joyful poise)

ਬਿਨਾਸ : ਖੁੱਸ ਜਾਣਾ । ਨਸ਼ਟ ਹੋਣਾ । ੫ ।

## ਛੇਵੀਂ ਪਉੜੀ

ਬ੍ਰਹਮਗਿਆਨੀ ਬ੍ਰਹਮ ਕਾ ਬੇਤਾ ॥
ਬ੍ਰਹਮਗਿਆਨੀ ਏਕ ਸੰਗਿ ਹੇਤਾ ॥
ਬ੍ਰਹਮਗਿਆਨੀ ਕੈ ਹੋਇ ਅਚਿੰਤ ॥
ਬ੍ਰਹਮਗਿਆਨੀ ਕਾ ਨਿਰਮਲ ਮੰਤ ॥
ਬ੍ਰਹਮਗਿਆਨੀ ਜਿਸੁ ਕਰੈ ਪ੍ਰਭੁ ਆਪਿ ॥
ਬ੍ਰਹਮਗਿਆਨੀ ਕਾ ਬਡ ਪਰਤਾਪ ॥
ਬ੍ਰਹਮਗਿਆਨੀ ਕਾ ਦਰਸੁ ਬਡਭਾਗੀ ਪਾਈਐ ॥
ਬ੍ਰਹਮਗਿਆਨੀ ਕਉ ਬਲਿ ਬਲਿ ਜਾਈਐ ॥
ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ ॥ ੬ ॥

**ਵਿਸਥਾਰ**

ਵਾਹਿਗੁਰੂ ਦੀ ਜਿਸ ਨਾਲ ਪੂਰਨ ਤੌਰ ਤੇ ਬਣ ਆਈ ਹੈ ਉਹ ਵਾਹਿਗੁਰੂ ਦੇ ਕੌਤਕਾਂ ਨੂੰ ਭਲੀ ਪ੍ਰਕਾਰ ਜਾਣ ਜਾਂਦਾ ਹੈ ਤੇ ਫਿਰ ਹੋਰ ਕਿਸੇ ਨਾਲ ਸਾਂਝ ਪਾਉਂਦਾ ਹੀ ਨਹੀਂ । ਇਕੋ ਨਾਲ ਪਿਆਰ ਕਰਨ ਕਰਕੇ ਉਸ ਦਾ ਨਿਸ਼ਚਾ ਅਟੁੱਟ ਹੋ ਜਾਂਦਾ ਹੈ ।

ਇਸ ਅਟੁੱਟ ਪਿਆਰ ਦੇ ਕਾਰਨ ਬ੍ਰਹਮ ਗਿਆਨੀ ਨੂੰ ਕਦੀ ਕੋਈ ਤੌਖਲਾ ਵਾਪਰਦਾ ਹੀ ਨਹੀਂ ਅਤੇ ਅਚਿੰਤ ਹੋਣ ਕਾਰਨ ਜ਼ਿੰਦਗੀ ਦਾ ਮੰਤਵ (ਮੰਤ) ਵੀ ਸਾਫ਼ ਦਿੱਸ ਪੈਂਦਾ ਹੈ । ਪ੍ਰਭੂ ਪਾਸੇ ਟੁਰਿਆ ਹੀ ਜਾਂਦਾ ਹੈ । ਨਿਰਮਲਤਾ ਉਸ ਦਾ ਪੈਂਡਾ ਹਮਵਾਰ ਕਰੀ ਜਾਂਦੀ ਹੈ ।

ਜਿਸ ਨੂੰ ਵਾਹਿਗੁਰੂ ਆਪ ਪੂਰਨ ਗਿਆਨ ਬਖ਼ਸ਼ ਦੇਵੇ ਉਸ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਅਤੇ ਹੰਕਾਰ ਮੂਲੋਂ ਨ ਹੋਣ ਕਾਰਨ ਸ਼ੋਭਾ ਵੀ ਬੇਅੰਤ ਹੁੰਦੀ ਹੈ ।

ਐਸੇ ਨਿਮ੍ਰਤਾ ਵਿਚ ਵਿਚਰਦੇ ਨੂਰੋ ਨੂਰ ਹੋਏ ਸ਼ਖ਼ਸ ਦਾ ਦਰਸ਼ਨ ਵੱਡੇ ਭਾਗਾਂ ਨਾਲ ਮਿਲਦਾ ਹੈ । ਐਸੇ ਤੋਂ ਤਾਂ ਸਦਾ ਸਦਕੇ ਹੀ ਹੋਣਾ ਚਾਹੀਦਾ ਹੈ । ਗੁਰੂ ਅਰਜਨ ਜੀ

ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿਉਂਕਿ ਬ੍ਰਹਮ ਗਿਆਨੀ ਵਾਹਿਗੁਰੂ ਦਾ ਹੀ ਰੂਪ ਹੁੰਦਾ ਹੈ ਇਸ ਲਈ ਮਨੁੱਖ ਕੀ, ਸ਼ਿਵ ਵਰਗੇ ਦੇਵਤੇ ਵੀ ਐਸੇ ਬ੍ਰਹਮ ਗਿਆਨੀ ਦੇ ਦਰਸ਼ਨਾਂ ਨੂੰ ਤਰਸਦੇ ਹਨ । ੬ ।

**ਸ਼ਬਦ ਭਾਵ :**

ਬ੍ਰਹਮ ਕਾ ਬੇਤਾ : ਵਾਹਿਗੁਰੂ ਦੇ ਕੌਤਕਾਂ ਨੂੰ ਜਾਨਣ ਵਾਲਾ ।

ਏਕ ਸੰਗਿ : ਸਿਰਫ ਇਕ ਨਾਲ ।

ਅਚਿੰਤ : ਬਿਨਾਂ ਤੌਖਲੇ ਦੇ । ਬਗ਼ੈਰ ਫ਼ਿਕਰਾਂ ਦੇ । (Without anxiety)

ਮੰਤ : ਮੰਤਵ । ਮਕਸਦ ।

ਪਰਤਾਪ : ਸ਼ੋਭਾ । ਵਡਿਆਈ । ੬ ।

## ਸਤਵੀਂ ਪਉੜੀ

ਬ੍ਰਹਮਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥
ਬ੍ਰਹਮਗਿਆਨੀ ਕਉ ਸਦਾ ਅਦੇਸੁ ॥
ਬ੍ਰਹਮਗਿਆਨੀ ਕਾ ਕਥਿਆ ਨ ਜਾਇ ਅਧਾਖੵਰੁ ॥
ਬ੍ਰਹਮਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮਗਿਆਨੀ ਕੀ ਗਤਿ ਬ੍ਰਹਮਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮਗਿਆਨੀ ਕਉ ਸਦਾ ਨਮਸਕਾਰੁ ॥ ੭ ॥

**ਵਿਸਥਾਰ**

ਕਿਸੇ ਬੰਦੇ ਦੀ ਕੀ ਪਾਜ਼ਾਂ ਹੈ ਕਿ ਪ੍ਰਭੂ-ਪਛਾਣੇ ਦੀ ਕੀਮਤ ਪਾ ਸਕੇ । ਕਿਉਂਕਿ ਉਸ ਵਿਚ ਪ੍ਰਭੂ ਆਪ ਸਮਾਇਆ ਹੁੰਦਾ ਹੈ । ਉਸ ਅੰਦਰ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਹੋ ਗਿਆ ਹੁੰਦਾ ਹੈ । ਅਨੰਤਤਾ ਵਿਚ ਲੀਨ ਹੋ ਜਾਣ ਕਾਰਨ ਕੋਈ ਕੀਮਤ ਕੀ ਪਾ ਸਕਦਾ ਹੈ । ਜਿਵੇਂ ਪ੍ਰਭੂ ਦਾ ਕੋਈ ਮੁੱਲ ਨਹੀਂ ਪਾ ਸਕਦਾ ਤਿਵੇਂ ਹੀ ਬ੍ਰਹਮ ਗਿਆਨੀ ਬਾਰੇ ਕੁਝ ਦੱਸਣਾ ਅਸੰਭਵ ਹੈ । ਸੋ ਕੌਣ ਜਾਣ ਸਕਦਾ ਹੈ ਇਸ ਰਹਸ ਨੂੰ ਕਿ ਬ੍ਰਹਮ ਗਿਆਨੀ ਅੰਦਰ ਬ੍ਰਹਮ ਕਿਵੇਂ ਸਮਾ ਗਿਆ ਹੈ । ਉਹ ਇਤਨਾ ਚੌੜੇ ਹਿਰਦੇ ਵਾਲਾ ਕਿਵੇਂ ਹੋ ਗਿਆ ਹੈ । ਸਾਨੂੰ ਤਾਂ ਇਕ ਇਹ ਹੀ ਬਣ ਆਉਂਦੀ ਹੈ ਕਿ ਬ੍ਰਹਮ ਗਿਆਨੀ ਦੇ ਆਦਰ ਵਿਚ ਸਦਾ ਸਿਰ ਝੁਕਾਈ ਰਖੀਏ । ਬ੍ਰਹਮ ਗਿਆਨੀ ਦੀ ਸਿਫ਼ਤ ਕਰਨ ਲਈ ਸ਼ਬਦ ਤਕ ਨਹੀਂ ਅਹੁੜਦੇ । ਇਕ ਅੱਧ ਅੱਖਰ (ਅਧਾਖੵਰ) ਵੀ ਉਪਮਾ ਵਿਚ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਨੇ ਸਾਰੇ ਸੰਸਾਰ ਨੂੰ ਜਿੱਤਿਆ ਹੁੰਦਾ ਹੈ । ਪਦਾਰਥਾਂ ਨੂੰ ਲਿਤਾੜ ਦਿਤਾ ਹੁੰਦਾ ਹੈ । ਬ੍ਰਹਮ ਗਿਆਨੀ ਦੀ


www.sikhbookclub.com

ਵਡਿਆਈ ਦਾ ਅੰਦਾਜ਼ਾ ਤਕ ਨਹੀਂ ਲਗਾਇਆ ਜਾ ਸਕਦਾ। ਕੋਈ ਬ੍ਰਹਮ ਗਿਆਨੀ ਹੀ ਉੱਚ ਅਵਸਥਾ ਤੱਕ ਪੁੱਜੇ ਤਾਂ ਬ੍ਰਹਮ ਗਿਆਨੀ ਬਾਰੇ ਕੁਝ ਦੱਸੇ ਕਿ ਦੱਸੇ । ਬ੍ਰਹਮ ਗਿਆਨੀ ਦੀਆਂ ਸਿਫਤਾਂ ਦਾ ਨ ਕੋਈ ਸਿਰਾ (ਅੰਤ) ਹੈ ਤੇ ਨ ਹੀ ਹੱਦ (ਪਾਰ)। ਬਸ ਬੇਅੰਤ ਹੀ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਬ੍ਰਹਮ ਗਿਆਨੀ ਨੂੰ ਸਦਾ ਨਮਸਕਾਰ ਕਰਨਾ ਹੀ ਸਾਡਾ ਫ਼ਰਜ਼ ਹੈ। ੭ ॥

**ਸ਼ਬਦ ਭਾਵ :**

ਸਗਲ ਮਨ

ਮਾਹਿ : ਹਰ ਗਲ ਤੋਂ ਜਾਣੂੰ। ਪ੍ਰਭੂ ਦੀ ਹੋਂਦ ਵਿਚ ਟਿਕਿਆ। (Lives in divine entity)

ਆਦੇਸੁ : ਨਮਸਕਾਰ। ਸਲਾਮ। (Salutations)

ਅਧਾਖੁਰੁ : **ਇਕ ਅੱਧ ਅੱਖਰ ਵੀ**। ਸਿਫ਼ਤ ਕਰਦਿਆ ਜਦ ਕੋਈ ਇਕ ਪੂਰਾ ਸ਼ਬਦ ਨਾ ਅਹੁੜੇ।

ਸਰਬ ਕਾ

ਠਾਕੁਰੁ : ਹਰ ਚੀਜ਼ ਤੇ ਪੂਰਨ ਅਧਿਕਾਰ। ਪਦਾਰਥਾਂ ਨੂੰ ਮਲਣ ਵਾਲਾ।

ਮਿਤਿ : ਪਾਸਾਰ। ਫੈਲਾਉ। (Extent)

ਗਤਿ : ਉੱਚ ਅਵਸਥਾ।

SIKHBOOKCLUB.COM

ਅੰਤੁ ਨ ਪਾਰੁ : ਨ ਹੱਦ ਨ ਬੰਨਾ। ੭।

## ਅਠਵੀਂ ਪਉੜੀ

ਬ੍ਰਹਮਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮਗਿਆਨੀ ਅਨਾਥ ਕਾ ਨਾਥੁ ॥
ਬ੍ਰਹਮਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮਗਿਆਨੀ ਕਾ ਸਗਲ ਅਕਾਰੁ ॥
ਬ੍ਰਹਮਗਿਆਨੀ ਆਪਿ ਨਿਰੰਕਾਰੁ ॥
ਬ੍ਰਹਮਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮਗਿਆਨੀ ਸਰਬ ਕਾ ਧਨੀ ॥੮॥੮॥

**ਵਿਸਥਾਰ**

ਪੂਰਨ ਗਿਆਨ ਚਾਨਣ ਵਾਲੇ ਵਿਚ ਢਾਊ ਰੁਚੀਆਂ ਨਹੀਂ ਹੁੰਦੀਆਂ। ਉਹ ਸੰਸਾਰ ਨੂੰ ਸਿਰਜਨ ਤੇ ਸਵਾਰਨ ਵਾਲਾ ਹੁੰਦਾ ਹੈ। ਉਸ ਦੀਆਂ ਕੀਤੀਆਂ ਨੇਕੀਆਂ ਤੇ ਸੱਚ ਕਮਾਉਣ ਕਾਰਨ ਲੋਕੀਂ ਉਸ ਨੂੰ ਸਦਾ ਯਾਦ

 www.sikhbookclub.com

ਕਰਦੇ ਹਨ। **'ਮੋਇਆਂ ਗੰਢ ਨੇਕੀ ਸਤਿ ਹੋਇ'**, ਇਸੇ ਭਾਵ ਵਿਚ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਸੀ। ਬ੍ਰਹਮ ਗਿਆਨੀ ਉਸ ਦੀ ਜ਼ਿੰਦਾ ਮਿਸਾਲ ਹੁੰਦੇ ਹਨ। ਬ੍ਰਹਮ ਗਿਆਨੀ ਜੀਵਾਂ ਨੂੰ ਸਹੀ ਰਾਹ ਪਾ ਬੰਧਨਾਂ ਤੋਂ ਨਿਰਾ ਛੁਟਕਾਰਾ ਹੀ ਨਹੀਂ ਦਿਲਵਾਂਦਾ ਸਗੋਂ ਸਮੁੱਚਾ ਜੀਵਨ ਹੀ ਸਵਾਰ ਦੇਂਦਾ ਹੈ। ਸਾਰੇ ਜੀਵ ਆਪਣੇ ਜੀਵਨ ਦਾ ਮਕਸਦ ਜਾਣ ਜਾਂਦੇ ਹਨ (ਜੀਅ ਕਾ ਦਾਤਾ)। ਬ੍ਰਹਮ ਗਿਆਨੀ ਕਿਉਂਕਿ ਹਰ ਪੱਖੋਂ ਪੂਰਨ ਹੁੰਦਾ ਹੈ, ਇਸ ਲਈ ਉਸ ਦੀ ਆਪਣੀ ਲਾਲਸਾ ਕੋਈ ਨਹੀਂ ਹੁੰਦੀ। ਦੂਜਿਆਂ ਨੂੰ ਹੀ ਦੇ ਕੇ ਅਨੰਦ ਪ੍ਰਾਪਤ ਕਰਦਾ ਹੈ। ਜਿਨ੍ਹਾਂ ਦਾ ਕੋਈ ਨਹੀਂ ਹੁੰਦਾ ਉਨ੍ਹਾਂ ਦਾ ਬ੍ਰਹਮ ਗਿਆਨੀ ਹੀ ਹੁੰਦਾ ਹੈ। ਬ੍ਰਹਮ ਗਿਆਨੀ ਸਭ ਉੱਪਰ ਇਕੋ ਜਿਹੀ ਕਿਰਪਾ ਕਰਦਾ ਹੈ। ਵਿਤਕਰੇ ਵਾਲੀ ਉਸ ਵਿਚ ਕੋਈ ਗੱਲ ਨਹੀਂ ਹੁੰਦੀ। ਬ੍ਰਹਮ ਗਿਆਨੀ ਦਿੱਸਦੇ ਜਗਤ ਦੀ ਅਸਲੀਅਤ ਨੂੰ ਜਾਨਣ ਕਰਕੇ ਹਰ ਇਕ ਨੂੰ ਆਪਣੇ ਜਿਹਾ ਤੇ ਆਪਣਾ ਸਮਝਦਾ ਹੈ। ਜਗਤ ਦੀਆਂ ਸ਼ੈਆਂ ਆਪਣੀਆਂ ਜਾਨਣ ਕਾਰਨ ਉਸ ਦੀ ਵਰਤੋਂ ਵੀ ਸਹੀ ਕਰਦਾ ਹੈ। **'ਬ੍ਰਹਮ ਗਿਆਨੀ ਕਾ ਸਗਲ ਅਕਾਰੁ'**। ਇਹ ਸੋਝੀ ਉਸ ਨੂੰ ਨਿਰੰਕਾਰ ਵਿਚ ਸਮਾ ਕੇ ਹੀ ਮਿਲੀ ਹੈ।

ਬੱਸ ਇਹ ਹੀ ਕਹਿਣਾ ਬਣਦਾ ਹੈ ਕਿ ਇਤਨੀਆਂ ਸਿਫ਼ਤਾਂ ਵਾਲੇ ਬ੍ਰਹਮ ਗਿਆਨੀ ਦੀ ਵਡਿਆਈ ਵੀ ਕੋਈ ਬ੍ਰਹਮ ਗਿਆਨੀ ਹੀ ਕਰ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਬ੍ਰਹਮ ਗਿਆਨੀ ਜਿਹਾ ਹੋਰ ਕੋਈ ਇਤਨੇ ਗੁਣਾਂ ਵਾਲਾ ਨਹੀਂ। ਉਹ ਗੁਣਾਂ ਦਾ ਭੰਡਾਰ ਹੈ। ੮। ੮।

SIKHBOOKCLUB.COM

***ਸ਼ਬਦ ਭਾਵ :***

**ਕਰਤਾ** : ਘੜਨ ਸਵਾਰਨ ਵਾਲਾ। (Builder)

**ਮੁਕਤਿ** : ਸਭ ਬੰਧਨਾਂ ਤੋਂ ਖ਼ਲਾਸ। (Salvation)

**ਜੁਗਤਿ ਜੀਅ** : ਜੀਵਨ ਦਾ ਰਾਹ ਅਤੇ ਸਾਰਾ ਜੀਵਨ ਹੀ।

**ਬਿਧਾਤਾ** : ਨਸੀਬ ਘੜਨ ਵਾਲਾ।

**ਸਭ ਊਪਰਿ ਹਾਥੁ** : ਹਰ ਇਕ ਦਾ ਸਰਪ੍ਰਸਤ। ਹਰ ਇਕ ਤੇ ਇਕੋ ਜਿਹੀ ਕਿਰਪਾ ਕਰਨ ਵਾਲਾ।

**ਬ੍ਰਹਮ ਗਿਆਨੀ ਕਾ ਸਗਲ ਅਕਾਰੁ** : ਸਭ ਦਿੱਸਦਾ ਜਗਤ ਬ੍ਰਹਮ ਗਿਆਨੀ ਦਾ ਆਪਣਾ ਹੈ। ਜਗਤ ਦੀ ਅਸਲੀਅਤ ਨੂੰ ਭਲੀ-ਭਾਤ ਜਾਣਦਾ ਹੈ।

**ਸਰਬ ਕਾ ਧਨੀ** : ਸਭ ਦਾ ਮਾਲਕ। ੮। ੮।

---

## ਨੌਵੀਂ ਅਸ਼ਟਪਦੀ

*ਨੌਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਅਪਰਸ ਉਹ ਤਬਕਾ ਹੁੰਦਾ ਸੀ ਜੋ ਦੂਜੇ ਨੂੰ ਇਸ ਕਰਕੇ ਛੂੰਹਦਾ ਨਹੀਂ ਸੀ ਕਿ ਉਹ ਆਪਣੇ ਆਪ ਨੂੰ ਤਾਂ ਕਰਮ ਕਰ ਪਵਿੱਤਰ ਹੋ ਗਿਆ ਜਾਣਦਾ ਸੀ ਅਤੇ ਦੂਜੇ ਨੂੰ ਅਪਵਿੱਤਰ। ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਦੇ ਕਈ ਅਖੌਤੀ ਅਪਰਸਾਂ ਦਾ ਵਰਨਣ ਇਸ ਅਸ਼ਟਪਦੀ ਵਿਚ ਕਰਦੇ ਹਨ।

ਇਕ ਬੈਸਨੋ ਹਨ ਜੋ ਖ਼ਾਸ ਖ਼ਾਸ ਚੀਜ਼ਾਂ ਹੀ ਖਾਂਦੇ ਹਨ ਅਤੇ ਕਈਆਂ ਨੂੰ ਹੱਥ ਨਹੀਂ ਲਗਾਂਦੇ ਕਿ ਉਹ ਵਿਸ਼ਨੂੰ ਦੀਆਂ ਹਨ। ਕੁਝ ਐਸੇ ਅਪਰਸ (ਭਗਉਤੀ) ਹਨ ਜੋ ਜਗਤ ਛੱਡ ਪੂਜਾ ਵਿਚ ਲੱਗ ਜਾਂਦੇ ਹਨ। ਇੰਜ ਇਕ ਹੋਰ ਤਰ੍ਹਾਂ ਦੇ ਅਪਰਸ ਪੰਡਿਤ ਲੋਕ ਹਨ ਜੋ ਸਿਵਾਇ ਵੇਦਾਂ ਦੇ ਪਾਠ ਤੋਂ ਹੋਰ ਕੋਈ ਵਿਦਿਆ ਗ੍ਰਹਿਣ ਕਰਨਾ ਉਚਿਤ ਨਹੀਂ ਸਮਝਦੇ। ਇਕ ਐਸੇ ਹੀ ਅਪਰਸ (ਧਰਮੀ) ਹਨ ਜੋ ਵਰਣਾਆਸ਼੍ਰਮ ਵਿਚ ਪੈ ਗਏ ਹਨ ਅਤੇ 'ਕਰਮ ਧ੍ਰਮ ਕ੍ਰਿਆ' ਵਿਚ ਹੀ ਗ਼ਲਤਾਨ ਰਹਿੰਦੇ ਹਨ। ਇਕ ਹੋਰ ਕਿਸਮ ਦੇ ਅਪਰਸ (ਰਾਮਦਾਸਾ) ਹਨ ਜੋ ਘੁੰਗਰੂ ਬੰਨ੍ਹ ਮੂਰਤੀਆਂ ਅੱਗੇ ਨੱਚ-ਨੱਚ ਪਰਗਟ ਕਰਦੇ ਹਨ ਕਿ ਉਨ੍ਹਾਂ ਦਾ ਸਿਵਾਇ ਸ਼ਿਵ ਦੇ ਹੋਰ ਕਿਸੇ ਸ਼ੈ ਨਾਲ ਲਗਾਉ ਨਹੀਂ। ਇਕ ਹੋਰ ਐਸੇ ਅਪਰਸ ਹਨ ਜੋ ਇਹ ਧੁਮਾਈ ਫਿਰਦੇ ਹਨ ਕਿ ਉਨ੍ਹਾਂ ਬੰਧਨਾਂ ਤੋਂ ਛੁਟਕਾਰਾ ਪਾ ਲਿਆ ਹੈ ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਅਪਰਸ ਨਹੀਂ ਇਹ ਤਾਂ ਸਭ ਅਟਕੇ ਹੋਏ ਲੋਕ ਹਨ। ਸਹੀ **'ਅਪਰਸ'** ਪਾਵਨ ਪਵਿੱਤਰ ਅਛੋਹ ਨਿਰਲੇਪ ਉਹ ਵਿਰਲੇ ਹਨ ਜਿਨ੍ਹਾਂ ਨੇ ਸਹੀ ਅਰਥਾਂ ਵਿਚ ਉਸ ਦੀ ਹੋਂਦ ਦਾ ਪ੍ਰਕਾਸ਼ ਹਿਰਦੇ ਕਰ ਲਿਆ ਹੈ। ਸਿਮਰਨ ਟੁੱਟਣ ਨਹੀਂ ਦੇਂਦੇ। ਐਸਾ 'ਅਪਰਸ' ਨ ਝੂਠ ਦਾ ਸਹਾਰਾ ਲੈਂਦਾ ਹੈ ਅਤੇ ਨਾ ਹੀ ਨਿੰਦਾ ਕਰਨ ਵਿਚ ਰੁਚੀ ਰਖਦਾ ਹੈ। ਨਾ ਉਹ ਵਿਭਚਾਰੀ ਹਨ ਤੇ ਨਾ ਹੀ ਮਾੜੇ ਮੰਦੇ ਫੁਰਨੇ ਉਠਣ ਦੇਂਦੇ ਹਨ। **'ਮਨ ਕੀ ਬਾਸਨਾ ਮਨ ਤੇ ਟਰੈ'**। **ਵੈਸ਼ਨੋ** 'ਅਪਰਸ' ਉਹ ਹੈ ਜਿਸ ਜਗਤ ਦੇ ਸੁੱਖਾਂ ਦੀ ਇੱਛਾ ਮੁਕਾ ਲਈ ਹੁੰਦੀ ਹੈ ਤੇ ਚਿੱਤ ਸਦਾ ਉਸ ਦਾ ਪ੍ਰਭੂ ਦੇ ਗੁਣ ਗਾਉਣ ਨੂੰ ਕਰਦਾ ਹੈ। **'ਭਗਉਤੀ' ਅਪਰਸ** ਉਹ ਹੀ ਹੈ ਜਿਸ ਦੁਸ਼ਟ ਦਾ ਸੰਗ ਛੱਡਿਆ ਹੈ। ਵਹਿਮ ਤਿਆਗੇ ਹਨ ਤੇ ਵਣ ਖੰਡ ਨਹੀਂ ਫਿਰਦਾ ਸਗੋਂ ਭਾਲ ਕੇ ਸੰਗਤ ਕਰਦਾ ਹੈ। **ਅਪਰਸ 'ਪੰਡਿਤ'** ਉਹ ਹੈ ਜੋ ਫ਼ਜ਼ੂਲ ਚਰਚਾ ਦੀ ਥਾਂ ਆਤਮਾ ਵਿਚੋਂ ਪ੍ਰਭੂ ਨੂੰ ਭਾਲਦਾ ਹੈ। ਅੰਦਰੋਂ ਹੀ ਸੁਆਦ ਪੈਦਾ ਕਰ ਲੈਂਦਾ ਹੈ ਅਤੇ ਜੋ ਉਪਦੇਸ਼ਦਾ ਹੈ, ਉਹ ਕਮਾਂਦਾ ਵੀ ਹੈ। **'ਕਥਾ ਹਿਰਦੈ ਬਸਾਵੈ'**। ਸਾਰੇ ਜਗਤ ਦਾ ਮੂਲ ਪ੍ਰਭੂ ਨੂੰ ਜਾਣ, ਸਭ ਨੂੰ ਸਮਾਨ ਅੱਖ ਨਾਲ ਵੇਖਦਾ ਹੈ। **ਧਰਮੀ 'ਅਪਰਸ'** ਉਹ ਹੈ ਜਿਸ **ਮੁਢਲੀ** ਗਿਆਨ ਦੀ ਬਾਤ (ਸਰਬ ਕੋ ਗਿਆਨ) ਜਾਣ ਲਈ ਹੈ ਕਿ ਸਿਮਰਨ ਰਾਹੀਂ ਹੀ ਹੁਜ਼ੂਰੀ ਦਾ ਪ੍ਰਕਾਸ਼ ਹੋਣਾ ਹੈ ਅਤੇ ਸਿਮਰਨ ਕਰ ਉਸ ਹਜ਼ੂਰੀ ਦਾ ਅਨੰਦ ਪ੍ਰਾਪਤ ਕਰ ਲਿਆ ਹੈ ਅਤੇ ਫਿਰ ਸਾਧ ਸੰਗਤ ਕਦੇ ਨਹੀਂ ਖੁੰਝਾਈ। ਐਸੇ ਨੇ ਮਾਨੋ ਸਭ ਧਰਮ ਕਮਾ ਲਏ।

'ਰਾਮਦਾਸਾ' ਅਪਰਸ ਉਹ ਹੀ ਹੈ ਜਿਸ ਨੱਚ-ਨੱਚ ਪ੍ਰਚੰਡ ਭਗਤੀ ਨਹੀਂ ਕੀਤੀ।

ਢੰਡੋਰਾ ਨਹੀਂ ਦੇਈ ਫਿਰਦਾ ਸਗੋਂ ਸੁਆਦ ਨੂੰ ਅੰਦਰ ਮਾਣਿਆ ਹੈ ਅਤੇ ਨਿਮ੍ਰਤਾ ਧਾਰੀ ਹੈ। ਰਹਿੰਦਾ ਉਹ ਦੁਨੀਆਂ ਵਿਚ ਹੀ ਹੈ ਪਰ ਹੈ ਦੁਨੀਆਂ ਤੋਂ ਉਤਾਂਹ (ਸਗਲ ਸੰਗਿ, ਆਤਮ ਉਦਾਸ)। 'ਜੀਵਨ ਮੁਕਤਿ' ਅਪਰਸ ਉਹ ਹਨ ਜੋ ਆਦਰ ਪਾ ਫੁੱਲ ਫੁੱਲ ਨਹੀਂ ਪੈਂਦੇ ਤੇ ਨ ਨਿਰਾਦਰ ਹੋਣ ਤੇ ਨਿੰਮੋਝੂਣੇ ਹੁੰਦੇ ਹਨ। 'ਤੈਸਾ ਮਾਨ, ਤੈਸਾ ਅਭਿਮਾਨ'। ਆਤਮ ਅਵਿਸਥਾ ਕਿਸੇ ਦੀ ਮਾਪਣੀ ਹੋਵੇ ਤਾਂ ਸਹੀ ਮਾਪ ਹੈ ਕਿ ਪ੍ਰਭੂ ਨਾਲ ਉਸ ਦਾ ਕਿਤਨਾ ਪਿਆਰ ਹੈ ਤੇ ਸਿਰਫ ਨਾਂ (ਅਪਰਸ, ਭਗਉਤੀ, ਧਰਮੀ, ਪੰਡਿਤ) ਧਰਾਉਣ ਨਾਲ ਕੋਈ ਪ੍ਰਭੂ ਦੀ ਨਜ਼ਰ ਵਿਚ ਵੱਡਾ ਨਹੀਂ ਹੋ ਜਾਣਾ।

**ਸਲੋਕੁ ॥**

ਉਰਿ ਧਾਰੈ ਜੋ ਅੰਤਰਿ ਨਾਮੁ ॥
ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥ ੧ ॥

**ਵਿਸਥਾਰ**

ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਗਤ ਨੂੰ ਅਗਵਾਈ ਦੇ ਕੇ ਸੰਸਾਰ ਸਾਗਰ ਤੋਂ ਪਾਰ ਕਰਨ ਦੀ ਸਮਰੱਥਾ ਰੱਖਣ ਵਾਲਾ ਉਹ ਹੀ ਹੈ ਅਛੂਹ, ਪਾਕ, ਪਵਿੱਤਰ ਪੁਰਸ਼ ਜਿਸ ਸਿਮਰਨ ਕਦੇ ਟੁੱਟਣ ਨਹੀਂ ਦਿੱਤਾ, ਹਿਰਦੇ ਵਿਚ ਉਸ ਦੀ ਹਜ਼ੂਰੀ ਦਾ ਪ੍ਰਕਾਸ਼ ਕਦੇ ਮੱਧਮ ਨਹੀਂ ਪੈਣ ਦਿੱਤਾ ਅਤੇ ਕਿਸੇ ਜੀਅ ਨਾਲ ਘਿਰਨਾ ਨਹੀਂ ਕੀਤੀ ਕਿਉਂਕਿ ਐਸਾ ਹਰ ਇਕ ਵਿਚ ਵਾਹਿਗੁਰੂ ਦਾ ਹੀ ਝਲਕਾਰਾ ਦੇਖਦਾ ਹੈ। ਇਸ ਗੱਲ ਦਾ ਮਾਣ ਤਕ ਨਹੀਂ ਕਰਦਾ ਕਿ ਉਸ ਨੇ ਕੁਝ ਪ੍ਰਾਪਤੀ ਕੀਤੀ ਹੈ। ੧।

**ਸ਼ਬਦ ਭਾਵ :**

**ਉਰਿਧਾਰੈ :** ਹਿਰਦੇ ਟਿਕਾ ਕੇ ਰੱਖਣਾ।

**ਨਾਮੁ :** ਵਾਹਿਗੁਰੂ ਦੀ ਹੋਂਦ ਦਾ ਪ੍ਰਤੱਖ ਨਜ਼ਾਰਾ।

**ਸਰਬ ਮੈ :** ਹਰ ਇਕ ਜੀਵ ਵਿਚ।

**ਅਪਰਸੁ :** ਇਹ ਇਕ ਐਸਾ ਤਬਕਾ ਹੈ ਜੋ ਬੜੀ ਸੁੱਚ ਰਖਦਾ ਹੈ। ਕਿਸੇ ਸ਼ੈ ਨੂੰ ਹੱਥ ਲਗਾਉਣ ਤੋਂ ਪਹਿਲਾਂ ਖਾਸ ਉਚੇਚੀ ਕ੍ਰਿਆ ਕਰਦਾ ਹੈ ਤੇ ਮੰਤਰ ਪੜ੍ਹਦਾ ਹੈ। ਪੈਸੇ, ਰੁਪਏ ਨੂੰ ਹੱਥ ਨਹੀਂ ਲਗਾਂਦਾ। ਆਪਣੇ ਸਰੀਰ ਤੱਕ ਨੂੰ ਹੱਥ ਨਹੀਂ ਲਗਾਉਣ ਦੇਂਦਾ। ਆਪਣਾ ਖਾਣਾ ਆਪ ਪਕਾਂਦਾ ਹੈ ਤੇ ਜ਼ਿੰਦਗੀ ਜੰਗਲੀ ਵੰਨੀ ਗੁਜ਼ਾਰਦਾ ਹੈ। **'ਸੋਮ ਪਾਕ ਅਪਰਸ ਉਦਿਆਨੀ'** ਕਹਿ ਕੇ ਬਾਵਨ ਅੱਖਰੀ ਵਿਚ ਗੁਰੂ ਜੀ ਨੇ ਅਪਰਸ ਦੀ ਵਿਆਖਿਆ ਕੀਤੀ ਹੈ।

**ਨਿਸਤਾਰੈ :** ਪਾਰ ਕਰ ਲੈ ਜਾਂਦਾ ਹੈ। ਅਗਵਾਈ ਕਰਨ ਜੋਗਾ ਹੈ। ੧।

**ਪਹਿਲੀ ਪਉੜੀ**

ਮਿਥਿਆ ਨਾਹੀ ਰਸਨਾ ਪਰਸ ॥
ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥

 www.sikhbookclub.com

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥
ਸਾਧ ਕੀ ਟਹਲ ਸੰਤ ਸੰਗਿ ਹੇਤ ॥
ਕਰਨ ਨ ਸੁਨੈ ਕਾਹੂ ਕੀ ਨਿੰਦਾ ॥
ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥
ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥ ੧ ॥

**ਵਿਸਥਾਰ**

ਐਸਾ ਕੋਈ ਵਿਰਲਾ ਕਰੋੜਾਂ ਵਿਚ ਇਕ ਅਛੂਹ ਬੇਦਾਗ਼ (ਅਪਰਸ) ਪੁਰਸ਼ ਹੈ ਜਿਸ ਕਦੇ ਜ਼ਬਾਨ ਤੇ ਝੂਠ ਨਹੀਂ ਲਿਆਂਦਾ ਅਤੇ ਮਨ ਵਿਚ ਐਸੀਆਂ ਪ੍ਰੇਮ-ਤੁੰਗਾਂ ਉਠਾ ਲੈਂਦਾ ਹੈ ਜੋ ਉਸ ਸਮੇਂ ਤੱਕ ਸ਼ਾਂਤ ਨਹੀਂ ਹੁੰਦੀਆਂ ਜਦ ਤਕ ਦਾਗ਼-ਰਹਿਤ ਪ੍ਰਭੂ ਦੇ ਦਰਸ਼ਨ ਨ ਪਾ ਲਵੇ।

ਪ੍ਰਭੂ ਦੇ ਪਿਆਰ ਵਿਚ ਗੜੂੰਦ ਹੋਣ ਕਾਰਨ ਸੋਹਣੇ ਪ੍ਰਭੂ ਦੇ ਦਰਸ਼ਨ ਨੂੰ ਪਾ ਲੈਣ ਕਰਕੇ ਉਸ ਦੀ ਨਜ਼ਰ ਪਰਾਏ ਰੂਪ ਵੱਲ ਹੁਣ ਉਠਦੀ ਹੀ ਨਹੀਂ। ਚਿੱਤ ਸਿਰਫ਼ ਇਹ ਕਰਦਾ ਰਹਿੰਦਾ ਹੈ ਐਸੇ ਪਿਆਰ-ਕੁੱਠੇ-ਪੁਰਸ਼ ਦਾ ਕਿ ਭਲਿਆਂ ਦੀ ਸੰਗਤ ਕਰ ਭਲਿਆਂ ਦੀ ਸੇਵਾ ਵਿਚ ਹੀ ਸਾਰਾ ਸਮਾਂ ਗੁਜ਼ਰੇ।

ਐਸਾ ਕਿਸੇ ਦੀ ਨਿੰਦਾ ਸੁਣਨ ਲਈ ਉਤਾਵਲਾ ਨਹੀਂ ਹੁੰਦਾ ਕਿਉਂਕਿ ਨਿਮ੍ਰਤਾ ਧਾਰਨ ਕਰਨ ਕਰਕੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਦਾ ਹੈ। ਨਿੰਦਾ ਸੁਨਣ ਦੀ ਰੁਚੀ ਹੀ ਮਰ ਜਾਂਦੀ ਹੈ। ਸ਼ਬਦ ਦੇ ਰਾਹ ਟੁਰਨ ਕਰਕੇ ਮਾਇਆ ਦੇ ਜ਼ਹਿਰੀਲੇ ਪ੍ਰਭਾਵ ਤੋਂ ਬਚ ਗਿਆ ਹੁੰਦਾ ਹੈ ਅਤੇ ਮਨ ਵਿਚ ਮੰਦੀਆਂ ਵਾਸ਼ਨਾਵਾਂ ਉਠਣ ਹੀ ਨਹੀਂ ਦੇਂਦਾ। ਜੇ ਉਠਦੀਆਂ ਵੀ ਹਨ ਤਾਂ ਉੱਥੇ ਹੀ ਮਨ ਵਿਚ ਹੀ ਮਾਰ ਦੇਣ ਦੀ ਸ਼ਕਤੀ ਉਸ ਵਿਚ ਹੁੰਦੀ ਹੈ। ਵਾਸ਼ਨਾਵਾਂ ਦੇ ਨ ਉਠਣ ਕਾਰਨ, ਸਾਰੀਆਂ ਇੰਦ੍ਰੀਆਂ ਉਸ ਦੇ ਅਧੀਨ ਹੋ ਕੇ ਟੁਰਦੀਆਂ ਹਨ। ਆਪਣੇ ਤੇ ਪੂਰਾ ਕਾਬੂ ਹੋਣ ਕਾਰਨ ਕਾਮ ਕ੍ਰੋਧ ਦੇ ਪੰਜਾਂ ਵਿਕਾਰਾਂ ਤੋਂ ਰਹਿਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸਾ ਕੋਈ ਵਿਰਲਾ ਹੀ ਕਰੋੜਾਂ ਵਿਚ ਇਕ ਹੈ ਜਿਸ ਝੂਠ, ਨਿੰਦਾ, ਵਿਕਾਰ ਤਜੇ ਹੋਣ ਤੇ ਨਿਮ੍ਰਤਾ ਵਿਚ ਵਿਚਰਦੇ ਹੋਏ ਜੀਵਨ ਸੇਵਾ ਵਿਚ ਲਗਾ ਦਿੱਤਾ ਹੋਵੇ। ੧।

**ਸ਼ਬਦ ਭਾਵ :**

**ਮਿਥਿਆ :** ਕੂੜ। ਕੁਸਤਿ। (Falsehood)

**ਪਰਸ :** ਛੂਹਾਂਦਾ। ਲਿਆਂਦਾ। ਬੋਲਦਾ।

**ਪ੍ਰੀਤਿ :** ਲਾਲਸਾ। (Craves)

**ਪਰ ਤ੍ਰਿਅ ਰੂਪੁ :** ਪਰਾਈ ਇਸਤ੍ਰੀ ਦੀ ਖ਼ੂਬਸੂਰਤੀ।

**ਹੇਤ :** ਪਿਆਰ। ਲਗਾਉ।

**ਨਿੰਦਾ :** ਕਿਸੇ ਹੋਰ ਪ੍ਰਤੀ ਮੰਦਾ, ਮਾੜਾ ਬੋਲਦੇ ਰਹਿਣਾ। (Malignant Dispraise)

**ਬਿਖਿਆ :** ਮਾਇਆ ਦੇ ਜ਼ਹਿਰੀਲੇ ਪ੍ਰਭਾਵ।

**ਮਨ ਕੀ ਬਾਸਨਾ :** ਜਿਵੇਂ ਮਾਇਆ ਦਾ ਜ਼ਹਿਰੀਲਾ ਪ੍ਰਭਾਵ ਹੈ ਤਿਵੇਂ ਹੀ ਮਨ ਜੋ ਹੈ ਤਾਂ ਜੋਤ ਸਰੂਪ ਪਰ ਇਸ ਤੇ ਵਾਸ਼ਨਾਵਾਂ ਦੀ ਛਾਇਆ ਪੈਂਦੀ ਹੈ, ਇਸ ਕਾਰਨ ਮਨ ਨੂੰ ਸੁਝਾਈ ਕੁਝ ਨਹੀਂ ਦੇਂਦਾ। ਜਦ ਇਨ੍ਹਾਂ ਵਾਸ਼ਨਾਵਾਂ ਨੂੰ ਸੰਗਤ ਤੇ ਸੇਵਾ ਨਾਲ ਹਟਾ ਦਈਏ ਤਾਂ ਮਨ ਨਿਰਮਲ ਮੋਤੀ ਹੋ ਜਾਂਦਾ ਹੈ। ਮਨ ਵਿਚੋਂ ਹੁਣ ਵਾਸ਼ਨਾਵਾਂ ਉਠਦੀਆਂ ਹੀ ਨਹੀਂ। ਮਨ ਮਲ-ਰਹਿਤ ਹੋ ਜਾਂਦਾ ਹੈ। 'ਮਨ ਕੀ ਬਾਸਨਾ ਮਨ ਤੇ ਟਰੈ' ਦਾ ਇਹ ਹੀ ਭਾਵ ਹੈ।

**ਇੰਦ੍ਰੀ ਜਿਤ :** ਗਿਆਨ ਇੰਦ੍ਰੀਆਂ ਤੇ ਕਾਬੂ ਪਾਉਣ ਵਾਲਾ।

**ਪੰਚ ਦੋਖ :** ਕਾਮਾਦਿਕ ਪੰਜ ਵਿਕਾਰ।

**ਕੋਟਿ ਮਧੇ :** ਕਰੋੜਾਂ ਵਿਚੋਂ।

**ਅਪਰਸ :** ਬੇਦਾਗ। ਪੁਨੀਤ। ਅਛੂਹ। (Undefiled)। ੧।

## ਦੂਜੀ ਪਉੜੀ

**ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥**
**ਬਿਸਨ ਕੀ ਮਾਇਆ ਤੇ ਹੋਇ ਭਿੰਨ ॥**
**ਕਰਮ ਕਰਤ ਹੋਵੈ ਨਿਹਕਰਮ ॥**
**ਤਿਸੁ ਬੈਸਨੋ ਕਾ ਨਿਰਮਲ ਧਰਮ ॥**
**ਕਾਹੂ ਫਲ ਕੀ ਇਛਾ ਨਹੀ ਬਾਛੈ ॥**
**ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥**
**ਮਨ ਤਨ ਅੰਤਰਿ ਸਿਮਰਨ ਗੋਪਾਲ ॥**
**ਸਭ ਊਪਰਿ ਹੋਵਤ ਕਿਰਪਾਲ ॥**
**ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥**
**ਨਾਨਕ ਓਹੁ ਬੈਸਨੋ ਪਰਮਗਤਿ ਪਾਵੈ ॥ ੨ ॥**

**ਵਿਸਥਾਰ**

ਉਹ ਹੀ ਹੈ ਵੈਸ਼ਨੋ, ਅਹਿੰਸਾ ਅਪਣਾਉਣ ਤੇ ਅਹਿੰਸਾ ਦੇ ਸਹੀ ਭਾਵ ਨੂੰ ਸਮਝਣ ਵਾਲਾ, ਜਿਸ ਪ੍ਰਭੂ ਦੀ ਰਚੀ ਹੋਈ ਮਾਇਆ ਦੀ ਖਿੱਚ ਨਹੀਂ ਖਾਧੀ, ਸਗੋਂ ਪ੍ਰਭੂ ਦੇ ਪਿਆਰ ਨੂੰ ਪਾ ਉਸ ਨੂੰ ਭਾ (ਸੁਪ੍ਰਸੰਨ) ਗਿਆ ਹੈ। ਨਿਰਾ ਇਸ ਵਿਚ ਨਹੀਂ ਲੱਗਾ ਰਹਿਆ ਕਿ ਵਿਸ਼ਨੂੰ ਨੂੰ ਇਹ ਚੰਗਾ ਲਗਦਾ ਹੈ ਤੇ ਇਹ ਮਾੜਾ। ਇਹ ਛੱਡੋ ਅਤੇ ਉਹ ਅਪਣਾਓ। ਇਹ ਖਾਓ ਤੇ ਉਹ ਨਾ ਖਾਓ। ਇਸ ਅਪਣਾਉਣ ਜਾਂ ਨ ਅਪਣਾਉਣ ਦੇ ਵਿਚਾਰਾਂ ਨੂੰ ਛੱਡ ਉਸ ਨੇ ਮਾਇਆ ਦੇ ਪੂਰਨ ਪ੍ਰਭਾਵ ਨੂੰ ਹੀ ਲਾਹ ਸੁੱਟ ਦਿੱਤਾ ਹੁੰਦਾ ਹੈ।

ਉਸ ਵੈਸਨੋ ਨੇ ਸਹੀ ਠੀਕ (ਨਿਰਮਲ) ਧਰਮ ਅਪਣਾਇਆ ਹੈ ਜੋ ਸਰਗਰਮ

 www.sikhbookclub.com

ਜ਼ਿੰਦਗੀ ਬਤੀਤ ਕਰਕੇ ਵੀ ਜਗਤ ਦੇ ਧੰਦਿਆਂ ਵਿਚ ਖੱਚਤ ਨਹੀਂ ਹੋਇਆ। ਉਦਮ ਤਾਂ ਕਰਦਾ ਹੈ ਪਰ ਉਲਝਿਆ ਨਹੀਂ। ਕਰਮ-ਕਾਂਡੀ ਨਹੀਂ ਬਣਿਆ। ਭਲਾਈ ਦਾ ਕੰਮ ਇਸ ਲਈ ਨਹੀਂ ਕਰਦਾ ਕਿ ਕੋਈ ਫ਼ਲ ਮਿਲੇਗਾ ਸਗੋਂ ਨੇਕੀ ਦੇ ਚਾਅ ਵਿਚ ਕਰਦਾ ਹੈ। ਕਰਮ-ਕਾਂਡੀਆਂ ਵਾਂਗ ਗਿਣਤੀ ਮਿਣਤੀ ਵਿਚ ਨਹੀਂ ਪਿਆ ਰਹਿੰਦਾ। ਹਰ ਕਰਮ ਦੇ ਪਿੱਛੇ ਕੋਈ ਇੱਛਾ ਲੁਕੀ ਨਹੀਂ ਹੁੰਦੀ ਸਗੋਂ ਸਭ ਇੱਛਾਵਾਂ ਤੇ ਕਾਬੂ ਪਾ ਕੇ ਪ੍ਰਭੂ ਭਾਗਿਆਂ ਦੀ ਸੰਗਤ ਕਰ ਕੇਵਲ ਗੁਣ ਗੋਬਿੰਦ ਗਾਉਣ (ਭਗਤਿ ਕੀਰਤਨ) ਵਿਚ ਰੁਚੀ ਲਗਾਉਂਦਾ ਹੈ। ਆਪਣਾ ਸਾਰਾ ਤਾਨ (ਮਨ ਤਨ) ਜਗਤ ਦੇ ਮਾਲਕ (ਗੋਪਾਲ) ਦੀ ਯਾਦ ਵਿਚ ਦ੍ਰਿੜ੍ਹ ਕਰਨ ਵਿਚ ਲਗਾਉਂਦਾ ਹੈ। ਨਿਰੀ ਪਸ਼ੂ ਦਇਆ ਨਹੀਂ ਸਗੋਂ ਸਗਲ ਜੀਅ-ਦਇਆ ਕਰਨ ਵਾਲਾ ਸੁਭਾਅ ਸਿਮਰਨ ਦੀ ਬਰਕਤ ਨਾਲ ਬਣਾ ਲੈਂਦਾ ਹੈ। ਆਪੂੰ ਉਹ ਪ੍ਰਭੂ ਦੀ ਹਜ਼ੂਰੀ ਦਾ ਅਨੰਦ ਨਿੱਤ ਮਾਣਦਾ ਹੈ ਅਤੇ ਨਿਵੇਕਲਾ ਹੋ ਨਹੀਂ ਬੈਠ ਜਾਂਦਾ। ਜਾਂ ਵੈਸ਼ਨੋ ਵਾਂਗ ਆਪਣੇ ਆਪ ਨੂੰ ਉੱਚਾ ਮਿਥ ਹੰਕਾਰ ਵਿਚ ਨਹੀਂ ਵਿਚਰਦਾ। ਦੂਜਿਆਂ ਨਾਲ ਨਫ਼ਰਤ ਨਹੀਂ ਕਰਦਾ (ਵੈਸ਼ਨੋ ਦੂਜੇ ਨੂੰ ਦੇਖ ਨੱਕ ਬਹੁਤ ਚਾੜ੍ਹਦੇ ਹਨ) ਸਗੋਂ ਹੋਰਨਾਂ ਨੂੰ ਵੀ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਕਾਸ਼ ਕਰਨ ਦਾ ਵੱਲ ਦੱਸਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸਾ ਵੈਸ਼ਨੋ ਹੀ ਉੱਚੀ ਆਤਮਕ ਟੀਸੀ ਛੂੰਹਦਾ ਹੈ। ੨।

**ਸ਼ਬਦ ਭਾਵ :**

**ਬੈਸਨੋ :** ਪ੍ਰਹੇਜ਼ਗਾਰ। ਵਿਸ਼ਨੂੰ ਦਾ ਉਪਾਸ਼ਕ। ਖ਼ਾਸ ਮਿੱਥੇ ਕਰਮ ਨਿਭਾਉਣ ਵਾਲਾ ਜਿਸ ਇਹ ਧਾਰ ਲਿਆ ਹੁੰਦਾ ਹੈ ਕਿ ਅਹਿੰਸਾ ਅਪਣਾਉਣੀ ਹੈ ਅਤੇ ਖ਼ਾਸ ਖ਼ਾਸ ਵਸਤੂਆਂ ਹੀ ਖਾਣੀਆਂ ਹਨ ਤੇ ਕੁਝ ਨੂੰ ਹੱਥ ਤੱਕ ਨਹੀਂ ਲਗਾਉਣਾ। ਵੈਸ਼ਨੋ ਲੋਕ ਇਹ ਸਮਝਦੇ ਹਨ ਕਿ ਵਿਸ਼ਨੂੰ ਨੂੰ ਜਿਸ ਜਿਸ ਸ਼ੈ ਨਾਲ ਪਿਆਰ ਹੈ ਉਹ ਨਹੀਂ ਖਾਣੀ।

ਵੈਸ਼ਨਵ ਵੀ ਕਈ ਪਰਕਾਰ ਦੇ ਹਨ ; ਜਿਵੇਂ ਉਹ ਵੀ ਵੈਸ਼ਨੋ ਹੀ ਅਖਵਾਂਦੇ ਹਨ ਜੋ ਸੂਰਜ ਛਿਪੇ ਆਹਾਰ ਨਹੀਂ ਕਰਦੇ। ਇਕ ਹੋਰ (ਮਧੂਚਾਰਯ) ਹਨ ਜੋ ਸਰੀਰ ਤੇ ਸੰਖ ਚਕ੍ਰ ਦੇ ਛਾਪੇ ਲਗਾਉਂਦੇ ਹਨ। ਆਪਣਾ ਤੇ ਆਪਣੀ ਸੰਤਾਨ ਦਾ ਨਾਂ 'ਕੇਸ਼ਵ' ਰਖਦੇ ਹਨ। ਉੱਚੀ ਉੱਚੀ ਪ੍ਰਭੂ ਦੇ ਗੀਤ ਗਾਂਦੇ ਹਨ।

ਉਹ ਵੀ ਵੈਸ਼ਨੋ ਹੀ ਅਖਵਾਂਦੇ ਹਨ ਜੋ **ਵਲਭਚਾਰਯ** ਦੇ ਚੇਲੇ ਹਨ। ਉਹ ਤੁਲਸੀ ਦੀ ਕੈਂਠੀ ਪਹਿਨ ਕੇ ਕ੍ਰਿਸ਼ਨ ਜੀ ਦੇ ਬਾਲਰੂਪ ਦੀ ਪੂਜਾ ਕਰਦੇ ਹਨ ਅਤੇ ਮੱਥੇ ਤੇ **'ਉਰਧ ਪੁੰਛ'** (ਖੜ੍ਹੀਆਂ ਤਿੰਨ ਲਕੀਰਾਂ ਜੋੜ ਕੇ) ਤਿਲਕ ਲਗਾਂਦੇ ਹਨ। ਵੈਸ਼ਨਵਾਂ (ਰਾਮਾਨੁਜ) ਦੇ ਟੇਢੇ ਤਿਲਕ ਨੂੰ ਘਿਰਣਾ ਦੀ ਅੱਖ ਨਾਲ ਤੱਕਦੇ ਹਨ। ਰਾਮਾਨੁਜ ਸੰਪ੍ਰਦਾ ਦੇ ਵੈਸ਼ਨੋ ਸਰੀਰ ਤੇ ਸੰਖ, ਚਕ੍ਰ, ਗਦਾ, ਪਦਮਚਿੰਨ੍ਹ ਧਾਰਨ ਕਰਦੇ ਹਨ ਪਰ ਤਿਲਕ ਟੇਢਾ ਲਗਾਂਦੇ ਹਨ। ਵਿਚਕਾਰਲੀ ਰੇਖਾ ਲਾਲ ਤੇ ਬਾਹਰਲੀ ਟੇਢੀ ਚਿੱਟੀ ਹੁੰਦੀ ਹੈ।

**ਸੁਪ੍ਰਸੰਨ :** ਪ੍ਰਭੂ ਦੀ ਪ੍ਰਸੰਨਤਾ ਪਾਉਣੀ।

 www.sikhbookclub.com

**ਬਿਸਨ ਕੀ**
**ਮਾਇਆ :** ਪ੍ਰਭੂ ਦੀ ਰਚੀ ਮਾਇਆ ।
**ਭਿੰਨ :** ਅਲਹਿਦਾ । ਵੱਖ । ਖੱਚਤ ਨਾ ਹੋਣਾ । (Aloof)
**ਕਰਮ ਕਰਤ :** ਸਰਗਰਮ ਜ਼ਿੰਦਗੀ । (Active Life)
**ਨਿਹਕਰਮ :** ਨ ਉਲਝਿਆ । ਜਗਤ ਤੋਂ ਉੱਚਾ ।
**ਬਾਛੈ :** ਚਾਹੁੰਦਾ ਹੈ । ਲੋਚਦਾ ਹੈ ।
**ਭਗਤਿ ਕੀਰਤਨ :** ਗੁਣ ਗੋਬਿੰਦ ਗਾਉਣ ਨੂੰ ਹੀ ਭਗਤੀ ਜਾਣਨਾ । ਕਿਸੇ ਅਵਤਾਰ ਦੀ ਪੂਜਾ ਵਿਚ ਯਕੀਨ ਨਾ ਰੱਖਣਾ । 'ਕੇਵਲ' ਦਾ ਸ਼ਬਦ ਗੁਰੂ ਪਿਤਾ ਨੇ ਇਸੇ ਲਈ ਲਿਖਿਆ ਕਿ ਗੁਣ ਗੋਬਿੰਦ ਗਾਉਣ ਵਾਲਾ ਚਵੀ ਅਵਤਾਰਾਂ ਵਿਚੋਂ ਕਿਸੇ ਇਕ ਨੂੰ ਵੀ ਨਹੀਂ ਮੰਨਦਾ ।
**ਮਨ ਤਨ :** ਜਿੰਦ ਜਿਸਮ । ਪੂਰੇ ਤਾਣ ਨਾਲ (Mind and Bodily Powers)
**ਸਭ ਊਪਰਿ :** ਹਰ ਇਕ ਤੇ । ਕਿਸੇ ਖ਼ਾਸ ਪਸ਼ੂ ਤੇ ਨਹੀਂ । ਨਿਰੀ ਗਊ ਜਾਂ ਹੋਰ ਪਸ਼ੂ ਪ੍ਰਤੀ ਦਇਆ ਨਹੀਂ ਸਗੋਂ ਹਰ ਜੀਵ ਲਈ ।
**ਦ੍ਰਿੜੈ :** ਯਕੀਨ ਬੱਝ ਜਾਣਾ । ਪ੍ਰਭੂ ਦੀ ਹਜ਼ੂਰੀ ਦੇ ਅਨੰਦ ਨੂੰ ਮਾਨਣ ਵਾਲਾ । (Convinced of his greatness)
**ਅਵਰਹ :** ਹੋਰਨਾਂ ਨੂੰ ।
**ਜਪਾਵੈ :** ਆਪਣੇ ਤੋਂ ਸਿਵਾ ਦੂਜਿਆਂ ਨੂੰ ਉਤਸ਼ਾਹਿਤ ਕਰਨਾ । ਪ੍ਰਭੂ ਦੀ ਯਾਦ ਵਿਚ ਲਗਾਉਣਾ । (Make others feel)
**ਪਰਮ ਗਤਿ :** ਉੱਚ ਆਤਮਿਕ ਅਵਸਥਾ । ੨ ।

## *ਤੀਜੀ ਪਉੜੀ*

**ਭਗਉਤੀ ਭਗਵੰਤ ਭਗਤਿ ਕਾ ਰੰਗੁ ॥**
**ਸਗਲ ਤਿਆਗੈ ਦੁਸਟ ਕਾ ਸੰਗੁ ॥**
**ਮਨ ਤੇ ਬਿਨਸੈ ਸਗਲਾ ਭਰਮੁ ॥**
**ਕਰ ਪੂਜੈ ਸਗਲ ਪਾਰਬ੍ਰਹਮੁ ॥**
**ਸਾਧ ਸੰਗਿ ਪਾਪਾ ਮਲੁ ਖੋਵੈ ॥**
**ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥**
**ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥**
**ਮਨੁ ਤਨੁ ਅਰਪੈ ਬਿਸਨ ਪਰੀਤਿ ॥**
**ਹਰਿ ਕੇ ਚਰਨ ਹਿਰਦੈ ਬਸਾਵੈ ॥**
**ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩ ॥**

***ਵਿਸਥਾਰ***

ਜੋ ਸ਼ਾਕਾਹਾਰੀ ਤੇ ਅਹਿੰਸਾ ਵਾਦੀ ਬਣ ਕੇ ਹੀ ਵਾਹਿਗੁਰੂ ਦੇ ਭਗਤ ਬਣੀ ਫਿਰਦੇ ਹਨ, ਉਹ ਨਹੀਂ 'ਭਗਉਤੀ' ਅਖਵਾਉਣ ਜੋਗ । ਭਗਤ ਅਖਵਾਉਣ ਦਾ ਉਹ ਹੀ ਹਕਦਾਰ ਹੈ ਜਿਸ ਨੂੰ ਪ੍ਰਭੂ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ ਅਤੇ ਬਦ, ਨਾਸਤਕਾਂ ਖੋਟਿਆਂ ਦੀ ਸੰਗਤ ਮੂਲੋਂ ਹੀ ਤਿਆਗ ਦਿਤੀ

 www.sikhbookclub.com

ਹੈ। ਸੁੱਚਮ ਰੱਖਣ ਦੇ ਬਹਾਨੇ ਇਨਸਾਨਾਂ ਨੂੰ ਦੂਰੇ ਦੂਰੇ ਨਹੀਂ ਕਰਦਾ ਸਗੋਂ ਸਭ ਖ਼ਲਕ ਵਾਹਿਗੁਰੂ ਦੀ ਜਾਈ ਜਾਣ ਪਿਆਰ ਕਰਦਾ ਹੈ । ਉਹ ਹੈ (ਭਗਉਤੀ) ਪ੍ਰਭੂ ਦਾ ਉਪਾਸ਼ਕ ਜਿਸ ਹਰ ਪ੍ਰਕਾਰ ਦੇ ਵਹਿਮਾਂ ਭਰਮਾਂ ਨੂੰ ਮੁਕਾ ਦਿਤਾ ਹੈ ਅਤੇ ਉਸ ਦੀ ਸਾਜੀ ਸਾਰੀ ਸ੍ਰਿਸ਼ਟੀ ਨੂੰ ਉਸੇ ਦੀ ਪੈਦਾ ਕੀਤੀ ਜਾਣ ਛੱਡਦਾ ਨਹੀਂ ਸਗੋਂ ਵਿਚਰਦਾ ਤੇ ਸਹੀ ਵਰਤੋਂ ਕਰਦਾ ਹੈ। ਸੰਸਾਰ ਨੂੰ ਨਿੰਦਦਾ ਨਹੀਂ। **'ਪੂਜੈ ਸਗਲ ਪਾਰਬ੍ਰਹਮੁ ।'** ਕੀਤੇ ਪਾਪਾਂ ਲਈ ਥਾਂ-ਥਾਂ ਇਸ਼ਨਾਨ ਨਹੀਂ ਕਰਦਾ ਫਿਰਦਾ ਸਗੋਂ ਚੜ੍ਹੀ ਪਾਪਾਂ ਦੀ ਮੈਲ ਸਾਧ ਸੰਗਤ ਵਿਚ ਜਾ ਉਤਾਰਦਾ ਹੈ। ਪਾਪਾਂ ਦੀ ਮੈਲ ਨ ਰਹਿਣ ਕਰਕੇ ਪ੍ਰਭੂ ਪਿਆਰੇ ਦੀ ਮਤਿ ਉੱਚੀ ਹੋ ਜਾਂਦੀ ਹੈ। ਉਹ ਹੁਣ ਨਾ ਵਹਿਮਾਂ ਵਿਚ ਪੈਂਦਾ ਹੈ ਤੇ ਨਾ ਹੀ ਕ੍ਰਿਆ ਵਿਚ ਲੱਗਾ ਰਹਿੰਦਾ ਹੈ। ਸਿਮਰਨ ਟੁੱਟਣ ਨਹੀਂ ਦੇਂਦਾ। ਅੰਦਰ ਹੋਏ ਚਾਨਣ ਕਾਰਨ ਲੋਕਾਂ ਦੀ ਸੇਵਾ ਨੂੰ ਪ੍ਰਭੂ ਦੀ ਪੂਜਾ ਜਾਣਦਾ ਹੈ। ਮਾਇਆ ਉਸ ਨੇ ਜਿੱਤ ਲਈ ਹੁੰਦੀ ਹੈ। ਸੋ ਉਹ ਆਪਣਾ ਸਾਰਾ ਤਾਣ, ਜਿੰਦ-ਜਿਸਮ, ਮਨ-ਤਨ, ਪ੍ਰਭੂ ਪਿਆਰ, ਲੋਕ ਭਲਾਈ ਲਈ ਅਰਪ ਦੇਂਦਾ ਹੈ। ਸੇਵਾ ਕਰਦਾ ਅੱਕਦਾ ਥੱਕਦਾ ਨਹੀਂ। ਸਭ ਤੋਂ ਵੱਡੀ ਗੱਲ ਕਿਸੇ ਪ੍ਰਾਪਤੀ ਦਾ ਹੰਕਾਰ ਨਹੀਂ ਕਰਦਾ। ਨਿਮ੍ਰਤਾ ਅੰਦਰ ਧਾਰੀ ਹੁੰਦੀ ਸੂ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸਾ ਭਗਉਤੀ ਜਿਸ ਮਾਇਆ ਲਿਤਾੜੀ ਹੁੰਦੀ ਹੈ, ਵਹਿਮਾਂ ਦੇ ਨੇੜੇ ਤਕ ਨਹੀਂ ਜਾਂਦਾ। ਸੰਸਾਰ ਵਿਚ ਵਿਚਰਦਾ ਹੋਇਆ ਵੀ ਸਿਮਰਨ ਸੇਵਾ ਵਿਚ ਲੱਗਾ ਰਹਿੰਦਾ ਹੈ। ਇਸ ਤਰ੍ਹਾਂ ਪ੍ਰਭੂ ਨੂੰ ਅਵੱਸ਼ ਪਾ ਲੈਂਦਾ ਹੈ। ੩।

SIKHBOOKCLUB.COM

**ਸ਼ਬਦ ਭਾਵ :**

**ਭਗਉਤੀ** : ਇਹ ਪ੍ਰਭੂ ਦੇ ਉਪਾਸ਼ਕ ਕਹਿਲਾਉਣ ਵਾਲੇ ਵੀ ਇਕ ਪ੍ਰਕਾਰ ਦੇ 'ਅਪਰਸ' ਹੀ ਹੁੰਦੇ ਹਨ। ਮਾਸ ਨਹੀਂ ਖਾਂਦੇ। ਕੁਝ ਸ਼ੈਆਂ ਨੂੰ ਹੱਥ ਨਹੀਂ ਲਗਾਂਦੇ। ਗੱਲੀਂ ਗੱਲੀਂ ਇਸ਼ਨਾਨ ਕਰਦੇ, ਹੱਥ ਧੋਂਦੇ ਅਤੇ ਅਲਹਿਦਗੀ ਪਸੰਦ ਹੁੰਦੇ ਹਨ।

ਖ਼ਾਸ ਤਰ੍ਹਾਂ ਦੇ ਬਸਤ੍ਰ ਤੇ ਨਿਸ਼ਾਨੀਆਂ ਰੱਖ ਕੇ ਪ੍ਰਗਟਾਵਾ ਇਹ ਕਰਦੇ ਹਨ ਕਿ ਉਨ੍ਹਾਂ ਮਾਇਆ ਤਿਆਗੀ ਹੋਈ ਹੈ। ਪ੍ਰਭਾਤੀ ਰਾਗ ਦੀ ਅਸ਼ਟਪਦੀ ਵਿਚ ਗੁਰੂ ਅਰਜਨ ਦੇਵ ਜੀ ਨੇ **'ਭਗਉਤੀ ਮੁਦ੍ਰਾ, ਮਨੁ ਮੋਹਿਆ ਮਾਇਆ'** ਫ਼ਰਮਾ ਕੇ ਐਸਿਆਂ ਭਗਉਤੀਆਂ ਦਾ ਪਾਜ ਉਘੇੜਿਆ ਹੈ।

**ਦੁਸਟ** : ਨੀਵੀਂ ਆਤਮਾ। ਖੋਟੇ। ਨਾਸਤਕ। (Evil persons)

**ਕਰਿ ਪੂਜੇ ਸਗਲ ਪਾਰਬ੍ਰਹਮੁ** : ਸੰਸਾਰ ਨੂੰ ਨਿੰਦਦਾ ਨਹੀਂ ਸਗੋਂ ਪੂਰੀ ਤਰ੍ਹਾਂ ਵਿਚਰਦੇ ਹੋਏ ਆਦਰ ਦੇਂਦਾ ਹੈ।

**ਟਹਲ** : ਸੇਵਾ। ਸਿਮਰਨ ਕਰਦੇ ਭਲਾਈ ਦਾ ਰਾਹ ਨਾ ਛੱਡਣਾ।

**ਚਰਨ ਹਿਰਦੈ ਬਸਾਵੈ** : ਪੂਰਨ ਨਿਮ੍ਰਤਾ ਧਾਰਦਾ ਹੈ। ੩।

## ਚੌਥੀ ਪਉੜੀ

ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮ ਨਾਮੁ ਆਤਮ ਮਹਿ ਸੋਧੈ ॥
ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥
ਹਰਿ ਕੀ ਕਥਾ ਹਿਰਦੈ ਬਸਾਵੈ ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥
ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥
ਨਾਨਕ ਉਸ ਪੰਡਿਤ ਕਉ ਸਦਾ ਅਦੇਸੁ ॥ ੪ ॥

**ਵਿਸਥਾਰ**

ਉਹ ਹੀ ਉੱਤਮ ਵਿਚਾਰਵਾਨ (ਪੰਡਿਤ-ਬੇਦਾਗ-ਅਪਰਮ) ਹੈ ਜੋ ਚਰਚਾ ਕਰਨ ਦੀ ਥਾਂ ਅੰਦਰਲੇ ਨੂੰ ਸਮਝਾਂਦਾ ਰਹਿੰਦਾ ਹੈ ਤੇ ਪ੍ਰਭੂ ਵਲੋਂ ਮਨ ਨੂੰ ਅਵੇਸਲਾ ਨਹੀਂ ਹੋਣ ਦੇਂਦਾ। ਪੂਰੀ ਸੋਝੀ ਪ੍ਰਾਪਤ ਕਰਕੇ ਨਿਰਾ ਉਪਰੀ ਤੌਰ ਜਾਂ ਦਿਖਾਵੇ ਲਈ ਨਹੀਂ ਆਪੇ (ਆਤਮਾ) ਨੂੰ ਪ੍ਰਭੂ ਦੀ ਹਜ਼ੂਰੀ ਹਾਸਲ ਕਰਨ ਲਈ ਲਗਾਂਦਾ ਹੈ।

ਹਜ਼ੂਰੀ ਦਾ ਪ੍ਰਕਾਸ਼ ਕਰਕੇ ਪ੍ਰਭੂ ਦੇ ਪਿਆਰ ਵਿਚ ਮਸਤ ਰਹਿੰਦਾ ਹੈ। ਐਸਾ ਸੁਆਦ ਆਉਂਦਾ ਸੂ ਕਿ ਸਾਰ ਦੀ ਗੱਲ ਕਰਦਾ ਹੈ। ਚਰਚਾ ਵਿਚ ਨਹੀਂ ਪੈਂਦਾ। ਐਸੇ ਪੰਡਿਤ ਦੀ ਥੋੜ੍ਹੀ ਜਿਹੀ ਕਹੀ ਸਾਰ ਦੀ ਗੱਲ (ਉਪਦੇਸ਼) ਜਗਤ ਨੂੰ ਜ਼ਿੰਦਗੀ ਦਾ ਮਕਸਦ ਦਰਸਾ ਦੇਂਦੀ ਹੈ, ਐਸਾ (ਸਾਰ ਰਸ ਪੀਣ ਵਾਲਾ, ਆਤਮ-ਸੋਧਿਆ) ਪੰਡਿਤ ਜੋ ਕਹਿੰਦਾ ਹੈ ਉਹ ਕਰਦਾ ਵੀ ਹੈ। ਉਸ ਦੀ ਭਟਕਣਾ ਮੁੱਕ ਜਾਂਦੀ ਹੈ। ਜਨਮ ਮਰਨ ਦਾ ਗੇੜ ਖ਼ਤਮ ਹੋ ਜਾਂਦਾ ਹੈ। ਵੇਦ ਪੁਰਾਨ ਤੇ ਸਿਮ੍ਰਤੀਆਂ ਦੀਆਂ ਵਿਆਖਿਆਵਾਂ ਵਿਚ ਹੀ ਨਹੀਂ ਪਿਆ ਰਹਿੰਦਾ। ਤੱਤ ਦੀ ਗੱਲ ਸਮਝ ਆ ਜਾਂਦੀ ਸੂ ਕਿ ਜਗਤ ਦਾ ਮੂਲ ਪ੍ਰਭੂ ਹੈ। ਉਸ ਤੋਂ ਹੀ ਇਹ ਸਾਰਾ ਪਸਾਰਾ ਹੋਇਆ ਹੈ। **'ਸੂਖਮ ਮਹਿ ਜਾਨੈ ਅਸਥੂਲੁ'। ਜਦ** ਇਹ ਸੋਝੀ ਕਿ ਸਭ ਗਿਆਨਾਂ ਅਤੇ ਜਗਤ ਦਾ ਮੂਲ ਆਪ ਵਾਹਿਗੁਰੂ ਹੈ, ਹੋ ਗਈ ਤਾਂ ਉਪਦੇਸ਼ ਦੇਣ ਵੇਲੇ ਪ੍ਰਭੂ ਦੇ ਜਾਇਆਂ ਵਿਚ ਕਿਉਂ ਫ਼ਰਕ ਰਖਿਆ ਜਾਏ। ਖਤ੍ਰੀ ਲਈ ਵੱਖ ਤੇ ਸ਼ੂਦਰ ਲਈ ਕੋਈ ਹੋਰ ਕਿਉਂ ਹੋਵੇ। ਉਸੇ ਪੰਡਿਤ ਨੂੰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਾਡੀ ਸਦਾ ਨਮਸਕਾਰ ਹੈ ਜੋ ਤਫ਼ਰਕੇ ਨਹੀਂ ਪਾਉਂਦਾ। ਵਰਨਾ-ਸ਼੍ਰਮ ਨੂੰ ਨਾ ਮੰਨਦੇ ਹੋਏ ਹਰ ਜੀਵ ਨੂੰ ਇਕੋ ਜਿਹਾ ਉਪਦੇਸ਼ ਦੇਂਦਾ ਹੈ। ੪।

**ਸ਼ਬਦ ਭਾਵ**

**ਪਰਬੋਧੈ** : ਸਾਵਧਾਨ ਰੱਖਣਾ। ਅਵੇਸਲਾ ਨ ਹੋਣ ਦੇਣਾ। ਸਮਝਾਈ ਜਾਣਾ। (Instructs)

**ਆਤਮ ਮਹਿ ਸੋਧੈ** : ਆਪਣੇ ਅੰਦਰੋਂ ਹੀ ਭਾਲ ਕਰੇ। ਬਾਹਰ ਨਾ ਢੂੰਡੇ।

 www.sikhbookclub.com

**ਜਗੁ ਜੀਵੈ** : ਸੰਸਾਰ ਦੇ ਲੋਕਾਂ ਦਾ ਜੀਵਨ ਦਾ ਮਕਸਦ ਪਾ ਲੈਣਾ ।

**ਬੂਝੈ ਮੂਲ** : ਮੁੱਕਦੀ ਗੱਲ ਕਿ ਸਭ ਗਿਆਨਾਂ ਵਿਚ ਤਾਂ ਪ੍ਰਭੂ ਹੈ, ਜਾਣ ਲਵੇ ।

**ਸੂਖਮ ਮਹਿ ਜਾਨੈ ਅਸਥੂਲੁ** : ਇਸ ਗੱਲ ਦਾ ਗਿਆਨ ਹੋ ਜਾਵੇ ਕਿ ਦਿਸਦੇ (ਅਸਥੂਲ—Apparent) ਜਗਤ ਦਾ ਕਾਰਨ ਉਹ ਅਦ੍ਰਿਸ਼ਟ (ਸੂਖਮ-Subtle) ਪ੍ਰਭੂ ਹੈ ।

**ਚਹੁ ਵਰਨਾ** : ਚਾਰੇ ਵਰਣ । ਬ੍ਰਾਹਮਣ, ਖਤ੍ਰੀ, ਵੈਸ਼, ਸੂਦ ।

**ਅਦੇਸੁ** : ਨਮਸਕਾਰ । ੪ ।

## ਪੰਜਵੀਂ ਪਉੜੀ

**ਬੀਜ ਮੰਤ੍ਰੁ ਸਰਬ ਕੋ ਗਿਆਨੁ ॥**
**ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥**
**ਜੋ ਜੋ ਜਪੈ ਤਿਸ ਕੀ ਗਤਿ ਹੋਇ ॥**
**ਸਾਧ ਸੰਗਿ ਪਾਵੈ ਜਨੁ ਕੋਇ ॥**
**ਕਰਿ ਕਿਰਪਾ ਅੰਤਰਿ ਉਰ ਧਾਰੈ ॥**
**ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥**
**ਸਰਬ ਰੋਗ ਕਾ ਅਉਖਦੁ ਨਾਮੁ ॥**
**ਕਲਿਆਣ ਰੂਪ ਮੰਗਲ ਗੁਣ ਗਾਮ ॥**
**ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥**
**ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮੁ ॥ ੫ ॥**

**ਵਿਸਥਾਰ**

ਮੁੱਢ ਦੀ ਜੜ ਵਰਗੀ ਬਾਤ (ਬੀਜ ਮੰਤ੍ਰ), ਸਭ ਦੇ ਜਾਨਣ ਵਾਲੀ (ਸਰਬ ਕੋ ਗਿਆਨੁ) ਬਸ ਇਤਨੀ ਹੈ ਕਿ ਕੋਈ ਵੀ ਚਹੁੰ ਵਰਨਾਂ ਵਿਚ ਪ੍ਰਭੂ ਦੀ ਯਾਦ ਨੂੰ ਦ੍ਰਿੜ੍ਹ ਕਰ ਹਜ਼ੂਰੀ ਦਾ ਪ੍ਰਕਾਸ਼ ਕਰ ਲਵੇ ਅਤੇ ਫਿਰ ਇਸ ਪ੍ਰਕਾਸ਼ ਨੂੰ ਸਿਮਰਨ ਦੁਆਰਾ ਮੱਧਮ ਨਾ ਪੈਣ ਦੇਵੇ ਤਾਂ ਉਸ ਨੂੰ ਇਕਾਗ੍ਰਤਾ ਮਿਲ ਜਾਏਗੀ ਅਤੇ ਫਿਰ ਇਕਾਗ੍ਰਤਾ ਪਾ ਹੰਕਾਰ ਦਾ ਦਾਅ ਨਾ ਖਾਵੇ ਤੇ ਪੁੱਗਿਆਂ ਦੀ ਸੰਗਤਿ ਜੇ ਕਰਦਾ ਰਵ੍ਹੇ ਤਾਂ ਪ੍ਰਭੂ ਨੂੰ ਪਾ ਲਵੇਗਾ ।

ਇਹ ਕਿਸੇ ਵੇਲੇ ਵੀ ਚਿੱਤ ਵਿਚ ਨਹੀਂ ਆਉਣਾ ਚਾਹੀਦਾ ਕਿ ਕਿਸੇ ਨੂੰ ਆਪਣੇ ਜਤਨ ਨਾਲ ਮਿਲਿਆ ਹੈ । ਉਹ ਮਿਹਰ ਕਰਕੇ ਜਿਸ ਅੰਦਰ ਚਾਹੇ ਹਜ਼ੂਰੀ ਦਾ ਅਨੰਦ ਬਖ਼ਸ਼ ਦੇਂਦਾ ਹੈ । ਸਿਮਰਨ ਪਾਸੇ ਲੱਗਿਆਂ ਦੀ ਗਲ ਛੱਡੋ ਉਸ ਦੀ ਮਿਹਰ ਹੋ ਜਾਏ ਤਾਂ ਪਸ਼ੂ ਵਰਗੇ ਜੀਵ, ਭਟਕੀਆਂ ਰੂਹਾਂ (ਪ੍ਰੇਤ), ਮੂਰਖ ਅਤੇ ਪੱਥਰ-ਚਿਤ ਇਨਸਾਨਾਂ ਨੂੰ ਵੀ ਤਾਰ ਦੇਂਦਾ ਹੈ । ਸਾਰੇ ਹੀ ਰੋਗਾਂ, ਭਾਵੇਂ ਉਹ ਸਰੀਰਕ ਹਨ ਜਾਂ ਮਾਨਸਿਕ, ਦੀ ਦਵਾਈ ਇਕੋ, ਅੰਦਰ ਹਜ਼ੂਰੀ ਦਾ ਪ੍ਰਕਾਸ਼ ਕਰਨਾ ਹੈ । ਨਾਮ ਅੰਦਰ ਇਕ ਚਾਅ ਪੈਦਾ ਕਰਦਾ ਹੈ ਅਤੇ ਸੋਝੀ ਦੇਂਦਾ ਹੈ ਕਿ ਖ਼ੁਸ਼ਹਾਲੀ ਤੇ ਤੰਦਰੁਸਤੀ ਲਈ ਪ੍ਰਭੂ ਦੇ ਗੁਣ ਗਾਉਂਦੇ ਰਹਿਣਾ ਚਾਹੀਦਾ ਹੈ ।

'ਹਰਿ ਹਰਿ ਨਾਮ ਦੀਓ ਕੀਰਤਨ ਕਉ
ਭਈ ਹਮਾਰੀ ਗਾਤਿ'

ਦਾ ਫ਼ੁਰਮਾਨ ਧਨਾਸਰੀ ਰਾਗ ਵਿਚ ਆਪੂੰ ਗੁਰੂ ਅਰਜਨ ਦੇਵ ਜੀ ਨੇ ਹੀ ਕੀਤਾ ਹੈ। ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਇਹ ਗੱਲ ਪੱਕੀ ਕਰ ਜਾਣ ਲੈਣੀ ਚਾਹੀਦੀ ਹੈ ਕਿ ਕਿਸੇ ਹੋਰ ਜੁਗਤੀ, ਢੰਗ, ਤਰੀਕੇ, ਕਰਮ, ਧਰਮ ਕਿਰਿਆ ਨਾਲ ਨਾਮ ਨਾ ਅੰਦਰ ਟਿਕਾਇਆ ਤੇ ਨਾ ਪਕੜਿਆ (ਧਰਮਿ) ਜਾ ਸਕਦਾ ਹੈ, ਇਹ ਤਾਂ ਨਿਰੋਲ ਉਸ ਦੀ ਬਖ਼ਸ਼ਸ਼ ਦਾ ਚਮਤਕਾਰ ਹੈ।੫।

*ਸ਼ਬਦ ਭਾਵ :*

ਬੀਜ ਮੰਤ੍ਰ : ਮੁੱਢ ਦੀ ਜੜ ਵਤ ਬਾਤ। (Ultimate source of things)
ਸਰਬ ਕੋ ਗਿਆਨੁ : ਹਰ ਇਕ ਦੇ ਜ਼ਿਹਨ ਨਸ਼ੀਨ ਕਰਨ ਵਾਲੀ। ਸਭਨਾਂ ਦੇ ਮਾਣਨ ਵਾਲੀ।
ਗਤਿ : ਖਲਾਸੀ। ਪਾਰ ਉਤਾਰਾ। (Emancipation)
ਜਨੁ : ਸੇਵਕ।
ਉਰਧਾਰੈ : ਹਿਰਦੇ ਟਿਕਾਉਂਦਾ ਹੈ।
ਪਸੁ : ਪਸ਼ੂ। ਪਸ਼ੂਆਂ ਵਰਗੇ ਇਨਸਾਨ।
ਪ੍ਰੇਤ : ਭਟਕੀਆਂ ਰੂਹਾਂ।
ਮੁਘਦ : ਮੂਰਖ। ਮੂੜ੍ਹ। (Unenlightened)
ਪਾਥਰ : ਪੱਥਰ ਚਿਤ ਇਨਸਾਨ।
ਗੁਣ ਗਾਮ : ਗੁਣ ਗਾਉਣੇ। ਕੀਰਤਨ।
ਅਉਖਧੁ : ਦਵਾਈ। ਇਲਾਜ। (Magic panacea)
ਕਲਿਆਣ ਰੂਪ : ਖ਼ੁਸ਼ਹਾਲੀ। (weal)
ਮੰਗਲ : ਚਾਅ। (joy)
ਜੁਗਤਿ : ਢੰਗ। ਕਰਮ ਕਿਰਿਆ।੫।

## ਛੇਵੀਂ ਪਉੜੀ

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥
ਤਿਸ ਕਾ ਨਾਮੁ ਸਤਿ ਰਾਮਦਾਸੁ ॥
ਆਤਮ ਰਾਮੁ ਤਿਸੁ ਨਦਰੀ ਆਇਆ ॥
ਦਾਸ ਦਸੰਤਣ ਭਾਇ ਤਿਨਿ ਪਾਇਆ ॥
ਸਦਾ ਨਿਕਟਿ ਨਿਕਟਿ ਹਰਿ ਜਾਨੁ ॥
ਸੋ ਦਾਸੁ ਦਰਗਹ ਪਰਵਾਨੁ ॥
ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥
ਤਿਸੁ ਦਾਸ ਕਉ ਸਭ ਸੋਝੀ ਪਰੈ ॥
ਸਗਲ ਸੰਗਿ ਆਤਮ ਉਦਾਸੁ ॥
ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥

 www.sikhbookclub.com

**ਵਿਸਥਾਰ**

ਉਹ ਨਹੀਂ ਰਾਮ ਦੇ ਸਹੀ ਸੇਵਕ (ਸਤਿ ਰਾਮਦਾਸੁ) ਜੋ ਘੁੰਘਰੂ ਬੰਨ੍ਹ ਕੇ ਮੰਦਰਾਂ ਵਿਚ ਜਾ ਨੱਚਦੇ ਫਿਰਦੇ ਹਨ ਸਗੋਂ ਉਹ ਹਨ ਜਿਨ੍ਹਾਂ ਅਪਹੁੰਚ ਤੇ ਪਰ੍ਹਾਂ ਕਹੇ ਜਾਂਦੇ ਵਾਹਿਗੁਰੂ ਨੂੰ ਅੰਦਰ ਟਿਕਾ ਨਾਮ ਦੀ ਧੁਨ ਸੁਣ ਲਈ ਹੈ। ਪੂਰਨ ਨਿੰਮ੍ਰਤਾ ਧਾਰਨ ਕਰਕੇ (ਦਾਸ ਦਸੰਤਣ ਭਾਇ) ਹੀ ਐਸਾ ਹੁੰਦਾ ਹੈ ਕਿ ਨਿੱਕਾ ਜਿਹਾ ਆਪਾ (ਆਤਮਾ) ਉਸ ਵਡੇ ਰਾਮ ਦਾ ਹਿੱਸਾ ਜਾਪਣ ਲੱਗ ਪੈਂਦਾ ਹੈ। ਅੰਦਰਲਾ ਵਿਸ਼ਾਲ ਹੋ ਜਾਂਦਾ ਹੈ। ਨਿੱਕਾ-ਪਣ ਖ਼ਤਮ ਹੋ ਜਾਂਦਾ ਹੈ। ਨਿੰਮ੍ਰਤਾ, ਨਿੱਕਾ-ਪਣ ਮਿਟਾ ਦੇਂਦੀ ਹੈ। ਇਸ ਤਰ੍ਹਾਂ ਜੋ ਪ੍ਰਭੂ ਨੂੰ ਸਦਾ ਹੀ ਨੇੜੇ ਤੱਕਦਾ ਹੈ, ਉਸ ਵਿਚ ਹੰਕਾਰ ਦਾ ਲੇਸ਼ ਮਾਤ੍ਰ ਵੀ ਨਹੀਂ ਰਹਿੰਦਾ। ਉੱਚਾ ਬੋਲ ਨਹੀਂ ਬੋਲਦਾ, ਉਸ ਨੂੰ ਆਪਣੀ ਕੂਤ ਦਾ ਅਹਿਸਾਸ ਰਹਿੰਦਾ ਹੈ ਤੇ ਇਸ ਤਰ੍ਹਾਂ ਪ੍ਰਭੂ ਦੇ ਦਰ ਮਾਣ ਪਾਂਦਾ ਹੈ। ਨਿਮ੍ਰਤਾ ਧਾਰੀ ਤੇ ਪ੍ਰਭੂ ਆਪ ਹੀ ਮਿਹਰ ਕਰਕੇ ਦੀਦਾਰ ਦੇਂਦਾ ਹੈ ਅਤੇ ਪੂਰਨ ਗਿਆਨ ਬਖ਼ਸ਼ਦਾ ਹੈ ਜਿਸ ਸਦਕਾ ਹਰ ਸ਼ੈ ਦੀ ਅਸਲੀਅਤ ਦਿੱਸ ਆਂਦੀ ਹੈ। ਇਸੇ ਪੂਰਨ ਗਿਆਨ ਦਾ ਸਦਕਾ ਹੀ ਰਾਮ ਦਾ ਦਾਸ ਜਗਤ ਵਿਚ ਵਿਚਰਦੇ ਵੀ ਜਗਤ ਤੋਂ ਉੱਚਾ ਰਹਿੰਦਾ ਹੈ ਅਤੇ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਨਿੰਮ੍ਰਤਾ ਧਾਰਨ ਕਰਨ ਵਾਲਾ ਪ੍ਰਭੂ ਦਾ ਸੇਵਕ, ਜਗਤ ਵਿਚ ਰਹਿ ਜਗਤ ਤੋਂ ਉੱਚਾ, ਜੀਵਨ ਰਾਹ ਅਪਣਾਉਣ ਕਰਕੇ, ਸੰਸਾਰ ਉਸ ਨੂੰ ਹੁਣ ਖਿੱਚ ਨਹੀਂ ਪਾਉਂਦਾ। ੬।

*ਸ਼ਬਦ ਭਾਵ :*

**ਰਾਮਦਾਸੁ :** ਇਹ ਵੀ ਇਕ ਪ੍ਰਕਾਰ ਦੇ 'ਅਪਰਸ' ਸਨ ਜੋ ਘੁੰਘਰੂ ਬੰਨ੍ਹ ਮੰਦਰਾਂ ਵਿਚ ਜਾ ਨੱਚਦੇ ਸਨ ਤੇ ਨੱਚਦੇ ਨੱਚਦੇ ਆਪਣੀ ਸੁਧ ਬੁਧ ਭੁੱਲ ਜਾਂਦੇ ਸਨ।
'ਘੁੰਘਰੂ ਬਾਧ ਭਏ ਰਾਮਦਾਸਾ' ਨੂੰ ਗੁਰੂ ਅਰਜਨ ਦੇਵ ਜੀ ਨੇ ਚੰਗਾ ਨਹੀਂ ਗਿਣਿਆ। ਰਾਮਦਾਸ ਉਹ ਹੀ ਹੈ ਜਿਸ ਨਿੰਮ੍ਰਤਾ ਧਾਰੀ ਹੈ। ਜਗਤ ਵਿਚ ਰਹਿ ਜਗਤ ਤੋਂ ਉੱਚਾ ਰਹਿਣ ਦੀ ਜਾਚ ਸਿੱਖ ਲਈ ਹੈ।

**ਰਾਮ ਸਨੇਹੀ :** ਜੈਪੁਰ ਰਿਆਸਤ ਦੇ ਪਿੰਡ ਸੂਰਸੈਣ ਦਾ ਇਕ ਵਸਨੀਕ ਰਾਮ ਚਰਣ ਸੀ ਇਸ ਦੇ ਚੇਲਿਆਂ ਨੂੰ 'ਰਾਮ ਸਨੇਹੀ' ਕਹਿੰਦੇ ਸਨ। ਇਹ ਗ੍ਰਹਿਸਤੀ ਨਹੀਂ ਸਨ ਹੁੰਦੇ। ਜਲ ਲਈ ਕਾਠ ਦਾ ਕਰਮੰਡਲ ਰਖਦੇ ਸਨ ਤੇ ਚਹੁ ਮਾਸੇ : ਬਾਰਸ਼ਾਂ ਦੇ ਦਿਨਾਂ ਵਿਚ ਸਫ਼ਰ ਨਹੀਂ ਕਰਦੇ ਸਨ।

**ਸਤਿ :** ਸਹੀ। ਅਸਲ। (True)

**ਆਤਮ ਰਾਮੁ :** ਜੋ ਸਰਬ ਵਿਆਪਕ ਹੈ ਉਸ ਦਾ ਝਲਕਾਰਾ ਅੰਦਰ ਕਰ ਲੈਣਾ। (vivid existence of all pervading)

**ਦਾਸ ਦਸੰਤਣ :** ਪੂਰਨ ਨਿੰਮ੍ਰਤਾ। (Extreme selflessness)

**ਜੁਗਤ :** ਤਰੀਕਾ। ਢੰਗ। (Way)। ੬।

## ਸਤਵੀਂ ਪਉੜੀ

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥**
**ਜੀਵਨ ਮੁਕਤਿ ਸੋਊ ਕਹਾਵੈ ॥**

ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥

**ਵਿਸਥਾਰ**

ਉਸ ਦੀਆਂ ਜਿਊਂਦਿਆਂ ਹੀ ਸਮਝੋ ਪਕੜਾਂ ਟੁੱਟ ਗਈਆਂ ਜਿਸ ਮਨ ਆਈ ਨਹੀਂ ਕੀਤੀ ਤੇ ਪ੍ਰਭੂ ਦੀ ਰਜ਼ਾ ਨੂੰ ਦਿਲੋਂ ਮਿੱਠਾ ਕਰ ਜਾਣਿਆ। ਜਿਸ ਨੇ ਰਜ਼ਾ ਮਿੱਠੀ ਕਰ ਮੰਨੀ ਉਹ ਖੁਸ਼ੀ ਵਿਚ ਨੱਚਦਾ ਨਹੀਂ ਤੇ ਗ਼ਮੀ ਵਿਚ ਝੂਰਦਾ ਨਹੀਂ। ਉਸ ਲਈ ਖੁਸ਼ੀ ਗ਼ਮੀ ਇਕੋ ਜਿਹੇ ਹੋ ਜਾਂਦੀ ਹੈ ਅਤੇ ਸਦਾ ਚਾਅ ਵਿਚ ਰਹਿੰਦਾ ਹੈ ਅਤੇ ਮਾਯੂਸੀ ਵੀ ਕਦੇ ਘੇਰਦੀ ਨਹੀਂ। ਐਸੀ ਜੁਗਤ ਉਸ ਨੂੰ ਆ ਜਾਂਦੀ ਹੈ ਕਿ ਸੋਨਾ ਮਿੱਟੀ ਇਕ ਕਰ ਜਾਣਦਾ ਹੈ। ਲਾਭ ਹਾਣ ਵਿਚ ਇਕੋ ਰੰਗ ਰਹਿੰਦਾ ਹੈ। ਇਥੋਂ ਤੱਕ ਅੰਮ੍ਰਿਤ ਤੇ ਜ਼ਹਿਰ ਵੀ ਉਸ ਉਤੇ ਇਕੋ ਜਿਹਾ ਹੀ ਅਸਰ ਪਾਂਦੇ ਹਨ। ਨਾ ਉਸ ਨੂੰ ਜ਼ਹਿਰ ਚੜ੍ਹਦਾ ਹੈ ਅਤੇ ਨਾ ਹੀ ਅੰਮ੍ਰਿਤ ਪੀ ਅਮਰ ਹੋਆ ਦੂਜਿਆਂ ਨੂੰ ਡਰਾਈ ਫਿਰਦਾ ਹੈ।

ਜੋ ਕੋਈ ਉਸ ਨੂੰ ਆਦਰ ਦੇਵੇ ਤਾਂ ਆਫਰਦਾ ਨਹੀਂ ਅਤੇ ਜੇ ਕੋਈ ਉਸ ਦੇ ਸਾਹਮਣੇ ਹੰਕਾਰ ਦੀ ਗੱਲ ਕਰਕੇ ਉਸ ਨੂੰ ਨੀਵਾਂ ਦਿਖਾਵੇ ਤਾਂ ਉਸ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਉਹ ਨਾ ਤਾਂ ਹੁਕਮਰਾਨ (ਰਾਜਾ) ਦੇ ਰੁਹਬ ਵਿਚ ਆਉਂਦਾ ਹੈ ਤੇ ਨਾ ਕਿਸੇ ਗ਼ਰੀਬ ਨੂੰ ਤ੍ਰਿਸਕਾਰਦਾ ਹੈ। ਹਰ ਇਕ ਨੂੰ ਇਕੋ ਜਿਹਾ ਸਨਮਾਨ ਦੇਂਦਾ ਹੈ। ਜੋ ਕੋਈ ਪ੍ਰਭੂ ਦੀ ਰਜ਼ਾ ਨੂੰ ਮਿਠਾ ਕਰ ਮੰਨ ਟੁਰਦਾ ਹੈ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਹ ਹੀ ਸ਼ੱਖਸ ਸਹੀ ਅਰਥਾਂ ਵਿਚ ਸੰਸਾਰ ਵਿਚ ਰਹਿੰਦੇ ਹੀ ਪਕੜਾਂ ਤੋਂ ਉੱਚਾ ਹੋ ਗਿਆ ਜਾਣੋ। ੭।

**ਸ਼ਬਦ ਭਾਵ :**

**ਆਗਿਆ** : ਹੁਕਮ, ਰਜ਼ਾ।

**ਆਤਮ ਹਿਤਾਵੈ** : ਅੰਦਰੋਂ ਚੰਗਾ ਲੱਗਣਾ।

**ਜੀਵਨ ਮੁਕਤਿ** : ਜੀਊਂਦਿਆਂ ਹੀ ਪਕੜਾਂ ਤੋਂ ਉਤਾਂਹ ਹੋ ਜਾਣਾ। (Liberated while living). ਗੁਰੂ ਪਾਤਸ਼ਾਹ ਨੇ ਮਰਨ ਮੁਕਤਿ ਦੇ ਟਾਕਰੇ ਜੀਵਨ ਮੁਕਤਿ ਦਾ ਸਿਧਾਂਤ ਦਿਤਾ ਤਾਂਕਿ ਇਸ ਸੰਸਾਰ ਵਿਚ ਰਹਿੰਦੇ ਹੀ ਪਕੜਾਂ ਛੱਡਣ ਦਾ ਵੱਲ ਆ ਜਾਏ। ਜੀਵਨ ਮੁਕਤਿ ਉਹ ਹੀ ਹੈ ਜਿਸ ਨੇ ਮਨ ਦਾ ਆਖਿਆ ਨਹੀਂ ਕੀਤਾ। ਰਜ਼ਾ ਨੂੰ ਮਿੱਠਾ ਕਰ ਜਾਣਿਆ। ਸਹੀ ਖੁਸ਼ੀ ਕਿਸ ਵਿਚ ਹੈ ਦਾ ਪਤਾ ਪਾ ਲਿਆ ਅਤੇ ਕਦੀ ਯੋਗੀ ਨਹੀਂ ਹੋਆ।

**ਬਿਓਗੁ** : ਵਿਛੋੜੇ ਦਾ ਦੁੱਖ। (Woe)


www.sikhbookclub.com

ਸੁਵਰਨੁ : ਸੋਨਾ।
ਬਿਖੁ ਖਾਣੀ : ਅਤਿ ਬਦਬੂਦਾਰ ਤੇ ਕੜਾ।
ਮਾਨੁ : ਆਦਰ।
ਅਭਿਮਾਨੁ : ਹੰਕਾਰ ਦੇ ਬੱਲ ਬੱਲਣ ਵਾਲਾ। ਦੂਜੇ ਨੂੰ ਨੀਵਾਂ ਦਿਖਾਉਣ ਵਾਲਾ। ਨਿਰਾਦਰੀ। ਅਪਮਾਨ।
ਰੰਕੁ : ਗ਼ਰੀਬ। (Pauper)
ਜੋ ਵਰਤਾਏ : ਜੋ ਵਾਹਿਗੁਰੂ ਆਪਣੀ ਰਜ਼ਾ ਵਿਚ ਕਰੇ।
ਜੁਗਤਿ : ਠੀਕ ਰਾਹ।੭।

## ਅਠਵੀਂ ਪਉੜੀ

ਪਾਰਬ੍ਰਹਮ ਕੇ ਸਗਲੇ ਠਾਉ ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥
ਆਪੇ ਕਰਨ ਕਰਾਵਨ ਜੋਗੁ ॥
ਪ੍ਰਭ ਭਾਵੈ ਸੋਈ ਫੁਨਿ ਹੋਗੁ ॥
ਪਸਰਿਓ ਆਪਿ ਹੋਇ ਅਨਤ ਤਰੰਗ ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥
ਜੈਸੀ ਮਤਿ ਦੇਇ ਤੈਸਾ ਪਰਗਾਸ ॥
ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ੮ ॥ ੯ ॥

**ਵਿਸਥਾਰ**

ਸਾਰੇ ਹੀ ਜੀਵਾਂ ਦੇ ਹਿਰਦੇ ਪ੍ਰਭੂ ਦੇ ਟਿਕਣ ਦਾ ਅਸਥਾਨ ਹਨ ਅਤੇ ਕੋਈ ਊਚ ਨੀਚ ਨਹੀਂ ਅਤੇ ਨਾ ਕੋਈ 'ਅਪਰਸ' ਹੈ। ਉਸ ਦੀ ਮਿਹਰ ਸਦਕਾ ਜਿਤਨਾ ਕੋਈ ਆਤਮਕ ਚਾਨਣ ਹਾਸਲ ਕਰ ਲੈਂਦਾ ਹੈ ਲੋਕ ਉਸਨੂੰ ਉਸੇ ਨਾਂ ਨਾਲ ਪੁਕਾਰਨ ਲਗ ਪੈਂਦੇ ਹਨ। ਕੋਈ ਭਗਉਤੀ, ਪੰਡਿਤ, ਰਾਮਦਾਸ, ਧਰਮੀ ਜਾਂ ਜੀਵਨ ਮੁਕਤਿ ਆਪਣੇ ਆਪ ਨਹੀਂ ਬਣਿਆ। ਪਰ ਇਕ ਗੱਲ ਸਪੱਸ਼ਟ ਹੈ ਕਿ ਜਿਸ ਦੇ ਹਿਰਦੇ ਨੂੰ ਵੀ, ਭਾਵੇਂ ਉਹ ਭਗਉਤੀ ਹੈ ਜਾਂ ਪੰਡਿਤ, ਵਾਹਿਗੁਰੂ ਟਿਕਾਣਾ ਬਣਾ ਲੈਂਦਾ ਹੈ, ਉਹ ਇਤਨਾ ਕੁ ਜਾਣ ਜਾਂਦਾ ਹੈ ਕਿ ਸਭ ਕੁਝ ਵਾਹਿਗੁਰੂ ਦੇ ਆਸਰੇ ਅਤੇ ਉਸ ਦੀ ਮਰਜ਼ੀ ਨਾਲ ਹੋ ਰਹਿਆ ਹੈ ਅਤੇ ਉਹ ਹੀ ਕੁਝ ਹੋ ਜਾਂਦਾ ਹੈ ਜੋ ਵਾਹਿਗੁਰੂ ਚਾਹੁੰਦਾ ਹੈ। ਜੀਵ ਦਾ ਆਪਣਾ ਕੋਈ ਜ਼ੋਰ ਬਲ ਨਹੀਂ।

ਫਿਰ ਉਦਾਹਰਣ ਦੇਂਦੇ ਕਹਿੰਦੇ ਹਨ ਕਿ ਜੇ ਵਾਹਿਗੁਰੂ ਨੂੰ ਸਮੁੰਦਰ ਵਤ ਜਾਣ ਲਈਏ ਤਾਂ ਅਸੀਂ ਜੀਵ ਉਸ ਵਿਚ ਉਠਦੀਆਂ ਤ੍ਰੰਗਾਂ ਹੀ ਹਾਂ। ਕਦੇ ਕਿਸੇ ਲਹਿਰ ਨੇ ਸਮੁੰਦਰ ਦਾ ਥਹੁ ਪਾਇਆ ਹੈ। ਇਸੇ ਤਰ੍ਹਾਂ ਕਿਸੇ ਪੰਡਿਤ ਜਾਂ ਰਾਮਦਾਸ ਤ੍ਰੰਗ ਮਾਤ੍ਰ ਨੂੰ ਪ੍ਰਭੂ ਸਾਗਰ ਦੇ ਕੰਮਾਂ ਦਾ ਗਿਆਨ ਹੋ ਹੀ ਨਹੀਂ ਸਕਦਾ। ਬਸ ਇਤਨਾ ਹੀ ਕਹਿਣਾ ਫੱਬਦਾ ਹੈ ਕਿ ਜਿਤਨੀ ਕਿਸੇ ਤੇ ਮਿਹਰ ਕਰਕੇ ਸੂਝ ਬਖ਼ਸ਼ਦਾ ਹੈ ਉਤਨਾ ਹੀ ਉਸ ਨੂੰ ਆਤਮ ਚਾਨਣ ਮਿਲ ਜਾਂਦਾ ਹੈ। ਜਿਤਨਾ ਹੀ ਉਹ ਜਗਤ ਤੋਂ ਉਤਾਂਹ ਉਠਾ ਦੇਂਦਾ ਹੈ

 www.sikhbookclub.com

ਉਤਨੀ ਹੀ ਆਤਮਾ ਉਚਾਈਆਂ ਨੂੰ ਜਾ ਛੂੰਹਦੀ ਹੈ ਪਰ ਇਹ ਚੇਤਾ ਰੱਖਣਾ ਕਿ ਬੰਦਾ ਫਿਰ ਵੀ ਅਮਰ ਨਹੀਂ ਹੋ ਸਕਦਾ। ਸਦਾ ਰਹਿਣ ਵਾਲਾ, ਅਮਰ ਉਹ ਆਪ ਹੀ ਹੈ। ਗੁਰੂ ਜੀ ਇਹ ਦ੍ਰਿੜ੍ਹ ਕਰਾ ਰਹੇ ਹਨ ਕਿ ਆਪਣਾ ਨਗੂਣਾਪਣ ਕਦੇ ਨਾ ਭੁੱਲਣਾ। ਆਫਰਨਾ ਨਾਂਹ।

ਭਾਵੇਂ ਬਹੁਤ ਜੀਵ ਜਗਤ ਨੂੰ ਹੀ ਸਭ ਕੁਝ ਜਾਨਣ ਦੇ ਪੱਧਰ ਤੇ ਫਿਰਦੇ ਰਹਿੰਦੇ ਹਨ ਪਰ ਵਾਹਿਗੁਰੂ ਫਿਰ ਵੀ ਕਦੇ ਕਿਸੇ ਤੇ ਕਰੋਪੀ ਨਹੀਂ ਕਰਦਾ। ਉਹ ਦਿਆਲ ਦੀ ਮੂਰਤ ਹੈ। ਸਦਾ ਹਮੇਸ਼ਾ ਕ੍ਰਿਪਾ ਕਰਦਾ ਰਹਿੰਦਾ ਹੈ ਤਾਂ ਕਿ ਜੀਵ ਆਤਮਕ ਉਚਾਈਆਂ ਨੂੰ ਛੁਹ ਸਕਣ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਫ਼ਰਮਾਂਦੇ ਹਨ ਕਿ ਉਨ੍ਹਾਂ ਨੂੰ ਆਤਮਕ ਉਚਾਈਆਂ ਛੂਹਣ ਤੇ ਅਪਰਸ ਹੋਣ ਦਾ ਰਾਹ ਇਹ ਹੀ ਲੱਭਾ ਹੈ ਕਿ ਕਦੇ ਸਿਮਰਨ ਨਾ ਟੁੱਟਣ ਦਿਤਾ ਜਾਏ। 'ਸਿਮਰਿ ਸਿਮਰਿ ਨਾਨਕ ਭਏ ਨਿਹਾਲ। ੮। ੯।

**ਸ਼ਬਦ ਭਾਵ :**

- **ਠਾਉ :** ਥਾਂ। ਹਿਰਦੇ। (Spots)
- **ਘਰਿ :** ਹਿਰਦਾ।
- **ਫੁਨਿ :** ਫਿਰ। ਜ਼ਰੂਰ। ਅਵੱਸ਼।
- **ਪਸਰਿਓ :** ਫੈਲਿਆ।
- **ਆਨਤ :** ਅਨੇਕਾਂ, ਜਿਨ੍ਹਾਂ ਦੀ ਗਿਣਤੀ ਨਾ ਕੀਤੀ ਜਾ ਸਕੇ। (Endless)
- **ਲਖੈ :** ਬਿਆਨ ਕਰਨਾ।
- **ਰੰਗ :** ਚੋਜ। ਤਮਾਸ਼ੇ। (Miraculous doings)
- **ਪਰਗਾਸ :** ਆਤਮਕ ਚਾਨਣਾ। (Vision)
- **ਨਿਹਾਲ :** ਸਦਾ ਚਾਅ ਵਿਚ ਰਹਿਣਾ। ਖਿੜੇ ਰਹਿਣਾ। ੮। ੯।

---

## ਦਸਵੀਂ ਅਸ਼ਟਪਦੀ

***ਦਸਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਅਣਗਿਣਤ ਲੱਗੇ ਹੋਏ ਹਨ ਆਪਣੇ ਆਪਣੇ ਢੰਗਾਂ ਨਾਲ ਵਾਹਿਗੁਰੂ ਦੀ ਮਹਿਮਾ ਕਰਨ ਵਿਚ, ਉਸ ਦੀ ਰਚੀ ਸ੍ਰਿਸ਼ਟੀ ਦਾ ਥਹੁ ਪਾਉਣ ਤੇ ਹੰਢਾਉਣ ਵਿਚ ਪਰ ਉਸ ਦੀ ਮਹਿਮਾ ਬੇਅੰਤ ਹੈ। ਸ੍ਰਿਸ਼ਟੀਆਂ ਕਈ ਹਨ। ਉਸ ਦੀ ਸਿਰਜਨਾ ਦਾ ਇੱਕ ਜ਼ੱਰਾ ਵੀ ਉਸ ਦੀ ਬੇਅੰਤਤਾ ਦਾ ਮੂੰਹ ਬੋਲਦਾ ਵਿਖਿਆਨ ਹੈ। ਜਿਸ ਨੂੰ ਇਹ ਸਮਝ ਆ ਗਈ ਉਹ ਪ੍ਰਭੂ ਦੇ ਪਿਆਰ ਨੂੰ ਪਾਉਣ ਯੋਗ ਹੋ ਗਿਆ। ਪ੍ਰਭੂ ਪਿਆਰੇ ਦੀ ਦ੍ਰਿਸ਼ਟੀ ਕਿਤਨੀ ਚੌੜੀ ਹੋ ਜਾਂਦੀ ਹੈ, ਉਸ ਦਾ ਜ਼ਿਕਰ ਅਸ਼ਟਪਦੀ ਵਿਚ ਕਰ ਰਹੇ ਹਨ।

ਉਹ ਕਿਸੇ ਭੇਖ, ਪਹਿਰਾਵੇ, ਪਰਚਾਵੇ ਨਾਲ ਘਿਰਣਾ ਨਹੀਂ ਕਰਦਾ ਕਿਉਂਕਿ "ਪ੍ਰਭੂ ਪਿਆਰਾ" ਜਾਣ ਜਾਂਦਾ ਹੈ ਕਿ ਜੇ ਕੋਈ ਠੇਡਾ ਖਾ ਰਹਿਆ ਹੈ, ਭਟਕ ਰਹਿਆ ਹੈ

 www.sikhbookclub.com

ਤਾਂ ਇਹ **'ਬਹੁ ਬਿਧਿ ਅਨਿਕ ਪ੍ਰਕਾਰ'** ਹੀ ਹੈ। ਇਹ ਵੀ 'ਅਨਿਕ ਪ੍ਰਕਾਰ' ਦਾ ਹੀ ਰੂਪ ਹੈ ਕਿ ਵੱਖ ਵੱਖ ਢੰਗਾਂ ਨਾਲ ਪੂਜਾ, ਪਾਠ, ਤਪ ਕੀਤਾ ਤੇ ਧਿਆਨ ਲਗਾਇਆ ਜਾ ਰਿਹਾ ਹੈ। ਜਾਂ ਦੂਜੇ ਪਾਸੇ ਕਈ ਹੰਕਾਰ ਵਿਚ ਜਲ ਰਹੇ ਹਨ। ਪੱਥਰ ਚਿੱਤ ਹੋਏ ਪਏ ਹਨ। ਨਿੰਦਾ ਵਿਚ ਲੱਗੇ ਹੋਏ ਹਨ। ਪਰਾਇਆ ਧਨ ਚੁਰਾ ਰਹੇ ਹਨ। ਕਈ ਹੋਰ ਰਸਾਂ ਵਿਚ ਪਏ ਹਨ। ਕੋਈ ਕਰਾਮਾਤੀ ਤੇ ਕੋਈ ਸੰਸਾਰੀ ਰਸ ਲੈਣ ਵਿਚ ਰੁੱਝਾ ਹੋਇਆ ਹੈ। **'ਸਿਧ, ਜਤੀ, ਰਾਜੇ'**। ਕਈ ਸ੍ਰਿਸ਼ਟੀ ਦਾ ਅੰਤ ਪਾਉਣ ਵਿਚ ਲੱਗੇ ਹੋਏ ਹਨ ਪਰ ਉਹ ਕਿਉਂ ਭੁੱਲ ਜਾਂਦੇ ਹਨ ਕਿ ਇਕ ਨਹੀਂ ਕਈ ਸ੍ਰਿਸ਼ਟੀਆਂ, ਸੂਰਜ, ਚੰਦ, ਤਾਰੇ, ਸਾਗਰ, ਪਹਾੜ, ਦਰਖ਼ਤ, ਜੀਵ, ਪਸ਼ੂ ਹਨ। ਕਈ ਅਜਿਹੇ ਹਨ ਜੋ ਉਸ ਦੀ ਬੇਅੰਤਤਾ ਦਾ ਸੁਆਦ ਰਸ ਅੰਦਰੋਂ ਪਾਉਣ ਵਿਚ ਲੱਗੇ ਹਨ। ਦਰਸ਼ਨ ਦੀ ਪਿਆਸ ਲਗਾਈ ਬੈਠੇ ਹਨ। ਸਤਿਸੰਗ ਭਾਲ ਕੇ ਵੀ ਕਰਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਪਿਆਰ ਤਾਂ ਪਾਇਆ ਜਾ ਸਕਦਾ ਹੈ ਪਰ ਪ੍ਰਭੂ ਰਚਨਾ ਜੋ 'ਬਹੁ-ਪ੍ਰਕਾਰੀ' ਹੈ ਦਾ ਕੋਈ ਅੰਤ ਨਹੀਂ ਪਾ ਸਕਦਾ।

### ਸਲੋਕੁ ॥

**ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥**
**ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥੧॥**

### ਵਿਸਥਾਰ

ਅਨੇਕਾਂ, ਅਣਗਿਣਤ ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ (ਅੰਤ ਨਾ ਪਾਰਾਵਾਰ) ਲੋਕ ਉਸ ਦੀ ਸਿਫ਼ਤ ਸਾਲਾਹ ਵਿਚ ਲੱਗੇ ਹੋਏ ਹਨ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸਤਤਿ ਕਰਨ, ਹਾਥ ਪਾਉਣ ਵਾਲੇ ਇਹ ਨਹੀਂ ਜਾਣਦੇ ਕਿ ਜੋ ਰਚਨਾ ਉਸ ਵਾਹਿਗੁਰੂ ਨੇ ਸਿਰਜੀ ਹੈ ਉਸ ਦੇ ਅਨੇਕਾਂ ਹੀ ਰੂਪ ਤੇ ਅਣਗਿਣਤ ਕਿਸਮਾਂ ਹਨ। ਇਕ ਜ਼ੱਰੇ (ਐਟਮ) ਦੀ ਹਸਤੀ, ਹਰਕਤ ਤੇ ਕੁੱਵਤ ਦਾ ਅੰਦਾਜ਼ਾ ਤਾਂ ਕੋਈ ਲਗਾ ਨਹੀਂ ਸਕਿਆ,

'ਬਹੁ ਬਿਧਿ' ਦਾ ਕਿਵੇਂ ਲਗਾਏਗਾ।

ਸੋ ਅਸ਼ਟਪਦੀ ਦੀਆਂ ਪਉੜੀਆਂ ਵਿਚ ਪਹਿਲਾਂ ਉਪਮਾ ਵਿਚ ਲਗੇ, ਫਿਰ ਵੱਖ-ਵੱਖ ਰੂਪਾਂ ਅਤੇ ਆਕਾਰਾਂ ਤੇ ਕਿਸਮਾਂ ਦਾ ਵਰਣਨ ਕਰਨਗੇ।੧।

### ਸ਼ਬਦ ਭਾਵ :

**ਅਨੇਕ** : ਅਣਗਿਣਤ।
**ਪਾਰਾਵਾਰ** : ਜਿਸ ਦਾ ਕੋਈ ਹੱਦ ਬੰਨਾ ਨਹੀਂ।
**ਬਹੁ ਬਿਧਿ** : ਕਈ ਤਰ੍ਹਾਂ ਦੀ।੧।

### ਪਹਿਲੀ ਪਉੜੀ

**ਕਈ ਕੋਟਿ ਹੋਏ ਪੂਜਾਰੀ ॥**
**ਕਈ ਕੋਟਿ ਆਚਾਰ ਬਿਉਹਾਰੀ ॥**
**ਕਈ ਕੋਟਿ ਭਏ ਤੀਰਥ ਵਾਸੀ ॥**
**ਕਈ ਕੋਟਿ ਬਨ ਭ੍ਰਮਹਿ ਉਦਾਸੀ ॥**

 www.sikhbookclub.com

ਕਈ ਕੋਟਿ ਬੇਦ ਕੇ ਸ੍ਰੋਤੇ ॥
ਕਈ ਕੋਟਿ ਤਪੀਸੁਰ ਹੋਤੇ ॥
ਕਈ ਕੋਟਿ ਆਤਮ ਧਿਆਨੁ ਧਾਰਹਿ ॥
ਕਈ ਕੋਟਿ ਕਬਿ ਕਾਬਿ ਬੀਚਾਰਹਿ ॥
ਕਈ ਕੋਟਿ ਨਵਤਨ ਨਾਮ ਧਿਆਵਹਿ ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥

**ਵਿਸਥਾਰ**

ਕ੍ਰੋੜਾਂ ਹੀ ਉਸ ਦੀ ਬੇਅੰਤਤਾ ਦੇਖ ਪੁਜਾਰੀ ਹੋ ਗਏ ਅਤੇ ਕ੍ਰੋੜਾਂ ਹੀ ਸਾਰਾ ਸਮਾਂ ਕਰਮਕਾਂਡਾਂ ਵਿਚ ਲਗਾਉਣ ਵਿਚ ਪੈ ਗਏ ਅਤੇ ਰੀਤਾਂ-ਰਸਮਾਂ ਹੀ ਕਰਨ ਲੱਗ ਪਏ। 'ਆਚਾਰ ਬਿਉਹਾਰੀ'। ਕ੍ਰੋੜਾਂ ਤੀਰਥਾਂ ਨੂੰ ਪਵਿਤ੍ਰ ਜਾਣ ਉਥੇ ਜਾ ਵਸੇ ਅਤੇ ਕ੍ਰੋੜਾਂ ਹੀ ਜਗਤ ਤੋਂ ਉਪ੍ਰਾਮ ਹੋ ਕੇ ਵਣਾਂ ਵਿਚ ਹੀ ਭਟਕਣ ਲੱਗੇ ਕਿ ਇਸ ਤਰ੍ਹਾਂ ਪ੍ਰਭੂ ਨੂੰ ਪਾ ਸਕਣਗੇ। ਕ੍ਰੋੜਾਂ ਹੀ ਵੇਦਾਂ ਦੇ ਪਾਠ ਨੂੰ ਇਕ ਟਿਕ ਸੁਣਨ ਵਿਚ ਜੁਟ ਗਏ ਤੇ ਕ੍ਰੋੜਾਂ ਹੀ ਸਰੀਰਾਂ ਨੂੰ ਕਸ਼ਟ ਦੇਣ ਲੱਗ ਪਏ ਕਿ ਸ਼ਾਇਦ ਇੰਜ ਉਸ ਦਾ ਥਹੁ ਪਤਾ ਲੱਗ ਜਾਏ।

ਕਈ ਕ੍ਰੋੜ ਆਪਣੇ ਅੰਦਰ ਹੀ ਧਿਆਨ ਲਗਾ ਸਮਾਧੀ ਸਥਿਤ ਹੋ ਗਏ ਤੇ ਕਈ ਕਵੀਆਂ ਦੀਆਂ ਉਡਾਰੀਆਂ ਲਗਾ ਲਗਾ ਰਚੇ ਮਹਾਂ ਕਾਵਿ, ਮਹਾਂ ਭਾਰਤ, ਰਾਮਾਇਣ ਨੂੰ ਵਿਚਾਰਨ ਵਿਚ ਹੀ ਮਗਨ ਹੋ ਗਏ। ਕ੍ਰੋੜਾਂ ਹੀ ਨੀਤ ਨਵੇਂ, ਅਟੱਲ ਪ੍ਰਭੂ ਦੀ ਹੋਂਦ ਦੇ ਪ੍ਰਕਾਸ਼ ਨੂੰ ਪਾਉਣ ਲਈ ਉਸ ਦੇ ਗੁਣ ਗਾਉਣ ਵਿਚ ਜੁਟੇ ਹੋਏ ਹਨ ਪਰ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਵਾਹਿਗੁਰੂ ਦੀ ਬੇਅੰਤਤਾ ਦਾ ਅੰਤ ਕੋਈ ਨਹੀਂ ਪਾ ਸਕਦਾ। ਮਨੁੱਖ ਮਨੁੱਖ ਹੀ ਹੈ ਅਤੇ ਪ੍ਰਭੂ ਪ੍ਰਭੂ। ਮਹਾਰਾਜ ਦਾ ਕਹਿਣਾ ਹੈ ਕਿ ਕੋਈ ਪੂਜਾ, ਕਰਮ, ਇਸ਼ਨਾਨ, ਉਪ੍ਰਾਮਤਾ, ਜਪ, ਤਪ, ਪਾਠ, ਵਿਚਾਰ ਉਸ ਤਕ ਪੁੱਜਣ ਦੀ ਸ਼ਕਤੀ ਨਹੀਂ ਰਖਦਾ। ਉਹ ਆਪ ਮਿਹਰ ਕਰੇ ਤਾਂ ਆਪਣਾ ਪਿਆਰ ਬਖ਼ਸ਼ਦਾ ਹੈ। ੧।

**ਸ਼ਬਦ ਭਾਵ :**

**ਕੋਟਿ** : ਕ੍ਰੋੜਾਂ। ਅਣਗਿਣਤ ਦਾ ਸੰਕੇਤ ਦੇਣ ਲਈ 'ਕਈ ਕੋਟਿ' ਲਿਖਿਆ ਹੈ।

**ਪੂਜਾਰੀ** : ਰਸਮੀ ਪੂਜਾ ਕਰਨ ਵਾਲੇ। (Worshippers)

**ਆਚਾਰ ਬਿਉਹਾਰੀ** : ਕਰਮ ਕਾਂਡੀ। (Performer of Ritual)

**ਉਦਾਸੀ** : ਜਗਤ ਤੋਂ ਉਪ੍ਰਾਮ ਹੋਣ ਵਾਲਾ।

**ਸ੍ਰੋਤੇ** : ਪਾਠ ਸੁਨਣ ਵਾਲੇ।

**ਤਪੀਸੁਰ** : ਸਰੀਰ ਨੂੰ ਕਸ਼ਟ ਦੇਣ ਵਾਲੇ।

**ਆਤਮ ਧਿਆਨ ਧਾਰਹਿ** : ਆਪੇ ਦਾ ਧਿਆਨ ਧਰਨਾ। (Self-meditation)

 www.sikhbookclub.com

ਕਬਿ ਕਾਬਿ
ਬੀਚਾਰਹਿ : ਕਵੀਆਂ ਦੇ ਰਚੇ ਮਹਾਂ ਕਾਵਿ ਪੁਰਾਨ ਸ਼ਾਸਤ੍ਰ ਸਾਹਿਤ ਨੂੰ ਵਿਚਾਰਨ ਵਾਲੇ ।
ਨਵਤਨ : ਨੀਤ ਨਵਾਂ । ਅਟੱਲ । ੧ ।

## ਦੂਜੀ ਪਉੜੀ

ਕਈ ਕੋਟਿ ਭਏ ਅਭਿਮਾਨੀ ॥
ਕਈ ਕੋਟਿ ਅੰਧ ਅਗਿਆਨੀ ॥
ਕਈ ਕੋਟਿ ਕਿਰਪਨ ਕਠੋਰ ॥
ਕਈ ਕੋਟਿ ਅਭਿਗ ਆਤਮ ਨਿਕੋਰ ॥
ਕਈ ਕੋਟਿ ਪਰ ਦਰਬ ਕਉ ਹਿਰਹਿ ॥
ਕਈ ਕੋਟਿ ਪਰ ਦੂਖਨਾ ਕਰਹਿ ॥
ਕਈ ਕੋਟਿ ਮਾਇਆ ਸ੍ਰਮ ਮਾਹਿ ॥
ਕਈ ਕੋਟਿ ਪਰਦੇਸ ਭ੍ਰਮਾਹਿ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥

**ਵਿਸਥਾਰ**

ਉਸ ਦੀ ਬੇਅੰਤਤਾ ਦਾ ਇਕ ਹੋਰ ਰੁਖ ਤੱਕੋ ।

ਕ੍ਰੋੜਾਂ ਹੀ ਆਪਣੇ ਹੀ ਹੰਕਾਰ ਵਿਚ ਪਏ ਸੜਦੇ ਹਨ । ਕਈ ਕ੍ਰੋੜ ਅਣਜਾਣ ਹੋਏ ਅੰਨ੍ਹਿਆਂ ਵਾਂਗ ਠੇਡੇ ਖਾ ਰਹੇ ਹਨ । ਕ੍ਰੋੜਾਂ ਹੀ ਸੂਮ, ਧਨ ਇਕੱਠਾ ਕਰਕੇ ਪੱਥਰ ਚਿਤ ਹੋ ਗਏ ਹਨ । ਕ੍ਰੋੜਾਂ ਹੀ ਐਸੇ ਹਨ ਜੋ ਦੂਜਿਆਂ ਦਾ ਦੁੱਖ ਦੇਖ-ਦੇਖ ਵੀ ਨਹੀਂ ਪਸੀਜਦੇ (ਅਭਿਗ) ਅਤੇ ਬੇਹਿਸ-ਭਾਵ ਹੀਣ ਹੋ ਕੇ ਮੂਲੋਂ ਹੀ ਕੋਰੇ ਹੋ ਗਏ ਹਨ । **'ਆਤਮ ਨਿਕੋਰ'** ।

ਕ੍ਰੋੜਾਂ ਹੀ ਦੂਜਿਆਂ ਦੀ ਕਮਾਈ ਤੇ ਹੱਥ ਸਾਫ਼ ਕਰਨ ਵਿਚ ਲੱਗੇ ਹੋਏ ਹਨ ਅਤੇ ਕ੍ਰੋੜਾਂ ਹੀ ਦੂਜਿਆਂ ਦੀ ਨਿੰਦਾ ਵਿਚ ਹੀ ਕੀਮਤੀ ਸਮਾਂ ਗੁਜ਼ਾਰ ਰਹੇ ਹਨ । ਕਈ ਮਾਇਆ ਕਮਾਉਣ ਦੀ ਦੌੜ ਭੱਜ ਵਿਚ ਲੱਗੇ ਹੋਏ ਹਨ ਪਰ ਕਈਆਂ ਪਾਸ ਇਤਨੀ ਇਕੱਠੀ ਹੋ ਗਈ ਹੈ ਕਿ ਬੇਫ਼ਿਕਰ ਹੋ ਦੇਸੋਂ ਦੂਰ ਪਰਦੇਸ਼ਾਂ ਵਿਚ ਸੈਰ ਸਪਾਟੇ ਹੀ ਕਰਦੇ ਰਹਿੰਦੇ ਹਨ । ਇਨ੍ਹਾਂ ਜੀਵਾਂ ਵਿਚਾਰਿਆਂ ਦੇ ਕੀ ਵਸ ਹੈ ਜਿਵੇਂ ਤੁਸੀਂ ਪ੍ਰਭੂ ਜੀ ਲਗਾਂਦੇ ਹੋ ਇਹ ਜੀਵ ਕਾਰ ਨਿਬਹਾ ਰਹੇ ਹਨ । ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਅਸੀਂ ਤਾਂ ਸਿਰਫ਼ ਇਤਨਾ ਜਾਣਦੇ ਹਾਂ ਕਿ ਜਿਸ ਨੇ ਇਹ ਜਗਤ ਸਾਜਿਆ ਹੈ, ਉਹ ਹੀ ਜਾਣਦਾ ਹੈ ਕਿ ਕਿਸ ਨੂੰ ਕਿਸ ਕੰਮ ਲਗਾਉਣਾ ਹੈ । **'ਕਰਤੇ ਕੀ ਜਾਨੈ ਕਰਤਾ ਰਚਨਾ'** । ੨ ।

**ਸ਼ਬਦ ਭਾਵ :**

**ਅਭਿਮਾਨੀ** : ਹੰਕਾਰੀ । (Self-conceit)
**ਅੰਧ** : ਅੰਨ੍ਹੇ ।
**ਕਿਰਪਨ** : ਕੰਜੂਸ । ਸੂਮ ।

 www.sikhbookclub.com

**ਕਠੋਰ** : ਪੱਥਰ-ਚਿਤ।
**ਅਭਿਗ** : ਨ ਪਸੀਜਨ ਵਾਲਾ। (Unsociables)
**ਆਤਮ ਨਿਕੋਰ** : ਨਿਪਟ ਕੋਰਾ। (Dry-souled)
**ਪਰ ਦੂਖਨਾ** : ਪਰਾਈ ਨਿੰਦਾ।
**ਸੂਮ** : ਪਿਛੇ ਪੈ ਜਾਣਾ, ਖਹਿੜਾ ਹੀ ਨਾ ਛੱਡਣਾ। (Pursuit)।੨।

## *ਤੀਜੀ ਪਉੜੀ*

ਕਈ ਕੋਟਿ ਸਿਧ ਜਤੀ ਜੋਗੀ ॥
ਕਈ ਕੋਟਿ ਰਾਜੇ ਰਸ ਭੋਗੀ ॥
ਕਈ ਕੋਟਿ ਪੰਖੀ ਸਰਪ ਉਪਾਏ ॥
ਕਈ ਕੋਟਿ ਪਾਥਰ ਬਿਰਖ ਨਿਪਜਾਏ ॥
ਕਈ ਕੋਟਿ ਪਵਣ ਪਾਣੀ ਬੈਸੰਤਰ ॥
ਕਈ ਕੋਟਿ ਦੇਸ ਭੂ ਮੰਡਲ ॥
ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥ ੩ ॥

**ਵਿਸਥਾਰ**

ਤੇਰੀ ਸਾਜੀ ਕੁਦਰਤ ਦਾ ਪ੍ਰਭੂ ਕੋਈ ਅੰਤ ਕਿਵੇਂ ਪਾ ਸਕਦਾ ਹੈ? ਕ੍ਰੋੜਾਂ ਹੀ ਕਰਾਮਾਤੀ ਸ਼ਕਤੀਆਂ ਪਾ ਦਿਖਲਾਵਾ ਕਰਨ ਵਿਚ ਹੀ ਲੱਗੇ ਹੋਏ ਹਨ ਅਤੇ ਕਈ ਕ੍ਰੋੜਾਂ ਕਾਮਾਦਿਕ ਨੂੰ ਵੱਸ ਕਰਕੇ ਢੰਡੋਰਾ ਦਈ ਫਿਰਦੇ ਹਨ ਅਤੇ ਕਈ ਮਨ ਤਨ ਨੂੰ ਕਾਬੂ ਕਰਨ ਲਈ ਆਸਨ ਲਗਾਉਣ ਵਿਚ ਹੀ ਜੁਟੇ ਹੋਏ ਹਨ। ਜੇ ਕਈ ਰਸਾਂ ਕਸਾਂ ਤੇ ਕਾਬੂ ਪਾਉਣ ਵਿਚ ਲੱਗੇ ਹੋਏ ਤਾਂ ਇਸ ਦੇ ਉਲਟ ਕ੍ਰੋੜਾਂ ਮੁਲਕਾਂ ਦੇ ਮਾਲਕ ਬਣ ਰਸਾਂ ਨੂੰ ਭੋਗਣ ਵਿਚ ਰੁੱਝੇ ਹੋਏ ਹਨ।

ਤੇਰੀ ਕੁਦਰਤ ਨੂੰ ਕੋਈ ਕਿਵੇਂ ਜਾਣੇ! ਇਥੇ ਤਾਂ ਕ੍ਰੋੜਾਂ ਪ੍ਰਕਾਰ ਦੇ ਉਡਣ ਵਾਲੇ ਪੰਛੀ ਤੇ ਰੀਂਗਣ ਵਾਲੇ ਸਰਪ ਪ੍ਰਭੂ ਨੇ ਪੈਦਾ ਕੀਤੇ ਹੋਏ ਹਨ ਅਤੇ ਕ੍ਰੋੜਾਂ ਹੀ ਇਕ ਥਾਂ ਨਿਰਜਿੰਦ ਪਏ ਪੱਥਰ ਤੇ ਦੂਜੇ ਪਾਸੇ ਨਿਤ ਵੱਧਦੇ ਦਰਖ਼ਤ ਉਸ ਉਗਾਏ ਹਨ।

ਕ੍ਰੋੜਾਂ ਕਿਸਮਾਂ ਦੀਆਂ ਹਵਾਵਾਂ, ਪਾਣੀ, ਅਗਨੀਆਂ ਹਨ ਤੇ ਕ੍ਰੋੜਾਂ ਹੀ ਧਰਤੀਆਂ ਤੇ ਬਰੇ-ਇ-ਆਜ਼ਮ ਹਨ।

ਕ੍ਰੋੜਾਂ ਹੀ ਚੰਦ ਸੂਰਜ ਤੇ ਤਾਰਾ ਮੰਡਲ ਹਨ ਤੇ ਕ੍ਰੋੜਾਂ ਹੀ ਦੇਵਤੇ, ਦੈਂਤ ਤੇ ਇੰਦਰ ਹਨ ਜਿਨ੍ਹਾਂ ਤੇ ਵਡਿਆਈ ਦੇ ਛਤਰ ਝੁਲ ਰਹੇ ਹਨ। ਲੋਕੀਂ ਉਨ੍ਹਾਂ ਦੀ ਵੀ ਪੂਜਾ ਕਰੀ ਜਾ ਰਹੇ ਹਨ। ਇਤਨਾ ਕੁਝ ਅੱਡ ਅੱਡ ਕਿਸਮਾਂ ਦਾ ਹੋਣ ਦੇ ਬਾਵਜੂਦ ਸਾਰੀ ਸਿਰਜਨਾ ਉਸੇ ਦੇ ਕਾਬੂ ਵਿਚ ਹੈ, ਲਗਾਮ ਉਸ ਦੇ ਹੱਥ ਹੈ, ਸੋ ਜਿਸ ਤੇ ਮਿਹਰ ਕਰੇ ਉਸ ਨੂੰ ਸੰਸਾਰ ਤੋਂ ਪਾਰ ਕਰ ਦੇਂਦਾ ਹੈ। ਨਾ ਜਤ ਨਾ ਤਪ, ਨਾ ਸਿਧੀ ਤੇ ਨਾ ਹੀ ਮਤ ਨਾਲ ਉਸ ਨੂੰ ਪਾਇਆ ਜਾ ਸਕਦਾ ਹੈ।੩।

 www.sikhbookclub.com

**ਸ਼ਬਦ ਭਾਵ :**

ਸਿਧ : ਕਰਾਮਾਤ । ਸ਼ਕਤੀਆਂ ਦੇ ਮਾਲਕਾਂ । ਇਨ੍ਹਾਂ ਦੀ ਗਿਣਤੀ ੮੪ ਕਹੀ ਜਾਂਦੀ ਹੈ ।
**ਜਤੀ** : ਵਿਸ਼ਿਆ ਤੇ ਕਾਬੂ ਪਾਉਣ ਵਾਲੇ (Celebate)
**ਜੋਗੀ** : ਆਸਨਾਂ ਦੁਆਰਾ ਮਨ ਤਨ ਨੂੰ ਵਸ ਕਰਨ ਵਾਲੇ ।
**ਨਿਪਜਾਏ** : ਪੈਦਾ ਕੀਤੇ ।
**ਭੂ-ਮੰਡਲ** : ਬਰ-ਇ-ਆਜ਼ਮਾਂ । (Continents)
**ਸਸੀਅਰ** : ਚੰਦ ।
**ਸੂਰ** : ਸੂਰਜ ।
**ਨਖੵਤ੍ਰ** : ਤਾਰਾ ।
**ਦਾਨਵ** : ਦੈਂਤ ।
**ਸੂਤਿ ਧਾਰੈ** : ਕਾਬੂ ਵਿਚ । ਕਿਸੇ ਨਿਯਮ ਮਰਯਾਦਾ ਵਿਚ । (Under Control)
**ਨਿਸਤਾਰੈ** : ਤਾਰ ਦੇਂਦਾ ਹੈ । ਪੂਗਾ ਦੇਂਦਾ ਹੈ। ੩ ।

## ਚੌਥੀ ਪਉੜੀ

**ਕਈ ਕੋਟਿ ਰਾਜਸ ਤਾਮਸ ਸਾਤਕ ॥**
**ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥**
**ਕਈ ਕੋਟਿ ਕੀਏ ਰਤਨ ਸਮੁਦ ॥**
**ਕਈ ਕੋਟਿ ਨਾਨਾ ਪ੍ਰਕਾਰ ਜੰਤ ॥**
**ਕਈ ਕੋਟਿ ਕੀਏ ਚਿਰ ਜੀਵੇ ॥**
**ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥**
**ਕਈ ਕੋਟਿ ਜਖੵ ਕਿੰਨਰ ਪਿਸਾਚ ॥**
**ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥**
**ਸਭ ਤੇ ਨੇਰੈ ਸਭਹੂ ਤੇ ਦੂਰਿ ॥**
**ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥**

**ਵਿਸਥਾਰ**

ਤੇਰੀ ਕੁਦਰਤ ਦਾ ਕੋਈ ਕੀ ਅੰਤ ਪਾ ਸਕਦਾ ਹੈ। ਕ੍ਰੋੜਾਂ ਹੀ ਲੋਕੀਂ ਦਿਨ ਰਾਤ ਮਾਇਆ ਦੇ ਧੰਦਿਆਂ ਵਿਚ ਰੁੱਝੇ (ਰਾਜਸ) ਹੋਏ ਹਨ। ਕ੍ਰੋੜਾਂ ਹੀ ਅਨ੍ਹੇਰੇ ਵਿਚ ਠੇਡੇ ਖਾ ਚਿੱਕੜ ਵਿਚ ਫਸੇ ਹੋਏ ਹਨ, ਜਿਨ੍ਹਾਂ ਨੂੰ ਕੁਝ ਸੁਝਦਾ ਹੀ ਨਹੀਂ (ਤਾਮਸ)। ਕ੍ਰੋੜਾਂ ਹੀ ਰਤਾ ਕੁ ਸੋਝੀ ਪਾ ਕੇ ਘੁੱਤਰਾਂ ਕੱਢਣ ਵਿਚ ਹੀ ਲੱਗੇ ਹੋਏ ਹਨ (ਸਾਂਤਕੀ)। ਕ੍ਰੋੜਾਂ ਹੀ ਵੇਦ, ਪੁਰਾਨ, ਸਿਮ੍ਰਤੀਆਂ ਤੇ ਸ਼ਾਸਤ੍ਰ ਹਨ। ਮਹਾਰਾਜ ਸਮਝਾ ਰਹੇ ਹਨ ਉਨ੍ਹਾਂ ਸੀਮਤ ਮਨਾਂ ਤੇ ਬੁਧੀਆਂ ਵਾਲਿਆਂ ਨੂੰ ਕਿ ਇਹ ਕਹਿਣਾ ਕਿ ਗਿਆਨ ਦਾ ਸੋਮਾ ਨਿਰੇ ਚਾਰ ਵੇਦ, ਅਠਾਰਾਂ ਪੁਰਾਨ, ਛੇ ਸ਼ਾਸਤ੍ਰ, ਜਾਂ ਗਿਣਤੀਆਂ ਦੀਆਂ ਸਿਮ੍ਰਤੀਆਂ ਹਨ, ਖ਼ਾਮ ਖ਼ਿਆਲੀ ਹੈ। ਗਿਆਨ ਦਾ ਘੇਰਾ ਬਹੁਤ ਚੌੜਾ ਹੈ। ਕਈ ਕ੍ਰੋੜਾਂ ਹੀ ਸਮੁੰਦਰ ਹਨ ਜਿਨ੍ਹਾਂ ਵਿਚ ਕ੍ਰੋੜਾਂ ਹੀ ਰਤਨ ਹਨ। ਨਿਰੇ ਚੌਦਾਂ ਨਹੀਂ, ਜਿਨ੍ਹਾਂ ਦਾ ਜ਼ਿਕਰ ਹਿੰਦੁਸਤਾਨੀ ਮਿਥਹਾਸ ਕਰਦਾ ਹੈ। ਕ੍ਰੋੜਾਂ ਹੀ ਕਿਸਮ ਦੇ ਜੀਵ

 www.sikhbookclub.com

ਜੰਤ ਹਨ ਜੋ ਛਿਨ ਭੰਗੁਰ ਲਈ ਜੀਅ ਰਹੇ ਹਨ ਅਤੇ ਕ੍ਰੋੜਾਂ ਹੀ ਲੰਮੀ ਉਮਰ ਹੰਢਾਉਣ ਵਾਲੇ ਹਨ। ਕ੍ਰੋੜਾਂ ਹੀ ਮੇਰ ਵਰਗੇ ਸੋਨੇ ਦੇ ਪਰਬਤ ਹਨ। ਇਕ ਮੇਰ ਨਹੀਂ ਜਿਸ ਦਾ ਹਿੰਦੁਸਤਾਨ ਜਾਣੂੰ ਹੈ। ਕ੍ਰੋੜਾਂ ਹੀ ਸ਼ਕਤੀਆਂ (ਜਖ੍ਯ) ਹਨ ਜੋ ਦੌਲਤਾਂ ਦੀ ਰਾਖੀ ਪਈਆਂ ਕਰਦੀਆਂ ਹਨ ਅਤੇ ਕ੍ਰੋੜਾਂ ਹੀ ਐਸੇ ਸੁੰਦਰ ਸਾਜ਼ਿੰਦੇ ਤੇ ਗਾਇਕ ਹਨ (ਕਿੰਨਰ) ਜੋ ਗਾ ਗਾ ਝੂਮ ਰਹੇ ਹਨ ਤੇ ਕ੍ਰੋੜਾਂ ਹੀ ਭੱਦੇ ਜ਼ਾਲਿਮ (ਪਿਸਾਚ) ਹਨ ਜੋ ਹੋਰਨਾਂ ਤੇ ਜ਼ੁਲਮ ਢਾਹ ਖ਼ੁਸ਼ੀ ਮਹਿਸੂਸ ਕਰਦੇ ਹਨ।

ਕ੍ਰੋੜਾਂ ਹੀ ਭੈੜੀਆਂ ਰੂਹਾਂ ਹਨ। ਕ੍ਰੋੜਾਂ ਹੀ ਸੂਰ ਤੇ ਸ਼ੇਰ ਹਨ ਜੋ ਮ੍ਰਿਗ ਮਾਰ ਕੇ ਸਵਾਦ ਲੈਂਦੇ ਹਨ। ਮਜ਼ੇ ਦੀ ਗਲ ਇਹ ਹੈ ਕਿ ਰਬ ਇਨ੍ਹਾਂ ਸਭਨਾਂ ਦੇ ਨੇੜੇ ਹੈ ਪਰ ਫਿਰ ਵੀ ਦੂਰ ਹੈ ਕਿਉਂਕਿ ਇਹ ਸਭ ਕਿਸੇ ਇਕ ਹੀ ਘੇਰੇ ਵਿਚ ਸੀਮਤ ਹੋ ਵਿਚਰ ਰਹੇ ਹਨ। ਕੋਈ ਰਾਜਸ ਵਿਚ, ਕੋਈ ਤਾਮਸ ਵਿਚ, ਕੋਈ ਕਰਮ ਕਾਂਡ ਵਿਚ, ਕੋਈ ਆਪਣੀ ਹੂੜ ਮਤ ਵਿਚ, ਕੋਈ ਮਾਲ ਧਨ ਇਕੱਠਾ ਕਰਨ ਵਿਚ ਤੇ ਕੋਈ ਜ਼ੁਲਮ ਢਾਹੁਣ ਵਿਚ। ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਵਾਹਿਗੁਰੂ ਅਜਿਹਾ ਹੈ ਜੋ ਹੈ ਸਭਨਾਂ ਵਿਚ ਕਿਉਂਕਿ ਚਲਾਉਣ ਵਾਲੀ ਸ਼ਕਤੀ ਉਸੇ ਵਿਚ ਹੈ ਪਰ ਉਹ ਆਪ ਨਿਰਲੇਪ ਹੈ। ਇਹ ਹੀ ਹੈ ਅਸਚਰਜ ਖੇਡ। ੪।

**ਸ਼ਬਦਾ ਭਾਵ :**

**ਰਾਜਸ :** ਤਨ ਦੀ ਕਿਰਿਆ ਜਿਸ ਵਿਚ ਉਹ ਰੁਝਾ ਹੀ ਰਹਿੰਦਾ ਹੈ। ਧੰਦਿਆਂ ਵਿਚ ਪਿਆ ਹੋਇਆ ਹੈ। (Passion)

**ਤਾਮਸ :** ਅੰਨ੍ਹੇਰਾ। ਮਾਨਸਕ ਤੌਰ ਤੇ ਭਟਕਦੇ ਰਹਿਣਾ। (Inertia, Sloth)

**ਸਾਤਕ :** ਬੌਧਿਕਤਾ। ਕੁਝ ਪਾ ਆਪੇ ਵਿਚ ਮਸਤ ਹੋ ਜਾਣਾ। ਇਹ ਵੀ ਇਕ ਪ੍ਰਕਾਰ ਆਪਣੇ ਤਣੇ ਜਾਲ ਵਿਚ ਫਸ ਜਾਣਾ ਹੈ। ਸਿਖ ਲਈ ਇਨ੍ਹਾਂ ਤਿੰਨਾਂ ਤੋਂ ਉੱਚਾ ਹੋ ਵਿਚਰਨ ਦਾ ਹੁਕਮ ਹੈ ਜਿਸ ਨੂੰ ਤੁਰਿਯਾ ਜਾਂ ਚੌਥਾ ਪਦ ਕਿਹਾ ਹੈ।

**ਨਾਨਾ :** ਭਾਂਤ ਭਾਂਤ। ਭਿੰਨ ਭਿੰਨ। (Various)

**ਚਿਰਜੀਵੇ :** ਲੰਮੀ ਉਮਰਾਂ ਵਾਲੇ।

**ਗਿਰੀ :** ਪਹਾੜ।

**ਮੇਰ ਸੁਵਰਨ :** ਸੋਨੇ ਦੇ ਪਹਾੜ।

**ਜਖ੍ਯ :** ਜੋ ਦੌਲਤ ਦੇ ਅੰਬਾਰਾਂ ਦੀ ਰਾਖੀ ਕਰਨ ਲਈ ਹਨ।

**ਕਿੰਨਰ :** ਜਿਨ੍ਹਾਂ ਦਾ ਸਿਰ ਘੋੜੇ ਦਾ ਤੇ ਜਿਸਮ ਇਨਸਾਨਾਂ ਵਾਲਾ। ਗਾਉਣ ਵਜਾਉਣ ਵਾਲੇ।

**ਮ੍ਰਿਗਾਚ :** ਹਿਰਣਾਂ ਨੂੰ ਮਾਰ ਖਾਣ ਵਾਲਾ। ਸ਼ੇਰ।

**ਅਲਿਪਤੁ :** ਨਿਰਲੇਪ। ਨਾ ਲਿਬੜਿਆ। ੪।

## ਪੰਜਵੀਂ ਪਉੜੀ

**ਕਈ ਕੋਟਿ ਪਾਤਾਲ ਕੇ ਵਾਸੀ ॥**
**ਕਈ ਕੋਟਿ ਨਰਕ ਸੁਰਗ ਨਿਵਾਸੀ ॥**

 www.sikhbookclub.com

ਕਈ ਕੋਟਿ ਜਨਮਹਿ ਜੀਵਹਿ ਮਰਹਿ ॥
ਕਈ ਕੋਟਿ ਬਹੁ ਜੋਨੀ ਫਿਰਹਿ ॥
ਕਈ ਕੋਟਿ ਬੈਠਤ ਹੀ ਖਾਹਿ ॥
ਕਈ ਕੋਟਿ ਘਾਲਹਿ ਥਕਿ ਪਾਹਿ ॥
ਕਈ ਕੋਟਿ ਕੀਏ ਧਨਵੰਤ ॥
ਕਈ ਕੋਟਿ ਮਾਇਆ ਮਹਿ ਚਿੰਤ ॥
ਜਹ ਜਹ ਭਾਣਾ ਤਹ ਤਹ ਰਾਖੇ ॥
ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥ ੫ ॥

**ਵਿਸਥਾਰ**

ਤੇਰਾ ਕੋਈ ਕੀ ਅੰਤ ਪਾ ਸਕਦਾ ਹੈ। ਕ੍ਰੋੜਾਂ ਹੀ ਜੀਵ ਪਾਤਾਲ ਦੇ ਵਸਨੀਕ ਹਨ ਤੇ ਕ੍ਰੋੜਾਂ ਉਪਰ ਨਰਕ ਵਿਚ ਸੜ ਰਹੇ ਹਨ ਅਤੇ ਕ੍ਰੋੜਾਂ ਹੀ ਸਵਰਗ ਦਾ ਅਨੰਦ ਪਏ ਮਾਣਦੇ ਹਨ। ਕ੍ਰੋੜਾਂ ਹੀ ਜੰਮਦੇ ਹਨ ਤੇ ਸਿਰਫ਼ ਜਿਊ ਕੇ ਤੇ ਅੰਤ ਮਰ ਜਾਂਦੇ ਹਨ ਕੁਝ ਕਿਸੇ ਦਾ ਸਵਾਰ ਨਹੀਂ ਜਾਂਦੇ। ਕ੍ਰੋੜਾਂ ਹੀ ਜਨਮਾਂ ਜਨਮਾਂ ਦੇ ਗੇੜ ਵਿਚ ਪਏ ਰਹਿੰਦੇ ਹਨ। ਉਨ੍ਹਾਂ ਦਾ ਜਨਮ ਮਰਨ ਮੁੱਕਦਾ ਹੀ ਨਹੀਂ। ਕ੍ਰੋੜਾਂ ਨੂੰ ਬਗੈਰ ਮਿਹਨਤ ਦੇ ਹੀ ਉਪਜੀਵਕਾ ਮਿਲ ਜਾਂਦੀ ਹੈ, ਘਾਲ ਕਮਾਈ ਕਰਨੀ ਹੀ ਨਹੀਂ ਪੈਂਦੀ ਅਤੇ ਕ੍ਰੋੜਾਂ ਘਾਲ ਘਾਲ ਥੱਕ ਜਾਂਦੇ ਹਨ ਫਿਰ ਵੀ ਪੇਟ ਭਰ ਰੋਟੀ ਨਹੀਂ ਮਿਲਦੀ।

ਕ੍ਰੋੜਾਂ ਨੂੰ ਉਸ ਧਨਾਢ ਬਣਾ ਦਿਤਾ ਹੈ ਪਰ ਕ੍ਰੋੜਾਂ ਐਸੇ ਹਨ ਜੋ ਮਾਇਆ ਇਕੱਠੀ ਕਰਨ ਦੀ ਚਿੰਤਾ ਵਿਚ ਪਏ ਹੋਏ ਹੀ ਜ਼ਿੰਦਗੀ ਗੁਜ਼ਾਰ ਜਾਂਦੇ ਹਨ। ਕਈ ਮਾਇਆ ਦੇ ਸੁਖ ਹੰਢਾ ਜਾਂਦੇ ਹਨ ਅਤੇ ਕਈ ਇਕੱਠੀ ਕਰਕੇ ਹੀ ਛੱਡ ਜਾਂਦੇ ਹਨ। ਉਨ੍ਹਾਂ ਦੇ ਨਸੀਬ ਵਿਚ ਵਰਤਣੀ ਨਹੀਂ ਲਿਖੀ ਹੁੰਦੀ।

ਇਹ ਸਭ ਵਾਹਿਗੁਰੂ ਦੀ ਮਰਜ਼ੀ ਹੈ ਜਿਵੇਂ ਚਾਹੇ ਜੀਵਾਂ ਨੂੰ ਉਪਜਾਏ ਤੇ ਰੱਖੇ। ਕਿਸੇ ਨੂੰ ਭਟਕਾਵੇ, ਕਿਸੇ ਨੂੰ ਟਿਕਾਵੇ। ਕਿਸੇ ਨੂੰ ਜ਼ਿੰਦਗੀ ਦਾ ਅਨੰਦ ਮਾਨਣ ਦੇਵੇ ਤੇ ਕਿਸੇ ਨੂੰ ਜਨਮਾਂ ਦੇ ਗੇੜ ਵਿਚ ਪਾ ਦੇਵੇ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਹ ਜਗਤ ਨੂੰ ਦੱਸ ਕਿ ਸਭ ਕੁਝ ਪ੍ਰਭੂ ਦੇ ਹੱਥ ਵਿਚ ਹੈ। ੫।

**ਸ਼ਬਦ ਭਾਵ :**

ਪਾਤਾਲ : ਹੇਠਲਾ ਜਗਤ। ਸਮੁੰਦਰ ਦੀਆਂ ਤੈਹਾਂ ਵਿਚ ਵਸਣ ਵਾਲੇ (Nether Region)

ਜਨਮਹਿ, ਜੀਵਹਿ, ਮਰਹਿ : ਜਨਮ ਲੈਂਦੇ ਹਨ, ਜ਼ਿੰਦਗੀ ਗੁਜ਼ਾਰਦੇ ਹਨ ਤੇ ਫਿਰ ਮਰ ਜਾਂਦੇ ਹਨ। ਜੀਵਨ ਦਾ ਮਕਸਦ ਨਹੀਂ ਪਾ ਸਕਦੇ। ਜੀਵਨ ਅਜਾਈਂ ਗਵਾ ਜਾਂਦੇ ਹਨ।

ਧਨਵੰਤ : ਧਨਾਢ। ਅਮੀਰ। (wealthy)

ਭਾਣਾ : ਰਜ਼ਾ। ਪ੍ਰਭੂ ਦੀ ਮਰਜ਼ੀ। (will). ੫.

## ਛੇਵੀਂ ਪਉੜੀ

ਕਈ ਕੋਟਿ ਭਏ ਬੈਰਾਗੀ ॥
ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥
ਕਈ ਕੋਟਿ ਪ੍ਰਭ ਕਉ ਖੋਜੰਤੇ ॥
ਆਤਮ ਮਹਿ ਪਾਰਬ੍ਰਹਮੁ ਲਹੰਤੇ ॥
ਕਈ ਕੋਟਿ ਦਰਸਨ ਪ੍ਰਭ ਪਿਆਸ ॥
ਤਿਨ ਕਉ ਮਿਲਿਓ ਪ੍ਰਭ ਅਬਿਨਾਸ ॥
ਕਈ ਕੋਟਿ ਮਾਗਹਿ ਸਤਸੰਗੁ ॥
ਪਾਰਬ੍ਰਹਮ ਤਿਨ ਲਾਗਾ ਰੰਗੁ ॥
ਜਿਨ ਕਉ ਹੋਏ ਆਪਿ ਸੁਪ੍ਰਸੰਨ ॥
ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥

**ਵਿਸਥਾਰ**

ਕ੍ਰੋੜਾਂ ਜਗਤ ਦੇ ਭੋਗਾਂ ਵਿਚ ਲੱਗੇ ਹੋਏ ਹਨ ਪਰ ਕ੍ਰੋੜਾਂ ਫਿਰ ਵੀ ਅਜਿਹੇ ਹਨ ਜੋ ਜਗਤ ਤੋਂ ਉਪ੍ਰਾਮ ਹੋ ਕੇ ਚਿੱਤ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਲਗਾ-ਤਾਰ ਟਿਕਾ ਲੈਂਦੇ ਹਨ ਅਤੇ ਹਜ਼ੂਰੀ ਦਾ ਅਨੰਦ ਮਾਣਦੇ ਹਨ। ਕ੍ਰੋੜਾਂ ਜੋ ਮਾਇਆ ਦੀ ਦੌੜ ਭੱਜ ਵਿਚ ਲੱਗੇ ਹਨ ਤਾਂ ਕ੍ਰੋੜਾਂ ਹੀ ਐਸੇ ਹਨ ਜੋ ਪ੍ਰਭੂ ਦੀ ਭਾਲ ਵਿਚ ਲੱਗੇ ਹੋਏ ਹਨ । ਉਨ੍ਹਾਂ ਦੀ ਭਟਕਨਾ ਮੁੱਕ ਜਾਂਦੀ ਹੈ। ਉਹ ਹਿਰਦੇ ਵਿਚ ਹੀ ਪ੍ਰਭੂ ਨੂੰ ਬੈਠਾ ਤੱਕ ਲੈਂਦੇ ਹਨ। ਕ੍ਰੋੜਾਂ ਜੋ ਤ੍ਰਿਸ਼ਨਾ ਦੀ ਪਿਆਸ ਬੁਝਾਉਣ ਵਿਚ ਲੱਗੇ ਹੋਏ ਹਨ ਪਰ ਫਿਰ ਵੀ ਨਹੀਂ ਬੁਝਦੀ। ਪਰ ਕ੍ਰੋੜਾਂ ਐਸੇ ਹਨ ਜਿਨ੍ਹਾਂ ਪ੍ਰਭੂ ਦੇ ਦਰਸ਼ਨ ਦੀ ਤ੍ਰੇਹ ਉਪਜਾ ਲਈ ਹੈ ਤੇ ਪ੍ਰਭੂ ਆਪੂੰ ਆ ਕੇ ਉਨ੍ਹਾਂ ਦੇ ਦਰਸ਼ਨਾਂ ਦੀ ਤ੍ਰੇਹ ਮਿਟਾਂਦਾ ਹੈ। ਪ੍ਰਭੂ ਆਪੂੰ ਆ ਕੇ ਉਨ੍ਹਾਂ ਕ੍ਰੋੜਾਂ ਨੂੰ ਆ ਆਪੂੰ ਦੀਦਾਰ ਦੇਂਦਾ ਹੈ ਜਿਨ੍ਹਾਂ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲਗਾ ਲਈ। ਕ੍ਰੋੜਾਂ ਅਜਿਹੇ ਹਨ ਜੋ ਸਤਿਸੰਗ ਢੂੰਡ ਕੇ ਵੀ ਕਰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਪ੍ਰਭੂ ਦੇ ਪਿਆਰ ਵਿਚ ਰੰਗਣ ਲਈ ਸਤਿਸੰਗ ਤੋਂ ਸਿਵਾ ਹੋਰ ਕੋਈ ਰਾਹ ਨਹੀਂ। ਉਹ ਸਤਿਸੰਗ ਕਰ ਪ੍ਰਭੂ ਦੇ ਪਿਆਰ ਵਿਚ ਆਪਣੇ ਆਪ ਨੂੰ ਰੰਗ ਲੈਂਦੇ ਹਨ। ਪਰ ਕੋਈ ਵਿਰਲਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਿਸ ਤੇ ਆਪ ਹੀ ਪ੍ਰਭੂ ਤ੍ਰੁਠ ਕੇ ਦੀਦਾਰ ਦੇ ਦੇਵੇ।

ਨਾ ਘਾਲ, ਨਾ ਭਾਲ, ਨਾ ਢੂੰਡ ਤੇ ਨਾ ਕੋਈ ਤਪ ਤਰੱਦਦ ਕਰਨਾ ਪਵੇ। ਐਸਾ ਸਦਾ ਭਾਗਾਂ ਵਾਲਾ ਰਹਿੰਦਾ ਹੈ। ਕਦੇ ਮਾਯੂਸੀ ਨਹੀਂ ਘੇਰਦੀ। ੬ ।

**ਸ਼ਬਦ ਭਾਵ :**

**ਬੈਰਾਗੀ** : ਜਗਤ ਤੋਂ ਉਪ੍ਰਾਮ।
**ਆਤਮ ਮਹਿ** : ਅੰਦਰੋਂ। ਬਾਹਰ ਵਣ ਖੰਡ-ਤੀਰਥਾਂ ਦੇ ਉਲਟ।
**ਅਬਿਨਾਸ** : ਸਦਾ ਕਾਇਮ ਰਹਿਣ ਵਾਲਾ ਪ੍ਰਭੂ।
**ਮਾਗਹਿ**
**ਸਤਿਸੰਗੁ** : ਭਲੇ ਪੁਰਸ਼ਾਂ ਦੀ ਸੰਗਤ ਦੇ ਇਛਾਵਾਨ।

ਗੁਰੂ ਅਰਜਨ ਦੇਵ ਜੀ ਕਿਸ ਸਹਜ ਨਾਲ ਪ੍ਰਭੂ ਦੇ ਪਾਉਣ ਤੇ ਰਾਹਾਂ ਦਾ


www.sikhbookclub.com

ਦਰਸ਼ਨ ਕਰਾ ਗਏ। **ਇਕ** ਹੈ ਮਾਇਆ ਦਾ ਪ੍ਰਭਾਵ ਨਾ ਪੈਣ ਦੇਣਾ। ਇਸ ਨਾਲ ਭਟਕਨਾ ਮੁਕਦੀ ਹੈ ਤੇ ਮਨ ਇਕਾਗ੍ਰ ਹੁੰਦਾ ਹੈ ਤੇ ਹਿਰਦੇ ਵਿਚ ਹਜ਼ੂਰੀ ਦਾ ਪ੍ਰਕਾਸ਼ ਹੁੰਦਾ ਹੈ। "ਰਾਮ ਨਾਮ ਸੰਗਿ ਤਿਨਿ ਲਿਵ ਲਾਗੀ।"

**ਦੂਜਾ ਹੈ** : ਹਿਰਦੇ ਵਿਚ ਹੀ ਪ੍ਰਭੂ ਨੂੰ ਪਾਉਣਾ। ਮਨ ਨੂੰ ਬਾਹਰ ਜਾਣ ਤੋਂ ਰੋਕਣਾ। ਮਨ ਟਿਕਿਆ ਪ੍ਰਭੂ ਅੰਦਰੋਂ ਹੀ ਦਿੱਸ ਪੈਂਦਾ ਹੈ। "ਆਤਮ ਮਹਿ ਪਾਰਬ੍ਰਹਮੁ ਲਹੰਤੇ"॥

**ਤੀਜਾ ਹੈ** : ਹੋਰ ਸਭ ਭੁਖਾਂ ਤ੍ਰਿਸ਼ਨਾਵਾਂ ਮੁਕਾ ਕੇ ਕੇਵਲ ਪ੍ਰਭੂ ਦੇ ਦਰਸ਼ਨਾਂ ਦੀ ਤ੍ਰੇਹ ਲੱਗ ਜਾਣੀ। ਹੋਰ ਤ੍ਰਿਸ਼ਨਾਵਾਂ ਦਾ ਜ਼ੋਰ ਨਾ ਪੈਣ ਦੇਣਾ। ਇਸ ਤਰ੍ਹਾਂ ਪ੍ਰਭੂ ਆ ਕੇ ਆਪੂੰ ਦਰਸ਼ਨ ਦੇਂਦਾ ਹੈ।

"ਦਰਸਨ ਪ੍ਰਭ ਪਿਆਸ ॥
ਤਿਨ ਕਉ ਮਿਲਿਓ ਪ੍ਰਭ ਅਬਿਨਾਸ।"

**ਚੌਥਾ ਹੈ** : ਸਤਿਸੰਗ ਕਰਨਾ। ਇਸ ਨਾਲ ਹਿਰਦਾ ਪ੍ਰਭੂ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ ਪ੍ਰਭੂ ਦੇ ਗੁਣ ਸੁਣ ਸੁਣ ਹਿਰਦਾ ਗੁਣਾਂ ਵਾਲਾ ਹੀ ਹੋ ਜਾਂਦਾ ਹੈ। ਪੁੱਗਿਆਂ ਦੀ ਸੰਗਤ ਪ੍ਰਭੂ ਨਾਲ ਮਿਲਾਪ ਕਰਾਉਣ ਜੋਗ ਹੈ। **ਪਰ ਸਭ** ਤੋਂ ਉੱਤਮ ਰਾਹ ਹੈ ਜਿਸ ਤੇ ਵਿਰਲੇ ਹੀ ਟੁਰਦੇ ਹਨ ਕਿ ਆਪਣੀ ਕਿਸੇ ਘਾਲ ਕਮਾਈ ਦਾ ਅਹੰਕਾਰ ਜਾਂ ਦਾਅਵਾ ਨਾ ਕਰਨਾ। ਉਨ੍ਹਾਂ ਤੇ ਪ੍ਰਭੂ ਆਪੂੰ ਖੁਸ਼ ਹੋ ਕੇ ਮਿਹਰਾਂ ਕਰਦਾ ਹੈ। ਇਹ ਮਿਹਰ ਫਿਰ ਖੁੱਸਦੀ ਵੀ ਨਹੀਂ। ਸਦਾ ਅਨੰਦ ਬਣਿਆ ਰਹਿੰਦਾ ਹੈ।

**ਰੰਗੁ** : ਪਿਆਰ।

**ਆਪਿ ਸੁਪ੍ਰਸੰਨ** : ਵਾਹਿਗੁਰੂ ਆਪੂੰ ਜਿਸ ਤੇ ਖ਼ੁਸ਼ ਹੋ ਕੇ ਮਿਹਰ ਕਰੇ। ੬।

## *ਸਤਵੀਂ ਪਉੜੀ*

**ਕਈ ਕੋਟਿ ਖਾਣੀ ਅਰੁ ਖੰਡ ॥**
**ਕਈ ਕੋਟਿ ਅਕਾਸ ਬ੍ਰਹਮੰਡ ॥**
**ਕਈ ਕੋਟਿ ਹੋਏ ਅਵਤਾਰ ॥**
**ਕਈ ਜੁਗਤਿ ਕੀਨੋ ਬਿਸਥਾਰ ॥**
**ਕਈ ਬਾਰ ਪਸਰਿਓ ਪਾਸਾਰ ॥**
**ਸਦਾ ਸਦਾ ਇਕੁ ਏਕੰਕਾਰ ॥**
**ਕਈ ਕੋਟਿ ਕੀਨੇ ਬਹੁ ਭਾਤਿ ॥**
**ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥**
**ਤਾ ਕਾ ਅੰਤੁ ਨ ਜਾਨੈ ਕੋਇ ॥**
**ਆਪੇ ਆਪਿ ਨਾਨਕ ਪ੍ਰਭ ਸੋਇ ॥ ੭ ॥**

***ਵਿਸਥਾਰ*** ਕ੍ਰੋੜਾਂ ਹੀ ਢੰਗ ਜੀਵਾਂ ਨੂੰ ਪੈਦਾ ਕਰਨ ਦੇ ਉਸ ਬਣਾਏ ਹੋਏ ਹਨ। ਕੇਵਲ ਚਾਰ : ਅੰਡਜ, ਜੇਰਜ (ਜਿਉਰ), ਸੇਤਜ (ਮੁੜ੍ਹਕਾ), ਜਾਂ ਉਤਭੁਜ (ਜਲ) ਦੇ ਹੀ ਨਹੀਂ ਹਨ। ਕ੍ਰੋੜਾਂ ਹੀ ਖੰਡ ਹਨ, ਕੇਵਲ ਨੌਂ ਨਹੀਂ।

 www.sikhbookclub.com

ਕ੍ਰੋੜਾਂ ਹੀ ਅਕਾਸ਼ ਹਨ ਕੇਵਲ ਸੱਤ ਨਹੀਂ ਤੇ ਕ੍ਰੋੜਾਂ ਹੀ ਬ੍ਰਹਮੰਡ ਹਨ, ਇਕੋ ਨਹੀਂ। ਉਸ ਦੀ ਬੇਅੰਤਤਾ ਦਾ ਕੋਈ ਅੰਤ ਨਹੀਂ।

ਕ੍ਰੋੜਾਂ ਹੀ ਅਵਤਾਰ ਹਨ ਜੋ ਪ੍ਰਭੂ ਦਾ ਸੁਨੇਹਾ ਲਿਆ ਰਹੇ ਹਨ। ਇਕੋ ਪੈਗੰਬਰ, ਇਕੋ ਬੇਟਾ ਜਾਂ ਗਿਣਤੀ ਦੇ ੨੪ ਹੀ ਅਵਤਾਰ ਨਹੀਂ। ਇਹ ਜਗਤ ਵੀ ਕਈ ਹੀ ਤਰੀਕਿਆਂ ਨਾਲ ਹੋਂਦ ਵਿਚ ਆਇਆ ਹੈ। ਕੋਈ ਨਹੀਂ ਕਹਿ ਸਕਦਾ ਕਿ ਉਸੇ ਦਾ ਦੱਸਿਆ ਰਾਹ ਹੀ ਸਹੀ ਸੀ। ਕੋਈ ਕਹਿੰਦਾ ਹੈ ਅੱਲਾਹ ਕੁਨ ਆਖਿਆ ਤਾਂ ਜਗਤ ਹੋਂਦ ਵਿਚ ਆਇਆ। ਕੋਈ ਕਹਿੰਦਾ : ਪਹਿਲਾਂ 'ਜਲ' ਉਪਾਇਆ। ਕੋਈ ਕਹਿੰਦਾ : ਵਿਕਾਸ ਕਰਦੇ ਕਰਦੇ ਇਸ ਸ਼ਕਲ ਨੂੰ ਪਹੁੰਚਿਆ। ਭਲਾ ਕੋਈ ਪੁਛੇ ਕਿ ਸੀਮਤ ਮਤ ਵਾਲਾ ਅਸੀਮ ਨੂੰ ਕਿਵੇਂ ਦਰਸਾ ਸਕਦਾ ਹੈ।

ਫਿਰ ਕੋਈ ਇਕ ਵਾਰੀ ਨਹੀਂ ਕਈ ਵਾਰੀ ਇਹ ਜਗਤ ਉਸਰਿਆ ਤੇ ਕਈ ਤਰ੍ਹਾਂ ਦੇ ਰੂਪ ਧਾਰੇ। ਸਿਰਫ ਉਹ ਪ੍ਰਭੂ ਹੀ ਇਕ ਐਸਾ ਹੈ ਜੋ ਸਦੀਵੀ ਹੈ। ਨਾਸ਼ਵੰਤ ਨਹੀਂ ਹੈ। ਕ੍ਰੋੜਾਂ ਹੀ ਪ੍ਰਕਾਰ ਦੇ ਜੀਵ ਉਸ ਜਗਤ ਵਿਚ ਪੈਦਾ ਕੀਤੇ। ਸਾਰੇ ਉਸ ਵਿਚੋਂ ਹੀ ਉਪਜੇ ਹਨ ਤੇ ਉਸ ਵਿਚ ਹੀ ਸਮਾ ਜਾਣੇ ਹਨ। ਉਸ ਦਾ ਅੰਤ, ਹੱਦ ਬੰਨਾ ਕੋਈ ਜਾਣ ਨਹੀਂ ਸਕਦਾ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਕੇਵਲ ਉਹ ਹੀ ਅਸਲੀਅਤ ਹੈ, ਹੋਰ ਸਭ ਆਵਣ ਜਾਣ ਹੈ। ਉਹ ਇਕ ਰਹੱਸ ਹੈ। ਬਸ ਇਹ ਹੀ ਕਹਿਣਾ ਬਣਦਾ ਹੈ ਉਸ ਦਾ ਭੇਦ ਕੋਈ ਉਸ ਤੋਂ ਉਪਜਿਆ ਨਹੀਂ ਪਾ ਸਕਦਾ। 'ਆਪੇ ਆਪਿ ਨਾਨਕ ਪ੍ਰਭੁ ਸੋਇ'। ੭।

SIKHBOOKCLUB.COM

**ਸ਼ਬਦ ਭਾਵ :**

**ਖੰਡ** : ਧਰਤੀ ਦੇ ਟੁਕੜੇ ਜੋ ਨੌਂ ਕਹੇ ਜਾਂਦੇ ਹਨ। ਇਥੇ ਕ੍ਰੋੜਾਂ ਆਖ ਕੇ ਮਨੁੱਖ ਦੀ ਅਲਪ ਮਤ ਦਾ ਜ਼ਿਕਰ ਕਰ ਰਹੇ ਹਨ।

**ਖਾਣੀ** : ਜੀਵਾਂ ਦੇ ਉਪਜਣ ਦੇ ਚਾਰ ਢੰਗ : ਅੰਡਜ (Eggs), ਜੇਰਜ (ਜਿਉਰ-Oval), ਸੇਤਜ (Sweat), ਉਤਭੁਜ (water)।

**ਅਕਾਸ** : ਆਸਮਾਨ। ਸੱਤ ਨਹੀਂ; ਕਈ ਹਨ।

**ਅਵਤਾਰ** : ਜੋ ਪ੍ਰਭੂ ਦਾ ਸੁਨੇਹਾ ਲੈ ਕੇ ਆਉਂਦੇ ਹਨ। ਪ੍ਰਭੂ ਰੂਪ ਹੀ ਉਨ੍ਹਾਂ ਨੂੰ ਕਿਹਾ ਜਾਂਦਾ ਹੈ। ਉਨ੍ਹਾਂ ਦੀ ਕੁਲ ਗਿਣਤੀ ੨੪ ਕਹੀ ਜਾਂਦੀ ਹੈ। ਮਹਾਰਾਜ ਉਸ ਮਿਥ ਨੂੰ ਤੋੜਦੇ ਕਹਿੰਦੇ ਹਨ ਕਿ ੨੪ ਨਹੀਂ ਕ੍ਰੋੜਾਂ ਹਨ। (Incarnations)

**ਜੁਗਤਿ** : ਤਰੀਕੇ। (ways)

**ਬਿਸਥਾਰ** : ਵਿਸਥਾਰ (Expansions)

**ਭਾਤਿ** : ਕਿਸਮਾਂ।

**ਸਮਾਤਿ** : ਵਿਚੇ ਹੀ ਰਲ ਜਾਂਦੇ ਹਨ। (Merge). ੭.

## ਅਠਵੀਂ ਪਉੜੀ

ਕਈ ਕੋਟਿ ਪਾਰਬ੍ਰਹਮ ਕੇ ਦਾਸ ॥
ਤਿਨ ਹੋਵਤ ਆਤਮ ਪਰਗਾਸ ॥

ਕਈ ਕੋਟਿ ਤਤ ਕੇ ਬੇਤੇ ॥
ਸਦਾ ਨਿਹਾਰਹਿ ਏਕੋ ਨੇਤ੍ਰੇ ॥
ਕਈ ਕੋਟਿ ਨਾਮ ਰਸੁ ਪੀਵਹਿ ॥
ਅਮਰ ਭਏ ਸਦ ਸਦ ਹੀ ਜੀਵਹਿ ॥
ਕਈ ਕੋਟਿ ਨਾਮ ਗੁਨ ਗਾਵਹਿ ॥
ਆਤਮ ਰਸਿ ਸੁਖਿ ਸਹਜਿ ਸਮਾਵਹਿ ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥
ਨਾਨਕ ਓਇ ਪਰਮੇਸੁਰ ਕੇ ਪਿਆਰੇ ॥ ੮ ॥ ੧੦ ॥

**ਵਿਸਥਾਰ**

ਕੋਈ ਉਸ ਪ੍ਰਭੂ ਨੂੰ ਪਾ ਹੰਕਾਰ ਵਿਚ ਨਾ ਆਵੇ ਇਸ ਲਈ ਫ਼ਰਮਾ ਰਹੇ ਹਨ ਕਿ ਕ੍ਰੋੜਾਂ ਹੀ ਨਿਮਰ ਭਾਵ ਵਿਚ ਭਗਤੀ ਵਿਚ ਲੱਗੇ ਹੋਏ ਹਨ ਜੋ ਆਪਾ ਨਹੀਂ ਜਣਾਂਦੇ। ਇਸ ਤਰ੍ਹਾਂ ਉਨ੍ਹਾਂ ਅੰਦਰ ਚਾਨਣਾ ਕਰ ਲਿਆ ਹੈ। ਕ੍ਰੋੜਾਂ ਨੇ ਹੀ ਅਸਲੀਅਤ ਜਾਣ ਲਈ ਹੈ (ਤਤ ਕੇ ਬੇਤੇ)। ਜਗਤ ਦੀ ਨਾਸ਼ਵੰਤਾ ਨੂੰ ਪਹਿਚਾਣ ਗਏ ਹਨ ਅਤੇ ਉਹ ਅੱਖ ਉਨ੍ਹਾਂ ਨੂੰ ਮਿਲ ਗਈ ਹੈ ਜਿਸ ਨਾਲ ਜਗਤ ਵਿਚ ਵਿਚਰਦੇ ਉਹ ਕੇਵਲ ਇਕ ਪ੍ਰਭੂ ਨੂੰ ਹੀ ਸਦਾ ਕਾਇਮ ਰਹਿਣ ਵਾਲਾ ਵੇਖਦੇ ਹਨ। ਕ੍ਰੋੜਾਂ ਹੀ ਉਸ ਦੀ ਹਜ਼ੂਰੀ ਦਾ ਅਨੰਦ ਮਾਣਦੇ ਰਹਿੰਦੇ ਹਨ ਅਤੇ ਆਤਮਕ ਜੀਵਨ ਨੂੰ ਪਾ ਲੈਂਦੇ ਹਨ ਜੋ ਨਾਸ ਨਹੀਂ ਹੁੰਦਾ। ਕ੍ਰੋੜਾਂ ਹੀ ਉਸ ਦੀ ਹਜ਼ੂਰੀ ਪਾ ਕੇ ਉਸ ਦੇ ਗੁਣ ਗਾਉਣ ਲੱਗ ਪੈਂਦੇ ਹਨ ਤੇ ਆਤਮਿਕ ਅਨੰਦ ਵਿਚ ਖੀਵੇ ਹੋਏ ਪੂਰਨ ਟਿਕਾ ਨੂੰ ਪਾ ਲੈਂਦੇ ਹਨ। ਜੋ ਆਪਣਾ ਹੰਕਾਰ ਤਜ ਉਸ ਦਾ ਸੇਵਕ ਬਣ ਗਿਆ ਹੈ ਵਾਹਿਗੁਰੂ ਉਸ ਦਾ ਇਕ-ਸੁਆਸ ਵੀ ਜ਼ਾਇਆ ਨਹੀਂ ਜਾਣ ਦੇਂਦਾ। ਪਿਆਰ ਦੀ ਨਜ਼ਰ ਪਾਂਦਾ ਰਹਿੰਦਾ ਹੈ ਤੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਉਹ ਹੀ ਅਸਲ ਵਿਚ ਪ੍ਰਭੂ ਦਾ ਪਿਆਰਾ ਹੈ ਜਿਸ ਤੇ ਪਿਆਰ ਦੀ ਦ੍ਰਿਸ਼ਟੀ ਪੈਂਦੀ ਰਹਿੰਦੀ ਹੈ। ਬਾਕੀ ਕ੍ਰੋੜਾਂ ਤਾਂ ਭਾਲ ਘਾਲ, ਢੂੰਡ ਵਿਚ ਹੀ ਲੱਗੇ ਹੋਏ ਹਨ। ੮। ੧੦।

**ਸ਼ਬਦ ਭਾਵ :**

**ਆਤਮ ਪਰਗਾਸ** : ਅੰਦਰ ਚਾਨਣ ਹੋ ਜਾਣਾ। (Mind's Illumined)

**ਤਤ ਕੇ ਬੇਤੇ** : ਅਸਲੀਅਤ ਤੋਂ ਜਾਣੂੰ। ਜਗਤ ਦੀ ਨਾਸ਼ਵੰਤਾ ਦਾ ਗਿਆਨ ਜਿਸ ਨੂੰ ਹੋ ਗਿਆ।

**ਏਕੋ ਨੇਤ੍ਰੇ** : ਅਲੌਕਿਕ ਅੱਖਾਂ। ਉਸ ਕੀਮਤੀ ਨਜ਼ਰ ਦਾ ਮਿਲ ਜਾਣਾ ਜਿਸ ਰਾਹੀਂ ਪ੍ਰਭੂ ਤੋਂ ਸਿਵਾ ਹੋਰ ਕੁਝ ਨਜ਼ਰੀਂ ਨਾ ਆਵੇ।

**ਅਮਰ** : ਸਦਾ ਕਾਇਮ। ਸਹੀ। (Everlasting)

**ਸਹਜਿ** : ਗਿਆਨ ਪਾਉਣ ਤੋਂ ਬਾਅਦ ਪੂਰਨ ਟਿਕਾ ਨੂੰ ਪਾਉਣਾ।

**ਜਨ** : ਸੇਵਕ। (Humble Devotee)

**ਸਮਾਰੇ** : ਸੰਭਾਲਦਾ ਹੈ। ਚੇਤੇ ਵਿਚ ਰਖਦਾ ਹੈ। ੮। ੧੦।

---

## ਗਿਆਰ੍ਹਵੀਂ ਅਸ਼ਟਪਦੀ

*ਗਿਆਰਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਮਨੁੱਖ ਵਿਚ ਪ੍ਰੇਸ਼ਾਨੀ, ਅਸਥਿਰਤਾ, ਡੋਲਣਾ, ਘਬਰਾਹਟ, ਕਦੇ ਆਕਾਸ਼ੀ ਗੱਲਾਂ ਕਰਨੀਆਂ ਤੇ ਕਦੇ ਜ਼ਮੀਨ ਤੇ ਢੱਠੇ ਰਹਿਣਾ, ਕਦੇ ਐਸ਼ਾਂ ਵਿਚ ਪਏ ਰਹਿਣਾ ਅਤੇ ਕਦੇ ਝਉਂ ਉਦਾਸ ਹੋ ਜਾਣਾ। ਕਦੇ ਕ੍ਰੋਧੀ ਹੋ ਬੈਠਣਾ ਤੇ ਕਦੇ ਨਿੰਮ੍ਰਤਾ ਦੀ ਸੂਰਤ ਹੋ ਜਾਣਾ। ਕਦੇ ਵਿਦਵਾਨਾਂ ਪੰਡਤਾਂ ਵਾਲੀਆਂ ਗੱਲਾਂ ਕਰਨੀਆਂ ਤੇ ਕਦੇ ਮੂਰਖਾਂ ਵਾਂਗ ਅਬਹ ਤਬਹ ਬੋਲਣਾ। ਕਦੇ ਤਾਂ ਕਰਾਮਾਤਾਂ, ਸ਼ਕਤੀਆਂ ਦੀ ਗੱਲ ਕਰਨੀ ਤੇ ਕਦੇ ਅਤਿ ਦਰਜੇ ਦੀ ਨੀਵੀਂ ਬਾਤ। ਇਸ ਤਰ੍ਹਾਂ ਇਸ ਲਈ ਹੁੰਦਾ ਹੈ ਕਿ ਇਹ ਜੀਵ ਆਪਣੇ ਬਲ ਨੂੰ ਹੀ ਸਭ ਕੁਝ ਮੰਨਣ ਲਗ ਪੈਂਦਾ ਹੈ ਤੇ ਹਉਂ ਦੇ ਪ੍ਰਬਲ ਹੋਣ ਕਾਰਨ ਇਹ ਸਮਝਣ ਲਗ ਪੈਂਦਾ ਹੈ ਕਿ ਉਹ ਸਭ ਕੁਝ ਕਰਨ ਜੋਗ ਹੈ। ਇਹ ਇਸ ਦੀ ਖ਼ਾਮ ਖ਼ਿਆਲੀ ਹੈ। 'ਇਸ ਕਾ ਬਲ' ਇਸ ਹਾਥ ਨਹੀਂ ਹੈ। ਆਪਣੇ ਆਪ ਇਹ ਕੁਝ ਕਰਨ ਜੋਗ ਨਹੀਂ। ਸਭ ਕੁਝ ਕਰਨ ਜੋਗ, ਕਾਰਨਾਂ ਦਾ ਕਾਰਨ, ਉਹ ਵਾਹਿਗੁਰੂ ਹੈ। ਵਾਹਿਗੁਰੂ ਆਪਣੀ ਸ਼ਕਤੀ ਵਰਤਾਏ ਤਾਂ ਖਿਨ ਵਿਚ ਕਿਸੇ ਅਣਜਾਣੇ ਨੂੰ ਰਾਜ ਤੇ ਬਿਠਾ ਦੇਂਦਾ ਹੈ ਅਤੇ ਅਗਲੇ ਪਲ ਢਾਹ ਢੇਰੀ ਕਰ ਦੇਂਦਾ ਹੈ। ਬਖ਼ਸ਼ਸ਼ ਕਰ ਕੇ ਦੇਖ ਲਵੇ ਤਾਂ ਫਿਰ ਲੇਖੇ ਨਹੀਂ ਹੁੰਦੇ ਪਰ ਇਹ ਰਹਿਮਤ ਪਾਉਣ ਲਈ ਲਾਜ਼ਮੀ ਸ਼ਰਤ ਹੈ ਕਿ ਆਪਣੀ ਜਿੰਦ ਜਿਸਮ ਉਸ ਦਾ ਸਮਝੇ ਤੇ ਜਾਣੇ। ਜਿੰਦ-ਜਿਸਮ ਜਿਸ ਨੇ ਉਸ ਦੀ ਜਾਣ ਲਈ ਤਾਂ ਉਹ ਆਪ ਹੀ ਸੰਗਤਿ ਬਖ਼ਸ਼ ਦੇਵੇਗਾ, ਜਿਥੋਂ ਐਸੀ ਆਤਮਕ ਸਥਿਰਤਾ (ਸਥਾਨ) ਮਿਲੇਗੀ ਕਿ ਕਿਸੇ ਬਾਹਰਲੇ ਪ੍ਰਭਾਵ ਕਾਰਨ ਫਿਰ ਉਤਾਰ-ਚੜ੍ਹਾਅ ਨਹੀਂ ਹੋਣ ਲੱਗਾ ਤੇ ਅਜਿਹਾ ਆਤਮਿਕ ਚਾਨਣ ਅੰਦਰ ਹੋ ਜਾਏਗਾ ਜੋ ਕਦੇ ਨਸ਼ਟ ਨਹੀਂ ਹੋਵੇਗਾ। ਵਾਹਿਗੁਰੂ ਸਦਾ ਅੰਗ ਸੰਗ ਰਵ੍ਹੇਗਾ ਅਤੇ ਭਟਕਣਾ, ਪ੍ਰੇਸ਼ਾਨੀ ਤੌਖ਼ਲਾ ਨੇੜੇ ਤਕ ਨਹੀਂ ਢੁੱਕਣਗੇ। **'ਮਿਟ ਗਏ ਗਵਨ ਪਾਏ ਬਿਸ੍ਰਾਮ।**

### ਸਲੋਕੁ ॥

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥**
**ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ ੧ ॥**

**ਵਿਸਥਾਰ**

ਵਾਹਿਗੁਰੂ ਹੀ ਕੇਵਲ ਇਕੋ ਇਕ ਆਪ ਕਰਤਾ ਹੈ। ਸਾਰਾ ਬ੍ਰਹਮੰਡ ਉਸੇ ਨੇ ਹੀ ਸਾਜਿਆ ਹੈ, ਹੋਰ ਕੋਈ ਦੂਜਾ ਬ੍ਰਹਮਾ ਜਾਂ ਵਿਸ਼ਵਕਰਮਾ ਨਹੀਂ। ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਮੈਂ ਉਸ ਕਰਨ ਕਾਰਨ ਤੋਂ ਸਦਕੇ ਜਾਂਦਾ ਹਾਂ ਜੋ ਦੁਨੀਆਂ ਸਾਜ ਫਿਰ ਕਿਧਰੇ ਦੂਰ ਨਹੀਂ ਜਾ ਬੈਠਾ ਸਗੋਂ ਧਰਤ, ਆਕਾਸ਼ ਅਤੇ ਹਰ ਹਿਰਦੇ ਸਮਾਇਆ ਹੈ। ਹਰ ਇਕ ਵਿਚ ਪ੍ਰਭੂ ਨੂੰ ਸਮਾਇਆ ਨਾ ਤੱਕਣ ਕਾਰਨ ਹੀ ਮਨੁੱਖ ਨੂੰ ਪ੍ਰੇਸ਼ਾਨੀ ਵਾਪਰ ਰਹੀ ਹੈ। ੧।

*ਸ਼ਬਦ ਭਾਵ :*

**ਕਰਣ ਕਾਰਣ :** ਹਰ ਚੀਜ਼ ਰਚਣ ਤੇ ਹਰ ਬਾਤ ਕਰਨ ਵਾਲਾ। (Sole doer)

**ਬਲਿਹਾਰਣੈ :** ਸਦਕੇ।

**ਮਹੀਅਲਿ :** ਹਰ ਹਿਰਦੇ ਅੰਦਰ ਵਿਆਪਕ ਬੈਠਾ। (Pervasive) ੧.

 www.sikhbookclub.com

## ਪਹਿਲੀ ਪਉੜੀ

ਕਰਨ ਕਰਾਵਨ ਕਰਨੈ ਜੋਗੁ ॥
ਜੋ ਤਿਸੁ ਭਾਵੈ ਸੋਈ ਹੋਗੁ ॥
ਖਿਨ ਮਹਿ ਥਾਪਿ ਉਥਾਪਨਹਾਰਾ ॥
ਅੰਤੁ ਨਹੀ ਕਿਛੁ ਪਾਰਾਵਾਰਾ ॥
ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥
ਹੁਕਮੇ ਊਚ ਨੀਚ ਬਿਉਹਾਰ ॥
ਹੁਕਮੇ ਅਨਿਕ ਰੰਗ ਪਰਕਾਰ ॥
ਕਰਿ ਕਰਿ ਦੇਖੈ ਅਪਨੀ ਵਡਿਆਈ ॥
ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥

**ਵਿਸਥਾਰ**

ਵਾਹਿਗੁਰੂ ਦੀ ਸ਼ਕਤੀ ਦਾ ਕੋਈ ਪਾਰਾਵਾਰ ਨਹੀਂ ਉਹ ਹਰ ਬਾਤ ਕਰਨ ਦੀ ਸਮਰਥਾ ਰੱਖਦਾ ਹੈ ਅਤੇ ਜੋ ਵੀ ਉਸ ਦੀ ਮਰਜ਼ੀ ਹੋਵੇ ਉਹ ਕਰਵਾ ਵੀ ਸਕਦਾ ਹੈ। 'ਕਰਨ ਕਰਾਵਨ'। ਉਸ ਦੀ ਰਜ਼ਾ ਬਗੈਰ ਕੁਝ ਵਾਪਰ ਨਹੀਂ ਸਕਦਾ। ਪਲ ਵਿਚ ਉਹ ਉਸਾਰ ਢਾਹ ਸਕਦਾ ਹੈ। ਸਾਰੀ ਸ੍ਰਿਸ਼ਟੀ ਉਸ ਸਹਾਰੇ-ਆਸਰੇ ਹੈ ਪਰ ਅਸਚਰਜ ਇਹ ਹੈ ਕਿ ਉਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ। 'ਅਧਰ ਰਹਾਵੈ'। ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਅਨੁਸਾਰ ਹੀ ਹੋਂਦ ਵਿਚ ਆਈ ਤੇ ਹੁਕਮ ਹੁੰਦਿਆਂ ਹੀ ਉਸ ਵਿਚ ਜਾ ਸਮਾ ਜਾਣੀ ਹੈ। ਉਸ ਦੀ ਰਜ਼ਾ ਵਰਤਦੀ ਇਸ ਗੱਲੋਂ ਤੱਕੋ ਕਿ ਉਹ ਹੀ ਮਨੁੱਖ ਕਦੇ ਤਾਂ ਸੋਹਣਾ ਉੱਤਮ ਵਿਚਾਰ ਕਰਦਾ ਹੈ ਤੇ ਕਦੇ ਨੀਵਾਂ ਨੀਚਾਂ ਵਾਲਾ। ਇਕੋ ਉਹ ਹੀ ਮਨੁੱਖ ਕਈ ਪ੍ਰਕਾਰ ਦੇ ਸੁਭਾਵਾਂ ਰੁਚੀਆਂ ਦਾ ਇਕੋ ਵੇਲੇ ਹੀ ਮਾਲਕ ਹੈ। ਇਹ ਹੀ ਉਸ ਦੇ ਹੁਕਮ ਵਰਤਣ ਦੀ ਨਿਸ਼ਾਨੀ ਹੈ। ਮਨੁੱਖ ਦੀ ਨਿਰਬਲਤਾ ਦਾ ਪ੍ਰਗਟਾਵਾ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਸਿਰਫ ਇਤਨੀ ਗੱਲ ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਹਰ ਇਕ ਵਿਚ ਉਹ ਆਪ ਵਿਚਰ ਰਹਿਆ ਹੈ ਤੇ ਆਪਣਾ ਬਲ (ਆਪਨੀ ਵਡਿਆਈ) ਵਰਤਾ ਕੇ ਝਾਤ ਪਾਉਂਦਾ ਤੇ ਮੁਲਾਹਜ਼ਾ ਕਰਦਾ ਰਹਿੰਦਾ ਹੈ। ਉਸ ਦੀ ਨਜ਼ਰ ਤੋਂ ਕੁਝ ਵੀ ਓਹਲੇ ਨਹੀਂ ।੧।

**ਸ਼ਬਦ ਭਾਵ :**

ਕਰਨ ਕਰਾਵਨ : ਕਰਣਹਾਰ ਵੀ ਉਹ ਹੈ ਤੇ ਦੂਜੇ ਕੋਲੋਂ ਕਰਾਵਨ ਦੀ ਸ਼ਕਤੀ ਵੀ ਉਸ ਪਾਸ ਹੈ। (Doer and Willer)

ਜੋਗੁ : ਸਮ੍ਰਥਾ।

ਹੋਗੁ : ਹੋਵੇਗਾ।

ਥਾਪਿ : ਸਾਜ-ਉਸਾਰ ਖੜ੍ਹਾ ਕਰਨਾ।

ਉਥਾਪਨਹਾਰਾ : ਢਾਹ ਢੇਰੀ ਕਰਨ ਵਾਲਾ।

ਧਾਰਿ : ਉਸਾਰ ਕੇ ਟਿਕਾਈ ਰਖਣਾ।

 www.sikhbookclub.com

**ਅਧਰ ਰਹਾਵੈ** : ਉਸ ਵਾਹਿਗੁਰੂ ਨੂੰ ਆਪ ਕਿਸੇ ਟੇਕ ਦੀ ਲੋੜ ਨਹੀਂ। ਬਗੈਰ ਟੇਕ ਦੇ ਰਹਿ ਸਕਦਾ ਹੈ। ਉਸ ਦੀ ਸਾਜੀ ਹਰ ਸ਼ੈ ਨੂੰ ਤਾਂ ਸਹਾਰੇ ਦੀ ਲੋੜ ਹੈ ਪਰ ਉਸ ਨੂੰ ਨਹੀਂ।

**ਹੁਕਮੇ** : ਉਸ ਦੇ ਹੁਕਮ ਅਨੁਸਾਰ।

**ਊਚ ਨੀਚ ਬਿਉਹਾਰ** : ਕਦੇ ਉੱਚਾ ਤੇ ਕਦੇ ਮੰਦਾ ਨੀਵਾਂ ਵਿਉਹਾਰ ਕਰਦਾ ਹੈ। ਉਸ ਦੇ ਹੁਕਮ ਦੇ ਵਰਤਣ ਦੀ ਨਿਸ਼ਾਨੀ ਇਹ ਹੀ ਹੈ ਕਿ ਮਨੁੱਖ ਇਕੋ ਵੇਲੇ ਦੋ ਸੁਭਾਵਾਂ ਦਾ ਪ੍ਰਗਟਾਵਾ ਕਰ ਜਾਂਦਾ ਹੈ।

**ਅਨਿਕ** : ਅਨੇਕਾਂ।

**ਰੰਗ** : ਮੌਜ। ਮਿਜ਼ਾਜ। (Moods)

**ਪਰਕਾਰ** : ਤਰ੍ਹਾਂ ਤਰ੍ਹਾਂ ਦੇ। ਭਿੰਨ ਭਿੰਨ ਦੇ।

**ਅਪਨੀ ਵਡਿਆਈ** : ਆਪਣੀ ਸ਼ਕਤੀ। ਆਪਣਾ ਬਲ। (Own might)

**ਕਰਿ ਕਰਿ** : ਵਰਤ ਵਰਤਾ (Exercises)

**ਦੇਖੈ** : ਝਾਤ ਪਾਉਣੀ। ਮੁਲਾਹਜ਼ਾ ਕਰਨਾ। (Views). ੧.

## ਦੂਜੀ ਪਉੜੀ

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥
ਪ੍ਰਭ ਭਾਵੈ ਤਾ ਪਾਥਰ ਤਰਾਵੈ ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥
ਪ੍ਰਭ ਭਾਵੈ ਤਾਂ ਹਰਿ ਗੁਣ ਭਾਖੈ ॥
ਪ੍ਰਭ ਭਾਵੈ ਤਾ ਪਤਿਤ ਉਧਾਰੈ ॥
ਆਪਿ ਕਰੈ ਆਪਨ ਬੀਚਾਰੈ ॥
ਦੁਹਾ ਸਿਰਿਆ ਕਾ ਆਪਿ ਸੁਆਮੀ ॥
ਖੇਲੈ ਬਿਗਸੈ ਅੰਤਰਜਾਮੀ ॥
ਜੋ ਭਾਵੈ ਸੋ ਕਾਰ ਕਰਾਵੈ ॥
ਨਾਨਕ ਦ੍ਰਿਸਟੀ ਅਵਰੁ ਨਾ ਆਵੈ ॥੨॥

**ਵਿਸਥਾਰ**

ਪਹਿਲੀ ਪਉੜੀ ਵਿਚ ਇਹ ਸਿਧਾਂਤ ਦੇ ਦਿੱਤਾ ਕਿ ਵਾਹਿਗੁਰੂ ਹੀ ਕਰਾਵਨ ਦੀ ਸਮ੍ਰਥਾ ਰਖਦਾ ਹੈ ਤਾਂ ਇਸ ਪਉੜੀ ਵਿਚ ਵਾਹਿਗੁਰੂ ਦੀ ਕਿਤਨੀ ਕੁ ਸਮ੍ਰਥਾ ਹੈ ਤਾਂ ਕੁਝ ਕੁ ਵਰਣਨ ਕਰਦੇ ਹਨ। ਵਾਹਿਗੁਰੂ ਦਾ ਜੇ ਚਿਤ ਹੋਵੇ ਤਾਂ ਮਨੁੱਖ ਨੂੰ ਆਤਮਕ ਉਚਾਈਆਂ ਤੇ ਲੈ ਜਾਂਦਾ ਹੈ। ਵਾਹਿਗੁਰੂ ਦੀ ਜੇ ਮਰਜ਼ੀ ਹੋਵੇ ਤਾਂ ਪੱਥਰ ਚਿਤ ਕਠੋਰ ਮਨਾਂ ਵਾਲਿਆਂ ਨੂੰ ਵੀ ਤਾਰ ਦੇਂਦਾ ਹੈ। ਵਾਹਿਗੁਰੂ ਦੀ ਜੇ ਮਰਜ਼ੀ ਹੋਵੇ ਤਾਂ ਬਗੈਰ ਸੁਆਸਾਂ ਤੋਂ ਹੀ ਜ਼ਿੰਦਾ ਰੱਖ ਸਕਦਾ ਹੈ ਤੇ ਜਗਤ ਵਿਚ ਖੱਚਤ ਹੋਏ ਜੀਵ ਨੂੰ ਭਗਤੀ ਭਾਵ ਵਿਚ ਲਗਾ ਦੇਂਦਾ ਹੈ। ਵਾਹਿਗੁਰੂ ਦੀ ਜੇ ਇੱਛਾ ਹੋਵੇ ਤਾਂ ਇਖਲਾਕੋਂ ਗਿਰਿਆਂ ਦਾ ਵੀ ਨਿਸਤਾਰਾ ਕਰ ਦੇਂਦਾ ਹੈ ਅਤੇ ਉਸ

 www.sikhbookclub.com

ਵਿਚ ਇਤਨੀ ਰੂਹਾਨੀ ਸ਼ਕਤੀ ਬਖ਼ਸ਼ ਦਿੰਦਾ ਹੈ ਕਿ ਉਹ ਜੋ ਪਹਿਲਾਂ ਹਰ ਪੱਖੋਂ ਗਿਰਿਆ ਹੋਆ ਸੀ, ਮਾੜੇ ਚੰਗੇ ਦੀ ਵਿਚਾਰ ਵੀ ਨਹੀਂ ਸੀ ਕਰ ਸਕਦਾ ਹੁਣ ਆਪਣੀ ਹਰ ਕਰਨੀ ਦੇ ਮਾੜੇ-ਚੰਗੇ ਪੱਖ ਤੇ ਵਿਚਾਰ ਕਰ ਸਕਦਾ ਹੈ।

'ਆਪਿ ਕਰੈ ਆਪਨ ਬੀਚਾਰੈ।'

ਵਾਹਿਗੁਰੂ ਇਸ ਜਗਤ ਤੇ ਅਗਲੇ ਦਾ ਵੀ ਆਪ ਹੀ ਮਾਲਕ ਹੈ ਤੇ ਹਰ ਇਕ ਦੇ ਅੰਦਰ ਬੈਠਾ ਮਨੁੱਖ ਵਲੋਂ ਕੀਤੀ ਜਾ ਰਹੀ ਖੇਡ ਅਦਾਕਾਰੀ ਨੂੰ ਦੇਖ ਮਜ਼ਾ ਲੈ ਰਹਿਆ ਹੈ।

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਵਾਹਿਗੁਰੂ ਉਹੋ ਕੁਝ ਕਰਵਾ ਲੈਂਦਾ ਹੈ ਜੋ ਉਸ ਦੀ ਇੱਛਾ ਹੋਵੇ। ਹੋਰ ਕੋਈ ਉਸ ਤੋਂ ਬਗ਼ੈਰ ਕਰਨਹਾਰ ਉਨ੍ਹਾਂ ਨੂੰ ਨਜ਼ਰੀ ਨਹੀਂ ਆਉਂਦਾ।੨।

*ਸ਼ਬਦ ਭਾਵ :*

**ਗਤਿ** : ਉੱਚੀ ਆਤਮਕ ਅਵਸਥਾ। (Supreme State)

**ਪਾਥਰ** : ਪੱਥਰ ਚਿਤ ਕਠੋਰ ਪੁਰਸ਼।

**ਭਾਖੈ** : ਦੱਸਣ ਲੱਗ ਪੈਂਦੇ ਹਨ। (Recount)

**ਪਤਿਤ** : ਇਖਲਾਕੋਂ ਡਿੱਗੇ। (Fallen ones)

**ਆਪਿ ਕਰੈ, ਆਪਨ ਬੀਚਾਰੈ** : ਪਹਿਲਾਂ ਆਚਰਣੋਂ ਗਿਰਿਆਂ ਦਾ ਜ਼ਿਕਰ ਸੀ ਜਿਨ੍ਹਾਂ ਨੂੰ ਮਾੜੇ ਚੰਗੇ ਦੀ ਵਿਚਾਰ ਨਹੀਂ ਰਹਿੰਦੀ। ਸੋ ਨਾਲ ਹੀ ਵਾਹਿਗੁਰੂ ਦੀ ਸਮ੍ਰਥਾ ਦਾ ਇਕ ਹੋਰ ਹਵਾਲਾ ਦੇਂਦੇ ਹਨ ਕਿ ਉਸ ਵਿਚ ਐਸਾ ਰੂਹਾਨੀ ਚਾਨਣਾ ਬਖ਼ਸ਼ਣ ਦੀ ਸਮ੍ਰਥਾ ਹੈ ਕਿ ਉਸੇ ਡਿਗੇ ਮਨੁੱਖ ਨੂੰ ਆਪਣੇ ਹਰ ਕਰਮ ਦੇ ਮਾੜੇ ਚੰਗੇ ਦੇ ਸਿੱਟਿਆਂ ਦੀ ਵਿਚਾਰ ਵੀ ਬਖ਼ਸ਼ ਸਕਦਾ ਹੈ। ਐਸੀ ਬਿਬੇਕ ਬੁੱਧੀ ਬਖ਼ਸ਼ਦਾ ਹੈ ਕਿ ਉਹ ਮਾੜੇ ਪਾਸੇ ਜਾਂਦਾ ਹੀ ਨਹੀਂ।

**ਦੁਹਾ ਸਿਰਿਆ** : ਦੋ ਕਿਨਾਰੇ। ਇਹ ਜਗਤ ਤੇ ਅਗਲਾ। ਹਲਤ ਪਲਤ।

**ਅੰਤਰਜਾਮੀ** : ਅੰਦਰਲੇ ਤੇ ਨਿਯੰਤ੍ਰਨ ਰਖਣ ਵਾਲਾ। ਅੰਦਰ ਦੀਆਂ ਜਾਨਣ ਵਾਲਾ। ਜੋ ਅੰਦਰ ਦੇ ਭਾਵਾਂ ਨੂੰ ਰੋਕਦਾ ਵੀ ਹੈ ਤੇ ਪ੍ਰੇਰਦਾ ਵੀ ਹੈ।

ਚਿਤ, ਅੰਤਰਜਾਮੀ, ਸੂਤ੍ਰਾਤਮਾ ਤੇ ਵਿਰਾਟ ਚਾਰ ਰੂਪ ਅੰਦਰ ਟਿਕੀ ਆਤਮਾ ਦੇ ਗਿਣਦੇ ਹਨ।

ਚਿਤ, ਸਦਾ ਅਸੰਗ ਰਹਿੰਦਾ ਹੈ, ਇਹ ਛੇਤੀ ਹੀ ਪ੍ਰਭੂ ਨਾਲ ਜੋੜਿਆ ਜਾ ਸਕਦਾ ਹੈ।

ਅੰਤਰਜਾਮੀ, ਉਹ ਰੂਪ ਹੈ ਜੋ ਨਿਯੰਤ੍ਰਨ ਰਖਦਾ ਹੈ। ਪ੍ਰੇਰਦਾ ਤੇ ਸੰਜਮ ਬਖ਼ਸ਼ਦਾ ਹੈ।

ਸੂਤ੍ਰਾਤਮਾ, ਹਰ ਜੀਵ ਵਿਚ ਜੋ ਅਹੰ-ਭਾਵ ਹੈ, ਉਸਨੂੰ ਜਦ ਕਾਬੂ ਕਰ ਲਿਆ ਜਾਵੇ ਤਾਂ ਆਤਮਾ ਪ੍ਰਮਾਤਮਾ ਦਾ ਰੂਪ ਹੋ ਜਾਂਦੀ ਹੈ। ਇਸ ਅਵਸਥਾ ਵਿਚ

ਪੁੱਜ ਜਗਤ ਦੇ ਸਜੀਰਾਂ ਦੇ ਅੰਦਰ ਜੋ ਵਾਪਰ ਰਹੀ ਹੈ ਨੂੰ ਜਾਣ ਸਕਦੀ ਹੈ।

**ਵਿਰਾਟ** : ਜਦ ਆਤਮਾ ਸਾਰੇ ਬ੍ਰਹਮੰਡ ਦਾ ਸਹੀ ਪ੍ਰਤੱਖ ਨਜ਼ਾਰਾ ਕਰ ਲੈਂਦੀ ਹੈ ਤਾਂ ਉਸ ਦੀ ਨਜ਼ਰ ਤੋਂ ਕੁਝ ਵੀ ਓਹਲੇ ਨਹੀਂ ਰਹਿੰਦਾ।

ਪ੍ਰਭੂ ਨੂੰ ਪਾਉਣ ਲਈ ਜੋ ਉਛਾਲਾ ਪੈਂਦਾ ਹੈ ਉਹ ਚਿਤ ਵਿਚ ਪੈਂਦਾ ਹੈ। ਅੰਦਰ ਦੇ ਉਠਦੇ ਵੇਗਾਂ, ਹਉ ਦਾ ਪ੍ਰਭਾਵ ਤੇ ਜਗਤ ਦਾ ਸਹੀ ਰੂਪ ਦਿੱਸ ਆਵੇ ਤਾਂ ਕਹਿੰਦੇ ਹਨ ਕਿ ਪ੍ਰਭੂ ਨੇ ਵਿਰਾਟ ਰੂਪ ਦਿਖਲਾ ਦਿੱਤਾ ਹੈ।

**ਖੇਲੈ** : ਤਮਾਸ਼ਾ। ਖੇਡਾਂ। (Play)

**ਬਿਗਸੈ** : ਦੇਖ ਸੁਆਦ ਲੈਣਾ। ਮਜ਼ਾ ਲੈਣਾ। (Enjoys)

**ਦ੍ਰਿਸਟੀ** : ਨਜ਼ਰੀ (Behold) ।੨।

## ਤੀਜੀ ਪਉੜੀ

**ਕਹੁ ਮਾਨੁਖ ਤੇ ਕਿਆ ਹੋਇ ਆਵੈ ॥**
**ਜੋ ਤਿਸੁ ਭਾਵੈ ਸੋਈ ਕਰਾਵੈ ॥**
**ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥**
**ਜੋ ਤਿਸੁ ਭਾਵੈ ਸੋਈ ਕਰੇਇ ॥**
**ਅਨਜਾਨਤ ਬਿਖਿਆ ਮਹਿ ਰਚੈ ॥**
**ਜੇ ਜਾਨਤ ਆਪਨ ਆਪ ਬਚੈ ॥**
**ਭਰਮੇ ਭੂਲਾ ਦਹ ਦਿਸਿ ਧਾਵੈ ॥**
**ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥**
**ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥**
**ਨਾਨਕ ਤੇ ਜਨ ਨਾਮਿ ਮਿਲੇਇ ॥ ੩ ॥**

**ਵਿਸਥਾਰ**

ਵਾਹਿਗੁਰੂ ਦੀ ਸਮ੍ਰਥਾ ਦਾ ਜ਼ਿਕਰ ਕਰਨ ਉਪ੍ਰੰਤ ਹੁਣ ਮਨੁੱਖ ਦੀ ਨਿਰਬਲਤਾ ਤੇ ਅਸਮ੍ਰਥਾ ਦੱਸਦੇ ਹੋਏ ਹੰਕਾਰ ਵਿਚ ਫੁੱਲੇ ਮਨੁੱਖ ਤੋਂ ਹੀ ਪੁੱਛਦੇ ਹਨ ਕਿ ਤੂੰ ਹੀ ਦੱਸ ਮਨੁੱਖਾ ਕਿ ਤੂੰ ਆਪਣੀ ਸ਼ਕਤੀ ਨਾਲ ਕੀ ਕਰ ਸਕਦਾ ਹੈਂ ? ਕੁਝ ਵੀ ਨਹੀਂ। "**ਕਹੁ ਮਾਨੁਖ ਤੇ ਕਿਆ ਹੋਇ ਆਵੈ।**" ਜੋ ਵਾਹਿਗੁਰੂ ਦੀ ਇੱਛਾ ਹੁੰਦੀ ਹੈ, ਉਹ ਹੀ ਮਨੁੱਖ ਕੋਲੋਂ ਕਰਵਾ ਲੈਂਦਾ ਹੈ। ਫਿਰ ਕਹਿੰਦੇ ਹਨ ਕਿ ਜੇ ਮਨੁੱਖ ਦੇ ਹੱਥ ਹੋਵੇ ਤਾਂ ਕਿਹੜੀ ਸ਼ੈ ਨਹੀਂ ਜੋ ਇਹ ਹਾਸਲ ਨਹੀਂ ਕਰਨਾ ਚਾਹੁੰਦਾ। ਇਸ ਦੀਆਂ ਖ਼ਾਹਿਸ਼ਾਂ ਦਾ ਤਾਂ ਕੋਈ ਹਦ ਬੰਨਾ ਹੀ ਨਹੀਂ। ਐਸਾ ਤਾਂ ਕਦੀ ਹੋਆ ਨਹੀਂ। ਸੋ ਮਨੁੱਖਾ, ਇਹ ਹੀ ਆਖ ਤੇ ਮੰਨ ਕਿ ਉਹ ਹੀ ਕੁਝ ਹੁੰਦਾ ਤੇ ਵਾਪਰਦਾ ਹੈ ਜੋ ਉਸ ਦੀ ਮਰਜ਼ੀ ਹੁੰਦੀ ਹੈ। ਰੋਜ਼ ਨਹੀਂ ਵੇਖਦਾ ਕਿ ਮਨੁੱਖ ਨਾ ਸਮਝੀ ਕਾਰਨ ਮਾਇਆ ਦਾ ਜ਼ਹਿਰ ਪੀਣ ਵਿਚ ਮਗਨ ਹੋ ਜਾਂਦਾ ਹੈ ਅਤੇ ਜੇ ਸਮਝ ਹੋਵੇ ਸੂ ਤਾਂ ਇਹ ਜ਼ਹਿਰ ਤੋਂ ਬਚ ਨਾ ਜਾਵੇ ! ਇਸੇ ਮਾਇਆ ਦੇ ਛਲਾਵੇ ਕਾਰਨ ਕਿਹੜੀ ਤਰਫ਼ ਹੈ ਜੋ ਇਹ ਟੱਕਰਾਂ ਨਹੀਂ ਮਾਰਦਾ ਅਤੇ ਖ਼ਾਹਿਸ਼ਾਂ ਦੇ ਪਰਾਂ ਤੇ ਸਵਾਰ ਹੋ ਪਲਾਂ ਵਿਚ ਚਾਰੇ ਨੁਕਰਾਂ ਘੁੰਮ ਆਉਂਦਾ ਹੈ। ਕੁਝ ਵੀ ਪੱਲੇ ਨਹੀਂ ਪੈਂਦਾ ਸੂ ਸਗੋਂ ਟਿਕਾ ਵੀ ਗਵਾ ਲੈਂਦਾ ਹੈ। ਜੇ ਆਪਣੇ ਵਸ ਹੋਵੇ ਸੂ ਤਾਂ ਮਨ ਨੂੰ ਉਡਾਰੀ ਹੀ ਨਾ ਮਾਰਨ ਦੇਵੇ। ਬਸ

 www.sikhbookclub.com

ਇਹੀ ਮੰਨ ਕਿ ਜਿਸ ਤੇ ਮਿਹਰ ਕਰਕੇ ਜੁੜ ਬੈਠਣ (ਭਗਤੀ) ਦੀ ਜੁਗਤ ਬਖਸ਼ ਦੇਵੇ ਤਾਂ ਗੁਰੂ ਨਾਨਕ ਦਾ ਪੰਜਵਾਂ ਰੂਪ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਉਸ ਸੇਵਕ ਨੂੰ ਐਸਾ ਹਜ਼ੂਰੀ ਦਾ ਪ੍ਰਕਾਸ਼ ਬਖ਼ਸ਼ਦਾ ਹੈ ਕਿ ਟਿਕਾ ਵੀ ਮਿਲਦਾ ਹੈ, ਆਪਣੀ ਨਿਰਬਲਤਾ ਦਾ ਅਹਿਸਾਸ ਵੀ ਰਹਿੰਦਾ ਹੈ ਅਤੇ ਉਸ ਦੀ ਰਹਿਮਤ ਦਾ ਪ੍ਰਗਟਾ ਵੀ। ੩।

**ਸ਼ਬਦ ਭਾਵ :**

**ਕਹੁ** : ਤੂੰ ਹੀ ਦੱਸ। (Say)

**ਕਿਆ ਹੋਇ ਆਵੈ** : ਕੀ ਹੋ ਸਕਦਾ ਹੈ ? ਸਵਾਲੀਆ ਅੰਦਾਜ਼ ਵਿਚ ਪੁੱਛਣ ਦਾ ਭਾਵ ਹੈ ਕਿ ਕੁਝ ਵੀ ਨਹੀਂ ਹੋ ਸਕਦਾ।

**ਅਜਾਨਤ** : ਨਾ ਸਮਝੀ। (Ignorance)

**ਬਚੈ** : ਛੁਟਕਾਰਾ, ਖ਼ਲਾਸੀ। (Escape)

**ਦਹ ਦਿਸਿ** : ਦਸੋਂ ਤਰਫ਼ਾਂ। (Ten Directions)

**ਕੂੰਟ** : ਕੋਨੇ। (Corners)

**ਨਿਮਖ** : ਪਲ, ਅੱਖ ਦੇ ਫੋਰ ਜਿਤਨਾ। (Instant)

**ਭਗਤਿ** : ਲਿਵ ਲਗਾਉਣ ਦੀ ਰੁਚੀ ਦੀ ਰਹਿਮਤ। ਜੁੜਨ ਦੀ ਜਾਚ। (Devotion)। ੩।

SIKHBOOKCLUB.COM

## ਚੌਥੀ ਪਉੜੀ

ਖਿਨ ਮਹਿ ਨੀਚ ਕੀਟ ਕਉ ਰਾਜ ॥
ਪਾਰਬ੍ਰਹਮ ਗਰੀਬ ਨਿਵਾਜ ॥
ਜਾ ਕਾ ਦ੍ਰਿਸਟਿ ਕਛੂ ਨ ਆਵੈ ॥
ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥
ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥
ਜੀਉ ਪਿੰਡੁ ਸਭ ਤਿਸ ਕੀ ਰਾਸਿ ॥
ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥
ਅਪਨੀ ਬਣਤ ਆਪਿ ਬਨਾਈ ॥
ਨਾਨਕ ਜੀਵੈ ਦੇਖਿ ਬਡਾਈ ॥ ੪ ॥

**ਵਿਸਥਾਰ**

ਹੋਰ ਕਿਤਨਾ ਕੁਝ ਵਾਹਿਗੁਰੂ ਕਰਨ ਜੋਗ ਹੈ ਉਸ ਦਾ ਵਰਨਣ ਇਸ ਲਈ ਕਰ ਰਹੇ ਹਨ ਤਾਂ ਕਿ ਭਗਤੀ ਵਿਚ ਲੀਨ ਹੋਣ ਵੇਲੇ ਹੋਰ ਕਿਸੇ ਦਾ ਖਿਆਲ ਤਕ ਨਾ ਆਵੇ। ਜਿਸ ਕੀੜੇ ਵਤ ਨੀਵੇਂ ਮਨੁੱਖ ਨੂੰ ਕੋਈ ਜਾਣਦਾ ਤਕ ਨਹੀਂ ਉਸੇ ਨੂੰ ਪ੍ਰਭੂ ਰਾਜ ਬਖਸ਼ ਦੇਂਦਾ ਹੈ। ਵਾਹਿਗੁਰੂ ਦਾ ਬਿਰਦ ਗ਼ਰੀਬਾਂ ਨੂੰ ਨਿਵਾਜਣਾ ਹੈ।

ਜਿਸ ਦੀ ਹੋਂਦ ਤਕ ਦਾ ਕਿਸੇ ਨੂੰ ਪਤਾ ਨਹੀਂ, ਉਸ ਨੂੰ ਖਿਣ ਵਿਚ ਸਾਰੇ ਜਗਤ,

ਸਭ ਪਾਸੇ ਪ੍ਰਸਿੱਧ ਕਰ ਦੇਂਦਾ ਹੈ।

ਜਿਸ ਤੇ ਆਪਣੀ ਮਿਹਰ ਦੀ ਨਜ਼ਰ ਪਾ ਦੇਵੇ, ਜਗਤ ਦਾ ਮਾਲਕ ਉਸ ਦਾ ਲੇਖਾ ਨਹੀਂ ਕਰਦਾ। ਔਗੁਣ ਨਹੀਂ ਚਿਤਾਰਦਾ। ਬਸ ਜ਼ਰੂਰੀ ਹੈ ਕਿ ਮਨੁੱਖ ਆਪਾ ਨਾ ਜਤਲਾਏ। ਇਹ ਕਹਿੰਦਾ ਰਵ੍ਹੇ ਤੇ ਮੰਨੇ ਕਿ ਉਸ ਦੀ ਦਿੱਤੀ ਹੈ ਜਿੰਦ ਅਤੇ ਜਿਸਮ ਦਾ ਉਹ ਹੀ ਮਾਲਕ ਹੈ। ਸਰੀਰ ਉਸ ਦੀ ਪੂੰਜੀ ਹੈ ਜਿਵੇਂ ਉਹ ਚਾਹੇ ਵਰਤੇ। ਪੂਰਨ ਪ੍ਰਭੂ ਦੀ ਜੋਤ ਹੀ ਹਰ ਇਕ ਵਿਚ ਕੰਮ ਕਰ ਰਹੀ ਹੈ। ਉਸ ਨੇ ਕੇਵਲ ਆਪ ਹੀ ਸਾਰੀ ਸ੍ਰਿਸ਼ਟੀ ਸਾਜੀ ਹੈ। ਹੋਰ ਕੋਈ ਦੂਜਾ ਬ੍ਰਹਮਾ ਜਾਂ ਵਿਸ਼ਵਕਰਮਾ ਨਹੀਂ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਅਸਚਰਜਮਈ ਉਸ ਦੀ ਰਚਨਾ ਨੂੰ ਦੇਖ-ਦੇਖ ਜੀਵਨ ਪਾ ਰਹਿਆਂ ਹਾਂ। ਪ੍ਰਭੂ ਦੇ ਸਿਮਰਨ ਵਿਚ ਲੱਗ ਪਿਆ ਹਾਂ ਉਸ ਦੇ ਗੁਣ ਗਾਉਂਦੇ ਥੱਕਦਾ ਨਹੀਂ। ਨਿਮ੍ਰ ਭਾਵ ਵਿਚ ਆ ਕੇ ਗੁਰੂ ਜੀ ਲਿਵ ਲਗਾਉਣ ਦਾ ਰਾਹ ਦੱਸ ਰਹੇ ਹਨ ਕਿ ਕੇਵਲ ਉਸ ਦੇ ਗੁਣ ਹੀ ਗਾਉਣੇ ਹਨ ਜਿਸ ਨੇ ਇਹ ਰਚਨਾ ਰਚੀ ਹੈ। ਹੋਰ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਨੀ। ਜੇ ਕਿਸੇ ਦੇਵੀ ਦੇਵਤਾ ਦੀ ਪੂਜਾ ਕੀਤੀ ਤਾਂ ਸੁਰਤਿ ਖਿੰਡ ਜਾਏਗੀ। ੪।

**ਸ਼ਬਦ ਭਾਵ :**

- **ਖਿਨ ਮਹਿ** : ਪਲ ਵਿਚ।
- **ਕੀਟ** : ਕੀੜੇ ਵਤ। (Insignificant)
- **ਦ੍ਰਿਸਟਿ** : ਨਜ਼ਰੀ। ਹੋਂਦ।
- **ਤਤਕਾਲ** : ਝੱਟ। ਤੁਰੰਤ।
- **ਲੇਖਾ** : ਹਿਸਾਬ। ਗੁਣਾਂ ਔਗੁਣਾਂ ਦਾ ਲੇਖਾ ਤੱਕਣਾ।
- **ਜੀਉ ਪਿੰਡੁ** : ਜਿੰਦ ਜਿਸਮ। (Soul and Body)
- **ਰਾਸਿ** : ਪੂੰਜੀ। ਜਾਇਦਾਦ।
- **ਪੂਰਨ** : ਸਮਾਇਆ ਹੋਆ। (Pervasive)
- **ਬਣਤ** : ਰਚਨਾ।
- **ਜੀਵੈ** : ਜੀਵਨ ਪਾਉਂਦਾ ਹੈ। ਉਤਸ਼ਾਹ ਨਾਲ ਭਰਿਆ ਜਾਂਦਾ ਹੈ। ਸਿਮਰਨ ਕਰਨ ਲੱਗ ਪੈਂਦਾ ਹੈ। ੪।

## ਪੰਜਵੀਂ ਪਉੜੀ

ਇਸ ਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥
ਆਗਿਆਕਾਰੀ ਬਪੁਰਾ ਜੀਉ ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥
ਕਬਹੂ ਊਚ ਨੀਚ ਮਹਿ ਬਸੈ ॥
ਕਬਹੂ ਸੋਗ ਹਰਖ ਰੰਗਿ ਹਸੈ ॥

 www.sikhbookclub.com

ਕਬਹੂ ਨਿੰਦ ਚਿੰਦ ਬਿਉਹਾਰ ॥
ਕਬਹੂ ਊਭ ਅਕਾਸ ਪਇਆਲ ॥
ਕਬਹੂ ਬੇਤਾ ਬ੍ਰਹਮ ਬੀਚਾਰ ॥
ਨਾਨਕ ਆਪਿ ਮਿਲਾਵਣਹਾਰ ॥ ੫ ॥

**ਵਿਸਥਾਰ**

ਇਸ ਪਉੜੀ ਵਿਚ ਫਿਰ ਦਸਦੇ ਹਨ ਕਿ ਇਸ ਮਨੁੱਖ ਦੀ ਕਿਤਨੀ ਕੁ ਪਾਯਾਂ ਹੈ। ਜਿਸ ਤਾਕਤ ਦਾ ਮਾਣ ਕਰਦਾ ਹੈ ਉਹ ਵੀ ਆਪਣੇ ਹੱਥ ਨਹੀਂ ਸੂ। ਜਦ ਵਾਹਿਗੁਰੂ ਚਾਹੇ ਬਲ ਖਿੱਚ ਕੇ ਨਿਢਾਲ ਕਰ ਦੇਵੇ। ਕਰਨ ਤੇ ਕਰਾਵਨ ਦੀ ਸ਼ਕਤੀ ਤਾਂ ਜਗਤ ਦੇ ਮਾਲਕ ਦੇ ਹੱਥ ਹੈ। ਇਹ ਮਨੁੱਖ ਇੰਜੇ ਹੀ ਫੁੱਲਿਆ ਫਿਰਦਾ ਹੈ। ਇਸ ਵਿਚਾਰੇ ਜੀਵ (ਮਨੁੱਖ) ਲਈ ਤਾਂ ਇਹ ਹੀ ਬਣ ਆਉਂਦਾ ਹੈ ਕਿ ਹੁਕਮ ਵਿਚ ਟੁਰੇ। ਕਿਉਂਕਿ ਹੋਣਾ ਤਾਂ ਉਹ ਹੀ ਹੈ ਜੋ ਵਾਹਿਗੁਰੂ ਨੂੰ ਭਾਵੇ। ਆਗਿਆ ਵਿਚ ਰਹਿ ਕਾਰਜ ਨਿਭਾਇਆਂ ਬਲ ਨਹੀਂ ਘਟੇਗਾ, ਮਾਯੂਸੀ ਨਹੀਂ ਘੇਰੇਗੀ ਕਿ ਮਨ ਮਰਜ਼ੀ ਕਿਉਂ ਨਹੀਂ ਹੋਈ। ਕਲਪਨਾ ਮੂਲੋਂ ਨਹੀਂ ਹੋਵੇਗੀ।

ਜੇ ਇਸ ਦਾ ਬਲ ਇਸ ਦੇ ਹੱਥ ਹੋਵੇ ਤਾਂ ਘੱਟ ਤੋਂ ਘੱਟ ਵਿਹਾਰ ਤਾਂ ਇਕੋ ਜਿਹਾ ਰਖੇ ਪਰ ਐਸਾ ਤਾਂ ਕਦੇ ਹੋਇਆ ਨਹੀਂ। ਕਦੇ ਉੱਚੀ ਅਵਸਥਾ ਨੂੰ ਜਾ ਛੋਹਦਾ ਹੈ ਅਤੇ ਕਦੇ ਘਟੀਆ ਗੱਲਾਂ ਕਰਨ ਲੱਗ ਜਾਂਦਾ ਹੈ। ਕਦੇ ਨਿਮੂਝੂਣਾ ਹੋ ਬੈਠ ਜਾਂਦਾ ਹੈ ਅਤੇ ਕਦੇ ਚਾਅ ਵਿਚ ਖ਼ੁਸ਼ ਹੋਇਆ ਫਿਰਦਾ ਹੈ। 'ਸੋਗ ਹਰਖ ਰੰਗਿ ਹਸੈ'।

ਚਲੋ ਮਨ ਤੇ ਕਾਬੂ ਪਾਉਣਾ ਤਾਂ ਬੜਾ ਕਠਿਨ ਹੈ ਇਹ ਆਪਣੇ ਵਤੀਰੇ ਤੇ ਹੀ ਕਾਬੂ ਪਾ ਕੇ ਦੱਸੇ। ਇਹ ਵੀ ਨਹੀਂ ਕਰ ਸਕਦਾ। ਦੇਖਣ ਵਿਚ ਨਿੱਤ ਆਉਂਦਾ ਹੈ ਕਿ ਕਦੇ ਤਾਂ ਇਹ ਮਨੁੱਖ ਦੂਜਿਆਂ ਦੀ ਨਿੰਦਾ ਕਰਨ ਨੂੰ ਹੀ ਪੇਸ਼ਾ ਬਣਾ ਲੈਂਦਾ ਹੈ। 'ਨਿੰਦ ਚਿੰਦ ਬਿਉਹਾਰ' ਅਤੇ ਕਦੇ ਇਤਨੀ ਉੱਚੀ ਗੱਲ ਕਰਦਾ ਹੈ ਜਿਵੇਂ ਇਸ ਨੂੰ ਕਿਸੇ ਦੀ ਪਰਵਾਹ ਹੀ ਨਹੀਂ ਹੁੰਦੀ ਅਤੇ ਫ਼ਟ ਹੀ ਫਿਰ ਨੀਵੀਆਂ ਗੱਲਾਂ ਕਰਨ ਲੱਗ ਜਾਂਦਾ ਹੈ ਜਿਸ ਵਿਚ ਸਿਵਾਇ ਉਸ ਦੀ ਖ਼ੁਦਗਰਜ਼ੀ ਤੋਂ ਕੁਝ ਪ੍ਰਗਟ ਨਹੀਂ ਹੁੰਦਾ। ਕਦੇ ਆਪਣੀ ਸਾਰੀ ਸੂਝ ਤੇ ਬਲ ਕੇਵਲ ਇਸ ਪਾਸੇ ਲਗਾ ਦੇਂਦਾ ਹੈ ਕਿ ਵਾਹਿਗੁਰੂ ਦੇ ਰਹਸ ਨੂੰ ਜਾਣੇ। ਸਿਰਫ਼ ਵਾਹਿਗੁਰੂ ਦੇ ਪਾਸੇ ਦੀਆਂ ਵਿਚਾਰਾਂ ਕਰਦਾ ਹੈ ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਨਾ ਭੁੱਲੇ ਕਿ ਆਪਣੇ ਜਤਨਾਂ ਨਾਲ ਵਾਹਿਗੁਰੂ ਦਾ ਮਿਲਾਪ ਨਹੀਂ ਹੋਣਾ। ਮਿਲਾਪ ਵਾਹਿਗੁਰੂ ਨੇ ਆਪਣੀ ਮਿਹਰ ਸਦਕਾ ਹੀ ਕਰਾਉਣਾ ਹੈ। ੫।

**ਸ਼ਬਦ ਭਾਵ :**

**ਇਸ ਕਾ ਬਲੁ**
**ਨਹੀ ਇਸ ਹਾਥ** : ਆਪਣੇ ਹੱਥ ਮਨੁੱਖ ਦੇ ਰਤਾ ਕੁ ਵੀ ਤਾਕਤ ਨਹੀਂ, ਨਿਰਬਲ ਹੈ।
**ਸਰਬ ਕੋ ਨਾਥ** : ਜਗਤ ਦਾ ਮਾਲਕ।
**ਬਪੁਰਾ** : ਵਿਚਾਰਾ। (Poor Creature)
**ਫੁਨਿ** : ਫਿਰ।
**ਰੰਗਿ ਹਸੈ** : ਚਾਅ ਵਿਚ ਆਇਆ ਖ਼ੁਸ਼ ਹੁੰਦਾ ਹੈ।

 www.sikhbookclub.com

**ਨਿੰਦ ਚਿੰਦ**

**ਬਿਉਹਾਰ** : ਨਿੰਦਾ ਕਰਨ ਨੂੰ ਹੀ ਪੇਸ਼ਾ ਬਣਾ ਲੈਣਾ। ਹਰ ਵੇਲੇ ਨਿੰਦਿਆ ਕਰੀ ਜਾਣਾ।

**ਊਭ** : ਉੱਚੀਆਂ ਗੱਲਾਂ। ਅਸਮਾਨ ਦੇ ਕਲਾਬੇ ਮਿਲਾਉਣੇ।

**ਪਇਆਲ** : ਨੀਵੀਂ ਬਾਤ। ਹੇਠਲੀ ਸਤਹ ਤੇ ਆ ਗਿਰਨਾ।

**ਬੇਤਾ** : ਜਾਣਨ ਵਾਲਾ। ਝਾਕਣ ਵਾਲਾ। ਰਹੱਸ ਨੂੰ ਲਭਣ ਵਾਲਾ। (Dip in Mysteries). ੫।

## *ਛੇਵੀਂ ਪਉੜੀ*

**ਕਬਹੂ ਨਿਰਤਿ ਕਰੈ ਬਹੁ ਭਾਤਿ ॥**
**ਕਬਹੂ ਸੋਇ ਰਹੈ ਦਿਨੁ ਰਾਤਿ ॥**
**ਕਬਹੂ ਮਹਾ ਕ੍ਰੋਧ ਬਿਕਰਾਲ ॥**
**ਕਬਹੂੰ ਸਰਬ ਕੀ ਹੋਤ ਰਵਾਲ ॥**
**ਕਬਹੂ ਹੋਇ ਬਹੈ ਬਡ ਰਾਜਾ ॥**
**ਕਬਹੂ ਭੇਖਾਰੀ ਨੀਚ ਕਾ ਸਾਜਾ ॥**
**ਕਬਹੂ ਅਪਕੀਰਤਿ ਮਹਿ ਆਵੈ ॥**
**ਕਬਹੂ ਭਲਾ ਭਲਾ ਕਹਾਵੈ ॥**
**ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥**
**ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥ ੬ ॥**

## *ਵਿਸਥਾਰ*

ਮਨੁੱਖ ਵਿਚਾਰੇ ਦੇ ਵਸ ਹੈ ਕੀ ? ਦੇਖੋ ਤਾਂ ਸਹੀ ਕਿ ਇਕੋ ਵੇਲੇ ਵਿਰੋਧੀ ਵਤੀਰਾ ਧਾਰਦਾ ਹੈ। ਕਦੇ ਤਾਂ ਮਨ ਦੇ ਆਖੇ ਲੱਗ ਕਈ ਤਰ੍ਹਾਂ ਦੇ ਨਾਚ ਕਰਦਾ ਹੈ। ਟਿਕ ਕੇ ਨਹੀਂ ਬੈਠਦਾ ਤੇ ਕਦੇ ਸ਼ਾਂਤ ਚਿੱਤ ਹੋ ਕੇ ਸਾਰੇ ਪਾਸਿਓਂ ਬੇਫਿਕਰ ਹੋ ਕੇ ਨਿਸਲ ਹੋ ਸੌਂ ਜਾਂਦਾ ਹੈ। ਕਦੇ ਤਾਂ ਡਾਢੇ ਕ੍ਰੋਧ ਵਿਚ ਭਿਆਨਕ ਰੂਪ ਧਾਰ ਲੈਂਦਾ ਹੈ ਅਤੇ ਕਦੇ ਇਤਨੀ ਨਿੰਮ੍ਰਤਾ ਧਾਰ ਲੈਂਦਾ ਹੈ ਕਿ ਲੋਕਾਂ ਦੇ ਪੈਰੀਂ ਹੱਥ ਲਗਾਈ ਜਾਂਦਾ ਹੈ। ਹਉਂ ਦੇ ਵਸ ਹੋ ਵੱਡੇ ਰਾਜਿਆਂ ਵਾਲਾ ਵਤੀਰਾ ਧਾਰ ਲੈਂਦਾ ਹੈ ਤੇ ਕਦੇ ਭਿਖਾਰੀਆਂ ਵਾਲਾ ਤੇ ਹੱਥ ਪਸਾਰਨ ਲੱਗ ਜਾਂਦਾ ਹੈ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਘਟੀਆ ਔਲਾਦ ਹੈ। ਨੀਵੇਂ ਦਾ ਜਾਇਆ ਹੈ **'ਨੀਚ ਕਾ ਸਾਜਾ'**।

ਕਦੇ ਤਾਂ ਐਸਾ ਕਰਮ ਕਰਦਾ ਹੈ ਕਿ ਲੋਕੀਂ ਥੂ-ਥੂ ਕਰਦੇ ਹਨ ਅਤੇ ਕਦੇ ਲੋਕੀਂ ਉਸ ਦੀ ਕਰਨੀ ਤੱਕ ਸਿਫ਼ਤ ਹੀ ਕਰੀ ਜਾਂਦੇ ਹਨ। ਇਥੋਂ ਹੀ ਗਿਆਨ ਹੋ ਜਾਣਾ ਚਾਹੀਦਾ ਹੈ ਕਿ ਵਾਹਿਗੁਰੂ ਜਿਵੇਂ ਜਿਸ ਅਵਸਥਾ ਵਿਚ ਰਖੇ ਉਸ ਵਿਚ ਹੀ ਇਹ ਜੀਵ ਰਹਿੰਦਾ ਹੈ। ਇਹ ਸਹੀ ਬਾਤ ਵੀ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਵਾਹਿਗੁਰੂ ਦੀ ਮਿਹਰ ਸਦਕਾ ਹੀ ਕਹਿ ਰਹੇ ਹਨ। ੬।

*ਸ਼ਬਦ ਭਾਵ :*

**ਨਿਰਤਿ** : ਨਾਚ। ਮਨ ਦੀ ਉਧੇੜ ਬੁਣ।


www.sikhbookclub.com

**ਭਾਤਿ** : ਤਰ੍ਹਾਂ-ਤਰ੍ਹਾਂ । ਕਈ ਪਰਕਾਰ ।
**ਬਿਕਰਾਲ** : ਡਰਾਉਣਾ । ਭਿਆਨਕ । (Terrible)
**ਰਵਾਲ** : ਧੂੜੀ ।
**ਨੀਚ ਕਾ ਸਾਜਾ** : ਨੀਵੇਂ ਦੀ ਔਲਾਦ । ਘਟੀਆ ਮਨੁੱਖ ਦਾ ਜਾਇਆ ।
**ਅਪਕੀਰਤਿ** : ਨਿੰਦਿਆ । ਥੂ-ਥੂ ਹੋਣੀ ।
**ਭਲਾ ਭਲਾ** : ਸਿਫ਼ਤ ਜੋਗ । (Praiseworthy)
**ਸਚੁ ਕਹੈ** : ਸਹੀ ਗੱਲ ਆਖ ਰਹਿਆ ਹਾਂ । ੬ ।

### ਸਤਵੀਂ ਪਉੜੀ

**ਕਬਹੂ ਹੋਇ ਪੰਡਿਤੁ ਕਰੇ ਬਖ੍ਯ੍ਯਾਨੁ ॥**
**ਕਬਹੂ ਮੋਨਿ ਧਾਰੀ ਲਾਵੈ ਧਿਆਨੁ ॥**
**ਕਬਹੂ ਤਟ ਤੀਰਥ ਇਸਨਾਨ ॥**
**ਕਬਹੂ ਸਿਧ ਸਾਧਿਕ ਮੁਖਿ ਗਿਆਨ ॥**
**ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥**
**ਅਨਿਕ ਜੋਨਿ ਭਰਮੈ ਭਰਮੀਆ ॥**
**ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥**
**ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥**
**ਜੋ ਤਿਸੁ ਭਾਵੈ ਸੋਈ ਹੋਇ ॥**
**ਨਾਨਕ ਦੂਜਾ ਅਵਰੁ ਨ ਕੋਇ ॥੭॥**

### ਵਿਸਥਾਰ

ਇਸ ਮਨੁੱਖ ਵਿਚ ਕੈਸੀ ਅਸਥਿਰਤਾ ਹੈ ਕਿ ਕਦੇ ਤਾਂ ਵਿਦਵਾਨ ਤੇ ਸਿਆਣਾ ਹੋ ਉੱਚੀਆਂ ਵਿਚਾਰਾਂ ਦੂਜਿਆਂ ਸਾਹਮਣੇ ਰੱਖਦਾ ਹੈ ਤੇ ਲੋਕੀਂ ਵੀ ਬੜੇ ਗਹੁ ਨਾਲ ਸੁਣਦੇ ਹਨ ਅਤੇ ਕਦੇ ਬੋਲਣਾ ਤੇ ਇਕ ਪਾਸੇ ਰਹਿਆ, ਨਿਰਾ ਚੁੱਪ ਕਰਕੇ ਵੀ ਨਹੀਂ, ਆਪਣੇ ਧਿਆਨ ਵਿਚ ਹੀ ਮਗਨ ਮਸਤ ਬੈਠਾ ਰਹਿੰਦਾ ਹੈ । ਚੌਗਿਰਦੇ ਤੋਂ ਵੀ ਬੇਨਿਆਜ਼ ਹੋ ਜਾਂਦਾ ਹੈ। ਕਦੇ ਤਾਂ ਤੀਰਥਾਂ ਤੇ ਜਾ ਕੇ ਇਸ਼ਨਾਨ ਦੀ ਕ੍ਰਿਆ ਨਿਭਾਂਦਾ ਹੈ ਜਿਵੇਂ ਸ਼ਾਂਤੀ ਲੱਭ ਰਹਿਆ ਹੋਵੇ ਅਤੇ ਕਿਤੇ ਇੰਜ ਪ੍ਰਗਟਾਂਦਾ ਹੈ ਕਿ ਉਹ ਪੁੱਗ ਗਿਆ ਹੈ ਅਤੇ ਕਰਾਮਾਤਾਂ ਪ੍ਰਗਟਾਂਦਾ ਹੈ ਅਤੇ ਜੋ ਬੋਲਦਾ ਇੰਜ ਲਗਦਾ ਹੈ ਕੋਈ ਰਹੱਸ ਪਿਆ ਬੋਲਦਾ ਹੈ । ਕਦੇ ਤਾਂ ਕੀਮਤੀ ਮਿਲਿਆ ਜੀਵਨ ਵਿਅਰਥ ਗਵਾ ਜਾਂਦਾ ਹੈ ਤੇ ਹਾਥੀ ਕੀੜੇ ਤੇ ਭੰਬਟ ਦੀ ਜੂਨੇ ਜਾ ਡਿੱਗਦਾ ਹੈ ਅਤੇ ਫਿਰ ਅਨੇਕਾਂ ਹੀ ਜਨਮਾਂ ਦੇ ਗੇੜ ਵਿਚ ਪੈ ਜਾਂਦਾ ਹੈ । ਸੋ ਇਹ ਤਾਂ ਹਰ ਇਕ ਤੇ ਪਰਗਟ ਹੋ ਜਾਣਾ ਚਾਹੀਦਾ ਹੈ ਕਿ ਮਨੁੱਖ ਦੇ ਵੱਸ ਕੁਝ ਨਹੀਂ ਅਤੇ ਜਿਵੇਂ ਬਹੁਰੂਪੀਆ ਜਿਸ ਵੇਲੇ ਚਾਹੇ ਵੈਸਾ ਵੇਸ ਧਾਰਨ ਕਰ ਲੈਂਦਾ ਹੈ ਤਿਵੇਂ ਪ੍ਰਭੂ ਦਾ ਜੋ ਹੁਕਮ ਹੋਵੇ ਮਨੁੱਖ ਵੈਸਾ ਹੀ ਵਤੀਰਾ, ਵਿਚਾਰ ਤੇ ਵੇਸ ਧਾਰ ਲੈਂਦਾ ਹੈ ਅਤੇ ਪ੍ਰਭੂ ਦੀ ਜੈਸੀ ਮਰਜ਼ੀ ਹੋਵੇ ਉਹੋ ਜਿਹੀ ਹੀ ਹਸਤੀ ਬਣਾ ਕਾਰ ਨਿਭਵਾਉਂਦਾ ਹੈ । 'ਤਿਵੈਂ ਨਚਾਵੈ' । ਸਹੀ ਗੱਲ ਹੈ ਕਿ ਜੋ ਉਸਨੂੰ ਭਾਉਂਦਾ ਹੈ ਉਹ ਹੀ ਵਾਪਰਦਾ ਹੈ,ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਵਾਹਿਗੁਰੂ ਤੋਂ ਬਗੈਰ ਦੂਜਾ ਹੋਰ ਕੋਈ ਨਹੀਂ । ੭ ।

 www.sikhbookclub.com

**ਸ਼ਬਦ ਭਾਵ :**

**ਪੰਡਿਤੁ** : ਵਿਦਵਾਨ। ਸਿਆਣਾ। (Learned)
**ਬਖਾਨੁ** : ਉੱਚੀਆਂ ਆਤਮਕ ਗੱਲਾਂ ਕਰਨੀਆਂ।
**ਮੋਨਿ ਧਾਰੀ** : ਮੂੰਹੋਂ ਕੁਝ ਨ ਬੋਲਣਾ। ਚੁੱਪ ਰਹਿਣਾ।
**ਸਿਧ ਸਾਧਿਕ** : ਇਕਾਗ੍ਰਤਾ ਪਾ, ਕਰਾਮਾਤੀ ਸ਼ਕਤੀਆਂ ਵਿਖਾਉਣੀਆਂ। (Miracle-Performer)
**ਮੁਖਿ ਗਿਆਨ** : ਮੁੱਖੋਂ ਗੂਹਜ ਗਿਆਨ ਦੀਆਂ ਗੱਲਾਂ ਕਰਨੀਆਂ।
**ਕੀਟ** : ਕੀੜਾ।
**ਹਸਤਿ** : ਹਾਥੀ।
**ਪਤੰਗ** : ਭੰਭਟ। ਪਰਵਾਨਾ। (Moth)
**ਸ੍ਵਾਗੀ** : ਰੂਪ ਧਾਰੀ। ਬਹਿਰੂਪੀਆ (Showman)
**ਨਚਾਵੈ** : ਹਸਤੀ ਦੇ ਕੇ ਕਾਰ ਨਿਭਵਾਉਣੀ। (Dance of Existence)
**ਅਵਰੁ** : ਹੋਰ। ੭।

## ਅਠਵੀਂ ਪਉੜੀ

**ਕਬਹੂ ਸਾਧ ਸੰਗਤਿ ਇਹੁ ਪਾਵੈ ॥**
**ਉਸੁ ਅਸਥਾਨ ਤੇ ਬਹੁਰਿ ਨ ਆਵੈ ॥**
**ਅੰਤਰਿ ਹੋਇ ਗਿਆਨ ਪਰਗਾਸੁ ॥**
**ਉਸੁ ਅਸਥਾਨ ਕਾ ਨਹੀ ਬਿਨਾਸੁ ॥**
**ਮਨ ਤਨ ਨਾਮਿ ਰਤੇ ਇਕ ਰੰਗਿ ॥**
**ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥**
**ਜਿਉ ਜਲ ਮਹਿ ਜਲੁ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ ॥**
**ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥ ੧੧ ॥**

**ਵਿਸਥਾਰ**

ਕਦੇ ਪ੍ਰਭੂ ਦੀ ਮਿਹਰ ਹੋ ਜਾਏ ਤਾਂ ਇਸ ਨੂੰ ਸਾਧ ਸੰਗਤ ਪ੍ਰਾਪਤ ਹੋ ਜਾਵੇ ਤਾਂ ਫਿਰ ਭਟਕਨਾ, ਦੁਚਿੱਤਾਪਣ, ਪ੍ਰੇਸ਼ਾਨੀ ਵਾਲੀ ਅਵਸਥਾ ਵਾਲੇ ਅਸਥਾਨ ਤੇ ਮੁੜ ਕੇ ਨਹੀਂ ਆਉਂਦਾ। ਐਸਾ ਟਿਕਾਉ ਮਿਲਦਾ ਹੈ ਕਿ ਅੰਦਰ ਗਿਆਨ ਚਾਨਣ ਹੋ ਜਾਂਦਾ ਹੈ ਅਤੇ ਇਹ ਹਾਲਤ ਫਿਰ ਨਸ਼ਟ ਨਹੀਂ ਹੁੰਦੀ। ਚਾਨਣ ਕਾਇਮ ਰਹਿੰਦਾ ਹੈ। ਉਸ ਦੀ ਹੋਂਦ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਜਿੰਦ ਜਿਸਮ ਨਿਰੋਲ ਵਾਹਿਗੁਰੂ ਦੇ ਪਿਆਰ ਵਿਚ ਹੀ ਰੰਗੇ ਜਾਂਦੇ ਹਨ ਅਤੇ ਹਮੇਸ਼ਾ ਹੀ ਉਸ ਪ੍ਰਭੂ ਦਾ ਸਾਥ ਪ੍ਰਾਪਤ ਰਹਿੰਦਾ ਹੈ ਜਿਸ ਦਾ ਆਰ ਪਾਰ ਕਦੇ ਕਿਸੇ ਪਾਇਆ ਨਹੀਂ। ਜਿਵੇਂ ਪਾਣੀ ਨਾਲ ਪਾਣੀ ਰਲਾਇਆਂ ਕੋਈ ਪਾਣੀਆਂ ਵਿਚ ਨਿਖੇੜਾ ਨਹੀਂ ਕਰ ਸਕਦਾ ਤਿਵੇਂ ਅੰਦਰਲਾ ਪ੍ਰਕਾਸ਼ ਜੋ ਸਾਧ ਸੰਗਤ ਕਰ ਪ੍ਰਾਪਤ ਹੋਇਆ ਹੈ ਜਦ ਪਰਮ ਜੋਤ ਨਾਲ ਮਿਲ ਜਾਂਦਾ ਹੈ ਤਾਂ ਫਿਰ ਅੰਤਰ ਨਹੀਂ ਰਹਿੰਦਾ। ਮਨੁੱਖ ਜੋਤ ਰੂਪ ਹੀ ਹੋ ਜਾਂਦਾ ਹੈ। ਸਦਾ

 www.sikhbookclub.com

ਚਾਨਣ ਹੋਣ ਕਾਰਨ ਸਾਰੀ ਭਟਕਨਾ ਜੋ ਇਥੇ ਜਗਤ ਵਿਚ ਵਾਪਰੀ ਹੋਈ ਸੀ ਤੇ ਜਨਮਾਂ ਦੇ ਗੇੜੇ ਵਿਚ ਪਾਂਦੀ ਹੈ, ਖ਼ਤਮ ਹੋ ਜਾਂਦੀ ਹੈ। ਪੂਰਨ ਟਿਕਾਉ ਦੀ ਅਵਸਥਾ ਮਿਲ ਜਾਂਦੀ ਹੈ। ਐਸੇ ਵਾਹਿਗੁਰੂ ਤੋਂ ਗੁਰੂ ਨਾਨਕ ਰੂਪ—ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ ਹਮੇਸ਼ਾ ਹੀ ਸਦਕੇ ਹਾਂ ਜਿਨ੍ਹਾਂ ਭਟਕਨਾ ਮੂਲੋਂ ਮੁਕਾ ਦਿੱਤੀ। ੮। ੧੧।

**ਸ਼ਬਦ ਭਾਵ :**

**ਕਬਹੂ** : ਕਦੇ। ਰੱਬ ਸਬੰਧੀ। ਭਾਗਾਂ ਨੂੰ।
**ਉਸੁ ਅਸਥਾਨ** : ਫਿਰ ਉਹ ਅਵਸਥਾ ਜੋ ਪਹਿਲਾਂ ਭਟਕਨਾ ਵਾਲੀ ਸੀ।
**ਬਹੁਰਿ ਨ ਆਵੈ** : ਮੁੜ ਕੇ ਨਹੀਂ ਆਉਂਦਾ। ਭਟਕਨਾ ਨਹੀਂ ਸਤਾਉਂਦੀ।
**ਅਸਥਾਨ** : ਦਸ਼ਾ। ਹਾਲ। (State)
**ਇਕ ਰੰਗਿ** : ਕੇਵਲ ਇਕ ਪਿਆਰ ਦਾ ਰੰਗ।
**ਖਟਾਨਾ** : ਰਲਣਾ ਮਿਲਣਾ। (Mingles)
**ਸਮਾਨਾ** : ਜਜ਼ਬ ਹੋ ਜਾਣਾ। (Merge)
**ਗਵਨ** : ਚੱਕਰ। ਭਟਕਨਾ। ਆਵਣ ਜਾਣ। ਜਨਮ-ਮਰਨਾ ਦੇ ਗੇੜ।
**ਬਿਸ੍ਰਾਮ** : ਪੂਰਨ ਟਿਕਾਉ।
**ਸਦ** : ਸਦਾ। ਹਮੇਸ਼ਾ। (Always). ੮। ੧੧।

---

## ਬਾਰ੍ਹਵੀਂ ਅਸ਼ਟਪਦੀ

*ਬਾਰ੍ਹਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਪਿਛਲੀ ਅਸ਼ਟਪਦੀ ਵਿਚ ਮਨੁੱਖ ਦੀ ਨਿਰਬਲਤਾ, ਨਿਢਾਲਤਾ, ਭਟਕਨਾ ਤੇ ਪ੍ਰਭੂ ਦੀ ਵਡਿਆਈ ਦੱਸਣ ਉਪਰੰਤ ਹੁਣ ਨਿਮ੍ਰਤਾ ਦੀ ਉਚਾਈ ਦਸਦੇ ਹਨ। ਮਨੁੱਖ ਕਿਧਰੇ ਆਤਮਹੀਣਤਾ ਜਾਂ 'ਹਉਂ' ਦੇ ਭਾਵ ਵਿਚ ਪੈ ਰੁਲ ਸੜ ਨ ਜਾਏ, ਇਸ ਲਈ ਗ਼ਰੀਬੀ, ਮਸਕੀਨੀ, ਨਿੰਮ੍ਰਤਾ ਤੇ ਆਜਜ਼ੀ ਦੀ ਉਪਮਾ ਕਰਨ ਉਪਰੰਤ ਹਉਮੈ ਕਿਤਨਾ ਆਤਮਕ ਨੁਕਸਾਨ ਕਰਦੀ ਹੈ ਉਸ ਦਾ ਵਰਨਣ ਕਰਦੇ ਹਨ।

ਦਸਦੇ ਹਨ ਕਿ ਜਿਸ ਕਿਸੇ ਰਾਜ, ਧਨ, ਮਾਲ, ਮਤਾ, ਮਾਇਆ, ਸੰਬੰਧਾਂ, ਰਿਸ਼ਤਿਆਂ ਦਾ ਗੁਮਾਨ ਕੀਤਾ, ਉਸ ਤੋਂ ਵੱਡਾ ਕੋਈ ਮੂਰਖ ਨਹੀਂ ਕਿਉਂਕਿ ਇਨ੍ਹਾਂ ਵਿਚੋਂ ਕੋਈ ਵੀ ਤੋੜ ਨਾਲ ਨਿਭਣ ਵਾਲਾ ਨਹੀਂ। ਫਿਰ ਕਹਿੰਦੇ ਹਨ ਕਿ ਇਹ ਦੇਖਣ ਵਿਚ ਆਇਆ ਹੈ ਕਿ ਜੀਵ ਪਦਾਰਥਾਂ ਦਾ ਤਿਆਗ ਤਾਂ ਫਿਰ ਵੀ ਕਦੇ ਕਰ ਹੀ ਦੇਂਦਾ ਹੈ ਪਰ 'ਤਿਆਗ' ਦੇ ਅਹੰਕਾਰ ਵਿਚ ਹੀ ਗ਼ਰਕ ਹੋ ਜਾਂਦਾ ਹੈ। ਕਿਸੇ ਕਿਸਮ ਦਾ ਹੰਕਾਰ ਭਾਵੇਂ ਉਹ ਕਰਮ ਦਾ ਹੈ, ਧਰਮ ਦਾ ਹੈ, ਕ੍ਰਿਆ ਦਾ ਹੈ, ਵਿਚਾਰ ਦਾ ਹੈ, ਵਿਦਿਆ ਦਾ ਹੈ, ਵਾਹਿਗੁਰੂ ਤਕ ਰਸਾਈ ਨਹੀਂ ਹੋਣ ਦੇਵੇਗਾ।

ਇਕਾਗ੍ਰਤਾ ਮਿਲਿਆ ਇਕ ਅਹੰਕਾਰ ਹੋਰ ਅੰਦਰ ਹੀ ਜਨਮ ਲੈ ਲੈਂਦਾ ਹੈ ਕਿ ਉਹ ਬਹੁਤ ਕੁਝ ਕਰਨ ਜੋਗ ਹੋ ਗਿਆ ਹੈ। ਉਹ ਕਿਸੇ ਦਾ ਭਲਾ ਤੇ ਨੁਕਸਾਨ ਕਰ ਸਕਦਾ ਹੈ। ਐਸੇ ਹੰਕਾਰ ਕਾਰਨ ਅਟਕਿਆ ਹੀ ਰਹੇਗਾ।

 www.sikhbookclub.com

ਹਉਂ ਹੇਠ ਕੀਤਾ ਕੋਈ ਜਤਨ ਜਾਪ ਆਤਮਕ ਪੈਂਡਾ ਤੈਅ ਨਹੀਂ ਕਰਨ ਦੇਣ ਲੱਗਾ। ਸੋ 'ਹਉਂ' ਨੂੰ ਬੰਧ ਪਾਉਣ ਦਾ ਇਕ ਹੀ ਰਾਹ 'ਸੰਤੋਖ' ਹੈ ਤੇ ਇਹ ਵਾਹਿਗੁਰੂ ਨੇ ਹੀ ਬਖ਼ਸ਼ਣਾ ਹੈ।

ਮਨੁੱਖ ਵਿਚਾਰੇ ਦੀ ਤਾਂ ਕੋਈ ਪਾਯਾਂ ਹੀ ਨਹੀਂ। ਉਸ ਪਾਸ ਤਾਂ ਇਹ ਵਿਚਾਰ ਤਕ ਨਹੀਂ ਕਿ ਇਹ ਕਾਰਜ ਇਉਂ ਕਰਨਾ ਹੈ ਜਾਂ ਇਉਂ ਨਹੀਂ ਕਰਨਾ। **'ਇਸ ਕੈ ਹਾਥਿ ਕਹਾ ਬੀਚਾਰ'**। ਇਹ ਸਹੀ ਰਾਹ ਕਿਵੇਂ ਪ੍ਰਾਵੇਗਾ ? ਸੋ 'ਹੰਕਾਰ' ਕਿਸ ਗੱਲ ਦਾ ਕਰਦਾ ਹੈ ? ਕਰਮ ਤੇ ਜ਼ੋਰ ਕਿਉਂ ਦੇਈ ਜਾਂਦਾ ਹੈ। ਧਨ ਪਦਾਰਥ ਪਿੱਛੇ ਨੱਸ ਜੀਵਨ ਕਿਉਂ ਜ਼ਾਇਆ ਕਰਦਾ ਹੈ ? ਯਾਦ ਰਖੇ ਇਹ ਮਨੁੱਖ ਕਿ ਜਾਪ, ਵਿਚਾਰ ਤੇ ਬਿਬੇਕ ਦੇ ਰਾਹ ਪਿਆਂ ਹੀ ਭਟਕਨਾ ਮੁੱਕਦੀ ਹੈ ਅਤੇ ਅੰਦਰੋਂ ਹੀ ਢੂੰਡ ਲੱਭ ਪਾਉਣ ਵਾਲੇ ਪਾਸੇ ਪਿਆਂ ਇਹ ਪਰਗਟ ਹੋ ਜਾਂਦਾ ਹੈ ਕਿ ਵਾਹਿਗੁਰੂ ਦੇ ਨਾਮ ਤੋਂ ਵੱਧ ਕੋਈ ਕੀਮਤੀ ਸ਼ੈ ਸ੍ਰਿਸ਼ਟੀ ਤੇ ਨਹੀਂ। **'ਕੀਮਤਿ ਕਹਨੁ ਨ ਜਾਇ'**। ਬੜੀ ਮਿਹਰ ਹੋ ਜਾਏ ਤਾਂ ਹਉਂ ਦਾ ਅਭਾਵ ਹੁੰਦਾ ਹੈ ਤੇ ਇਹ ਸਚਾਈ ਪ੍ਰਗਟ ਹੁੰਦੀ ਹੈ ਕਿ ਵਾਹਿਗੁਰੂ ਹੀ ਸਦਾ ਕਾਇਮ ਰਹਿਣ ਵਾਲਾ ਹੈ। **'ਸਤਿ ਸਤਿ ਸਤਿ'**। ਉਸ ਦੀ ਸਾਜੀ ਸ੍ਰਿਸ਼ਟੀ ਕੋਈ ਛਲਾਵਾ ਨਹੀਂ ਅਸਲੀਅਤ ਹੈ ਤੇ ਉਸ ਦੇ ਬਣਾਏ ਸਭ ਜੀਵ ਸੋਹਣੇ ਚੰਗੇ ਹਨ, ਘਿਰਣਾ ਜੋਗ ਨਹੀਂ ਅਤੇ ਤੇਰੇ ਸਾਜੇ ਜੀਵਾਂ ਦੇ ਹਿਰਦਿਆਂ ਵਿਚੋਂ ਜੋ ਬੋਲਾਂ ਦੇ ਰੂਪ ਵਿਚ ਬੋਲਿਆ ਤੇ ਸੁਣਿਆ ਜਾ ਰਹਿਆ ਹੈ, ਉਹ ਪਾਵਨ ਤੇ ਮਿੱਠਾ ਹੈ। ਕੁਝ ਵੀ ਮਾੜਾ ਨਹੀਂ। ਬਸ ਜਿਸ ਐਸਾ ਜਾਣ ਲਿਆ ਕਿ ਉਹ ਸਦਾ ਹੈ, ਉਸ ਦਾ ਕੀਤਾ ਹਰ ਕਾਰਜ ਭਲਾ ਸੋਹਣਾ ਹੈ ਐਸੇ ਦਾ ਆਪਣਾ ਹਿਰਦਾ ਇਤਨਾ ਪਵਿਤ੍ਰ, ਪਾਕ ਨਿਰਮਲ ਹੋ ਜਾਂਦਾ ਹੈ ਕਿ ਉਹ ਇਕ ਟਿਕ (ਮਨਿ ਪ੍ਰੀਤਿ) ਵਾਹਿਗੁਰੂ ਦੀ ਹਜ਼ੂਰੀ ਦਾ ਅਨੰਦ ਮਾਣ ਸਕਦਾ ਹੈ। ਇਹ ਹੈ ਬਰਕਤ 'ਹਉਂ ਗਵਾਉਣ ਦੀ'।

**ਸਲੋਕੁ ॥**

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥ ੧ ॥**

**ਵਿਸਥਾਰ**

ਗ਼ਰੀਬੀ ਭਾਵ ਵਿਚ ਰਹਿਣ ਵਾਲਾ ਸਦਾ ਅਨੰਦ ਵਿਚ ਰਹਿੰਦਾ ਹੈ ਕਿਉਂਕਿ ਉਸ ਨੇ ਆਪਣੀ ਹਉਂ ਨੂੰ ਦਬਾ ਕਾਬੂ (ਨਿਵਾਰਿ ਤਲੇ) ਕਰ ਲਿਆ ਹੁੰਦਾ ਹੈ ਅਤੇ ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਹੈਂਕੜਬਾਜ਼ ਆਪਣੇ ਹੀ ਹੰਕਾਰ ਵਿਚ ਸੜ ਗਲ ਮਰ ਖਪ ਜਾਂਦੇ ਹਨ। ੧।

**ਸ਼ਬਦ ਭਾਵ :**

**ਸੁਖੀ ਬਸੈ** : ਸੁੱਖ ਵਿਚ ਰਹਿੰਦਾ ਹੈ।
**ਮਸਕੀਨੀਆ** : ਗ਼ਰੀਬੀ ਧਾਰਨ ਵਾਲਾ। ਨਿੰਮ੍ਰਤਾ ਵਿਚ ਰਹਿਣ ਵਾਲਾ। (Humble)
**ਆਪੁ** : ਹੰਕਾਰ।
**ਨਿਵਾਰਿ ਤਲੈ** : ਦੂਰ ਕਰਕੇ ਫਿਰ ਕਾਬੂ ਵਿਚ ਰਖਦਾ ਹੈ। ਹੰਕਾਰ ਇਤਨਾ ਬਲਵਾਨ ਹੈ ਕਿ

 www.sikhbookclub.com

ਇਸ ਨੂੰ ਦੂਰ ਕਰੋ, ਫਿਰ ਸਿਰ ਚੁੱਕ ਲੈਂਦਾ ਹੈ। ਕਈ ਵਾਰੀ ਤਾਂ ਇਸ ਗੱਲ ਦਾ ਹੀ ਹੰਕਾਰ ਹੋ ਜਾਂਦਾ ਹੈ ਕਿ ਮੈਂ ਹੰਕਾਰ ਤੇ ਕਾਬੂ ਪਾ ਲਿਆ ਹੈ ਸੋ ਇਸ ਨੂੰ ਦਬਾ ਕੇ ਕਾਬੂ ਰਖਣਾ ਜ਼ਰੂਰੀ ਹੈ। (Subdued)

**ਗਰਬਿ :** ਹੰਕਾਰ ਵਿਚ। ਹੈਂਕੜ ਵਿਚ। ੧।

## *ਪਹਿਲੀ ਪਉੜੀ*

**ਜਿਸ ਕੈ ਅੰਤਰਿ ਰਾਜ ਅਭਿਮਾਨੁ ॥**
**ਸੋ ਨਰਕ ਪਾਤੀ ਹੋਵਤ ਸੁਆਨੁ ॥**
**ਜੋ ਜਾਨੈ ਮੈ ਜੋਬਨਵੰਤੁ ॥**
**ਸੋ ਹੋਵਤ ਬਿਸਟਾ ਕਾ ਜੰਤੁ ॥**
**ਆਪਸ ਕਉ ਕਰਮਵੰਤੁ ਕਹਾਵੈ ॥**
**ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥**
**ਧਨ ਭੂਮਿ ਕਾ ਜੋ ਕਰੈ ਗੁਮਾਨੁ ॥**
**ਸੋ ਮੂਰਖੁ ਅੰਧਾ ਅਗਿਆਨੁ ॥**
**ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ੧ ॥**

## *ਵਿਸਥਾਰ*

ਜਿਸ ਦੇ ਮਨ ਵਿਚ ਸ਼ਾਹੀ ਸੱਤਾ, ਹਕੂਮਤ ਦਾ ਅਹੰਕਾਰ ਹੈ ਉਹ ਕੁੱਤਾ ਤਾਂ ਅਵੱਸ਼ ਨਰਕਾਂ ਵਿਚ ਪੈਣ ਜੋਗਾ ਹੈ। ਹਕੂਮਤ ਕਰਨ ਵਾਲੇ ਨੂੰ ਇਤਨੀ ਸਖ਼ਤ ਚੇਤਾਵਨੀ ਦੇਣ ਦਾ ਭਾਵ ਇਹ ਹੀ ਲਗਦਾ ਹੈ ਕਿ ਸਿੱਖ ਵਿਚ ਕਦੇ ਰਾਜ ਪ੍ਰਾਪਤੀ ਤੋਂ ਉਪਰੰਤ ਹੰਕਾਰ ਦਾ ਅੰਸ਼ ਤਕ ਨਾ ਆਵੇ। ਜੋ ਰੂਪ ਜਵਾਨੀ ਦੇ ਮਾਣ ਵਿਚ ਮਸਤ ਫਿਰਦਾ ਹੈ ਉਹ ਤਾਂ ਗੰਦਗੀ ਦੇ ਕੀੜੇ ਵਾਂਗ ਹੀ ਹੈ ਜਿਸ ਦੀ ਹੋਂਦ ਖਿਣ ਮਾਤ੍ਰ ਹੀ ਹੁੰਦੀ ਹੈ। ਰੂਪ ਢਲਦਿਆਂ ਢਿਲ ਵੀ ਨਹੀਂ ਲਗਦੀ ਕਿਉਂਕਿ ਐਸ਼ਾਂ ਵਿਚ ਪੈ ਕੇ ਵਿਲਾਸੀ ਪੁਰਸ਼ ਸਭ ਕੁਝ ਨਸ਼ਟ ਕਰ ਲੈਂਦਾ ਹੈ। ਜਿਸ ਨੂੰ ਇਸ ਗੱਲ ਦਾ ਹੰਕਾਰ ਹੈ ਕਿ ਉਹ ਮਿਥੇ ਸ਼ਾਸਤ੍ਰ ਕਰਮ ਨਿਭਾ ਰਹਿਆ ਹੈ ਅਤੇ ਇਹ ਸਮਝਦਾ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ, ਐਸਾ ਗਿਣਤੀ ਦੇ ਫੇਰ ਵਿਚ ਪਿਆ, ਜਨਮਾਂ ਦੇ ਗੇੜ ਵਿਚ ਹੀ ਪਿਆ ਰਵ੍ਹੇਗਾ ਕਿਉਂਕਿ ਕਰਮਾਂ ਤੇ ਟੇਕ ਰੱਖਣ ਵਾਲੇ ਨੂੰ ਤਾਂ ਜਮਜਾਗਾਤੀ (ਮਹਿਸੂਲ ਉਗ੍ਰਾਹਣ ਵਾਲੇ) ਹੀ ਲੁੱਟ ਲੈਣਗੇ। ਕਰਮ ਕਰਨ ਵਾਲੇ ਨੂੰ ਕਦੇ ਟਿਕਾ ਨਹੀਂ ਮਿਲਦਾ। ਕਰਮ ਭਟਕਾਉਣ ਦਾ ਕਾਰਨ ਬਣਦੇ ਹਨ।

ਧਨ ਧਰਤੀ ਦਾ ਹੰਕਾਰ ਕਰਨ ਵਾਲਾ ਮਨੁੱਖ ਤਾਂ ਮੂੜ੍ਹ, ਅੰਨ੍ਹਾ ਤੇ ਨਾ-ਸਮਝ ਹੈ। ਕੀ ਇਹ ਅੰਨ੍ਹਿਆਂ ਤੇ ਮੂਰਖਾਂ ਵਾਲੀ ਗੱਲ ਨਹੀਂ ਕਿ ਜਿਸ ਧਨ-ਧਰਤੀ ਨੇ ਨਾਲ ਨਹੀਂ ਜਾਣਾ ਉਸ ਲਈ ਹੀ ਸਾਰੀ ਜ਼ਿੰਦਗੀ ਤਰੱਦਦ ਕਰੀ ਜਾਣਾ। ਇਹ ਕਿਉਂ ਭੁਲ ਜਾਂਦਾ ਹੈ ਕਿ ਅੱਖਾਂ ਮੀਟਿਆਂ '**ਧਨ ਲੋਕਾਂ ਤਨ ਭਸਮੈ ਢੇਰੀ**' ਹੋ ਜਾਣਾ ਹੈ। ਜਿਸ ਦੇ ਹਿਰਦੇ ਕ੍ਰਿਪਾ ਕਰਕੇ ਕਿਸੇ ਸ਼ੈ ਦਾ ਮਾਣ ਨਾ ਕਰਨ ਦੀ ਦਾਤ ਦੇ ਦੇਵੇ, ਉਹ ਇਥੇ ਬਰਕਤਾਂ, ਭਾਵੇਂ ਉਹ ਰਾਜ ਹੈ, ਧਨ ਹੈ, ਧਰਤੀ ਹੈ, ਮਾਲ ਹੈ, ਮਾਣ ਹੈ, ਦੀ ਪਕੜ ਵਿਚ ਨਹੀਂ ਆਉਂਦਾ ਤੇ ਹੌਲਾ ਫੁੱਲ ਹੋ ਕੇ ਜ਼ਿੰਦਗੀ ਗੁਜ਼ਾਰ ਜਾਂਦਾ ਹੈ ਅਤੇ ਪਕੜਾਂ ਵਿਚ ਨਾ ਫਸਣ

 www.sikhbookclub.com

ਸਦਕਾ ਅੱਗੇ ਪ੍ਰਭੂ ਦੇ ਦਰ ਵੀ ਸੁਖ ਪਾਂਦਾ ਹੈ । ੧ ।

**ਸ਼ਬਦ ਭਾਵ :**

**ਅੰਤਰਿ** : ਅੰਦਰ ਹਿਰਦੇ ।
**ਨਰਕ ਪਾਤੀ** : ਨਰਕ ਪੈਣ ਜੋਗ । ਨਰਕਾਂ ਦਾ ਹੱਕਦਾਰ ।
**ਸੁਆਨ** : ਕੁੱਤਾ ।
**ਜੋਬਨਵੰਤੁ** : ਰੂਪ ਜਵਾਨੀ ਵਿਚ ਮਸਤ । ਜਵਾਨੀ ਦਾ ਹੰਕਾਰ ਕਰਨ ਵਾਲ਼ਾ ।
**ਬਿਸਟਾ** : ਗੰਦਗੀ ।
**ਕਰਮਵੰਤੁ** : ਮਿਥੇ ਸ਼ਾਸਤ੍ਰੀ ਕਰਮ ਕਰਨ ਵਾਲਾ । ਕਰਮਾਂ ਨੂੰ ਉੱਚਤਾ ਦੇਣ ਵਾਲਾ ।
**ਅੰਧਾ** : ਅੰਨ੍ਹਾ । (Blind)
**ਦੀਹਾ ਮੁਕਤੁ** : ਸੰਸਾਰ ਵਿਚ ਰਹਿੰਦੇ ਮਾਇਆ ਦੀ ਪਕੜ ਵਿਚ ਨਾ ਆਉਣਾ । ਸੌਖੀ ਜ਼ਿੰਦਗੀ । ੧ ।

## ਦੂਜੀ ਪਉੜੀ

**ਧਨਵੰਤਾ ਹੋਇ ਕਰਿ ਗਰਬਾਵੈ ॥**
**ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥**
**ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥**
**ਪਲ ਭੀਤਰਿ ਤਾ ਕਾ ਹੋਇ ਬਿਨਾਸ ॥**
**ਸਭ ਤੇ ਆਪ ਜਾਨੈ ਬਲਵੰਤੁ ॥**
**ਖਿਨ ਮਹਿ ਹੋਇ ਜਾਇ ਭਸਮੰਤੁ ॥**
**ਕਿਸੈ ਨ ਬਦੈ ਆਪਿ ਅਹੰਕਾਰੀ ॥**
**ਧਰਮ ਰਾਇ ਤਿਸੁ ਕਰੇ ਖੁਆਰੀ ॥**
**ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥**
**ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥**

**ਵਿਸਥਾਰ**

ਜੋ ਸ਼ਖ਼ਸ ਧਨ ਵਾਲਾ ਹੋ ਆਕੜਦਾ ਹੈ ਉਹ ਇਹ ਕਿਉਂ ਭੁੱਲ ਜਾਂਦਾ ਹੈ ਕਿ ਇਕੱਠੀ ਕੀਤੀ ਮਾਇਆ ਵਿਚੋਂ ਘਾਹ ਦੇ ਇਕ ਤਿਣਕੇ ਜਿਤਨਾ ਵੀ ਨਾਲ ਨਹੀਂ ਜਾਣਾ । ਸਭ ਕੁਝ ਇਥੇ ਹੀ ਛੱਡ ਜਾਣਾ ਹੈ । ਜੇ ਕੋਈ ਫ਼ੌਜਾਂ (ਲਸ਼ਕਰ) ਤੇ ਜ਼ਰਖ਼ਰੀਦ ਨੌਕਰਾਂ ਤੇ ਟੇਕ ਰਖਦਾ ਹੈ ਤਾਂ ਉਹ ਯਾਦ ਰੱਖੇ ਕਿ ਇਹ ਸਭ ਕੁਝ ਨਸ਼ਟ ਹੋਇਆਂ ਢਿਲ ਪਲ ਵੀ ਨਹੀਂ ਲਗਣਾ । ਵਾਹਿਗੁਰੂ ਦੀ ਨਜ਼ਰ ਹਟਿਆਂ ਸਭ ਕੁਝ ਖੁੱਸ ਜਾਣਾ ਹੈ । ਜੇ ਕੋਈ ਇਹ ਨਸ਼ਰ ਕਰਦਾ ਫਿਰਦਾ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਤਾਂ ਕੀ ਉਹ ਨਹੀਂ ਜਾਣਦਾ ਕਿ ਸਾਹ ਨ ਆਇਆ ਤਾਂ ਅੱਖ ਦੇ ਦੋ ਫੋਰ ਵਿਚ ਹੀ ਸਭ ਭਸਮ ਦੀ ਢੇਰੀ ਹੋ ਜਾਣਾ ਹੈ ।

ਜੇ ਕੋਈ ਹੰਕਾਰ ਵਸ ਹੋਇਆ ਕਿਸੇ ਦੂਜੇ ਨੂੰ ਗਿਣਤੀ (ਬਦੈ) ਵਿਚ ਨਹੀਂ ਲਿਆਂਦਾ ਤਾਂ ਮੌਤ ਆਇਆਂ ਜੋ ਉਸ ਦਾ ਬੁਰਾ ਹਾਲ ਹੋਣਾ ਹੈ ਉਸ ਦਾ ਉਹ ਅੰਦਾਜ਼ਾ ਨਹੀਂ ਲਗਾ ਸਕਦਾ । ਠੀਕ ਗੱਲ ਇਹ ਹੈ ਕਿ ਜਿਸ ਤੇ ਗੁਰੂ ਮਿਹਰ ਦੀ ਨਜ਼ਰ ਪਾ, ਆਪੇ ਤੇ


www.sikhbookclub.com

ਮਾਣ ਕਰਨਾ ਛੁਡਵਾ ਦੇਵੇ, ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਹੀ ਪ੍ਰਭੂ ਦੇ ਦਰ ਮਨਜ਼ੂਰ-ਇ-ਨਜ਼ਰ ਹੋਵੇਗਾ। ਹੰਕਾਰ ਦੀ ਜੜ੍ਹ ਸ਼ਬਦ ਨੇ ਹੀ ਉਖਾੜ ਸੁਟਣੀ ਹੈ। ੨।

**ਸ਼ਬਦ ਭਾਵ :**

ਧਨਵੰਤਾ : ਧਨੀ ਪੁਰਸ਼।
ਗਰਬਾਵੈ : ਹੰਕਾਰ ਕਰਨਾ।
ਤ੍ਰਿਣ : ਤਿਣਕਾ।
ਸਮਾਨਿ : ਤੁਲ। ਬਰਾਬਰ।
ਲਸਕਰ : ਫ਼ੌਜਾਂ।
ਮਾਨੁਖ : ਨੌਕਰ ਰਖੇ ਲੋਕ।
ਪਲ ਭੀਤਰਿ : ਪਲ ਅੰਦਰ। ਪਲ ਵਿਚ।
ਬਿਨਾਸ : ਨਸ਼ਟ ਹੋ ਜਾਣਾ। (Destroyed)
ਭਸਮੰਤੁ : ਸੁਆਹ ਦੀ ਢੇਰੀ। (Ashes)
ਨ ਬਦੈ : ਗਿਣਤੀ ਵਿਚ ਨਾ ਲਿਆਉਣਾ। ਬਰਾਬਰ ਦਾ ਨਾ ਸਮਝਣਾ। (Reckons none as equal)
ਖੁਆਰੀ : ਬੇਇਜ਼ਤੀ। (Ignominy)
ਦਰਗਹ : ਵਾਹਿਗੁਰੂ ਦੇ ਦਰ। ੨।

SIKHBOOKCLUB.COM

## ਤੀਜੀ ਪਉੜੀ

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ ॥
ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ ਜਾ ਕਾ ਮਨੁ ਹੋਇ ॥
ਕਹੁ ਨਾਨਕ ਤਾ ਕੀ ਨਿਰਮਲ ਸੋਇ ॥ ੩ ॥

**ਵਿਸਥਾਰ**

ਕੈਸਾ ਅਜੀਬ ਹੈ ਇਹ ਮਨੁੱਖ। ਕ੍ਰੋੜਾਂ ਕਰਮ ਕਰਦਾ ਹੈ ਪਰ ਫਿਰ ਵੀ ਹੰਕਾਰ ਵਿਚ ਹੈ। ਚਾਹੀਦਾ ਤਾਂ ਇਹ ਸੀ ਕਿ ਕਰਮ ਕਰ ਨਿੰਮ੍ਰਤਾ ਆਵੇ ਪਰ ਇਹ ਤਾਂ ਉਲਟਾ ਹਉਂ ਦਾ ਧਾਰਨੀ ਹੋ ਜਾਂਦਾ ਹੈ। ਕਰਮ ਕਰ, ਹਉਂ ਵਿਚ ਵਿਚਰਨ ਵਾਲੇ ਦੇ ਪੱਲੇ ਸਿਰਫ਼ ਥਕਾਵਟ, ਖੁਆਰੀ ਹੀ ਪਈ। 'ਸ੍ਰਮੁ ਪਾਵੈ'। ਸਭ ਕੀਤੇ ਕਰਮ ਜ਼ਾਇਆ ਚਲੇ ਗਏ। ਕਈ ਤਰ੍ਹਾਂ ਦੇ ਤਪ ਸਾਧਨ ਕਰ ਜੇ ਕੋਈ ਹੰਕਾਰ ਨੂੰ

ਵਧਾਈ ਜਾਂਦਾ ਹੈ ਤਾਂ ਉਹ ਕਦੇ ਜ਼ਿੰਦਾ (ਸੁਰਗ) ਤੇ ਕਦੇ ਮੁਰਦਾ (ਨਰਕ), ਜਨਮ ਮਰਨ ਦੇ ਗੇੜ ਵਿਚ ਹੀ ਧੱਕੇ ਖਾਂਦਾ ਰਵ੍ਹੇਗਾ । ਉਸ ਦੀ ਭਟਕਣਾ ਕਦੇ ਮੁੱਕਣੀ ਹੀ ਨਹੀਂ । ਇਨਾਂ ਅਨੇਕਾਂ ਕ੍ਰਿਆਵਾਂ ਨਾਲ ਅੰਦਰਲਾ ਕਦੇ ਨਰਮ ਨਹੀਂ ਹੋਣਾ । ਕ੍ਰਮ ਕ੍ਰਿਆ ਦੀ ਰਸਾਈ ਦਿਲ ਤਕ ਨਹੀਂ । ਤੁਸੀਂ ਹੀ ਦੱਸੋ, ਉਹ ਮਨੁੱਖ ਇਹ ਆਸ ਕਿਵੇਂ ਰੱਖ ਸਕਦਾ ਹੈ ਕਿ ਦਇਆ ਦੇ ਘਰ, ਵਾਹਿਗੁਰੂ ਤਕ ਉਸ ਦੀ ਰਸਾਈ ਇਨ੍ਹਾਂ ਜਤਨਾਂ ਨਾਲ ਹੋ ਸਕੇਗੀ । ਇਹ ਕਰਮ ਸਿਰਫ਼ ਹੰਕਾਰ ਵਧਾਉਣ ਦਾ ਹੀ ਕਾਰਨ ਬਣਦੇ ਹਨ । ਜਿਹੜਾ ਕੋਈ ਕਰਮ, ਭਲਾਈ ਦਾ ਕਾਰਜ ਇਸ ਲਈ ਕਰਦਾ ਹੈ ਕਿ ਲੋਕੀਂ ਉਸਨੂੰ ਚੰਗਾ ਕਹਿਣ ਤੇ ਜਾਣਨ ਉਸ ਦੇ ਨੇੜੇ ਕਦੇ ਚੰਗਿਆਈ ਆ ਹੀ ਨਹੀਂ ਸਕਦੀ । ਉਸ ਦੇ ਕੀਤੇ ਕਰਮ ਹੰਕਾਰ, ਆਸ-ਇਛਾਂ ਅਧੀਨ ਹਨ । ਇਛਾਧਾਰੀ ਚੰਗਾ ਹੋ ਨਹੀਂ ਸਕਦਾ । ਜਿਸ ਦੇ ਹਿਰਦੇ ਨਿੰਮ੍ਰਤਾ ਹੈ ਤੇ ਆਪਣੇ ਆਪ ਨੂੰ ਸਭ ਦੀ ਧੂੜ ਜਾਣਦਾ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਐਸੇ ਮਨੁੱਖ ਦੀ ਸ਼ੋਭਾ ਤੇ ਕਦੇ ਧੂੜ ਨਹੀਂ ਪੈਂਦੀ । ਖਰੀ ਸਹੀ ਇੱਜ਼ਤ ਵਾਲਾ ਹੁੰਦਾ ਹੈ । ਕੈਸਾ ਸੁੰਦਰ ਦ੍ਰਿਸ਼ਟਾਂਤ ਗੁਰੂ ਜੀ ਦੇ ਰਹੇ ਹਨ ਕਿ ਜੋ ਸਭ ਦੀ ਧੂੜ ਹੋ ਜਾਂਦਾ ਹੈ ਉਸ ਦੀ ਇੱਜ਼ਤ ਕਦੇ ਮਿੱਟੀ ਵਿਚ ਨਹੀਂ ਰੁਲੇਗੀ । ਕਰਮਾਂ ਵਿਚ ਥਕਾਵਟ, ਤਪੱਸਿਆ ਵਿਚ ਹੰਕਾਰ, ਜਤਨਾਂ ਦੀ ਪਹੁੰਚ ਸਿਰਫ਼ ਸਰੀਰ ਤਕ ਹੈ । ਸਿਰਫ਼ ਨਿੰਮ੍ਰਤਾ ਹੈ ਜੋ ਸ਼ੋਭਾ ਵੀ ਖਰੀ ਦਿਲਾਵੇਗੀ ਅਤੇ ਪਹੁੰਚ ਵੀ ਪ੍ਰਭੂ ਨਾਲ ਕਰਾ ਦੇਵੇਗੀ ।੩।

*ਸ਼ਬਦ ਭਾਵ :*

ਕੋਟਿ ਕਰਮ : ਕ੍ਰੋੜਾਂ ਸ਼ਾਸਤ੍ਰੀ ਕ੍ਰਿਆਵਾਂ ।
ਹਉ ਧਾਰੇ : ਹੰਕਾਰੀ ਹੋ ਵਿਚਰੇ । (Still proud)
ਸ੍ਰਮੁ : ਥਕਾਵਟ । (Fatigue)
ਬਿਰਥਾਰੇ : ਫ਼ਜ਼ੂਲ । (Vain)
ਅਵਤਾਰ : ਜਨਮ ਲੈਣਾ ।
ਆਤਮ : ਹਿਰਦਾ ।
ਦ੍ਰਵੈ : ਨਰਮ । (Tender)
ਗਵੈ : ਪਹੁੰਚ ਰਸਾਈ ।
ਰੇਨ : ਧੂੜ । ਨਿੰਮ੍ਰਤਾ ਦਾ ਚਿੰਨ੍ਹ । ੩ ।

## ਚੌਥੀ ਪਉੜੀ

ਜਬ ਲਗ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥

ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥

ਜਬ ਧਾਰੈ ਕੋਊ ਬੈਰੀ ਮੀਤੁ ॥
ਤਬ ਲਗੁ ਨਿਹਚਲੁ ਨਾਹੀ ਚੀਤੁ ॥

 www.sikhbookclub.com

ਜਬ ਲਗੁ ਮੋਹ ਮਗਨ ਸੰਗਿ ਮਾਇ ॥
ਤਬ ਲਗੁ ਧਰਮ ਰਾਇ ਦੇਇ ਸਜਾਇ ॥
ਪ੍ਰਭ ਕਿਰਪਾ ਤੇ ਬੰਧਨ ਤੂਟੈ ॥
ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥ ੪ ॥

**ਵਿਸਥਾਰ**

ਜਦ ਤਕ ਮਨੁੱਖ ਨੂੰ ਇਹ ਖਿਆਲ ਹੈ ਕਿ ਉਸ ਦੇ ਜਤਨਾਂ ਕਰਕੇ ਕੁਝ ਹੋ ਸਕਦਾ ਹੈ, ਉਸ ਖਿਆਲ ਦੀ ਗ੍ਰਿਫ਼ਤ ਵਿਚ ਹੋਣ ਕਰਕੇ ਕਦੇ ਸੁੱਖ ਸ਼ਾਂਤੀ ਉਸ ਨੂੰ ਪ੍ਰਾਪਤ ਨਹੀਂ ਹੋ ਸਕਦੀ। ਕਿਉਂਕਿ ਇਸ ਤਰ੍ਹਾਂ ਆਪੇ ਦਾ ਮਾਣ ਵਧਦਾ ਹੈ ਤੇ ਮਾਣ ਹੁੰਦਿਆਂ ਕਦੇ ਸ਼ਾਂਤੀ ਨਹੀਂ। ਹੋਰ ਝੂਠੀ ਆਸ ਬੱਝ ਜਾਂਦੀ ਹੈ ਤੇ ਆਸ ਵਿਚ ਹਮੇਸ਼ਾ ਹੀ ਅੰਦੇਸ਼ਾ ਖ਼ਤਰਾ ਹੈ ਅਤੇ ਖ਼ਤਰੇ ਵਿਚ ਕਦੇ ਸੁੱਖ ਦੀ ਭਾਵਨਾ ਉੱਠਦੀ ਹੀ ਨਹੀਂ। ਜਦ ਤਕ ਮਨੁੱਖ ਇਹ ਸਮਝਦਾ ਹੈ ਕਿ ਕਾਰਜ ਉਸ ਦੇ ਜਤਨਾਂ ਨਾਲ ਹੋਆ ਹੈ ਉਸ ਸਮੇਂ ਤਕ ਜਨਮ ਮਰਨ ਦੇ ਗੇੜ ਵਿਚ ਹੀ ਪਿਆ ਰਵ੍ਹੇਗਾ। ਗਰਬ ਕਾਰਨ ਹੀ ਗਰਭ ਵਿਚ ਪਿਆ। ਹੰਕਾਰ ਮੂਲ ਕਾਰਨ ਹੈ ਭਟਕਨਾ ਦਾ।

ਜਦ ਕਿਸੇ ਨੂੰ ਮਿਤ੍ਰ ਤੇ ਕਿਸੇ ਨੂੰ ਸ਼ਤਰੂ ਜਾਣਦਾ ਹੈ ਤਦ ਤਕ ਉਸ ਦਾ ਹਿਰਦਾ ਟਿਕਾਉ ਵਿਚ ਨਹੀਂ ਹੋਣਾ। ਮਿਤ੍ਰ ਕੋਲੋਂ ਹਰ ਵੇਲੇ ਆਸ ਤੇ ਸਤਰੂ ਕੋਲੋਂ ਹਰ ਵੇਲੇ ਖ਼ਤਰਾ ਰਹਿੰਦਾ ਹੈ। ਦੋਵਾਂ ਦਸ਼ਾਵਾਂ ਵਿਚ ਹੀ ਅੰਦੇਸ਼ਾ ਬਣਿਆ ਰਹਿੰਦਾ ਹੈ। ਜਦ ਤੱਕ ਮਾਇਆ ਦੀ ਪਕੜ ਵਿਚ ਰਹਿੰਦਾ ਹੈ, (ਮੋਹ ਮਗਨ ਸੰਗ ਮਾਇ) ਤਦ ਤਕ ਮੌਤ ਦਾ ਭੈ ਨਹੀਂ ਜਾ ਸਕਦਾ। ਮੌਤ ਸਤਾਂਦੀ ਹੀ ਰਵ੍ਹੇਗੀ। ਪਕੜ ਹੀ ਹੈ ਜੋ ਪਲ ਪਲ ਮੌਤ ਵਰਗਾ ਦੁੱਖ ਦੇਂਦੀ ਹੈ।

SIKHBOOKCLUB.COM

ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਸ਼ਬਦ ਦੁਆਰਾ ਹਉਂ ਮਿਟਦੀ ਹੈ ਤੇ ਹਉਂ ਮਿਟਦਿਆਂ ਵਾਹਿਗੁਰੂ ਮਿਹਰ ਦੀ ਨਜ਼ਰ ਪਾਂਦਾ ਹੈ ਤੇ ਮੋਹ ਦੀ ਤੰਦ ਟੁੱਟ ਜਾਂਦੀ ਹੈ ਤੇ ਮਨੁੱਖ ਹੌਲਾ ਫੁੱਲ ਹੋ ਕੇ ਜਗਤ ਵਿਚ ਵਿਚਰਦਾ ਹੈ। ਹਉਂ ਉਪਜਣ ਦਾ ਕਾਰਨ ਪਕੜ ਹੈ। ਮੈਂ, ਮੋਹ, ਮਾਇਆ, ਮਿਤ੍ਰ, ਪਕੜ ਵਧਾਉਂਦੇ ਹਨ। ੪।

**ਸ਼ਬਦ ਭਾਵ :**

**ਜਬ ਲਗ** : ਜਦ ਤਕ। (So long)
**ਗਰਭ ਜੋਨਿ** : ਕੁੱਖ ਵਿਚੋਂ ਜਨਮ ਲੈਣਾ।
**ਨਿਹਚਲੁ** : ਪੂਰਨ ਟਿਕਾ। (poise)
**ਮੋਹ ਮਗਨ** : ਪਕੜ ਦੀ ਜਕੜ।
**ਮਾਇ** : ਮਾਇਆ।
**ਧਰਮ ਰਾਇ** : ਮੌਤ ਦਾ ਫ਼ਰਿਸ਼ਤਾ।
**ਬੰਧਨ** : ਗ਼ੁਲਾਮੀ, ਜੰਜੀਰਾਂ। (Bondage) ੪.

## ਪੰਜਵੀਂ ਪਉੜੀ

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥

**ਅਨਿਕ ਭੋਗ ਬਿਖਿਆ ਕੇ ਕਰੈ ॥**
**ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥**
**ਬਿਨਾ ਸੰਤੋਖ ਨਹੀ ਕੋਊ ਰਾਜੈ ॥**
**ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥**
**ਨਾਮ ਰੰਗਿ ਸਰਬ ਸੁਖੁ ਹੋਇ ॥**
**ਬਡਭਾਗੀ ਕਿਸੈ ਪਰਾਪਤਿ ਹੋਇ ॥**
**ਕਰਨ ਕਰਾਵਨ ਆਪੇ ਆਪਿ ॥**
**ਸਦਾ ਸਦਾ ਨਾਨਕ ਹਰਿ ਜਾਪਿ ॥ ੫ ॥**

**ਵਿਸਥਾਰ**

ਹਜ਼ਾਰਾਂ ਕਮਾ ਕੇ ਮਨੁੱਖ ਰੁਕਦਾ ਨਹੀਂ ਤੇ ਫਿਰ ਲੱਖਾਂ ਕਮਾਉਣ ਦੀ ਦੌੜ ਭੱਜ ਵਿਚ ਪੈ ਜਾਂਦਾ ਹੈ। ਮਾਇਆ ਇਕੱਠੀ ਕਰਕੇ ਜਮ੍ਹਾ ਕਰੀ ਜਾਂਦਾ ਹੈ ਪਰ ਰਜਦਾ ਫਿਰ ਵੀ ਨਹੀਂ।

ਇਸ ਇਕੱਠੀ ਮਾਇਆ ਨਾਲ ਐਸ਼ਾਂ ਵਿਚ ਪੈ ਜ਼ਹਿਰ ਵਿਹਾਜੀ ਜਾਂਦਾ ਹੈ ਤੇ ਵਿਸ਼ੇ ਵਿਕਾਰ ਦਾ ਗ਼ੁਲਾਮ ਹੋ ਜਾਂਦਾ ਹੈ ਤੇ ਫਿਰ ਕਦੇ ਤ੍ਰਿਪਤੀ ਨਹੀਂ ਹੁੰਦੀ ਅਤੇ ਵਿਕਾਰਾਂ ਕਾਰਨ ਪੂਰੀ ਤਰ੍ਹਾਂ ਬਰਬਾਦ ਹੋ ਜਾਂਦਾ ਹੈ। ਬਗੈਰ ਸਬਰ ਕਿਸੇ ਦਾ ਰੱਜ ਨਹੀਂ ਹੋਣਾ। ਕਿਉਂਕਿ ਮਾਇਆ ਦੀ ਦੌੜ ਭੱਜ ਤਾਂ ਕਦੇ ਮੁੱਕਣੀ ਹੀ ਨਹੀਂ। ਬਲਕਿ ਉਸ ਤਰ੍ਹਾਂ ਜਿਵੇਂ ਕੋਈ ਸੁਪਨੇ ਦੀਆਂ ਦਿਸਦੀਆਂ ਸ਼ੈਆਂ ਨੂੰ ਹਥਿਆਉਣ ਦੀ ਕੋਸ਼ਿਸ਼ ਕਰੇ। ਉਹ ਹੱਥ ਨਹੀਂ ਆਉਣੀਆਂ ਤੇ ਕੀਤੀ ਦੌੜ ਭੱਜ ਜ਼ਾਇਆ ਹੀ ਜਾਣੀ ਹੈ। ਪੂਰਨ ਟਿਕਾ ਵਾਲਾ ਸਹੀ ਸੁੱਖ ਨਾਮ ਦੇ ਪਿਆਰ ਨਾਲ ਹਿਰਦੇ ਨੂੰ ਰੰਗਣ ਵਿਚ ਹੀ ਆਉਣਾ ਹੈ ਅਤੇ ਇਹ ਮਿਲਣਾ ਹੈ ਕਿਸੇ ਵਿਰਲੇ ਨੂੰ ਵੱਡੇ ਭਾਗਾਂ ਨਾਲ।

ਹਿਰਦੇ ਨੂੰ ਨਾਮ ਨਾਲ ਰੰਗਣਾ ਤੇ ਦੌੜ ਭੱਜ ਹਟਾਉਣੀ ਵਾਹਿਗੁਰੂ ਦੇ ਹੀ ਹੱਥ ਹੈ। ਸਭ ਕੁਝ ਉਹ ਹੀ ਕਰਨ ਤੇ ਕਰਾਵਨ ਵਾਲਾ ਹੈ। ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਕੇਵਲ ਉਸ ਦੇ ਨਾਮ ਨੂੰ ਜਪ ਤਾਂ ਕਿ ਹਜ਼ੂਰੀ ਦਾ ਅਨੰਦ ਮਿਲੇ। ੫।

**ਸ਼ਬਦ ਭਾਵ :**

**ਸਹਸ** : ਹਜ਼ਾਰਾਂ।
**ਤ੍ਰਿਪਤਿ** : ਰੱਜ ਜਾਣਾ। (Satisfaction)
**ਬਿਖਿਆ** : ਜ਼ਹਿਰੀਲੇ।
**ਰਾਜੈ** : ਰੱਜਿਆ।
**ਸੁਪਨ ਮਨੋਰਥ** : ਸੁਪਨੇ ਵਿਚ ਸਾਹਮਣੇ ਪਈਆਂ ਸ਼ੈਆਂ। ਖ਼ਿਆਲੀ ਪਿਲਾਓ। (Imaginary objects)
**ਬ੍ਰਿਥੇ** : ਫ਼ਜ਼ੂਲ। (Worthless)
**ਰੰਗਿ** : ਪਿਆਰ ਵਿਚ।
**ਬਡਭਾਗੀ** : ਵੱਡੇ ਨਸੀਬਾਂ ਨੂੰ। (With great fortunes). ੫.

 www.sikhbookclub.com

## ਛੇਵੀਂ ਪਉੜੀ

ਕਰਨ ਕਰਾਵਨ ਕਰਨੈਹਾਰੁ ॥
ਇਸ ਕੈ ਹਾਥਿ ਕਹਾ ਬੀਚਾਰੁ ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥
ਆਪੇ ਆਪਿ ਆਪਿ ਪ੍ਰਭੁ ਸੋਇ ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥
ਸਭ ਤੇ ਦੂਰਿ ਸਭਹੂ ਕੈ ਸੰਗਿ ॥
ਬੂਝੈ ਦੇਖੈ ਕਰੈ ਬਿਬੇਕ ॥
ਆਪਹਿ ਏਕ ਆਪਹਿ ਅਨੇਕ ॥
ਮਰੈ ਨ ਬਿਨਸੈ ਆਵੈ ਨ ਜਾਇ ॥
ਨਾਨਕ ਸਦ ਹੀ ਰਹਿਆ ਸਮਾਇ ॥ ੬ ॥

**ਵਿਸਥਾਰ**

ਵਾਹਿਗੁਰੂ ਹੀ ਕਰਨ ਯੋਗ ਹੈ, ਦੂਜੇ ਕੋਲੋਂ ਕਰਾਵਨਯੋਗ ਤੇ ਹਰ ਸ਼ੈ ਦਾ ਕਰਤਾ ਹੈ। ਇਸ ਵਿਚਾਰੇ ਜੀਵ ਦੇ ਕੁਝ ਵੀ ਵਸ ਨਹੀਂ। ਇਸ ਨੂੰ ਤਾਂ ਹੁਣ ਤਕ ਇਤਨੀ ਵਿਚਾਰ ਵੀ ਨਹੀਂ ਅਹੁੜੀ ਕਿ ਉਹ ਹੀ ਕਰਨ ਕਰਾਵਨ ਕਰਣੈਹਾਰ ਹੈ। ਫਿਰ ਕਿਸ ਗੱਲ ਦਾ ਹੰਕਾਰ ਕਰਦਾ ਹੈ। ਇਤਨੀ ਸਪਸ਼ਟ ਵਿਚਾਰ ਕਿ ਕਰਨੈਹਾਰ ਵਾਹਿਗੁਰੂ ਹੈ ਦਾ ਫੁਰਨਾ ਤਕ ਵੀ ਇਸ ਦੇ ਹਿਰਦੇ ਆਪਣੇ ਆਪ ਨਹੀਂ ਉੱਠਦਾ। ਉਹ ਹੀ ਸੋਝੀ ਦੇਵੇ ਤਾਂ ਦੇਵੇ। ਇਹ ਤਾਂ ਆਪਣੀ ਹਉਂ ਵਿਚ ਹੀ ਗਲਤਾਨ ਹੈ।

ਜਿਹੋ ਜਿਹੀ ਵਾਹਿਗੁਰੂ ਦੀ ਦ੍ਰਿਸ਼ਟੀ ਪੈਂਦੀ ਹੈ ਉਹੋ ਜਿਹਾ ਹੀ ਇਹ ਮਨੁੱਖ ਹੋ ਜਾਂਦਾ ਹੈ। ਇਹ ਕਦੇ ਨਾ ਭੁੱਲਣਾ ਕਿ ਵਾਹਿਗੁਰੂ ਹੀ ਸਭ ਕੁਝ ਹੈ। ਉਸ ਦੇ ਕਿਸੇ ਕੀਤੇ ਵਿਚ ਕੋਈ ਰੁਕਾਵਟ ਖੜ੍ਹੀ ਨਹੀਂ ਕਰ ਸਕਦਾ। ਇਹ ਵੀ ਨਾ ਭੁੱਲਣਾ ਕਿ ਜੋ ਕੁਝ ਉਸ ਨੇ ਕੀਤਾ ਹੈ ਆਪਣੇ ਚਾਅ ਵਿਚ ਕੀਤਾ ਹੈ ਕਿਸੇ ਮਜਬੂਰੀ ਹੇਠ ਨਹੀਂ। ਅਸਚਰਜ ਇਹ ਹੈ ਕਿ ਉਹ ਹਰ ਇਕ ਤੋਂ ਦੂਰ ਵੀ ਹੈ ਅਤੇ ਨੇੜੇ ਵੀ। ਆਪਣੇ ਹੰਕਾਰ ਵਿਚ ਕੋਈ ਬੈਠਾ ਇਹ ਨਾ ਸਮਝ ਲਵੇ ਕਿ ਵਾਹਿਗੁਰੂ ਕੁਝ ਜਾਣਦਾ ਨਹੀਂ। ਉਸ ਦੀ ਨਜ਼ਰ ਹੇਠ ਹਰ ਸ਼ੈ ਹੈ। ਉਹ ਜਾਣਦਾ ਹੈ ਕਿ ਕੋਈ ਕੀ ਕਰ ਰਹਿਆ ਹੈ। ਬੜੇ ਗਹੁ ਨਾਲ ਦੇਖ ਰਹਿਆ ਹੈ ਕਿ ਕੋਈ ਕੀ ਕਰਮ ਕਮਾ ਰਹਿਆ ਹੈ ਅਤੇ ਮਾੜੇ ਚੰਗੇ ਨੂੰ ਵਾਚ ਕੇ ਨਾਲੋ ਨਾਲ ਲੇਖਾ ਵੀ ਕਰੀ ਜਾ ਰਹਿਆ ਹੈ। **'ਬੂਝੈ ਦੇਖੈ ਕਰੈ ਬਿਬੇਕ।'**

ਬਸ ਵਾਹਿਗੁਰੂ ਹੀ ਇਕ ਹੈ ਜੋ ਨਾ ਮਰਦਾ ਹੈ, ਨਾ ਨਸ਼ਟ ਹੁੰਦਾ ਹੈ ਅਤੇ ਨਾ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਹ ਹਰ ਇਕ ਵਿਚ ਹਮੇਸ਼ਾ ਲਈ ਸਮਾਇਆ ਹੋਇਆ ਹੈ। ਉਸ 'ਤੇ ਸਮੇਂ ਸਥਾਨ ਦਾ ਕੋਈ ਅਸਰ ਨਹੀਂ। ਉਹ ਲਾਜਵਾਬ ਹੈ। ੬।

**ਸ਼ਬਦ ਭਾਵ :**

**ਕਰਨ ਕਰਾਵਨ :** ਕਰਨ ਦੀ ਸ਼ਕਤੀ ਤੇ ਕਰਾਵਨ ਦੀ ਸੱਤਾ।

 www.sikhbookclub.com

**ਇਸ ਕੈ ਹਾਥਿ**

**ਕਹਾ ਬੀਚਾਰੁ** : ਇਸ ਵਿਚਾਰੋ ਮਨੁੱਖ ਪਾਸ ਇਹ ਕੀਮਤੀ ਵਿਚਾਰ ਕਿ ਉਹ ਹੀ ਕਰਨ ਕਰਾਵਨ ਕਰਨੈਹਾਰ ਹੈ, ਕਿਥੇ ਹੈ ।

**ਕਹਾ** : ਕਿਥੇ ।

**ਦ੍ਰਿਸਟਿ** : ਨਜ਼ਰ । (Glance)

**ਰੰਗਿ** : ਪਿਆਰ ਨਾਲ । ਚਾਅ ਵਿਚ । (In joy)

**ਬੂਝੈ** : ਗਹੁ ਨਾਲ ਤੱਕਣਾ । (Consider)

**ਬਿਬੇਕ** : ਮਾੜੇ ਚੰਗੇ ਨੂੰ ਨਿਖੇੜਨ ਦੀ ਸੂਝ । (Discriminates)

**ਬਿਨਸੈ** : ਨਾਸ ਹੋ ਜਾਣਾ ।

**ਸਦ** : ਹਮੇਸ਼ਾ । ੬ ।

## ਸਤਵੀਂ ਪਉੜੀ

**ਆਪਿ ਉਪਦੇਸੈ ਸਮਝੈ ਆਪਿ ॥**
**ਆਪੇ ਰਚਿਆ ਸਭ ਕੈ ਸਾਥਿ ॥**
**ਆਪਿ ਕੀਨੋ ਆਪਨ ਬਿਸਥਾਰੁ ॥**
**ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥**
**ਉਸ ਤੇ ਭਿੰਨ ਕਹਹੁ ਕਿਛੁ ਹੋਇ ॥**
**ਥਾਨ ਥਨੰਤਰਿ ਏਕੈ ਸੋਇ ॥**
**ਅਪੁਨੇ ਚਲਿਤ ਆਪਿ ਕਰਣੈਹਾਰ ॥**
**ਕਉਤਕ ਕਰੈ ਰੰਗ ਆਪਾਰ ॥**
**ਮਨਿ ਮਹਿ ਆਪਿ ਮਨ ਅਪੁਨੇ ਮਾਹਿ ॥**
**ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥**

**ਵਿਸਥਾਰ**

ਵਾਹਿਗੁਰੂ ਪਾਸ ਹੀ ਦੋਵੇਂ ਉਪਦੇਸ਼ਕ ਤੇ ਸ਼ਿਸ਼ ਵਾਲੀ ਮੱਤ ਹੈ। ਪਹਿਲਾਂ 'ਉਸਤਾਦੀ ਮੱਤ' (Teacher's mind) ਨਾਲ ਪਰਗਟ ਕਰਦਾ ਹੈ ਕਿ ਉਹ ਹੀ ਕਰਨ ਕਰਾਵਨ ਕਰਣੈਹਾਰ ਹੈ ਪਰ ਅਗੋਂ ਗ੍ਰਹਿਣ ਕਰਨ ਵਾਲੀ ਮੱਤ ਨਾ ਹੋਣ ਕਾਰਨ ਉਹ ਆਪ ਹੀ 'ਸਿੱਖ ਮੱਤ' (Pupil's mind) ਧਾਰ ਜੀਵਾਂ ਨੂੰ ਸਮਝਾਂਦਾ ਹੈ ਜਿਸ ਨੂੰ ਕੁਝ ਸਮਝ ਆ ਗਈ ਹੈ, ਉਹ ਹੰਕਾਰ ਵਿਚ ਨਾ ਆਫਰਿਆ ਫਿਰੇ ਇਸ ਲਈ 'ਸਮਝੈ ਆਪਿ' ਦਾ ਸ਼ਬਦ ਵਰਤਦੇ ਹਨ। ਵੱਖ-ਵੱਖ ਦੋ ਮੱਤਾਂ ਹੁੰਦੀਆਂ ਹਨ। ਬੜਾ ਕਠਨ ਹੁੰਦਾ ਹੈ ਦੋਵੇਂ ਮੱਤਾਂ ਦਾ ਪਾਉਣਾ। ਪਹਿਲਾਂ ਤਾਂ ਮੱਤ ਇਤਨੀ ਉੱਚੀ ਹੋਵੇ ਕਿ ਭੇਦ ਸਮਝ ਸਕੇ ਤੇ ਫਿਰ ਇਤਨੀ ਬਿਆਨ ਸ਼ਕਤੀ ਕਿ ਸਮਝੀ ਗੱਲ ਦੂਜੇ ਨੂੰ ਸਮਝਾ ਸਕੇ। ਇਹ ਕੇਵਲ ਵਾਹਿਗੁਰੂ ਹੀ ਹੈ ਦੋਵਾਂ ਸ਼ਕਤੀਆਂ ਦਾ ਮਾਲਕ। ਉਸ ਨੇ ਹੀ ਐਸਾ ਢੋਅ ਢੁਕਾਇਆ ਹੈ ਕਿ ਸੱਭ ਵਿਚ ਬੈਠਾ, ਇਨ੍ਹਾਂ ਉੱਚੇ ਉਪਦੇਸ਼ਾਂ ਨੂੰ ਸਮਝਾ ਸਕੇ। ਉਸ ਨੇ ਆਪ ਹੀ ਆਪਣਾ ਵਿਸਥਾਰ ਕੀਤਾ ਹੈ, ਸੋ ਉਹ ਹੀ ਸਮਝਾਵੇ ਤਾਂ ਸਮਝ ਪੈਂਦੀ ਹੈ ਕਿ ਉਸ ਦਾ ਸਭ ਕੁਝ ਕੀਤਾ ਹੈ ਤੇ ਉਹ ਨਿਰੋਲ ਆਪ ਹੀ ਸਿਰਜਨਹਾਰ ਹੈ। ਜੇ ਇਹ ਸੋਝੀ ਨਾ ਮਿਲੇ ਕਿ ਸਭ ਕੁਝ ਉਹ

 www.sikhbookclub.com

ਕਰਨਹਾਰ ਹੈ ਤਾਂ ਮਨੁੱਖ ਆਪਣੇ ਨਿਰੇ ਹੰਕਾਰ ਕਾਰਨ ਆਪਣੇ ਆਪ ਨੂੰ ਕਰਤਾ ਸਮਝਣ ਲਗ ਪੈਂਦਾ ਹੈ। ਹੁਣ ਤੁਸੀਂ ਦੱਸੋ ਕਿ ਉਸ ਤੋਂ ਬਗੈਰ ਕੀ ਕੁਝ ਹੋ ਸਕਦਾ ਹੈ ? ਬਿਲਕੁਲ ਨਹੀਂ। ਇਥੇ, ਉਥੇ ਹਰ ਥਾਂ ਉਹ ਹੀ ਹੈ। ਇਹ ਖਿਨ ਖਿਨ ਬਦਲਦੇ ਅਨੰਤ ਖੇਲ ਉਹ ਆਪ ਹੀ ਕਰਦਾ ਹੈ ਅਤੇ ਉਹ ਹੀ ਹੈ ਜੋ ਅਸਚਰਜ ਮਈ ਕੌਤਕ ਕਰ ਸਕੇ। ਹੋਰ ਕੋਈ ਦੂਜਾ ਨਹੀਂ ਕਰ ਸਕਦਾ। 'ਖਿਨ ਮਹਿ ਰਾਜ ਤੇ ਖਿਨ ਮਹਿ ਭੇਖਾਰੀ' ਉਹ ਹੀ ਕਰਦਾ ਹੈ।

ਇਕ ਹੋਰ ਕੌਤਕ ਦੀ ਉਦਾਹਰਣ ਦੇਂਦੇ ਕਹਿੰਦੇ ਹਨ ਕਿ ਭਲਾ ਹੋਰ ਕੌਣ ਹੈ ਜੋ ਇਹ ਕੌਤਕ ਕਰ ਸਕੇ ਕਿ ਪਹਿਲਾਂ ਤਾਂ ਜੀਵਾਂ ਦੇ ਮਨਾਂ ਵਿਚ ਬੈਠ ਜਾਏ ਤੇ ਜੀਵਾਂ ਨੂੰ ਪਤਾ ਤਕ ਨਾ ਲੱਗੇ ਤੇ ਫਿਰ ਆਪ ਹੀ ਹਿਰਦੇ ਵਿਚ ਪਰਗਟ ਹੋ ਦਿਖਲਾ ਦੇਵੇ।

ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕੋਈ ਐਸਾ ਢੰਗ ਨਹੀਂ ਹੈ ਕਿ ਉਸ ਮਾਲਕ ਦੀ ਕੀਮਤ ਦਾ ਅੰਦਾਜ਼ਾ ਤਕ ਲਾਇਆ ਜਾ ਸਕੇ। ਹਾਂ, ਜਦ ਕੋਈ ਹਉਂ ਦਾ ਅਭਾਵ ਕਰਦਾ ਹੈ ਤਾਂ ਰਤਾ ਕੁ ਉਸ ਦੀ ਬੇਅੰਤਤਾ ਦਾ ਅਨੁਮਾਨ ਹੋ ਜਾਂਦਾ ਹੈ।੭।

*ਸ਼ਬਦ ਭਾਵ :*

**ਆਪਿ ਉਪਦੇਸੈ** : ਉਹ ਆਪ ਹੀ ਉਪਦੇਸ਼ ਦਾਤਾ ਹੈ। (Teacher's mind)
**ਸਮਝੈ ਆਪਿ** : ਆਪ ਹੀ ਸਿਸ਼ ਹੋ ਸਮਝਦਾ ਹੈ। (Pupil's mind)
**ਸਭ ਕੈ ਸਾਥਿ** : ਹਰ ਇਕ ਦੇ ਅੰਗ ਸੰਗ ਹੈ।
**ਬਿਸਥਾਰੁ** : ਵਿਸਥਾਰ। (Expansion)
**ਭਿੰਨ** : ਅਲਹਿਦਾ।
**ਥਾਨ ਥਨੰਤਰਿ** : ਇਥੇ, ਉਥੇ, ਹਰ ਥਾਂ। (Places and spots)
**ਚਲਿਤ** : ਖੇਲ। ਤਮਾਸ਼ੇ। ਕੌਤਕ।
**ਰੰਗ ਆਪਾਰ** : ਨ ਗਿਣੇ ਜਾਣ ਵਾਲੇ ਰੂਪ। (Incalculable forms)
**ਕੀਮਤਿ** : ਮੁੱਲ। ਕਦਰ। (Worth). ੭.

## *ਅਠਵੀਂ ਪਉੜੀ*

**ਸਤਿ ਸਤਿ ਸਤਿ ਪ੍ਰਭੁ ਸੁਆਮੀ ॥**
**ਗੁਰ ਪਰਸਾਦਿ ਕਿਨੈ ਵਖਿਆਨੀ ॥**
**ਸਚੁ ਸਚੁ ਸਚੁ ਸਭੁ ਕੀਨਾ ॥**
**ਕੋਟਿ ਮਧੇ ਕਿਨੈ ਬਿਰਲੈ ਚੀਨਾ ॥**
**ਭਲਾ ਭਲਾ ਭਲਾ ਤੇਰਾ ਰੂਪ ॥**
**ਅਤਿ ਸੁੰਦਰ ਅਪਾਰ ਅਨੂਪ ॥**
**ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥**
**ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥**

 www.sikhbookclub.com

**ਪਵਿਤ੍ਰੁ ਪਵਿਤ੍ਰੁ ਪਵਿਤ੍ਰੁ ਪੁਨੀਤ ॥**
**ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ ੮ ॥ ੧੨ ॥**

**ਵਿਸਥਾਰ**

ਇਹ ਰਹਸ ਕਿਸੇ ਵਿਰਲੇ ਨੇ ਮਿਹਰ ਸਦਕਾ ਹੀ ਖੋਲ੍ਹ ਬਿਆਨ ਕੀਤਾ ਹੈ ਕਿ ਵਾਹਿਗੁਰੂ ਸਭ ਦਾ ਮਾਲਕ ਹੈ ਤੇ ਉਹ ਸਦਾ ਕਾਇਮ ਦਾਇਮ ਹੈ। ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਇਹ ਅਨੁਭਵ ਕੀਤਾ ਹੈ ਕਿ ਉਸ ਦੀ ਹਰ ਸਿਰਜੀ ਸ਼ੈ ਪਾਕ, ਪਵਿਤ੍ਰ ਤੇ ਪੂਰੀ ਹੈ। ਅਪਵਿਤ੍ਰ ਜਾਣ ਘਿਰਣਾ ਕਰਨ ਵਾਲੀ ਨਹੀਂ। ਇਹ ਜੋ ਤੇਰੇ ਸਾਰੇ ਜੀਵ ਹਨ ਤੇਰਾ ਹੀ ਰੂਪ ਹਨ ਅਤੇ ਚੰਗੇ, ਪਿਆਰੇ ਲੁਭਾਉਣੇ ਹਨ। ਬਹੁਤ ਹੀ ਸੁੰਦਰ ਤੇ ਇਨ੍ਹਾਂ ਦੀ ਸੁੰਦਰਤਾ ਵੀ ਕਥੀ ਨਹੀਂ ਜਾ ਸਕਦੀ। ਕਿਤਨੀ ਸਾਫ਼, ਸਪਸ਼ਟ ਤੇ ਪਵਿਤ੍ਰ ਤੇਰੀ ਆਵਾਜ਼ ਹੈ ਜੋ ਹਰ ਇਕ ਸਰੀਰ ਦੇ ਧੁਰ ਅੰਦਰ ਗੂੰਜ ਰਹੀ ਹੈ, ਸੁਣੀ ਜਾ ਸਕਦੀ ਹੈ ਤੇ ਅਤੇ ਅਗੋਂ ਬੋਲ ਕੇ ਦੂਜੇ ਕੰਨਾਂ ਤਕ ਪਹੁੰਚਾਈ ਜਾ ਸਕਦੀ ਹੈ। ਵਾਹਿਗੁਰੂ ਹਰ ਹਿਰਦੇ ਵਿਚ ਬੋਲ ਰਹਿਆ ਹੈ। ਇਹ ਕੋਈ ਨਿਰੀ ਕਹਿਣ ਮਾਤ੍ਰ ਗੱਲ ਨਹੀਂ ਸਗੋਂ ਪਰਤੱਖ ਹੈ ਤੇ ਪ੍ਰਗਟਾਈ ਜਾ ਸਕਦੀ ਹੈ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਹੀ ਪਾਕ, ਪਵਿਤ੍ਰ ਤੇ ਪੂਜ ਹੈ ਜੋ ਸੱਚੇ ਦਿਲੋਂ ਪਿਆਰ ਨਾਲ ਹਿਰਦੇ ਵਿਚ ਵਾਹਿਗੁਰੂ ਦਾ ਜਾਪ ਕਰਦਾ ਰਹਿੰਦਾ ਹੈ।

ਸਾਰੇ ਹੰਕਾਰ ਛੱਡਣ ਵਾਲਾ ਹੀ ਮਨ ਉਸ ਦੀ ਯਾਦ ਪਕਾ ਸਕਦਾ ਹੈ। ਪਹਿਲਾਂ, ਇਹ ਆਪਣੇ ਆਪ ਨੂੰ ਯਕੀਨ ਦਿਲਵਾਉਣਾ ਹੈ ਕਿ ਵਾਹਿਗੁਰੂ ਸਦਾ ਹੈ ਅਤੇ ਸਦਾ ਰਹਿਣਾ ਹੈ। **'ਸਤਿ ਸਤਿ ਸਤਿ ਪ੍ਰਭੁ ਸੁਆਮੀ।'** ਫਿਰ ਤਪ ਦਾ ਅਹੰਕਾਰ ਗਵਾਉਣਾ ਹੈ। ਜਗਤ ਵਿਚ ਵਿਚਰਦੇ ਰਹਿਣਾ ਹੈ। ਆਮ ਬੰਦਿਆਂ ਵਾਲਾ ਵਿਚਾਰ ਰਖਣਾ ਹੈ।

'ਸਚੁ ਸਚੁ ਸਚੁ ਸਭੁ ਕੀਨਾ।'

ਫਿਰ ਜੀਵਾਂ ਵਿਚ ਵਿਥੇਵੇਂ ਨਹੀਂ ਪਾਉਣੇ। ਆਪਣੇ ਆਪ ਨੂੰ ਦੂਜੇ ਨਾਲੋਂ ਉੱਚਾ ਨਹੀਂ ਗਿਣਨਾ। ਸਭ ਨੂੰ ਹੀ ਚੰਗਾ ਕਰ ਜਾਣਨਾ ਹੈ। **'ਭਲਾ ਭਲਾ ਭਲਾ ਤੇਰਾ ਰੂਪ।'**

ਸਭ ਤੋਂ ਵੱਡਾ ਅਹੰਕਾਰ ਹੈ ਮੇਰੀ ਵਾਹਿਗੁਰੂ ਤਕ ਰਸਾਈ ਹੋ ਗਈ ਹੈ। ਮੈਂ ਉਸ ਦੀ ਆਵਾਜ਼ ਸੁਨਣ ਜੋਗਾ ਹੋ ਗਿਆ ਹਾਂ। ਇਸ ਦੇ ਉਲਟ ਇਹ ਜਾਨਣਾ ਹੈ ਕਿ ਉਸ ਦੀ ਬਾਣੀ ਤਾਂ ਹਰ ਹਿਰਦਾ ਹੀ ਸੁਣ ਰਿਹਾ ਹੈ, ਮੈਂ ਕੋਈ ਵੱਖਰਾ ਨਹੀਂ। **'ਘਟਿ ਘਟਿ ਸੁਨੀ ਸ੍ਰਵਨ ਬਖ੍ਹਾਣੀ।'**

ਸਭ ਕੁਝ ਜਾਣ ਬੁਝ ਵੀ ਸਮਿਚੇ ਰਹਿਣਾ ਹੈ। ਦਿਖਾਵਾ ਨਹੀਂ ਕਰੀ ਜਾਣਾ। ਨਸ਼ਰ ਨਹੀਂ ਕਰਦੇ ਫਿਰਨਾ। **'ਨਾਮੁ ਜਪੈ ਨਾਨਕ ਮਨਿ ਪ੍ਰੀਤਿ'**। ੮। ੧੨।

**ਸ਼ਬਦ ਭਾਵ :**

**ਸਤਿ ਸਤਿ**

**ਸਤਿ** : ਸਦਾ ਕਾਇਮ ਦਾਇਮ ਸਚਾਈ। (Verily, eternal and true)

**ਸਚੁ ਸਚੁ**

**ਸਚੁ** : ਪਰਤਖ, ਪਵਿਤ੍ਰ ਤੇ ਠੀਕ।

**ਵਖਿਆਨੀ** : ਪ੍ਰਗਟਾਈ। (Declared)
**ਚੀਨਾ** : ਜਾਣੀ ਸਮਝੀ। (Realized)
**ਭਲਾ ਭਲਾ**
**ਭਲਾ** : ਪਿਆਰਾ, ਲੁਭਾਉਣਾ ਤੇ ਮਾਸੂਮ। (Lovable, attractive and innocent)
**ਰੂਪ** : ਸ਼ਕਲ, ਸੂਰਤ।
**ਅਪਾਰ** : ਬੇਹਦ।
**ਅਨੂਪ** : ਬੇਮਿਸਾਲ। (Beyond compare)
**ਨਿਰਮਲ**
**ਨਿਰਮਲ**
**ਨਿਰਮਲ** : ਸਾਫ਼, ਸਪੱਸ਼ਟ ਤੇ ਮਲ-ਰਹਿਤ।
**ਘਟਿ ਘਟਿ** : ਹਰ ਸਰੀਰ ਤੇ ਹਿਰਦੇ।
**ਸ੍ਰਵਣ ਬਖ੍ਯਾਨੀ** : ਬੋਲ ਕੇ ਕੰਨਾ ਨੂੰ ਸੁਣਾਉਣਾ।
**ਮਨਿ ਪ੍ਰੀਤਿ** : ਮਨ ਵਿਚ ਹੀ ਪਿਆਰ ਨਾਲ। ਢੰਢੋਰਾ ਨਹੀਂ ਫੇਰੀ ਜਾਣਾ। ੮। ੧੨।

---

## ਤੇਰ੍ਹਵੀਂ ਅਸ਼ਟਪਦੀ

SIKHBOOKCLUB.COM

*ਤੇਰ੍ਹਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਹਉਂ ਦਾ ਇਕ ਹੋਰ ਰੂਪ ਤੇਰ੍ਹਵੀਂ ਅਸ਼ਟਪਦੀ ਵਿਚ ਦਸਦੇ ਹਨ ਕਿ ਹੰਕਾਰੀ ਨਿੰਦਿਆ ਵਿਚ ਜੀਂਦਾ ਹੈ। ਨਿੰਦਾ ਤਾਂ ਕਿਸੇ ਦੀ ਵੀ ਚੰਗੀ ਨਹੀਂ ਹੁੰਦੀ ਪਰ ਹੰਕਾਰੀ ਤਾਂ ਨਿੰਦਿਆ ਕਰਨ ਨੂੰ ਸੇਵਾ ਹੀ ਬਣਾ ਲੈਂਦਾ ਹੈ ਅਤੇ ਅਬਾ ਤਬਾ ਬੋਲੀ ਜਾਂਦਾ ਹੈ ਤੇ ਜਿਸ ਪੁੱਗੇ-ਪੁੱਜੇ ਪਾਰਸ ਦੇ ਪਾਸ ਬੈਠਿਆਂ, ਸੰਗ ਕੀਤਿਆਂ ਹਉਂ ਹਟਣੀ ਹੈ, ਉਸੇ ਦੀ ਨਿੰਦਿਆ ਕਰਨੀ ਅਰੰਭ ਕਰ ਦੇਂਦਾ ਹੈ। ਹੰਕਾਰੀ ਨਿੰਦਕ ਭੁੱਲ ਹੀ ਜਾਂਦਾ ਹੈ ਕਿ ਭਲੇ ਪੁਰਸ਼ਾਂ ਦੀ ਨਿੰਦਾ ਦਾ ਇਹ ਸਿੱਟਾ ਨਿਕਲ ਰਹਿਆ ਹੈ ਕਿ ਆਪਣੀ ਮੌਤ ਨੂੰ ਅਵਾਜ਼ਾਂ ਪਿਆ ਦੇਂਦਾ ਹੈ। **'ਆਰਜਾ ਘਟੈ'** । ਪਲ ਪਲ ਮਰਦਾ ਹੈ। **'ਜਮ ਤੇ ਨਹੀ ਛੂਟੈ'**। ਸੋਚ ਮਾੜੀ ਅਤੇ ਹਿਰਦਾ ਮੈਲਾ ਕਰ ਲੈਂਦਾ ਹੈ। ਸ਼ਕਲ ਹੀ ਵਿਗਾੜ ਲੈਂਦਾ ਹੈ। ਮੁੱਖ ਦਾ ਤੇਜ ਹੀ ਅਲੋਪ ਹੋ ਜਾਂਦਾ ਹੈ। ਹਰ ਵੇਲੇ ਤ੍ਰਿਸ਼ਨਾ ਵਿਚ ਪਏ ਕਾਰਨ 'ਲਉਂ-ਲਉਂ' ਹੀ ਕਰਦਾ ਰਹਿੰਦਾ ਹੈ।

ਵਤੀਰਾ ਵੀ ਘਟੀਆ ਹੋ ਜਾਂਦਾ ਹੈ। ਅਤਿ ਹੀ ਚੁੱਕੀ ਰਖਦਾ ਹੈ। ਰੋਗ ਗ੍ਰਸਤ ਹੀ ਰਹਿੰਦਾ ਹੈ। ਸਭ ਉਸ ਤੋਂ ਦੂਰ ਭੱਜਦੇ ਹਨ ਕਿਉਂਕਿ ਉਹ ਕਿਸੇ ਦਾ ਦੋਸਤ ਤਾਂ ਹੋ ਹੀ ਨਹੀਂ ਸਕਦਾ। ਆਪਣੇ ਹੀ ਹੰਕਾਰ ਵਿਚ ਸੜਦਾ ਰਹਿੰਦਾ ਹੈ। ਇਤਨੀ ਦੌੜ ਭੱਜ ਕਰਨ ਦੇ ਬਾਵਜੂਦ ਕੰਮ ਪੂਰਾ ਕਰਨਾ ਤਾਂ ਇਕ ਪਾਸੇ, ਅਰੰਭ ਹੀ ਨਹੀਂ ਹੁੰਦਾ। **'ਜੜ ਕਿਛੁ ਨਾਹਿ'**। ਅੰਦਰੋਂ ਖੋਖਲਾ ਹੁੰਦਾ ਹੈ। ਰਾਹੋਂ ਕੁਰਾਹੇ ਪਿਆ ਰਹਿੰਦਾ ਹੈ। **'ਉਝੜਿ ਪਾਈਐ'**। ਤੜਫਦਾ ਤਰਸਦਾ ਤੇ ਸਿਸਕੀਆਂ ਹੀ ਲੈਂਦਾ ਰਹਿੰਦਾ ਹੈ। ਇਕੱਲਾ

 www.sikhbookclub.com

ਹੀ ਰਹਿ ਜਾਂਦਾ ਹੈ। ਸ਼ਾਂਤੀ ਹੀ ਨਹੀਂ ਮਿਲਦੀ ਸੂ। ਸਵਾਲ ਉੱਠਦਾ ਹੈ ਐਸਾ ਕਿਉਂ ਹੋਇਆ ? ਇਸ ਬਾਰੇ ਵੀ ਕੋਈ ਕਹਿ ਨਹੀਂ ਸਕਦਾ ਕਿਉਂਕਿ ਨਿੰਦਕ ਦੀ ਕਿਰਤ ਵੀ ਧੁਰੋਂ ਹੀ ਮਿਲੀ ਹੈ ਜੋ ਵਾਹਿਗੁਰੂ ਦੀ ਆਪਣੀ ਖੇਡ ਦਾ ਹਿੱਸਾ ਹੈ ਜਿਸ ਵਿਚ ਸਾਡੇ ਜੀਵਾਂ ਦਾ ਕੋਈ ਦਖਲ ਨਹੀਂ। 'ਦੂਸਰ ਕਉਨ ਕਰੈ ਬੀਚਾਰੁ'। ਪਰ ਪੁੱਗੇ-ਪੁੱਜੇ ਤੱਤ ਪਾਏ ਪੁਰਸ਼ ਦੀ ਵਡਿਆਈ ਇਹ ਹੈ ਕਿ ਐਸੇ ਸੋਚ ਮਾੜੀ, ਮੰਦੇ ਸੁਭਾ, ਵਤੀਰੇ ਘਟੀਆ, ਸ਼ਕਲੋਂ ਵਿਗੜੇ, ਅੰਦਰੋਂ ਖੋਖਲੇ, ਤ੍ਰਿਸ਼ਨਾਲੂ, ਤੜਫਦੇ ਤੇ ਹਉਕਾ ਭਰਦੇ ਨੂੰ ਵੀ ਖਿਮਾ ਬਖਸ਼ ਕੇ, ਸਹੀ ਰਾਹੇ ਪਾ ਜੀਵਨ ਦਾ ਮਨੋਰਥ ਸਮਝਾ ਦੇਂਦਾ ਹੈ ਤੇ ਹਜ਼ੂਰੀ ਦਾ ਅਨੰਦ ਮਾਨਣ ਯੋਗ ਬਣਾ ਦੇਂਦਾ ਹੈ।

ਕੈਸਾ ਟਾਕਰਾ ਕੀਤਾ ਨੇ, ਵਿਸ਼ਾਲ ਹਿਰਦੇ ਵਾਲੇ ਸੰਤ ਤੇ ਥੁੜ-ਚਿਤੇ ਹੰਕਾਰੀ ਨਿੰਦਕ ਦਾ।

## ਸਲੋਕੁ ॥

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥ ੧ ॥

**ਵਿਸਥਾਰ**

ਜੋ ਵੀ ਸ਼ੱਖਸ ਪੁੱਜੇ-ਪੁੱਗੇ, ਪ੍ਰਭੂ-ਪਾਏ ਪੁਰਸ਼ਾਂ ਦੀ ਪਨਾਹ ਵਿਚ ਟੁਰ ਜਾਂਦਾ ਹੈ, ਸੰਗਤ ਨਹੀਂ ਛੱਡਦਾ, ਉਹ ਸੰਸਾਰੀ ਪਕੜਾਂ ਤੋਂ ਉੱਚਾ ਹੋਣ ਜੋਗਾ ਹੋ ਜਾਂਦਾ ਹੈ। ਪਰ ਜੋ ਇਹ ਗਲ ਨਹੀਂ ਸਮਝਦਾ, ਆਪਣੇ ਹੀ ਹੰਕਾਰ ਵਿਚ ਜਲਦਾ ਹੈ ਅਤੇ ਇਹ ਕਹਿੰਦਾ ਹੈ ਕਿ ਪੁੱਜੇ-ਪੁੱਗੇ ਪੁਰਖ ਵਿਚ ਸੰਸਾਰ ਤੋਂ ਉਤਾਂਹ ਦੇਖਣ ਦੀ ਦ੍ਰਿਸ਼ਟੀ ਪੈਦਾ ਕਰਨ ਦੀ ਸ਼ਕਤੀ ਨਹੀਂ ਤੇ ਉਹਨਾਂ ਦੀ ਬਦਖੋਈ ਕਰਨਾ ਸ਼ੇਵਾ ਬਣਾ ਲੈਂਦਾ ਹੈ ਤੇ ਸੰਗਤ ਨਹੀਂ ਕਰਦਾ, ਉਹ ਜਨਮ ਮਰਨ ਦੇ ਦੁੱਖ ਸਹਿੰਦਾ ਹੀ ਰਵ੍ਹੇਗਾ। ਉਸ ਨਿੰਦਕ ਦੀ ਭਟਕਨਾ ਨਹੀਂ ਮੁੱਕਣ ਲੱਗੀ। ੧।

**ਸ਼ਬਦ ਭਾਵ :**

- ਸੰਤ : ਪੁੱਜਾ ਹੋਇਆ ਪੁਰਸ਼। ਤੱਤ ਨੂੰ ਪਾ ਚੁੱਕਾ ਸ਼ਖਸ।
- ਸਰਨਿ : ਸਰਨ। ਪਨਾਹ। (Shelter)
- ਜਨੁ : ਵਿਅਕਤੀ। (Human being)
- ਉਧਰਨਹਾਰ : ਮਾਇਆ ਦੀ ਪਕੜ ਤੋਂ ਬਾਹਰ ਹੋਣ ਜੋਗਾ। (Qualities for liberation)
- ਨਿੰਦਾ : ਬਦਖੋਈ। (Slander)
- ਬਹੁਰਿ ਬਹੁਰਿ ਅਵਤਾਰ : ਮੁੜ ਮੁੜ ਜਨਮ ਲੈਣਾ, ਆਵਾਗਵਨ। (Multiple of births). ੧.

## ਪਹਿਲੀ ਪਉੜੀ

ਸੰਤ ਕੈ ਦੂਖਨਿ ਆਰਜਾ ਘਟੈ ॥
ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥

 www.sikhbookclub.com

ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥
ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥
ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥ ੧ ॥

**ਵਿਸਥਾਰ**

ਜਿਹੜਾ ਵੀ ਪੁੱਗੇ-ਪੁੱਜੇ ਪੁਰਸ਼ਾਂ ਦੀ ਬਦਖੋਈ ਕਰਨ ਦਾ ਆਪਣਾ ਸੁਭਾਅ ਬਣਾ ਲੈਂਦਾ ਹੈ, ਉਹ ਆਪਣੀ ਮੌਤ ਨੂੰ ਹੀ ਵਾਜਾਂ ਮਾਰਦਾ ਹੈ। ਆਪਣਾ ਅੰਤ ਨੇੜੇ ਲਿਆਂਦਾ ਹੈ। ਕੀਮਤੀ ਜ਼ਿੰਦਗੀ ਨੂੰ ਜ਼ਾਇਆ ਕਰਨ ਦਾ ਜ਼ਿੰਮੇਵਾਰ ਬਣਦਾ ਹੈ। ਪਲ ਪਲ ਮਰਦਾ ਰਹਿੰਦਾ ਹੈ ਅਤੇ ਹਰ ਸਮੇਂ ਹੀ ਮੌਤ ਦਾ ਦੁੱਖ ਸਹਿੰਦਾ ਹੈ।

ਜਿਹੜਾ ਭਲੇ ਪੁਰਸ਼ਾਂ ਦੀ ਬੁਰਾਈ ਵਿਚ ਹੀ ਲੱਗਾ ਰਹਿੰਦਾ ਹੈ ਉਸ ਦੀ ਜ਼ਿੰਦਗੀ ਵਿਚ ਸੁੱਖ ਵਾਲੀ ਕੋਈ ਸ਼ੈ ਰਹਿੰਦੀ ਹੀ ਨਹੀਂ ਅਤੇ ਨਰਕੀ ਜੀਵਨ ਭੋਗਦਾ ਰਹਿੰਦਾ ਹੈ। ਜਦ ਸੁੱਖ ਦਾ ਹੀ ਅਭਾਵ ਹੋ ਗਿਆ ਤਾਂ ਜੀਵਨ ਨਰਕ ਹੀ ਹੋ ਗਿਆ। ਜੋ ਭਲੇ ਪੁਰਸ਼ਾਂ ਤੇ ਦਿਨ ਰਾਤ ਤੁਹਮਤਾਂ ਹੀ ਲਗਾਂਦਾ ਰਹਿੰਦਾ ਹੈ, ਉਸ ਦੀ ਮੱਤ ਹੀ ਮਾਰੀ ਜਾਂਦੀ ਹੈ ਤੇ ਇਜ਼ਤ ਵਾਲੀ ਕੋਈ ਵਸਤੂ ਉਸ ਪਾਸ ਨਹੀਂ ਰਹਿੰਦੀ। ਸ਼ੋਭਾ ਤੋਂ ਵਿਰਵਾ ਹੋ ਜਾਂਦਾ ਹੈ।

ਵਾਹਿਗੁਰੂ ਦੇ ਪਿਆਰਿਆਂ ਵਲੋਂ ਫਿਟਕਾਰੇ ਨੂੰ ਕਿਧਰੇ ਵੀ ਢੋਈ ਨਹੀਂ, ਉਹ ਅਵੱਸ਼ ਡਿਗੇਗਾ ਕਿਉਂਕਿ ਭੰਡੀ ਕਰ ਕਰ ਕੇ ਉਸ ਨੇ ਹਿਰਦਾ ਤਾਂ ਗੰਦਾ ਕਰ ਹੀ ਲਿਆ ਹੁੰਦਾ ਹੈ ਪਰ ਉਸ ਨੂੰ ਕਿਧਰੇ ਪੈਰ ਰੱਖਣ ਲਈ ਵੀ ਥਾਂ ਨਹੀਂ ਮਿਲਦੀ। ਕੋਈ ਨੇੜੇ ਵੀ ਨਹੀਂ ਢੁੱਕਦਾ। ਪਰ ਜੇ ਵਿਸ਼ਾਲ ਹਿਰਦੇ ਦਾ ਮਾਲਕ ਸੰਤ ਜਿਸ ਤੇ ਨਿੰਦਾ ਦਾ ਕੋਈ ਅਸਰ ਨਹੀਂ ਹੁੰਦਾ ਜੇ ਕ੍ਰਿਪਾ ਦੇ ਘਰ ਆ ਕੇ ਉਸ ਤੇ ਕ੍ਰਿਪਾ ਦ੍ਰਿਸ਼ਟੀ ਪਾ ਦੇਵੇ ਤਾਂ ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਆਪਣੀ ਚੰਗੀ ਸੰਗਤ ਬਖ਼ਸ਼ ਕੇ ਨਿੰਦਿਆ ਦੀ ਵਾਦੀ ਛੁਡਾ, ਸਿਫਤ ਸਾਲਾਹ ਵਲ ਲਗਾ ਪਾਰ ਕਰ ਦੇਂਦਾ ਹੈ।੧।

**ਸ਼ਬਦ ਭਾਵ :**

ਦੂਖਨਿ : ਬਦਖੋਈ ਨਾਲ। (Talking evil)

ਆਰਜਾ ਘਟੈ : ਉਮਰ ਦਾ ਜ਼ਾਇਆ ਕਰਨਾ। ਅੰਤ ਨੇੜੇ ਲੈ ਆਉਣਾ। (Hasten own End)

ਜਮ ਤੇ ਨਹੀ ਛੁਟੈ : ਮੌਤ ਦਾ ਵੱਡਾ ਦੁੱਖ ਨਿਤ ਸਤਾਂਦਾ ਹੈ।

ਨਰਕ : ਦੁੱਖਾਂ ਵਿਚ ਸਦਾ ਪੈ ਜਾਣਾ। ਸੁੱਖਾਂ ਦਾ ਅਭਾਵ।


www.sikhbookclub.com

ਮਲੀਨ : ਮੰਦੀ। ਮੈਲੀ। (Foul)
ਹੀਨ : ਵਿਰਵਾ, ਸੱਖਣਾ। (Bereft)
ਹਤੇ : ਧਕੇਲੇ, ਪਰ੍ਹਾਂ ਕੀਤੇ। (Repelled)
ਥਾਨ : ਹਿਰਦਾ। ਥਾਂ। (Heart-spot)
ਭ੍ਰਸਟ : ਗੰਦੀਆਂ। ੧।

## ਦੂਜੀ ਪਉੜੀ

ਸੰਤ ਕੇ ਦੂਖਨਿ ਤੇ ਮੁਖੁ ਭਵੈ ॥
ਸੰਤ ਕੈ ਦੂਖਨਿ ਕਾਗ ਜਿਉ ਲਵੈ ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥
ਸੰਤ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥
ਸੰਤ ਕੈ ਦੂਖਨਿ ਸਭੁ ਕੋ ਛਲੈ ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥
ਸੰਤ ਕੈ ਦੂਖਨਿ ਨੀਚੁ ਨੀਚਾਇ ॥
ਸੰਤ ਦੋਖੀ ਕਾ ਥਾਉ ਕੋ ਨਾਹਿ ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥ ੨ ॥

SIKHBOOKCLUB.COM

**ਵਿਸਥਾਰ**

ਭਲੇ ਪੁਰਸ਼ਾਂ ਦੀ ਬੁਰਾਈ ਵਿਚ ਹੀ ਲੱਗੇ ਰਹਿਣ ਵਾਲੇ ਦਾ ਚਿਹਰਾ ਹੀ ਭੱਦਾ ਹੋ ਜਾਂਦਾ ਹੈ ਅਤੇ ਹਰ ਵੇਲੇ ਕਾਂ ਵਾਂਗ ਲਉਂ ਲਉਂ ਕਰਦਾ ਰਹਿੰਦਾ ਹੈ ਅਤੇ ਉਸ ਦਾ ਬੋਲਿਆ ਕਿਸੇ ਨੂੰ ਨਹੀਂ ਭਾਂਦਾ। ਹਰ ਵੇਲੇ ਗੰਦ ਫਰੋਲਣ ਵਾਲਾ ਵੀ ਕਦੇ ਕਿਸੇ ਨੂੰ ਕਦੇ ਚੰਗਾ ਲਗਦਾ ਹੈ ? ਹਰ ਵੇਲੇ ਸੰਤ ਲੋਕਾਂ ਦੀ ਨਿੰਦਾ ਕਰ, ਇਥੇ ਹਰ ਵੇਲੇ ਜ਼ਹਿਰ ਵਿਹਾਜਣ ਵਾਲਾ, ਅਵੱਸ਼ ਸਰਪ ਜੂਨ ਪਵੇਗਾ ਤੇ ਉਸ ਦੀ ਵਾਤ ਕਿਸੇ ਨਹੀਂ ਪੁੱਛਣੀ ਅਤੇ ਕੀਮਤੀ ਜੀਵਨ ਨੂੰ ਨਿੰਦਾ ਵਿਚ ਲਗਾਉਣ ਕਾਰਨ ਅਗੇ ਕੀੜੇ ਮਕੌੜੇ ਵਾਂਗ ਰੁਲਦਾ ਹੀ ਰਵ੍ਹੇਗਾ। ਪੁੱਜੇ-ਪੁੱਗੇ ਲੋਕਾਂ ਤੇ ਤੁਹਮਤਾਂ ਲਗਾਉਣ ਵਾਲਾ ਸਦਾ ਆਪਣੀ ਹੀ ਬਾਲੀ, ਤ੍ਰਿਸ਼ਨਾ ਦੀ ਅਗਨੀ ਵਿਚ ਸੜਦਾ ਰਵ੍ਹੇਗਾ ਅਤੇ ਤ੍ਰਿਸ਼ਨਾ ਦੇ ਮਾਰੇ ਕਾਰਨ ਅਤੇ ਨਿੰਦਾ ਕਰਨ ਦੀ ਆਦਤ ਪੈ ਜਾਣ ਕਰਕੇ ਹਰ ਇਕ ਨਾਲ ਧੋਖਾ ਕਰਨ ਦੀ ਵਾਦੀ ਬਣ ਜਾਏਗੀ। ਸੱਭ ਨਾਲ ਹੀ ਫ਼ਰੇਬ ਕਰੇਗਾ। ਹਰ ਵੇਲੇ ਭਲੇ ਪੁਰਸ਼ਾਂ ਦੀ ਨਿੰਦਾ ਕਰਨ ਕਾਰਨ ਉਹ ਆਪਣਾ ਨੂਰ ਵੀ ਗਵਾ ਲਵੇਗਾ ਅਤੇ ਇਸੇ ਨਿੰਦਾ ਕਰਨ ਦੇ ਸੁਭਾਅ ਕਾਰਨ ਭੈੜੇ ਤੋਂ ਭੈੜਾ ਗਰਦਾਨਿਆ ਜਾਏਗਾ। **'ਨੀਚ ਨੀਚਾਇ।'**

ਸੰਤਾਂ ਦੇ ਚੰਗੇ ਕਿਰਦਾਰ ਤੇ ਦੂਸ਼ਨ ਰੱਖਣ ਵਾਲੇ ਨੂੰ ਕਿਧਰੇ ਵੀ ਢੋਈ ਨਹੀਂ ਮਿਲੇਗੀ। ਪਰ ਦੇਖੋ ਸੰਤ ਦੇ ਹਿਰਦੇ ਦੀ ਵਿਸ਼ਾਲਤਾ ਕਿ ਜੇ ਸੰਤ ਚਾਹੇ ਤਾਂ ਐਸੇ 'ਬਿਗੜ ਰੂਪ', ਤ੍ਰਿਸ਼ਨਾ ਵਿਚ ਸਦਾ ਜਲਦੇ ਰਹਿਣ ਵਾਲੇ, **'ਸਭੁ ਕੋ ਛਲੈ'** ਵਾਲੇ ਨੂੰ ਵੀ ਆਪਣੀ ਉੱਚਤਾ ਦਾ ਸੰਗ ਬਖ਼ਸ਼ ਆਤਮਿਕ ਉਚਾਈਆਂ ਤੇ ਲੈ ਜਾਏ। ੨।


www.sikhbookclub.com

**ਸ਼ਬਦ ਭਾਵ :**

ਦੂਖਨਿ : ਤੁਹਮਤਾਂ । ਔਗੁਣ ਫੋਲਣਾ । (Rancour)
ਮੁਖੁ ਭਵੈ : ਭੈੜਾ ਚਿਹਰਾ । ਨ ਤਕਣ ਜੋਗ ਸ਼ਕਲ । (Wry-face)
ਕਾਗ ਜਿਉ
ਲਵੈ : ਕਾਂ ਵਾਂਗ ਬੇਵਜ੍ਹਾ ਬੋਲਦੇ ਰਹਿਣਾ । ਲਉਂ ਲਉਂ ਕਰਨਾ ।
ਤ੍ਰਿਗਦ : ਚੌਪਾਏ । ਪਸ਼ੂ ਪੰਛੀ । (Quadruped)
ਕਿਰਮਾਇ : ਕੀੜੇ ਮਕੌੜੇ । ਰੀਂਗਣ ਵਾਲੇ ਜੀਵ । (Crawling worms)
ਸਭੁ ਕੋ ਛਲੈ : ਹਰ ਇਕ ਨਾਲ ਧੋਖਾ ਕਰਨ ਵਾਲਾ । (On all plays fraud)
ਤੇਜੁ : ਨੂਰ । ਚਮਕ । ਰੋਸ਼ਨੀ । (Glory)
ਗਤਿ : ਬਚਾ ਕੱਢ ਲੈ ਜਾਣਾ । ਆਤਮਿਕ ਉਡਾਰੀ । (Ethereal flight). ੨.

## ਤੀਜੀ ਪਉੜੀ

ਸੰਤ ਕਾ ਨਿੰਦਕੁ ਮਹਾ ਅਤਤਾਈ ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥
ਸੰਤ ਕਾ ਨਿੰਦਕੁ ਮਹਾ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥
ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ
ਸੰਤ ਕੇ ਨਿੰਦਕ ਕਉ ਸਰਬ ਰੋਗ ॥
ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥
ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥ ੩ ॥

**ਵਿਸਥਾਰ**

ਪੁੱਜੇ-ਪੁੱਗੇ ਪੁਰਸ਼ਾਂ ਦੀ ਬਦਖੋਈ ਵਿਚ ਲੱਗਾ ਅਤਿ ਹੀ ਚੁੱਕੀ ਰੱਖਦਾ ਹੈ ਅਤੇ ਅੱਖ ਦੇ ਫੋਰ ਜਿਤਨਾ ਵੀ ਉਸ ਦਾ ਹਿਰਦਾ ਸ਼ਾਂਤ ਨਹੀਂ ਹੁੰਦਾ । ਨਿੰਦਾ ਕਾਰਨ ਅੰਦਰ ਕਲ-ਵਲ ਹੁੰਦੀ ਰਹਿੰਦੀ ਹੈ । ਸੰਤਾਂ ਦੀ ਨਿੰਦਾ ਕਰਨ ਕਾਰਨ ਨਿਰਦਈ ਹੋ ਜਾਂਦਾ ਹੈ ਅਤੇ ਉਸ ਕੋਲੋਂ ਕਿਸੇ ਦੀ ਹੱਤਿਆ ਕਰਵਾ ਲਵੋ । ਐਸੇ ਭਲੇ ਪੁਰਸ਼ਾਂ ਦੀ ਨਿੰਦਾ ਕਰਨ ਵਾਲੇ ਤੇ ਵਾਹਿਗੁਰੂ ਦੀ ਕਰੋਪੀ ਹੀ ਛਾਈ ਰਹਿੰਦੀ ਹੈ । ਭਲੇ ਪੁਰਸ਼ਾਂ ਦੀ ਨਿੰਦਾ ਕਾਰਨ ਉਸ ਦਾ ਕੋਈ ਰੁਤਬਾ ਰਹਿੰਦਾ ਹੀ ਨਹੀਂ । 'ਰਾਜ ਤੇ ਹੀਨੁ' । ਦੁੱਖਾਂ ਵਿਚ ਪਿਆ ਰਹਿੰਦਾ ਹੈ ਅਤੇ ਹਰ ਪਾਸਿਓਂ ਕੰਗਾਲ ਹੋ ਜਾਂਦਾ ਹੈ । ਨਿੰਦਾ ਕਰਨ ਕਾਰਨ ਉਸ ਨੂੰ ਸਭ ਸਰੀਰਕ, ਮਾਨਸਿਕ ਤੇ ਆਤਮਕ ਰੋਗ ਚੰਬੜ ਜਾਂਦੇ ਹਨ ਤੇ ਹਰ ਵੇਲੇ ਟੁੱਟਾ-ਟੁੱਟਾ ਰਹਿੰਦਾ ਹੈ । ਹਰ ਵੇਲੇ ਕਾਹਲ ਪਈ ਰਹਿੰਦੀ ਸੂ । ਉਸ ਦਾ ਕੋਈ ਵੀ ਸਾਥੀ ਨਹੀਂ ਰਹਿੰਦਾ । 'ਸਦਾ ਬਿਜੋਗ' । ਸੰਤ ਪੁਰਸ਼ਾਂ ਦੀ ਨਿੰਦਾ ਕਰਨੀ ਪਾਪਾਂ ਵਿਚ ਸਭ ਤੋਂ ਵੱਡਾ ਪਾਪ, ਘੋਰ ਪਾਪ ਹੈ ਪਰ ਵੱਡੇ ਹਿਰਦੇ ਵਾਲਾ ਸੰਤ ਜੇ ਕਿਰਪਾ ਕਰ ਦੇਵੇ ਤਾਂ ਨਿੰਦਕ ਨੂੰ ਵੀ ਹਿਰਦੇ ਦੀ ਸ਼ਾਂਤੀ,


www.sikhbookclub.com

ਦਇਆ-ਭਾਵ, ਵਾਹਿਗੁਰੂ ਦੀ ਮਿਹਰ ਅਤੇ ਉੱਚਾ ਮਰਾਤਬਾ ਫਿਰ ਦਿਲਵਾ ਸਕਦਾ ਹੈ । ੩ ।

*ਸ਼ਬਦ ਭਾਵ :*

**ਅਤਤਾਈ** : ਅਤਿ+ਤਾਈ । ਜੋ ਅੱਤ ਚੁੱਕ ਕੇ ਦੂਜਿਆਂ ਨੂੰ ਸਾੜਦਾ ਹੈ । (Over-reaches)

**ਟਿਕਨੁ** : ਸ਼ਾਂਤੀ, ਟਿਕਾਉ ।

**ਰਾਜ** : ਸੱਤਾ । ਰੁਤਬਾ । ਤਾਕਤ ।

**ਦੀਨੁ** : ਕੰਗਾਲ ।

**ਬਿਜੋਗ** : ਟੁੱਟਿਆ । ਜਿਸ ਦਾ ਕੋਈ ਸਾਥੀ ਨਾ ਰਹੇ । (Alienated)

**ਦੋਖ ਮਹਿ ਦੋਖੁ** : ਪਾਪਾਂ ਵਿਚੋਂ ਵੱਡਾ ਪਾਪ । ਘੋਰ ਪਾਪ । (Greatest Sin)

**ਮੋਖੁ** : ਛੁਟਕਾਰਾ ਉਹਨਾਂ ਸਭਨਾਂ ਗੱਲਾਂ ਤੋਂ ਜੋ ਜੀਵਨ ਨਰਕੀ ਬਣਾ ਦੇਂਦੀਆਂ ਹਨ। ਇਥੇ ਉਸ ਛੁਟਕਾਰੇ ਦਾ ਜ਼ਿਕਰ ਹੈ ਜਿਹਨਾਂ ਵਿਚ ਨਿੰਦਿਆ ਕਾਰਨ ਨਿੰਦਕ ਫਸਿਆ ਹੈ । ੩ ।

## ਚੌਥੀ ਪਉੜੀ

**ਸੰਤ ਕਾ ਦੋਖੀ ਸਦਾ ਅਪਵਿਤੁ ॥**
**ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥**
**ਸੰਤ ਕੇ ਦੋਖੀ ਕਉ ਡਾਨੁ ਲਾਗੈ ॥**
**ਸੰਤ ਕੇ ਦੋਖੀ ਕਉ ਸਭ ਤਿਆਗੈ ॥**
**ਸੰਤ ਕਾ ਦੋਖੀ ਮਹਾ ਅਹੰਕਾਰੀ ॥**
**ਸੰਤ ਕਾ ਦੋਖੀ ਸਦਾ ਬਿਕਾਰੀ ॥**
**ਸੰਤ ਕਾ ਦੋਖੀ ਜਨਮੈ ਮਰੈ ॥**
**ਸੰਤ ਕੀ ਦੂਖਨਾ ਸੁਖ ਤੇ ਟਰੈ ॥**
**ਸੰਤ ਕੇ ਦੋਖੀ ਕਉ ਨਾਹੀ ਠਾਉ ॥**
**ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥ ੪ ॥**

### ਵਿਸਥਾਰ

ਪੁੱਗੇ ਪੁਰਸ਼ਾਂ ਦੀ ਬਦਖੋਈ ਕਰਨ ਵਾਲੇ ਦਾ ਮਨ ਇਤਨਾ ਮੈਲਾ ਹੋ ਜਾਂਦਾ ਹੈ ਕਿ ਮੰਦਾ ਹੀ ਸੋਚਦਾ ਰਹਿੰਦਾ ਹੈ ਅਤੇ ਇਸ ਮੰਦੀ ਚਿਤਵਨੀ ਨਾਲ ਉਹ ਕਿਸੇ ਦਾ ਦੋਸਤ ਵੀ ਬਣ ਕੇ ਨਹੀਂ ਰਹਿ ਸਕਦਾ। ਸੰਤਾਂ ਦੀ ਨਿੰਦਾ ਵਿਚ ਜੁਟੇ ਹੋਇਆਂ ਨੂੰ ਮੁਜਰਮਾਂ ਵਾਂਗ ਖੜ੍ਹੇ ਕਰ ਸਜ਼ਾ ਦਿੱਤੀ ਜਾਏਗੀ ਅਤੇ ਉਸ ਦਾ ਕੋਈ ਸਾਥੀ ਹਾਮੀ ਭਰਨ ਵਾਲਾ ਵੀ ਨਹੀਂ ਰਵ੍ਹੇਗਾ। ਪਹਿਲਾਂ ਖ਼ੁਦਗਰਜ਼ ਹੋਣ ਕਾਰਨ ਉਹ ਕਿਸੇ ਦਾ ਮਿਤ੍ਰ ਨਾ ਬਣ ਸਕਿਆ ਅਤੇ ਹੁਣ ਉਸ ਦਾ ਕੋਈ ਸਾਥੀ ਨਹੀਂ ਰਵ੍ਹੇਗਾ। ਜੋ ਭਲੇ ਪੁਰਸ਼ਾਂ ਦੀ ਨਿੰਦਾ ਵਿਚ ਪੈਂਦਾ ਹੈ, ਉਹ ਅਸਲ ਵਿਚ ਆਪਣੇ ਹੀ ਹੰਕਾਰ ਵਿਚ ਭਰਿਆ ਹੁੰਦਾ ਹੈ ਅਤੇ ਇਸ ਨਿੰਦਾ ਦੇ ਸੁਭਾਅ ਕਾਰਨ ਉਸ ਨੂੰ ਵਿਕਾਰਾਂ ਤੋਂ ਸਿਵਾ ਹੋਰ ਕੁਝ ਨਹੀਂ ਸੁਝਦਾ।


www.sikhbookclub.com

ਸੰਤਾਂ ਦੀ ਨਿੰਦਾ ਕਰਨ ਵਾਲਾ ਜ਼ਿੰਦਗੀ ਵਿਚ ਕੋਈ ਸ਼ੁੱਭ ਕਰਮ ਕਰਦਾ ਹੀ ਨਹੀਂ। ਸਿਰਫ਼ ਜੰਮਦਾ ਤੇ ਮਰਦਾ ਹੀ ਹੈ। ਐਸੀ ਸਦੀਵੀ ਭਟਕਨਾ ਵਿਚ ਪੈਂਦਾ ਹੈ ਨਿੰਦਕ ਕਿ ਸੁੱਖਾਂ ਤੋਂ ਵਾਂਝਿਆਂ ਹੋ ਜਾਂਦਾ ਹੈ। ਸੁੱਖ ਉਸ ਦੇ ਨੇੜਿਓਂ ਨਹੀਂ ਲੰਘਦੇ। ਵੇਖੋ ਕੀ ਕੁਝ ਉਸ ਪਾਸੋਂ ਨਿੰਦਾ ਕਾਰਨ ਖੁਸਦਾ ਗਿਆ। ਪਹਿਲਾਂ ਮਿਤ੍ਰ ਗਏ, ਫਿਰ ਸ਼ੁੱਭ ਗੁਣ ਗਏ ਤੇ ਹੁਣ ਸੁੱਖ ਖੁਸ ਗਏ ਅਤੇ ਟਿਕਾਅ (ਠਾਉ) ਵੀ ਗਵਾ ਲਿਆ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਪਰ ਸੰਤ ਦਾ ਹਿਰਦਾ ਕਿਤਨਾ ਵਿਸ਼ਾਲ ਹੈ ਕਿ ਮਿਹਰ ਦੇ ਘਰ ਆ ਕੇ ਉਸ ਨੂੰ ਸੰਗਤ ਬਖ਼ਸ਼ਦਾ ਹੈ ਤੇ ਆਪਣੇ ਜਿਹਾ ਬਣਾ ਕੇ ਪ੍ਰਭੂ ਦਾ ਦੀਦਾਰ ਕਰਨ ਦਾ ਵੱਲ ਸਿਖਲਾ ਦੇਂਦਾ ਹੈ। ੪।

**ਸ਼ਬਦ ਭਾਵ :**

**ਅਪਵਿਤੁ** : ਮੈਲਾ। ਨਾਪਾਕ। (Impure)

**ਡਾਨੁ** : ਸਜ਼ਾ।

**ਬਿਕਾਰੀ** : ਵਿਕਾਰਾਂ ਵਿਚ ਪਏ ਰਹਿਣ ਵਾਲਾ।

**ਜਨਮੈ ਮਰੈ** : ਜੰਮਦਾ ਤੇ ਮਰਦਾ ਹੈ। ਸਿਵਾਇ ਜਨਮ ਤੇ ਮਰਨ ਤੋਂ ਹੋਰ ਕੋਈ ਜੀਵਨ ਲਕਸ਼ ਨਹੀਂ ਰਹਿੰਦਾ।

**ਟਰੈ** : ਦੂਰ ਹੋ ਜਾਂਦੇ ਹਨ। ਵਾਂਝਿਆਂ ਹੋ ਜਾਂਦਾ ਹੈ। (Deprived)

**ਠਾਉ** : ਥਾਂ। ਪਨਾਹ। ਟਿਕਾਉ। (Balance). ੪.

SIKHBOOKCLUB.COM

## ਪੰਜਵੀਂ ਪਉੜੀ

**ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥**
**ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥**
**ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥**
**ਸੰਤ ਕਾ ਦੋਖੀ ਉਝੜਿ ਪਾਈਐ ॥**
**ਸੰਤ ਕਾ ਦੋਖੀ ਅੰਤਰ ਤੇ ਥੋਥਾ ॥**
**ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥**
**ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥**
**ਆਪਨ ਬੀਜਿ ਆਪੇ ਹੀ ਖਾਹਿ ॥**
**ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥**
**ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥ ੫ ॥**

**ਵਿਸਥਾਰ**

ਪੂੱਜੇ-ਪੁੱਗੇ ਪੁਰਸ਼ਾਂ ਦੀ ਨਿੰਦਾ ਨੂੰ ਵਾਦੀ ਬਨਾਉਣ ਵਾਲੇ ਨੂੰ ਅਧ-ਵਾਟਿਓਂ ਹੀ ਮਾਯੂਸੀ ਘੇਰ ਲੈਂਦੀ ਹੈ ਤੇ ਉਸ ਦੇ ਕੀਤੇ ਉੱਦਮ ਨੂੰ ਕਦੇ ਸਫਲਤਾ ਦਾ ਫਲ ਨਹੀਂ ਲਗਦਾ। ਭੰਬਲ ਭੂਸਿਆਂ ਵਿਚ ਪਿਆ ਰਹਿੰਦਾ ਹੈ।

ਸੰਤ ਪੁਰਸ਼ਾਂ ਦੀ ਨਿੰਦਾ ਕਰਨ ਵਾਲਾ ਭਲਿਆਂ ਵਾਂਗ ਬਗ਼ੈਰ ਕਿਸੇ ਮਕਸਦ ਤੋਂ

 www.sikhbookclub.com

ਘੁੰਮਦਾ ਰਹਿੰਦਾ ਹੈ ਜਿਵੇਂ ਜੰਗਲ ਵਿਚ ਘਿਰੇ ਦਾ ਹਾਲ ਹੁੰਦਾ ਹੈ ਅਤੇ ਇਸ ਤਰ੍ਹਾਂ ਕੁਰਾਹੇ ਪੈ ਜਾਣ ਕਾਰਨ ਕਦੇ ਸਹੀ ਰਾਹ ਨੂੰ ਨਹੀਂ ਪਾ ਸਕਦਾ। ਭਲੇ ਪੁਰਸ਼ਾਂ ਤੇ ਤੁਹਮਤਾਂ ਰੱਖਣ ਵਾਲੇ ਦਾ ਅੰਦਰ ਖੋਖਲਾ ਹੁੰਦਾ ਹੈ। ਜੀਵਨ ਦਾ ਆਧਾਰ, ਸਿਫ਼ਤ ਸਲਾਹ ਨਾ ਪਾਉਣ ਕਾਰਨ ਉਸ ਦੀ ਦਸ਼ਾ ਐਸੀ ਹੋ ਜਾਂਦੀ ਹੈ ਜਿਵੇਂ ਸੁਆਸਾਂ ਤੋਂ ਬਗੈਰ ਲਾਸ਼ ਹੁੰਦੀ ਹੈ। ਬਦਬੂ ਹੀ ਆਂਦੀ ਰਹਿੰਦੀ ਹੈ। ਉਸ ਪਾਸੋਂ ਉਸ ਦੀ ਕਹੀ ਆਖੀ ਕਿਸੇ ਨੂੰ ਵੀ ਚੰਗੀ ਨਹੀਂ ਲਗਦੀ। ਪਰਉਪਕਾਰੀ ਜੀਵਾਂ ਦੀ ਨਿੰਦਾ ਵਿਚ ਪਏ ਰਹਿਣ ਵਾਲੇ ਬੰਦੇ ਦਾ ਚੰਗਿਆਈਆਂ ਦੇ ਸੋਮੇ ਨਾਲੋਂ ਸੰਬੰਧ ਟੁੱਟ ਜਾਂਦਾ ਹੈ। **'ਜੜ ਕਿਛੁ ਨਾਹਿ'** ਅਤੇ ਉੱਚੇ ਆਚਰਨ ਦਾ ਧਾਰਨੀ ਨਾ ਹੋਣ ਕਾਰਨ ਖ਼ੁਦਗਰਜ਼ੀ ਵਾਲਾ ਜੀਵਨ ਹੋ ਜਾਂਦਾ ਹੈ। ਭਲਿਆਈ ਦੇ ਕੰਮਾਂ ਦੇ ਨੇੜੇ ਨਹੀਂ ਆਉਂਦਾ। ਉਸ ਦੀ ਕਮਾਈ ਦਾ ਕਿਸੇ ਦੂਜੇ ਨੂੰ ਲਾਭ ਨਹੀਂ ਹੁੰਦਾ। ਉਹ ਆਪਣਾ ਬੀਜਿਆ ਆਪ ਹੀ ਖਾ ਜਾਂਦਾ ਹੈ, ਕਿਸੇ ਦੂਜੇ ਦੇ ਕੰਮ ਨਹੀਂ ਆਉਂਦਾ। **'ਆਪਨ ਬੀਜਿ ਆਪੇ ਹੀ ਖਾਹਿ'**। ਸੰਤਾਂ ਦੀ ਨਿੰਦਿਆ ਵਿਚ ਪਏ ਰਹਿਣ ਵਾਲੇ ਨੂੰ ਕੋਈ ਵੀ ਨਹੀਂ ਬਚਾ ਸਕਦਾ ਕਿਉਂਕਿ ਉਸ ਦੀ ਨਾ ਕੋਈ ਟੇਕ ਹੁੰਦੀ ਹੈ ਨਾ ਪਰਉਪਕਾਰੀ ਜੀਵਨ, ਮੁਰਦਿਆਂ ਵਾਂਗ ਜੀਵਿਆ ਹੁੰਦਾ ਹੈ, ਜਿਸ ਦੇ ਨੇੜੇ ਕੋਈ ਢੁਕਦਾ ਤਕ ਨਹੀਂ। ਪਰ ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸੰਤ ਮਿਹਰ ਦੇ ਘਰ ਆ ਜਾਣ ਤਾਂ ਉਸ ਨੂੰ ਵੀ ਇਸ ਜ਼ਿੱਲਤ ਭਰੀ ਜ਼ਿੰਦਗੀ ਵਿਚੋਂ ਕੱਢ ਆਤਮਿਕ ਉਚਿਆਈਆਂ ਤੇ ਲੈ ਜਾਂਦੇ ਹਨ।੫।

SIKHBOOKCLUB.COM

**ਸ਼ਬਦ ਭਾਵ :**

**ਅਧ ਬੀਚ** : ਅਧਵਾਟਿਓਂ। ਵਿਚਕਾਰੋਂ। (Mid-way)
**ਕਾਜਿ ਨ ਪਹੂਚੈ** : ਕਾਮਯਾਬੀ ਨਸੀਬ ਨਹੀਂ ਹੁੰਦੀ। (Efforts without success)
**ਉਦਿਆਨ** : ਜੰਗਲੀ। (Wild places)
**ਉਝੜਿ** : ਕੁਰਾਹੇ।
**ਲੋਥਾ** : ਲਾਸ਼। (Corpse)
**ਥੋਥਾ** : ਖੋਖਲਾ। (Listessness)
**ਜੜ ਕਿਛੁ ਨਾਹਿ** : ਮੂਲ ਨਾਲ ਰਿਸ਼ਤਾ ਨਹੀਂ ਰਹਿੰਦਾ। (No Linkage)
**ਆਪਨ ਬੀਜਿ ਆਪੇ ਹੀ ਖਾਹਿ** : ਉਸ ਦੀ ਕਮਾਈ ਦਾ ਹੋਰ ਕੋਈ ਲਾਭ ਨਹੀਂ ਉਠਾ ਸਕਦਾ। ਖ਼ੁਦਗਰਜ਼ੀ ਵਾਲਾ ਜੀਵਨ ਹੀ ਜੀਂਦਾ ਹੈ।
**ਅਵਰ** : ਹੋਰ ਕੋਈ।
**ਉਬਾਰਿ** : ਉੱਚਾ ਕਰਨਾ। ਡੁੱਬਦੇ ਨੂੰ ਬਚਾ ਲੈਣਾ।੫।

## ਛੇਵੀਂ ਪਉੜੀ

ਸੰਤ ਕਾ ਦੋਖੀ ਇਉ ਬਿਲਲਾਇ ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥

 www.sikhbookclub.com

ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥
ਸੰਤ ਕਾ ਦੋਖੀ ਛੁਟੈ ਇਕੇਲਾ ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥
ਸੰਤ ਕਾ ਦੋਖੀ ਧਰਮ ਤੇ ਰਹਤ ॥
ਸੰਤ ਕਾ ਦੋਖੀ ਸਦ ਮਿਥਿਆ ਕਹਤ ॥
ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥
ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥ ੬ ॥

**ਵਿਸਥਾਰ**

ਪੁੱਗੇ ਪੁਰਸ਼ਾਂ ਦੀ ਨਿੰਦਾ ਵਿਚ ਲੱਗੇ ਰਹਿਣ ਵਾਲੇ ਦੀ ਕਿਸੇ ਕਹੀ ਗੱਲ ਵਿਚ ਤੱਤ ਤਾਂ ਹੁੰਦਾ ਹੀ ਨਹੀਂ। ਸਿਰਫ਼ ਭੈੜੀ ਵਾਦੀ ਪੈ ਜਾਣ ਕਾਰਨ ਉਹ ਕੁਰਲਾ ਰਹਿਆ ਹੁੰਦਾ ਹੈ। ਇਸ ਤਰ੍ਹਾਂ ਜਿਵੇਂ ਮੱਛੀ ਜਦ ਜੀਵਨ ਦਾਤੇ ਜਲ ਨਾਲੋਂ ਵਿਛੜ ਜਾਂਦੀ ਹੈ ਤਾਂ ਤੜਫਦੀ ਹੈ। ਜੀਵਨ ਤਾਂ ਸਿਫਤ ਸਲਾਹ ਵਿਚ ਹੈ। ਉਹ ਨਿੰਦਕ ਇਹ ਜੀਵਨ ਦਾਤੀ ਸਿਫਤ ਸਲਾਹ ਤਾਂ ਛੱਡ ਬੈਠਦਾ ਹੈ, ਇਹ ਹਸ਼ਰ ਤਾਂ ਹੋਣਾ ਸੂ। ਸੰਤ ਪੁਰਸ਼ਾਂ ਦੀ ਨਿੰਦਿਆ ਵਿਚ ਰੁੱਝੇ ਰਹਿਣ ਵਾਲਾ ਤ੍ਰਿਸ਼ਨਾ ਦੀ ਅੱਗ ਵਿਚ ਹੀ ਜਲਦਾ ਰਹਿੰਦਾ ਹੈ। ਉਹ ਕਦੇ ਰਜਦਾ ਨਹੀਂ। ਇਹ ਤਾਂ ਕਦੇ ਹੋਇਆ ਨਹੀਂ ਕਿ ਬਾਲਣ ਪਾ ਕੇ ਅੱਗ ਬੁਝਾ ਲਈਏ। ਉਹ ਤਾਂ ਹੋਰ ਭੜਕੇਗੀ। ਨਿੰਦਾ ਤਾਂ ਹੋਰ ਤ੍ਰਿਸ਼ਨਾ ਵਧਾਉਂਦੀ ਹੈ। ਭਲੇ ਪੁਰਸ਼ਾਂ ਦੀ ਨਿੰਦਿਆ ਕਰਨ ਵਾਲੇ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਅੰਦਰੋਂ ਖ਼ਾਲੀ ਹੈ। ਸਭਨਾਂ ਵਲੋਂ ਸਭ ਵਲੋਂ ਤਿਆਗਿਆ ਹੋਇਆ ਹੈ। **'ਛੁਟੈ ਇਕੇਲਾ'**। ਅਤੇ ਇਸ ਕਾਰਨ ਅੰਦਰਲਾ ਸੜ ਜਾਂਦਾ ਸੂ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਤਿਲਾਂ ਦੇ ਬੂਟੇ ਦਾ ਅੰਦਰਲਾ ਸੜ ਜਾਂਦਾ ਹੈ ਤਾਂ ਖੇਤ ਦਾ ਮਾਲਕ ਹੱਥ ਤਕ ਨਹੀਂ ਲਗਾਂਦਾ ਤੇ ਸੜੇ ਤਿਲਾਂ ਨੂੰ ਉਥੇ ਹੀ ਛੱਡ ਕੇ ਬਾਕੀ ਨਾਲ ਲੈ ਜਾਂਦਾ ਹੈ ਮਤਾਂ ਸੜੇ ਹੋਏ ਤਿਲ (ਬੂਆੜੁ ਤਿਲੁ) ਬਾਕੀਆਂ ਨੂੰ ਵੀ ਬਰਬਾਦ ਨਾ ਕਰ ਦੇਣ। ਸੰਤਾਂ ਦੀ ਨਿੰਦਿਆ ਵਿਚ ਪਏ ਰਹਿਣ ਵਾਲਾ ਧਰਮ ਮਰਯਾਦਾ ਤੇ ਸਚਾਈ ਤੋਂ ਵਿਰਵਾ ਹੁੰਦਾ ਹੈ। ਸੋ ਸਦਾ ਹੀ ਗ਼ਲਤ ਕਰਦਾ ਹੈ ਤੇ ਝੂਠ ਹੀ ਬੋਲਦਾ ਰਹਿੰਦਾ ਹੈ।

ਸਿਫ਼ਤ ਸਲਾਹ ਦੀ ਦਾਤ ਨਾ ਮਿਲਣ ਕਾਰਨ ਉਸ ਨੇ ਨਿੰਦਿਆ ਦਾ ਸੁਭਾਅ ਮੁਢ ਤੋਂ ਹੀ ਫੜ ਲਿਆ ਹੈ। ਨਿੰਦਾ ਉਸ ਨੂੰ ਕਿਸਮਤ ਵਿਚ ਹੀ ਮਿਲੀ ਹੁੰਦੀ ਹੈ। ਗੁਰੂ ਅਰਜਨ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਵਿਚਾਰੇ ਦੇ ਕੀ ਵਸ ! ਜੋ ਉਸ ਦੇ ਭਾਗਾਂ ਵਿਚ ਸੀ ਉਹ ਬਣ ਗਿਆ। ਤੁਸੀਂ ਹੀ ਮਿਹਰ ਕਰੋ ਤਾਂ ਇਹ ਸੁਭਾਅ ਉਲਟਾਓ। ਇਹ ਇਕ ਤਾਂ ਇਸ ਲਈ ਕਹਿ ਰਹੇ ਹਨ ਕਿ ਵਾਹਿਗੁਰੂ ਹੀ ਮਿਹਰ ਕਰੇ ਤਾਂ ਨਿੰਦਕ ਨਿੰਦਿਆ ਤੋਂ ਹਟਦਾ ਹੈ। 'ਨਿੰਦਕ ਗੁਰ ਕ੍ਰਿਪਾ ਤੇ ਹਾਟਿਓ।' ਕਿਸੇ ਦੀ ਪ੍ਰੇਰਨਾ ਨਾਲ ਇਸ ਵਾਦੀ ਤੋਂ ਨਹੀਂ ਹਟਦਾ। ਦੂਜੇ, ਕੋਈ ਉੱਚਾ ਆਤਮਕ ਅਵਸਥਾ ਪਾਇਆ ਪੁਰਸ਼ ਮਤੇ ਨਿੰਦਕ ਨਾਲ ਨਫ਼ਰਤ ਹੀ ਨਾ ਕਰਨੀ ਅਰੰਭ ਕਰ ਦੇਵੇ। ਉਸ ਨੂੰ ਇਹ ਖਿਆਲ ਰਵ੍ਹੇ ਕਿ ਜੋ ਉਸ ਨੇ ਮਿਹਰ ਕਰ ਕੇ ਉਸ ਨੂੰ ਇਤਨੀ

ਆਤਮਕ ਉੱਚੀ ਅਵਸਥਾ ਦਿੱਤੀ ਹੈ ਤਾਂ ਉਸੇ ਪ੍ਰਭੂ ਨੇ ਹੀ ਦੂਜੇ ਨੂੰ ਨਿੰਦਾ ਵੱਲ ਪਾਇਆ ਹੈ। ਹੰਕਾਰ ਦਾ ਦਾਅ ਨਾ ਖਾਵੇ। ੬।

ਸ਼ਬਦ ਭਾਵ :

ਬਿਲਲਾਇ : ਕੁਰਲਾਂਦਾ ਹੈ। ਕੀਰਨੇ ਪਾਉਂਦਾ ਹੈ। (Wails)
ਰਾਜੈ : ਰਜਦਾ ਨਹੀਂ।
ਪਾਵਕੁ : ਅੱਗ।
ਈਧਨਿ : ਬਾਲਣ।
ਧ੍ਰਾਪੈ : ਸ਼ਾਂਤ ਹੋਣਾ। ਬੁੱਝਣਾ। (Assuaged)
ਛੂਟੈ ਇਕੇਲਾ : ਆਪਣੇ ਆਪ ਨੂੰ ਤਿਆਗਿਆ ਹੋਇਆ ਮਹਿਸੂਸ ਕਰਨਾ। ਕੋਈ ਸੰਗੀ ਸਾਥੀ ਨ ਦਿੱਸਣਾ। (Forsaken)
ਬੂਆੜੁ : ਸੜਿਆ ਹੋਇਆ।
ਰਹਤ : ਖਾਲੀ। ਵਿਰਵਾ। (Without)
ਮਿਥਿਆ : ਝੂਠਾ। ਗ਼ਲਤ।
ਧੁਰਿ : ਧੁਰੋਂ ਭਾਗਾਂ ਵਿਚ। (From on high). ੬.

## ਸਤਵੀ ਪਉੜੀ

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥
ਸੰਤ ਕਾ ਦੋਖੀ ਸਦਾ ਸਹਕਾਈਐ ॥
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥
ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥
ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥
ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥
ਜੈਸਾ ਭਾਵੈ ਤੈਸਾ ਕੋਈ ਹੋਇ ॥
ਪਇਆ ਕਿਰਤੁ ਨ ਮੇਟੈ ਕੋਇ ॥
ਨਾਨਕ ਜਾਨੈ ਸਚਾ ਸੋਇ ॥ ੭ ॥

### ਵਿਸਥਾਰ

ਪੂੱਜੇ-ਪੁੱਗੇ ਪੁਰਸ਼ਾਂ ਦੀ ਨਿੰਦਾ ਕਰਨ ਵਾਲਾ ਕੋਝਾ ਤੇ ਭੱਦੀ ਸ਼ਕਲ ਵਾਲਾ ਹੋ ਜਾਂਦਾ ਹੈ ਅਤੇ ਸਿਫ਼ਤ ਸੁਲਾਹ ਨਾ ਕਰਨ ਕਾਰਨ ਵਾਹਿਗੁਰੂ ਦੇ ਦਰੋਂ ਡੰਡ ਪਾਉਂਦਾ ਹੈ। ਸੰਤ ਜਨਾਂ ਦੀ ਨਿੰਦਿਆ ਵਿਚ ਲੱਗੇ ਰਹਿਣ ਵਾਲੇ ਦੀ ਭੜਕੀ ਕਦੇ ਮੁੱਕਦੀ ਨਹੀਂ ਅਤੇ ਇਸ ਅੰਦਰਲੀ ਘਬਰਾਹਟ ਕਾਰਨ ਇੰਜ ਸਮਝੋ ਕਿ ਉਹ ਨ ਮੋਇਆਂ ਵਿਚ ਹੁੰਦਾ ਹੈ ਤੇ ਨਾ ਹੀ ਜੀਵਦਿਆਂ ਵਿਚ। ਜੀਵਨ ਮਰਨ ਦੀ ਕਸ਼ਮਕਸ਼ ਵਿਚ ਪਿਆ ਕੁਝ ਕਰਨ ਜੋਗਾ ਨਹੀਂ ਰਹਿੰਦਾ।

ਸੰਤਾਂ ਦੀ ਨਿੰਦਿਆ ਵਿਚ ਲੱਗੇ ਦੀ ਕਦੇ ਕੋਈ ਉਮੀਦ ਬਰ ਨਹੀਂ ਆਉਂਦੀ ਅਤੇ ਸੰਸਾਰ ਤੋਂ ਮਾਯੂਸ ਹੋ ਕੇ ਜਾਂਦਾ ਹੈ।

 www.sikhbookclub.com

ਭਲੇ ਪਰਉਪਕਾਰੀ ਜੀਵਾਂ ਦੀ ਨਿੰਦਿਆ ਕਰਨ ਤੋਂ ਨਿੰਦਕ ਰੱਜਦਾ ਹੀ ਨਹੀਂ । ਨਿੰਦਾ ਕਰਨ ਤੋਂ ਕਦੇ ਸੰਕੋਚ ਨਹੀਂ ਕਰਦਾ। ਰੁੱਕਦਾ ਹੀ ਨਹੀਂ। ਭੜਕੀ ਨਹੀਂ ਹਟਦੀ ਸੂ। ਇਹ ਸਭ ਵਾਹਿਗੁਰੂ ਦੇ ਹੁਕਮ ਵਿਚ ਹੀ ਹੋਇਆ ਹੈ ਕਿ ਨਿੰਦਕ ਨਿੰਦਾ ਹੀ ਕਰੀ ਜਾਂਦਾ ਹੈ। ਇਹ ਨਿੰਦਕ ਵੀ ਉਸ ਦੀ ਰਚੀ ਖੇਡ ਦਾ ਇਕ ਹਿੱਸਾ ਹੈ। ਉਸ ਦੀ ਮਰਜ਼ੀ ਅਨੁਸਾਰ ਹੀ ਨਿੰਦਾ ਦਾ ਕਾਰਜ ਨਿੰਦਕ ਨਿਭਾ ਰਹਿਆ ਹੈ। ਸੋ ਉਸ ਦੀ ਇਹ ਨਿੰਦਿਆ ਵਾਲੀ ਵਾਦੀ (ਕਿਰਤ) ਜੋ ਆਦਿ ਤੋਂ ਪੈ ਗਈ ਸੂ, ਹੋਰ ਦੂਜਾ ਕੋਈ ਜਤਨ, ਪ੍ਰੇਰਨਾ, ਮਿੰਨਤ ਨਾਲ ਮਿਟਾ ਨਹੀਂ ਸਕਦਾ। ਉਹ ਹੀ ਕ੍ਰਿਪਾ ਕਰੇ ਤਾਂ ਇਹ ਹਟੇ। ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਸ ਰਹਸ ਨੂੰ ਕਿ ਵਾਹਿਗੁਰੂ ਨੇ ਭਲੇ ਪੁਰਸ਼ਾਂ ਦੇ ਨਿੰਦਕ ਕਿਉਂ ਉਪਜਾਏ, ਉਹ ਹੀ ਜਾਣਦਾ ਹੈ। ੭।

*ਸ਼ਬਦ ਭਾਵ :*

ਬਿਗੜ ਰੂਪੁ : ਕੋਝਾ। ਭੱਦੀ ਸ਼ਕਲ ਵਾਲਾ। (Deformed)
ਦਰਗਹ : ਪ੍ਰਭੂ ਦੇ ਦਰ।
ਸਹਕਾਈਐ : ਭੜਕੀ ਲੱਗੀ ਰਹਿਣੀ। ਘਬਰਾਹਟ ਪਈ ਰਹਿਣੀ। (Gasping)
ਨਿਰਾਸਾ : ਮਾਯੂਸ। (Despair)
ਤ੍ਰਿਸਟੈ : ਰੱਜਣਾ। ਰੁੱਕਣਾ। ਸੰਕੋਚ ਵਿਚ ਆਉਣਾ।
ਪਇਆ ਕਿਰਤੁ : ਪਈ ਵਾਦੀ। ਮਿਲਿਆ ਸੁਭਾ। ਆਦਿ-ਆਦਤ। (Writ of trend)
ਜਾਨੈ : ਭੇਦ ਦੀ ਗੱਲ ਦਾ ਜਾਣੂ।
ਸਚਾ : ਸਦਾ ਕਾਇਮ ਰਹਿਣ ਵਾਲਾ ਪ੍ਰਭੂ। ੭।

*ਅਠਵੀਂ ਪਉੜੀ*

ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥
ਸਦਾ ਸਦਾ ਤਿਸ ਕਉ ਨਮਸਕਾਰੁ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥
ਤਿਸਹਿ ਧਿਆਵਹੁ ਸਾਸਿ ਗਿਰਾਸਿ ॥
ਸਭੁ ਕਛੁ ਵਰਤੈ ਤਿਸ ਕਾ ਕੀਆ ॥
ਜੈਸਾ ਕਰੇ ਤੈਸਾ ਕੋ ਥੀਆ ॥
ਅਪਨਾ ਖੇਲੁ ਆਪਿ ਕਰਨੈਹਾਰੁ ॥
ਦੂਸਰ ਕਉਨੁ ਕਹੈ ਬੀਚਾਰੁ ॥
ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥
ਬਡਭਾਗੀ ਨਾਨਕ ਜਨ ਸੇਇ ॥ ੮ ॥ ੧੩ ॥

**ਵਿਸਥਾਰ**

ਸਾਰੇ ਹੀ ਸਰੀਰ ਭਾਵੇਂ ਉਹ ਨਿੰਦਾ ਵਿਚ ਲੱਗੇ ਹਨ ਅਤੇ ਭਾਵੇਂ ਭਲਾਈ ਦੇ ਕੰਮਾਂ ਵਿਚ, ਉਸੇ ਦੇ ਹੀ ਸਾਜੇ ਹਨ। ਜੇ ਕੋਈ ਨਿੰਦਾ ਕਰ ਰਹਿਆ ਹੈ ਤਾਂ 'ਨਿੰਦਾ ਦੀ ਕਿਰਤ' ਉਸ ਨੂੰ ਧੁਰੋਂ ਹੀ ਮਿਲੀ ਹੈ। ਸੋ ਸਾਡੇ ਲਈ ਇਹ ਹੀ ਬਣ ਆਉਂਦਾ ਹੈ ਕਿ ਵਾਹਿਗੁਰੂ ਅੱਗੇ ਸਿਰ ਝੁਕਾਈ ਰਖੀਏ।

SIKHBOOKCLUB.COM

ਨਿੰਦਾ ਦੀ ਵਾਦੀ ਛੱਡ ਕੇ ਉਸ ਪ੍ਰਭੂ ਦੀ ਸਿਫਤ ਸਲਾਹ ਦਿਨ ਰਾਤ ਕਰਦੇ ਰਹੀਏ ਤੇ ਹਰ ਸਾਹ ਤੇ ਹਰ ਗ੍ਰਾਹੀ ਮੂੰਹ ਵਿਚ ਪਾਉਣ ਵੇਲੇ ਉਸ ਦੀਆਂ ਰਹਿਮਤਾਂ ਯਾਦ ਰਖੀਏ। ਕਿਉਂਕਿ ਜੋ ਕੁਝ ਵਾਪਰ ਰਿਹਾ ਹੈ ਉਸ ਦੇ ਹੀ ਕਾਰਨ ਹੈ। ਜੀਵ ਉਹ ਕੁਝ ਹੀ (ਨਿੰਦਕ ਜਾਂ ਸੰਤ) ਬਣਦਾ ਹੈ ਜਿਹੋ ਜਿਹਾ ਵਾਹਿਗੁਰੂ ਚਾਹੁੰਦਾ ਹੈ। ਆਪਣੀ ਮਰਜ਼ੀ ਨਾਲ ਕੋਈ ਕੁਝ ਨਹੀਂ ਬਣ ਸਕਦਾ। ਇਸ ਤੋਂ ਪਹਿਲਾਂ ਸੱਤਵੀਂ ਪਉੜੀ ਵਿਚ **'ਜੈਸਾ ਭਾਵੈ ਤੈਸਾ ਕੋਈ ਹੋਇ'** ਇਸੇ ਭਾਵ ਵਿਚ ਉਚਾਰਿਆ ਸੀ। ਉਸੇ ਦੀ ਇਹ ਸਾਰੀ ਖੇਡ ਰਚੀ ਹੋਈ ਹੈ। ਅਤੇ ਠੀਕ ਗੱਲ ਤਾਂ ਇਹ ਹੈ ਕਿ ਉਹ ਹੀ ਖੇਡਣਹਾਰ ਹੈ। ਇਸ ਡੂੰਘੇ ਭੇਤ ਨੂੰ ਕਿ ਉਸ ਨੇ ਹੀ ਖੇਡ ਰਚੀ ਹੈ ਤੇ ਉਹ ਹੀ ਖੇਡਣਹਾਰ ਹੈ, ਨੂੰ ਕੋਈ ਹੋਰ ਉਸ ਤੋਂ ਬਗੈਰ ਦੱਸ ਪ੍ਰਗਟਾ ਨਹੀਂ ਸਕਦਾ। ਉਹ ਹੀ ਮਿਹਰ ਕਰੇ ਤਾਂ ਇਸ ਰਾਜ਼ ਨੂੰ ਖੋਲ੍ਹੇ। ਹਾਂ! ਇਤਨਾ ਜ਼ਰੂਰ ਹੈ ਕਿ ਜਿਸ ਤੇ ਮਿਹਰ ਭਰਿਆ ਹੱਥ ਰੱਖੇ ਉਸ ਨੂੰ ਹਜ਼ੂਰੀ ਦਾ ਅਨੰਦ ਬਖ਼ਸ਼ਦਾ ਹੈ ਤੇ ਉਹ ਫਿਰ ਸਿਫਤ ਸਲਾਹ ਵਿਚ ਲੱਗ ਜਾਂਦਾ ਹੈ। ਨਿੰਦਾ ਦੀ ਵਾਦੀ ਛੁੱਟ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੀ ਕ੍ਰਿਪਾ ਪਾਇਆ ਸ਼ਖ਼ਸ ਭਾਗਾਂ ਵਾਲਾ ਹੈ ਜਿਸ ਨੂੰ ਹਜ਼ੂਰੀ ਦਾ ਅਨੰਦ ਪ੍ਰਾਪਤ ਹੋ ਗਿਆ ਹੈ। ੮। ੧੩।

**ਸ਼ਬਦਾ ਭਾਵ :**

**ਘਟ** : ਸਰੀਰ। (Vessel)
**ਨਮਸਕਾਰੁ** : ਪ੍ਰਣਾਮ। ਬੰਦਨਾ। (Obeisance)
**ਗਿਰਾਸਿ** : ਹਰ ਗ੍ਰਾਹੀ ਮੂੰਹ ਵਿਚ ਪਾਉਣ ਵੇਲੇ।
**ਥੀਆ** : ਹੋ ਗਿਆ। ਬਣ ਗਿਆ।
**ਬੀਚਾਰੁ** : ਰਹਸ। (Profound mysteriousness)
**ਨਾਮੁ ਦੇਇ** : ਹਜ਼ੂਰੀ ਦਾ ਅਨੰਦ ਬਖ਼ਸ਼ੇ।
**ਜਨ** : ਜੀਵ। ਸੇਵਕ। ੮। ੧੩।

---

## ਚੌਦਵੀਂ ਅਸ਼ਟਪਦੀ

***ਚੌਦਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਅਹੰਕਾਰ ਦਾ ਇਕ ਹੋਰ ਰੂਪ ਹੈ ਚਤੁਰਾਈ ਤੇ ਆਪਣੀ ਸਿਆਣਪ। ਇਸ ਨੂੰ ਛੱਡਣ ਤੇ ਜ਼ੋਰ ਦੇ ਰਹੇ ਹਨ ਕਿਉਂਕਿ ਇਨ੍ਹਾਂ ਨੂੰ ਅਪਣਾਈ ਰਖਿਆਂ, ਦੁੱਖਾਂ ਨੇ ਖਹਿੜਾ ਨਹੀਂ ਛੱਡਣਾ, ਵਹਿਮ ਦੂਰ ਨਹੀਂ ਹੋਣੇ ਤੇ ਡਰਾਂ ਨੇ ਘੇਰੀ ਰੱਖਣਾ ਹੈ।

ਉਸ ਪ੍ਰਭੂ ਮਾਲਕ ਦੀ ਯਾਦ ਪਕਾਇਆਂ **'ਦੂਖ ਭਰਮ ਭਉ'** ਤਾਂ ਮੁੱਕਣਗੇ ਹੀ ਸਗੋਂ ਇਕ ਨਿਰਾਲਾ ਰਸ ਆਏਗਾ। ਇਹ ਪਤਾ ਲੱਗ ਜਾਏਗਾ ਕਿ ਮਨੁੱਖ ਦੇ ਹੱਥ ਕੁਝ ਨਹੀਂ, ਉਸ ਦੀ ਖੇਡ ਦੀ ਸੋਝੀ ਪਵੇਗੀ। ਇਹ ਪਤਾ ਮਿਲੇਗਾ ਕਿ ਜੇ ਇਥੋਂ ਸੁਰਖਰੂ ਹੋ ਜਾਣਾ ਹੈ ਤਾਂ ਹਿਰਦੇ ਤੋਂ ਜਪੋ, ਰਸਨਾ ਨਾਲ ਉਸ ਦੀ ਸਿਫਤ ਸਲਾਹ ਉਚਾਰਦੇ ਰਹੋ, ਸਾਥ ਚੰਗਾ ਰੱਖੋ। ਕਦਮ ਗ਼ਲਤ ਪਾਸੇ ਨਾ ਪੁੱਟੋ। ਖ਼ੁਸ਼ਹਾਲੀ ਤੇ ਖ਼ੁਸ਼ਕਿਸਮਤੀ ਇਸ ਵਿਚ ਹੈ

 www.sikhbookclub.com

ਜੋ ਉਸ ਦੀ ਯਾਦ ਨ ਵਿਸਰੇ । ਯਾਦ ਪਕਾਉਣ ਦਾ ਰਾਹ ਵੀ ਗੁਰੂ ਦੀ ਬਾਣੀ ਹੈ । ਗੁਣ ਗਾਇਆਂ ਆਪਣੀ ਔਕਾਤ ਦਾ ਪਤਾ ਲੱਗਦਾ ਹੈ ਅਤੇ ਦੁਨੀਆਂ ਵਿਚ ਰਹਿੰਦੇ ਦੁਨੀਆਂ ਤੋਂ ਉੱਚੇ ਹੋਣ ਦਾ ਵੱਲ ਆ ਜਾਂਦਾ ਹੈ । ਮਨ ਤੇ ਚਿਤ ਵਿਚ ਵਾਹਿਗੁਰੂ ਦੀ ਵਡਿਆਈ ਦਾ ਅਹਿਸਾਸ ਹੁੰਦਾ ਹੈ । ਜਿੰਦਗੀ ਦਾ ਮਕਸਦ ਮਿਲਦਾ ਹੈ । ਵਾਹਿਗੁਰੂ ਦੇ ਪਰਤੱਖ ਦੀਦਾਰ ਹੁੰਦੇ ਹਨ । **'ਜੈਸਾ ਸਾ ਤੈਸਾ ਦ੍ਰਿਸਟਾਇਆ ।'** ਨਿਮ੍ਰਤਾ ਆਉਂਦੀ ਹੈ ਤੇ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਵਾਹਿਗੁਰੂ ਤੋਂ ਬਗੈਰ ਕੁਝ ਵਾਪਰ ਨਹੀਂ ਸਕਦਾ । **'ਅਪੁਨੇ ਕਾਰਜ ਮਹਿ ਆਪਿ ਸਮਾਇਆ ।'** ਇਤਨੀ ਉੱਚੀ ਸੁਰਤਿ ਮਿਲ ਜਾਂਦੀ ਹੈ ਕਿ ਪਰਗਟ ਹੋ ਜਾਂਦਾ ਹੈ ਕਿ ਸਾਰਾ ਜਗਤ ਉਸ ਦੀ ਖੇਡ (ਚਲਿਤੁ) ਹੈ ਅਤੇ ਉਸੇ ਬ੍ਰਹਮੰਡ ਦੀ ਰਚਨਾ ਕੀਤੀ ਹੈ । ਸੋ ਮਨੁੱਖ ਦੀ ਟੇਕ ਦਾ ਖ਼ਿਆਲ ਹੀ ਨਹੀਂ ਉਪਜਦਾ । ਐਸੀ ਉੱਚ ਅਵਸਥਾ ਪਾਏ ਦੇ ਰਤਾ ਕੁ ਉਪਦੇਸ਼ (ਮੰਤ) ਨਾਲ ਵੀ ਅਗਲੇ ਨੂੰ ਜੀਵਨ ਦਾ ਰਾਹ ਮਿਲ ਜਾਂਦਾ ਹੈ ।

ਸਿਫ਼ਤ ਸਲਾਹ ਦਾ ਰਾਹ ਮਿਲ ਜਾਂਦਾ ਹੈ । ਇਸ ਅਵਸਥਾ ਨੂੰ ਪਾਇਆ ਹੋਆ ਪੁਰਖ ਕੋਈ ਕੰਮ ਐਸਾ ਨਹੀਂ ਕਰਦਾ ਜਿਸ ਨਾਲ ਪ੍ਰਭੂ ਤੋਂ ਦੂਰੀ ਪਵੇ । ਪ੍ਰਭੂ ਦੇ ਨੇੜੇ ਹੋਇਆ ਐਸਾ ਜੀਵ ਹਰ ਘਟਨਾ ਵਿਚ ਵੀ ਉਸ ਦਾ ਨਜ਼ਾਰਾ ਕਰ ਲੈਂਦਾ ਹੈ । **'ਸਹਜ ਸੁਭਾਇ ਹੋਵੈ ਸੋ ਹੋਇ ।'** ਕਰਣਹਾਰ ਉਸ ਪ੍ਰਮਾਤਮਾ ਨੂੰ ਜਾਣਨ ਕਾਰਨ ਸਾਰੀਆਂ ਸ਼ਕਤੀਆਂ ਆਪ ਮੁਹਾਰੇ ਉਸ ਵਿਚ ਆ ਜਾਂਦੀਆਂ ਹਨ । **'ਜਿਸ ਤੇ ਉਪਜੇ ਤਿਸ ਮਾਹਿ ਸਮਾਹਿ ।'** 'ਭਰਮੁ ਭਉ ਦੂਖ' ਨਾ ਰਹਿਣ ਕਾਰਨ ਉਸ ਵਿਚ ਹੀ ਸਮਾ ਜਾਂਦਾ ਹੈ । ਸਾਰੇ ਸੁੱਖਾਂ ਦੇ ਖ਼ਜ਼ਾਨੇ ਦਾ ਮਾਲਕ ਹੋ ਜਾਂਦਾ ਹੈ । ਇਹ ਪਦਵੀ ਉਨ੍ਹਾਂ ਨੂੰ ਫੱਬਦੀ ਹੈ । ਉਹ ਅਹੰਕਾਰ ਵਿਚ ਨਹੀਂ ਆਉਂਦੇ ਕਿਉਂਕਿ ਉਹ ਜਾਣਦੇ ਹਨ ਕਿ ਦਰੋਂ ਦਾਤਾਂ ਦੇ ਕੇ ਹਰੀ ਨੇ ਆਪਣੇ ਆਪ ਨੂੰ ਹੀ ਇਹ ਮਾਣ ਦਿੱਤਾ ਹੈ ਕਿਉਂਕਿ ਭਗਤ ਦੀ ਵਡਿਆਈ ਵਾਹਿਗੁਰੂ ਦੀ ਆਪਣੀ ਵਡਿਆਈ ਹੈ ।

ਸਲੋਕੁ ॥

ਤਜਹੁ ਸਿਆਨਪ ਸੁਰਿ ਜਨਹੁ, ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥

**ਵਿਸਥਾਰ**

ਹੇ ਦੇਵਤਾ ਸਰੂਪ ਪੁਰਸ਼ੋ । **ਚਤੁਰਾਈ**ਆਂ ਜੋ ਕਰਮਕਾਂਡ, ਸਿਧੀਆਂ ਜਾਂ ਸ਼ਾਸਤ੍ਰਾਂ ਵਿਚ ਹਨ, ਉਨ੍ਹਾਂ ਦਾ ਰਾਹ ਛੱਡ ਕੇ ਕੇਵਲ ਸਭ ਦੇ ਮਾਲਕ ਪ੍ਰਭੂ ਨੂੰ ਯਾਦ ਕਰੋ । ਉਸ ਇਕ ਹੀ ਟੇਕ ਰੱਖ ਟੁਰਨ ਵਾਲੇ ਨੂੰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਨਾ ਸਰੀਰਕ ਦੁੱਖ ਪੁੰਹਦੇ ਹਨ, ਨ ਮਾਨਸਕ ਪੀੜਾ (ਭਰਮ) ਸਤਾਂਦੀ ਹੈ ਅਤੇ ਨ ਕੋਈ ਬਾਹਰਲੀ ਸੈ ਡਰ ਘਬਰਾਹਟ ਪੈਦਾ ਕਰਦੀ ਹੈ । ੧ ।

**ਸ਼ਬਦ ਭਾਵ :**

**ਤਜਹੁ :** ਛੱਡੋ । (Discard)
**ਸੁਰਿ ਜਨਹੁ :** ਭਲੇ ਪੁਰਸ਼ੋ । (Godly ones)

**ਸਿਆਨਪ** : ਸ਼ਾਤਰਾਨਾ ਚਾਲਾਂ । ਮਨਸੂਬੇ । ਚਾਲਾਕੀਆਂ । (Clever cogitation)

**ਹਰਿ ਹਰਿ**

**ਰਾਇ** : ਸਭ ਦਾ ਮਾਲਕ ।

**ਦੂਖੁ** : ਸਰੀਰਕ ਰੋਗ ।

**ਭਰਮੁ** : ਵਹਿਮਾਂ । ਮਾਨਸਕ ਪੀੜਾਂ ਜੋ ਵਹਿਮਾਂ ਕਾਰਨ ਉਠਦੀਆਂ ਹਨ ।

**ਭਉ** : ਡਰ । ਰੋਗੀ, ਰੋਟੀ ਤੇ ਮੌਤ ਦਾ ਤੌਖਲਾ । ੧ ।

## *ਪਹਿਲੀ ਪਉੜੀ*

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥
ਜਿਸ ਕੈ ਦੀਐ ਰਹੈ ਅਘਾਇ ॥
ਬਹੁਰਿ ਨ ਤ੍ਰਿਸਨਾ ਲਾਗੈ ਆਇ ॥
ਮਾਰੈ ਰਾਖੈ ਏਕੋ ਆਪਿ ॥
ਮਾਨੁਖ ਕੈ ਕਿਛੁ ਨਾਹੀ ਹਾਥਿ ॥
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥
ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥
ਨਾਨਕ ਬਿਘਨੁ ਨ ਲਾਗੈ ਕੋਇ ॥ ੧ ॥

SIKHBOOKCLUB.COM

## *ਵਿਸਥਾਰ*

ਤੂੰ ਵੀ ਇਕ ਸਤਿਕਾਰਯੋਗ ਮਨੁੱਖ ਹੈਂ ਤੇ ਕਿਸੇ ਹੋਰ ਮਨੁੱਖ ਦੇ ਸਹਾਰੇ ਤਕਣੇ ਥੱਥੇ ਤੇ ਬੇਫ਼ਾਇਦਾ ਹਨ । ਸਿਮਰਨ ਕਰਦਿਆਂ ਹੀ ਇਹ ਸੋਝੀ ਆਵੇਗੀ ਕਿ ਦੇਵਣ ਵਾਲਾ ਸਿਰਫ਼ ਵਾਹਿਗੁਰੂ ਹੈ । ਇਹ ਨਾਂਹ ਭੁੱਲੀਂ ਕਿ 'ਜਿਸ ਮਾਨੁਖ ਪੈ ਕਰਉ ਬੇਨਤੀ, ਉਹ ਆਪਣੈ ਦੁੱਖ ਭਰਿਆ' ਹੈ । ਮਨੁੱਖ ਤੋਂ ਮੰਗਿਆਂ ਨਿਤ ਹੀ ਮੰਗਣਾ ਪੈਣਾ ਹੈ । ਬਹੁਤੀ ਵਾਰੀ ਮਾਯੂਸੀ ਹੀ ਹੱਥ ਆਉਂਦੀ ਹੈ ਪਰ ਪ੍ਰਭੂ ਦੇ ਦਿਤਿਆਂ ਨਾ ਕਿਸੇ ਪਾਸੋਂ ਮੰਗਣ ਦੀ ਲੋੜ ਪੈਂਦੀ ਹੈ ਤੇ ਨਾ ਮਾਯੂਸੀ ਪੱਲੇ ਪੈਂਦੀ ਹੈ, ਸਗੋਂ ਪੂਰੀ ਤਰ੍ਹਾਂ ਰੱਜ ਹੋ ਜਾਂਦਾ ਹੈ ।

ਫਿਰ ਕਦੇ ਖ਼ਾਹਿਸ਼ਾਂ ਦੀਆਂ ਤ੍ਰੰਗਾਂ ਨਹੀਂ ਉਠਦੀਆਂ ।

ਵਾਹਿਗੁਰੂ ਦੇ ਹੀ ਹੱਥ ਮਾਰਨ ਜਾਂ ਬਚਾਉਣ ਦੀ ਸੱਤਾ ਹੈ, ਮਨੁੱਖ ਦਾ ਇਸ ਵਿਚ ਕੋਈ ਦਖ਼ਲ ਨਹੀਂ । ਜਦ ਮਾਰ ਜੀਵਾਲਣ ਵਾਲਾ ਸਿਰਫ਼ ਵਾਹਿਗੁਰੂ ਹੈ ਤਾਂ ਮਨੁੱਖ ਦੇ ਸਹਾਰੇ ਕਿਉਂ ਤੱਕੇ ਜਾਣ । ਜਦ ਇਹ ਸੋਝੀ ਮਿਲ ਗਈ ਕਿ ਮਾਰਨ-ਜੀਵਾਲਣ, ਪਾਲਣ ਅਤੇ ਰੱਖਿਆ ਕਰਨ ਵਾਲਾ ਵਾਹਿਗੁਰੂ ਹੈ ਅਤੇ ਉਸ ਦੇ ਹੁਕਮ ਵਿਚ ਸਭ ਕੁਝ ਵਾਪਰ ਰਿਹਾ ਹੈ ਤਾਂ ਅੱਤ੍ਰੀਵ ਸੁਖ ਮਿਲੇਗਾ । ਐਸੇ ਸੁਖ ਨੂੰ ਪਾ ਕੇ ਉਸ ਨੂੰ ਵਿਸਰੀਂ ਕਦੇ ਨਾਂਹ, ਸਗੋਂ ਹਰ ਵੇਲੇ ਆਪਣੇ ਸਾਹਮਣੇ ਇੰਜ ਰੱਖੀਂ ਜਿਵੇਂ ਗਲ ਵਿਚ ਪਿਆ ਹਾਰ ਹੁੰਦਾ ਹੈ । ਉਸ ਦੇ ਪ੍ਰਕਾਸ਼ ਵਿਚ ਟੁਰਦਾ ਰਵ੍ਹੀਂ । ਹਰ ਵੇਲੇ, ਹਰ ਪਲ ਉਸ ਨੂੰ ਯਾਦ ਰਖਿਆਂ ਗੁਰੂ

ਅਰਜਨ ਦੇਵ ਜੀ ਕਹਿੰਦੇ ਹਨ ਕਿ ਕਦੇ ਕੋਈ ਰੁਕਾਵਟ ਕਿਸੇ ਕਾਰਜ ਵਿਚ ਨਹੀਂ ਪੈਂਦੀ । ੧ ।

**ਸ਼ਬਦ ਭਾਵ :**

**ਟੇਕ** : ਆਸਰਾ । (Prop)
**ਬ੍ਰਿਥੀ** : ਥੋਥੀ । ਫਜ਼ੂਲ । ਬੇ ਫਾਇਦਾ । (Vain)
**ਅਘਾਇ** : ਤ੍ਰਿਪਤੀ । ਰੱਜ ।
**ਲਾਗੈ** : ਨੇੜੇ ।
**ਕੰਠਿ** : ਗਲੇ । ਸਾਹਮਣੇ, ਪ੍ਰਤੱਖ । (Neck)
**ਬਿਘਨੁ** : ਰੁਕਾਵਟ, ਮਾਯੂਸੀ । (Touch of Distress). ੧.

## ਦੂਜੀ ਪਉੜੀ

**ਉਸਤਤਿ ਮਨ ਮਹਿ ਕਰਿ ਨਿਰੰਕਾਰ ॥**
**ਕਰਿ ਮਨ ਮੇਰੇ ਸਤਿ ਬਿਉਹਾਰ ॥**
**ਨਿਰਮਲ ਰਸਨਾ ਅੰਮ੍ਰਿਤੁ ਪੀਉ ॥**
**ਸਦਾ ਸੁਹੇਲਾ ਕਰਿ ਲੇਹਿ ਜੀਉ ॥**
**ਨੈਨਹੁ ਪੇਖੁ ਠਾਕੁਰ ਕਾ ਰੰਗੁ ॥**
**ਸਾਧ ਸੰਗਿ ਬਿਨਸੈ ਸਭ ਸੰਗੁ ॥**
**ਚਰਨ ਚਲਉ ਮਾਰਗਿ ਗੋਬਿੰਦ ॥**
**ਮਿਟਹਿ ਪਾਪ ਜਪੀਐ ਹਰਿ ਬਿੰਦ ॥**
**ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥**
**ਹਰਿ ਦਰਗਹ ਨਾਨਕ ਊਜਲ ਮਥਾ ॥ ੨ ॥**

SIKHBOOKCLUB.COM

## ਵਿਸਥਾਰ

ਉਸ ਦੇ ਨਾਮ ਨੂੰ ਕੰਠ ਪਰੋਇ ਰੱਖਣ ਦਾ ਢੰਗ ਦਸਦੇ ਹੋਏ ਕਹਿੰਦੇ ਹਨ ਕਿ ਵਾਹਿਗੁਰੂ ਦੀ ਸਿਫਤ ਦਿਲੋਂ ਕਰ ਤੇ ਵਿਹਾਰ ਵਤੀਰਾ ਸੁੱਚਾ ਰੱਖ । ਕਿਸੇ ਨਾਲ ਮਾੜਾ ਨਾ ਵਰਤ । ਗੁਣ ਗਾਉਣ ਨਾਲ ਵਿਹਾਰ ਆਪੇ ਸੁਥਰਾ ਹੁੰਦਾ ਜਾਏਗਾ । ਜ਼ਬਾਨ ਨਾਲ ਉਸ ਦੇ ਪਾਵਨ ਮਿੱਠੇ ਨਾਮ ਨੂੰ ਪੀ । ਇਸ ਤਰ੍ਹਾਂ ਜ਼ਬਾਨ ਮਿੱਠੀ ਤੇ ਬੋਲ ਪਿਆਰੇ ਹੁੰਦੇ ਜਾਣਗੇ । ਦੇਖੇਂਗਾ ਕਿ ਹਰ ਵੇਲੇ ਹੀ ਰਹਿਮਤ ਵਰਸ ਰਹੀ ਹੈ ਅਤੇ ਹਿਰਦਾ ਸਰਸ਼ਾਰ ਹੈ । ਅੱਖਾਂ ਨਾਲ ਵਾਹਿਗੁਰੂ ਦੇ ਚਲਿਤ ਦੇਖ ਕੇ ਉਸ ਦੀ ਬੇਅੰਤਤਾ ਦਾ ਸੁਆਦ ਮਾਣ ਤੇ ਨਿਰੋਲ ਉਸ ਦੀ ਵਡਿਆਈ ਨੂੰ ਦ੍ਰਿੜ ਕਰਨ ਲਈ ਪੁੱਜੇ-ਭਲੇ-ਪੁਰਸ਼ਾਂ ਦਾ ਸੰਗ ਕਰ ਤਾਕਿ ਹੋਰ ਦੁਨਿਆਵੀ ਖ਼ਿਆਲ ਨੇੜੇ ਤੱਕ ਨਾ ਆਉਣ । '**ਬਿਨਸੈ ਸਭ ਸੰਗੁ ।**' ਪੈਰਾਂ ਨੂੰ ਹਮੇਸ਼ਾ ਵਾਹਿਗੁਰੂ ਦੇ ਰਾਹ ਟੋਰ ਕਿਉਂਕਿ ਉਸ ਦੇ ਰਾਹ ਕਦਮ ਪੁੱਟਿਆਂ ਪਾਪ ਨਾਲੋਂ ਨਾਲ ਮੁੱਕੀ ਜਾਂਦੇ ਹਨ । ਹੱਥਾਂ ਨਾਲ ਭਲੇ ਕੰਮ ਕਰ ਤੇ ਕੰਨਾਂ ਨਾਲ ਉਸ ਦੀ ਵਡਿਆਈ ਦੀ ਗਾਥਾ ਸੁਣ । ਇਸੇ ਤਰ੍ਹਾਂ ਮਨ, ਜ਼ਬਾਨ, ਅੱਖਾਂ, ਪੈਰ, ਹੱਥ, ਕੰਨਾਂ ਦੀ ਸਹੀ ਵਰਤੋਂ ਕਰਨ ਨਾਲ ਉਸ ਦੀ

 www.sikhbookclub.com

ਹਜ਼ੂਰੀ ਮਿਲੇਗੀ ਅਤੇ ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਚਿਹਰੇ ਤੇ ਨੂਰ ਝਲੂਕਾਂ ਮਾਰੇਗਾ । ੨ ।

**ਸ਼ਬਦ ਭਾਵ :**

ਉਸਤਤਿ : ਸਿਫ਼ਤ ਸਲਾਹ । (Laud)
ਨਿਰੰਕਾਰ : ਜਿਸ ਦਾ ਆਕਾਰ ਕੋਈ ਨਹੀਂ । (Formless)
ਸਤਿ : ਸਹੀ । ਸੁੱਚਾ । ਸੁੱਥਰਾ ।
ਬਿਉਹਾਰ : ਵਤੀਰਾ । ਵਰਤਾਰਾ ।
ਸੁਹੇਲਾ : ਖ਼ੁਸ਼ਕਿਸਮਤ । (Blessed)
ਜੀਉ : ਹਿਰਦਾ ।
ਰੰਗੁ : ਤਮਾਸ਼ਾ । ਚਲਿਤ ।
ਸਭ ਸੰਗੁ : ਸਾਰੇ ਨੇੜੇ ਦੇ । ਮੋਹ । ਪਕੜਾਂ ।
ਮਾਰਗਿ : ਰਾਹ ।
ਬਿੰਦ : ਥੋੜ੍ਹਾ ਜਿਹਾ । ਇਕ ਕਦਮ ਪੁੱਟਣ ਨਾਲ ।
ਸ੍ਰਵਨਿ : ਕੰਨ ।
ਦਰਗਹ : ਵਾਹਿਗੁਰੂ ਦੇ ਦਰਬਾਰ ।
ਊਜਲ : ਚਮਕਦਾ । (Radiant). ੨.

## ਤੀਜੀ ਪਉੜੀ

ਬਡਭਾਗੀ ਤੇ ਜਨ ਜਗ ਮਾਹਿ ॥
ਸਦਾ ਸਦਾ ਹਰਿ ਕੇ ਗੁਨ ਗਾਹਿ ॥
ਰਾਮ ਨਾਮ ਜੋ ਕਰਹਿ ਬੀਚਾਰ ॥
ਸੇ ਧਨਵੰਤ ਗਨੀ ਸੰਸਾਰ ॥
ਮਨਿ ਤਨਿ ਮੁਖਿ ਬੋਲਹਿ ਹਰ ਮੁਖੀ ॥
ਸਦਾ ਸਦਾ ਜਾਨਹੁ ਤੇ ਸੁਖੀ ॥
ਏਕੋ ਏਕੁ ਏਕੁ ਪਛਾਨੈ ॥
ਇਤ ਉਤ ਕੀ ਓਹੁ ਸੋਝੀ ਜਾਨੈ ॥
ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ ੩ ॥

**ਵਿਸਥਾਰ**

ਵਿਰਲੇ ਹਨ ਕੋਈ ਇਸ ਸੰਸਾਰ ਵਿਚ ਜੋ ਹਮੇਸ਼ਾਂ ਹੀ ਉਸਦੇ ਗੁਣ ਗਾਂਦੇ ਰਹਿੰਦੇ ਹਨ । ਬਹੁਤੇ ਤਾਂ ਨਿੰਦਿਆ ਵਿਚ ਹੀ ਲੱਗੇ ਰਹਿੰਦੇ ਹਨ । ਜੋ ਵਾਹਿਗੁਰੂ ਦੀ ਹਜ਼ੂਰੀ ਦਾ ਆਨੰਦ ਪਾ ਫਿਰ ਵੀ ਨਿਮ੍ਰਤਾ ਧਾਰ ਉਸ ਦੇ ਬੇਅੰਤ ਗੁਣਾਂ ਨੂੰ ਸਾਹਮਣੇ ਰਖਦੇ ਹਨ, ਉਹ ਹੀ ਹਨ ਅਸਲ ਵਿਚ ਧਨਵਾਨ ਤੇ ਸੰਸਾਰ ਵਲੋਂ ਬੇਪ੍ਰਵਾਹ (ਗਨੀ) ।

 www.sikhbookclub.com

ਉਹ ਲਾਪ੍ਰਵਾਹ ਹੋ ਕੇ ਨਹੀਂ ਬੈਠ ਜਾਂਦੇ ਕਿ ਹਜ਼ੂਰੀ ਦਾ ਆਨੰਦ ਮਿਲ ਗਿਆ ਹੈ, ਹੁਣ ਕੀ ਕਰਨਾ ਹੈ ਜਪ ਕੇ, ਸਗੋਂ ਹੋਰ ਸਾਵਧਾਨ ਹੋ, ਆਲਸ ਤਜ, ਪੂਰੇ ਤਾਣ ਨਾਲ ਉਸ ਨੂੰ ਜਪਦੇ ਹਨ। ਐਸੇ ਹੀ ਅਗਵਾਈ ਦੇ ਜੋਗ (ਮੁਖੀ) ਕਹਿਲਾਂਦੇ ਹਨ। ਉਹ ਨਹੀਂ ਜੋ ਆਪਣੇ ਹੰਕਾਰ ਜਾਂ ਚਤੁਰਾਈਆਂ ਵਿਚ ਪੈ ਵਿਧੀਆਂ ਦੱਸਣ, ਢੰਗ ਅਪਨਾਉਣ, ਜਾਂ ਵਰ ਸਰਾਪ ਦੇਣ ਲਗ ਪੈਂਦੇ ਹਨ। ਐਸਿਆਂ ਨੂੰ ਹੀ ਸਿਰਫ਼ ਸੁਖੀ ਜਾਣਹੁ ਜੋ ਦਿਲੋਂ ਜਾਣ ਉਸ ਨੂੰ ਯਾਦ ਕਰਦੇ ਹਨ। ਬਾਕੀ ਤਾਂ ਕਿਸੇ ਨਾ ਕਿਸੇ ਪਕੜ ਵਿਚ ਪੈ ਕੇ ਦੁਖੀ ਹੋ ਰਹੇ ਹਨ।

ਜਿਸ ਨੇ ਇਹ ਜਾਣ ਲਿਆ ਕਿ ਉਹ ਹੀ ਤੇ ਕੇਵਲ ਉਹ ਹੀ ਸਭ ਥਾਂ ਵਿਆਪਕ ਹੈ, ਕਰਨਹਾਰ ਹੈ ਤੇ ਵਾਹਿਗੁਰੂ ਨੂੰ ਤਜ ਕਿਸੇ ਹੋਰ ਦਾ ਸਹਾਰਾ ਨਹੀਂ ਤਕਦਾ, ਉਸ ਨੂੰ ਇਥੇ ਜਗਤ ਵਿਚ ਰਹਿਣ ਦਾ ਵਲ ਤਾਂ ਆ ਹੀ ਜਾਂਦਾ ਹੈ ਸਗੋਂ ਜਿਸ ਪੈਂਡੇ ਅੱਗੋਂ ਪੈਣਾ ਹੈ ਉਸ ਦਾ ਸਾਰਾ ਰਾਹ ਸਾਫ਼ ਦਿਖਾਈ ਦੇ ਜਾਂਦਾ ਹੈ। ਉਸ ਨੂੰ ਇਥੇ ਸੰਸਾਰ ਤੋਂ ਜਾਣ ਵੇਲੇ ਰਤਾ ਭਰ ਵੀ ਤਕਲੀਫ਼ ਨਹੀਂ ਹੁੰਦੀ।

ਜਿਸ ਦਾ ਮਨ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿ ਅਨੰਦ ਮਾਣਦਾ ਰਹਿੰਦਾ ਹੈ, ਪੂਰਨ ਟਿਕਾ ਨੂੰ ਪਾ ਗਿਆ ਹੈ, ਨੱਠ ਬਾਹਰ ਨਹੀਂ ਜਾਂਦਾ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਉਸ ਵਾਹਿਗੁਰੂ ਦੇ ਜੋ ਜਗਤ ਵਿਚ ਵਿਚਰ ਫਿਰ ਵੀ ਨਿਰਲੇਪ (ਨਿਰੰਜਨੁ) ਹੈ, ਦੀਦਾਰ ਕਰ ਲੈਂਦਾ ਹੈ। ਉਸ ਦਾ ਮਨ ਸੰਸਾਰ ਦੇ ਚਲਿਤ ਦੇਖ ਵਿਚਲ ਨਹੀਂ ਹੁੰਦਾ। ੩।

SIKHBOOKCLUB.COM

*ਸ਼ਬਦ ਭਾਵ :*

**ਬਡਭਾਗੀ** : ਖੁਸ਼ ਕਿਸਮਤ। ਨਸੀਬਾਂ ਵਾਲੇ।

**ਬੀਚਾਰ** : ਗੁਣਾਂ ਨੂੰ ਨ ਭੁਲਣਾ। (Contemplate)

**ਗਨੀ** : ਬੇਪ੍ਰਵਾਹ। ਜਿਸ ਨੂੰ ਕਿਸੇ ਕਿਸਮ ਦਾ ਫ਼ਿਕਰ ਨ ਹੋਵੇ। (Prosperous)

**ਮਨਿ ਤਨਿ** : ਪੂਰੀ ਸਾਵਧਾਨੀ। ਪੂਰਾ ਤਾਣ ਜਿੰਦ ਤੇ ਜਿਸਮ ਦਾ।

**ਮੁਖੀ** : ਆਗੂ। (Leader)

**ਇਤ** : ਇਥੇ ਸੰਸਾਰ।

**ਉਤ** : ਅਗਲੇ ਜਹਾਨ ਦੀ।

**ਮਨੁ ਮਾਨਿਆ** : ਮਨ ਦਾ ਨਾਮ ਵਿਚ ਰਹਿੰਦੇ ਵਾਹਿਗੁਰੂ ਦੀ ਬੇਅੰਤਤਾ ਦਾ ਨਜ਼ਾਰਾ ਵੀ ਕਰਦੇ ਰਹਿਣਾ। ਸਦਾ ਹਜ਼ੂਰੀ ਵਿਚ ਰਹਿਣਾ। ਮਨ ਦਾ ਉੱਡ ਬਾਹਰ ਨਾ ਜਾਣਾ।

**ਨਿਰੰਜਨੁ** : ਜੋ ਮਾਇਆ ਜਗਤ ਤੋਂ ਉੱਚਾ ਹੈ। ਮਾਇਆ ਤੋਂ ਨਿਰਲੇਪ। ੩।

## *ਚੌਥੀ ਪਉੜੀ*

**ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥**
**ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥**
**ਸਾਧ ਸੰਗਿ ਹਰਿ ਹਰਿ ਜਸੁ ਕਹਤ ॥**
**ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥**

 www.sikhbookclub.com

ਅਨਦਿਨੁ ਕੀਰਤਨੁ ਕੇਵਲ ਬਖ੍ਹਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥
ਏਕ ਊਪਰਿ ਜਿਸੁ ਜਨ ਕੀ ਆਸਾ ॥
ਤਿਸ ਕੀ ਕਟੀਐ ਜਮ ਕੀ ਫਾਸਾ ॥
ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥
ਨਾਨਕ ਤਿਸਹਿ ਨ ਲਾਗਹਿ ਦੂਖ ॥ ੪ ॥

**ਵਿਸਥਾਰ**

ਗੁਰਬਾਣੀ ਨੂੰ ਪੜ੍ਹਦਿਆਂ ਸੁਣਦਿਆਂ ਇਹ ਮਿਹਰ ਹੁੰਦੀ ਹੈ ਕਿ ਮਨੁੱਖ ਅੰਦਰ ਝਾਕਣਾ ਅਰੰਭ ਕਰਦਾ ਹੈ ਅਤੇ ਦੇਖ ਲੈਂਦਾ ਹੈ ਕਿ ਉਸ ਦੀ ਤਾਂ ਕੋਈ ਹੈਸੀਅਤ ਹੀ ਨਹੀਂ ਅਤੇ ਸਾਥ ਨਿਭਣ ਵਾਲਾ ਵੀ ਕੋਈ ਨਹੀਂ ਅਤੇ ਫਜ਼ੂਲ ਵਾਧੂ ਪਕੜਾਂ ਤ੍ਰਿਸ਼ਨਾ ਵਧਾਉਣ ਦਾ ਕਾਰਨ ਬਣਦੀਆਂ ਹਨ। ਇਸ ਤਰ੍ਹਾਂ ਅੰਦਰਲੀ ਤਰੇਹ ਮੁਕਾ ਲੈਂਦਾ ਹੈ। ਪਕੜਾਂ ਵਿਚ ਨਹੀਂ ਪੈਂਦਾ।

ਇਸ ਪਾਈ ਸੂਝ ਤੇ ਮਿਲੀ ਨਿਮ੍ਰਤਾ ਨੂੰ ਕਾਇਮ ਰੱਖਣ ਹਿਤ ਸਾਧ ਸੰਗ ਵਿਚ ਜਾ ਗੁਰਬਾਣੀ ਰਾਹੀਂ ਹੀ ਪ੍ਰਭੂ ਦੇ ਗੁਣ ਗਾਂਦਾ ਰਹਿੰਦਾ ਹੈ ਅਤੇ ਸਭ ਸਰੀਰਕ ਮਾਨਸਕ ਤੇ ਹਉਂ ਕਾਰਨ ਉਪਜੇ ਰੋਗਾਂ ਤੋਂ ਮੁਕਤ ਹੋ ਜਾਂਦਾ ਹੈ।

ਐਸਾ ਅਨੰਦ ਮਿਲਦਾ ਹੈ ਕਿ ਹਰ ਵੇਲੇ ਹੀ ਪ੍ਰਭੂ ਦੇ ਗੁਣ ਗਾਂਦਾ ਤੇ ਕਹਿੰਦਾ ਰਹਿੰਦਾ ਹੈ। ਇਸ ਤਰ੍ਹਾਂ ਗ੍ਰਹਿਸਥੀ ਹੁੰਦਾ ਹੋਇਆ ਵੀ, ਤ੍ਰਿਸ਼ਨਾ ਉਸ ਨੂੰ ਨਹੀਂ ਪੁੰਹਦੀ। ਪਕੜ ਨਹੀਂ ਜਕੜਦੀ। ਜਿਸ ਨੇ ਸਿਵਾਇ ਵਾਹਿਗੁਰੂ ਤੋਂ ਹੋਰ ਕਿਸੇ ਦਾ ਸਹਾਰਾ ਨਹੀਂ ਤੱਕਿਆ ਉਸ ਨੂੰ ਮੌਤ ਪਲ ਪਲ ਨਹੀਂ ਖਾਂਦੀ। ਮੌਤ ਦੇ ਭੈ ਤੋਂ ਉਤਾਂਹ ਹੋ ਜਾਂਦਾ ਹੈ।

ਕੈਸੀ ਕਮਾਲ ਦੀ ਬਾਤ ਹੈ ਕਿ ਜਿਸ ਨੂੰ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਕਰਨ ਦੀ ਯਾਚਨਾ ਹੀ ਉਠ ਖਲੋਵੇ, ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਉਸ ਦੇ ਨੇੜੇ ਕਿਸੇ ਪ੍ਰਕਾਰ ਦਾ ਦੁੱਖ ਨਹੀਂ ਆਉਂਦਾ। ਚਿੱਤ ਪੂਰਨ ਤੌਰ ਤੇ ਸ਼ਾਂਤ ਹੋ ਜਾਂਦਾ ਹੈ। ਉਂਜ ਦੇਖੋ ਕਿ ਜੇ ਸਰੀਰਕ ਭੁੱਖ ਅੰਨ ਆਦਿ ਦੀ ਲੱਗ ਜਾਵੇ ਤਾਂ ਤੜਪਨਾ ਸ਼ੁਰੂ ਹੋ ਜਾਂਦੀ ਹੈ, ਦੁੱਖ ਘੇਰ ਲੈਂਦੇ ਹਨ ਪਰ ਪ੍ਰਭੂ ਦੇ ਨਾਮ ਦੀ ਭੁੱਖ ਲੱਗਣ ਨਾਲ ਸਭ ਦੁੱਖ ਹੀ ਦੂਰ ਹੋ ਜਾਂਦੇ ਹਨ। ੪।

*ਸ਼ਬਦ ਭਾਵ :*

**ਗੁਰ ਪ੍ਰਸਾਦਿ** : ਗੁਰੂ ਦੀ ਕ੍ਰਿਪਾ ਨਾਲ। ਗੁਰਬਾਣੀ ਜ਼ਰੀਏ।

**ਆਪਨ ਆਪੁ** : ਆਪਣੀ ਕੀਮਤ। ਨਿਗੂਣਾ ਪਨ ਦਾ ਪਤਾ ਲੱਗ ਜਾਣਾ। (Self Realization)

**ਤ੍ਰਿਸਨਾ** : ਤ੍ਰੇਹ : ਹਵਸ।

**ਸਰਬ ਰੋਗ** : ਸਾਰੇ ਰੋਗ ਭਾਵੇਂ ਉਹ ਸਰੀਰਕ ਹਨ ਜਾਂ ਮਾਨਸਕ।

**ਰਹਤ** : ਵਿਰਵਾ।

**ਬਖ੍ਹਾਨੁ** : ਕਹਿ ਬੋਲ ਸੁਣਾਉਣਾ।


www.sikhbookclub.com

**ਨਿਰਬਾਨੁ :** ਸੰਸਾਰ ਦਾ ਲਗਾਉ ਨ ਰਹਿਣਾ। (Unattached)
**ਜਮ ਕੀ ਫਾਸਾ :** ਮੌਤ ਦੀ ਜਕੜ। ਮੌਤ ਦਾ ਪਲ ਪਲ ਡਰ।
**ਭੂਖ :** ਚਾਹਨਾ। ੪।

## *ਪੰਜਵੀਂ ਪਉੜੀ*

ਜਿਸ ਕਉ ਹਰਿ ਪ੍ਰਭ ਮਨਿ ਚਿਤਿ ਆਵੈ ॥
ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥
ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥
ਸੋ ਸੇਵਕੁ ਕਹੁ ਕਿਸ ਤੇ ਡਰੈ ॥
ਜੈਸਾ ਸਾ ਤੈਸਾ ਦ੍ਰਿਸਟਾਇਆ ॥
ਅਪੁਨੇ ਕਾਰਜ ਮਹਿ ਆਪਿ ਸਮਾਇਆ ॥
ਸੋਧਤ ਸੋਧਤ ਸੋਧਤ ਸੀਝਿਆ ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥
ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ੫ ॥

**ਵਿਸਥਾਰ**

ਜਿਸ ਦੀ ਅਚੇਤ-ਸੁਚੇਤ, ਰੁਝਿਆਂ-ਵਿਹਲਿਆਂ ਪ੍ਰਭੂ ਦੀ ਯਾਦ ਬਣੀ ਰਹਿੰਦੀ ਹੈ, ਉਹ ਹੀ ਹੈ ਪਾਵਨ ਪੁੱਗਿਆ, ਭਾਗਾਂ ਵਾਲਾ ਅਤੇ ਅਡੋਲ ਪੁਰਸ਼। ਜਿਸ ਤੇ ਵਾਹਿਗੁਰੂ ਆਪਣੀ ਖ਼ਾਸ ਮਿਹਰ ਕਰ ਦੇਵੇ, ਤੁਸੀਂ ਹੀ ਸਿਆਣੇ ਭਰਾਵੋ ਦੱਸੋ, ਉਸ ਨੂੰ ਹੋਰ ਕਿਸੇ ਦਾ ਭੈ ਖਾ ਸਕਦਾ ਹੈ। ਉਹ ਭੈ ਰਹਿਤ ਹੋ ਜਾਂਦਾ ਹੈ। ਉਸ ਦੀ ਮਿਹਰ ਪਾਇਆਂ ਹੁਣ ਕਿਸੇ ਤੋਂ ਇਸ ਲਈ ਨਹੀਂ ਡਰਦਾ ਕਿਉਂਕਿ ਵਾਹਿਗੁਰੂ ਆਪਣਾ ਪੂਰਾ ਤੇਜ (Splendour) ਜੈਸਾ ਸਾ ਤੈਸਾ ਉਸ ਨੂੰ ਵਿਖਲਾ ਦੇਂਦਾ ਹੈ। ਉਹ ਸਾਫ਼ ਦੇਖ ਲੈਂਦਾ ਹੈ ਕਿ ਜੋ ਕੁਝ ਵਾਪਰ ਰਹਿਆ ਹੈ, ਜੋ ਵੀ ਸਬੱਬ ਬਣ ਰਹਿਆ ਹੈ, ਜੋ ਢੁੱਕ ਰਹਿਆ ਹੈ ਉਹ ਵਾਹਿਗੁਰੂ ਦੀ ਵਜ੍ਹਾ ਕਾਰਨ ਹੈ। ਹਰ ਕਾਰਜ ਪਿੱਛੇ ਵਾਹਿਗੁਰੂ ਆਪ ਹੀ ਹੈ। ਲਗਾਤਾਰ ਨਿਰੰਤਰ ਇਸ ਪਾਸੇ ਲੱਗੇ ਰਹਿਆਂ, ਭਾਲਦੇ ਰਹਿਆਂ, ਅੰਦਰਲਾ ਜਾਗ ਉੱਠਦਾ ਹੈ ਤੇ ਜਾਗਿਆ ਮਨ ਜਦ ਬਾਣੀ ਦੇ ਲੜ ਲਗਦਾ ਹੈ ਤਾਂ ਇਹ ਮੁੱਢਲੀ ਪਤੇ ਦੀ ਗੱਲ ਪਤਾ ਲਗਦੀ ਹੈ ਕਿ ਜਿਸ ਤਰਫ਼ ਵੀ ਨਜ਼ਰ ਭਰ ਕੇ ਦੇਖੋ ਪ੍ਰਮਾਤਮਾ ਦੀ ਜੋਤ ਹੀ ਕੰਮ ਕਰਦੀ ਨਜ਼ਰ ਆਵੇਗੀ। ਸੋ ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਪ੍ਰਤੱਖ ਪਸਾਰਾ (ਅਸਥੂਲ) ਉਸ ਜੋਤ (ਸੂਖਮ) ਦਾ ਹੀ ਹੈ। ਉਸ ਤੋਂ ਬਿਨਾਂ ਕੁਝ ਨਹੀਂ। ੫।

**ਸ਼ਬਦ ਭਾਵ :**

**ਮਨਿ ਚਿਤਿ :** ਅਚੇਤ-ਸੁਚੇਤ। ਹਰ ਵੇਲੇ।
**ਸੁਹੇਲਾ :** ਭਾਗਾਂ ਵਾਲਾ। ਖ਼ੁਸ਼ਕਿਸਮਤ। (Blessed)
**ਜੈਸਾ ਸਾ ਤੈਸਾ ਦ੍ਰਿਸਟਾਇਆ :** ਇਨ ਬਿਨ ਦਰਸ਼ਨ ਕਰਾ ਦੇਣੇ। ਪੂਰੇ ਤੇਜ ਪ੍ਰਤਾਪ ਤੋਂ ਜਾਣੂ ਕਰਾ ਦੇਣਾ।


www.sikhbookclub.com

**ਸੀਝਿਆ** : ਸੋਝੀ ਆਈ। ਮਨ ਜਾਗਿਆ, ਫਲ ਲੱਗਾ।

**ਗੁਰ ਪ੍ਰਸਾਦਿ** : ਗੁਰੂ ਬਾਣੀ ਰਾਹੀਂ।

**ਤਤੁ** : ਅਸਲੀਅਤ ਦਾ ਥਹੁ ਪਤਾ ਲਗਣਾ ਕਿ ਹਰ ਸ਼ੈਅ ਵਿਚ ਉਸ ਦੀ ਸਤਿਆ ਹੀ ਕੰਮ ਕਰ ਰਹੀ ਹੈ।

**ਸੂਖਮੁ** : ਜੋਤ ਰੂਪ ਵਿਚ। ਜੋ ਇੰਦਰੀ ਗੋਚਰੇ ਨਹੀਂ।

**ਅਸਥੂਲੁ** : ਪਰਤੱਖ, ਪਾਸਾਰਾ। ਦਿਸਦਾ ਜਗਤ। ਇੰਦਰੀ ਗੋਚਰੇ ਸੈ। (Palpable phenomena). ੫.

## ਛੇਵੀਂ ਪਉੜੀ

ਨਹ ਕਿਛੁ ਜਨਮੈ ਨਹ ਕਿਛੁ ਮਰੈ ॥
ਆਪਨ ਚਲਿਤੁ ਆਪ ਹੀ ਕਰੈ ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥
ਆਪੇ ਆਪਿ ਸਗਲ ਮਹਿ ਆਪਿ ॥
ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥
ਅਬਿਨਾਸੀ ਨਾਹੀ ਕਿਛੁ ਖੰਡ ॥
ਧਾਰਣ ਧਾਰਿ ਰਹਿਓ ਬ੍ਰਹਮੰਡ ॥
ਅਲਖ ਅਭੇਵ ਪੁਰਖ ਪਰਤਾਪ ॥
ਆਪਿ ਜਪਾਏ ਤ ਨਾਨਕ ਜਾਪ ॥ ੬ ॥

## ਵਿਸਥਾਰ

ਚਤੁਰਾਈਆਂ ਤੱਜਣ ਲਈ ਇਸ ਲਈ ਕਹਿ ਰਹੇ ਹਨ ਕਿਉਂਕਿ ਕਿੱਥੇ ਹੈ ਮਨੁੱਖ ਪਾਸ ਇਤਨੀ ਮਤ ਤੇ ਦ੍ਰਿਸ਼ਟੀ ਕਿ ਇਹ ਦੇਖ ਸਕੇ ਕਿ ਨਾ ਕੁਝ ਪੈਦਾ ਹੁੰਦਾ ਹੈ ਤੇ ਨਾ ਕਿਸੇ ਉਪਜੀ ਸ਼ੈਅ ਦਾ ਖ਼ਾਤਮਾ। ਉਪਜਣ, ਬਿਨਸਣ ਦੀ ਦਿਸਦੀ ਸਾਰੀ ਹਕੀਕਤ ਕੇਵਲ ਵਾਹਿਗੁਰੂ ਦੀ ਕ੍ਰੀੜਾ ਹੈ। ਖੇਡ ਹੈ। ਜੋ ਆਉਂਦਾ (ਜਨਮੈ) ਸਾਨੂੰ ਦਿਸਦਾ ਹੈ ਤੇ ਜਾਉਣਾ (ਮਰੈ) ਨਹੀਂ ਦਿਸਦਾ, ਉਸ ਦੀ ਆਗਿਆ ਹੇਠ ਹੈ। ਸਿਆਣਿਆ ! ਜ਼ਰਾ ਕੁ ਗਹੁ ਨਾਲ ਤੱਕ। ਆਪਣੇ ਆਪ ਇਹ ਸੰਸਾਰ ਦੀ ਖੇਡ ਨਹੀਂ ਚੱਲ ਰਹੀ। ਚਲਾਵਣਹਾਰ ਉਹ ਹੈ। ਫਿਰ ਭੁਲੇਖਾ ਨਾ ਖਾ ਜਾਈਂ। ਇਹ ਚੇਤਾ ਰਖੀਂ ਕਿ ਉਸਨੂੰ ਤਾਂ ਕਿਸੇ ਸਹਾਰੇ ਸਲਾਹ ਦੀ ਲੋੜ ਨਹੀਂ ਪਰ ਜੋ ਸ੍ਰਿਸ਼ਟੀ ਵਿਚ ਪਿਆ ਵਾਪਰਦਾ ਹੈ ਸਭ ਉਸ ਦੀ ਮਰਜ਼ੀ ਅਨੁਸਾਰ ਹੋ ਰਹਿਆ ਹੈ। ਕਈ ਢੰਗਾਂ ਨਾਲ ਵਾਹਿਗੁਰੂ ਜਗਤ ਦੀ ਰਚਨਾ ਕਰਦਾ ਹੈ। ਸਾਜ ਕੇ ਫਿਰ ਫਨਾਹ ਵੀ ਕਰ ਦੇਂਦਾ ਹੈ। ਇਹ ਕਈ ਢੰਗਾਂ ਨਾਲ ਜਗਤ ਦੀ ਸਿਰਜਨ ਦਾ ਇਸ ਲਈ ਜ਼ਿਕਰ ਕਰ ਰਹੇ ਹਨ ਮਤਾਂ ਕੋਈ ਇਹ ਹੀ ਨਾ ਕਹਿੰਦਾ ਫਿਰੇ ਕਿ ਸਿਰਫ਼ ਚਾਰ ਹੀ ਢੰਗ (ਅੰਡਜ, ਜੇਰਜ, ਸੇਤਜ ਜਾਂ ਉਤਭੁਜ) ਜਗਤ ਦੀ ਉਤਪਤੀ ਦੇ ਹਨ। ਉਹ ਆਪ ਕਦੇ ਨਾਸ਼ ਨਹੀਂ ਹੁੰਦਾ ਤੇ ਨ ਹੀ ਕੋਈ ਰੁਕਾਵਟ (ਖੰਡ) ਸਾਹਮਣੇ ਆਈ ਹੈ। ਸਾਰੇ ਬ੍ਰਹਿਮੰਡ ਨੂੰ ਉਸ ਦੀ ਅਟੁੱਟ ਸਤਿਆ ਹੀ ਟਿਕਾਈ ਰੱਖ ਰਹੀ ਹੈ। ਕੋਈ ਨਹੀਂ ਉਸ ਹਰ ਥਾਂ ਵਿਆਪਕ ਦੇ ਇਸ ਭੇਦ ਨੂੰ ਜਾਣ ਸਕਦਾ ਕਿ ਇਹ ਜਗਤ ਕਿਵੇਂ ਚਲ


www.sikhbookclub.com

ਰਹਿਆ ਹੈ । ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਆਪ ਹੀ ਮਿਹਰ ਕਰੇ ਤਾਂ ਉਸ ਦੀ ਬੇਅੰਤ ਵਡਿਆਈ (ਆਪੇ ਆਪਿ) ਦਾ ਅਨੁਭਵ ਕਰਾਉਂਦਾ ਹੈ । ਨਹੀਂ ਤਾਂ ਮਨੁੱਖ ਤਾਂ ਆਪਣੀ ਨਿੱਕੀ ਜਿਹੀ ਹਉਂ ਵਿਚ ਹੀ ਪਿਆ ਰਹਿੰਦਾ ਹੈ । ਆਪਣੇ ਤੋਂ ਅੱਗੇ ਦੇਖਦਾ ਹੀ ਨਹੀਂ । ੬ ।

**ਸ਼ਬਦ ਭਾਵ :**

ਚਲਿਤੁ : ਖੇਡ । ਕੌਤਕ । (Pleasant Charms)

ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ : ਇਹ ਜੋ ਆਉਂਦੇ (ਜਨਮੇਂ) ਦਿਸਦਾ ਹੈ ਤੇ ਜਾਂਦਾ (ਮਰੇ) ਨਹੀਂ ਦਿਸਦਾ ।

ਆਗਿਆਕਾਰੀ : ਹੁਕਮ ਵਿਚ । (Obedient)

ਥਾਪਿ : ਸਾਜ ਬਣਾਉਣਾ ।

ਉਥਾਪਿ : ਢਹਿ ਢੇਰੀ ਕਰ ਦੇਣਾ ।

ਅਬਿਨਾਸੀ : ਅਟੱਲ । ਸਦਾ ਕਾਇਮ ।

ਖੰਡ : ਰੁਕਾਵਟ । ਟੋਟੇ । ਗਵਾਚਣਾ । (Lost)

ਅਲਖ : ਜੋ ਧਿਆਨ ਨਾ ਕੀਤਾ ਜਾ ਸਕੇ ।

ਅਭੇਵ : ਜਿਸ ਦਾ ਭੇਦ ਨਾ ਪਾਇਆ ਜਾ ਸਕੇ ।

ਪੁਰਖ ਪਰਤਾਪ : ਹਰ ਥਾਂ ਜਿਸ ਦਾ ਤੇਜ ਕੰਮ ਕਰ ਰਹਿਆ ਹੈ । ੬ ।

SIKHBOOKCLUB.COM

## ਸਤਵੀਂ ਪਉੜੀ

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥
ਸਗਲ ਸੰਸਾਰੁ ਉਧਰੈ ਤਿਨ ਮੰਤ ॥
ਪ੍ਰਭ ਕੇ ਸੇਵਕ ਸਗਲ ਉਧਾਰਨ ॥
ਪ੍ਰਭ ਕੇ ਸੇਵਕ ਦੂਖ ਬਿਸਾਰਨ ॥
ਆਪੇ ਮੇਲਿ ਲਏ ਕਿਰਪਾਲ ॥
ਗੁਰ ਕਾ ਸਬਦੁ ਜਪਿ ਭਏ ਨਿਹਾਲ ॥
ਉਨ ਕੀ ਸੇਵਾ ਸੋਈ ਲਾਗੈ ॥
ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥
ਨਾਮੁ ਜਪਤ ਪਾਵਹਿ ਬਿਸ੍ਰਾਮੁ ॥
ਨਾਨਕ ਤਿਨ ਪੁਰਖ ਕਉ, ਊਤਮ ਕਰਿ ਮਾਨੁ ॥ ੭ ॥

**ਵਿਸਥਾਰ**

ਜਿਸ ਨੇ ਪ੍ਰਭੂ ਦੀ ਬੇਅੰਤਤਾ ਦਾ ਨਜ਼ਾਰਾ ਕਰ ਲਿਆ ਉਹ ਹੀ ਅਸਲ ਵਿਚ ਨਾਮਵਰ ਤੇ ਮੰਨੇ-ਪ੍ਰਮੰਨੇ ਹੋ ਗਏ ਅਤੇ ਉਨ੍ਹਾਂ ਦੇ ਰਤਾ ਕੁ ਉਪਦੇਸ਼ (ਮੰਤ) ਨਾਲ ਹੀ ਜਗਤ ਦੇ ਲੋਕੀਂ ਸੰਸਾਰ ਤੋਂ ਪਾਰ ਹੋ ਸਕਦੇ ਹਨ । ਪ੍ਰਭੂ ਨੂੰ ਜਾਣਨ ਕਰਕੇ ਜੋ ਜਲਾਲ ਵਰਤਦਾ ਹੈ ਉਸਦੇ ਤੇਜ ਕਾਰਨ ਹਰ ਕੋਈ ਨੇੜੇ ਆਵਣ ਵਾਲਾ ਦੁਨੀ ਦੇ ਪ੍ਰਭਾਵ ਤੋਂ ਉਤਾਂਹ ਹੋ ਜਾਂਦਾ ਹੈ ਤੇ ਜਾਣੂੰ ਕੋਲੋਂ, ਪ੍ਰਭੂ ਨੂੰ ਜਾਨਣ ਵਾਲਾ ਨਾਮ-ਮੰਤ੍ਰ ਸਹਜ ਪਾ ਲੈਂਦਾ ਹੈ । ਜਿਨ੍ਹਾਂ ਦੀ ਪ੍ਰਭੂ ਹਉਂ ਮੁਕਾ ਕੇ ਆਪਣਾ ਬਣਾ ਲੈਂਦਾ

 www.sikhbookclub.com

ਹੈ, ਉਹ ਊਚ-ਨੀਚ, ਜਾਤ-ਪਾਤ ਤੋਂ ਉਤਾਂਹ ਉਠ ਕੇ ਸਭ ਨੂੰ ਪਾਰ ਕਰਨ ਦਾ ਰਾਹ ਦਸਦੇ ਹਨ ਤੇ ਜੋ ਦੁੱਖ ਹਉਂ ਕਾਰਨ ਜੀਵਾਂ ਵਿਚ ਉਪਜਦੇ ਹਨ, ਉਨ੍ਹਾਂ ਨੂੰ ਮੂਲੋਂ ਹੀ ਮੁਕਾ ਦੇਣ ਦੀ ਜਾਚ ਸਿਖਲਾ ਦੇਂਦੇ ਹਨ।

ਜਦ ਹਉਂ ਨਹੀਂ ਰਹਿੰਦੀ ਤਾਂ ਮਿਹਰ ਕਰਕੇ ਵਾਹਿਗੁਰੂ ਆਪਣੇ ਨਾਲ ਮਿਲਾ ਲੈਂਦਾ ਹੈ। ਇਹ ਹਉਮੈ ਦੇ ਵੱਡੇ ਦੁੱਖ ਤੋਂ ਰਹਿਤ ਹੋਆ ਜੀਵ ਗੁਰੂ ਦਾ ਸ਼ਬਦ ਜਪ ਕੇ ਸਦਾ ਖ਼ੁਸ਼ੀਆਂ ਮਾਣਦਾ ਰਹਿੰਦਾ ਹੈ। ਐਸਿਆਂ ਨਾਮ ਪ੍ਰਾਪਤ ਤੇ ਅਨੰਦ ਪਾਇਆਂ ਦਾ ਨੇੜਪਣ ਉਨ੍ਹਾਂ ਭਾਗਾਂ ਵਾਲਿਆਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਤੇ ਵਾਹਿਗੁਰੂ ਮਿਹਰ ਦੀ ਦ੍ਰਿਸਟੀ ਪਾਉਂਦਾ ਹੈ। ਉਨ੍ਹਾਂ ਦੀ ਸਾਰੀ ਜ਼ਿੰਦਗੀ ਹੀ ਵਾਹਿਗੁਰੂ ਦੀ ਹਜ਼ੂਰੀ ਦੇ ਪ੍ਰਕਾਸ਼ ਵਿਚ ਗੁਜ਼ਰਨ ਕਰਕੇ ਟਿਕਾਉ ਬਣਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਐਸਿਆਂ ਟਿਕਾ ਪਾਇਆਂ ਨੂੰ ਹੀ ਉੱਚ ਸ਼ਖ਼ਸੀਅਤਾਂ ਜਾਣ ਆਦਰ ਦੇਂਦੇ ਰਵੋ। ੭।

**ਸ਼ਬਦ ਭਾਵ :**

ਜਾਤਾ : ਪ੍ਰਭੂ ਕਿਤਨਾ ਵੱਡਾ ਹੈ, ਦੀ ਸੋਝੀ ਆ ਗਈ।
ਸੋਭਾਵੰਤ : ਮੰਨੇ ਪ੍ਰਮੰਨੇ। ਮਾਨੀ। ਨਾਮੀ। (Reputable)
ਮੰਤ੍ਰ : ਰਤਾ ਕੁ ਉਪਦੇਸ਼ ਨਾਲ। ਥੋੜ੍ਹੇ ਜਿਹੇ ਸ਼ਬਦਾਂ ਨਾਲ ਹੀ। (One word)
ਦੂਖ ਬਿਸਾਰਨ : ਦੁੱਖ ਦੂਰ ਕਰਨ ਦੇ ਸਮਰਥ। (Reliever of suffering)
ਨਿਹਾਲ : ਸਦਾ ਖ਼ੁਸ਼। (Bliss)
ਬਡਭਾਗੈ : ਵਡੇ ਨਸੀਬਾਂ ਵਾਲੇ ਨੂੰ।
ਬਿਸ੍ਰਾਮੁ : ਪੂਰਨ ਟਿਕਾਉ। (Eternal peace)
ਊਤਮ : ਸ੍ਰੇਸ਼ਟ। ਵੱਡਾ ਮਹਾਂ ਪੁਰਸ਼। (Exalted). ੭.

## ਅਠਵੀਂ ਪਉੜੀ

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥
ਸਦਾ ਸਦਾ ਬਸੈ ਹਰਿ ਸੰਗਿ ॥
ਸਹਜ ਸੁਭਾਇ ਹੋਵੈ ਸੋ ਹੋਇ ॥
ਕਰਣੈਹਾਰੁ ਪਛਾਣੈ ਸੋਇ ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥
ਜੈਸਾ ਸਾ ਤੈਸਾ ਦ੍ਰਿਸਟਾਨਾ ॥
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥
ਓਇ ਸੁਖ ਨਿਧਾਨ ਉਨਹੂ ਬਨਿ ਆਏ ॥
ਆਪਸ ਕਉ ਆਪਿ ਦੀਨੋ ਮਾਨੁ ॥
ਨਾਨਕ ਪ੍ਰਭ ਜਨੁ ਏਕੋ ਜਾਨੁ ॥ ੮ ॥ ੧੪ ॥

**ਵਿਸਥਾਰ**

ਐਸੇ ਉੱਤਮ ਪੁਰਸ਼ਾਂ ਦੇ ਹਰ ਕੰਮ ਵਿਚੋਂ ਰੂਹਾਨੀ ਝਲਕ ਪ੍ਰਗਟ ਹੁੰਦੀ ਹੈ ਕਿਉਂਕਿ ਵਾਹਿਗੁਰੂ ਦਾ ਸਦੀਵੀ ਸਾਥ ਮਾਣਿਆ ਹੁੰਦਾ ਹੈ। ਨੀਵੀਂ ਗੱਲ ਦੀ ਆਸ ਐਸਿਆਂ ਪੁਰਸ਼ਾਂ ਕੋਲੋਂ ਹੋ ਹੀ ਨਹੀਂ

SIKHBOOKCLUB.COM

ਸਕਦੀ । ਐਸੇ ਉੱਚੇ ਪੁਰਸ਼, ਜੋ ਕੁਝ ਵਾਪਰਦਾ ਹੈ ਉਸ ਵਿਚ ਵਾਹਿਗੁਰੂ ਦੀ ਮਰਜ਼ੀ ਹੀ ਵਰਤ ਰਹੀ ਵੇਖਦੇ ਹਨ । **'ਸਹਜ ਸੁਭਾਇ ਹੋਵੈ ਸੋ ਹੋਇ ।'** ਇਥੋਂ ਤੱਕ ਕਿ ਹਰ ਵਾਪਰੀ ਘਟਨਾ ਵਿਚ ਵੀ ਸਿਰਜਨਹਾਰ ਦਾ ਪ੍ਰਤੱਖ ਨਜ਼ਾਰਾ ਕਰ ਲੈਂਦੇ ਹਨ । **'ਕਰਣੈਹਾਰੁ ਪਛਾਣੈ ਸੋਇ ।'** ਉਨ੍ਹਾਂ ਨੂੰ ਪ੍ਰਭੂ ਆਪਣੇ ਅਸਲ ਰੂਪ ਵਿਚ ਦਿੱਸ ਪੈਂਦਾ ਹੈ । **'ਜੈਸਾ ਸਾ ਤੈਸਾ ਦ੍ਰਿਸਟਾਨਾ ।'** ਉਹ ਸਾਫ਼ ਦੇਖ ਸਕਦਾ ਹੈ ਕਿ ਜੋ ਕੁਝ ਵੀ ਵਾਪਰ ਰਹਿਆ ਹੈ ਉਸ ਵਾਹਿਗੁਰੂ ਦੀ ਮਰਜ਼ੀ ਅਨੁਸਾਰ ਹੈ । ਇਸ ਤਰ੍ਹਾਂ ਉਸ ਵਿਚ ਹੀ ਸਮਾ ਜਾਂਦਾ ਹੈ ਜਿਸ ਤੋਂ ਹੋਂਦ ਵਿਚ ਆਇਆ ਸੀ । ਵਾਹਿਗੁਰੂ ਦਾ ਰੂਪ ਹੋ ਜਾਣ ਕਾਰਨ, ਐਸਿਆਂ ਦੀ ਸਭ ਤੋਂ ਵੱਡੀ ਸਿਫ਼ਤ ਇਹ ਹੁੰਦੀ ਹੈ (ਉਨਹੂ ਬਨਿ ਆਏ) ਕਿ ਉਹ ਸੁਖ ਸ਼ਾਂਤੀ ਦੀ ਖ਼ਾਨ (ਸੁਖ ਨਿਧਾਨ) ਬਣ ਜਾਂਦੇ ਹਨ । ਇਹ ਜੋ ਆਪਣੇ ਸੇਵਕ ਨੂੰ ਸੁੱਖਾਂ ਦੀ ਖਾਣ ਬਣਾ ਕੇ ਵਾਹਿਗੁਰੂ ਇਤਨਾ ਉੱਚਾ ਕਰਦਾ ਹੈ, ਇਹ ਉਹ ਅਸਲ ਵਿਚ ਆਪਣੇ ਆਪ ਨੂੰ ਮਾਣ ਦੇ ਰਹਿਆ ਹੁੰਦਾ ਹੈ ਕਿਉਂਕਿ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਸੇਵਕ ਤੇ ਪ੍ਰਭੂ ਵਿਚ ਹੁਣ ਰਤਾ ਭਰ ਵੀ ਫ਼ਰਕ ਨਹੀਂ ਰਹਿਆ । ੮ । ੧੪ ।

***ਸ਼ਬਦ ਭਾਵ :***

**ਰੰਗਿ** : ਰੂਹਾਨੀ ਰੰਗ ਵਿਚ । ਡੂੰਘੇ ਪਿਆਰ ਵਿਚ । (Heavenly air)

**ਸਹਜ ਸੁਭਾਇ** : ਮਰਜ਼ੀ ਮੁਤਾਬਿਕ, ਬਿਨਾਂ ਤਰੱਦਦ ਵਾਪਰੀ ਜਾਣਾ । (Happenings by divine will)

**ਮਾਹਿ** : ਅੰਦਰ । ਵਿਚੇ ।

**ਜੈਸਾ ਸਾ ਤੈਸਾ ਦ੍ਰਿਸਟਾਨਾ** : ਜਿਹੋ ਜਿਹਾ ਵਾਹਿਗੁਰੂ ਹੈ ਉਸ ਦਾ ਅਸਲੀ ਰੂਪ ਉਨ੍ਹਾਂ ਨੂੰ ਨਜ਼ਰੀਂ ਆ ਰਿਹਾ ਹੈ । ਜਗਤ ਦੀ ਤੁੱਛਤਾ ਤੇ ਵਾਹਿਗੁਰੂ ਦੀ ਉੱਚਤਾ ਤੋਂ ਜਾਣੂੰ ਹੋ ਜਾਂਦੇ ਹਨ ।

**ਸੁਖ ਨਿਧਾਨ** : ਸੁੱਖਾਂ ਦੀ ਖਾਣ ।

**ਉਨਹੂ ਬਨਿ ਆਏ** : ਖ਼ਾਸ ਸਿਫ਼ਤ । ਅਦੁੱਤੀ ਸ਼ੋਭਾ । ਜਿਸ ਵਰਗਾ ਹੋਰ ਕੋਈ ਨਾ ਹੋਵੇ । (Unique Quality) । ੮ । ੧੪ ।

## ਪੰਦਰਵੀਂ ਅਸ੍ਟਪਦੀ

***ਪੰਦਰ੍ਹਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਵਾਹਿਗੁਰੂ ਹੀ ਹੈ ਜੋ ਸਾਡੀ ਅੰਦਰਲੀ ਪੀੜਾ ਨੂੰ ਜਾਣਦਾ ਹੈ ਸੋ ਉਸ ਤੋਂ ਹੀ ਵਾਰਨੇ ਜਾ । ਉਹ ਹੀ ਹੈ ਜੋ ਵਿਛੋੜੇ ਦੀ ਪੀੜ ਮੁਕਾ ਸਕਦਾ ਹੈ । ਇਹ ਜਾਣ ਲੈ ਕਿ ਸਾਰੇ ਦੁੱਖ ਵਿਛੋੜੇ ਕਾਰਨ ਹਨ । ਇਹ ਵਿਛੋੜੇ ਦਾ ਦੁੱਖ ਕਿਸੇ ਹੋਰ ਢੰਗ ਨਾਲ ਨਹੀਂ ਹਟਣਾਂ । ਵਾਹਿਗੁਰੂ ਨੇ ਹੀ ਮਿਹਰ ਕਰਕੇ ਹਟਾਣਾ ਹੈ । ਇਕ ਹੋਰ ਪੀੜਾ ਜੋ ਜੀਵ ਦਾ ਖਹਿੜਾ ਨਹੀਂ ਛੱਡਦੀ ਉਹ ਹੈ : ਆਪਣੇ ਆਪ ਨੂੰ ਕੁਝ ਸਮਝਣਾ । ਰੂਪ, ਧਨ, ਸਰੀਰ

 www.sikhbookclub.com

ਬਲ ਜਾਂ ਦਾਨੀ ਹੋਣ ਦਾ ਮਾਣ ਕਰਨਾ, ਗਵਾਰ ਪੁਣੇ ਤੋਂ ਘੱਟ ਨਹੀਂ। ਇਨ੍ਹਾਂ ਤੇ ਮਾਣ ਕਰਨ ਨਾਲ ਸਗੋਂ ਹੰਕਾਰ ਦੀ ਪੀੜਾ ਵਧਦੀ ਹੈ। ਇਸ ਪੀੜਾ ਨੂੰ ਦੂਰ ਕਰਨ ਦਾ ਰਾਹ ਸ਼ਬਦ ਦੀ ਟੇਕ (ਸ਼ਬਦੁ ਅਸਥੰਮਨੁ), ਨਿੰਮ੍ਰਤਾ (ਗੁਰ ਚਰਣ) ਸ਼ਬਦ ਦੀ ਪੂਰੀ ਸੂਝ (ਗੁਰ ਦਰਸਨ) ਤੇ ਸਾਧ ਦਾ ਸੰਗ ਹੈ। ਇਹ ਰਾਹ ਅਪਣਾਇਆਂ ਐਸਾ ਆਤਮਿਕ ਚਾਨਣ ਮਿਲਦਾ ਹੈ ਕਿ ਫਿਰ ਨਾ ਰੂਪ, ਨਾ ਧਨ, ਅਤੇ ਨਾ ਆਪੇ ਤੇ ਮਾਣ ਦੀ ਭਾਵਨਾ ਜਾਗਦੀ ਹੈ।

ਜੇ ਇਨ੍ਹਾਂ ਢੰਗਾਂ ਨਾਲ ਵੀ ਅੰਦਰਲੀ ਪੀੜ ਨਾ ਜਾਏ ਤਾਂ ਵੀ ਨਹੀਂ ਘਬਰਾਉਣਾ ਕਿਉਂਕਿ ਇਹ ਦੁੱਖ ਸੁੱਖ ਦੀ ਭਾਵਨਾ ਉਸੇ ਨੇ ਹੀ ਬਖ਼ਸ਼ੀ ਹੈ। ਨਸੀਬਾਂ ਕਾਰਨ ਹੈ। ਲੱਗੇ ਰਹਿਣਾ ਹੈ। **'ਜਪ ਹਿਰਦੇ ਮਾਹਿ।'** ਕਿਉਂਕਿ ਇਸੇ ਜਪ ਕਾਰਨ ਹੀ ਪਤਿ ਬਚਣੀ ਹੈ ਤੇ ਨਸੀਬ ਬਦਲਣੇ ਹਨ। ਉਸ ਨੇ ਸੁੱਖਾਂ ਦੇ ਖ਼ਜ਼ਾਨੇ ਸਾਧੂ ਪਾਸ ਰੱਖੇ ਹਨ ਅਤੇ ਲੱਗੇ ਰਹਿਣ ਦਾ ਭਾਵ ਇਹ ਹੈ ਕਿ ਸਾਧ ਸੰਗ ਨਹੀਂ ਛਡਣਾ। ਇਹ ਵੀ ਹੰਕਾਰ ਦੀ ਹੀ ਇਕ ਸੂਖਮ ਸ਼ਕਲ ਹੈ ਕਿ ਇਹ ਖ਼ਿਆਲ ਉਪਜ ਪੈਣਾ ਕਿ ਮੇਰੇ ਕੀਤੇ ਜਤਨਾਂ ਨਾਲ ਪ੍ਰਾਪਤੀ ਕਿਉਂ ਨਹੀਂ ਹੋਈ। ਸੋ ਪੂਰਨ ਹਉਂ ਦਾ ਅਭਾਵ ਜ਼ਰੂਰੀ ਹੈ। ਵਾਹਿਗੁਰੂ ਦੀ ਯਾਦ ਤੋਂ ਸਿਵਾ ਜਦ ਹੋਰ ਕੋਈ ਖ਼ਿਆਲ ਨਹੀਂ ਉੱਠਦਾ ਤਾਂ ਨਿੰਮ੍ਰਤਾ ਆਉਂਦੀ ਹੈ ਅਤੇ ਗੁਣ ਗਾਉਣ ਦਾ ਰਸ ਮਿਲਣਾ ਅਰੰਭ ਹੋ ਜਾਂਦਾ ਹੈ। ਪੀੜਾ ਘਟਣੀ ਸ਼ੁਰੂ ਹੋ ਜਾਂਦੀ ਹੈ। ਉਸ ਦੀ ਇਕ ਨਜ਼ਰ ਵਿਚ ਹੀ ਸਾਰੇ ਖ਼ਜ਼ਾਨੇ ਹਨ। ਇਹ ਵੀ ਇਸ ਲਈ ਕਹਿ ਰਹੇ ਹਨ ਕਿ ਯਾਦ ਰਵ੍ਹੇ ਕਿ ਮਿਲਣਾ ਸਿਰਫ਼ ਮਿਹਰ ਸਦਕਾ ਹੈ। ਮਿਹਰ ਦੀ ਨਜ਼ਰ ਇਹ ਹੈ ਕਿ ਹਜ਼ੂਰੀ ਦਾ ਪ੍ਰਕਾਸ਼ ਹੋ ਜਾਂਦਾ ਹੈ। 'ਹਉਂ' ਦਾ ਹਰ ਰੂਪ ਦਿੱਸਣ ਲੱਗ ਪੈਂਦਾ ਹੈ ਤੇ ਹਉਂ ਦਾ ਦਾਅ ਅੰਦਰਲਾ ਨਹੀਂ ਖਾਂਦਾ। ਬਸ ਜੀਆ! ਯਕੀਨ (ਪਰਤੀਤਿ) ਨ ਟੁੱਟਣ ਦੇਈਂ। ਪਰਤੀਤਿ ਬਣੀ ਰਹਿੰਦੀ ਹੈ ਜੇ ਗੁਰਬਾਣੀ ਦੀ ਟੇਕ ਹੈ। ਗੁਰਬਾਣੀ ਹਉਂ ਦੀ ਪੀੜ ਮੁਕਾ ਕੇ ਸੱਚੇ ਤੱਕ ਲੈ ਜਾਏਗੀ।

**ਸਲੋਕੁ ॥**

**ਸਰਬ ਕਲਾ ਭਰਪੂਰ ਪ੍ਰਭ, ਬਿਰਥਾ ਜਾਨਨਹਾਰ ॥**
**ਜਾ ਕੈ ਸਿਮਰਨਿ ਉਧਰੀਐ, ਨਾਨਕ ਤਿਸੁ ਬਲਿਹਾਰ ।੧।**

**ਵਿਸਥਾਰ**

ਵਾਹਿਗੁਰੂ ਜੋ ਹਰ ਤਰ੍ਹਾਂ ਸਮਰਥਾਵਾਨ ਹੈ, ਸਭ ਥਾਈਂ ਵਿਆਪਕ ਹੈ ਅਤੇ ਉਸ ਦੀ ਵੱਡੀ ਵਡਿਆਈ ਇਹ ਹੈ ਕਿ ਹਰ ਇਕ ਦੇ ਅੰਦਰ ਦੀ ਪੀੜਾ, ਦਸ਼ਾ ਤੇ ਦਿਲਾਂ ਦੇ ਭੇਦਾਂ (ਬਿਰਥਾ) ਨੂੰ ਜਾਣਦਾ ਹੈ। ਉਸ ਦੀ ਯਾਦ ਪਕਾਇਆਂ ਭਵ ਸਾਗਰ ਵਿਚ ਗੋਤੇ ਨਹੀਂ ਖਾਣੇ ਪੈਂਦੇ, ਜਹਾਨੋਂ ਸਹਿਲੇ ਹੀ ਤਰ ਜਾਈਦਾ ਹੈ। ਕਾਮਯਾਬੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਉਹ ਸਿਰਫ਼ ਵਾਹਿਗੁਰੂ ਤੋਂ ਹੀ ਵਾਰਨੇ ਜਾਂਦੇ ਹਨ। ਕਿਸੇ ਹੋਰ ਦੀ ਪੂਜਾ ਵੱਲ ਧਿਆਨ ਤੱਕ ਨਹੀਂ ਜਾਂਦਾ।੧।

**ਸ਼ਬਦ ਭਾਵ :**

**ਸਰਬ ਕਲਾ** : ਹਰ ਤਰ੍ਹਾਂ ਸਮਰਥਾਵਾਨ। ਪੂਰਨ ਬਲ ਵਾਲਾ। ਕੌਤਕਹਾਰ। (All perfections)

**ਭਰਪੂਰ** : ਨਕੋ ਨਕ ਭਰਿਆ ।

**ਬਿਰਥਾ** : ਪੀੜਾ । ਵੇਦਨ । ਦਸ਼ਾ । ਅੰਦਰਲੇ ਭੇਦ । (State)

**ਉਧਰੀਐ** : ਜਹਾਜ਼ ਦਾ ਭੰਵਰ ਤੋਂ ਬਚ ਨਿਕਲ ਜਾਣਾ । ਮੁਕਤਾ । (Saved). ੧.

## ਪਹਿਲੀ ਪਉੜੀ

**ਟੂਟੀ ਗਾਢਨਹਾਰ ਗੁੋਪਾਲ ॥**
**ਸਰਬ ਜੀਆ ਆਪੇ ਪ੍ਰਤਿਪਾਲ ॥**
**ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥**
**ਤਿਸ ਤੇ ਬਿਰਥਾ ਕੋਈ ਨਾਹਿ ॥**
**ਰੇ ਮਨ ਮੇਰੇ ਸਦਾ ਹਰਿ ਜਾਪਿ ॥**
**ਅਬਿਨਾਸੀ ਪ੍ਰਭੁ ਆਪੇ ਆਪਿ ॥**
**ਆਪਨ ਕੀਆ ਕਛੂ ਨ ਹੋਇ ॥**
**ਜੇ ਸਉ ਪ੍ਰਾਨੀ ਲੋਚੈ ਕੋਇ ॥**
**ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥**
**ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥**

### ਵਿਸਥਾਰ

ਵਾਹਿਗੁਰੂ ਹੀ ਹੈ ਹਰ ਹਿਰਦੇ ਦੀ ਸੰਭਾਲ ਕਰਨ ਵਾਲਾ । ਉਸੇ ਨੇ ਹੀ ਮਿਹਰ ਵਿਚ ਆ ਕੇ ਟੁੱਟੀਆਂ ਆਤਮਾਵਾਂ ਨੂੰ ਜੋੜਨਾ ਹੈ । ਆਤਮਾ ਦੇ ਟੁੱਟ ਜਾਣ ਕਾਰਨ ਜੋ ਦੁੱਖ ਵਾਪਰਦੇ ਹਨ, ਉਹ ਬਗ਼ੈਰ ਪ੍ਰਮਾਤਮਾ ਨਾਲ ਜੁੜਿਆਂ ਦੂਰ ਨਹੀਂ ਹੋਣੇ । ਵਾਹਿਗੁਰੂ ਹੀ ਹੈ ਜਿਸ ਨੂੰ ਇਸ ਗੱਲ ਦਾ ਫ਼ਿਕਰ ਹੈ ਕਿ ਆਤਮਾ ਉਸ ਨਾਲੋਂ ਟੁੱਟ ਕੇ ਭਟਕ ਰਹੀ ਹੈ ਅਤੇ ਦੁੱਖਾਂ ਵਿਚ ਪੈ ਗਈ ਹੈ । ਸੋ ਆਪੇ ਹੀ ਵਾਹਿਗੁਰੂ ਮਿਹਰ ਕਰਕੇ ਨਾਲ ਜੋੜਨ ਦਾ ਬਾਨ੍ਹਣੂ ਬੰਨ੍ਹਦਾ ਹੈ । ਉਸ ਦੀ ਨਜ਼ਰ ਵਿਚ ਕੋਈ ਜੀਅ ਇਕ ਦੂਜੇ ਤੋਂ ਘੱਟ ਮਹੱਤਵਪੂਰਨ ਨਹੀਂ । ਹਰ ਇਕ ਦੀ ਮਹੱਤਤਾ ਹੈ ਤੇ ਹਰ ਇਕ ਕੋਲੋਂ ਉਸ ਨੇ ਕੋਈ ਨ ਕੋਈ ਕਾਰਜ ਨਿਭਾਉਣਾ ਹੈ, ਸੋ ਹਰ ਇਕ ਵੱਲ ਉਸ ਦਾ ਪੂਰਾ ਧਿਆਨ ਹੈ ।

ਮਨਾ, ਬਾਹਰ ਨ ਝਾਕ ! ਇਵੇਂ ਨਾ ਪ੍ਰਭੂ ਨਾਲੋਂ ਟੁੱਟ ਕੇ ਪਿਆ ਭਟਕ । ਉਸ ਦੀ ਯਾਦ ਪਕਾ ਜੋ ਅਟਲ ਹੈ, ਹਕੀਕਤ ਹੈ ਅਤੇ ਜਿਸ ਜਿਹਾ ਹੋਰ ਕੋਈ ਨਹੀਂ ।

ਤੇਰੇ ਆਪਣੇ ਕਿਸੇ ਜਤਨ ਨਾਲ ਇਸ ਟੁੱਟੀ ਆਤਮਾ ਨੇ ਉਸ ਨਾਲ ਨਹੀਂ ਜੁੜਨਾ । ਇਹ ਵਿਛੋੜਾ ਨਹੀਂ ਮੁੱਕਣਾ ਭਾਵੇਂ ਕਰਮ ਕਾਂਡਾਂ, ਤੀਰਥਾਂ ਅਤੇ ਤਪਾਂ ਵਾਲੇ ਸੌ ਰਾਹ ਪਿਆ ਅਪਣਾ ।

ਬਸ ਇਹ ਸਮਝ ਲੈ ਕਿ ਇਸ ਤੋਂ ਬਿਨਾਂ ਕਿਸੇ ਨੇ ਵਿਛੋੜੇ ਦੀ ਪੀੜ ਨਹੀਂ ਹਟਾਉਣੀ । ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਫ਼ਰਮਾਂਦੇ ਹਨ:ਕਿ ਜਿਸ ਨੇ ਵੀ ਨਿਰੋਲ ਇਕ ਪ੍ਰਭੂ ਨੂੰ ਵਸੀਲਾ ਬਣਾਇਆ, ਸਫ਼ਲ ਹੋ ਗਿਆ । ਟੁੱਟੀ ਗੰਢੀ ਗਈ । ਆਤਮਾ ਉਚਿਆਈ ਗਈ । '**ਗਤਿ ਨਾਨਕ ਜਪਿ ਏਕ ਹਰਿ ਨਾਮ**' । ੧" ।

 www.sikhbookclub.com

ਸ਼ਬਦ ਭਾਵ :

**ਟੂਟੀ** : ਆਤਮਾ ਦਾ ਟੁੱਟ ਕੇ ਬਿਖਰ ਜਾਣਾ। ਸ਼ਖ਼ਸੀਅਤ ਦਾ ਟੋਟੇ-ਟੋਟੇ ਹੋ ਜਾਣਾ। (Split personality)

**ਗੁੋਪਾਲ** : ਜਿਸ ਸ਼ਬਦ ਨਾਲ ਦੋ ਮਾਤ੍ਰਾ ਲਗੀਆਂ ਹੋਣ ਉਹ ਇਸ ਗੱਲ ਦਾ ਸੰਕੇਤ ਦੇਂਦੀਆਂ ਹਨ ਕਿ ਸ਼ਬਦ ਦਾ ਸਹੀ ਰੂਪ ਕਿਹੜਾ ਹੈ ਅਤੇ ਛੰਦ ਦੀ ਚਾਲ ਨੂੰ ਮੁਖ ਰੱਖਕੇ ਵਰਤਿਆਂ ਕਿਹੜਾ ਹੈ। ਜਿਵੇਂ ਇਥੇ ਸ਼ਬਦ ਤਾਂ **ਗੋਪਾਲ** ਹੈ ਪਰ ਇਥੇ ਪੜ੍ਹਨਾ **ਗੁਪਾਲ** ਹੈ।

**ਜੀਅ** : ਹਿਰਦਿਆ।

**ਚਿੰਤਾ** : ਫ਼ਿਕਰ। ਖ਼ਿਆਲ। ਸੰਭਾਲ। (Concerned)

**ਬਿਰਥਾ** : ਖ਼ਾਲੀ। ਵਾਂਝਿਆ। (Deprived)

**ਅਬਿਨਾਸੀ** : ਨਾ ਟੁੱਟਣ ਵਾਲਾ। ਨਾਸ-ਰਹਿਤ।

**ਲੋਚੈ** : ਤਰਲਾ ਲਵੇ। ਤਰੱਦਦ ਕਰੇ। (Strains)

**ਗਤਿ** : ਉੱਚਿਆਂ ਹੋਣਾ। ਆਤਮਾ ਦਾ ਉੱਚਿਆਂ ਹੋ ਕੇ ਪ੍ਰਮਾਤਮਾ ਨੂੰ ਜਾ ਪਹੁੰਚਣਾ। ੧।

## ਦੂਜੀ ਪਉੜੀ

SIKHBOOKCLUB.COM

**ਰੂਪਵੰਤੁ ਹੋਇ ਨਾਹੀ ਮੋਹੈ ॥**
**ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥**
**ਧਨਵੰਤਾ ਹੋਇ ਕਿਆ ਕੋ ਗਰਬੈ ॥**
**ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥**
**ਅਤਿ ਸੂਰਾ ਜੇ ਕੋਊ ਕਹਾਵੈ ॥**
**ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥**
**ਜੇ ਕੋ ਹੋਇ ਬਹੈ ਦਾਤਾਰੁ ॥**
**ਤਿਸੁ ਦੇਨਹਾਰੁ ਜਾਨੈ ਗਾਵਾਰੁ ॥**
**ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥**
**ਨਾਨਕ ਸੋ ਜਨੁ ਸਦਾ ਅਰੋਗੁ ॥ ੨ ॥**

## ਵਿਸਥਾਰ

ਜੇ ਕੋਈ ਖ਼ੂਬਸੂਰਤ ਹੈ ਤਾਂ ਇੰਜੇ ਹੀ ਆਪਣੇ ਤੇ ਮਸਤ ਨਾ ਹੋਈ ਫਿਰੇ। ਇਹ ਤਾਂ ਪ੍ਰਭੂ ਦਾ ਲਗਾਤਾਰ ਸੁਹਾਣਾ ਚਾਨਣ ਹੈ ਜੋ ਹਰ ਇਕ ਵਿਚ ਚਮਕ ਦੇ ਰਹਿਆ ਹੈ, ਇਹ ਸੁੰਦਰਤਾ ਉਸ ਚਮਕ ਕਾਰਨ ਹੈ। ਆਪਣੀ ਹੀ ਸ਼ਕਲ ਤੇ ਮੋਹਤ ਹੋਣਾ, ਇਕ ਵੱਡੀ ਬਿਮਾਰੀ ਹੈ ਜਿਸ ਨੂੰ ਨਾਰਸਿਜ਼ਮ (Narcissim) ਕਹਿੰਦੇ ਹਨ। ਇਸ ਤੋਂ ਬਚਣ ਦਾ ਰਾਹ ਦੱਸ ਰਹੇ ਹਨ।

ਫਿਰ ਇਨਸਾਨ ਨੂੰ ਇਕ ਹੋਰ ਰੋਗ ਜਿਸ ਨੇ ਜੀਵ ਨੂੰ ਗ੍ਰਸਿਆ ਹੋਇਆ ਹੈ ਉਹ ਹੈ ਧਨ ਦਾ ਹੰਕਾਰ। ਫ਼ਰਮਾ ਰਹੇ ਹਨ ਕਿ ਧਨਵਾਨ ਹੋ ਕੇ ਕਾਹਨੂੰ ਹੰਕਾਰ ਵਿਚ ਪੈਂਦਾ ਹੈ, ਇਹ ਸਾਰਾ ਮਾਲ ਖ਼ਜ਼ਾਨਾ ਤਾਂ ਉਸ ਵਾਹਿਗੁਰੂ ਦਾ ਜੀਵਾਂ ਨੂੰ ਤੁਹਫ਼ੇ ਵਜੋਂ ਹੀ

ਦਿੱਤਾ ਗਿਆ ਹੈ। ਕਿਸੇ ਆਪਣੇ ਜਤਨ ਨਾਲ ਨਹੀਂ ਪਾਇਆ। 'ਕਿਸੈ ਨ ਆਪਿ।' ਸਭ ਕੁਝ ਮਿਹਰ ਕਰਕੇ ਹੀ ਮਿਲਿਆ ਹੈ।

ਤੀਜਾ ਹੰਕਾਰ ਇਸ ਇਨਸਾਨ ਨੂੰ ਸਰੀਰਕ ਬਲ ਦਾ ਹੈ। ਆਪਣੇ ਆਪ ਨੂੰ ਵੱਡਾ ਸੂਰਮਾ ਕਹਿਲਾਂਦਾ ਹੈ, ਵੀਣੀਆਂ ਮਰੋੜਦਾ ਹੈ ਪਰ ਦੱਸੇ ਕਿ ਉਸ ਦੀ ਬਖਸ਼ੀ ਜੀਵਨ ਰੂਪੀ ਰੌ (ਕਲਾ) ਬਿਨਾਂ ਕਿਸੇ ਪਾਸੇ ਜਾ ਸਕਦਾ ਹੈ, ਕੁਝ ਹਾਸਲ ਕਰ ਸਕਦਾ ਹੈ ? ਜੇ ਕਲਾ ਹੀ ਖੱਸ ਲਵੇ ਤਾਂ ਦੱਸੇ ਤਾਂ ਸਹੀ ਹਰਕਤ ਕੀ ਕਰ ਸਕੇਗਾ। ਫਿਰ ਮਾਣ ਕਾਹਦਾ।

ਚੌਥਾ ਹੰਕਾਰ ਜੋ ਇਸ ਨੂੰ ਖਾਈ ਜਾ ਰਹਿਆ ਹੈ ਕਿ ਆਪਣੇ ਆਪ ਨੂੰ ਦੇਣ ਯੋਗ ਗਿਣਨ ਲੱਗ ਪਿਆ ਹੈ। ਭਲਾ ਕੋਈ ਪੁੱਛੇ ਕਿ ਦਿੱਤੀਆਂ ਹੋਈਆਂ ਦਾਤਾਂ ਸਿਰਫ਼ ਵੰਡਣ ਕਰਕੇ ਜੋ ਆਪਣੇ ਆਪ ਨੂੰ ਦਾਤਾਰ ਕਹਿਲਾਉਣ ਲੱਗ ਪਵੇ ਤਾਂ ਉਸ ਨੂੰ ਕੋਈ ਮੂਰਖ ਗਵਾਰ ਹੀ, ਦੇਣਹਾਰ ਜਾਣੇਗਾ। ਕਿਉਂਕਿ ਸਮਝ ਵਾਲਾ ਤਾਂ ਜਾਣਦਾ ਹੈ ਕਿ ਦੇਣਹਾਰ ਸਿਰਫ਼ ਇਕ ਪ੍ਰਭੂ ਹੈ।

ਇਹ ਸਭ ਹਉਂ ਰੋਗ (ਆਪਣੇ ਤੇ ਹੀ ਮਸਤ ਹੋਣਾ, ਧਨ ਦਾ ਗਰਬ, ਸਰੀਰਕ ਬਲ ਦੱਸਣਾ, ਦਾਨੀ ਕਹਿਲਾਉਣਾ) ਗੁਰਬਾਣੀ ਦੁਆਰਾ ਹੀ ਹਟਣੇ ਹਨ ਤੇ ਗੁਰੂ ਅਰਜਨ ਜੀ, ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਿਨ੍ਹਾਂ ਦੇ ਇਹ ਰੋਗ ਹਟ ਗਏ ਉਹ ਸਦਾ ਹੀ ਨਰੋਏ ਰਹਿਣਗੇ ਕਿਉਂਕਿ ਉਨ੍ਹਾਂ ਨੂੰ ਰੋਗਾਂ ਦਾ ਰੋਗ, ਹਉਂ ਰੋਗ ਕਦੇ ਨਹੀਂ ਚੰਬੜੇਗਾ। ੨।

SIKHBOOKCLUB.COM

*ਸ਼ਬਦ ਭਾਵ :*

**ਰੂਪਵੰਤੁ** : ਖ਼ੂਬਸੂਰਤ ! ਸੁਹਣੀ ਸ਼ਕਲ ਵਾਲਾ।

**ਮੋਹੈ** : ਆਪਣੇ ਹੀ ਰੂਪ ਨੂੰ ਦੇਖ ਮਸਤ ਹੋ ਜਾਣਾ। ਇਹ ਇਕ ਮਾਨਸਿਕ ਰੋਗ ਹੈ ਜਿਸ ਵਿਚ ਇਨਸਾਨ ਅਪਣੀ ਹੀ ਸ਼ਕਲ ਸ਼ੀਸ਼ੇ ਵਿਚ ਦੇਖ ਆਪਣੇ ਤੇ ਮੋਹਿਤ ਹੋ ਜਾਂਦਾ ਹੈ। ਰੂਮ ਦੇ ਇਕ ਸਹਿਜ਼ਾਦੇ ਨਾਰੂ ਨੇ ਜਦ ਆਪਣੀ ਸ਼ਕਲ ਪਾਣੀ ਵਿਚ ਦੇਖੀ ਤਾਂ ਆਪਣੇ ਤੇ ਹੀ ਮਸਤ ਹੋ ਗਿਆ ਸੀ। ਰੋਗ ਦਾ ਨਾਂ ਹੀ ਨਾਰਸਿਜ਼ਮ (Narcissim) ਪੈ ਗਿਆ।

**ਗਰਬੈ** : ਹੰਕਾਰ।

**ਦਰਬੈ** : ਮਾਲ। ਧਨ। ਦੌਲਤ।

**ਕਲਾ** : ਜੀਵਨ ਰੌ। (Life-nerve)

**ਗਾਵਾਰੁ** : ਮੂਰਖ। ਮੂੜ੍ਹ। (Ignorant)

**ਗੁਰ ਪ੍ਰਸਾਦਿ** : ਗੁਰਬਾਣੀ ਰਾਹੀਂ। ੨।

## *ਤੀਜੀ ਪਉੜੀ*

**ਜਿਉ ਮੰਦਰ ਕਉ ਥਾਮੈ ਥੰਮਨੁ ॥**
**ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥**
**ਜਿਉ ਪਾਖਾਣੁ ਨਾਵ ਚੜਿ ਤਰੈ ॥**
**ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥**

 www.sikhbookclub.com

ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥
ਨਾਨਕ ਕੀ ਹਰਿ ਲੋਚਾ ਪੂਰਿ ॥ ੩ ॥

**ਵਿਸਥਾਰ**

ਗੁਰ-ਸ਼ਬਦ ਵਿਚ ਹੀ ਇਹ ਸ਼ਕਤੀ ਹੈ ਕਿ ਢਹਿੰਦੇ-ਉਠਦੇ ਮਨ ਨੂੰ ਥੰਮ੍ਹੀ ਦੇ ਕੇ ਟਿਕਾ ਸਕਦਾ ਹੈ। ਜਿਵੇਂ ਕਿਸੇ ਘਰ ਮਕਾਨ ਦੀ ਛੱਤ ਟਿਕਵੀਂ ਰੱਖਣ ਲਈ ਥੰਮ੍ਹ ਦੀ ਲੋੜ ਹੁੰਦੀ ਹੈ ਤਿਵੇਂ ਮਨ ਵਿਚ ਜੋ ਢਹਿ ਮਾਯੂਸ ਹੋ ਡਿੱਗ ਪੈਣ ਦੀ ਆਦਤ ਹੈ ਜਾਂ ਚਾਅ ਖੁਸ਼ੀ ਵਿਚ ਉੱਡ ਜਾਣ ਦੀ, ਮਨ ਨੂੰ ਹੋਰ ਕੋਈ ਟਿਕਵਾਂ ਨਹੀਂ ਰੱਖ ਸਕਦਾ, ਸਿਵਾਏ ਸ਼ਬਦ ਦੇ। ਇਕ ਹੋਰ ਉਪਾਅ ਮਨ ਨੂੰ ਟਿਕਾਉਣ ਦਾ ਦਸਦੇ ਹੋਏ ਕਹਿੰਦੇ ਹਨ ਕਿ ਜਿਵੇਂ ਪੱਥਰ ਨੂੰ ਬੇੜੀ ਤੇ ਰੱਖ ਦਿਓ ਤਾਂ ਬੇੜੀ ਆਪੇ ਹੀ ਪੱਥਰ ਨੂੰ ਪਾਰ ਕਰ ਦੇਵੇਗੀ। ਪੱਥਰ ਨੂੰ ਸਿਰਫ ਚੁੱਕ ਬੇੜੀ ਤੇ ਰੱਖਣਾ ਹੈ। ਤਿਵੇਂ ਮੁਰਦਾ ਟੁੱਟੀ ਆਤਮਾ ਨੂੰ ਸ਼ਬਦ ਦੇ ਨੇੜੇ ਕਰਨ ਦੀ ਢਿੱਲ ਹੈ। ਸ਼ਬਦ ਆਪ ਹੀ ਤਾਜ਼ਗੀ ਭਰ ਕੇ ਪ੍ਰਭੂ ਪਾਸੇ ਪਾ, ਪਾਰ ਕਰ ਦੇਵੇਗਾ।

ਇਕ ਹੋਰ ਉਦਾਹਰਣ ਦੇਂਦੇ ਹਨ ਕਿ ਜਿਵੇਂ ਕਿਤਨਾ ਹੀ ਘੁੱਪ ਹਨੇਰਾ ਹੋਵੇ ਦੀਵੇ ਦਾ ਚਾਨਣ ਹੋਇਆਂ ਹੀ ਛਟ ਜਾਂਦਾ ਹੈ, ਤਿਵੇਂ ਸ਼ਬਦ ਦੀ ਸੂਝ ਆਇਆਂ (ਗੁਰ ਦਰਸਨੁ ਦੇਖਿ) ਜਿਸ ਮਨ ਨੂੰ ਕੁਝ ਸੁਝਦਾ ਨਹੀਂ ਸੀ ਕਿ ਕਿੱਧਰ ਜਾਵਾਂ, ਐਸਾ ਚਾਨਣ ਮਿਲਦਾ ਹੈ ਕਿ ਦੁਨਿਆਵੀ ਪਦਾਰਥਾਂ ਤੋਂ ਉੱਚਾ ਹੋ ਖਿੜ ਪੈਂਦਾ ਹੈ। ਉਸ ਦਾ ਚਾਅ ਹੁਣ ਥੰਮ੍ਹਿਆ ਹੀ ਨਹੀਂ ਜਾਂਦਾ।

ਫਿਰ ਸਮਝਾਂਦੇ ਹਨ ਕਿ ਜਿਵੇਂ ਕੋਈ ਜੰਗਲ ਵਿਚ ਘਿਰ ਜਾਏ ਤੇ ਰਾਹ ਨਾ ਦਿਸੇ ਤਾਂ ਬਿਜਲੀ ਦੀ ਰੌਸ਼ਨੀ ਖਿਨ ਪਲ ਲਈ ਵੀ ਹੋਇਆਂ ਰਾਹ ਦਿੱਸ ਪੈਂਦਾ ਹੈ ਤਿਵੇਂ ਜਦ ਮਨ ਉਲਝਨ ਜਾਂ ਭੰਬਲਭੂਸੇ ਵਿਚ ਪੈ ਜਾਏ ਤਾਂ ਰਾਹ ਦੇ ਜਾਣੂੰਆਂ ਦਾ ਰਤਾ ਕੁ ਸਾਥ ਮਿਲ ਜਾਏ ਤਾਂ ਉਹ ਗੁਰੂ ਸ਼ਬਦ ਦਾ ਐਸਾ ਚਾਨਣ ਬਖਸ਼ਣਗੇ ਕਿ ਅੰਦਰ ਚਾਨਣ ਹੋ ਜਾਏਗਾ ਤੇ ਆਪਣੀ ਆਤਮਾ (ਜੋਤ) ਜਗਮਗਾ ਪਵੇਗੀ ਅਤੇ ਪ੍ਰਭੂ ਦਾ ਰਾਹ ਸਾਫ਼ ਦਿੱਸ ਆਵੇਗਾ। ਦੁਨਿਆਵੀ ਖਿੱਚ ਨਹੀਂ ਪਵੇਗੀ।

ਆਪੇ ਤੇ ਕਾਬੂ ਪਾਇਆਂ, ਸਾਧੂਆਂ ਦੇ ਪਾਏ ਪੂਰਨਿਆਂ ਤੇ ਤੁਰਨ (ਧੂੜ) ਨੂੰ ਤਰਸਦਾ ਹਾਂ ਕਿਉਂਕਿ ਉਨ੍ਹਾਂ ਦੀ ਹੀ ਸੰਗਤ ਨੇ ਸ਼ਬਦ ਦੀ ਸੂਝ ਦਿੱਤੀ ਜਿਸ ਕਾਰਨ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਵਾਹਿਗੁਰੂ ਦੇ ਦੀਦਾਰ ਦੀ ਖ਼ਾਹਿਸ਼ ਪੂਰੀ ਹੋਈ। ੩।

**ਸ਼ਬਦ ਭਾਵ :**

ਥੰਮਨੁ : ਥੰਮ੍ਹ। (Pillar)

ਮਨਹਿ

ਅਸਥੰਮਨੁ : ਮਨ ਦਾ ਸਹਾਰਾ। ਮਨ ਦੀ ਥੰਮ੍ਹੀ।

 www.sikhbookclub.com

ਪਾਖਾਣੁ : ਪੱਥਰ ।
ਅੰਧਕਾਰ : ਘੁਪ ਹਨੇਰਾ । (Utter darkness)
ਬਿਗਾਸੁ : ਖਿੜ ਪਿਆ । (Bloom)
ਮਹਾ ਉਦਿਆਨ : ਭਿਆਨਕ ਜੰਗਲ ।
ਬਾਛਉ : ਮੰਗਦਾ ਹਾਂ । (Seek)
ਲੋਚਾ : ਖ਼ਾਹਿਸ਼ਾਂ । ਚਾਹ । (Desire). ੩.

## ਚੌਥੀ ਪਉੜੀ

ਮਨ ਮੂਰਖ ਕਾਹੇ ਬਿਲਲਾਈਐ ॥
ਪੁਰਬ ਲਿਖੇ ਕਾ ਲਿਖਿਆ ਪਾਈਐ ॥
ਦੂਖ ਸੂਖ ਪ੍ਰਭ ਦੇਵਨਹਾਰੁ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥
ਭੂਲਾ ਕਾਹੇ ਫਿਰਹਿ ਅਜਾਨ ॥
ਕਉਨ ਬਸਤੁ ਆਈ ਤੇਰੈ ਸੰਗ ॥
ਲਪਟਿ ਰਹਿਓ ਰਸਿ ਲੋਭੀ ਪਤੰਗ ॥
ਰਾਮ ਨਾਮ ਜਪਿ ਹਿਰਦੇ ਮਾਹਿ ॥
ਨਾਨਕ ਪਤਿ ਸੇਤੀ ਘਰਿ ਜਾਹਿ ॥ ੪ ॥

SIKHBOOKCLUB.COM

## ਵਿਸਥਾਰ

ਜੋ ਉਜੱਡ ਹੈ, ਨਾ ਸਮਝ ਹੈ, ਉਹ ਹੀ ਫ਼ਜ਼ੂਲ ਰੌਲਾ ਮਚਾਂਦਾ ਹੈ ਕਿ ਇਤਨਾ ਕੁਝ ਕਰਕੇ ਵੀ ਕਿਉਂ ਕੁਝ ਪ੍ਰਾਪਤ ਨਹੀਂ ਹੋਇਆ । ਉਸ ਬੇਸਮਝ ਨੂੰ ਇਤਨਾ ਵੀ ਪਤਾ ਨਹੀਂ ਕਿ ਮਿਲਣਾ ਤਾਂ ਉਹ ਹੈ ਜੋ ਭਾਗਾਂ ਵਿਚ ਲਿਖਿਆ ਹੈ ।

ਇਹ ਦੁੱਖ ਸੁਖ ਜੋ ਸਰੀਰਾਂ ਨੂੰ ਵਾਪਰਦੇ ਹਨ, ਪ੍ਰਭੂ ਨੇ ਹੀ ਦਿੱਤੇ ਹੋਏ ਹਨ। ਕਿਸੇ ਹੋਰ ਅਗੇ ਤਰਲੇ ਲੈਣ ਦੀ ਥਾਂ ਪ੍ਰਭੂ ਨੂੰ ਹੀ ਪੁਕਾਰ ਜਿਸ ਨੇ ਦੁੱਖ ਦਿੱਤੇ ਹਨ ਤੇ ਜਿਸ ਮਿਹਰ ਕਰਕੇ ਸੁਖ ਦੇਣਾ ਹੈ । ਜੋ ਵਾਹਿਗੁਰੂ ਕਰ ਰਹਿਆ ਹੈ, ਉਸ ਨੂੰ ਸੁੱਖ ਦਾ ਸਾਮਾਨ ਸਮਝ ਕਿਉਂਕਿ ਉਹ ਹੀ ਜਾਣਦਾ ਹੈ ਕਿ ਕੀ ਸੁੱਖ ਤੇ ਕੀ ਦੁੱਖ ਹੈ । ਮੂਰਖਪੁਣਾ ਕਰਕੇ ਇੰਜੇ ਭੁਲੇਖਿਆਂ ਵਿਚ ਪੈ ਨਾ ਭਟਕ !

ਜੇ ਰਤਾ ਕੁ ਸੋਚੇਂ ਤਾਂ ਤੈਨੂੰ ਦੁੱਖ ਸੁੱਖ ਦੀ ਹਕੀਕਤ ਦਾ ਪਤਾ ਲੱਗ ਜਾਏਗਾ । ਮੋਟੀ ਗੱਲ ਹੀ ਤੱਕ ਕਿ ਕੋਈ ਸ਼ੈ ਤੇਰੇ ਨਾਲ ਆਈ ਸੀ; ਜੇ ਨਹੀਂ ਆਈ ਤਾਂ ਫਿਰ ਕਿਸੇ ਸ਼ੈ ਦੇ ਮਿਲਣ ਦਾ ਸੁੱਖ ਕਾਹਦਾ ਤੇ ਗਈ ਦਾ ਦੁੱਖ ਕਾਹਦਾ । ਭੰਬਟ ਵਾਂਗੂ ਕਿਉਂ ਲਾਲਚ ਦੇ ਵਸ ਵਿਚ ਪੈ ਆਪਾ ਸਾੜਦਾ ਹੈਂ, ਦੁਖੀ ਹੋ ਰਹਿਆ ਹੈਂ, ਵਿਰਲਾਪ ਕਰਦਾ ਹੈਂ ।

ਸਿਰਫ ਉਸ ਪ੍ਰਭੂ ਦੀ ਯਾਦ ਹਿਰਦੇ ਵਿਚ ਟਿਕਾ ਕੇ ਰੱਖ ਕਿਉਂਕਿ ਇਹ ਸਿਮਰਨ ਸੀ ਜਿਸ ਤੈਨੂੰ ਦੁੱਖਾਂ ਤੋਂ ਬਚਾਈ ਰਖਿਆ । ਵਿਸਰਨ ਨਾਲ ਹੀ ਦੁੱਖਾਂ ਨੇ ਘੇਰਿਆ।

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜੇ ਯਾਦ ਤੋੜ ਤਕ ਰੱਖੀ, ਮਿਲੇ ਸੁਆਸਾਂ ਨੂੰ ਜ਼ਾਇਆ ਨਾ ਜਾਣ ਦਿੱਤਾ ਤਾਂ ਕਦੇ ਵਾਹਿਗੁਰੂ ਨਾਲੋਂ ਟੁੱਟਣਾ ਨਹੀਂ ਹੋਵੇਗਾ। ਅਸਲੇ ਨਾਲ ਜੁੜੇ ਰਹਿਣ ਕਾਰਨ ਭਟਕਣਾ ਨਹੀਂ ਹੋਵੇਗੀ। ਘਬਰਾਹਟ ਘੇਰੇਗੀ ਨਹੀਂ ਅਤੇ ਪੂਰਨ ਇੱਜ਼ਤ ਨਾਲ ਇਥੋਂ ਜਾਏਂਗਾ। ੪।

**ਸ਼ਬਦ ਭਾਵ :**

**ਬਿਲਲਾਈਐ** : ਵਿਰਲਾਪ। ਚੀਖ ਚਿਹਾੜਾ। (Plaintive howl)

**ਪੁਰਬ** : ਪਹਿਲਾਂ ਦੀ, ਭਾਗਾਂ ਵਿਚ।

**ਅਵਰ** : ਹੋਰ। ਦੂਜਾ।

**ਚਿਤਾਰੁ** : ਚੇਤੇ ਵਿਚ ਰੱਖ। ਕਦੇ ਨਾ ਵਿਸਾਰ।

**ਅਜਾਨ** : ਨਾ-ਸਮਝ। ਬੱਚਿਆਂ ਵਾਂਗ।

**ਲਪਟਿ ਰਹਿਓ** : ਮਸਤ ਹੋ ਜਾਣਾ। ਹੋਰ ਸਭ ਕੁਝ ਭੁੱਲ ਜਾਣਾ।

**ਰਸਿ** : ਸੁਆਦ ਵਿਚ।

**ਪਤਿ** : ਇੱਜ਼ਤ ਨਾਲ।

**ਸੇਤੀ** : ਨਾਲ।

**ਘਰਿ** : ਵਾਹਿਗੁਰੂ ਪਾਸ। ੪।

## ਪੰਜਵੀਂ ਪਉੜੀ

**ਜਿਸੁ ਵਖਰ ਕਉ ਲੈਨਿ ਤੂ ਆਇਆ ॥**
**ਰਾਮ ਨਾਮੁ ਸੰਤਨ ਘਰਿ ਪਾਇਆ ॥**
**ਤਜਿ ਅਭਿਮਾਨੁ ਲੇਹੁ ਮਨ ਮੋਲਿ ॥**
**ਰਾਮ ਨਾਮੁ ਹਿਰਦੇ ਮਹਿ ਤੋਲਿ ॥**
**ਲਾਦਿ ਖੇਪ ਸੰਤਹ ਸੰਗਿ ਚਾਲੁ ॥**
**ਅਵਰ ਤਿਆਗਿ ਬਿਖਿਆ ਜੰਜਾਲ ॥**
**ਧੰਨਿ ਧੰਨਿ ਕਹੈ ਸਭੁ ਕੋਇ ॥**
**ਮੁਖ ਊਜਲ ਹਰਿ ਦਰਗਹ ਸੋਇ ॥**
**ਇਹੁ ਵਾਪਾਰੁ ਵਿਰਲਾ ਵਾਪਾਰੈ ॥**
**ਨਾਨਕ ਤਾ ਕੈ ਸਦ ਬਲਿਹਾਰੈ ॥ ੫ ॥**

**ਵਿਸਥਾਰ**

ਜਿਸ ਨਾਮ ਵਸਤੂ ਬਗੈਰ ਤੇਰਾ ਦੁੱਖਾਂ ਤੋਂ ਛੁਟਕਾਰਾ ਨਹੀਂ ਹੋਣਾ ਤੇ ਪਤਿ ਸੇਤੀ ਪ੍ਰਭੂ ਪਾਸ ਜਾਣ ਨਹੀਂ ਹੋਣਾ, ਅਸਲ ਵਿਚ ਉਹ ਸੌਦਾ ਖੱਟਣ ਲਈ ਹੀ ਤੂੰ ਸੰਸਾਰ ਤੇ ਆਇਆ ਹੈਂ ਅਤੇ ਇਹ ਰਾਮ ਨਾਮ ਵੱਖਰ ਪ੍ਰਭੂ ਨੇ ਸੰਤਾਂ ਦੇ ਪਾਵਨ ਹਿਰਦੇ ਵਿਚ ਰਖਿਆ ਹੋਇਆ ਹੈ। ਇਹ ਮਿਲਣਾ ਹੈ ਹੰਕਾਰ ਛੱਡਿਆਂ ਤੇ ਹੰਕਾਰ ਛੱਡਣ ਦੇ ਵਟੇ ਵਜੋਂ ਮਨ ਖ਼ਰੀਦਿਆ ਜਾਏਗਾ। ਮਨ ਜੋ ਪਰਾਇਆ ਸੀ, ਆਪਣਾ ਬਣ ਜਾਏਗਾ। ਖ਼ਰੀਦੀ ਹੋਈ ਚੀਜ਼ ਆਪਣੀ ਹੋ ਜਾਂਦੀ ਹੈ ਤੇ ਜਿਥੇ ਮਰਜ਼ੀ ਲੈ ਜਾਈਏ। ਅੱਗੇ ਮਨ ਜਿਥੇ ਚਾਹੁੰਦਾ ਸੀ ਲੈ ਜਾਂਦਾ ਸੀ ਹੁਣ ਖ਼ਰੀਦੇ

 www.sikhbookclub.com

ਜਾਣ ਨਾਲ ਮਨ ਮਰਜ਼ੀ ਨਹੀਂ ਕਰ ਸਕਦਾ। ਅਨੁਸਾਰੀ ਹੋ ਟੁਰਦਾ ਹੈ। ਟਿਕੇ ਮਨ ਨਾਲ ਹਿਰਦੇ ਵਿਚ ਪ੍ਰਭੂ ਦੀ ਯਾਦ ਤੋਲੀ ਜਾ। ਦੇਖੀ ਜਾ ਕਿ ਕਿਤਨੇ ਚਿਰ ਲਈ ਯਾਦ ਵਿਸਾਰੀ ਹੈ। ਪ੍ਰਭੂ ਦੀ ਯਾਦ ਤੇ ਹਜ਼ੂਰੀ ਦੇ ਅਨੰਦ ਦਾ ਸੌਦਾ ਲੈ, ਮਹਾਂ ਪੁਰਸ਼ਾਂ, ਜਿਨ੍ਹਾਂ ਨੇ ਹਿਰਦੇ ਵਿਚ ਯਾਦ ਪੱਕੀ ਕਰ ਲਈ ਹੈ, ਦੀ ਸੰਗਤ ਕਰ ਰਾਹੇ ਪੈ ਜਾ ਅਤੇ ਕੋਈ ਹੋਰ ਖ਼ਿਆਲ ਤੇ ਜੰਜਾਲ ਜੋ ਅੰਦਰ ਜ਼ਹਿਰ ਭਰਦੇ ਹਨ ਨੇੜੇ ਨਾ ਆਉਣ ਦੇਹ। ਇਸ ਪਾਵਨ ਰਾਹ ਪਿਆਂ ਸਾਰੇ ਹੀ ਤੇਰੀ ਉਪਮਾ ਕਰਨਗੇ ਅਤੇ ਪ੍ਰਭੂ ਦੇ ਦਰ ਪੁੱਜਿਆਂ ਚਿਹਰੇ ਤੇ ਨਿਰਾਲਾ ਨੂਰ ਹੋਵੇਗਾ। ਸ਼ਰਮਿੰਦਗੀ ਨਹੀਂ ਉਠਾਉਣੀ ਪਵੇਗੀ। ਹੰਕਾਰ ਦੇ ਵਟੇ ਮਨ ਖ਼ਰੀਦ ਹਿਰਦੇ ਵਿਚ ਪ੍ਰਭੂ ਦੀ ਯਾਦ ਪੱਕੀ ਕਰਨ ਦਾ ਵਾਪਾਰ ਕੋਈ ਵਿਰਲਾ ਹੀ ਅਪਨਾਉਂਦਾ ਹੈ ਅਤੇ ਜੋ ਅਪਨਾਉਂਦਾ ਹੈ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੇ ਵਾਪਾਰੀ ਅਗੇ ਉਨ੍ਹਾਂ ਦਾ ਸਿਰ ਸਦਾ ਹੀ ਝੁਕਿਆ ਹੋਇਆ ਹੈ। **ਸਦ ਬਲਿਹਾਰੇ**। ੫।

*ਸ਼ਬਦ ਭਾਵ :*

**ਵਖਰ** : ਸੌਦਾ। (Commodity)

**ਘਰਿ** : ਹਿਰਦੇ ਰੂਪੀ ਘਰ।

**ਮਨ ਮੋਲਿ** : ਮਨ ਨੂੰ ਖ਼ਰੀਦਣਾ। ਮਨ ਸਦਾ ਬੇਗਾਨਾ ਰਹਿੰਦਾ ਹੈ ਤੇ ਇਸ ਨੂੰ ਆਪਣਾ ਬਣਾਉਣ ਲਈ ਖ਼ਰੀਦਣਾ ਜ਼ਰੂਰੀ ਹੈ। ਖ਼ਰੀਦਣ ਲਈ ਆਪਣਾ ਹੰਕਾਰ ਦੇਣਾ ਹੈ। ਕੈਸਾ ਆਸਾਨ ਤਰੀਕਾ ਦੱਸ ਰਹੇ ਹਨ, ਮਨ ਤੇ ਕਾਬੂ ਪਾਉਣ ਦਾ।

**ਤੋਲਿ** : ਜਾਂਚ ਕਰਨਾ। ਜਿਤਨਾ ਹੰਕਾਰ ਦਿਤਾ ਉਸ ਦੇ ਵਟੇ ਵਜੋਂ ਮਨ ਆਪਣਾ ਹੋਇਆ ਹੈ ਅਤੇ ਮਨ ਆਪਣਾ ਹੁੰਦੇ ਹੀ ਹਿਰਦੇ ਵਿਚ ਪ੍ਰਭੂ ਸਮਾਈ ਜਾਏਗਾ। ਇਹ ਵਖਰ ਤੋਲਣੀ ਹੈ। ਇਕ ਪਲੜੇ ਹੰਕਾਰ ਤੇ ਦੂਜੇ ਪਾਸੇ ਮਨ ਪਾ ਕੇ ਹਿਰਦੇ ਵਿਚ ਨਾਮ ਟਿਕਾਈ ਜਾਣਾ ਹੈ।

**ਖੇਪ** : ਹੋ ਚੁੱਕਾ ਆਪਣਾ ਸੌਦਾ। ਬੋਝਾ। (Load)

**ਬਿਖਿਆ** : ਜ਼ਹਿਰ ਭਰਿਆ। (Poisonous)

**ਸਦ ਬਲਿਹਾਰੇ** : ਬਹੁਤ ਇੱਜ਼ਤ ਕਰਨ ਦਾ ਪ੍ਰਤੀਕ। (Profound Reverence). ੫.

## ਛੇਵੀਂ ਪਉੜੀ

**ਚਰਨ ਸਾਧ ਕੇ ਧੋਇ ਧੋਇ ਪੀਉ ॥**
**ਅਰਪਿ ਸਾਧ ਕਉ ਅਪਨਾ ਜੀਉ ॥**
**ਸਾਧ ਕੀ ਧੂਰਿ ਕਰਹੁ ਇਸਨਾਨੁ ॥**
**ਸਾਧ ਊਪਰਿ ਜਾਈਐ ਕੁਰਬਾਨੁ ॥**
**ਸਾਧ ਸੇਵਾ ਵਡਭਾਗੀ ਪਾਈਐ ॥**
**ਸਾਧ ਸੰਗਿ ਹਰਿ ਕੀਰਤਨੁ ਗਾਈਐ ॥**
**ਅਨਿਕ ਬਿਘਨ ਤੇ ਸਾਧੂ ਰਾਖੈ ॥**
**ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥**

 www.sikhbookclub.com

**ਓਟ ਗਹੀ ਸੰਤਹ ਦਰਿ ਆਇਆ ॥**
**ਸਰਬ ਸੂਖ ਨਾਨਕ ਤਿਹ ਪਾਇਆ ॥ ੬ ॥**

**ਵਿਸਥਾਰ**

ਜਿਸ ਨੇ ਮਨ ਹਿਰਦੇ ਵਿਚ ਪ੍ਰਭੂ ਦੀ ਯਾਦ ਪੱਕੇ ਤੌਰ ਤੇ ਟਿਕਾ ਲਈ ਹੈ ਅਤੇ ਇੰਦ੍ਰੀਆਂ ਦਾ ਜ਼ੋਰ ਨਹੀਂ ਪੈਣ ਦਿੱਤਾ ਐਸੇ ਪੁਰਸ਼ਾਂ ਦੀ ਪੱਕੀ ਸੰਗਤ ਕਰ ਨਿੰਮ੍ਰਤਾ ਧਾਰਨ ਦਾ ਵੱਲ ਸਿੱਖ ਅਤੇ ਆਪਣਾ ਹੰਕਾਰ ਕਦੇ ਨ ਜਤਲਾ। ਜਿੰਦ ਤਕ ਵਾਰ ਦੇਹ। ਐਸੇ ਪਾਵਨ ਲੋਕਾਂ ਪਾਸੋਂ ਵੱਲ ਸਿੱਖ ਕਿ ਹਉਮੈ ਦਾ ਅਭਾਵ ਕਿਵੇਂ ਕਰੀਦਾ ਹੈ ਤੇ ਸਦਾ ਨਿੰਮ੍ਰਤਾ ਵਿਚ ਕਿਵੇਂ ਰਹੀਦਾ ਹੈ। 'ਸਾਧ ਕੀ ਧੂਰਿ ਕਰਹੁ ਇਸਨਾਨੁ।' ਉਨ੍ਹਾਂ ਤੋਂ ਸਦਕੇ ਜਾਇਆਂ, ਹੰਕਾਰ ਦਾਅ ਨਹੀਂ ਲਗਾ ਸਕਦਾ। ਆਪਣੀ ਹਉਂ ਤੰਗ ਨਹੀਂ ਕਰਦੀ।

ਬੜੇ ਭਾਗਾਂ ਨਾਲ ਸਾਧੂਆਂ ਦੀ ਸੇਵਾ ਦਾ ਅਵਸਰ ਮਿਲਦਾ ਹੈ। ਉਨ੍ਹਾਂ ਦੀ ਸੰਗਤ ਵਿਚ ਵਾਹਿਗੁਰੂ ਦੇ ਗੁਣ ਗਾਇਆਂ ਅਨੰਦ ਹੀ ਹੋਰ ਮਿਲਦਾ ਹੈ। ਆਤਮਿਕ ਰਾਹ ਵਲ ਟੁਰਦੇ ਜਿਤਨੀਆਂ ਵੀ ਔਕੜਾਂ ਆਉਂਦੀਆਂ ਹਨ, ਸਾਧੇ ਹੋਏ ਮਨਾਂ ਵਾਲੇ ਪੁਰਸ਼ ਹਟਾ ਦੇਂਦੇ ਹਨ। ਵਾਹਿਗੁਰੂ ਦੇ ਗੁਣ ਗਾਂਦੇ ਰਹਿਆਂ ਪ੍ਰਭੂ ਦੇ ਅਮਰ ਕਰਨ ਵਾਲੇ ਨਾਮ ਦਾ ਸੁਆਦ ਚੱਖ ਲਈਦਾ ਹੈ।

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਹੋਰ ਆਸਰੇ ਛੱਡ, ਸਾਧੂ ਦੀ ਪਨਾਹ ਲਈ ਤੇ ਜਿਨ੍ਹਾਂ ਤੱਤ ਪਛਾਣਿਆ ਹੈ ਤਿਨ੍ਹਾਂ ਦੇ ਦਰਵਾਜ਼ੇ ਆਇਆ ਹਾਂ ਅਤੇ ਸਾਰੇ ਪਰਮਾਰਥਕ ਤੇ ਸੰਸਾਰਕ ਸੁੱਖ ਪਾ ਲਏ ਹਨ। ੬।

SIKHBOOKCLUB.COM

*ਸ਼ਬਦ ਭਾਵ :*

**ਸਾਧ** : ਜਿਸ ਨੇ ਆਪਾ ਸਾਧਿਆ ਹੋਇਆ ਹੈ। (The men of cultivated selves)
**ਅਰਪਿ** : ਭੇਟ ਕਰ। (Dedicate)
**ਚਰਨ (ਤੇ) ਧੂਰਿ** : ਨਿੰਮ੍ਰਤਾ ਧਾਰ ਪੁੱਗਿਆਂ ਦੀ ਸੰਗਤ ਕਰ ਤੇ ਟੁਰ।
**ਅਨਿਕ** : ਅਨੇਕਾਂ, ਜੋ ਦਿਸਦੇ ਨਹੀਂ।
**ਬਿਘਨ** : ਰੁਕਾਵਟਾਂ। (Impediments)
**ਅੰਮ੍ਰਿਤ** : ਅਮਰ ਕਰਨ ਵਾਲਾ। ਅਤਿ ਮਿੱਠਾ। (The Nectar)
**ਓਟ** : ਪਨਾਹ। (Shelter). ੬.

## *ਸਤਵੀਂ ਪਉੜੀ*

**ਮਿਰਤਕ ਕਉ ਜੀਵਾਲਨਹਾਰ ॥**
**ਭੂਖੇ ਕਉ ਦੇਵਤ ਅਧਾਰ ॥**
**ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥**
**ਪੁਰਬ ਲਿਖੇ ਕਾ ਲਹਣਾ ਪਾਹਿ ॥**
**ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥**
**ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥**

**ਜਪਿ ਜਨ ਸਦਾ ਸਦਾ ਦਿਨੁ ਰੈਣੀ ॥**
**ਸਭ ਤੇ ਊਚ ਨਿਰਮਲ ਇਹ ਕਰਣੀ ॥**
**ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥**
**ਨਾਨਕ ਸੋ ਜਨੁ ਨਿਰਮਲੁ ਥੀਆ ॥ ੭ ॥**

**ਵਿਸਥਾਰ**

ਮਤਾਂ ਸਾਧੂ ਦੀ ਇਤਨੀ ਉਪਮਾ ਸੁਣ ਕੇ ਇਹ ਅੰਜਾਨਾ ਪੁਰਸ਼ ਇਹ ਹੀ ਨਾ ਜਾਨਣ ਲਗ ਪਏ ਕਿ ਸਾਧੂ ਹੀ ਪਰਮਾਤਮਾ ਹੈ । ਸੋ ਆਤ-ਮਿਕ ਪੈਂਡੇ ਪਇਆ ਢੂੰਡਾਊ ਠੇਡਾ ਨਾ ਖਾਏ ਇਸ ਲਈ ਤੁਰਤ ਅਗਲੀ ਪਉੜੀ ਵਿਚ ਫ਼ਰਮਾਂਦੇ ਹਨ ਕਿ ਵਾਹਿਗੁਰੂ ਵਿਚ ਹੀ ਆਤਮਿਕ ਜੀਵਨ ਪ੍ਰਦਾਨ ਕਰਨ ਦੀ ਸਮਰੱਥਾ ਹੈ । ਵਾਹਿਗੁਰੂ ਤਾਂ ਮੁਰਦੇ ਨੂੰ ਫਿਰ ਜੀਵਨ ਦੇਣ ਦੇ ਵੀ ਸਮਰੱਥ ਹੈ । ਸਾਡੀ ਰੋਜ਼ਾਨਾ ਜ਼ਿੰਦਗੀ ਦੀਆਂ ਸਾਰੀਆਂ ਭੁੱਖਾਂ (ਸਰੀਰਕ ਜਾਂ ਆਤਮਿਕ) ਉਸੇ ਨੇ ਹੀ ਖ਼ੁਰਾਕ ਪਹੁੰਚਾ ਦੂਰ ਕਰਨੀਆਂ ਹਨ । ਕਿਸੇ ਹੋਰ ਅਗੇ ਤਰਲਾ ਵਿਰਲਾਪ ਕਰਨ ਦੀ ਲੋੜ ਨਹੀਂ ।

ਉਹ ਤਾਂ ਇਤਨਾ ਸ਼ਕਤੀਵਾਨ ਹੈ ਕਿ ਉਸ ਦੀ ਦ੍ਰਿਸ਼ਟੀ ਮਾਤ੍ਰ ਵਿਚ ਹੀ ਸਾਰੇ ਸੁੱਖਾਂ ਦੇ ਖ਼ਜ਼ਾਨੇ ਪਏ ਹਨ । ਸੋ ਮਿਹਰ ਦੀ ਨਜ਼ਰ ਪੁਆਉਣ ਦਾ ਜਤਨ ਹੋਣਾ ਚਾਹੀਦਾ ਹੈ । ਜੇ ਮਿਹਰ ਦੀ ਨਜ਼ਰ ਨਹੀਂ ਪਈ ਤਾਂ ਯਾਦ ਰਖੀਂ ਕਿ ਮਿਲਣਾ ਉਹ ਕੁਝ ਹੀ ਹੈ ਜੋ ਮੱਥੇ ਤੇ ਪਹਿਲਾਂ ਹੀ ਉਸ ਲਿਖ ਕੇ ਪਾ ਦਿੱਤਾ ਹੈ । ਮਿਹਰ ਦੀ ਨਜ਼ਰ ਉਸ ਤੇ ਪੈਂਦੀ ਹੈ ਜਿਸਦਾ ਇਹ ਯਕੀਨ ਪੱਕਾ ਹੋ ਗਿਆ ਹੋਵੇ ਕਿ ਜੋ ਕੁਝ ਸੰਸਾਰ ਵਿਚ ਹੈ ਸਭ ਕੁਝ ਉਸ ਦਾ ਹੈ ਅਤੇ ਉਸ ਦੀ ਸ਼ਕਤੀ ਹੀ ਸਭ ਕੁਝ ਕਰਨਯੋਗ ਹੈ । ਉਸ ਤੋਂ ਬਿਨਾਂ ਕੋਈ ਹੋਰ ਹੋਇਆ ਨਹੀਂ ਤੇ ਨਾ ਕਦੇ ਕੋਈ ਹੋਵੇਗਾ । ਇਹ ਇਸ ਲਈ ਕਹਿ ਰਹੇ ਹਨ ਤਾਂ ਕਿ ਜੋ ਮੱਥੇ ਤੇ ਲਿਖਿਆ ਸੀ ਉਹ ਉਘੜ ਆਏ ਤੇ ਜੇ ਨਹੀਂ ਲਿਖਿਆ ਤਾਂ ਮਿਹਰ ਦੀ ਦ੍ਰਿਸ਼ਟੀ ਹਾਸਲ ਹੋ ਜਾਏ । ਸੋ ਟੁੱਟੇ ਹੋਏ, ਆਪਣੇ ਹੀ ਖ਼ਿਆਲ ਵਿਚ ਮਸਤ ਮਨੁੱਖਾ ! ਹਰ ਵੇਲੇ ਦਿਨ ਰਾਤ ਉਸ ਨੂੰ ਜਪ । ਸਭ ਤੋਂ ਉੱਚਾ ਇਹ ਹੀ ਪਾਵਨ ਕਰਮ ਹੈ । ਹੋਰ ਕਰਮ ਕਾਂਡਾਂ, ਤਪ ਤਰੱਦਦ ਵਾਲਾ ਰਾਹ ਨ ਅਪਣਾ । ਮਿਹਰ ਕਰਕੇ ਉਸ ਨੇ ਜਿਸ ਨੂੰ ਹਜ਼ੂਰੀ ਦਾ ਅਨੰਦ ਬਖ਼ਸ਼ ਦਿੱਤਾ, ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਸੇਵਕ ਦਾ ਸਾਰਾ ਜੀਵਨ ਹੀ ਪਾਵਨ ਹੋ ਗਿਆ । ਮੁਰਦਾ ਸੀ, ਜ਼ਿੰਦਾ ਹੋ ਗਿਆ ਤੇ ਤ੍ਰਿਸ਼ਨਾਵਾਂ ਦੀ ਭੁੱਖ ਫਿਰ ਨਹੀਂ ਸਤਾਂਦੀ ।੭।

**ਸ਼ਬਦ ਭਾਵ :**

**ਜੀਵਾਲਨਹਾਰ** : ਜ਼ਿੰਦਗੀ ਬਖ਼ਸ਼ਣ ਵਾਲਾ ।

**ਅਧਾਰ** : ਗੁਜ਼ਾਰਾ । ਪਰਵਰਸ਼ । ਖ਼ੁਰਾਕ । (Sustenance)

**ਸਰਬ ਨਿਧਾਨ** : ਸਾਰੇ ਸੁਖ ਪਹੁੰਚਾਉਣ ਦੇ ਸਾਮਾਨਾਂ ਦੇ ਖ਼ਜ਼ਾਨੇ ।

**ਪੂਰਬ** : ਪਹਿਲਾਂ ਤੋਂ ਜੋ ਭਾਗਾਂ ਵਿਚ ਲਿਖਿਆ ਹੈ । (Pre-determined Grace)

**ਕਰਨੈ ਜੋਗੁ** : ਵੱਸ ਵਿਚ ਹੋਣਾ । ਕਾਰਜ ਕਰਨ ਦੀ ਸਮਰੱਥਾ । (Might to do)

**ਹੋਗੁ** : ਹੋਵੇਗਾ ।

 www.sikhbookclub.com

**ਕਰਣੀ** : ਕਰਮ (Doings)
**ਜਨੁ** : ਸੇਵਕ । ਢੂੰਡਾਊ ।
**ਥੀਆ** : ਹੋ ਗਿਆ । ਬਣਾ ਦਿੱਤਾ । ਕਰ ਦਿੱਤਾ । (Rendered)
**ਨਿਰਮਲੁ** : ਪਾਵਨ । ਆਦਰਯੋਗ ।੭।

## ਅਠਵੀਂ ਪਉੜੀ

**ਜਾ ਕੈ ਮਨ ਗੁਰ ਕੀ ਪਰਤੀਤਿ ॥**
**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**
**ਭਗਤੁ ਭਗਤੁ ਸੁਨੀਐ ਤਿਹ ਲੋਇ ॥**
**ਜਾ ਕੈ ਹਿਰਦੈ ਏਕੋ ਹੋਇ ॥**
**ਸਚੁ ਕਰਣੀ ਸਚੁ ਤਾ ਕੀ ਰਹਤ ॥**
**ਸਚੁ ਹਿਰਦੈ ਸਤਿ ਮੁਖਿ ਕਹਤ ॥**
**ਸਾਚੀ ਦ੍ਰਿਸਟਿ ਸਾਚਾ ਆਕਾਰੁ ॥**
**ਸਚੁ ਵਰਤੈ ਸਾਚਾ ਪਾਸਾਰੁ ॥**
**ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥**
**ਨਾਨਕ ਸੋ ਜਨੁ ਸਚਿ ਸਮਾਤਾ ॥ ੮ ॥ ੧੫ ॥**

**ਵਿਸਥਾਰ**

ਜਿਸ ਨੇ ਵੀ ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲ ਲਿਆ ਤੇ ਯਕੀਨ ਰੱਖ ਟੁਰਿਆ ਕਿ ਗੁਰਬਾਣੀ ਹੀ ਟੁੱਟੇ ਨੂੰ ਜੋੜਨ ਦੀ ਸ਼ਕਤੀ ਰਖਦੀ ਹੈ, ਉਸ ਜਗਿਆਸੂ ਦੇ ਚੇਤੇ ਵਿਚੋਂ ਕਦੇ ਵਾਹਿਗੁਰੂ ਨਹੀਂ ਵਿਸਰਦਾ ਅਤੇ ਉਹ ਵਾਹਿਗੁਰੂ ਦਾ ਦੀਦਾਰ ਕਰ ਲੈਂਦਾ ਹੈ ।

ਉਸ ਦੇ ਹਿਰਦੇ ਵਿਚ ਹੋਰ ਕੋਈ ਦੁਨਿਆਵੀ ਖ਼ਿਆਲ ਤੱਕ ਨਾ ਹੋਣ ਕਾਰਨ ਤਿੰਨਾਂ ਲੋਕਾਂ ਵਿਚ ਹੀ ਵਾਹਿਗੁਰੂ ਦਾ ਪਿਆਰਾ ਗਰਦਾਨਿਆ ਜਾਂਦਾ ਹੈ। ਹਰ ਕੋਈ ਵਾਹਿਗੁਰੂ ਦਾ ਪਿਆਰਾ ਜਾਣ ਆਦਰ ਕਰਦਾ ਹੈ । ਜਿਸ ਦੇ ਹਿਰਦੇ ਕੇਵਲ ਉਹ ਸਦਾ ਕਾਇਮ ਰਹਿਣ ਵਾਲਾ ਵਾਹਿਗੁਰੂ ਹੈ ਉਸ ਦਾ ਆਚਰਣ ਸ਼ੁੱਧ ਤੇ ਰਤਾ ਭਰ ਦਿਖਾਵਾ ਨਹੀਂ ਹੁੰਦਾ । ਜੀਵਨ-ਢੰਗ (ਰਹਤ) ਵੀ ਸੁਥਰਾ ਹੁੰਦਾ ਹੈ। ਉਸ ਦੇ ਹਿਰਦੇ ਸੱਚ ਹੋਣ ਕਾਰਨ ਮੁੱਖੋਂ ਵੀ ਸੱਚ ਹੀ ਬੋਲਦਾ ਹੈ। ਦੁਨੀਆਂ ਦੀ ਉਪਮਾ ਨਹੀਂ ਕਰਦਾ ਰਹਿੰਦਾ । ਉਸ ਦੀ ਤੱਕਣੀ ਸੁਥਰੀ ਹੁੰਦੀ ਹੈ। ਸ਼ਖ਼ਸੀਅਤ ਪਾਖੰਡ-ਰਹਿਤ । ਹਰ ਚੀਜ਼ ਵਿਚ ਉਸਨੂੰ ਸੱਚ ਹੀ ਵਰਤ ਰਹਿਆ ਦਿਸਦਾ ਹੈ ਅਤੇ ਸਭਨਾਂ ਵਿਚ ਉਸ ਨੂੰ ਵਰਤਦਾ ਅਨੁਭਵ ਕਰਦਾ ਹੈ। **'ਸਚੁ ਵਰਤੈ ਸਾਚਾ ਪਾਸਾਰੁ ।'** ਜਿਸ ਨੇ ਵੀ ਵਾਹਿਗੁਰੂ ਨੂੰ ਹੀ ਸਦਾ ਕਾਇਮ ਰਹਿਣ ਵਾਲਾ ਜਾਣਿਆ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਐਸਾ ਉਸ ਦੀ ਯਾਦ ਪਕਾਉਣ ਕਾਰਨ ਉਸ ਸੱਚੇ ਵਿਚ ਹੀ ਸਮਾ ਜਾਂਦਾ ਹੈ। ਫਿਰ ਕੋਈ ਪੀੜਾ ਨਹੀਂ ਸਤਾਂਦੀ। ਟੁੱਟਾ ਜੁ ਨਾ ਰਹਿਆ ।੮।੧੫।

*ਸ਼ਬਦ ਭਾਵ :*

**ਗੁਰ ਕੀ ਪਰਤੀਤਿ** : ਗੁਰੂ ਤੇ ਯਕੀਨ । ਗੁਰੂ ਦੀ ਬਾਣੀ ਤੇ ਕਹੇ ਤੇ ਟੁਰਨਾ ।

 www.sikhbookclub.com

ਚੀਤਿ : ਚੇਤੇ ਵਿਚ । (In Consciousness)
ਭਗਤੁ : ਪ੍ਰਭ ਪਿਆਰਾ ।
ਤ੍ਰਿਹ : ਤਿੰਨਾਂ ਲੋਕਾਂ ਵਿਚ । ਹਰ ਥਾਂ ।
ਕਰਣੀ : ਆਚਰਨ ।
ਰਹਤ : ਤਰਜ਼ੇ-ਜ਼ਿੰਦਗੀ । ਜੀਵਨ-ਢੰਗ । (Way of life)
ਮੁਖਿ : ਮੂੰਹੋਂ । ਜ਼ਬਾਨ ਤੋਂ ।
ਦ੍ਰਿਸਟਿ : ਨਜ਼ਰ । ਤੱਕਣੀ । (Vision)
ਸਾਰਾ ਆਕਾਰੁ : ਸਖਸ਼ੀਅਤ ਪਖੰਡ ਰਹਿਤ ਹੁੰਦੀ ਹੈ ।
ਵਰਤੈ : ਵਰਤੀਂਦਾ । ਕ੍ਰਿਆਸ਼ੀਲ । ਚਾਲਕ । (Operative)
ਪਾਸਾਰੁ : ਦਿਸਦਾ ਫੈਲਾਓ । ਖਿਲਾਰਾ । ਵਿਸਥਾਰ । (Visible Expanse)
ਸਮਾਤਾ : ਇਕ ਮਿਕ । ਰਲ ਮਿਲ ਜਾਣਾ । (Absorbed) । ੮ । ੧੫ ।

---

## ਸੋਲ੍ਹਵੀਂ ਅਸ਼ਟਪਦੀ

***ਸੋਲ੍ਹਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਵਾਹਿਗੁਰੂ ਦੀ ਨਾ ਕੋਈ ਸ਼ਕਲ ਹੈ, ਨਾ ਕੋਈ ਸੂਰਤ ਅਤੇ ਨਾ ਹੀ ਕੋਈ ਰੰਗ ਹੈ । ਉਹ ਸਥਿਰ ਹੈ । ਉਸ ਦਾ ਮਿਜਾਜ਼ ਕਦੀ ਵਿਗੜਦਾ ਬਦਲਦਾ ਨਹੀਂ । ਇਕ ਰੰਗ ਰਹਿੰਦਾ ਹੈ । ਸੋ ਕਿਸੇ ਇਨਸਾਨ ਦੇ ਬਣਾਏ ਕਰਮਕਾਂਡ ਨਾਲ ਉਸ ਤਕ ਰਸਾਈ ਨਹੀਂ ਹੋਣੀ । ਨਾ ਹੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਸਿਰਫ਼ ਉਸ ਦੀ ਪ੍ਰਸੰਨਤਾ ਲੈਣ ਤੇ ਮਿਹਰ ਦੀ ਦ੍ਰਿਸ਼ਟੀ ਲਈ ਜਤਨ ਕਰਨਾ ਚਾਹੀਦਾ ਹੈ । ਪ੍ਰਸੰਨਤਾ ਲੈਣ ਲਈ ਪਹਿਲਾਂ 'ਰੂਪ ਰੰਗ ਰੇਖ' ਵਾਲੀਆਂ ਸ਼ੈਆਂ ਦਿਲੋਂ ਕੱਢਣੀਆਂ ਪੈਣੀਆਂ ਹਨ ਤੇ ਪ੍ਰਭੂ ਦੀ ਉਸਤਤ ਕਰਦੇ ਰਹਿਣਾ ਜ਼ਰੂਰੀ ਹੈ । ਇਹ ਲਗਾਤਾਰ ਉਸਤਤਿ ਹਮੇਸ਼ਾ ਤੇ ਆਪਣੇ ਆਪ ਹੁੰਦੀ ਰਵ੍ਹੇ ਇਸ ਲਈ ਸਾਧ ਸੰਗਤ ਲਾਜ਼ਮੀ ਹੈ ।

ਇੰਜ 'ਅਨੁਰਾਗ' ਹੁੰਦਾ ਰਵ੍ਹੇਗਾ ਅਤੇ ਜਗਤ ਨਾਲੋਂ ਵੈਰਾਗ ਹੁੰਦਾ ਜਾਏਗਾ । ਇਹ ਪ੍ਰਤੀਤ ਹੁੰਦਾ ਜਾਏਗਾ ਕਿ ਵਾਹਿਗੁਰੂ ਨੇ ਨਾਮ ਨੂੰ ਇਨਸਾਨੀ ਪਹੁੰਚ ਤੱਕ ਰੱਖਿਆ ਹੈ ਅਤੇ ਇਸ ਨਾਮ ਦੇ ਸਹਾਰੇ ਹੀ ਬ੍ਰਹਮੰਡ, ਜੀਅ, ਜੁਗਤ, ਗਿਆਨ ਟੁਰ ਰਹਿਆ ਹੈ । ਸੋ ਪੂਰੇ ਧਿਆਨ ਨਾਲ ਨਾਮ ਸੁਣਿਆਂ (ਸੁਨਿ ਸ੍ਰਵਨ), ਤ੍ਰਿਗੁਣਾ ਤੋਂ ਜੀਵ ਵੀ ਉੱਚਾ ਹੋ ਜਾਏਗਾ । 'ਸੁਮਤਿ ਗਿਆਨ ਧਿਆਨ' ਪ੍ਰਾਪਤ ਹੋ ਜਾਏਗਾ । ਉਸ ਦੇ ਰੂਪ, ਰੰਗ, ਰੇਖ ਅਤੇ ਟਿਕਾਣੇ ਦੀ ਸਹੀ ਸੂਝ ਮਿਲ ਜਾਏਗੀ । ਛਲਾਵੇ ਵਿਚ ਨਾ ਪੈ ਕੇ ਜੀਵਨ ਵਿਚ ਸੱਚ ਢਾਲ ਲਵੇਗਾ । ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ (ਸਤਿਨਾਮ) ਪੂਰਨ ਤੌਰ ਤੇ ਅੰਦਰ ਹੋ ਜਾਏਗਾ । ਝੂਠ ਤੇ ਸੱਚ ਵਿਚ ਨਿਖੇੜਾ ਕਰਨ ਵਿਚ ਢਿੱਲ ਨਹੀਂ ਲਗਿਆ ਕਰੇਗੀ । ਪ੍ਰਭੂ ਦਾ ਪਾਰਾਵਾਰ, ਜੋ ਪਾਇਆ ਨਹੀਂ ਜਾ ਸਕਦਾ, ਦੀ ਖੋਜ ਵਿਚ ਸਮਾਂ ਜ਼ਾਇਆ ਨਾ ਕਰਕੇ, ਗੁਰਬਾਣੀ ਰਾਹੀਂ ਉਸਤਤਿ ਵਿਚ ਲਗਾਏਗਾ ਅਤੇ ਉੱਚ ਅਨੰਦ (ਵਿਸਮਾਦ) ਦੇ ਸਵਾਦ ਨੂੰ ਪਾ ਲਵੇਗਾ । ਇਸ ਤਰ੍ਹਾਂ ਹਰ ਵੇਲੇ ਉਸ ਦੀ ਪ੍ਰਸੰਨਤਾ ਪਾਉਂਦਾ ਰਵ੍ਹੇਗਾ

 www.sikhbookclub.com

ਅਤੇ ਜੀਵਨ ਦਾ ਮਕਸਦ ਪਾ ਲਵੇਗਾ। ਦਾਤੇ ਪੱਖ ਵਿਚ ਵਿਚਰਨ ਲਗੇਗਾ। ਮੰਗਾਲੀ ਨਹੀਂ ਪਾਏਗਾ ਅਤੇ ਜਗਤ ਦੇ ਭਲੇ ਲਈ ਆਪਾ ਵਾਰਦਾ ਰਵੇਗਾ।

**ਸਲੋਕੁ ॥**

**ਰੂਪੁ ਨ ਰੇਖ ਨ ਰੰਗੁ ਕਿਛੁ, ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥**
**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ ੧ ॥**

**ਵਿਸਥਾਰ**

ਵਾਹਿਗੁਰੂ ਦੀ ਨਾ ਕੋਈ ਸ਼ਕਲ ਹੈ, ਨਾ ਕੋਈ ਹੁਲੀਆ ਖਿੱਚ ਸਕਦਾ ਹੈ ਅਤੇ ਨਾ ਹੀ ਕੋਈ ਉਸ ਦਾ ਰੰਗ ਹੈ। ਜਿਵੇਂ ਕਈ ਅਨਜਾਣ ਪੁਣੇ ਵਿਚ ਉਸ ਨੂੰ ਮਨੁੱਖੀ ਸ਼ਕਲ ਵਿਚ ਢਾਲ ਸ਼ਾਮ ਰੰਗ ਵਾਲਾ ਕਹਿਣ ਲਗ ਪਏ। ਇਹ ਰੰਗ-ਰੇਖ-ਰੂਪ ਦੀ ਗੱਲ ਤਾਂ ਦੂਰ, ਕੋਈ ਉਸ ਦਾ ਅਨੁਭਵ ਵੀ ਨਹੀਂ ਕਰ ਸਕਦਾ ਕਿਉਂਕਿ ਉਹ ਮਾਇਆ ਦੇ ਤਿੰਨ ਪ੍ਰਭਾਵਾਂ ਤੋਂ ਉੱਚਾ ਹੈ। ਨ ਕ੍ਰੋਧ ਵਿਚ ਆਉਂਦਾ ਹੈ, ਨਾ ਉਤੇਜਤ ਹੁੰਦਾ ਹੈ ਤੇ ਨਾ ਫਲਾਉਣੀ ਵਿਚ ਆਉਂਦਾ ਹੈ। ਉਸ ਦਾ ਮਿਜਾਜ਼ (ਮੂਡ) ਵਿਗੜਦਾ ਬਣਦਾ ਨਹੀਂ। ਉਹ ਸਦਾ ਸਥਿਰ ਹੈ। ਹਰ ਵੇਲੇ ਇਕ ਰੰਗ ਵਿਚ ਹੈ। ਆਪਣੇ ਬਾਰੇ ਪੂਰਨ ਗਿਆਨ ਚਾਨਣ ਉਸੇ ਨੂੰ ਦੇਂਦਾ ਹੈ ਜਿਸ ਤੋਂ ਪ੍ਰਸੰਨ ਹੋ ਤੁੱਠ ਪਵੇ। ਸੋ ਸਾਡਾ ਜੀਵਾਂ ਦਾ ਇਕ ਹੀ ਫ਼ਰਜ਼ ਹੈ ਕਿ ਉਸ ਨੂੰ ਮਨੁੱਖੀ ਸ਼ਕਲ ਬਣਾ, ਅਵਤਾਰ ਰੂਪਾਂ ਵਿਚ ਪੂਜਣ ਦੀ ਥਾਵੇਂ, ਸਿਰਫ਼ ਇਸ ਜਤਨ ਵਿਚ ਲੱਗ ਪਈਏ ਕਿ ਉਸ ਦੀ ਪ੍ਰਸੰਨਤਾ ਮਿਲੇ। ਪ੍ਰਸੰਨਤਾ ਉਸ ਸਮੇਂ ਮਿਲੇਗੀ ਜਦ ਅਸੀਂ ਵੀ ਹਿਰਦੇ ਵਿਚੋਂ 'ਰੇਖ, ਰੂਪ, ਰੰਗ' ਵਾਲੀਆਂ ਦ੍ਰਿਸ਼ਟਮਾਨ ਸ਼ੈਆਂ ਦੀ ਪਕੜ ਹਟਾ ਦਿਆਂਗੇ ਤੇ ਮਾਇਆ ਦੇ ਪ੍ਰਬਲ ਪ੍ਰਭਾਵ ਆਪਣੇ ਤੇ ਨਹੀਂ ਪੈਣ ਦਿਆਂਗੇ।੧।

**ਸ਼ਬਦ ਭਾਵ :**

**ਰੰਗੁ** : ਭਾਹ। ਵੰਨ। ਵਰਣ। (Hue)

**ਰੇਖ** : ਨੈਣ-ਨਕਸ਼। ਚਿਹਰਾ-ਮੁਹਰਾ। ਹੁਲੀਆ। ਮੂੰਹ-ਮੁਹਾਂਦਰਾ। ਨੁਹਾਰ। (Features)

**ਤ੍ਰਿਹੁ ਗੁਣ** : ਮਾਇਆ ਦੇ ਤਿੰਨ ਪ੍ਰਬਲ ਪ੍ਰਭਾਵ। ਤਮੋ ਜੋ ਮਾੜੀਆਂ ਮੰਦੀਆਂ ਰੁਚੀਆਂ ਅੰਦਰ ਉਨਾ ਨੀਵੇਂ ਪਾਸੇ ਲੈ ਜਾਂਦਾ ਹੈ। ਆਤਮਾ ਦੀ ਉਡਾਨ ਭਰਨ ਹੀ ਨਹੀਂ ਦੇਂਦਾ। (Sloth darker urges)

**ਰਜੋ** : ਜੋ ਭੜਕੀ ਲਗਾਈ ਰਖਦਾ ਹੈ। ਕਾਹਲੀ ਪਾਈ ਰਖਦਾ ਹੈ। (Passion)

**ਸਤੋ** : ਜੋ ਆਪਣੇ ਤੋਂ ਸਿਵਾ ਖ਼ਿਆਲ ਹੋਰ ਪਾਸੇ ਜਾਣ ਹੀ ਨਹੀਂ ਦੇਂਦਾ। ਕਿਸੇ ਦੀ ਮੱਤ ਲੈਣ ਲਈ ਕਦੇ ਤਿਆਰ ਹੀ ਨਹੀਂ ਹੁੰਦਾ। (Self-Glorification)

**ਪ੍ਰਭ ਭਿੰਨ** : ਵਾਹਿਗੁਰੂ ਇਨ੍ਹਾਂ ਤਿੰਨਾਂ ਪ੍ਰਭਾਵਾਂ ਤੋਂ ਉੱਚਾ ਹੈ। ਉਸ ਦਾ ਮਿਜਾਜ਼ (ਮੂਡ) ਕੋਈ ਵਿਗਾੜ ਬਣਾ ਨਹੀਂ ਸਕਦਾ।

**ਬੁਝਾਏ** : ਸੋਝੀ ਦੇਵੇ।

**ਸੁਪ੍ਰਸੰਨ** : ਖ਼ੁਸ਼ ਹੋ ਤੁਠ ਪੈਣਾ।੧।


www.sikhbookclub.com

## ਪਹਿਲੀ ਪਉੜੀ

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥
ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥
ਤਿਸ ਤੇ ਪਰੈ ਨਾਹੀ ਕਿਛੁ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥
ਆਪੇ ਬੀਨਾ ਆਪੇ ਦਾਨਾ ॥
ਗਹਿਰ ਗੰਭੀਰੁ ਗਹੀਰੁ ਸੁਜਾਨਾ ॥
ਪਾਰਬ੍ਰਹਮ ਪਰਮੇਸੁਰ ਗੋਬਿੰਦ ॥
ਕ੍ਰਿਪਾ ਨਿਧਾਨ ਦਇਆਲ ਬਖਸੰਦ ॥
ਸਾਧ ਤੇਰੇ ਕੀ ਚਰਨੀ ਪਾਉ ॥
ਨਾਨਕ ਕੈ ਮਨਿ ਇਹੁ ਅਨਰਾਉ ॥ ੧ ॥

**ਵਿਸਥਾਰ**

ਜਦ ਇਹ ਪਤਾ ਲਗ ਗਿਆ ਕਿ ਵਾਹਿਗਰੂ ਦਾ ਕੋਈ ਰੂਪ ਰੇਖ ਰੰਗ ਨਹੀਂ ਤੇ ਨਾ ਹੀ ਮਨੁੱਖੀ ਸ਼ਕਲ ਵਿਚ ਕਦੇ ਉਹ ਆਇਆ ਹੈ ਅਤੇ ਇਕ ਰੰਗ ਵਿਚਰਦਾ ਹੈ ਤਾਂ ਹੇ ਭਲੇ ਪੁਰਸ਼ਾ ! ਆਪਣੇ ਹਿਰਦੇ ਕਦੇ ਨਾਸ਼ਵਾਨ ਸ਼ੈਆਂ ਦੀ ਪਕੜ ਨਾ ਰੱਖ । ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਹੀ ਹਿਰਦੇ ਵਿਚ ਰੱਖ । ਸਿਰਫ ਇਕ ਨੂੰ ਚਿਤਾਰ ।

ਉਸ ਤੋਂ ਬਿਨਾਂ ਕੁਝ ਵੀ ਨਹੀਂ ਹੈ । ਪਦਾਰਥਾਂ ਤੇ ਸ਼ੈਆਂ ਦੀ ਜੋ ਖਿੱਚ ਪੈਂਦੀ ਹੈ, ਉਹ ਭੁਲੇਖਾ ਹੀ ਹੈ । ਪਦਾਰਥ ਘਟਦੇ ਵਧਦੇ ਰਹਿੰਦੇ ਹਨ । ਅੰਤਰ ਤੋਂ ਰਹਿਤ, ਇਕ ਰਸ, ਲਗਾਤਾਰ ਉਹ ਇਕ ਹੀ ਹੈ । ਉਸ ਦੀ ਨਜ਼ਰ ਤੋਂ ਕੁਝ ਲੁਕਿਆ ਛੁਪਿਆ ਨਹੀਂ । ਸਭ ਕੁਝ ਉਹ ਜਾਣਦਾ ਹੈ ਕਿਉਂਕਿ ਉਹ ਅਤਿ ਸੰਜੀਦਾ, ਡੂੰਘਾ ਤੇ ਅਕਲ ਦਾ ਕੋਟ ਹੈ ।

ਹੇ ਵਾਹਿਗੁਰੂ, ਤੁਹਾਡੇ ਤੱਕ ਸਾਡੇ ਜੀਵਾਂ ਦੀ ਪਹੁੰਚ ਨਹੀਂ ਪਰ ਇਹ ਯਕੀਨ ਬੱਝ ਗਿਆ ਹੈ ਕਿ ਤੁਸੀਂ ਹੀ ਸਭ ਦੇ ਮਾਲਕ ਹੋ । ਪ੍ਰਿਤਪਾਲਨਾ ਕਰ ਰਹੇ ਹੋ । ਦਇਆ ਕਰਦੇ ਕਦੇ ਹੱਥ ਨਹੀਂ ਖਿਚਦੇ । ਕ੍ਰਿਪਾ ਕਰਦੇ ਹੀ ਜਾਂਦੇ ਹੋ । ਅਉਗਣ ਨਹੀਂ ਚਿਤਾਰਦੇ ।

ਇਤਨੀ ਕੁ ਹੋਰ ਸਮਝ ਆ ਗਈ ਹੈ ਕਿ ਆਪਣੇ ਕਿਸੇ ਜਤਨ ਨਾਲ ਆਪ ਤਕ ਰਸਾਈ ਨਹੀਂ ਹੋ ਸਕਦੀ । ਸੋ ਗੁਰੂ ਅਰਜਨ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਕ ਹੀ ਅੰਤ੍ਰੀਵ ਇੱਛਾ ਹੈ ਕਿ ਜਿਨ੍ਹਾਂ ਨੇ ਆਪਾ ਸਾਧ ਲਿਆ ਹੈ, ਐਸੇ ਪਾਵਨ ਪੁਰਸ਼ਾਂ ਦੀ ਸੰਗਤ ਵਿਚ ਟਿਕਿਆ ਰਵ੍ਹਾਂ ।੧।

**ਸ਼ਬਦ ਭਾਵ :**

**ਅਬਿਨਾਸੀ** :- ਨਾ ਨਾਸ ਹੋਣ ਵਾਲਾ । ਸਦਾ ਕਾਇਮ ਦਾਇਮ । (Immortal Being)

**ਤਿਸ ਤੇ ਪਰੈ** : ਉਸ ਤੋਂ ਇਲਾਵਾ । (Beyond Him)

**ਨਿਰੰਤਰਿ** : ਅੰਤਰ ਤੋਂ ਬਿਨਾਂ ਲਗਾਤਾਰ ।

 www.sikhbookclub.com

**ਬੀਨਾ** : ਨਜ਼ਰ । ਦੇਖ ਰੇਖ । (Gaze)
**ਗਹਿਰ ਗੰਭੀਰੁ** : ਅਤਿ ਸੰਜੀਦਾ । ਪੂਰੀ ਤਰ੍ਹਾਂ ਜਾਨਣ ਵਾਲਾ । ਜੋ ਗੱਲ ਸੁਣ ਕੇ ਉਤਾਵਲਾ ਨ ਪਵੇ ।
**ਗਹੀਰੁ** : ਡੂੰਘਾ । ਗਹਿਰਾ । (Deep)
**ਸੁਜਾਨਾ** : ਅਕਲਮੰਦ । ਦਾਨਾ । ਸਿਆਣਾ । (Wise)
**ਪਰਮੇਸੁਰ** : ਵੱਡਾ ਸੁਆਮੀ ।
**ਗੋਬਿੰਦ** : ਧਰਤੀ ਦਾ ਮਾਲਕ ।
**ਕ੍ਰਿਪਾ ਨਿਧਾਨ** : ਦਇਆ ਦਾ ਭੰਡਾਰ ।
**ਬਖਸੰਦ** : ਖਿਮਾ ਕਰਨ ਵਾਲਾ । ਅਉਗਣ ਨਾ ਚਿਤਾਰਨ ਵਾਲਾ ।
**ਅਨਰਾਉ** : ਅੰਤ੍ਰੀਵ ਇੱਛਾ । (Longing) । ੧ ।

## *ਦੂਜੀ ਪਉੜੀ*

**ਮਨਸਾ ਪੂਰਨ ਸਰਨਾ ਜੋਗ ॥**
**ਜੋ ਕਰਿ ਪਾਇਆ ਸੋਈ ਹੋਗੁ ॥**
**ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥**
**ਤਿਸੁ ਕਾ ਮੰਤ੍ਰੁ ਨ ਜਾਨੈ ਹੋਰੁ ॥**
**ਅਨਦ ਰੂਪ ਮੰਗਲ ਸਦ ਜਾ ਕੈ ॥**
**ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥**
**ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥**
**ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥**
**ਧਿਆਇ ਧਿਆਇ ਭਗਤਹ ਸੁਖੁ ਪਾਇਆ ॥**
**ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥ ੨ ॥**

**ਵਿਸਥਾਰ**

ਭਾਵੇਂ ਉਸ ਦਾ ਰੂਪ ਰੰਗ ਰੇਖ ਨਹੀਂ ਹੈ ਪਰ ਜਪ ਜਪ, ਧਿਆਇ ਸੋਝੀ ਆਈ ਹੈ ਕਿ ਮਨ ਦੀਆਂ ਖ਼ਾਹਿਸ਼ਾਂ ਉਸ ਹੀ ਪੂਰੀਆਂ ਕਰਨੀਆਂ ਹਨ। ਉਸ ਦੀ ਪਨਾਹ ਤੱਕਿਆਂ ਹੀ ਮਾਇਆ ਦੇ ਹੱਲਿਆਂ ਤੋਂ ਬਚਾ ਹੋਣਾ ਹੈ ਅਤੇ ਜੋ ਉਹ ਇਰਾਦਾ ਕਰ ਲਵੇ, ਉਹ ਅਵੱਸ਼ ਵਾਪਰਨਾ ਹੈ। ('ਜੋ ਕਰਿ ਪਾਇਆ ਸੋਈ ਹੋਗੁ') ਉਹ ਅੱਖ ਦੇ ਫੋਰ ਵਿਚ ਢਾਹ ਤੇ ਉਸਾਰ ਵੀ ਸਕਦਾ ਹੈ। ਇਸ ਭੇਦ ਨੂੰ ਕਿ ਐਸਾ ਕਿਉਂ ਤੇ ਕਿਵੇਂ ਕਰਦਾ ਹੈ, ਕੋਈ ਦੂਜਾ ਜਾਣ ਨਹੀਂ ਸਕਦਾ। ਉਸ ਦੀ ਮਰਜ਼ੀ ਉਹ ਹੀ ਜਾਣਦਾ ਹੈ ਪਰ ਨਿਰਾਲੀ ਗੱਲ ਇਹ ਹੈ ਕਿ ਢਾਹੁਣ ਵੇਲੇ ਉਹ ਤੈਸ਼ ਵਿਚ ਨਹੀਂ ਆਉਂਦਾ ਅਤੇ ਉਸਾਰਨ ਵੇਲੇ ਕੁਝ ਆਫਰ ਨਹੀਂ ਬਹਿੰਦਾ। ਇਕੋ ਰੰਗ ਚਾਅ ਵਿਚ ਰਹਿੰਦਾ ਹੈ। ਸਾਰੀਆਂ ਖ਼ੁਸ਼ੀਆਂ ਦੇ ਸਾਮਾਨ ਉਸ ਪਾਸ ਹੀ ਹਨ। ਵਾਹਿਗੁਰੂ ਦੇ ਇਕ ਰਸ ਵਿਚਰਨ ਵਾਲੇ ਰੂਪ ਦਾ ਵਰਣਨ ਕਰ ਰਹੇ ਹਨ ਤਾਂਕਿ ਧਿਆਨ ਧਰਨ ਵਾਲੇ ਨੂੰ ਰਤਾ ਕੁ ਸਹਿਲਾ ਹੋ ਜਾਏ। ਜੋ ਜਗਿਆਸੂ ਗ਼ਮੀ-ਖ਼ੁਸ਼ੀ, ਸੁੱਖ-ਦੁੱਖ, ਧੁੱਪ-ਛਾਂ, ਪਾਏ ਤੇ ਖੋਹੇ ਜਾਣੇ ਵੇਲੇ ਇਕ ਰੰਗ ਰਹਿੰਦਾ ਹੈ, ਉਹ

 www.sikhbookclub.com

ਉਸ ਦੇ ਰੂਪ ਨੂੰ ਤੱਕ ਸਕਦਾ ਹੈ।

ਉਸੇ ਵਾਹਿਗੁਰੂ ਤੇ ਫ਼ਿਰ ਉਸ ਦੇ ਸਿਮਰਨ ਕਰਨ ਵਾਲੇ ਨੂੰ ਇਹ ਵੱਲ ਆਉਂਦਾ ਹੈ ਕਿ ਰਾਜਿਆਂ ਵਿਚ ਤਾਂ ਰਾਜਾ ਹੋ ਨਿਬੜੇ ਤੇ ਉਸੇ ਸਮੇਂ ਉਪਰਾਮਤਾ ਦਾ ਸਿਖ਼ਰ ਵੀ ਛੂਹ ਜਾਵੇ। ਤਪੀਆਂ ਵਿਚ ਵੱਡਾ ਤਪੀ ਕਹਿਲਾਵੇ ਅਤੇ ਗ੍ਰਹਿਸਤ ਦੀ ਮਰਯਾਦਾ ਵੀ ਪੂਰੀ ਤਰ੍ਹਾਂ ਨਿਭਾ ਜਾਏ। ਇਕੋ ਵੇਲੇ, ਇਕ ਹੀ ਮੈਦਾਨ, ਉਹ ਹੀ ਹੈ ਜੋ ਦੋ ਖੇਡਾਂ ਖੇਡ ਸਕਦਾ ਹੈ।

ਉਸ ਦੇ ਗੁਣ (ਰਾਜ ਮਹਿ ਰਾਜੁ, ਜੋਗ ਮਹਿ ਜੋਗੀ) ਢਾਹ-ਉਸਾਰ ਵੀ ਅਨੰਦ ਰੂਪ ਵਿਚ ਵਿਚਰਨਾ ਨੂੰ ਦੇਖ ਦੇਖ ਯਾਦ ਕਰਕੇ ਪ੍ਰਭੂ ਪਿਆਰੇ ਸਦੀਵੀ ਸੁੱਖ ਨੂੰ ਪਾਉਂਦੇ ਹਨ। ਢਹਿੰਦਾ-ਉਸਾਰਦਾ, ਆਂਦਾ-ਜਾਂਦਾ ਤੱਕ ਹੁਣ ਪ੍ਰਭੂ ਪਿਆਰਿਆਂ ਦਾ ਮਨ ਡੋਲਦਾ ਨਹੀਂ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਸਾਨੂੰ ਤਾਂ ਸਿਰਫ਼ ਯਾਦ ਹੀ ਪਕਾਉਣੀ ਚਾਹੀਦੀ ਹੈ। ਉਸ ਸਰਬ ਵਿਆਪੀ ਦਾ ਕਦੇ ਅੰਤ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਪਾਇਆ ਹੀ ਨਹੀਂ ਜਾ ਸਕਦਾ।੨।

**ਸ਼ਬਦ ਭਾਵ :**

**ਮਨਸਾ** : ਮਨ ਦੀਆਂ ਖ਼ਾਹਿਸ਼ਾਂ। (Heart's Desires)

**ਮਰਨਾ ਜੋਗ** : ਸਹੀ ਪਨਾਹ। ਠੀਕ ਓਟ।

**ਜੋ ਕਰਿ ਪਾਇਆ** : ਜੋ ਪ੍ਰਭੂ ਧਾਰ ਲਵੇ। ਇਰਾਦਾ ਕਰ ਲਵੇ।

**ਹੋਗੁ** : ਅਵੱਸ਼ ਹੋਏਗਾ।

**ਹਰਨ** : ਢਾਹ ਗਿਰਾ ਢੇਰੀ ਕਰ ਦੇਣਾ।

**ਭਰਨ** : ਫਿਰ ਉਸਾਰ ਖੜ੍ਹਾ ਕਰਨਾ।

**ਨੇਤ੍ਰ ਫੋਰੁ** : ਅੱਖ ਦੇ ਫਰਕਨ ਜਿਤਨਾ ਸਮਾਂ। (Twinkle of eye)

**ਮੰਤ੍ਰ** : ਭੇਦ ਭਰੀ ਬਾਤ।

**ਅਨੰਦ ਰੂਪ** : ਚਾਅ ਦੀ ਮੂਰਤ। ਜਿਸ ਤੇ ਕਦੇ ਮਾਯੂਸੀ ਨ ਹਾਵੀ ਹੋਵੇ। (Embodiment of bliss)

**ਮੰਗਲ** : ਖ਼ੁਸ਼ੀਆਂ। ਮਲ੍ਹਾਰ।

**ਸਰਬ ਥੋਕ** : ਸਾਰੀਆਂ ਖ਼ੁਸ਼ੀਆਂ ਦੇਣ ਵਾਲਾ ਦਾਤਾ। (All Boons)

**ਧਿਆਇ ਧਿਆਇ** : ਦੇਖ ਦੇਖ। ਯਾਦ ਨੂੰ ਪਕਾ।

**ਭਗਤਹ** : ਪ੍ਰਭੂ ਪਿਆਰਿਆਂ।

**ਪੁਰਖ** : ਸਰਬ ਵਿਆਪੀ ਪ੍ਰਭੂ।੨।

SIKHBOOKCLUB.COM

 www.sikhbookclub.com

## ਤੀਜੀ ਪਉੜੀ

ਜਾ ਕੀ ਲੀਲਾ ਕੀ ਮਿਤਿ ਨਾਹਿ ॥
ਸਗਲ ਦੇਵ ਹਾਰੇ ਅਵਗਾਹਿ ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥
ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥
ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥
ਊਚ ਨੀਚ ਤਿਸ ਕੇ ਅਸਥਾਨ ॥
ਜੈਸਾ ਜਨਾਵੈ ਤੈਸਾ ਨਾਨਕ ਜਾਨ ॥ ੩ ॥

## ਵਿਸਥਾਰ

ਉਸ ਵਾਹਿਗੁਰੂ ਦਾ ਜਿਸ ਦਾ 'ਰੂਪ, ਰੰਗ, ਰੇਖ' ਨਹੀਂ ਹੈ ਬੇਅੰਤਤਾ ਇਸ ਲਈ ਦਸ ਰਹੇ ਹਨ ਕਿ ਮਤੇ ਕੋਈ ਅੰਜਾਣ ਇਹ ਨਾ ਆਖਣ ਲਗ ਪਵੇ ਕਿ ਉਸ ਦਾ ਹਾਥ ਪਾ ਲਿਆ ਹੈ। ਉਸਦੇ ਕੌਤਕਾਂ ਦਾ ਕਦੇ ਅੰਤ ਨਹੀਂ ਹੋਆ। ਸੋ ਇਕ ਕੌਤਕ (ਭੇਦ ਰਹਸ) ਜਾਨਣ ਨਾਲ ਜੇ ਕੋਈ ਜੀਵ ਇਹ ਸਮਝ ਲਵੇ ਕਿ ਉਸ ਨੇ ਪੂਰੇ ਦਾ ਗਿਆਨ ਪਾ ਲਿਆ ਹੈ ਤਾਂ ਇਹ ਉਸ ਦੀ ਖ਼ਾਮ ਖ਼ਿਆਲੀ ਹੈ। ਸੋ ਸਮਝਾ ਰਹੇ ਹਨ ਕਿ ਹੇ ਜਗਿਆਸੂ ! ਪ੍ਰਭੂ ਦੇ ਕੌਤਕਾਂ ਦਾ ਕੋਈ ਅੰਤ ਨਹੀਂ ਹੈ। ਨਿਤ ਹੀ ਨਵੇਂ ਕੌਤਕ ਹੁੰਦੇ ਰਹਿੰਦੇ ਹਨ। ਜੀਵਾਂ ਦੀ ਗੱਲ ਤਾਂ ਛੱਡੋ ਉੱਚੀਆਂ ਦੇਵਤਾ ਸਮਾਨ ਆਤਮਾਵਾਂ ਵੀ ਉਸ ਦਾ ਅੰਤ ਲੈਂਦੇ ਲੈਂਦੇ ਹਾਰ ਥੱਕ ਕੇ ਵਿਚੇ ਛੱਡ ਬੈਠੇ। '**ਸਗਲ ਦੇਵ ਹਾਰੇ ਅਵਗਾਹਿ।**'

ਇਵੇਂ ਕੀਮਤੀ ਸਮਾਂ ਜ਼ਾਇਆ ਹੀ ਕਰਦੇ ਰਹੇ। ਭਲਾ ਕੋਈ ਪੁੱਛੇ ਕਦੇ ਕਿਸੇ ਪੁੱਤਰ ਨੇ ਆਪਣੇ ਪਿਤਾ ਨੂੰ ਜਨਮਦੇ ਵੇਖਿਆ ਹੈ। ਇਹ ਕਦੇ ਨਹੀਂ ਹੋਆ ਤਾਂ ਇਹ ਵੀ ਨਹੀਂ ਹੋਣਾ ਕਿ ਕੋਈ ਉਸ ਦਾ ਕੀਤਾ ਹੋਆ, ਉਸ ਕਾਦਰ ਦਾ ਭੇਦ ਜਾਣ ਸਕੇ। ਸਿਰਫ਼ ਇਤਨਾ ਹੀ ਜਾਣ ਲੈਣਾ ਕਾਫ਼ੀ ਹੈ ਕਿ ਉਸ ਦੀ ਸਤਯਾ ਹਰ ਇਕ ਵਿਚ ਦੌੜ ਰਹੀ ਹੈ। ਉਸ ਨੇ ਸਭ ਨੂੰ ਮਰਯਾਦਾ ਵਿਚ ਬੰਨ੍ਹਿਆ ਹੋਆ ਹੈ।

ਇਤਨੀ ਆਮ ਗੱਲ ਕਿ ਹਰ ਇਕ ਵਿਚ ਉਸਦਾ ਪ੍ਰਕਾਸ਼ ਹੈ, ਉਸੇ ਨੂੰ ਹੀ ਸਮਝ ਆਉਂਦੀ ਹੈ ਜਿਸ ਨੂੰ ਸਹੀ ਸੋਹਣੀ, ਅੰਦਰਲਾ ਚਾਨਣ ਤੇ ਇਕਾਗਰਤਾ ਬਖ਼ਸ਼ੇ। ਐਸਾ ਸੇਵਕ, ਦਾਸ ਫਿਰ ਉਸ ਦੀ ਹਜ਼ੂਰੀ ਦਾ ਅਨੰਦ ਪ੍ਰਾਪਤ ਕਰਨ ਲਈ ਤਰਲਾ ਸ਼ੁਰੂ ਕਰ ਦੇਂਦਾ ਹੈ ਪਰ ਦੂਜੇ ਪਾਸੇ ਜਿਨ੍ਹਾਂ ਨੂੰ ਮਾਇਆ ਦੇ ਪ੍ਰਭਾਵਾਂ ਤੋਂ ਨਹੀਂ ਕੱਢਦਾ, ਉਹ ਵਿਚਾਰੇ ਜਨਮਦੇ, ਮਰਦੇ ਅਤੇ ਆਵਾਗਉਣ ਵਿਚ ਫਿਰਦੇ ਰਹਿੰਦੇ ਹਨ। ਉਨ੍ਹਾਂ ਦੀ ਭਟਕਣਾ ਮੁੱਕਦੀ ਹੀ ਨਹੀਂ।

ਜੇ ਕਿਸੇ ਨੂੰ ਉੱਚੀ (ਸੁਮਤਿ ਗਿਆਨੁ ਧਿਆਨੁ) ਦੀ ਅਵਸਥਾ ਮਿਲੀ ਹੈ ਤੇ ਉੱਥੇ ਪੁੱਜ ਵਾਹਿਗੁਰੂ ਦੇ ਕੌਤਕ ਦੇਖਣ ਜੋਗ ਹੋ ਗਿਆ ਹੈ, ਹਜ਼ੂਰੀ ਦਾ ਅਨੰਦ ਲੈਣ ਲਗ ਪਿਆ ਹੈ, ਜਾਂ ਕੋਈ ਅਜੇ ਮਾਦਾ ਪ੍ਰਾਪਤ ਦੀ ਨੀਵੀਂ ਅਵਸਥਾ ਵਿਚ ਹੈ ਤੇ ਸਾਰੀ ਸ੍ਰਿਸ਼ਟੀ

ਨੂੰ ਨਿਰਾ ਤੱਤਾਂ ਦਾ ਮੇਲ ਸਮਝਦਾ ਹੈ ਤਾਂ ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਵੀ ਇਕ ਖੇਡ ਦਾ ਹਿੱਸਾ ਹੈ। ਉਸੇ ਨੇ ਉੱਚੀ ਨੀਵੀਂ ਅਵਸਥਾ ਬਖ਼ਸ਼ੀ ਹੈ। ਇਹ ਇਸ ਲਈ ਫ਼ਰਮਾ ਰਹੇ ਹਨ ਕਿ ਉੱਚ ਟਿਕਾਣੇ ਤੇ ਬੈਠ ਕਿਧਰੇ ਹੰਕਾਰ ਵਿਚ ਦੂਜਿਆਂ ਨੂੰ ਦੁਰੇ ਦੁਰੇ ਨਾ ਕਰਨ ਲੱਗ ਪਵੇ। ੩।

*ਸ਼ਬਦ ਭਾਵ :*

**ਲੀਲਾ** : ਖੇਡ, ਤਮਾਸ਼ਾ, ਕੌਤਕ। (Wondrous Play)

**ਮਿਤਿ** : ਅਨਮਾਨ। ਅੰਦਾਜ਼ਾ। (Tellings)

**ਅਵਗਾਹਿ** : ਖੋਜਦੇ ਖੋਜਦੇ ਥੱਕ ਹਾਰ ਵਿਚੇ ਬੈਠ ਜਾਣਾ। (Tired of Search)

**ਸੂਤਿ** : ਧਾਗੇ। ਮਰਯਾਦਾ ਵਿਚ ਬੰਨ੍ਹ ਰਖਣਾ।

**ਸੁਮਤਿ** : ਠੀਕ ਸੋਚਣੀ। (Right Thinking)

**ਗਿਆਨੁ** : ਅੰਦਰ ਦਾ ਚਾਨਣ। ਗੂੜ੍ਹੀ ਗੱਲ ਦਾ ਪਤਾ ਲੱਗ ਜਾਣਾ। (Enlightenment)

**ਧਿਆਨੁ** : ਪੂਰੀ ਇਕਾਗ੍ਰਤਾ।

**ਤਿਹੁ ਗੁਣ** : ਮਾਇਆ ਦੇ ਸਾਰੇ ਪ੍ਰਭਾਵ। ਪਦਾਰਥਵਾਦੀ।

**ਊਚ** : ਉੱਚੀ ਆਤਮਿਕ ਅਵਸਥਾ ਜਿਥੇ ਪੁਜ ਆਤਮਿਕ ਜਿਊੜਾ ਵਾਹਿਗੁਰੂ ਦੇ ਕੌਤਕ ਦੇਖ ਵਿਸਮਾਦ ਵਿਚ ਚਲਾ ਜਾਂਦਾ ਹੈ।

**ਨੀਚ** : ਹੇਠਲੀ ਨੀਵੀਂ ਆਤਮਿਕ ਅਵਸਥਾ ਜਿਥੇ ਖੜੋਤਾ ਪਦਾਰਥਾਂ ਤੋਂ ਉੱਚਾ ਤੱਕ ਹੀ ਨਹੀਂ ਸਕਦਾ। ੩।

## ਚੌਥੀ ਪਉੜੀ

**ਨਾਨਾ ਰੂਪ ਨਾਨਾ ਜਾ ਕੇ ਰੰਗ ॥**
**ਨਾਨਾ ਭੇਖ ਕਰਹਿ ਇਕ ਰੰਗ ॥**
**ਨਾਨਾ ਬਿਧਿ ਕੀਨੋ ਬਿਸਥਾਰੁ ॥**
**ਪ੍ਰਭੁ ਅਬਿਨਾਸੀ ਏਕੰਕਾਰੁ ॥**
**ਨਾਨਾ ਚਲਿਤ ਕਰੇ ਖਿਨ ਮਾਹਿ ॥**
**ਪੂਰਿ ਰਹਿਓ ਪੂਰਨੁ ਸਭ ਠਾਇ ॥**
**ਨਾਨਾ ਬਿਧਿ ਕਰਿ ਬਨਤ ਬਨਾਈ ॥**
**ਅਪਨੀ ਕੀਮਤਿ ਆਪੇ ਪਾਈ ॥**
**ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥**
**ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥**

### ਵਿਸਥਾਰ

ਉੱਚ ਅਵਸਥਾ ਤੇ ਪੁੱਜਾ ਪੁਰਸ਼ ਇਹ ਦੇਖਣ ਯੋਗ ਹੋ ਜਾਂਦਾ ਹੈ ਕਿ ਤਰ੍ਹਾਂ ਤਰ੍ਹਾਂ ਪ੍ਰਭੂ ਦੇ ਰੂਪ ਹਨ। ਕੋਈ ਉਚੇਰਾ ਰੰਗ ਰੂਪ ਉਸ ਵਾਹਿਗੁਰੂ ਦਾ ਨਹੀਂ। ਜਿਵੇਂ ਕਦੀ ਉਸ ਨੂੰ ਸਾਂਵਲਾ ਹਰਾ ਜਾਂ

 www.sikhbookclub.com

ਚਿੱਟਾ ਮਿੱਥ ਕੇ ਪੂਜਾ ਸ਼ੁਰੂ ਕਰ ਦੇਂਦੇ ਹਨ, ਉਹ ਸਭ ਭੁੱਲੇ ਹਨ। ਵਾਹਿਗੁਰੂ ਕੋਈ ਵੀ ਰੂਪ ਧਾਰ ਸਕਦਾ ਹੈ ਪਰ ਆਪ ਇਕ ਰੰਗ ਰਹਿੰਦਾ ਹੈ। ਉਸ ਉਤੇ ਧਾਰੇ ਰੂਪ ਦਾ ਕੋਈ ਪ੍ਰਭਾਵ ਨਹੀਂ। ਬਹੁਤੀ ਵਾਰੀ ਤੱਕਿਆ ਹੋਵੇਗਾ ਜਦ ਕੋਈ ਭੇਖ ਧਾਰਦਾ ਹੈ ਤਾਂ ਅਦਾ ਵੀ ਉਹੋ ਜਿਹੀ ਹੀ ਕਰਨ ਲੱਗ ਪੈਂਦਾ ਹੈ ਪਰ ਵਾਹਿਗੁਰੂ ਦੀ ਅਦਾ ਬਦਲਦੀ ਨਹੀਂ। ਵਾਹਿਗੁਰੂ ਨੇ ਜਗਤ ਦੀ ਸਾਜਨਾ ਨਿਰੋਲ ਇਕੋ ਢੰਗ ਨਾਲ ਕੀਤੀ। ਇਹ ਉਸ ਖ਼ਿਆਲ ਤੇ ਚੋਟ ਕਰ ਰਹੇ ਹਨ ਜੋ ਇਹ ਕਹਿੰਦੇ ਹਨ ਕਿ ਅਲਾਹ 'ਕੁੰਨ' ਕਿਹਾ ਤੇ ਸਸਾਰ ਹੋਂਦ ਵਿਚ ਆ ਗਿਆ ਜਾਂ ਕਈ ਕਹਿੰਦੇ ਹਨ ਕਿ ਵਾਹਿਗੁਰੂ ਨੇ ਜਗਤ ਛੇ ਦਿਨਾਂ ਵਿਚ ਸਾਜਿਆ ਤੇ ਫਿਰ ਸਤਵੇਂ (ਐਤਵਾਰ) ਆਰਾਮ ਕਰਨ ਲੱਗ ਪਿਆ। ਜਿਵੇਂ ਉਸ ਦੀ ਮਰਜ਼ੀ ਹਵੇ ਉਸ ਢੰਗ ਨਾਲ ਜਗਤ ਉਸਾਰ ਦੇਂਦਾ ਹੈ ਪਰ ਹੋਂਦ ਉਸ ਦੀ ਸਦਾ ਕਾਇਮ ਹੈ। ਇਹ ਨਹੀਂ ਕਿ ਜਗਤ ਸਾਜਨ ਕਰਕੇ ਉਸ ਦੀ ਆਪਣੀ ਹਸਤੀ ਹੀ ਨਹੀਂ ਰਹੀ। ਉਹ ਕਿਤਨੇ ਹੀ ਕੌਤਕ (ਚਲਿਤ) ਪਲਾਂ ਵਿਚ ਵਰਤਾ ਦੇਂਦਾ ਹੈ। ਇਹ ਵੀ ਇਕ ਕੌਤਕ ਹੀ ਹੈ ਕਿ ਇਤਨਾ ਕੁਝ ਸਾਜ ਕੇ ਵੀ ਉਸ ਦਾ ਕੁਝ ਘਟਿਆ ਨਹੀਂ ਅਤੇ ਹਰ ਥਾਂ ਹਰ ਵੇਲੇ ਵਿਆਪਕ ਤੇ ਫਿਰ ਪੂਰਨ ਦਾ ਪੂਰਨ ਹੈ। 'ਪੂਰਿ ਰਹਿਓ ਪੂਰਨੁ ਸਭ ਠਾਇ'। ਅਸਚਰਜਤਾ ਇਹ ਹੈ ਕਿ ਉਹ ਇਤਨੇ ਕੌਤਕਾਂ ਨੂੰ ਵਰਤਾਂਦਾ ਕਿਵੇਂ ਹੈ ਅਸੀਂ ਜੀਵ ਰਤਾ ਭਰ ਨਹੀਂ ਜਾਣ ਸਕਦੇ। ਸਾਨੂੰ ਤਾਂ ਇਕ ਹੀ ਬਣ ਆਉਂਦੀ ਹੈ ਕਿ ਉਸ ਦੀ ਸਿਫ਼ਤ ਸਲਾਹ ਕਰੀ ਜਾਈਏ। ਅੰਦਾਜ਼ਾ ਜਾਂ ਥਾਹ ਪਾਉਣ ਦੀ ਕੋਸ਼ਿਸ਼ ਨਾ ਕਰੀਏ ਕਿਉਂਕਿ ਆਪਣੀ ਕੀਮਤ ਉਹ ਆਪ ਹੀ ਜਾਣਦਾ ਹੈ। ਉਹ ਹੀ ਜਾਣਦਾ ਹੈ ਕਿ ਇਹ ਨਾਨਾ ਪ੍ਰਕਾਰ ਦਾ ਖੇਲ ਉਸ ਨੇ ਕਿਉਂ ਰਚਿਆ ਹੈ। ਸਿਫ਼ਤ ਸਲਾਹ ਕਰਕੇ ਸਿਰਫ਼ ਇਤਨੀ ਕੁ ਸੂਝ ਮਿਲੀ ਹੈ ਕਿ ਸਾਰੇ ਹਿਰਦਿਆਂ ਵਿਚ ਉਸ ਦਾ ਹੀ ਟਿਕਾਣਾ ਹੈ। ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਦੀ ਸਿਫ਼ਤ ਸਲਾਹ ਕਰਕੇ ਜੋ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹਈ ਹੈ, ਇਸੇ ਵਿਚ ਉਨ੍ਹਾਂ ਦਾ ਜੀਵਨ ਹੈ। ੪।

**ਸ਼ਬਦ ਭਾਵ :**

ਨਾਨਾ ਰੂਪ : ਕਈ ਪ੍ਰਕਾਰ ਦੀਆਂ ਸ਼ਕਲਾਂ।
ਇਕ ਰੰਗ : ਇਕੋ ਜਿਹਾ। (Consistent)
ਬਿਧਿ : ਢੰਗਾਂ ਨਾਲ। (Ways)
ਏਕੰਕਾਰੁ : ਸਰਵ ਉੱਚ ਸਦਾ ਪੂਰਨ। (Indivisibly one)
ਚਲਿਤ : ਕੌਤਕ।
ਪੂਰਿ ਰਹਿਓ : ਵਿਆਪਕ।
ਬਨਤ ਬਨਾਈ : ਕੌਤਕ ਕਰਨੇ। ਖੇਲ ਰਚਾਉਣਾ। ਤਮਾਸ਼ਾ ਕਰਨਾ।
ਘਟ : ਹਿਰਦੇ। ਜੀਵ। (Beings) ੪.

## ਪੰਜਵੀਂ ਪਉੜੀ

**ਨਾਮ ਕੇ ਧਾਰੇ ਸਗਲੇ ਜੰਤ ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**


www.sikhbookclub.com

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥ ੫ ॥

**ਵਿਸਥਾਰ**

ਇਹ ਪੱਕ ਹੈ ਤੇ ਜਪ ਜਪ ਕੇ ਪਤਾ ਵੀ ਲੱਗ ਗਿਆ ਕਿ ਉਸ ਦੀ ਕੀਮਤ ਨਹੀਂ ਪਾਈ ਜਾ ਸਕਦੀ ਅਤੇ ਨਾ ਹੀ ਕੋਈ ਉਸ ਨੂੰ ਪੂਰੀ ਤਰ੍ਹਾਂ ਜਾਣ ਸਕਦਾ ਹੈ। ਪਰ ਇਹ ਵੀ ਪ੍ਰਤੀਤ ਹੋਆ ਕਿ ਉਸ ਦੀ ਹਜ਼ੂਰੀ ਪਾਉਣੀ (ਨਾਮ ਪ੍ਰਾਪਤੀ) ਇਨਸਾਨ ਦੀ ਪਹੁੰਚ ਵਿਚ ਹੈ। ਉਸ ਦੀ ਪੱਸਰੀ ਸੱਤਾ (ਨਾਮ) ਕਾਰਨ ਹੀ ਜੀਵ ਜ਼ਿੰਦਾ ਹਨ। ਇਹ ਜੋ ਬ੍ਰਹਿਮੰਡ ਤੇ ਹੋਰ ਸ੍ਰਿਸ਼ਟੀ ਚੰਦ, ਸੂਰਜ ਬ੍ਰਹਿਮੰਡ ਦੇ ਅੰਗ ਹਨ, ਉਸ ਪ੍ਰਭੂ ਦੀ ਜ਼ਾਹਿਰਾ ਕਲਾ (ਨਾਮ) ਸਹਾਰੇ ਹੀ ਖੜ੍ਹੇ ਹਨ ਅਤੇ ਆਪਣੀ ਕਾਰ ਨਿਭਾ ਰਹੇ ਹਨ।

ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਕਰਨ ਦੀ ਤੜਪ ਹੀ ਸੀ ਜਿਸ ਨੇ ਵੇਦਾਂ, ਸਿਮ੍ਰਿਤੀਆਂ ਤੇ ਪੁਰਾਨਾਂ ਦੀ ਰਚਨਾ ਕਰਵਾਈ ਤੇ ਮਨੁੱਖ ਵਿਚ ਜੋ ਗਿਆਨ ਹਾਸਲ ਕਰਨ ਲਈ ਸੁਨਣ ਦੀ ਖ਼ਾਹਿਸ਼ ਉਠਦੀ ਹੈ ਤੇ ਇਕਾਗ੍ਰਤਾ ਪ੍ਰਾਪਤ ਕਰਨ ਦੀ ਖਿੱਚ ਪੈਂਦੀ ਹੈ, ਇਹ ਵੀ ਨਾਮ ਕਾਰਨ ਹੈ। 'ਨਾਮ ਕੇ ਧਾਰੇ ਸੁਨਨ ਗਿਆਨ ਧਿਆਨ।' ਇਹ ਵਾਹਿਗੁਰੂ ਦੀ ਵਿਆਪਤ ਸੱਤਾ ਹੀ ਹੈ ਜਿਸ ਨੇ ਆਕਾਸ਼ ਤੇ ਪਾਤਾਲ ਆਪਣੀ ਥਾਂ ਟਿਕਾਏ ਹੋਏ ਹਨ ਤੇ ਉਸ ਸੱਤਾ ਕਾਰਨ ਹੀ ਸਭ ਜੀਵ ਜ਼ਿੰਦਾ ਫਿਰ ਰਹੇ ਹਨ। ਉਸ ਸੱਤਾ ਕਾਰਨ ਹੀ ਬਸਤੀਆਂ ਵਸੀਆਂ ਅਤੇ ਘਰ ਉਸਰੇ ਤੇ ਲੋਕਾਂ ਆਪਣੇ ਟਿਕਾਣੇ ਬਣਾਏ। ਹਜ਼ੂਰੀ ਦੇ ਪ੍ਰਕਾਸ਼ (ਨਾਮ ਸੰਗਿ) ਕਾਰਨ ਹੀ ਵਾਹਿਗੁਰੂ ਦੀ ਮਿੱਠੀ ਸੋਧ ਦੇਣ ਵਾਲੀ ਆਵਾਜ਼ ਸੁਣੀ ਗਈ ਤੇ ਸੰਸਾਰ ਸਾਗਰ ਪਾਰ ਹੋ ਗਿਆ। ਉਹ ਆਪਣੀ ਹਜ਼ੂਰੀ ਦਾ ਅਨੰਦ ਮਿਹਰ ਕਰਕੇ ਹੀ ਬਖ਼ਸ਼ਦਾ ਹੈ ਅਤੇ ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਹਜ਼ੂਰੀ ਦੇ ਅਨੰਦ ਨੂੰ ਪਾਏ ਉੱਤੇ ਮਾਇਆ ਆਪਣਾ ਕੋਈ ਪ੍ਰਭਾਵ ਨਹੀਂ ਪਾ ਸਕਦੀ ਅਤੇ ਉਹ ਫਿਰ ਉੱਚਤਮ ਆਤਮਿਕ ਅਵਸਥਾ ਨੂੰ ਜਾ ਪਾਉਂਦਾ ਹੈ।੫।

**ਸ਼ਬਦ ਭਾਵ :**

**ਨਾਮ :** ਉਹ ਪ੍ਰਗਟ ਸੱਤਾ, ਜ਼ਾਹਿਰੀ ਕਲਾ ਹੈ ਜੋ ਵਾਹਿਗੁਰੂ ਕਿਸੇ ਮੌਜ ਵਿਚ ਆ ਪ੍ਰਗਟਾਉਂਦਾ ਹੈ। ਹਜ਼ੂਰੀ ਦਾ ਪਹਿਲਾਂ ਅਹਿਸਾਸ ਹੁੰਦਾ ਹੈ ਤੇ ਫਿਰ ਪ੍ਰਕਾਸ਼ ਤੇ ਆਖ਼ਿਰ ਹਜ਼ੂਰੀ ਦਾ ਅਨੰਦ ਮਿਲਦਾ ਹੈ। ਇਹ ਹੀ 'ਨਾਮ ਧੁੰਨ' ਹੈ। ਬਗ਼ੈਰ ਮਿਹਰ ਤੋਂ ਇਹ ਨਹੀਂ ਪਾਈ ਜਾ ਸਕਦੀ।

 www.sikhbookclub.com

**ਨਾਮ ਕੇ ਧਾਰੇ** : ਜਦ 'ਨਾਮ ਦੇ ਧਾਰੇ' ਕਹਿੰਦੇ ਹਨ ਤਾਂ ਗੁਰੂ ਜੀ ਦਾ ਭਾਵ ਹੈ ਕਿ ਦੁਨੀਆਂ ਦੀ ਹਰ ਸ਼ੈ, ਸੂਰਜ, ਚੰਦ, ਗਿਆਨ, ਧਿਆਨ, ਪੁਸਤਕਾਂ ਜਾਂ ਪਦਵੀ ਪਿਛੇ ਉਸ ਦੀ ਸੱਤਾ ਹੈ। ਆਪਣੇ ਆਪ ਵਿਚ ਇਹ ਕੁਝ ਵੀ ਨਹੀਂ।

**ਆਗਾਸ** : ਆਕਾਸ਼।

**ਪੁਰੀਆ** : ਬਸਤੀਆਂ, ਨਗਰ, ਸ਼ਹਿਰ। (Habitation)

**ਭਵਨ** : ਘਰ ਮਹਲ।

**ਉਧਰੇ** : ਤਰ ਗਏ। ਪਾਰ ਹੋ ਗਏ। (Saved)

**ਸੁਨਿ ਸ੍ਰਵਨ** : ਕੰਨਾਂ ਰਾਹੀਂ ਸੁਣ ਕੇ। ਪੂਰੇ ਧਿਆਨ ਨਾਲ ਗ੍ਰਹਿਣ ਕਰਕੇ।

**ਚਉਥੇ ਪਦ** : ਮਾਇਆ ਦੇ ਤਿੰਨਾਂ ਪ੍ਰਭਾਵਾਂ ਤੋਂ ਜੋ ਉੱਚਾ ਹੋ ਜਾਏ ਉਹ 'ਚੌਥੇ ਪਦ' ਪੁੱਜਿਆ ਕਹਿਆ ਜਾਂਦਾ ਹੈ। ਚੌਥੇ ਪਦ ਪੁੱਜ ਇਕੋ ਰੰਗ ਵਿਚ ਰਹਿੰਦਾ ਹੈ। ਉੱਤਮ ਆਤਮਿਕ ਅਵਸਥਾ ਨੂੰ ਵੀ ਚਉਥੇ ਪਦ ਪੁੱਜਿਆ ਕਹਿੰਦੇ ਹਨ। (Greatest Heights of Spiritual Bliss), ੫.

## ਛੇਵੀਂ ਪਉੜੀ

**ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥**
**ਪੁਰਖੁ ਸਤਿ ਕੇਵਲ ਪਰਧਾਨੁ ॥**
**ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥**
**ਸਤਿ ਪੁਰਖ ਸਭ ਮਾਹਿ ਸਮਾਣੀ ॥**
**ਸਤਿ ਕਰਮੁ ਜਾ ਕੀ ਰਚਨਾ ਸਤਿ ॥**
**ਮੂਲੁ ਸਤਿ, ਸਤਿ ਉਤਪਤਿ ॥**
**ਸਤਿ ਕਰਣੀ ਨਿਰਮਲ ਨਿਰਮਲੀ ॥**
**ਜਿਸਹਿ ਬੁਝਾਏ ਤਿਸਹਿ ਸਭ ਭਲੀ ॥**
**ਸਤਿਨਾਮੁ ਪ੍ਰਭ ਕਾ ਸੁਖਦਾਈ ॥**
**ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥ ੬ ॥**

**ਵਿਸਥਾਰ**

ਪਹਿਲਾਂ ਕਿਹਾ ਸੀ ਕਿ ਵਾਹਿਗੁਰੂ ਦਾ ਨਾ ਕੋਈ ਰੂਪ ਹੈ, ਨਾ ਰੇਖ, ਨਾ ਰੰਗ ਅਤੇ ਨਾ ਹੀ ਉਸ ਦਾ ਮਿਜਾਜ਼ ਵਿਗੜਦਾ ਹੈ, ਉਹ ਇਕਤੈ ਰੰਗ ਹੈ ਪਰ ਮਤਾਂ ਜੀਵ ਇਹ ਸਮਝ ਲਏ ਕਿ ਉਸ ਤੱਕ ਪਹੁੰਚ ਤਾਂ ਹੋਣੀ ਨਹੀਂ ਸੋ ਕਿਸੇ ਸਿਮਰਨ, ਜਾਪ, ਯਾਦ, ਕੀਰਤਨ ਦੀ ਕੀ ਲੋੜ ਹੈ ਸੋ ਫਰਮਾਂਦੇ ਹਨ ਕਿ ਉਸ ਤਕ ਪਹੁੰਚ ਨਾਮ ਰਾਹੀਂ ਹੋਣੀ ਹੈ ਤੇ ਉਸ ਦਾ ਰੂਪ ਹੈ ਤੇ ਉਹ ਹੈ 'ਸੱਚ।' ਪ੍ਰਭੂ ਸੱਚ ਵਿਚ ਹੀ ਟਿਕਿਆ ਹੋਇਆ ਹੈ। ਇਹ ਗੱਲ ਜਾਪ ਕਰਦਿਆਂ ਉਘੜ ਕੇ ਸਾਹਮਣੇ ਆਈ ਹੈ ਕਿ ਉਹ ਸੱਚ ਹੀ ਹੈ ਜੋ ਹਰ ਇਕ ਵਿਚ ਕੰਮ ਕਰ ਰਹਿਆ ਹੈ। ਜੇ ਸੱਚ ਦਾ ਜੀਵਨ ਅਪਣਾ ਲਈਏ ਤਾਂ ਉਸ 'ਨ ਰੂਪ, ਨ ਰੰਗ-ਰੇਖ' ਵਾਲੇ ਨੂੰ ਵੀ ਪਾਇਆ ਜਾ ਸਕਦਾ ਹੈ।

ਇਹ ਦ੍ਰਿੜ੍ਹ ਕਰ ਅਤੇ ਬੁਨਿਆਦੀ ਸੱਚ ਜਾਣ ਕਿ ਉਸ ਦੀ ਕੀਤੀ ਹਰ ਗੱਲ ਸੱਚ

 www.sikhbookclub.com

ਹੈ, ਹਕੀਕਤ ਹੈ, ਛਲਾਵਾ ਨਹੀਂ ਤੇ ਜੋ ਉਸ ਨੇ ਮਿਹਰ ਕਰ ਕੇ ਬਾਣੀ ਸਾਡੇ ਤੱਕ ਪਹੁੰਚਾਈ ਹੈ ਉਹ ਵੀ ਸੱਚੀ ਹੈ ਤੇ ਸੱਚ ਹੀ ਸਭ ਵਿਚ ਵਰਤ ਰਿਹਾ ਹੈ। ਇਸ ਅੰਦਰਲੇ ਸੱਚ ਨੂੰ ਨਾ ਦੇਖਣ ਕਾਰਨ ਇਹ ਮੂਰਖ ਜੀਵ ਸਰੀਰ ਨੂੰ ਤਾਂ ਸੱਚ ਜਾਣਨ ਲੱਗ ਪੈਂਦਾ ਹੈ ਪਰ ਉਸ ਨੂੰ ਵਿਸਾਰ ਦੇਂਦਾ ਹੈ।

ਉਸ ਦਾ ਕੋਈ ਕੰਮ ਛਲਾਵੇ ਵਾਲਾ ਨਹੀਂ ਅਤੇ ਜੋ ਰਚਨਾ ਕੀਤੀ ਸੂ ਉਹ ਸੱਤ ਹੈ, ਸਿਰਫ਼ ਅਸੀਂ ਨਾਸ਼ਵਾਨ ਹਾਂ। ਇਤਨੀ ਆਮ ਫ਼ਹਮ ਗੱਲ ਦਾ ਤਾਂ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਬੀਜ, **'ਮੂਲ ਸਤਿ'** ਹੈ ਤਾ ਉਸ ਤੋਂ ਪੈਦਾ ਹੋਈ ਉਪਜੀ ਸ਼ੈ ਵੀ ਸਤ ਹੀ ਹੋਵੇਗੀ।

ਵੱਡੀ ਗੱਲ ਹੈ ਕਿ ਉਸ ਨੇ ਇਹ ਸਭ ਕਰਨੀ, 'ਸ੍ਰਿਸ਼ਟੀ ਰਚਨਾ', ਕਿਸੇ ਲਾਲਚ ਕਾਰਨ ਜਾਂ ਖ਼ੁਦਗਰਜ਼ੀ ਤਾਹਤ ਨਹੀਂ ਕੀਤੀ ਉਹ ਸਭ ਮੈਲਾਂ ਤੋਂ ਪਾਕ ਹੈ ਅਤੇ ਜਿਸ ਨੂੰ ਵਾਹਿਗੁਰੂ ਇਹ ਭਦ ਭਰੀ ਸੋਝੀ ਦ ਦਵ ਕਿ ਉਸ ਨੇ ਇਹ ਸਭ ਰਚਨਾ ਸਵਾਰਥ ਰਹਿਤ ਕੀਤੀ ਹੈ ਤਾਂ ਉਨ੍ਹਾਂ ਭੇਦ ਪਾਏ ਪੁਰਸ਼ਾਂ ਦੀ ਦ੍ਰਿਸ਼ਟੀ ਵੀ ਸਵਾਰਥ ਰਹਿਤ ਹੋ ਜਾਂਦੀ ਹੈ। ਉਹ ਵੀ ਲਾਲਚ; ਹਉਂ ਤੋਂ ਉੱਚ ਉੱਠ ਭਲਾਈ ਵਾਲੇ ਕੰਮਾਂ ਵਿਚ ਪੈ ਜਾਂਦੇ ਹਨ। ਫਿਰ ਜਗਤ ਨੂੰ ਨਿੰਦਦੇ ਹੀ ਨਹੀਂ ਰਹਿੰਦੇ ਅਤੇ ਘਿਰਨਾ ਕਰ ਕੇ ਭੱਜਦੇ ਨਹੀਂ, ਸਗੋਂ ਜੂਝਦੇ ਹਨ।

ਉਸ ਦੀ ਹਕੀਕਤ ਨੂੰ ਜਾਣ ਕੇ ਅੰਦਰ ਨਾਮ ਦਾ ਸਦੀਵੀ ਪ੍ਰਕਾਸ਼ **(ਸਤਿ ਨਾਮੁ)** ਹੁੰਦਾ ਹੈ, ਉਹ ਹੀ ਸੁਖ ਦਾ ਸਾਧਨ ਬਣਦਾ ਹੈ ਤੇ ਇਹ ਸਦੀਵੀ ਸਚਾਈ ਦਾ ਪਤਾ ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਬਾਣੀ ਰਾਹੀਂ ਹੀ ਮਿਲਦਾ ਹੈ ਜੋ ਸੱਚੇ ਪ੍ਰਭੂ ਨੇ ਗੁਰੂ ਰਾਹੀਂ ਸਾਡੇ ਤਕ ਪਹੁੰਚਾਈ ਹੈ। ਇਸ ਅਸ਼ਟਪਦੀ ਦੀ ਦੂਜੀ ਤੁਕ ਵਿਚ, **'ਸਤਿ ਜਾ ਕੀ ਬਾਣੀ'** ਆਖ ਆਏ ਸਨ ਤੇ ਉਸ 'ਸਤਿ ਕੀ ਬਾਣੀ' ਕਾਰਨ ਹੀ ਚਮਤਕਾਰ ਹੋਇਆ ਕਿ ਯਕੀਨ ਬੱਝਾ ਤੇ ਹਿਰਦੇ ਨਾਮ ਪ੍ਰਕਾਸ਼ ਹੋਇਆ।੬।

***ਸ਼ਬਦ ਭਾਵ :***

**ਰੂਪੁ ਸਤਿ** : ਨਾ ਵਧਣ ਘਟਣ ਵਾਲੀ ਅਟੱਲ ਸੂਰਤ। ਮੁਕੰਮਲ। ਜਿਸ ਵਿਚ ਕੋਈ ਉਕਾਈ ਨ ਹੋਵੇ। (Complete and eternal form)

**ਅਸਥਾਨੁ** : ਟਿਕਾਣਾ। (Station)

**ਪੁਰਖੁ** : ਵਿਆਪਕ।

**ਕੇਵਲੁ ਪਰਧਾਨੁ** : ਕਤਈ। ਬੁਨਿਆਦੀ। ਉਘੜਵੀਂ। ਸਿਰੇ ਦੀ। (Supreme over all)

**ਕਰਤੂਤਿ** : ਸਿਰਜਨਾ। ਕੀਤਾ। (Doings)

**ਮੂਲੁ** : ਬੀਜ। (Essence)

**ਬੁਝਾਏ** : ਸੋਝੀ ਦੇਵੇ।

**ਭਲੀ** : ਚੰਗੀ। ਅੱਛੀ। ਜਿਸ ਵਿਚੋਂ ਉਕਾਈਆਂ ਨ ਕਢੀਆਂ ਜਾ ਸਕਣ।

**ਸੁਖਦਾਈ** : ਸੁਖ ਪਹੁੰਚਾਉਣ ਦਾ ਸੋਮਾ। (Source of ultimate peace)

**ਬਿਸ੍ਵਾਸ** : ਸ਼ਰਧਾ। ਯਕੀਨ।੬।


www.sikhbookclub.com

## ਸਤਵੀਂ ਪਉੜੀ

ਸਤਿ ਬਚਨ ਸਾਧੂ ਉਪਦੇਸ ॥
ਸਤਿ ਤੇ ਜਨ, ਜਾ ਕੈ ਰਿਦੈ ਪ੍ਰਵੇਸ ॥
ਸਤਿ ਨਿਰਤਿ ਬੂਝੈ ਜੇ ਕੋਇ ॥
ਨਾਮੁ ਜਪਤ ਤਾਕੀ ਗਤਿ ਹੋਇ ॥
ਆਪਿ ਸਤਿ ਕੀਆ ਸਭੁ ਸਤਿ ॥
ਆਪੇ ਜਾਨੈ ਅਪਨੀ ਮਿਤਿ ਗਤਿ ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥
ਅਵਰ ਨ ਬੂਝਿ ਕਰਤ ਬੀਚਾਰੁ ॥
ਕਰਤੇ ਕੀ ਮਿਤਿ ਨ ਜਾਨੈ ਕੀਆ ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ੭ ॥

### ਵਿਸਥਾਰ

ਜਿਸ ਨੇ ਪੂਰਨ ਤੌਰ ਤੇ ਆਪਾ ਸਾਧਿਆ ਹੋਇਆ ਹੈ, ਤ੍ਰਿਹ ਗੁਣਾਂ ਤੋਂ ਉਤਾਂਹ ਹੋ, ਉਸ ਦਾ ਦਿੱਤਾ ਉਪਦੇਸ਼ ਸਦੀਵੀ ਹੈ। ਸਮੇਂ ਸਥਾਨ ਦੀ ਕੈਦ ਵਿਚ ਨਹੀਂ। ਜੋ ਉਨ੍ਹਾਂ ਬਚਨਾਂ ਨੂੰ ਰਿਦੇ ਵਸਾ ਕੇ ਅਮਲ ਕਰਦਾ ਹੈ, ਉਹ ਪਾਵਨ ਹੋ ਜਾਂਦਾ ਹੈ।

ਜਿਸ ਵੇਲੇ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਸੱਚ ਦਾ ਜੀਵਨ ਜਿਉਣ ਦਾ ਕੀ ਭਾਵ ਹੈ, ਸਦਾ ਸੱਚ ਨਾਲ ਲਗੇ ਰਹਿਣ ਦੇ ਕੀ ਅਰਥ ਹਨ ਤਾਂ ਉਸ ਨੂੰ ਇਹ ਸੋਝੀ ਵੀ ਹੋ ਜਾਂਦੀ ਹੈ ਕਿ ਪਾਰ ਉਤਾਰਾ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਕਰਨ ਵਿਚ ਹੈ।

ਫਿਰ 'ਸਤਿ ਨਿਰਤਿ ਬੂਝੈ' ਵਾਲਾ ਪੁਰਸ਼ ਸਾਫ ਦੇਖ ਲੈਂਦਾ ਹੈ ਕਿ ਉਹ ਪ੍ਰਭੂ ਅਟੱਲ ਹੈ ਅਤੇ ਉਸਦੀ ਰਚਨਾ ਵੀ ਹਕੀਕਤ ਹੈ। ਉਸ ਦਾ ਹਾਲ ਜਾਣਨਾ ਤਾਂ ਬਹੁਤ ਦੂਰ ਦੀ ਗੱਲ ਹੈ, ਅਨੁਮਾਨ ਵੀ ਨਹੀਂ ਲਗਾਇਆ ਜਾ ਸਕਦਾ। ਉਹ ਆਪਣਾ ਸਮਾਂ ਇਨ੍ਹਾਂ ਗੱਲਾਂ ਵਿਚ ਜ਼ਾਇਆ ਨਹੀਂ ਕਰਦਾ ਕਿ ਸ੍ਰਿਸ਼ਟੀ ਕਦ ਬਣੀ, ਵਾਰ ਕੀ ਸੀ, ਮਹੀਨਾ ਕਿਹੜਾ ਸੀ ਸਗੋਂ ਜੀਵਨ ਦੇ ਹਰ ਪਲ ਨੂੰ ਸਿਮਰਨ ਵਿਚ ਲਗਾ ਕੇ ਸਫ਼ਲ ਕਰਦਾ ਹੈ।

ਉਸ 'ਸਤਿ ਨਿਰਤਿ ਬੂਝੈ' ਦਾ ਵਿਸ਼ਵਾਸ ਪੱਕਾ ਹੈ ਕਿ ਜਿਸ ਨੇ ਰਚਨਾ ਕੀਤੀ ਹੈ, ਉਹ ਹੀ ਜਾਣਦਾ ਹੈ ਕਿ ਸੰਭਾਲ ਕਿਵੇਂ ਕਰਨੀ ਹੈ। ਉਸ ਨੂੰ ਹੋਰ ਕੋਈ ਦੂਜਾ ਸਲਾਹ ਰਾਇ ਨਹੀਂ ਦੇ ਸਕਦਾ। ਇਹ ਨਹੀਂ ਹੋ ਸਕਦਾ ਜੋ ਸਿਰਜਿਆ ਹੈ, ਉਹ ਸਿਰਜਨਹਾਰ ਦਾ ਅਨੁਮਾਨ ਲਗਾ ਸਕੇ। 'ਕਰਤੇ ਕੀ ਮਿਤਿ ਨ ਜਾਨੈ ਕੀਆ'। ਬਸ ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਉਸ ਦੀ ਮਰਜ਼ੀ ਹੀ ਵਰਤਨੀ ਹੈ। ਸੋ ਨਿਸ਼ਚਿੰਤ ਹੋ ਕੇ ਹੁਕਮ ਵਿਚ ਟੁਰੀ ਜਾ। ੭।

**ਸ਼ਬਦਾਂ ਭਾਵ :**

**ਬਚਨ** : ਗੂੜ੍ਹੇ ਭੇਦ, ਉੱਚੇ ਬੋਲ।
**ਰਿਦੈ** : ਹਿਰਦੇ ਵਿਚ।

**ਨਿਰਤਿ** : ਲੱਗੇ ਰਹਿਣਾ । ਜੁੜਿਆ ਰਹਿਣਾ । ਅਥਾਹ ਪਿਆਰਾ । ਭੇਦ ਪਾ ਜਾਣ ਵਾਲਾ । (Strong attachment)

**ਗਤਿ** : ਪਾਰ ਉਤਾਰਾ ।

**ਮਿਤਿ** : ਅਨੁਮਾਨ । ਅੰਦਾਜ਼ਾ ।

**ਅਵਰ** : ਹੋਰ । ੭ ।

## *ਅਠਵੀਂ ਪਉੜੀ*

**ਬਿਸਮਨ ਬਿਸਮ ਭਏ ਬਿਸਮਾਦ ॥**
**ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥**
**ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥**
**ਗੁਰ ਕੈ ਬਚਨਿ ਪਦਾਰਥ ਲਹੇ ॥**
**ਓਇ ਦਾਤੇ ਦੁਖ ਕਾਟਨਹਾਰ ॥**
**ਜਾ ਕੈ ਸੰਗਿ ਤਰੈ ਸੰਸਾਰ ॥**
**ਜਨ ਕਾ ਸੇਵਕੁ ਸੋ ਵਡਭਾਗੀ ॥**
**ਜਨ ਕੈ ਸੰਗਿ ਏਕ ਲਿਵ ਲਾਗੀ ॥**
**ਗੁਨ ਗੋਬਿੰਦ ਕੀਰਤਨੁ ਜਨੁ ਗਾਵੈ ॥**
**ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥**

### *ਵਿਸਥਾਰ*

ਜਿਸ ਵੇਲੇ ਮਨੁੱਖ ਉਚਾਈਆਂ (ਬਿਸਮਾਦ) ਨੂੰ ਜਾ ਪਹੁੰਚਦਾ ਹੈ ਤਾਂ ਉਸ ਦੇ ਮੁਖੋਂ ਫਿਰ ਕੋਈ ਬੋਲ ਨਹੀਂ ਨਿਕਲਦਾ ਸਗੋਂ ਅਚੰਭੇ ਵਿਚ ਹੀ ਰਹਿੰਦਾ ਹੈ । ਇਹ ਅਸਚਰਜ ਅਨੰਦਮਈ ਅਵਸਥਾ ਉਸ ਨੂੰ ਹੀ ਮਿਲਦੀ ਹੈ ਜਿਸ ਨੇ ਸੱਚ ਦਾ ਪੱਲਾ ਪਕੜੇ ਰਹਿਣ ਵੇਲੇ ਜੋ ਮਜ਼ਾ ਆਉਂਦਾ ਹੈ ਦੇ ਭੇਦ ਨੂੰ ਸਮਝ ਲਿਆ ਹੈ ।

ਉਹ ਫਿਰ ਇਸ ਅਵਸਥਾ ਨੂੰ ਪਾ ਕਰਾਮਾਤਾਂ ਨਹੀਂ ਦਿਖਾਉਣ ਲੱਗ ਪੈਂਦਾ ਸਗੋਂ ਪ੍ਰਭੂ ਦੇ ਪਿਆਰ ਵਿਚ ਰੰਗੇ ਰਹਿਣ ਨੂੰ ਸਭ ਤੋਂ ਉੱਤਮ ਸਮਝਦਾ ਹੈ । ਸੋ ਗੁਰੂ ਦੇ ਸ਼ਬਦ ਨੂੰ ਜਾਨਣ, ਸਮਝਣ ਤੇ ਅਮਲ ਕਰਨ ਵਿਚ ਰੁਝ ਜਾਂਦਾ ਹੈ ਤੇ ਜੀਵਨ ਦਾ ਸਹੀ ਮਕਸਦ (ਪਦਾਰਥ) ਪਾ ਲੈਂਦਾ ਹੈ । ਜਨਮ ਪਦਾਰਥ ਪਾ ਫਿਰ ਉਹ ਹੀਣ ਭਾਵ ਵਿਚ ਨਹੀਂ ਰਹਿੰਦਾ । ਉਸ ਦੀ ਮੰਗਤ ਰੁਚੀ ਨਹੀਂ ਰਹਿੰਦੀ ਅਤੇ ਦਾਤਾ ਪੱਖ ਵਿਚ ਵਿਚਰਦਾ ਹੈ । ਐਸੇ ਜੋ ਦਾਤਾ ਪੱਖ ਵਿਚ ਰਹਿੰਦੇ ਹਨ ਅਤੇ ਜਨਮ ਪਦਾਰਥ ਪਾ ਲੈਂਦੇ ਹਨ ਦੀ ਸੰਗਤ ਕੀਤਿਆਂ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ । ਉਹ ਜਨ ਤਾਂ ਵਡਭਾਗੀ ਹੈ ਹੀ ਜਿਸ ਜਨਮ ਪਦਾਰਥ ਪਾ ਲਿਆ ਹੈ ਪਰ ਉਸਦੇ ਨੇੜੇ ਹੋਣ ਵਾਲਾ, ਉਸ ਦੀ ਸੇਵਾ ਕਰਨ ਵਾਲਾ ਵੀ ਖੁਸ਼ਨਸੀਬ ਹੈ ਕਿਉਂਕਿ ਉਸ ਨੇੜੇ ਰਹਿਆਂ ਸਿਰਫ਼ ਇਕ ਪ੍ਰਭੂ ਦੇ ਪਿਆਰ ਦੀ ਜਾਗ ਲਗ ਜਾਂਦੀ ਹੈ । ਸ਼ਖਸੀਅਤ ਟੋ-ਫਾੜ ਨਹੀਂ ਹੁੰਦੀ । ਐਸਾ ਪ੍ਰਭੂ ਪਿਆਰ ਪਾਇਆ ਵਡਭਾਗੀ ਜੀਵ ਸਿਰਫ਼ ਵਾਹਿਗੁਰੂ ਦੀ ਉਪਮਾ ਕਰਦਾ ਹੈ, ਕੀਰਤਨ ਕਰਦਾ ਹੈ, ਸ਼ਬਦ ਦੀ ਰੌਸ਼ਨੀ ਵਿਚ ਟੁਰਦਾ ਹੈ ਅਤੇ ਜੀਵਨ ਦਾ ਸਹੀ


www.sikhbookclub.com

ਫਲ ਪਾ, ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ । ੮ । ੧੬ ।

**ਸ਼ਬਦ ਭਾਵ :**

**ਬਿਸਮਨ ਬਿਸਮ** : ਮਸਤੀ ਦੀ ਉੱਚਤਮ ਅਵਸਥਾ । (Height of ecstacy)

**ਬੂਝਿਆ** : ਭੇਦ ਨੂੰ ਜਾਣਿਆ ।

**ਰੰਗਿ** : ਪਿਆਰ ਵਿਚ ।

**ਰਾਚਿ** : ਰਚ ਮਿਚ । (Absorbed)

**ਪਦਾਰਥ** : ਕਿਸੇ ਗੁਝੀ ਚੀਜ਼ ਦਾ ਸਾਫ ਦਿੱਸ ਪੈਣਾ । ਜੀਵਨ ਦਾ ਮਕਸਦ ਕੀ ਹੈ ਦਾ ਪਤਾ ਨਹੀਂ ਲਗਦਾ ਪਰ ਜਦ ਹਹਿਮਤ ਹੋ ਜਾਵੇ ਤਾਂ ਸਾਫ਼ ਦਿਖਾਈ ਦੇਣ ਲੱਗ ਪੈਂਦਾ ਹੈ । ਇਸ ਨੂੰ **ਜਨਮ ਪਦਾਰਥ ਜਿੱਤਣਾ** ਜਾਂ ਪਾਉਣਾ ਕਹਿਆ ਹੈ । ਸਹੀ ਸਮਝ ।

**ਏਕ ਲਿਵ** : ਇਕੋ ਵਿਚ ਧਿਆਨ । ਹੋਰ ਲਾਂਭੇ ਧਿਆਨ ਨਾ ਜਾਣਾ । ਇਕਸੁਰਤਾ । ਧਾਤ, ਧਾਵਨਾ ਦਾ ਹਟਣਾ । ੮ । ੧੬ ।

---

## ਸਤਾਰ੍ਹਵੀਂ ਅਸ਼ਟਪਦੀ

*ਸਤਾਰ੍ਹਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਇਹ ਮਨੌਤ ਮੁਢੋਂ ਹੀ ਨਿਰਮੂਲ ਹੈ ਕਿ ਕਿਸੇ ਬਾਬਾ ਸ੍ਰੀ ਚੰਦ ਨੇ ਆ ਕੇ ਸੁਖਮਨੀ ਸਾਹਿਬ ਉਚਾਰਦੇ ਅਟਕੇ ਗੁਰੂ ਅਰਜਨ ਦੇਵ ਜੀ ਨੂੰ **'ਆਦਿ ਸਚੁ ਜੁਗਾਦਿ ਸਚੁ'** ਦਾ ਸਲੋਕ ਲਿਖ ਕੇ ਅਗੋਂ ਅਸ਼ਟਪਦੀ ਲਿਖਣ ਲਈ ਕਿਹਾ । ਸੁਖਮਨੀ ਸਾਹਿਬ ਇਕੋ ਬੈਠਕ ਵਿਚ, ਇਕੋ ਥਾਂ, ਰਾਮਸਰ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਉਚਾਰ ਲਿਖੀ ਸੀ । **ਇਹ ਧੁਰ ਦੀ ਬਾਣੀ ਹੈ ਕਿਸੇ ਵਿਅਕਤੀ ਦਾ ਇਸ ਵਿਚ ਦਖ਼ਲ ਨਹੀਂ ।** ਇਹ ਪੁੱਠੀ ਮਨੌਤ ਉਸ ਨਾ-ਸਮਝੀ ਵਿਚੋਂ ਨਿਕਲੀ ਲਗਦੀ ਹੈ ਜਿਸ ਅਨੁਸਾਰ ਸੁਖਮਨੀ ਸਾਹਿਬ ਨੂੰ ਇਕ ਇਕਾਈ ਨਹੀਂ ਜਾਣਿਆ । ਇਕ ਮਜ਼ਮੂਨ ਨਹੀਂ ਤੱਕਿਆ । **ਮਜ਼ਮੂਨ ਹੈ : ਮਨ ਬਿਸ੍ਰਾਮ ਕਿਵੇਂ ਕਰਨਾ ਹੈ ।** ਹੁਣ ਤਕ ਦੱਸ ਆਏ ਹਨ ਕਿ ਜੋ ਚਿਤ ਦਾ ਦੁਚਿਤਾਪਨ ਹੈ, ਉਹ ਹੀ ਮਨ ਨਹੀਂ ਟਿਕਣ ਦੇਂਦਾ । ਦੁਚਿਤਾਪਨ ਇਹ ਹੈ ਕਿ ਕਦੇ ਤਾਂ ਦਿਸਦਾ ਜਗਤ ਹੀ ਸਭ ਕੁਝ ਲੱਗਣ ਲੱਗ ਪੈਂਦਾ ਹੈ ਤੇ ਕਦੇ ਇਹ ਨਾਸਵੰਤ ਮਹਿਸੂਸ ਹੁੰਦਾ ਹੈ । ਕਦੇ ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ ਤੇ ਕਦੇ ਵਾਹਿਗੁਰੂ ਦੀ ਯਾਦ ਤੱਕ ਨਹੀਂ ਆਉਂਦੀ । ਕਦੇ ਇਹ ਮਹਿਸੂਸ ਹੁੰਦਾ ਹੈ ਕਿ ਸਭ ਕੁਝ ਉਸ ਦੇ ਹੀ ਵਸ ਹੈ ਅਸੀਂ ਤਾਂ ਸਿਰਫ਼ ਖੇਡ ਦੇ ਖਿਡੌਣੇ ਹਾਂ ਪਰ ਕਦੇ ਲਗਦਾ ਹੈ ਕਿ ਅਸੀਂ ਆਪ ਹੀ ਕਰਤੇ ਹਾਂ । ਪਰ ਹੁਣ ਇਸ ਅਸ਼ਟਪਦੀ ਵਿਚ ਸਮਝਾਂਦੇ ਹਨ ਕਿ ਇਹ ਦੁਚਿਤਾਪਨ ਛੱਡ ਕੇ ਦੇਖ, ਉਹ ਤੈਨੂੰ ਹੋਂਦ ਵਾਲਾ ਦਿੱਸਣ ਲੱਗ ਪਵੇਗਾ । ਉਸ ਦਾ ਰੂਪ ਸੱਚ ਹੈ । ਸੋ ਸਲੋਕ ਤੇ ਅਸ਼ਟਪਦੀ ਵਿਚ ਕਹਿੰਦੇ ਹਨ ਕਿ ਵਾਹਿਗੁਰੂ ਦੀ ਪਾਵਨ ਹੋਂਦ (ਸਚੁ) ਅਰੰਭ ਵਿਚ ਸੀ ਤੇ ਹੁਣ ਹੈ ਤੇ ਅਗੋਂ ਵੀ ਹੋਵੇਗੀ । ਸੰਸਾਰ ਦੀ ਪਕੜ ਛੱਡਣ ਨਾਲ ਉਸ ਦੀ ਹੋਂਦ ਸਾਫ ਦਿੱਸਣ ਲੱਗ ਪੈਂਦੀ ਹੈ ।

 www.sikhbookclub.com

ਅਸ਼ਟਪਦੀ ਵਿਚ ਕਹਿੰਦੇ ਹਨ ਕਿ ਵਾਹਿਗੁਰੂ ਦੀ ਛੁਹ ਮਹਿਸੂਸ ਕੀਤੀ ਜਾ ਸਕਦੀ ਹੈ (ਸਤਿ ਪਰਸਨਹਾਰ) ਉਸ ਦੀ ਪੂਜਾ, ਧਿਆਉਣਾ ਜਾਂ ਸੁਰਤਿ ਕੋਈ ਇੰਜੇ ਕਹੇ ਸ਼ਬਦ ਨਹੀਂ ਹਨ। ਬਸ ਇਹ ਯਕੀਨ ਆ ਜਾਣਾ ਚਾਹੀਦਾ ਹੈ ਕਿ ਉਹ ਅਸਲੀਅਤ ਹੈ ਤਾਂ ਫਿਰ ਉਸ ਦੇ ਚਲਿਤ ਚੰਗੇ ਲੱਗਣ ਲੱਗ ਪੈਂਦੇ ਹਨ ਅਤੇ ਆਪਾ ਉਸ ਵਿਚ ਹਲੂਲ ਕਰਨਾ ਆਸਾਨ ਹੋ ਜਾਂਦਾ ਹੈ।

ਐਸਾ ਸੇਵਕ ਹੁਕਮ ਵਿਚ ਟੁਰਦਾ ਹੈ, ਆਪ ਹੁਦਰੀਆਂ ਨਹੀਂ ਕਰਦਾ ਤੇ ਯਾਦ ਟੁੱਟਣ ਨਹੀਂ ਦੇਂਦਾ। ਐਸੇ ਦੇ ਔਗੁਣ ਵਾਹਿਗੁਰੂ ਨਹੀਂ ਚਿਤਾਰਦਾ ਅਤੇ ਚਾਰੇ ਪਾਸੇ ਉਸ ਦੀ ਸ਼ੋਭਾ ਫੈਲ ਜਾਂਦੀ ਹੈ। ਵਾਹਿਗੁਰੂ ਦਾ ਨਿਰਾ ਇਹ ਗੁਣ ਨਹੀਂ ਕਿ ਪਰਦਾ ਢਕਦਾ ਹੈ ਸਗੋਂ ਉਸ ਦੀਆਂ ਵਡਿਆਈਆਂ ਦਾ ਕੋਈ ਅੰਤ ਨਹੀਂ। ਕਿਸੇ ਕੀੜੇ ਵਰਗੇ ਨਿਮਾਣੇ ਵਿਚ ਆਪਣੀ ਸ਼ਕਤੀ ਪਾ ਦੇਵੇ ਤਾਂ ਲੱਖਾਂ ਫੌਜਾਂ ਨੂੰ ਭਸਮ ਕਰ ਦਵੇ। ਸਾਡਾ ਤਾਂ ਇਕ ਹੀ ਫ਼ਰਜ਼ ਹੈ ਕਿ ਉਸ ਨੂੰ ਸਦਾ ਯਾਦ ਰਖੀਏ। ਯਾਦ ਕਰਦੇ ਰਹਿਆਂ ਨਿਰਾਲੀ ਤਸੱਲੀ ਮਿਲਦੀ ਹੈ ਤੇ ਦੁਨੀਆਂ ਵਲ ਨਹੀਂ ਝੁਕਦਾ। **'ਅਵਰੁ ਨਾਹੀ ਦ੍ਰਿਸਟਾਇਆ।'** ਯਾਦ ਪਕਾਉਣ ਲਈ ਕੋਈ ਹੱਠ ਯੋਗ ਜਾਂ ਆਪਣੇ ਤੇ ਜਬਰ ਨਹੀਂ ਕਰਨਾ। ਕੇਵਲ **'ਆਤਮਾ ਕੈ ਚਾਇ'** ਭਗਤੀ ਕਰਨੀ ਹੈ। ਉਸ ਦੀ ਹਜ਼ੂਰੀ ਵਿਚ ਰਹਿਣ ਦਾ ਬੜਾ ਹੀ ਮਜ਼ਾ ਹੈ। ਵੱਡਾ ਮਵਾਦ ਇਹ ਹੈ ਕਿ ਫਿਰ ਚਲਿਤ ਦੇਖ ਮਨ ਨਹੀਂ ਡੋਲਦਾ।

ਅਖੀਰ ਤੇ ਸਮਝਾਂਦੇ ਹਨ ਕਿ ਵਾਹਿਗੁਰੂ ਤੱਕ ਜੇ ਪਹੁੰਚ ਨਹੀਂ ਵੀ ਹੋ ਸਕੀ ਤਾਂ ਛੱਡ ਨਾ ਬੈਠੀਂ। ਉਨ੍ਹਾਂ ਦੀ ਸੰਗਤ ਕਰੀ ਚੱਲ ਜੋ ਹਜ਼ੂਰੀ ਦਾ ਅਨੰਦ ਮਾਣ ਰਹੇ ਹਨ। ਐਸਾ ਕਰਦਿਆਂ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਇਕ ਦਿਨ ਸੁਤੇ ਸਿਧ ਹੋ ਜਾਏਗਾ।

## ਸਲੋਕੁ ॥

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥**

## ਵਿਸਥਾਰ

ਜਪੁ ਤੋਂ ਬਾਅਦ ਜੋ ਅਰੰਭ ਵਿਚ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ, ਦਰਜ ਹੈ, ਉਸ ਵਿਚ ਤੇ ਇਥੇ ਦਰਜ ਸਲੋਕ ਵਿਚ ਸਿਰਫ਼ ਇਤਨਾ ਅੰਤਰ ਹੈ ਕਿ ਉਥੇ 'ਭੀ' ਸੀ ਤੇ ਇਥੇ ਭਿ ਹੈ।

ਸਮਝਾ ਰਹੇ ਹਨ ਕਿ ਪ੍ਰਭੂ ਕੋਈ ਛਲਾਵਾ ਨਹੀਂ। ਪ੍ਰਭੂ ਆਦਿ ਮੁਢ ਤੋਂ ਅਸਲੀਅਤ ਹੈ। ਜੁੱਗਾਂ ਦੇ ਸ਼ੁਰੂ ਤੋਂ ਉਸ ਦੀ ਹੋਂਦ ਹੈ। ਹੁਣ ਵੀ ਹੈ ਅਤੇ ਅਗੋਂ ਵੀ ਕਾਇਮ ਰਵ੍ਹੇਗੀ। ੧।

**ਸ਼ਬਦ ਭਾਵ :**

**ਆਦਿ** : ਮੁੱਢ ਅਰੰਭ ਤੋਂ। (In the beginning)

**ਸਚੁ** : ਹੋਂਦ ਵਾਲਾ। ਅਸਲੀਅਤ ਜੋ ਛਲਾਵਾ ਨਹੀਂ। (Reality)

**ਜੁਗਾਦਿ** : ਜਦ ਕਾਲ, ਸਮੇਂ ਦਾ ਅਰੰਭ ਹੋਆ।

**ਹੈ ਭਿ** : ਹੁਣ ਵੀ। ੧।

 www.sikhbookclub.com

## ਪਹਿਲੀ ਪਉੜੀ

ਚਰਨ ਸਤਿ ਸਤਿ ਪਰਸਨਹਾਰ ॥
ਪੂਜਾ ਸਤਿ ਸਤਿ ਸੇਵਦਾਰ ॥
ਦਰਸਨੁ ਸਤਿ ਸਤਿ ਪੇਖਨਹਾਰ ॥
ਨਾਮੁ ਸਤਿ ਸਤਿ ਧਿਆਵਨਹਾਰ ॥
ਆਪਿ ਸਤਿ ਸਤਿ ਸਭ ਧਾਰੀ ॥
ਆਪੇ ਗੁਣ ਆਪੇ ਗੁਣਕਾਰੀ ॥
ਸਬਦੁ ਸਤਿ ਸਤਿ ਪ੍ਰਭੁ ਬਕਤਾ ॥
ਸੁਰਤਿ ਸਤਿ ਸਤਿ ਜਸੁ ਸੁਨਤਾ ॥
ਬੁਝਨਹਾਰ ਕਉ ਸਤਿ ਸਭ ਹੋਇ ॥
ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥

**ਵਿਸਥਾਰ**

ਉਸ ਦੀ ਛੁਹ ਕੋਈ ਛਲਾਵਾ ਨਹੀਂ ਹਕੀਕਤ ਹੈ ਤੇ ਜਿਸ ਨੂੰ ਪ੍ਰਾਪਤ ਹੁੰਦੀ ਹੈ, ਉਸ ਨੂੰ ਝੁਣਝੁਣੀ ਜਹੀ ਮਹਿਸੂਸ ਹੁੰਦੀ ਹੈ। **'ਸਤਿ ਪਰਸਨ-ਹਾਰ'।** ਉਸ ਹੋਂਦ ਵਾਲੇ ਦੀ ਕ੍ਰਿਤੱਗ ਯਾਦ (ਪੂਜਾ) ਕਰਨੀ ਇਸ ਲਈ ਜ਼ਰੂਰੀ ਹੈ ਤਾਂ ਕਿ ਪ੍ਰਾਪਤ ਝੁਣਝੁਣੀ ਉਤਸ਼ਾਹ ਨੂੰ ਕਿਸੇ ਸੇਵਾ ਵਿਚ ਲਗਾਇਆ ਜਾ ਸਕੇ। ਨਿਰਾ ਆਪੇ ਵਿਚ ਹੀ ਮਸਤ ਹੋ ਨਾ ਫਿਰਦਾ ਰਵ੍ਹੇ।

ਉਸ ਅਦ੍ਰਿਸ਼ਟ ਦਾ ਨਜ਼ਾਰਾ ਪ੍ਰਤੱਖ ਹੈ ਅਤੇ ਦੇਖਣ ਵਾਲਾ ਵੀ ਪ੍ਰਤੱਖ ਦੇਖਦਾ ਹੈ। ਕੋਈ ਮਨ ਭਰਮ ਨਹੀਂ। ਉਸ ਦਾ ਹਜ਼ੂਰੀ ਵਿਚ ਰਹਿਣਾ ਵੀ ਅਸਲੀਅਤ ਹੈ ਅਤੇ ਉਸ ਦੀ ਹੋਂਦ ਪ੍ਰਾਪਤ ਕਰਨ ਦਾ ਜਤਨ ਵੀ ਸਹੀ ਹੈ। ਉਹ ਖਰੀ ਹਕੀਕਤ ਹੈ ਤੇ ਜੋ ਜਗਤ ਉਸ ਨੇ ਸਾਜ ਕਾਇਮ ਰਖਿਆ ਹੈ। ਇਹ ਉਸ ਦੀ ਹੋਂਦ ਕਾਰਨ ਹੈ। ਆਪਣੇ ਆਪ ਵਿਚ ਇਹ ਦਿਸਦਾ ਜਗਤ ਕੁਝ ਵੀ ਨਹੀਂ। ਉਹ ਕਿਉਂਕਿ ਗੁਣਾਂ ਦਾ ਭੰਡਾਰ ਹੈ ਤੇ ਜੋ ਵੀ ਉਸ ਨੂੰ ਪੂਰਨ ਤੌਰ ਤੇ ਧਿਆਂਦੇ ਹਨ ਉਨ੍ਹਾਂ ਨੂੰ ਗੁਣ ਪ੍ਰਦਾਨ ਕਰਦਾ ਹੈ। ਉਸ ਦੇ ਗੁਣ ਗਾਉਣ ਦਾ ਸਹੀ ਰਾਹ ਸ਼ਬਦ ਹੈ ਕਿਉਂਕਿ ਸ਼ਬਦ ਹੀ ਪ੍ਰਭੂ ਦੇ ਸਹੀ ਬੋਲ ਹਨ ਜੋ ਜੀਵਾਂ ਪਾਸ ਆਏ ਹਨ। ਪ੍ਰਭੂ ਦਾ ਜਸ ਸ਼ਬਦ ਰਾਹੀਂ ਸੁਣਦਿਆਂ ਸੁਰਤਿ ਵਿਚ ਸ਼ਬਦ ਸਾਫ਼ ਸਮਾ ਜਾਂਦਾ ਹੈ ਤੇ ਸੁਰਤਿ ਉਡਾਰੀ ਮਾਰਨ ਜੋਗ ਹੋ ਜਾਂਦੀ ਹੈ। **'ਸੁਰਤਿ ਸਤਿ ਸਤਿ ਜਸੁ ਸੁਨਤਾ'**, ਜਿਸ ਨੂੰ ਜਗਤ ਤੋਂ ਉਤਾਂਹ ਦੇਖਣ ਦਾ ਵੱਲ ਆ ਗਿਆ, ਉਹ ਆਪ ਪਾਵਨ ਹੋ ਗਿਆ। ਜੀਵਨ ਸੱਚ ਰੂਪ ਹੋ ਗਿਆ ਤੇ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਹ ਹਰ ਸਮੇਂ ਵਾਹਿਗੁਰੂ ਦਾ ਪ੍ਰਤੱਖ ਨਜ਼ਾਰਾ ਕਰਨ ਜੋਗ ਹੋ ਜਾਂਦਾ ਹੈ। ੧।

**ਸ਼ਬਦ ਭਾਵ :**

ਚਰਨ ਸਤਿ : ਉਸ ਦੀ ਛੁਹ ਹਕੀਕਤ ਹੈ। ਵਾਹਿਗੁਰੂ ਕੋਈ ਛਲਾਵਾ ਨਹੀਂ।

ਸਤਿ
ਪਰਸਨਹਾਰ : ਜੋ ਛੁਹ ਪ੍ਰਾਪਤ ਕਰਦਾ ਹੈ, ਉਹ ਵੀ ਅਸਲੀਅਤ ਹੈ।

 www.sikhbookclub.com

**ਪੂਜਾ** : ਸ਼ਰਧਾ ਧਾਰ, ਕ੍ਰਿਤੱਗ ਹੋ ਯਾਦ ਕਰਨਾ।
**ਸੇਵਦਾਰ** : ਸੇਵਾ ਕਰਨ ਵਾਲੇ। ਚੰਗੇ ਕੰਮਾਂ ਵਿਚ ਲਗੇ।
**ਦਰਸਨੁ ਸਤਿ** : ਪਰਤੱਖ ਨਜ਼ਾਰਾ।
**ਸਬਦੁ ਸਤਿ, ਸਤਿ ਪ੍ਰਭੁ ਬਕਤਾ** : ਪ੍ਰਭੂ ਦਾ ਬੋਲਣਾ ਹਕੀਕਤ ਹੈ ਤੇ ਉਹ ਸ਼ਬਦ ਰਾਹੀਂ ਸਪਸ਼ਟ ਹੋਆ ਹੈ।
**ਸੁਰਤਿ ਸਤਿ, ਸਤਿ ਜਸ ਸੁਨਤਾ** : ਉਸ ਸ਼ਬਦ ਨੂੰ ਜੋ ਨਿਰਾ ਜਸ ਹੈ, ਸੁਰਤਿ ਵਿਚ ਸਾਫ਼ ਸੁਣਿਆ ਜਾ ਸਕਦਾ ਹੈ।
**ਬੁਝਨਹਾਰ** : ਜਿਸ ਨੂੰ ਜਗਤ ਤੋਂ ਉਤਾਂਹ ਵੇਖਣ ਦੀ ਜਾਚ ਆ ਜਾਏ। ਜੋ ਇਸ ਭੇਦ ਨੂੰ ਜਾਣ ਲਵੇ ਕਿ ਵਾਹਿਗੁਰੂ ਹਕੀਕਤ ਹੈ। ੧।

## ਦੂਜੀ ਪਉੜੀ

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥ ੨ ॥**

**ਵਿਸਥਾਰ** ਸੱਚ ਅਪਨਾਉਣ ਵਾਲਾ ਵਾਹਿਗੁਰੂ ਨੂੰ ਕਿਵੇਂ ਜਾ ਮਿਲਦਾ ਹੈ (ਨਾਰਾਇਨ ਮਿਲੇ ਏਕ) ਦਾ ਵਰਣਨ ਇਸ ਅਸਟਪਦੀ ਵਿਚ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਨੇ ਉਸ ਦੀ ਪੂਰਨ ਜੋਤ ਦਾ ਅਨੰਦ ਅੰਦਰ ਮਾਣ ਲਿਆ, ਉਹ ਤੁਰਤ ਸਮਝ ਜਾਂਦਾ ਹੈ ਕਿ ਉਪਜਣ ਤੇ ਬਿਨਸਣ ਪਿੱਛੋ ਉਹ ਆਪ ਵਾਹਿਗੁਰੂ ਹੀ ਹੈ। ਇਸ ਲਈ ਐਸੇ ਪੁਰਸ਼ ਦਾ ਅਨੰਦ ਕਦੇ ਟੁੱਟਦਾ ਨਹੀਂ।

ਜਿਸ ਦਾ ਇਹ ਯਕੀਨ ਬੱਝ ਗਿਆ ਕਿ ਸਭ ਕਾਰਜਾਂ ਦਾ ਉਹ ਹੀ ਕਾਰਨ ਹੈ, ਉਸ ਨੂੰ ਸਭ ਗਿਆਨਾਂ ਦਾ ਤੱਤ ਹਾਸਲ ਹੋ ਗਿਆ।

ਇਹ ਗਿਆਨ ਤੱਤ ਮਿਲਿਆਂ ਕਿ ਵਾਹਿਗੁਰੂ ਹੀ ਕਰਨ ਕਰਾਵਨ ਹੈ, ਜਗਯਾਸੂ ਨਿਰਭੈ ਹੋ ਜਾਂਦਾ ਹੈ, ਕਿਸੇ ਕਾਲ ਜਾਲ ਦਾ ਭੈ ਨਹੀਂ ਰਹਿੰਦਾ। ਵਿਜੋਗ ਦੀ ਪੀੜ ਮੁੱਕ ਜਾਂਦੀ ਹੈ।

 www.sikhbookclub.com

ਇਹ ਨਾਲ ਮਿਲਣਾ ਬਿਲਕੁਲ ਇੰਜ ਹੀ ਹੁੰਦਾ ਹੈ ਜਿਵੇਂ ਕੋਈ ਟੁੱਟੀ ਵਸਤੂ ਗਾਲ ਢਾਲ, ਮੂਲ ਵਸਤੂ ਨਾਲ ਮਿਲਾ ਲਈਦੀ ਹੈ। ਟੁੱਟੀ ਸ਼ੈ ਜਿਸ ਨਾਲੋਂ ਟੁੱਟੀ ਹੈ ਨਾਲ ਮਿਲਾਉਣ ਲਈ ਬੜੇ ਜਤਨ ਤੇ ਕਾਰੀਗਰੀ ਦੀ ਲੋੜ ਹੁੰਦੀ ਹੈ ਪਰ ਹੋਰਾਂ ਸੰਭਾਲਾਂ ਨਾਲ ਇਕ ਜ਼ਰੂਰੀ ਹੈ ਕਿ ਦੋਵੇਂ ਹੀ ਢਾਲੀਆਂ ਜਾਣ ਵਾਲੀਆਂ ਸ਼ੈਆਂ ਦਾ ਸੁਭਾ ਮੇਲਿਆ ਜਾਏ। ਬਿਲਕੁਲ ਇਸ ਤਰ੍ਹਾਂ ਜੀਵ ਪ੍ਰਭੂ ਨਾਲ ਮਿਲਦਾ ਹੈ। ਟੁੱਟਿਆ ਜੀਵ ਆਪਣੀ ਹਉਮੈ ਛੱਡਦਾ ਹੈ ਅਤੇ ਵਾਹਿਗੁਰੂ ਪਿਆਰ ਰੂਪ ਹੋ ਕੇ ਉਸ ਨੂੰ ਨਾਲ ਮਿਲਾ ਲੈਂਦਾ ਹੈ। ਫਿਰ ਉਹ ਵਾਹਿਗੁਰੂ ਤੋਂ ਵੱਖ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਕੋਈ ਕਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਹੀ ਮਨੁੱਖ ਵਾਹਿਗੁਰੂ ਦਾ ਅੰਗ ਬਣੇਗਾ ਜਿਸ ਨਿਰੋਲ ਇਕ ਵਿਚ ਚਿਤ ਜੋੜਿਆ ਤੇ ਦਿਸਦੇ ਜਗਤ ਦੀ ਅਸਲੀਅਤ ਜਾਣ ਲਈ। ੨।

**ਸ਼ਬਦ ਭਾਵ :**

**ਸਤਿ ਸਰੂਪੁ** : ਵਾਹਿਗੁਰੂ ਦੀ ਹੋਂਦ। (Eternal Essence)
**ਮੂਲੁ** : ਨਿਰੋਲ। (Sole)
**ਬਿਸ੍ਰਾਮੁ** : ਪੂਰਨ ਵਿਸ਼ਰਾਮ।
**ਤਤੁ ਗਿਆਨੁ** : ਗਿਆਨ ਦਾ ਸਾਰ। ਸਹੀ ਗੱਲ।
**ਗਡਾਈ** : ਗਾਲ-ਢਾਲ ਘੜਨਾ। (Melting into another)
**ਭਿੰਨ** : ਅੱਡ। ਵੱਖਰੀ।
**ਬਿਬੇਕ-ਏਕ** : ਬਿਬ-ਏਕ। ਦੋ ਦੀ ਥਾਂ ਇਕ। ਤੱਤ ਦੀ ਗੱਲ ਨੂੰ ਜਾਣਨਾ। ਦੋ ਵਿਚਾਰਾਂ (ਬਿਬ) ਦਾ ਨਾ ਰਹਿ ਕੇ, ਇਕ ਦਾ ਧਾਰਨੀ ਹੋ ਜਾਣਾ। ੨।

## ਤੀਜੀ ਪਉੜੀ

ਠਾਕੁਰ ਕਾ ਸੇਵਕੁ ਆਗਿਆਕਾਰੀ ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥
ਠਾਕੁਰ ਕਉ ਸੇਵਕੁ ਜਾਨੈ ਸੰਗਿ ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥
ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩ ॥

**ਵਿਸਥਾਰ**

ਜੋ ਵਾਹਿਗੁਰੂ ਨਾਲ ਇਕ ਮਿਕ ਹੋ ਗਿਆ ਹੈ ਉਸ ਵਿਚ ਮਾਣ ਵਾਲੀ ਕੋਈ ਗੱਲ ਨਹੀਂ ਰਹਿੰਦੀ ਅਤੇ ਮਾਣ-ਰਹਿਤ ਸੇਵਕ ਪ੍ਰਭੂ ਦੀ ਆਗਿਆ ਖਿੜੇ ਮੱਥੇ ਨਿਭਾਂਦਾ ਹੈ ਤੇ ਸ਼ੁਕਰ ਵਿਚ ਸਦਾ ਸਿਰ ਝੁਕਾਈ

 www.sikhbookclub.com

ਰਖਦਾ ਹੈ। ਪ੍ਰਭੂ ਦੇ ਸੇਵਕ ਪਿਆਰੇ ਦਾ ਮਨ ਕਦੇ ਡੋਲਦਾ ਨਹੀਂ ਕਿਉਂਕਿ ਉਸ ਦਾ ਯਕੀਨ ਬੱਝ ਗਿਆ ਹੁੰਦਾ ਹੈ ਕਿ ਮਾਲਕ ਦੀ ਮਰਜ਼ੀ ਬਗ਼ੈਰ ਕੁਝ ਵੀ ਵਾਪਰ ਨਹੀਂ ਸਕਦਾ। ਉਸ ਦਾ ਵਤੀਰਾ ਕਦੇ ਮਾੜਾ ਹੁੰਦਾ ਹੀ ਨਹੀਂ। ਵਿਹਾਰ ਵਿਚ ਫਰਕ ਨਹੀਂ ਪੈਂਦਾ। ਇਕੋ ਜਿਹਾ ਰਹਿੰਦਾ ਹੈ। ਇਹ 'ਵਿਚਾਰ ਸੁੱਚਾ ਤੇ ਮਨ ਅਹਿਲ' ਇਸ ਕਰਕੇ ਹੁੰਦਾ ਹੈ ਕਿ ਪ੍ਰਭੂ ਨੂੰ ਸਦਾ ਅੰਗ ਸੰਗ ਜਾਣਦਾ ਹੈ। ਪ੍ਰਭੂ ਦੇ ਨਜ਼ਦੀਕ ਹੋਣ ਕਰਕੇ ਪਿਆਰ ਦਾ ਰੰਗ ਚੜ੍ਹਿਆ ਰਹਿੰਦਾ ਹੈ। ਨੂਰੋ ਨੂਰ ਹੁੰਦਾ ਹੈ। ਪ੍ਰਭੂ ਦੇ ਸੇਵਕ ਦਾ ਇਹ ਯਕੀਨ ਪੱਕਾ ਹੁੰਦਾ ਹੈ ਕਿ ਪ੍ਰਭੂ ਉਸ ਦੀ ਸਦਾ ਪਾਲਣਾ ਕਰਦਾ ਰਵ੍ਹੇਗਾ। ਸੋ ਰੋਜ਼ੀ ਦੀ ਚਿੰਤਾ ਨੇੜੇ ਨਹੀਂ ਆਉਂਦੀ। ਕਿਉਂਕਿ ਉਸ ਦਾ ਇਹ ਵਿਸ਼ਵਾਸ ਵੀ ਪੱਕਾ ਹੁੰਦਾ ਹੈ ਕਿ ਵਾਹਿਗੁਰੂ ਦਾ ਅਣ-ਦਿਸਦਾ ਹੱਥ ਉਸ ਦੇ ਸਿਰ ਤੇ ਹੈ।

ਇਹ ਯਾਦ ਰਵ੍ਹੇ ਕਿ ਵਿਸ਼ਵਾਸ ਵਾਲੀ ਇਹ ਸੇਵਕੀ ਕਿਸੇ ਜਤਨ, ਤਰਦਦ ਤਪ ਨਾਲ ਨਹੀਂ ਮਿਲਦੀ। ਇਹ ਤਾਂ ਉਸ ਦੀ ਦਇਆ ਦ੍ਰਿਸ਼ਟੀ ਹੈ ਜਿਸ ਤੇ ਪੈ ਜਾਏ ਉਹ ਸੇਵਕ ਬਣ ਜਾਂਦਾ ਹੈ। ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਦਇਆ ਦ੍ਰਿਸ਼ਟੀ ਪਾਇਆਂ ਸੇਵਕ ਹਰ ਸਾਹ ਨਾਲ ਉਸ ਨੂੰ ਯਾਦ ਕਰਦਾ ਹੈ। ਕਦੇ ਵਿਸਾਰਦਾ ਨਹੀਂ। ੩।

**ਸ਼ਬਦ ਭਾਵ :**

**ਠਾਕੁਰ** : ਮਾਲਕ। ਸੁਆਮੀ।

**ਆਗਿਆਕਾਰੀ** : ਹਰ ਵੇਲੇ ਹੁਕਮ ਮੰਨਣ ਲਈ ਤਿਆਰ ਬਰ ਤਿਆਰ ਰਹਿਣ ਵਾਲਾ। (Ever compliant)

**ਪੂਜਾਰੀ** : ਹਰ ਵੇਲੇ ਸਿਜਦੇ ਵਿਚ ਰਹਿਣਾ। ਹਰ ਵੇਲੇ ਯਾਦ ਰੱਖਣਾ। ਕ੍ਰਿਤੱਗ ਭਾਵ ਵਿਚ ਜੀਣ ਵਾਲਾ।

**ਪਰਤੀਤਿ** : ਵਿਸ਼ਵਾਸ।

**ਨਿਰਮਲ ਰੀਤਿ** : ਠੀਕ ਵਿਹਾਰ। ਸੁੱਚ ਆਚਾਰ। (Pure way of living)

**ਸੰਗਿ** : ਨੇੜੇ। ਨਜ਼ਦੀਕ। ਸਾਥ।

**ਰੰਗਿ** : ਪਿਆਰ ਵਿਚ ਰੰਗਿਆ।

**ਨਿਰੰਕਾਰਾ** : ਜੋ ਦਿਸਦਾ ਨਹੀਂ। ਪ੍ਰਭੂ ਦਾ ਅਣ-ਦਿਸਦਾ ਹੱਥ।

**ਸਮਾਰੈ** : ਸਿਮਰਦਾ ਹੈ। (Contemplates). ੩.

## ਚੌਥੀ ਪਉੜੀ

**ਅਪੁਨੇ ਜਨ ਕਾ ਪਰਦਾ ਢਾਕੈ ॥**
**ਅਪਨੇ ਸੇਵਕ ਕੀ ਸਰਪਰ ਰਾਖੈ ॥**
**ਅਪਨੇ ਦਾਸ ਕਉ ਦੇਇ ਵਡਾਈ ॥**
**ਅਪਨੇ ਸੇਵਕ ਕਉ ਨਾਮੁ ਜਪਾਈ ॥**
**ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥**
**ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥**

 www.sikhbookclub.com

ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥
ਪ੍ਰਭ ਕੇ ਸੇਵਕ ਊਚ ਤੇ ਊਚੇ ॥
ਜੋ ਪ੍ਰਭਿ ਅਪਨੀ ਸੇਵਾ ਲਾਇਆ ॥
ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥ ੪ ॥

**ਵਿਸਥਾਰ**

ਜੋ ਵਾਹਿਗੁਰੂ ਦਾ ਹੋ ਗਿਆ (ਜਨ), ਵਾਹਿਗੁਰੂ ਉਸ ਦੀਆਂ ਤਰੁਟੀਆਂ ਤੇ ਪਰਦਾ ਪਾਈ ਰੱਖਦਾ ਹੈ ਅਤੇ ਕੁਝ ਵੀ ਹੋਵੇ, ਕੁਝ ਵੀ ਹੋ ਜਾਏ, ਉਸ ਦੀ ਇੱਜ਼ਤ ਅਵੱਸ਼ ਰਖਦਾ ਹੈ। ਉਸ ਦਾ ਹੋ ਜਾਣ ਵਾਲੇ ਨੂੰ ਪਹਿਲਾਂ ਤਾਂ ਉਸਦੀ ਆਤਮਾ ਨੂੰ ਉਚਿਆਂਦਾ ਹੈ, ਫਿਰ ਜੋ ਰੂਹਾਨੀ ਰਮਜ਼ਾਂ ਹਨ ਉਨ੍ਹਾਂ ਦਾ ਗਿਆਨ ਬਖਸ਼ਦਾ ਹੈ। 'ਨਾਮ ਜਪਾਈ।' ਉਸ ਦਾ ਹੋ ਚੁਕੇ ਉਤੇ ਸਦਾ ਰਹਿਮਤ ਦੀ ਬਾਰਸ਼ ਕਰਦਾ ਰਹਿੰਦਾ ਹੈ। ਵਾਹਿਗੁਰੂ ਦੀਆਂ ਬਖਸ਼ਸ਼ਾਂ ਪਾਏ ਦਾ ਵੀ ਆਰ ਪਾਰ ਕੋਈ ਦੱਸ ਨਹੀਂ ਸਕਦਾ।

ਪ੍ਰਭੂ ਦੇ ਹੋ ਚੁਕੇ ਦੀ ਵੀ ਉਚਿਆਈ ਨੂੰ ਕੋਈ ਛੂਹ ਨਹੀਂ ਸਕਦਾ ਕਿਉਂਕਿ ਪ੍ਰਭੂ ਦਾ ਸੇਵਕ ਇਨਸਾਨੀ ਪਹੁੰਚ ਤੋਂ ਬਹੁਤ ਉੱਚਾ ਹੋ ਚੁਕਾ ਹੁੰਦਾ ਹੈ। ਜਿਸ ਨੂੰ ਪ੍ਰਭੂ ਆਪਣੇ ਨੇੜੇ ਕਰ ਪਰ-ਹਿਤ ਸੇਵਾ ਲਈ ਲਗਾ ਦੇਵੇ, ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਉਸ ਦੀ ਸੋਭਾ ਦਸੀਂ ਪਾਸੀਂ ਫੈਲ ਜਾਂਦੀ ਹੈ। ਸੇਵਾ ਕਰਨ ਵਾਲੇ ਦੀ ਸੋਭਾ ਆਪਣੇ ਆਪ ਫੈਲ ਜਾਂਦੀ ਹੈ। ੪।

**ਸ਼ਬਦ ਭਾਵ :**

**ਜਨ** : ਸੇਵਕ। ਪੂਰੀ ਤਰ੍ਹਾਂ ਜੋ ਆਪਾ ਸਮਰਪਣ ਕਰ ਦੇਵੇ।
**ਸਰਪਰ** : ਅਵੱਸ਼। ਭਾਵੇਂ ਕੁਝ ਵੀ ਹੋ ਜਾਏ।
**ਪਤਿ** : ਇੱਜ਼ਤ। ਆਬਰੂ।
**ਗਤਿ ਮਿਤਿ** : ਹਾਲਤ ਤਾ ਅੰਦਾਜ਼ਾ। ਇੱਜ਼ਤ ਪਾਏ ਸੇਵਕ ਦੀ ਉੱਚੀ ਅਵਸਥਾ ਤੇ ਉਸ ਦਾ ਅੰਦਾਜ਼ਾ। (State and Extent)
**ਲਾਖੈ** : ਦੱਸਣਾ। ਬਿਆਨ ਕਰਨਾ।
**ਦਹ ਦਿਸਿ** : ਦਸ ਪਾਸੇ। ਹਰ ਤਰਫ਼। ੪।

## ਪੰਜਵੀਂ ਪਉੜੀ

ਨੀਕੀ ਕੀਰੀ ਮਹਿ ਕਲ ਰਾਖੈ ॥
ਭਸਮ ਕਰੈ ਲਸਕਰ ਕੋਟਿ ਲਾਖੈ ॥
ਜਿਸ ਕਾ ਸਾਸੁ ਨ ਕਾਢਤ ਆਪਿ ॥
ਤਾ ਕਉ ਰਾਖਤ ਦੇ ਕਰਿ ਹਾਥ ॥
ਮਾਨਸ ਜਤਨ ਕਰਤ ਬਹੁ ਭਾਤਿ ॥
ਤਿਸ ਕੇ ਕਰਤਬ ਬਿਰਥੇ ਜਾਤਿ ॥
ਮਾਰੈ ਨ ਰਾਖੈ ਅਵਰੁ ਨ ਕੋਇ ॥
ਸਰਬ ਜੀਆ ਕਾ ਰਾਖਾ ਸੋਇ ॥


www.sikhbookclub.com

ਕਾਹੇ ਸੋਚ ਕਰਹਿ ਰੇ ਪ੍ਰਾਣੀ ॥
ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫ ॥

**ਵਿਸਥਾਰ**

ਪ੍ਰਭੂ ਦੀਆਂ ਰਮਜ਼ਾਂ ਨੂੰ ਕਿਵੇਂ ਕੋਈ ਦੱਸ ਸਕਦਾ ਹੈ। ਇਕ ਹੀ ਤੱਕੋ। ਜੇ ਉਹ ਆਪਣੀ ਸ਼ਕਤੀ ਕਿਸੇ ਨਿਮਾਣੇ ਜਹੇ, ਕੀੜੀ ਜਿਤਨੀ ਸੱਤਾ ਰੱਖਣ ਵਾਲੇ ਜੀਵ ਵਿਚ ਪਾ ਦੇਵੇ ਤਾਂ ਉਹ ਲੱਖਾਂ ਕਰੋੜਾਂ ਫੌਜਾਂ ਦੇ ਲਸ਼ਕਰ ਨੂੰ ਤਬਾਹ ਕਰ ਸਕਦਾ ਹੈ। ਸ਼ਕਤੀ ਤਾਂ ਸਾਰੀ ਪ੍ਰਭੂ ਦੀ ਹੈ।

ਹੋਰ ਦੇਖੋ ! ਕਿਸੇ ਨੂੰ ਉਹ ਮੌਤ ਦੇ ਘਾਟ ਨਾ ਉਤਾਰਨਾ ਚਾਹੇ ਤਾਂ ਉਸ ਦੀ ਰੱਖਿਆ ਨੇੜੇ ਹੋ ਕੇ ਕਰਦਾ ਹੈ। ਉਸ ਦਾ ਕੋਈ ਕੁਝ ਵਿਗਾੜ ਨਹੀਂ ਸਕਦਾ। ਅਗਰ ਕੋਈ ਮਨੁੱਖ ਦੂਜੇ ਨੂੰ ਜਿਸ ਤੇ ਉਸ ਦੀ ਮਿਹਰ ਦਾ ਹੱਥ ਹੈ, ਨੀਵਾਂ ਦਿਖਾਉਣ ਲਈ ਮਾਰ ਮੁਕਾਉਣ ਲਈ ਕਿਤਨੀਆਂ ਉਸਤਾਦੀਆਂ ਕਰੇ, ਢੰਗ ਵਰਤੇ, ਤਰਕੀਬਾਂ ਕਰੇ, ਪ੍ਰਭੂ ਦੀ ਰੱਖਿਆ ਪਾਏ ਦੇ ਸਾਹਮਣੇ ਉਸ ਦੀ ਇਕ ਨਹੀਂ ਚੱਲੇਗੀ। ਸਭ ਵਿਅਰਥ ਜਾਣਗੇ। ਬਸ ਇਹ ਯਕੀਨ ਰੱਖ ਕੇ ਜੀਵਨ ਜੀਓ ਕਿ ਹਰ ਇਕ ਜੀਵ ਦਾ ਰਖਯਕ ਪ੍ਰਭੂ ਹੈ। ਉਹ ਹੀ ਪ੍ਰਭੂ ਕਿਸੇ ਨੂੰ ਮਾਰੇ ਤਾਂ ਉਹ ਮਰਦਾ ਹੈ ਤੇ ਸਿਰਫ਼ ਪ੍ਰਭੂ ਹੀ ਹੈ ਜੋ ਬਚਾ ਸਕਦਾ ਹੈ। ਇਤਨਾ ਯਕੀਨ ਬੱਝ ਜਾਣ ਨਾਲ ਹਰ ਪਲ ਜੀਆ ਜਾ ਸਕਦਾ ਹੈ। ਭੈ ਵਿਚ ਪਏ ਰਹਿਆਂ ਜੋ ਕੀਮਤੀ ਸੁਆਸ ਜ਼ਾਇਆ ਜਾਂਦੇ ਹਨ, ਉਹ ਨਹੀਂ ਜਾਣਗੇ। ਸੋ ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਪ੍ਰੇਰਨਾ ਕਰਦੇ ਹਨ ਕਿ ਕਿਉਂ ਹੋਰ ਸੋਚਾਂ ਵਿਚ ਪੈਂਦਾ ਹੈਂ ? ਆਪਣੀ ਸੋਚ ਛੱਡ ਧਿਆਨ ਨੂੰ ਉਸ ਪ੍ਰਭੂ ਵਲ ਮੋੜ, ਜਿਥੇ ਸਾਡੀ ਸੋਚ ਤਾਂ ਨਹੀਂ ਪੁੱਜ ਸਕਦੀ ਪਰ ਯਾਦ ਪੁੱਜ ਸਕਦੀ ਹੈ। ਉਸ ਤੱਕ ਰਸਾਈ ਹੋਇਆਂ ਇਸ ਅਸਚਰਜਤਾ ਦਾ ਭੇਦ ਖੁਲ੍ਹ ਜਾਏਗਾ ਕਿ ਨਿੱਕੀ ਕੀੜੀ ਵਿਚ ਆਪਣੀ ਕਲਾ ਵਰਤਾ ਕੇ ਵੱਡੇ ਲਸ਼ਕਰਾਂ ਨੂੰ ਸੁਆਹ ਕਰ ਸਕਦਾ ਹੈ। ੫।

**ਸ਼ਬਦ ਭਾਵ :**

- **ਨੀਕੀ** : ਨਿੱਕੀ। (Tiny)
- **ਕੀਰੀ** : ਕੀੜੀ। (Ant)
- **ਲਸਕਰ** : ਫ਼ੌਜਾਂ ਦਾ ਲਸ਼ਕਰ। (Hordes)
- **ਮਾਨਸ** : ਮਨੁੱਖ। ਜਿਊੜਾ।
- **ਕਰਤਬ** : ਢੰਗ। ਉਸਤਾਦੀਆਂ, ਤਰਕੀਬਾਂ। (Devices)
- **ਸੋਚ** : ਫ਼ਿਕਰ। ਤੌਖਲਾ। (Anxiety)
- **ਜਪਿ** : ਯਾਦ ਕਰ। ਕਿਸ ਸਹਿਜੇ ਢੰਗਾਂ ਨਾਲ **ਸੋਚ** ਤੇ **ਜਪੁ** ਦਾ ਫ਼ਰਕ ਦਰਸਾ ਦਿੱਤਾ ਹੈ। ਜੇ ਤੌਖਲਾ ਹੈ ਤਾਂ ਯਾਦ ਨਹੀਂ ਪਕ ਸਕੇਗੀ। ਯਾਦ ਪੱਕਿਆਂ ਤੌਖਲੇ, ਫ਼ਿਕਰ, ਸੋਚਾਂ ਮੁੱਕ ਜਾਣਗੀਆਂ ਅਤੇ ਉਸ ਦੇ ਅਸਚਰਜ ਕੌਤਕਾਂ ਦਾ ਗਿਆਨ ਹੋ ਜਾਏਗਾ। ੫।

## ਛੇਵੀਂ ਪਉੜੀ

ਬਾਰੰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥

 www.sikhbookclub.com

ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥
ਨਾਮੁ ਧਨੁ ਨਾਮੋ ਰੂਪੁ ਰੰਗੁ ॥
ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥
ਨਾਮ ਰਸਿ ਜੋ ਜਨ ਤ੍ਰਿਪਤਾਨੇ ॥
ਮਨ ਤਨ ਨਾਮਹਿ ਨਾਮਿ ਸਮਾਨੇ ॥
ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥ ੬ ॥

**ਵਿਸਥਾਰ**

ਸੋਚ ਛੱਡ ਕੇ ਮੁੜ ਮੁੜ, ਹਰ ਵੇਲੇ ਪ੍ਰਭੂ ਨੂੰ ਯਾਦ ਕਰਨਾ ਹੀ ਉਹ ਅੰਮ੍ਰਿਤ ਹੈ ਜਿਸ ਦੇ ਪੀਤਿਆਂ ਮਨ ਤਨ ਨਰੋਆ ਹੁੰਦਾ ਹੈ ਅਤੇ ਨਿਰਾਲੀ ਤਸੱਲੀ ਮਿਲਦੀ ਹੈ ਤੇ ਦਿਨਾਂ ਵਿਚ ਐਸਾ ਪ੍ਰਵਰਤਨ ਹੋ ਜਾਂਦਾ ਹੈ ਕਿ ਕੁਝ ਵੀ ਪੁਰਾਣਾ ਨਹੀਂ ਰਹਿੰਦਾ। ਨੂਰ ਡਲ੍ਹਕਾਂ ਮਾਰਦਾ ਹੈ। ਤਸੱਲੀ ਪਾਏ (ਧ੍ਰਾਪੇ) ਦੀ ਸ਼ਖ਼ਸੀਅਤ ਠਹਿਰੀ ਹੋਈ ਹੁੰਦੀ ਹੈ, ਕਾਹਲਾ ਨਹੀਂ ਪੈਂਦਾ। ਜਿਸ ਨੇ ਵਾਰ ਵਾਰ ਗੁਰ ਸ਼ਬਦ ਰਾਹੀਂ ਯਾਦ ਪਕਾ ਲਈ, ਹਜ਼ੂਰੀ ਦਾ ਪ੍ਰਕਾਸ਼ (ਨਾਮ ਰਤਨੁ) ਪਾ ਲਿਆ। ਉਸ ਦਾ ਧਿਆਨ ਫਿਰ ਉੱਖੜਦਾ ਨਹੀਂ। ਨਾ ਕਰਮ ਕਾਂਡਾਂ ਵਿਚ ਪੈਂਦਾ ਹੈ ਅਤੇ ਨਾ ਹੀ ਪਦਾਰਥ ਖਿੱਚ ਪਾਂਦੇ ਹਨ। ਉਹ ਜਾਣ ਜਾਂਦਾ ਹੈ ਕਿ ਹਜ਼ੂਰੀ ਦੇ ਪ੍ਰਕਾਸ਼ ਵਿਚ ਰਹਿਣਾ ਹੀ ਸਹੀ ਦੌਲਤ ਹੈ, ਨਾਮ ਨੇ ਹੀ ਰੂਪ ਚਾੜ੍ਹਿਆ ਹੈ ਤੇ ਨਾਮ ਹੀ ਪਿਆਰ ਉਪਜਾਉਣ ਯੋਗ ਹੈ। 'ਨਾਮੋ ਰੂਪ ਰੰਗ' ਅਤੇ ਨਾਮ ਦੁਆਰਾ ਹੀ ਪ੍ਰਭੂ ਦੇ ਸੰਗ ਪਾਉਣ ਵਿਚ ਸਹੀ ਸੁੱਖ ਹੈ। ਦਿਨ ਰਾਤ ਉਸ ਨੂੰ ਯਾਦ ਕਰਨ ਵਾਲਾ ਹੋਰ ਸਹਾਰੇ ਤੱਕਦਾ ਹੀ ਨਹੀਂ। ਇਸ ਤਰ੍ਹਾਂ ਨਾਮ ਦੇ ਰਸ ਨੂੰ ਪਾ ਕੇ ਜੋ ਸੇਵਕ ਅਨੰਦ ਲੈਂਦੇ ਹਨ ਉਨ੍ਹਾਂ ਦਾ ਅੰਦਰਲਾ ਬਾਹਰਲਾ ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦਾ ਹੈ। ਕਿਸੇ ਪੁੱਠੇ ਪਾਸੇ ਜਾਂਦਾ ਹੀ ਨਹੀਂ।

ਗੁਰੂ ਨਾਨਕ ਨਾਂ ਦੀ ਛਾਪ ਲਗਾ ਕੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਸੇਵਕ ਕਹਾਉਣ ਵਾਲੇ ਦਾ ਇਕ ਹੀ ਫ਼ਰਜ਼ ਹੈ ਕਿ ਉੱਠਦਿਆਂ ਸੌਂਵਦਿਆਂ ਹਰ ਵੇਲੇ ਹਜ਼ੂਰੀ ਵਿਚ ਰਵ੍ਹੇ। ਇਹ ਹਜ਼ੂਰੀ ਦਾ ਅਨੰਦ ਨਾ ਟੁੱਟੇ। ਇਸ ਲਈ ਬਾਰੰ ਬਾਰ ਜਪਣਾ ਜ਼ਰੂਰੀ ਹੈ। ੬।

**ਸ਼ਬਦ ਭਾਵ :**

**ਬਾਰੰਬਾਰ ਬਾਰ** : ਹਰ ਸਮੇਂ। ਮੁੜ ਮੁੜ, ਮੁੜ ਘਿੜ। (Evermore and again)
**ਧ੍ਰਾਪੀਐ** : ਤਸੱਲੀ ਹੋ ਜਾਣੀ। ਸਬਰ ਪਾ ਲੈਣਾ। (Content)
**ਗੁਰਮੁਖਿ** : ਸ਼ਬਦ ਰਾਹੀਂ।
**ਦ੍ਰਿਸਟਾਇਆ** : ਨਦਰੀ ਆਉਣਾ। (Behold)
**ਰੂਪੁ** : ਸੁਹਣਾਪਣ। ਖ਼ੂਬਸੂਰਤੀ।
**ਰੰਗੁ** : ਪਿਆਰ।

 www.sikhbookclub.com

**ਤ੍ਰਿਪਤਾਨੇ** : ਤ੍ਰਿਪਤ ਹੋ ਜਾਣਾ। ਰੱਜ ਜਾਣਾ।

**ਸਮਾਨੇ** : ਘੁਲ ਮਿਲ ਜਾਣਾ। (Absorbed)

**ਸਦ ਕਾਮ** : ਇਹੋ ਆਹਰ। (Sole concern). ੬.

### ਸਤਵੀਂ ਪਉੜੀ

**ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥**
**ਪ੍ਰਭਿ ਅਪਨੈ ਜਨ ਕੀਨੀ ਦਾਤਿ ॥**

**ਕਰਹਿ ਭਗਤਿ ਆਤਮ ਕੈ ਚਾਇ ॥**
**ਪ੍ਰਭ ਅਪਨੇ ਸਿਉ ਰਹਹਿ ਸਮਾਇ ॥**

**ਜੋ ਹੋਆ ਹੋਵਤ ਸੋ ਜਾਨੈ ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥**

**ਤਿਸ ਕੀ ਮਹਿਮਾ ਕਉਨ ਬਖਾਨਉ ॥**
**ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥**

**ਆਠ ਪਹਰ ਪ੍ਰਭ ਬਸਹਿ ਹਜੂਰੇ ॥**
**ਕਹੁ ਨਾਨਕ ਸੇਈ ਜਨ ਪੂਰੇ ॥ ੭ ॥**

### ਵਿਸਥਾਰ

ਉਸ ਦੀ ਰਹਿਮਤ ਦੀ ਇਕ ਨਿਸ਼ਾਨੀ ਇਹ ਹੈ ਕਿ ਉਸ ਨੇ ਜ਼ਬਾਨ ਦਿੱਤੀ ਹੈ। ਸੋ ਐਸੀ ਨਿਆਮਤ ਪਾ ਹੋਰ ਚੁਗਲੀਆਂ ਕਰਨ ਤੇ ਨਿੰਦਾ ਕਰਨ ਦੀ ਥਾਂ ਸਿਫ਼ਤ ਸਲਾਹ ਵਿਚ ਲੱਗ। ਸਿਫ਼ਤ ਸਲਾਹ ਕਰਨ ਬਰਾਬਰ ਹੋਰ ਕੋਈ ਰਹਿਮਤ ਨਹੀਂ। ਇਹ ਦਾਤ ਪ੍ਰਭੂ ਨਿਰੋਲ ਆਪਣੇ ਹੋ ਚੁਕੇ (ਜਨ) ਨੂੰ ਹੀ ਦੇਂਦਾ ਹੈ। ਜਿਹਬਾ ਨਾਲ ਸਿਫਤ ਸਲਾਹ ਕਰਦੇ ਇਕ ਐਸਾ ਉਤਸ਼ਾਹ ਪੈਦਾ ਹੋਵੇਗਾ ਕਿ ਆਤਮਾ ਚਾਅ ਵਿਚ ਆਏਗੀ ਤੇ ਹੋਰ ਪਾਸੇ ਝਾਕਣੀਆਂ ਮੁੱਕ ਜਾਣਗੀਆਂ। ਭਗਤੀ ਆਰੰਭ ਹੋ ਜਾਏਗੀ ਤੇ ਪ੍ਰਭੂ ਵਿਚ ਐਸਾ ਲੀਨ ਹੋ ਜਾਏਗਾ ਕਿ ਉਸ ਦਾ ਚਿਤ ਸ਼ਾਂਤ ਰਵ੍ਹੇਗਾ। ਭਗਤ ਤੇ ਭਗਤੀ ਦੀ ਨਿਸ਼ਾਨੀ ਪਏ ਦਸਦੇ ਹਨ। ਇਸ ਦਸ਼ਾ ਨੂੰ ਪਾਇਆਂ ਇਹ ਸੋਝੀ ਆ ਜਾਏਗੀ ਕਿ ਜੋ ਕੁਝ ਵਾਪਰਿਆ ਹੈ ਉਸ ਦੇ ਹੁਕਮ ਵਿਚ ਹੈ ਅਤੇ ਜੋ ਅਗੋਂ (ਹੋਵਤ) ਹੋਵੇਗਾ, ਉਸ ਦੇ ਹੁਕਮ ਵਿਚ ਹੋਵੇਗਾ। ਇਤਨੀ ਸੋਝੀ ਆਉਣ ਨਾਲ ਤੌਖਲਾ ਮੁੱਕੇਗਾ ਤੇ ਇਹ ਮਨ ਜਾਣ ਜਾਏਗਾ ਕਿ ਜੋ ਹੁਣ ਵਰਤ ਰਹਿਆ ਹੈ ਉਹ ਵੀ ਉਸ ਦੀ ਮਰਜ਼ੀ ਨਾਲ ਹੀ ਹੈ। ਸੋ ਸਦਾ ਰਜ਼ਾ ਵਿਚ ਰਵ੍ਹੇਗਾ। ਐਸੇ ਰਜ਼ਾ ਵਿਚ ਟਿਕੇ ਦੀ ਕੋਈ ਮਹਿਮਾ ਕੀ ਦੱਸ ਸਕਦਾ ਹੈ। ਉਸ ਰਜ਼ਾ ਵਿਚ ਟਿਕੇ ਦੇ ਸਾਰੇ ਗੁਣ ਦੱਸਣੇ ਤਾਂ ਇਕ ਪਾਸੇ, ਇਕ ਗੁਣ ਵੀ ਨਹੀਂ ਕਹਿਆ ਜਾ ਸਕਦਾ। ਉਸ ਰਜ਼ਾ ਵਿਚ ਟਿਕੇ ਦੇ ਗੁਣ ਕੋਈ ਕਹਿ ਹੀ ਨਹੀਂ ਸਕਦਾ। ਜੋ ਹਰ ਵੇਲੇ (ਆਠ ਪਹਰ) ਵਾਹਿਗੁਰੂ ਦੀ ਹਜ਼ੂਰੀ ਦਾ ਅਨੰਦ ਮਾਣਦੇ ਹਨ, ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਮੁਕੰਮਲ ਇਨਸਾਨ (ਜਨ ਪੂਰੇ) ਕਹਾਉਣ ਯੋਗ ਹਨ ਕਿਉਂਕਿ ਉਹ ਰਜ਼ਾ ਦੇ ਉਲਟ ਜਾਂਦੇ ਹੀ ਨਹੀਂ। ੭।


www.sikhbookclub.com

ਸ਼ਬਦ ਭਾਵ :

**ਜਿਹਬਾ** : ਜੀਭ । (Tongue)

**ਜਨ** : ਸੇਵਕ । ਜਿਸ ਨੇ ਪ੍ਰਭੂ ਤੋਂ ਸਿਵਾ ਹੋਰ ਕਿਸੇ ਨੂੰ ਨਹੀਂ ਧਿਆਇਆ ।

**ਭਗਤਿ ਆਤਮ ਕੈ ਚਾਇ** : ਭਗਤੀ ਕਰਦਿਆਂ ਅਕੇਵਾਂ ਥਕੇਵਾਂ ਨਹੀਂ ਆਉਣਾ ਚਾਹੀਦਾ । ਉਤਸ਼ਾਹ ਸਦਾ ਕਾਇਮ ਰਹਿਣਾ ਚਾਹੀਦਾ ਹੈ ।

**ਹੋਆ** : ਵਾਪਰਿਆ ।

**ਹੋਵਤ** : ਅੱਗੇ ਹੋਵੇਗਾ ।

**ਉਸ ਕੀ** : ਉਸ ਸ਼ਖ਼ਸ ਦੀ ਜੋ ਰਜ਼ਾ ਵਿਚ ਰਹਿੰਦਾ ਹੈ ।

**ਜਨ ਪੂਰੇ** : ਮੁਕੰਮਲ ਇਨਸਾਨ । (Perfect person). ੭.

## ਅਠਵੀਂ ਪਉੜੀ

**ਮਨ ਮੇਰੇ ਤਿਨ ਕੀ ਓਟ ਲੇਹਿ ॥**
**ਮਨੁ ਤਨੁ ਅਪਨਾ ਤਿਨ ਜਨ ਦੇਹਿ ॥**
**ਜਿਨਿ ਜਿਨਿ ਅਪਨਾ ਪ੍ਰਭੂ ਪਛਾਤਾ ॥**
**ਸੋ ਜਨੁ ਸਰਬ ਥੋਕ ਕਾ ਦਾਤਾ ॥**
**ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥**
**ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥**
**ਅਵਰ ਸਿਆਨਪ ਸਗਲੀ ਛਾਡੁ ॥**
**ਤਿਸ ਜਨ ਕੀ ਤੂ ਸੇਵਾ ਲਾਗੁ ॥**
**ਆਵਨੁ ਜਾਨੁ ਨ ਹੋਵੀ ਤੇਰਾ ॥**
**ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥ ੮ ॥ ੧੭ ॥**

## ਵਿਸਥਾਰ

ਹੇ ਚੰਚਲ ਮਨਾ ! ਨ ਟਿਕ ਕੇ ਬੈਠਣ ਵਾਲੇ ਮਨਾ ! ਐਸੇ ਰਜ਼ਾ ਦੀਆਂ ਮੂਰਤਾਂ, ਮੁਕੰਮਲ ਇਨਸਾਨਾਂ, ਪੂਰੇ ਪੁਰਸ਼ਾਂ ਦੀ ਪਨਾਹ ਮੰਗ ਅਤੇ ਆਪਣੇ ਤੇ ਮਾਨ ਛੱਡ, ਉਨ੍ਹਾਂ ਦੀ ਅਗਵਾਈ ਵਿਚ ਟੁਰ ਜੋ ਆਤਮਿਕ ਅਨੰਦ ਮਾਣਦੇ ਰਹਿੰਦੇ ਹਨ । 'ਪ੍ਰਭੁ ਪਛਾਤਾ' ਬਾਹਰ ਨਹੀਂ ਝਾਕਦਾ, ਕਰਮ ਕਾਂਡ ਕ੍ਰਿਆ ਨਹੀਂ ਕਰਦਾ, ਉਨ੍ਹਾਂ ਪਾਸ ਹੀ ਸਭ ਸੁੱਖਾਂ ਦਾ ਸਾਮਾਨ ਹੈ । ਉਨ੍ਹਾਂ ਦੀ ਪੈੜ ਮੱਲੀ ਰੱਖ । ਉਨ੍ਹਾਂ ਪਾਸ ਰਹਿਆਂ, ਸੇਵਾ ਵਿਚ ਲੱਗੇ ਰਹਿਆਂ, ਸੁੱਖ ਤਾਂ ਮਿਲੇਗਾ ਹੀ ਸਗੋਂ ਨੇੜੇ ਗਿਆਂ (ਦਰਸਿ ਪਾਇਆ) ਪਾਪ ਵੀ ਨੇੜੇ ਨਹੀਂ ਆਉਣਗੇ ।

ਮਨਾ ! ਕਿਸੇ ਹੋਰ ਸਿਆਣਪ ਤੇ ਤਰਕੀਬ ਦਾ ਸਹਾਰਾ ਨਾ ਲੱਭ । ਸਿਰਫ ਅਜਿਹਿਆਂ ਦੇ ਨੇੜੇ ਹੋ ਜੋ ਹਰ ਸਮੇਂ ਸਿਫ਼ਤ ਸਲਾਹ ਵਿਚ ਲੱਗੇ ਹਨ ਤੇ ਰਜ਼ਾ ਵਿਚ ਰਹਿੰਦੇ ਹਨ । ਐਸਾ ਕੀਤਿਆਂ ਸਦੀਵੀ ਭਟਕਣਾ ਮੁੱਕ ਜਾਏਗੀ । ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਨ੍ਹਾਂ ਦੀ ਸਰਨ ਕਦੇ ਨਾ ਛੱਡੀਂ ਕਿਉਂਕਿ ਉਨ੍ਹਾਂ ਹੀ ਸੱਚ ਦੇ ਸਹੀ ਸਰੂਪ ਨੂੰ ਜਾਣ ਲਿਆ ਹੁੰਦਾ ਹੈ । ੮ । ੧੭ ।

 www.sikhbookclub.com

**ਸ਼ਬਦ ਭਾਵ :**

ਮਨ ਮੇਰੇ : ਮਨ ਨੂੰ ਵਾਜਾਂ ਇਸ ਲਈ ਮਾਰ ਰਹੇ ਹਨ ਕਿ ਉਸ ਦੀ ਵਾਦੀ ਭਟਕਨ ਦੀ ਹੈ ।

ਓਟ : ਪਨਾਹ । (Shelter)

ਮਨੁ ਤਨੁ ਅਪਨਾ : ਪੂਰੀ ਤਰ੍ਹਾਂ । ਹੋਰ ਲਾਂਭੇ ਦਾਂਭੇ ਦਾ ਧਿਆਨ ਛੱਡ ਕੇ ।

ਅਪਨਾ ਪ੍ਰਭੁ ਪਛਾਤਾ : ਜਿਸ ਬਾਹਰ ਨਹੀਂ ਝਾਕਿਆ, ਅੰਦਰ ਹੀ ਆਤਮਕ ਆਨੰਦ ਲਿਆ ਹੈ ।

ਸਰਬ ਥੋਕ : ਸਾਰੇ ਸੁੱਖ, ਸਭ ਦਾਤਾਂ ।

ਅਵਰ : ਹੋਰ । (Other)

ਆਵਨੁ ਜਾਨੁ : ਹਰ ਵੇਲੇ ਭਟਕਨਾ । ਉਹ ਭਟਕਨਾ ਜੋ ਸਾਥ ਨਹੀਂ ਛੱਡਦੀ । ੮ । ੧੭ ।

---

## ਅਠ੍ਹਾਰਵੀਂ ਅਸ਼ਟਪਦੀ

*ਅਠ੍ਹਾਰਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਅਠਾਰ੍ਹਵੀਂ ਅਸ਼ਟਪਦੀ ਵਿਚ ਜਿੱਥੇ ਚਿਤਾਵਨੀ ਦਿੱਤੀ ਹੈ ਕਿ ਜੀਵਨ ਦਾ ਸਹੀ ਮੰਤਵ ਸਤਿਗੁਰੂ ਨੇ ਹੀ ਦੱਸਣਾ ਹੈ, ਉਥੇ ਯਕੀਨ ਵੀ ਦਿਲਵਾਇਆ ਹੈ ਕਿ ਗੁਰੂ ਦਾ ਸੰਗ ਕੀਤਿਆਂ ਮਾੜੀ ਸੋਚਨੀ ਨੇੜੇ ਤੱਕ ਨਹੀਂ ਆਏਗੀ ਕਿਉਂਕਿ ਸਤਿਗੁਰੂ ਦਾ ਸਿੱਧਾ ਸੰਬੰਧ ਹਰ ਵੇਲੇ ਵਾਹਿਗੁਰੂ ਨਾਲ ਹੁੰਦਾ ਹੈ ।

ਸਤਿਗੁਰੂ ਕੌਣ ਹੈ, ਦੀ ਨਿਸ਼ਾਨੀ ਪਹਿਲਾਂ ਹੀ ਦੱਸ ਦੇਂਦੇ ਹਨ ਤਾਂਕਿ ਕੋਈ ਜੀਵ ਗੁਰੂ ਭਾਲਣ ਲਈ ਹੀ ਨਾ ਭਟਕਦਾ ਫਿਰੇ । ਫੁਰਮਾਂਦੇ ਹਨ ਕਿ ਉਸੇ ਨੂੰ ਜਾਣੋ ਉੱਚ-ਕਮਾਈ ਵਾਲੀ ਸਾਧੀ ਕਮਾਲ ਆਤਮਾ (Master-spirit) ਜੋ ਹਮੇਸ਼ਾ ਸਰਬ ਵਿਆਪੀ **ਸੱਚ** ਦੇ ਸੋਮੇ ਨਾਲ ਜੁੜੀ ਹੋਈ ਹੈ । ਉਸ ਜੁੜੇ ਨਾਲ ਜਦ ਕੋਈ ਆਮ ਰੂਹ (ਸਿਖ) **ਆ** ਬੈਠਦੀ ਹੈ ਤਾਂ ਉਹ ਵੀ ਉੱਚੀ ਹੋ ਜਾਂਦੀ ਹੈ ਅਤੇ ਹਉਂ ਛੱਡ ਕੇ ਗੁਣ ਗਾਣੇ ਸ਼ੁਰੂ ਕਰ ਦੇਂਦੀ ਹੈ । ਸਲੋਕ ਪਿਛੋਂ ਫਿਰ ਪਉੜੀਆਂ ਵਿਚ ਸਤਿਗੁਰ ਦੀਆਂ ਹੋਰ ਸਿਫ਼ਤਾਂ ਲਿਖਦੇ ਦਸਦੇ ਹਨ ਕਿ ਉਸ ਦੇ ਨੇੜੇ ਗਿਆਂ ਇਥੇ ਜਗਤ ਦਾ ਤੇ **ਅਗਲਾ** ਰਾਹ ਹਮਵਾਰ ਹੋ ਜਾਂਦਾ ਹੈ । **'ਹਲਤਿ ਪਲਤਿ ਸਵਾਰੈ ।'** ਸਿਖ ਕਰਮਾਂ ਕਾਂਡਾਂ ਵਿਚ ਨਹੀਂ ਪੈਂਦਾ ਤੇ ਗੁਰੂ ਬਚਨਾਂ ਦੁਆਰਾ ਨਾਮ ਜਪਦਾ ਹੈ ।

ਅਥਾਹ ਆਤਮਕ ਸ਼ਕਤੀ ਸਿਖ ਵਿਚ ਸਤਿਗੁਰ ਭਰ ਦੇਂਦਾ ਹੈ ਪਰ ਉਹ ਫਿਰ ਵੀ ਸਮਾਇਆ ਰਹਿੰਦਾ ਹੈ ।

ਪਹਿਲਾਂ ਸਿਖ ਤੇ ਸਤਿਗੁਰੂ ਦੀ ਵਿਥ ਮਿਟਦੀ ਹੈ ਤੇ ਫਿਰ ਐਸਾ ਸਿੱਧਾ ਸੰਬੰਧ ਗੁਰੂ ਵਾਹਿਗੁਰੂ ਨਾਲ ਕਰਾ ਦੇਂਦਾ ਹੈ ਕਿ ਸਤਿਗੁਰ ਵਿਚੋਂ ਆਪਾ ਕੱਢ ਲੈਂਦਾ ਹੈ **ਸਤਿਗੁਰ ਦੀ ਵੱਡੀ ਨਿਸ਼ਾਨੀ ਹੈ ਕਿ ਉਹ ਆਪਣਾ ਜਾਪ ਕਦੇ ਕਰਨ ਹੀ ਨਹੀਂ ਦੇਵੇਗਾ ।**

 www.sikhbookclub.com

ਇਸੇ ਲਈ ਕਿਸੇ ਹੋਰ ਦੀ ਸੰਗਤ ਫਲਦਾਇਕ ਨਹੀਂ; ਸਿਵਾਇ ਸਤਿਗੁਰੂ ਦੀ ਸੰਗਤ ਦੇ। ਬਾਕੀ ਬ੍ਰਾਹਮਣ ਆਦਿ ਜੋ ਜਗਤ ਦੇ ਗੁਰੂ ਹਨ, ਉਹ ਤਾਂ ਤਰ੍ਹਾਂ ਤਰ੍ਹਾਂ ਦੇ ਝੂਠੇ ਭਰਮਾਂ ਅਤੇ ਵਰਾਂ-ਸਰਾਪਾਂ ਤੇ ਤੌਖ਼ਲਿਆਂ ਵਿਚ ਹੀ ਪਾਈ ਰਖਦੇ ਹਨ।

ਸਤਿਗੁਰੂ ਸਿਖ ਨੂੰ ਇਸ ਲਈ ਪਿਆਰਾ ਤੇ ਚੰਗਾ ਲਗਦਾ ਹੈ ਕਿ ਉਸ ਨੇ ਪ੍ਰਭੂ ਤਕ ਬਾਣੀ ਰਾਹੀਂ ਪਹੁੰਚ ਕਰਾ ਦਿੱਤੀ ਹੈ ਜਿਸ ਤਕ ਪੁੱਜਣਾ ਦੁਰਗਮ ਲਗਦਾ ਸੀ। ਪ੍ਰਭੂ ਪ੍ਰਾਪਤੀ ਨਾਲ ਐਸਾ ਰਸ ਮਿਲਦਾ ਹੈ ਤੇ ਐਸਾ ਦੀਵਾ ਬਲ ਪੈਂਦਾ ਹੈ ਕਿ ਭਰਮ ਤੇ ਪਕੜ ਨੇੜੇ ਨਹੀਂ ਆਉਂਦੇ। ਪੂਰਨ ਟਿਕਾ ਮਿਲ ਜਾਂਦਾ ਹੈ। ਬਾਣੀ ਸੁਣ ਸੁਣ ਹਿਰਦਾ ਖਿੜਿਆ ਰਹਿੰਦਾ ਹੈ, ਅੰਦਰਲਾ ਠੰਢਾ ਠਾਰ ਰਹਿੰਦਾ ਹੈ। ਕਦੇ ਸੜਦਾ ਕੁੜ੍ਹਦਾ ਨਹੀਂ।

ਫਿਰ ਇਹ ਸੋਝੀ ਵੀ ਆ ਜਾਂਦੀ ਹੈ ਕਿ ਜੇ ਜੀਵਾਂ ਵਿਚ ਪਕੜ ਹੈ ਤਾਂ ਉਸ ਦੀ ਖੇਡ ਮਾਤ੍ਰ ਹੈ। ਆਪ ਵਾਹਿਗੁਰੂ ਨਿਰਲੇਪ ਹੈ। ਅਸੀਂ ਵੀ ਸਾਧੂ ਦੀ ਸੰਗਤ ਕਰ, ਸਤਿਗੁਰ ਦੀ ਬਾਣੀ ਪੜ੍ਹ, ਨਿਰਲੇਪ ਹੋ ਸਕਦੇ ਹਾਂ। ਇਸ ਲਈ ਸਤਿਗੁਰ ਤੇ ਉਸ ਦੀ ਬਾਣੀ ਤੋਂ ਸਦਾ ਕੁਰਬਾਨ ਹੋਣਾ ਚਾਹੀਦਾ ਹੈ।

## ਸਲੋਕੁ ॥

**ਸਤਿਪੁਰਖੁ ਜਿਨਿ ਜਾਨਿਆ**
**ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ,**
**ਨਾਨਕ ਹਰਿਗੁਨ ਗਾਉ ॥ ੧ ॥**

SIKHBOOKCLUB.COM

## ਵਿਸਥਾਰ

ਜਿਸ ਨੇ ਸਰਬ ਵਿਆਪੀ ਨੂੰ ਸਭ ਕੁਝ ਮੰਨ ਲਿਆ ਹੈ ਉਸੇ ਨੂੰ ਸਤਿਗੁਰ ਆਖੋ ਕਿਉਂਕਿ ਸਤਿਗੁਰ ਦੀ ਵੱਡੀ ਸਿਫ਼ਤ ਹੈ ਕਿ ਉਸ ਦੀ ਸੰਗਤ ਕੀਤਿਆਂ ਉਹ ਆਪਣਾ ਨਾਂ ਨਹੀਂ ਜਪਾਏਗਾ। ਸਗੋਂ ਗੁਰੂ ਅਰਜਨ ਦੇਵ ਜੀ ਜੋ ਗੁਰੂ ਨਾਨਕ ਦਾ ਹੀ ਰੂਪ ਹਨ ਕਹਿੰਦੇ ਹਨ ਕਿ ਹਰੀ ਦੇ ਗੁਣ ਗਾਉਣ ਦੀ ਪ੍ਰੇਰਨਾ ਦੇ ਕੇ ਐਸੀ ਚੇਟਕ ਲਗਾ ਦੇਵੇਗੀ ਕਿ ਉਹ ਸਦਾ ਹਰਿ ਗੁਣ ਹੀ ਗਾਂਦਾ ਰਵ੍ਹੇਗਾ ਅਤੇ ਪਕੜਾਂ ਤੋਂ ਉੱਚਾ ਹੋ ਜਾਏਗਾ।

ਬੜੀ ਸੁੰਦਰਤਾ ਨਾਲ ਸਤਿਗੁਰੂ ਦਾ ਲੱਛਣ ਤੇ ਕਰਤੱਵ ਦੋਵੇਂ ਹੀ ਦੱਸ ਦਿੱਤੇ ਹਨ। ਸਤਿਗੁਰੂ ਓਹੋ ਹੀ ਹੈ ਜੋ ਆਪਾ ਨਹੀਂ ਜਣਾਂਦਾ ਪਰ ਉਸ ਨੇ ਵਾਹਿਗੁਰੂ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੁੰਦਾ ਹੈ ਤੇ ਹਰ ਨੇੜੇ ਆਏ ਨੂੰ ਆਪਣੇ ਨਾਲ ਨਹੀਂ ਜੋੜਦਾ ਸਗੋਂ ਵਾਹਿਗੁਰੂ ਦੀ ਵਡਿਆਈ ਦਰਸਾ ਦਰਸਾ ਪ੍ਰਭੂ ਨਾਲ ਹੀ ਜੋੜ ਦੇਂਦਾ ਹੈ। ੧।

### ਸ਼ਬਦ ਭਾਵ :

**ਸਤਿ ਪੁਰਖੁ** : ਉਹ ਸਰਬ ਵਿਆਪੀ, ਜਿਸ ਦੀ ਹੋਂਦ ਹੈ। ਜਿਸ ਬਗ਼ੈਰ ਹੋਰ ਕੁਝ ਨਹੀਂ।

**ਸਤਿਗੁਰੁ** : ਸਹੀ ਆਗੂ। ਸੱਚੀ ਅਗਵਾਈ ਬਖ਼ਸ਼ਣ ਵਾਲਾ। (Spirit divine supreme being)

**ਸਿਖੁ** : ਢੂੰਡਾਊ। ਸਿਖਿਆ ਲੈਣ ਦਾ ਚਾਹਵਾਨ। (Seeker)

 www.sikhbookclub.com

**ਉਧਰੈ :** ਪਾਰ ਹੋ ਜਾਣਾ। ਪਕੜਾਂ ਤੋਂ ਛੁੱਟ ਜਾਣਾ। (Find liberation)

**ਗਾਉ :** ਗਾਂਦਾ ਰਹੂੰ। (Chanting) ੧.

## ਪਹਿਲੀ ਪਉੜੀ

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥**
**ਸੇਵਕ ਕਉ ਗੁਰੁ ਸਦਾ ਦਇਆਲ ॥**
**ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥**
**ਗੁਰ ਬਚਨੀ ਹਰਿ ਨਾਮੁ ਉਚਰੈ ॥**
**ਸਤਿਗੁਰੁ ਸਿਖ ਕੇ ਬੰਧਨ ਕਾਟੈ ॥**
**ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥**
**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥**
**ਗੁਰ ਕਾ ਸਿਖੁ ਵਡਭਾਗੀ ਹੇ ॥**
**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ ੧ ॥**

### ਵਿਸਥਾਰ

ਉਹ ਹੀ ਹੈ ਸਤਿਗੁਰ ਜੋ ਸਿਖ ਦੀ ਹਰ ਪ੍ਰਕਾਰ ਪਾਲਨਾ ਕਰਦਾ ਹੈ। ਹੋਰ ਕਿਸੇ ਪਾਸੇ ਝਾਕਣ ਹੀ ਨਹੀਂ ਦੇਂਦਾ। ਕਿਉਂਕਿ ਸਤਿਗੁਰੂ ਸਦਾ ਦਇਆਲੂ ਹੈ, ਸੋ ਕਦੇ ਸਰਾਪ ਦਾ ਡਰ ਜਾਂ ਵਰ ਦਾ ਲਾਲਚ ਨਹੀਂ ਦੇਂਦਾ। ਕਰਮਾਂ ਦਾ ਫਲ ਦੱਸ ਕੇ ਸਿੱਖ ਦਾ ਤ੍ਰਾਹ ਨਹੀਂ ਕਢਦਾ। ਸਤਿਗੁਰ ਸਿਖ ਵਿਚ ਮਾੜੀ ਸੋਚਨੀ ਰਹਿਣ ਹੀ ਨਹੀਂ ਦੇਂਦਾ ਅਤੇ ਗੁਰਬਾਨੀ ਰਾਹੀਂ ਨਾਮ ਜਪਣ ਦਾ ਢੰਗ ਸਿਖਲਾ ਦੇਂਦਾ ਹੈ। ਕਰਮ ਕਾਂਡਾਂ ਵਿਚ ਸਿੱਖ ਨੂੰ ਕਦੇ ਪੈਣ ਹੀ ਨਹੀਂ ਦੇਂਦਾ। ਇਹ ਹੀ ਹੈ ਸਤਿਗੁਰੂ ਦਾ ਵੱਡਾ ਦਿਆਲੂਪਣ।

ਸਤਿਗੁਰੂ ਸਿੱਖ ਦੇ ਸਭ ਸੰਸਾਰੀ ਬੰਧਨ ਜਾਂ ਪਕੜਾਂ ਮੂਲੋਂ ਮੁਕਾ ਦੇਂਦਾ ਹੈ ਅਤੇ ਸਿੱਖ ਨੂੰ ਆਚਰਨ ਦੀ ਐਸੀ ਮੂਰਤ ਬਣਾ ਦੇਂਦਾ ਹੈ ਕਿ ਵਿਕਾਰ ਨੇੜੇ ਹੀ ਨਹੀਂ ਆਉਂਦੇ। ਗੁਰਬਾਨੀ ਰਾਹੀਂ ਜਪਣ ਦਾ ਐਸਾ ਵੱਲ ਦੱਸ ਦੇਂਦਾ ਹੈ ਕਿ ਸਿੱਖ ਨੂੰ ਨਾਮ ਧਨ ਦੀ ਪ੍ਰਾਪਤੀ ਕਰਾ ਦੇਂਦਾ ਹੈ। ਵਾਹਿਗੁਰੂ ਦੀ ਹਜ਼ੂਰੀ ਦਾ ਐਸਾ ਅਨੰਦ ਸਿੱਖ ਨੂੰ ਮਿਲਦਾ ਹੈ ਕਿ ਸਦਾ ਹੀ ਖ਼ੁਸ਼ ਕਿਸਮਤੀ ਸਿੱਖ ਪਾਸ ਰਹਿੰਦੀ ਹੈ। ਕਦੇ ਮਾਯੂਸੀ ਦਾ ਮੂਹ ਨਹੀਂ ਤੱਕਣਾ ਪੈਂਦਾ।

ਸਤਿਗੁਰੂ ਬਾਣੀ ਰਾਹੀਂ ਸਿੱਖ ਦੀ ਐਸੀ ਘਾੜਤ ਘੜ ਦੇਂਦਾ ਹੈ ਕਿ ਜੀਵਨ ਵੀ ਸੁਖੀ ਹੋ ਜਾਂਦਾ ਹੈ ਅਤੇ ਮੌਤ ਦਾ ਡਰ ਐਸਾ ਲਾਹ ਸੁੱਟਦਾ ਹੈ ਕਿ ਅਗਲਾ ਪੈਂਡਾ ਵੀ ਸੁਖਾਲਾ ਕਰ ਦੇਂਦਾ ਹੈ ਅਤੇ ਜੀਵ ਵਾਹਿਗੁਰੂ ਦੇ ਦਰਗਾਹ ਬੈਠਣ ਜੋਗਾ ਹੋ ਜਾਂਦਾ ਹੈ। ਗੁਰੂ ਨਾਨਕ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਤਿਗੁਰੂ ਹਾਰਦਿਕ ਸਨੇਹ ਨਾਲ ਸਿੱਖ ਦੀ ਹਰ ਸਮੇਂ ਦੇਖ ਭਾਲ ਕਰਦਾ ਹੈ। ਕਦੇ ਤੌਖਲੇ ਵਿਚ ਪੈਣ ਹੀ ਨਹੀਂ ਦੇਂਦਾ। ੧।

**ਸ਼ਬਦ ਭਾਵ :**

**ਪ੍ਰਤਿਪਾਲ :** ਹਿਤ ਨਾਲ ਰੱਖਿਆ ਕਰਨੀ। (Cherisher)

**ਦੁਰਮਤਿ** : ਮਾੜੀ ਸੋਚਣੀ। ਕੁਬੁਧ। (Foul thinking)

**ਹਿਰੈ** : ਮੂਲੋਂ ਹੀ ਮੁਕਾ ਦੇਣੀ। (Annuls)

**ਗੁਰ ਬਚਨੀ ਹਰਿ**

**ਨਾਮੁ ਉਚਰੈ** : ਗੁਰ ਬਚਨਾਂ, ਗੁਰਬਾਣੀ ਰਾਹੀਂ ਨਾਮ ਜਪਦਾ ਹੈ। ਜੋ ਰਟਨ ਕਰਦੇ ਹਨ, ਬਗੈਰ ਭਾਵ ਦੇ ਕੁਝ ਬੋਲੀ ਜਾਂਦੇ ਹਨ, ਉਨ੍ਹਾਂ ਨੂੰ ਚੇਤਾਵਨੀ ਦਿਤੀ ਹੈ ਕਿ ਪ੍ਰਭੂ ਦਾ ਨਾਮ ਜੇ ਜਪਣਾ ਹੈ ਤਾਂ ਗੁਰ ਬਚਨਾਂ ਰਾਹੀਂ ਜਪਣਾ ਚਾਹੀਦਾ ਹੈ। ਹੋਰ ਕਿਸੇ ਢੰਗ ਨਾਲ ਮੰਤ੍ਰ ਵਾਂਗ ਜਾਂ ਕੰਨਾਂ ਰਾਹੀਂ ਕੋਈ ਖਾਸ ਸ਼ਬਦ ਲੈ ਕੇ ਰਸਨਾ ਨਾਲ ਦੁਹਰਾਈ ਜਾਣਾ, ਨਾਮ ਨਹੀਂ ਹੈ।

**ਬੰਧਨ** : ਸੰਗਲ ਬੇੜੀਆਂ। ਰੋਕਾਂ, ਪਕੜਾਂ।

**ਬਿਕਾਰ ਤੇ**

**ਹਾਟੈ** : ਵਿਕਾਰ ਹਟ ਜਾਂਦੇ ਹਨ। ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਹ ਕੋਈ ਸ਼ਰਤ ਨਹੀਂ ਸਨ ਕਰ ਰਹੇ ਕਿ ਸਿੱਖ ਵਿਕਾਰਾਂ ਤੋਂ ਹਟੇਗਾ ਤਾਂ ਹੀ ਬੰਧਨ ਕਟ ਜਾਣਗੇ। ਇਹ ਕੰਮ ਸਤਿਗੁਰੂ ਦਾ ਹੀ ਹੈ ਕਿ ਉਹ ਬੰਧਨ ਵੀ ਕੱਟਦਾ ਹੈ ਅਤੇ ਵਿਕਾਰਾਂ ਤੋਂ ਵੀ ਹਟਾਂਦਾ ਹੈ। ਪਕੜ ਹਟਦਿਆਂ ਹੀ, ਵਿਕਾਰ ਦੂਰ ਹੋਈ ਜਾਂਦੇ ਹਨ। **ਵਿਕਾਰਾਂ ਦਾ ਜਨਮ ਪਕੜਾਂ ਕਾਰਨ ਹੈ।** ਸਤਿਗੁਰ ਇਹ ਗੱਲ ਜਾਣਦਾ ਹੈ। ਸੋ ਪਹਿਲਾਂ ਉਹ ਪਕੜਾਂ ਹਟਾਂਦਾ ਹੈ ਅਤੇ ਇਸ ਤਰ੍ਹਾਂ ਮਨੁੱਖ ਨੂੰ ਵਿਕਾਰਾਂ ਤੋਂ ਰਹਿਤ ਕਰ ਦੇਂਦਾ ਹੈ।

**ਨਾਮ ਧਨੁ** : ਨਾਮ ਧਨੁ ਹੈ। ਇਸ ਦੀ ਕਮਾਈ ਕਰਨੀ ਹੈ। ਕਿਸੇ ਕੰਨ ਰਾਹੀਂ ਜਾਂ ਤਸਕਰੀ ਚਾਲਾਕੀ ਨਾਲ ਪ੍ਰਾਪਤ ਨਹੀਂ ਹੋਣਾ। ਬਾਣੀ ਰਾਹੀਂ ਹੀ ਇਸ ਧਨ ਦੀ ਪ੍ਰਾਪਤੀ ਹੈ।

**ਵਡਭਾਗੀ ਹੇ** : ਖੁਸ਼ਕਿਸਮਤੀ ਸਦਾ ਸਿੱਖ ਪਾਸ ਰਹਿੰਦੀ ਹੈ।

**ਹਲਤੁ** : ਇਥੇ ਜਗਤ ਵਿਚ।

**ਪਲਤੁ** : ਅਗਲਾ। ਦਰਗਾਹ।

**ਹਲਤੁ ਪਲਤੁ**

**ਸਵਾਰੈ** : ਜਗਤ ਵਿਚ ਉਚਿਆਉਣਾ ਅਤੇ ਅਗੇ ਆਦਰ ਦਿਲਵਾਉਣਾ। ਇਥੇ ਪਕੜਾਂ ਵਿਚ ਪੈਣ ਨਾ ਦੇਣਾ ਅਤੇ ਅਗੇ ਆਦਰ ਨਾਲ ਥਾਂ ਦਿਲਾਵਣੀ।

**ਜੀਅ ਨਾਲਿ** : ਉਤੋਂ ਉਤੋਂ ਨਹੀਂ ਸਗੋਂ ਦਿਲੋਂ। ਹਾਰਦਿਕ। (From heart)

**ਸਮਾਰੈ** : ਹਰ ਪ੍ਰਕਾਰ ਪਾਲਣਾ ਕਰਨੀ। ੧।

## ਦੂਜੀ ਪਉੜੀ

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥**
**ਗੁਰ ਕੀ ਆਗਿਆ ਮਨ ਮਹਿ ਸਹੈ ॥**
**ਆਪਸ ਕਉ ਕਰਿ ਕਛੁ ਨ ਜਨਾਵੈ ॥**
**ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**


www.sikhbookclub.com

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥

**ਵਿਸਥਾਰ**

ਗੁਰੂ ਅਰਜਨ ਦੇਵ ਜੀ ਕਹਿ ਰਹੇ ਹਨ ਕਿ ਗੁਰ ਦੀ ਮਤਿ ਲੈਣੀ ਇਤਨੀ ਆਸਾਨ ਨਹੀਂ ਹੈ ਜਿਤਨੀ ਦਿੱਸਦੀ ਹੈ। ਉਹ ਹੀ ਗੁਰੂ ਦੀ ਮਤਿ ਲੈਣ ਯੋਗ ਹੁੰਦਾ ਹੈ ਜਿਸ ਤੇ ਉਸ ਨੇ ਕ੍ਰਿਪਾ ਕੀਤੀ ਹੋਵੇ ਅਤੇ ਕ੍ਰਿਪਾ ਪ੍ਰਾਪਤ ਕਰਨ ਲਈ ਪਹਿਲੀ ਆਵੱਸ਼ਕਤਾ ਹੈ ਕਿ ਗੁਰੂ ਕੇ ਗ੍ਰਿਹਿ, ਗੁਰੂ ਦੀ ਸੰਗਤ ਕਦੇ ਨਾ ਛੱਡੇ। ਤੱਕਣੀਆਂ ਤੇ ਝਾਕਣੀਆਂ ਛੱਡ ਦੇਵੇ। ਗੁਰੂ ਦੇ ਉਪਦੇਸ਼ਾਂ ਤੇ ਪੂਰੀ ਤਰ੍ਹਾਂ ਅਮਲ ਕਰੇ, ਭਾਵੇਂ ਕਿਤਨੀ ਕਠਿਨਾਈ ਆਵੇ। 'ਮਨਿ ਮਹਿ ਸਹੈ।' ਮਨ ਆਈਆਂ ਨਾ ਕਰੇ। ਫਿਰ ਜੇ ਐਸਾ ਕਰਦੇ ਚਾਨਣ ਹੋ ਜਾਏ, ਆਤਮਿਕ ਜੀਵਨ ਮਿਲ ਜਾਏ ਤਾਂ ਵੀ ਆਪਾ ਕਦੇ ਨਾ ਜਣਾਏ। ਸਗੋਂ ਹਰ ਸਮੇਂ, ਉਤੋਂ ਉਤੋਂ ਨਹੀਂ, ਚਿਤੋਂ ਹਮੇਸ਼ਾ ਵਾਹਿਗੁਰੂ ਨੂੰ ਧਿਆਏ।

ਮਨ ਮਾਨੀ ਤਾਂ ਕਦੇ ਨਾ ਕਰੇ। ਜੋ ਗੁਰੂ ਨੇ ਕਹਿਆ ਹੈ ਉਸ ਤੇ ਨਿਰ ਸੰਕੋਚ ਟੁਰੀ ਜਾਏ। ਐਸੇ ਸੇਵਕ ਨੂੰ ਹਰ ਪਾਸਿਓਂ ਸਫਲਤਾ ਪ੍ਰਾਪਤ ਹੋਵੇਗੀ। ਕਮਾਲ ਇਹ ਹੋਵੇਗਾ ਕਿ ਸੇਵਾ ਕਰਦੇ (ਸੇਵਾ ਕਰਤ) ਇਛਾਂ ਹੀ ਨਹੀਂ ਉਠਣਗੀਆਂ (ਹੋਇ ਨਿਹਕਾਮੀ)। ਐਸਾ ਰਸ ਆਏਗਾ ਕਿ ਹੋਰ ਰਸਾਂ ਲਈ ਦੌੜੇਗਾ ਹੀ ਨਹੀਂ ਅਤੇ ਮਾਲਕ ਦਾ ਪੱਕਾ ਸਾਥ ਪ੍ਰਾਪਤ ਹੋ ਜਾਏਗਾ। ੨।

*ਸ਼ਬਦ ਭਾਵ :*

**ਗੁਰ ਕੇ ਗ੍ਰਿਹਿ** : ਗੁਰੂ ਦੇ ਘਰ। ਗੁਰੂ ਦੀ ਪੱਕੀ ਸੰਗਤ।
**ਮਨ ਮਹਿ ਸਹੈ** : ਮਨ ਮਾਰ ਕੇ ਮੰਨੇ। ਕਿਤਨੀ ਔਕੜ ਹੋਵੇ, ਉਪਦੇਸ਼ਾਂ ਤੇ ਚੱਲੇ।
**ਰਿਦੈ** : ਦਿਲੋਂ। ਉਤੋਂ ਉਤੋਂ ਨਾ।
**ਕਛੂ ਨ ਜਨਾਵੈ** : ਰਤਾ ਭਰ ਵੀ ਹੰਕਾਰ ਨ ਕਰੇ। (No wise show off)
**ਸੇਵਾ ਕਰਤ, ਹੋਇ ਨਿਹਕਾਮੀ** : ਸੇਵਾ ਕਰਦਿਆਂ ਸਿੱਟਾ ਇਹ ਨਿਕਲਦਾ ਹੈ ਕਿ ਨਿਰ-ਇੱਛਤ ਹੋ ਜਾਂਦੀਦਾ ਹੈ। ੨।

## ਤੀਜੀ ਪਉੜੀ

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥
ਅਨਿਕ ਬਾਰ ਗੁਰ ਕਉ ਬਲਿ ਜਾਉ ॥

 www.sikhbookclub.com

**ਸਰਬ ਨਿਧਾਨ ਜੀਅ ਕਾ ਦਾਤਾ ॥**
**ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥**
**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥**
**ਏਕਹਿ ਆਪਿ ਨਹੀ ਕਛੁ ਭਰਮੁ ॥**
**ਸਹਸ ਸਿਆਨਪ ਲਇਆ ਨ ਜਾਈਐ ॥**
**ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥ ੩ ॥**

**ਵਿਸਥਾਰ**

ਪ੍ਰਭੂ ਤਕ ਰਸਾਈ ਬੜੀ ਕਠਨ ਹੈ ਪਰ ਇਕ ਆਸਾਨ ਰਾਹ ਹੈ ਕਿ ਪਹਿਲਾਂ ਗੁਰੂ ਦੀ ਸੰਪੂਰਨ ਤੌਰ ਤੇ ਪ੍ਰਸੰਨਤਾ ਪ੍ਰਾਪਤ ਕੀਤੀ ਜਾਏ। ਪ੍ਰਸੰਨਤਾ ਲੈਣ ਦਾ ਭਾਵ ਹੈ ਕਿ ਗੁਰੂ ਸ਼ਬਦ ਤੇ ਬਗ਼ੈਰ ਕਿੰਤੂ ਕੀਤਿਆਂ ਤੁਰਿਆ ਜਾਏ ਅਤੇ ਪੂਰਨ ਯਕੀਨ ਹੋਵੇ (ਬੀਸ ਬਿਸਵੇ) ਕਿ ਜੋ ਸ਼ਬਦ ਵਿਚ ਅੰਕਿਤ ਹੈ, ਸਾਡੀ ਭਲਾਈ ਲਈ ਹੈ। ਐਸਾ ਪ੍ਰਸੰਨਤਾ ਪ੍ਰਾਪਤ ਕੀਤਾ ਸੇਵਕ ਪ੍ਰਭੂ ਤਕ ਸਿੱਧੀ ਪਹੁੰਚ (ਗਤਿ) ਹਾਸਲ ਕਰ ਸਕਦਾ ਹੈ। ਗੁਰੂ ਕੋਈ ਵਿਅਕਤੀ ਜਾਂ ਜਿਸਮ ਨਹੀਂ ਹੁੰਦਾ। ਗੁਰੂ ਦਾ ਹਿਰਦਾ ਪ੍ਰਭੂ ਨਾਲ ਐਸਾ ਇਕ ਮਿਕ ਹੋ ਗਿਆ ਹੁੰਦਾ ਹੈ ਕਿ ਉਸ ਵਿਚ ਹਉਂ ਨਹੀਂ ਹੁੰਦੀ। ਜੋ ਵੀ ਕਹਿੰਦਾ, ਬੋਲਦਾ ਹੈ ਪ੍ਰਭੂ ਦਾ ਹੀ ਬਚਨ ਹੁੰਦਾ ਹੈ। **'ਬ੍ਰਹਮ ਮਹਿ ਜਨੁ, ਜਨ ਮਹਿ ਪਾਰਬ੍ਰਹਮੁ'**। ਐਸੇ ਹਉਂ ਦੇ ਅਭਾਵ ਕੀਤੇ ਗੁਰੂ ਤੋਂ ਸਦਾ ਕੁਰਬਾਨ ਹੋਣ ਦਾ ਚਿਤ ਕਰਦਾ ਹੈ। ਮੇਰੀ ਇਹ ਇੱਛਾ ਹੈ ਕਿ ਉਸ ਅਗੇ ਕਦੇ ਕੋਈ ਚਤੁਰਾਈ ਦੀ ਗਲ ਨਾ ਕਰਾਂ। ਇਸ ਤਰ੍ਹਾਂ ਰੂਹਾਨੀ ਤੰਦ ਹੱਥ ਆ ਜਾਂਦੀ ਹੈ।

ਉਸ ਨਾਲ ਇਕ ਮਿਕ ਹੋਏ ਤੋਂ ਵਾਰ ਵਾਰ ਸਦਕੇ ਜਾਣ ਨਾਲ ਉਸ ਪ੍ਰਭੂ ਨਾਲ ਸੰਬੰਧ ਹੋ ਗਿਆ ਹੈ। ਜਿਸ ਪਾਸ ਸਭ ਸੁੱਖਾਂ ਦਾ ਸਾਮਾਨ ਹੈ ਅਤੇ ਰੂਹਾਨੀ ਲੋਅ ਜਗਾਉਣ ਦੀ ਸ਼ਕਤੀ ਹੈ। ਆਤਮਕ ਚਾਨਣਾ ਬਖਸ਼ਣ ਦਾ ਵੱਲ ਹੈ। ਹੁਣ ਪਾਰਬ੍ਰਹਮ ਦਾ ਰੰਗ ਕਦੇ ਲੱਥਦਾ ਹੀ ਨਹੀਂ।

ਇਹ ਹੀ ਨਿਸ਼ਾਨੀ ਹੈ ਸੇਵਕ ਦੀ ਕਿ ਉਹ ਸਦਾ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਪ੍ਰਭੂ ਵਿਚ ਸਮਾਇਆ ਰਹਿੰਦਾ ਹੈ ਅਤੇ ਐਸੇ ਸੇਵਕ ਦੀ ਕਰਨੀ ਵਿਚੋਂ ਵੀ ਪ੍ਰਭੂ ਦਾ ਦੀਦਾਰ ਕੀਤਾ ਜਾ ਸਕਦਾ ਹੈ। ਸੇਵਕ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਪ੍ਰਭੂ ਆਪ ਹੀ ਸਭ ਕੁਝ ਹੈ, ਅਤੇ ਇਹ ਸ਼ੱਕ ਸੇਵਕ ਨੂੰ ਕਦੀ ਉਪਜਦਾ ਹੀ ਨਹੀਂ ਕਿ ਹੋਰ ਵੀ ਉਸ ਤੋਂ ਬਗ਼ੈਰ ਕੋਈ ਕਰਨ ਕਰਾਵਨ ਹੈ। ਬੀਸ ਬਿਸਵੇ ਉਸ ਦਾ ਮਨ ਇਸ ਗੱਲੋਂ ਮੰਨ ਜਾਂਦਾ ਹੈ। ਇਹੋ ਜਿਹਾ ਵਾਹਿਗੁਰੂ ਜੋ ਸਰਬ ਸੁੱਖਾਂ ਦਾ ਦਾਤਾ ਹੈ, ਜੋ ਜਨ ਵਿਚ ਸਮਾਇਆ ਹੈ, ਕਿਤਨੀਆਂ ਹੀ ਕੋਈ ਚਤੁਰਾਈਆਂ ਸਿਆਣਪਾਂ, ਕਰਮ ਕਾਂਡ ਜਾਂ ਵਿਧੀਆਂ ਕਰੇ ਪਾਇਆ ਨਹੀਂ ਜਾ ਸਕਦਾ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸਾ ਗੁਰੂ ਬੜੀ ਖੁਸ਼ਕਿਸਮਤੀ ਨਾਲ ਮਿਲਦਾ ਹੈ, ਜੋ ਇਹ ਸੋਝੀ ਦੇਵੇ ਕਿ ਚਤੁਰਾਈਆਂ ਦਾ ਰਾਹ ਛੱਡ, ਉਸ ਦੀ ਪ੍ਰਸੰਨਤਾ ਲੈਣ ਦਾ ਰਾਹ ਅਪਨਾ ਕੇ ਟੁਰੋ। ੬।

**ਸ਼ਬਦ ਭਾਵ :**

**ਬੀਸ ਬਿਸਵੇ** : ਇਕ ਵਿਘੇ ਵਿਚ ਵੀਹ ਵਿਸਵੇ ਹੁੰਦੇ ਹਨ: ਜਿਸ ਦਾ ਭਾਵ ਹੈ ਸੰਪੂਰਨ ਤੌਰ ਤੇ। ਪੂਰੀ ਤਰ੍ਹਾਂ। (Completely)

 www.sikhbookclub.com

**ਮਨੁ ਮਾਨੈ** : ਦਿਲ ਨੂੰ ਜਿਤਣਾ। ਪ੍ਰਸੰਨਤਾ ਲੈਣੀ। ਰਹਿਮਤ ਪ੍ਰਾਪਤੀ ਦਾ ਰਾਹ ਪਏ ਦਸਦੇ ਹਨ।

**ਗਤਿ** : ਹਾਲਤ। ਸੂਝ। ਗਿਆਨ ਬੋਧ। (Realization)

**ਰਿਦੈ** : ਹਿਰਦੈ।

**ਅਨਿਕ** : ਕਈ ਵਾਰ। ਅਣਗਿਣਤ। (Innumerable)

**ਜੀਆ ਕਾ ਦਾਤਾ** : ਰੂਹਾਨੀਅਤ ਦੀ ਲੋਅ ਜਗਾਉਣ ਦੀ ਬਖਸ਼ਸ਼ ਕਰਨ ਵਾਲਾ। (Bestower of Spiritual life)

**ਏਕਹਿ ਆਪਿ** : ਵਾਹਿਗੁਰੂ ਸਭ ਕੁਝ ਆਪ ਹੀ ਹੈ।

**ਨਹੀ ਕਛੁ ਭਰਮੁ** : ਸ਼ੱਕ ਨਹੀਂ ਹੈ। ਇਹ ਕਦੇ ਸ਼ੱਕ ਨਾ ਕਰ ਕਿ ਵਾਹਿਗੁਰੂ ਸਭ ਕੁਝ, ਆਪੇ ਆਪ ਨਹੀਂ ਹੈ।

**ਸਹਸ** : ਹਜ਼ਾਰਾਂ।

**ਸਿਆਨਪ** : ਚਤੁਰਾਈਆਂ ਨਾਲ। ਵਿਧੀਆਂ ਨਾਲ, ਕਰਮ ਕਾਂਡ ਦੇ ਸਹਾਰੇ। ਮੰਤ੍ਰਾਂ, ਜੰਤ੍ਰਾਂ ਨਾਲ।

**ਬਡਭਾਗੀ** : ਵਡਭਾਗੀ ਖੁਸ਼ਕਿਸਮਤੀ ਹੋਵੇ ਤਾਂ। (Great good fortune). ੩.

## ਚੌਥੀ ਪਉੜੀ

**ਸਫਲ ਦਰਸਨੁ ਪੇਖਤ ਪੁਨੀਤ ॥**
**ਪਰਸਤ ਚਰਨ ਗਤਿ ਨਿਰਮਲ ਰੀਤਿ ॥**
**ਭੇਟਤ ਸੰਗਿ ਰਾਮ ਗੁਨ ਰਵੇ ॥**
**ਪਾਰਬ੍ਰਹਮ ਕੀ ਦਰਗਹ ਗਵੇ ॥**
**ਸੁਨਿ ਕਰਿ ਬਚਨ ਕਰਨ ਆਘਾਨੇ ॥**
**ਮਨਿ ਸੰਤੋਖੁ ਆਤਮ ਪਤੀਆਨੇ ॥**
**ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥**
**ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥**
**ਗੁਣ ਬਿਅੰਤ ਕੀਮਤਿ ਨਹੀ ਪਾਇ ॥**
**ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥**

**ਵਿਸਥਾਰ**

ਗੁਰੂ ਦੇ ਦਰਸ਼ਨ (ਪਾਠ) ਕੀਤਿਆਂ ਇੰਜ ਪਿਆ ਮਹਿਸੂਸ ਹੁੰਦਾ ਹੈ ਕਿ ਪ੍ਰਾਪਤੀ ਹੋ ਰਹੀ ਹੈ। ਘਾਲ ਥਾਇ ਪੈ ਰਹੀ ਹੈ। ਕੁਝ ਧੋਤਾ ਜਾ ਰਿਹਾ ਹੈ। ਸ਼ਬਦ ਗਾਇਆਂ ਅੰਦਰਲਾ ਪਵਿਤ੍ਰ ਹੋ ਜਾਂਦਾ ਹੈ ਅਤੇ ਗੁਰ ਸ਼ਬਦ ਦੇ ਰਾਹ ਟੁਰਿਆਂ (ਪਰਸਤ ਚਰਨ) ਜੀਵਨ ਵਿਚ ਪਲਟਾ ਆਉਂਦਾ ਹੈ, ਜੀਵਨ ਪ੍ਰਤੀ ਨਜ਼ਰੀਆ ਬਦਲਦਾ ਹੈ ਅਤੇ ਰਹੁ ਰੀਤੀ ਸੁੱਚੀ ਹੋ ਜਾਂਦੀ ਹੈ। ਸ਼ਬਦ ਦੇ ਰਾਹ ਟੁਰਦੇ ਰਹਿਆਂ ਜਦ ਜੀਵਨ ਸ਼ਬਦ ਅਨੁਸਾਰੀ ਹੋ ਜਾਂਦਾ ਹੈ (ਭੇਟਤ ਸੰਗਿ) ਤਾਂ ਫਿਰ ਹਰ ਵੇਲੇ

SIKHBOOKCLUB.COM

ਪ੍ਰਭੂ ਦੇ ਗੁਣ ਗਾਉਣ ਦਾ ਹੀ ਚਿਤ ਕਰਦਾ ਹੈ, ਐਸੇ ਕਰਦੇ ਕਰਦੇ ਵਾਹਿਗੁਰੂ ਤਕ ਰਸਾਈ ਹੋ ਜਾਂਦੀ ਹੈ। ਮੰਤਵ ਤਾਂ ਉਸ ਪ੍ਰਭੂ ਤਕ ਰਸਾਈ ਹੈ। ਗੁਰੂ ਪਾਸ ਹੀ ਬੈਠ ਰਹਿਣਾ ਨਹੀਂ। **ਗੁਰ ਪ੍ਰਸਾਦਿ ਤੋਂ ਤਵ ਪ੍ਰਸਾਦਿ** ਜਾਣਾ ਹੈ। ਗੁਰ-ਸਿਖ ਤੋਂ ਵਾਹਿਗੁਰੂ ਜੀ ਕਾ ਖ਼ਾਲਸਾ ਬਣਨਾ ਹੈ। ਸ਼ਬਦ ਸੁਣਦੇ ਹੀ ਕੰਨਾਂ ਦੀ ਤ੍ਰਿਪਤੀ ਹੁੰਦੀ ਹੈ। ਮਨ ਉਡਣਾ ਬੰਦ ਕਰ ਦੇਂਦਾ ਹੈ ਤੇ ਆਤਮਾ ਪਸੀਜ ਜਾਂਦੀ ਹੈ। ਇਹ ਹੈ ਬਾਣੀ ਦਾ ਚਮਤਕਾਰ ਕਿ ਸੁਣਦੇ ਸਾਰ ਹੀ ਮਨ ਟਿਕਦਾ ਹੈ ਅਤੇ ਆਤਮਾ ਭਿਜ ਜਾਂਦੀ ਹੈ। ਪੂਰਾ ਗੁਰੂ, ਜਿਸ ਦੇ ਹਿਰਦੇ ਹਰ ਵੇਲੇ ਨਾਮ ਹੈ, ਦਾ ਥੋੜ੍ਹਾ ਜਿਤਨਾ ਵੀ ਉਪਦੇਸ਼ ਅੰਦਰ ਘਰ ਕਰ ਜਾਂਦਾ ਹੈ। ਉਸਦੀ ਅਮਰ ਕਰਨ ਵਾਲੀ ਤੱਕਣੀ ਅੰਮ੍ਰਿਤ ਦ੍ਰਿਸਟਿ ਨਾਲ ਹੀ ਅਗਲਾ ਸੇਵਕ ਸੰਤ ਹੋ ਜਾਂਦਾ ਹੈ। **'ਪੇਖੈ ਹੋਇ ਸੰਤ'**। ਜਿਸ ਤੇ ਅੰਮ੍ਰਿਤ ਮਈ ਦ੍ਰਿਸ਼ਟੀ ਪੈਂਦੀ ਹੈ, ਉਹ ਸੰਤ ਬੇਅੰਤ ਗੁਣਾਂ ਵਾਲਾ ਹੋ ਜਾਂਦਾ ਹੈ ਜਿਸ ਦਾ ਮੁੱਲ ਕੋਈ ਪਾ ਨਹੀਂ ਸਕਦਾ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਹ ਨਾ ਭੁਲਣਾ ਕਿ ਇਹ ਹੋਣਾ ਸਭ ਉਸ ਪ੍ਰਭੂ ਦੀ ਰਜ਼ਾ ਨਾਲ ਹੈ। ੪।

*ਸ਼ਬਦ ਭਾਵ :*

**ਸਫਲ** : ਕਾਮਯਾਬੀ। (Sense of fulfilment)
**ਦਰਸਨੁ** : ਦੇਖਿਆਂ। ਪਾਠ ਕੀਤਿਆਂ।
**ਪੇਖਤ** : ਧਿਆਨ ਨਾਲ ਵਾਚਿਆਂ।
**ਪਰਸਤ ਚਰਨ** : ਚਰਨ ਛੁਹ ਲੈਣਾ। ਗੁਰ ਸ਼ਬਦ ਦੇ ਕਹੇ ਤੇ ਟੁਰ ਪੈਣਾ।
**ਭੇਟਤ ਸੰਗਿ** : ਪੂਰੀ ਤਰ੍ਹਾਂ ਮੰਨ ਲੈਣ ਨਾਲ। ਗੁਰੂ ਸ਼ਬਦ ਅਨੁਸਾਰ ਜੀਵਨ ਢਾਲਿਆਂ।
**ਰਵੇ** : ਪਹੁੰਚ। (Access)
**ਕਰਨ** : ਕੰਨ।
**ਆਘਾਨੇ** : ਸੰਤੁਸ਼ਟੀ। (Joy-filled)
**ਅਖੁਓ** : ਨਾ ਮਿਟਣ ਵਾਲਾ। ਪੂਰਾ ਪ੍ਰਭਾਵ ਪਾਉਣ ਵਾਲਾ। ਅਸਰਦਾਇਕ। (Never falling)
**ਮੰਤ੍ਰ** : ਥੋੜ੍ਹਾ ਜਿਤਨਾ ਵੀ ਉਪਦੇਸ਼।
**ਅੰਮ੍ਰਿਤ ਦ੍ਰਿਸਟਿ** : ਅਮਰ ਕਰ ਦੇਣ ਵਾਲੀ ਤੱਕਣੀ। (Immortalizing glance)
**ਕੀਮਤਿ** : ਮੁਲ। ਜੋਖਨਾ। ੪।

## ਪੰਜਵੀਂ ਪਉੜੀ

ਜਿਹਬਾ ਏਕ ਉਸਤਤਿ ਅਨੇਕ ॥
ਸਤਿ ਪੁਰਖ ਪੂਰਨ ਬਿਬੇਕ ॥
ਕਾਹੂ ਬੋਲ ਨ ਪਹੁਚਤ ਪ੍ਰਾਨੀ ॥
ਅਗਮ ਅਗੋਚਰ ਪ੍ਰਭ ਨਿਰਬਾਨੀ ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾ ਕੀ ਕੀਮਤਿ ਕਿਨੈ ਨ ਪਾਈ ॥

 www.sikhbookclub.com

**ਅਨਿਕ ਭਗਤ ਬੰਦਨ ਨਿਤ ਕਰਹਿ ॥**
**ਚਰਨ ਕਮਲ ਹਿਰਦੈ ਸਿਮਰਹਿ ॥**
**ਸਦ ਬਲਿਹਾਰੀ ਸਤਿਗੁਰ ਅਪਨੇ ॥**
**ਨਾਨਕ ਜਿਸ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥**

**ਵਿਸਥਾਰ**

ਸਾਡੀ ਬੋਲਣ ਸ਼ਕਤੀ ਸੀਮਤ ਹੈ ਤੇ ਵਾਹਿਗੁਰੂ ਦੇ ਗੁਣ ਅਨੇਕ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਉਹ ਨਿਰੋਲ ਸਤਿ ਹੈ, ਵਿਚਾਰਾਂ ਦਾ ਸੋਮਾ ਹੈ, ਨਿਰੀ ਰੋਸ਼ਨੀ ਹੈ । ਪੂਰਨ ਗਿਆਨ ਸਰੂਪ ਹੈ । ਅਸੀਂ ਅਲਪ ਤੇ ਹਰ ਪੱਖੋਂ ਨਿੱਕੇ ਮਾੜੇ ਲੋਕ ਉਸ ਦੀ ਕੀ ਸਿਫਤ ਕਰ ਸਕਦੇ ਹਾਂ।

ਉਸ ਤਕ ਆਪਣੇ ਘੜੇ ਬੋਲਾਂ ਰਾਹੀਂ ਪੁੱਜਿਆ ਨਹੀਂ ਜਾ ਸਕਦਾ ਕਿਉਂਕਿ ਉਹ ਪਕੜ ਤੋਂ ਪਰ੍ਹੇ ਹੈ। ਇੰਦ੍ਰਿਆਂ ਦੀ ਪਕੜ ਵਿਚ ਨਹੀਂ ਤੇ ਨਿਰਲੇਪ ਹੈ। ਸਾਡੇ ਕੋਲ ਉਸ ਦੀ ਉਸਤਤਿ ਲਈ ਦੁਨਿਆਵੀ ਸ਼ਬਦ ਹੀ ਹਨ। ਫਿਰ ਇਕ ਹੋਰ ਨਿਰਾਲੀ ਗੱਲ ਕਿ ਉਸ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਕਿਸੇ ਸ਼ੈ ਦੀ ਲੋੜ ਨਹੀਂ; ਜੇ ਐਸਾ ਹੁੰਦਾ ਤਾਂ ਕੋਈ ਵਸਤੂ ਭੇਟ ਕਰ ਰਿਝਾ ਲੈਂਦੇ । ਹੋਰ ਵੱਡਾ ਗੁਣ ਹੈ ਕਿ ਉਸ ਵਿਚ ਰਤਾ ਭਰ ਵੀ ਰੜਕ ਨਹੀਂ ਤੇ ਸੁੱਖ ਵੰਡੀ ਤੁਰੀ ਜਾਂਦਾ ਹੈ ! ਭਾਵ ਇਹ ਹੈ ਕਿ ਲੋੜਾਂ, ਥੋੜਾਂ ਤੇ ਈਰਖਾ ਤੋਂ ਵਾਹਿਗੁਰੂ ਉਤਾਂਹ ਹੈ, ਸੋ ਜੋਖਿਆ ਨਹੀਂ ਜਾ ਸਕਦਾ । ਉਸ ਵੱਡੇ ਨੂੰ ਅਸੀਂ ਅਣਜਾਣ ਲੋਕ ਸਮਝ ਨਹੀਂ ਸਕਦੇ।

ਇਕ ਹੋਰ ਗੱਲ ਅਸੀਂ ਇਕ ਨਹੀਂ; ਕਿਤਨੇ ਹੀ ਹੋਰ ਉਸ ਦੀ ਭਗਤੀ ਵਿਚ ਲੱਗੇ ਹੋਏ ਹਨ ਅਤੇ ਪੂਰਨ ਚਿਤ ਨਾਲ ਉਸ ਦੀ ਭਗਤੀ ਕਰ ਰਹੇ ਹਨ। ਇਹ ਨਹੀਂ ਕਿ ਉਹ ਇਕ ਤੇ ਨਿਰਭਰ ਹੈ। ਇਤਨੇ ਵੱਡੇ ਤੋਂ ਤਾਂ ਮੈਂ ਸਦਕੇ ਹੀ ਹਾਂ ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਗੁਰਬਾਣੀ ਤੋਂ ਵੀ ਵਾਰਨੇ ਜਾਂਦਾ ਹਾਂ ਜਿਸ ਰਾਹੀਂ ਐਸੇ ਵਾਹਿਗੁਰੂ ਦੇ ਗੁਣ ਗਾਉਣ ਜੋਗਾ ਹੋਇਆ ਹਾਂ। ਮੇਰੇ ਆਪਣੇ ਬੋਲਾਂ ਵਿਚ ਕਿਥੇ ਸ਼ਕਤੀ ਸੀ ਕਿ ਉਸ ਦੇ ਗੁਣ ਗਾ ਸਕਦਾ।

ਇਸ ਪਉੜੀ ਵਿਚ ਕਿਤਨੇ ਸੁਹਣੇ ਢੰਗ ਨਾਲ ਮਨੁੱਖੀ ਬੋਲਾਂ ਤੇ ਗੁਰ ਬਚਨਾਂ ਦਾ ਵੀ ਨਿਖੇੜਾ ਕਰ ਦਿੱਤਾ ਹੈ। ਬੋਲਾਂ ਵਿਚ ਪਕੜ, ਖ਼ੁਦਗਰਜ਼ੀ ਹੁੰਦੀ ਹੈ ਤੇ ਬਚਨ ਪਾਵਨ, ਨਿਰਮਲ ਤੇ ਚਾਨਣ ਬਖਸ਼ਣ ਵਾਲੇ ਹੁੰਦੇ ਹਨ। ਇਕ ਗੱਲ ਹੋਰ ਵੀ ਪ੍ਰਗਟ ਹੋ ਗਈ ਹੈ ਕਿ ਨਿਰਾ ਕਰਣ ਕਰਾਵਣ ਨਾਲ ਉਸ ਤਕ ਰਸਾਈ ਨਹੀਂ ਹੋਣੀ। ਅੰਦਰਲਾ ਦ੍ਰਵਣਾ ਜ਼ਰੂਰੀ ਹੈ। 'ਚਰਨ ਕਮਲ ਹਿਰਦੈ ਸਿਮਰਹਿ'। ੫।

**ਸ਼ਬਦ ਭਾਵ :**

ਜਿਹਬਾ : ਜੀਭ ।
ਪੂਰਨ ਬਿਬੇਕ : ਗਿਆਨ ਸਰੂਪ । (Perfect)
ਕਾਹੂ : ਕਿਸੇ ਵੀ ਢੰਗ ਨਾਲ ਆਖੋ ।
ਬੋਲ : ਮੂਖੋਂ ਕਹੇ ਲਫਜ਼ । (Utterance)
ਨਿਰਬਾਨੀ : ਨਿਰਲੇਪ । (Unattached)

 www.sikhbookclub.com

**ਚਰਨ ਕਮਲ** : ਚਾਅ ਨਾਲ । ਖੇੜੇ ਵਿਚ ।
**ਹਿਰਦੈ**
**ਸਿਮਰਹਿ** : ਅੰਦਰ ਯਾਦ ਪੱਕੀ ਕਰੇ ।
**ਜਿਸ ਪ੍ਰਸਾਦਿ** : ਜਿਸ ਦੀ ਮਿਹਰ ਸਦਕਾ । ੫ ।

## *ਛੇਵੀਂ ਪਉੜੀ*

ਇਹ ਹਰਿਰਸੁ ਪਾਵੈ ਜਨੁ ਕੋਇ ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾ ਕੈ ਮਨਿ ਪ੍ਰਗਟੇ ਗੁਨਤਾਸ ॥
ਆਠ ਪਹਰ ਹਰਿ ਕਾ ਨਾਮੁ ਲੇਇ ॥
ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥
ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ ੬ ॥

## *ਵਿਸਥਾਰ*

ਉਹ ਪ੍ਰਭੂ ਜਿਸ ਤੱਕ ਚਰਚਾ ਜਾਂ ਗੱਲਾਂ ਨਾਲ ਰਸਾਈ ਨਹੀਂ ਹੁੰਦੀ ਪਰ ਸ਼ਬਦ ਰਾਹੀਂ ਪਾਇਆ ਜਾ ਸਕਦਾ ਹੈ, ਉਸ ਹਰੀ ਰਸ ਨੂੰ ਜੋ ਸ਼ਬਦ ਰਾਹੀਂ ਮਿਲਦਾ ਹੈ, ਕੋਈ ਵਿਰਲਾ ਨਿਰਹੰਕਾਰੀ ਹੀ ਮਾਣਦਾ ਹੈ ਜਿਸ ਨੇ ਇਹ ਅਸਰ ਕਰਨ ਵਾਲਾ ਰਸ ਪੀ ਲਿਆ, ਉਹ ਮੌਤ-ਰਹਿਤ ਹੋ ਜਾਂਦਾ ਹੈ । ਜਨਮ ਮਰਨ ਦੇ ਗੇੜੇ ਉਸ ਨੂੰ ਨਹੀਂ ਪੁੰਹਚੇ । ਉਹ ਸੰਸਾਰ ਵਿਚ ਨਿਤ ਦੁਨਿਆਵੀ ਸ਼ੈਆਂ ਪਿਛੇ ਮਰਦਾ ਨਹੀਂ ਕਿਉਂਕਿ ਉਸ ਦੇ ਮਨ ਵਿਚ ਤਮਾਮ ਗੁਣਾਂ ਦੇ ਭੰਡਾਰ ਪ੍ਰਭੂ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸ ਨੂੰ ਸੋਝੀ ਆ ਜਾਂਦੀ ਹੈ ਕਿ ਜਗਤ ਦੀਆਂ ਸ਼ੈਆਂ, ਉਸ ਪਾਏ ਰਸ ਅਗੇ ਨਿਗੂਣੀਆਂ ਹਨ । ਐਸਾ ਹਰ ਵੇਲੇ ਪ੍ਰਭੂ ਦੇ ਹੀ ਗੁਣ ਗਾਂਦਾ ਹੈ । ਦੁਨਿਆਵੀ ਖਿੱਚਾਂ ਮੁੱਕ ਜਾਂਦੀਆਂ ਹਨ । ਉਹ ਨੇੜੇ ਰਹਿਣ ਵਾਲੇ ਸੇਵਕ ਨੂੰ ਵੀ ਇਸੇ ਪਾਸੇ ਲਗਾਂਦਾ ਹੈ ਤੇ 'ਪ੍ਰਭੂ ਹੈ' ਦੇ ਸਹੀ ਦਾਇਮੀ ਉਪਦੇਸ਼ ਨੂੰ ਦ੍ਰਿੜ੍ਹ ਕਰਾਉਂਦਾ ਰਹਿੰਦਾ ਹੈ । ਹਿਰਦੇ ਇਕੋ ਵਾਹਿਗੁਰੂ ਹੋਣ ਕਾਰਨ, ਨਾ ਪਕੜ ਰਹਿੰਦੀ ਹੈ ਤੇ ਨਾ ਮਾਇਆ ਕਾਰਨ ਲਿਬੜੀਂਦਾ ਹੈ । ਜਿਵੇਂ ਅੰਧੇਰੇ ਵਿਚ ਜੇ ਦੀਵਾ ਬਾਲ ਲਈਏ ਤਾਂ ਹਰ ਚੀਜ਼ ਸਾਫ਼ ਨਜ਼ਰੀਂ ਆਉਣ ਲਗ ਪੈਂਦੀ ਹੈ, ਤਿਵੇਂ ਸ਼ਬਦ ਰੂਪੀ ਦੀਵਾ ਬਾਲ ਲੈਣ ਕਾਰਨ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਭਰਮ, ਮੋਹ ਤੇ ਦੁੱਖ ਕੀ ਹਨ ਦੀ ਅਸਲੀਅਤ ਪਤਾ ਲਗ ਜਾਂਦੀ ਹੈ ਤੇ ਇਹ 'ਭਰਮ, ਮੋਹ, ਦੁਖ' ਉਸ ਮਨੁੱਖ ਨੇ ਜਿਸ ਰਸ ਪਾਇਆ ਹੈ ਦੇ ਨੇੜੇ ਨਹੀਂ ਆਂਦੇ, ਨੱਸ ਜਾਂਦੇ ਹਨ । ਭਰਮ, ਮੋਹ ਤੇ ਦੁੱਖ ਦੀ ਆਪਣੀ ਹੋਂਦ ਹੀ ਕੋਈ ਨਹੀਂ । ਭਰਮ, ਮੋਹ ਤੇ ਦੁੱਖ ਉਤਨੀ ਦੇਰ ਤਕ ਹੀ ਇਨਸਾਨ ਨੂੰ ਤੰਗ ਕਰਦੇ ਹਨ ਜਦ ਤਕ ਇਨਸਾਨ ਅਨ੍ਹੇਰੇ ਵਿਚ ਹੈ । ੬ ।

 www.sikhbookclub.com

ਸ਼ਬਦ ਭਾਵ :

**ਇਹੁ ਹਰਿ ਰਸੁ** : ਸ਼ਬਦ ਰਾਹੀਂ ਗੁਣ ਗਾਇਆਂ ਜੋ ਅਨੰਦ ਮਿਲਦਾ ਹੈ।

**ਜਨੁ** : ਸੇਵਕ। ਨਿਮ੍ਰਤਾ ਵਿਚ ਟਿਕਿਆ ਬੰਦਾ।

**ਅੰਮ੍ਰਿਤੁ** : ਪੂਰਨ ਰਸ ਦੇਣ ਵਾਲਾ। ਜਿਸ ਨੂੰ ਪੀਣ ਨਾਲ ਅਮਰ ਵੀ ਹੋਈਏ ਤੇ ਹੋਰ ਰਸਾਂ ਦੇ ਪਾਉਣ ਦੀ ਇੱਛਾ ਵੀ ਨਾ ਰਹੇ।

**ਗੁਨਤਾਸ** : ਗੁਣਾਂ ਦਾ ਭੰਡਾਰ ਵਾਹਿਗੁਰੂ।

**ਲੇਪੁ** : ਲਿਫੜਿਆ।

**ਸਚੁ** : ਸਦਾ ਕਾਇਮ ਰਹਿਣ ਵਾਲਾ ਤੇ ਸਚੀ। (Ever-abiding)

**ਅੰਧਕਾਰ ਦੀਪਕ**

**ਪਰਗਾਸੇ** : ਅੰਧੇਰੇ ਵਿਚ ਦੀਵਾ ਬਾਲ ਦਈਏ।

**ਨਾਸੇ** : ਭੱਜ ਨੱਸ ਜਾਂਦੇ ਹਨ।

**ਤਹ ਤੇ** : ਉਸ ਤੋਂ। ੬।

## ਸਤਵੀਂ ਪਉੜੀ

**ਤਪਤਿ ਮਾਹਿ ਠਾਢਿ ਵਰਤਾਈ ॥**
**ਅਨਦੁ ਭਇਆ ਦੁਖ ਨਾਠੇ ਭਾਈ ॥**
**ਜਨਮ ਮਰਨ ਕੇ ਮਿਟੇ ਅੰਦੇਸੇ ॥**
**ਸਾਧੂ ਕੇ ਪੂਰਨ ਉਪਦੇਸੇ ॥**
**ਭਉ ਚੂਕਾ ਨਿਰਭਉ ਹੋਇ ਬਸੇ ॥**
**ਸਗਲ ਬਿਆਧਿ ਮਨ ਤੇ ਖੈ ਨਸੇ ॥**
**ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥**
**ਸਾਧ ਸੰਗਿ ਜਪਿ ਨਾਮੁ ਮੁਰਾਰੀ ॥**
**ਥਿਤਿ ਪਾਈ ਚੂਕੇ ਭ੍ਰਮ ਗਵਨ ॥**
**ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥ ੭ ॥**

## ਵਿਸਥਾਰ

ਭਰਾਵਾ ਦੇਖ! ਤਪਦੇ ਸੜਦੇ ਸੰਸਾਰ ਵਿਚ ਗੁਰੂ ਨੇ ਕ੍ਰਿਪਾ ਕਰਕੇ ਐਸੀ ਉਪਦੇਸ਼ਾਂ ਦੀ ਠੰਢੀ ਸੀਤਲ ਸਮੀਰ ਚਲਾਈ ਹੈ ਕਿ ਦੁੱਖ ਭੱਜ ਗਏ ਅਤੇ ਉਸ ਦੀ ਥਾਂ ਹੁਣ ਸੁੱਖਾਂ ਨੇ ਲੈ ਲਈ ਹੈ। ਸੰਸਾਰ ਨੂੰ ਹੁਣ ਸੰਸਾ ਨਹੀਂ ਪੁੰਹਦਾ। ਮਿਠੇ ਠੰਢੇ ਪੂਰਨ ਉਪਦੇਸ਼ ਨੂੰ ਧਾਰਨ ਦਾ ਸਦਕਾ, ਜੀਵਨ ਕਿਵੇਂ ਗੁਜ਼ਰੇਗਾ ਦਾ ਤੌਖਲਾ ਤੇ ਮਰਨ ਦਾ ਡਰ ਜੋ ਸਤਾਂਦੇ ਸਨ ਮੂਲੋਂ ਹੀ ਮੁੱਕ ਗਿਆ ਹੈ। **'ਜਨਮ ਮਰਨ ਕੇ ਮਿਟੇ ਅੰਦੇਸੇ'**। ਡਰ ਹਟ ਗਿਆ ਹੈ ਤੇ ਜਗਤ ਵਿਚ ਹੁਣ ਨਿਰਭਉ ਹੋ ਕੇ ਵਿਚਰਦੇ ਹਾਂ ਤੇ ਜੋ ਰੋਗ ਮਨ ਨੂੰ ਢਾਹੁੰਦੇ ਸਨ, ਉਹ ਵੀ ਉਡ ਪੁਡ ਗਏ ਹਨ।

ਇਹ ਮੇਰੇ ਕਿਸੇ ਜਤਨ ਕਰਕੇ ਨਹੀਂ ਹੋਆ ਸਗੋਂ ਜਿਸ ਨੇ ਸਾਜਿਆ ਸੀ ਉਸੇ ਨੇ ਪਹਿਲਾਂ ਰੋਗ ਮਿਟਾਏ ਤੇ ਸਾਧ ਸੰਗਤ ਬਖ਼ਸ਼ੀ ਅਤੇ ਪ੍ਰਭੂ ਦਾ ਨਾਮ ਦ੍ਰਿੜ੍ਹਾਇਆ ਜਿਸ ਵਿਚ ਇਕ ਨਹੀਂ ਸਭ ਡਰ ਰੂਪੀ ਦੈਂਤਾਂ ਨੂੰ ਮਾਰਨ ਦੀ ਸ਼ਕਤੀ ਹੈ। ਐਸਾ ਟਿਕਾ ਮਿਲਿਆ

 www.sikhbookclub.com

ਕਿ ਆਉਣ ਜਾਣ ਦਾ ਗੇੜ, ਸਦੀਵੀ ਭਟਕਨਾ (ਭ੍ਰਮ ਗਵਨ) ਮੁੱਕ ਗਏ। ਗੁਰੂ ਨਾਨਕ ਜੀ ਦਾ ਪੰਜਵਾਂ ਰੂਪ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਇਹ ਸਭ ਉਸ ਠੰਢ ਵਰਤਾਉਣ ਵਾਲੇ ਗੁਰ-ਉਪਦੇਸ਼ ਨੂੰ ਕੰਨੀਂ ਸੁਨਣ ਕਰਕੇ ਹੋਇਆ ਹੈ। ਇਤਨੀ ਸ਼ਕਤੀ ਹੈ ਗੁਰ-ਉਪਦੇਸ਼ ਵਿਚ।੭।

*ਸ਼ਬਦ ਭਾਵ :*

**ਤਪਤਿ ਮਾਹਿ** : ਸੜਦੇ ਭੁੱਜਦੇ ਸੰਸਾਰ ਵਿਚਾਲੇ। (Midst of burning heat)

**ਠਾਢਿ** : ਸੀਤਲ ਠੰਢੀ ਹਵਾ। (Cooling Breeze)

**ਵਰਤਾਈ** : ਲਿਆਏ। (Brought)

**ਅਨਦੁ** : ਸਦੀਵੀ ਸੁੱਖ।

**ਨਾਠੇ** : ਭੱਜ ਗਏ।

**ਅੰਦੇਸੇ** : ਅੰਦੇਸ਼ਾ। ਡਰ। ਤੌਖਲੇ। ਜੀਵਨ ਭਰ ਡਰ ਰਹਿੰਦਾ ਹੈ ਕਿ ਰੋਜ਼ੀ ਰੋਟੀ ਕਿਵੇਂ ਮਿਲੇਗੀ। ਮਾਨ ਸਨਮਾਨ ਕਾਇਮ ਰਵ੍ਹੇਗਾ ਜਾਂ ਨਹੀਂ। ਰੋਗ ਤਾਂ ਨਹੀਂ ਆ ਗ੍ਰਸੇਗਾ। ਮੌਤ ਦਾ ਡਰ ਤਾਂ ਜਨਮ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸਭ ਡਰ ਮੁੱਕ ਜਾਂਦੇ ਹਨ ਜਦ ਗੁਰੂ ਦਾ ਠੰਢਾ ਮਿੱਠਾ ਉਪਦੇਸ਼ ਧਾਰਨ ਕਰ ਲਈਏ।

**ਬਿਆਧਿ** : ਸਰੀਰਕ ਤੇ ਮਾਨਸਿਕ ਰੋਗ।

**ਜਿਸ ਕਾ ਸਾ** : ਜਿਸ ਨੇ ਸਾਜਿਆ ਸੀ।

**ਮੁਰਾਰੀ** : ਮੁਰ ਵਰਗੇ ਭਿਆਨਕ ਦੈਂਤ ਨੂੰ ਮਾਰਨ ਵਾਲਾ। ਸਭ ਡਰ ਰੂਪੀ ਦੈਂਤਾਂ ਨੂੰ ਪਛਾੜਨ ਵਾਲਾ ਵਾਹਿਗੁਰੂ।

**ਥਿਤਿ** : ਪੂਰਨ ਟਿਕਾ।

**ਭ੍ਰਮ ਗਵਨ** : ਆਵਾ ਗਵਨ ਦੇ ਚਕ੍ਰ। ਭਟਕਨਾਵਾਂ। (Wandering)

**ਸੁਨਿ** : ਸੁਣ ਕੇ।

**ਸ੍ਰਵਨ** : ਕੰਨਾਂ ਨਾਲ।੭।

## ਅਠਵੀਂ ਪਉੜੀ

**ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥**
**ਕਲਾ ਧਾਰਿ ਜਿਨਿ ਸਗਲੀ ਮੋਹੀ ॥**
**ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥**
**ਅਪੁਨੀ ਕੀਮਤਿ ਆਪੇ ਪਾਏ ॥**
**ਹਰਿ ਬਿਨੁ ਦੂਜਾ ਨਾਹੀ ਕੋਇ ॥**
**ਸਰਬ ਨਿਰੰਤਰਿ ਏਕੋ ਸੋਇ ॥**
**ਓਤਿ ਪੋਤਿ ਰਵਿਆ ਰੂਪ ਰੰਗ ॥**
**ਭਏ ਪ੍ਰਗਾਸ ਸਾਧ ਕੈ ਸੰਗ ॥**


www.sikhbookclub.com

**ਰਚਿ ਰਚਨਾ ਅਪਨੀ ਕਲ ਧਾਰੀ ॥**
**ਅਨਿਕ ਬਾਰ ਨਾਨਕ ਬਲਿਹਾਰੀ ॥ ੮ ॥ ੧੮ ॥**

**ਵਿਸਥਾਰ**

ਵਾਹਿਗੁਰੂ ਵੱਖ ਵੀ ਬੈਠਾ ਹੈ ਤੇ ਸਭ ਵਿਚ ਸਮਾਇਆ ਵੀ ਹੈ। ਲੋਕੀਂ ਉਸ ਦੀ ਇਸ ਕੌਤਕ ਕਲਾ ਕਿ ਸਮਾਇਆ ਵੀ ਹੈ ਤੇ ਵੱਖ ਵੀ ਹੈ, ਦੇਖ ਦੇਖ ਅਸਚਰਜ ਹੋ ਰਹੇ ਹਨ। ਕਿਵੇਂ. ਸਰਗੁਨ ਵੀ ਹੋਣਾ ਹੈ ਤੇ ਫਿਰ ਉਸੇ ਵੇਲੇ ਨਿਰਗੁਣ ਵੀ, ਇਹ ਕਲਾ ਮਨੁੱਖ ਨੂੰ ਨਾ ਆਉਣ ਕਾਰਨ, ਹੈਰਾਨ ਹੋਈ ਜਾਂਦਾ ਹੈ। ਇਹ ਕਲਾ ਸਿੱਖਣੀ ਹੀ ਗੁਰਮਤਿ ਹੈ।

ਪ੍ਰਭੂ ਨੇ ਇਹ ਕੌਤਕ ਆਪ ਹੀ ਰਚਿਆ ਹੈ ਅਤੇ ਉਸ ਬਾਰੇ ਪੂਰੀ ਤਰ੍ਹਾਂ ਉਹ ਆਪ ਜਾਣਦਾ ਹੈ ਕਿ ਐਸਾ ਕਿਉਂ ਕੀਤਾ। ਕੋਈ ਹੋਰ ਇਸ ਰਾਜ਼ ਨੂੰ ਦੱਸ ਨਹੀਂ ਸਕਦਾ। ਕੋਈ ਵਾਹਿਗੁਰੂ ਤੇ ਬਗੈਰ ਇਸ 'ਨਿਰਗੁਣ ਤੇ ਸਰਗੁਨ' ਦੇ ਚਰਿਤ੍ਰ ਨੂੰ ਨਿਭਾ ਵੀ ਨਹੀਂ ਸਕਦਾ ਕਿ ਸਭ ਵਿਚ ਲਗਾਤਾਰ ਬੇ-ਟੋਕ ਉਸ ਦੀ ਸ਼ਕਤੀ ਕੰਮ ਵੀ ਕਰਦੀ ਰਵ੍ਹੇ ਅਤੇ ਫਿਰ ਵੱਖ ਵੀ ਰਵ੍ਹੇ। ਹੋਰ ਅਸਚਰਜ ਇਹ ਹੈ ਕਿ ਸੰਸਾਰ ਦੇ ਸਾਰੇ ਤਾਣੇ ਬਾਣੇ ਵਿਚ ਉਸ ਦਾ ਰੂਪ ਤੇ ਰੰਗ ਪ੍ਰਗਟ ਵੀ ਹੁੰਦਾ ਜਾਵੇ ਤੇ ਫਿਰ ਆਮ ਅੱਖ ਨੂੰ ਦਿੱਸੇ ਵੀ ਨਾਂਹ। ਇਹ ਗਿਆਨ, ਪ੍ਰਗਾਸ ਸਮਝ ਕਿ ਉਹ ਸਭ ਵਿਚ ਹੈ ਤੇ ਸਭ ਤੋਂ ਅਲਹਿਦਾ ਵੀ, ਸਾਧ ਸੰਗਤ ਕੀਤਿਆਂ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਸਾਧੂ ਨੇ ਇਹ ਖੇਡ ਖੇਡਣ ਦੀ ਜਾਚ ਗੁਰੂ ਕ੍ਰਿਪਾ ਨਾਲ ਸਿੱਖ ਲਈ ਹੁੰਦੀ ਹੈ।

ਸਾਧ ਸੰਗਤ ਕੀਤਿਆਂ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਇਹ ਸੰਸਾਰ ਦੀ ਰਚਨਾ ਸਿਰਫ਼ ਉਸ ਨੇ ਇਸ ਕਲਾ ਨੂੰ ਦਿਖਾਉਣ ਲਈ ਕੀਤੀ ਹੈ ਕਿ ਸੰਸਾਰ ਵਿਚ ਰਹਿ ਸੰਸਾਰ ਤੋਂ ਵੱਖ ਵੀ ਰਹਿਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਦੇ ਇਸ ਕੌਤਕ ਤੋਂ ਵਾਰ ਵਾਰ ਸਦਕੇ ਹਾਂ। ਗੱਲ ਕੀ ਅਸੀਂ ਜਗਤ ਵਿਚ ਰਹਿ ਨਿਰਲੇਪ ਰਹਿ ਸਕਦੇ ਹਾਂ ਜੇ ਸਤਿਗੁਰੂ ਦਾ ਉਪਦੇਸ਼ ਧਾਰਨ ਕਰੀਏ। ੮। ੧੮।

**ਸ਼ਬਦ ਭਾਵ :**

ਨਿਰਗੁਨੁ : ਸਭ ਪ੍ਰਭਾਵਾਂ ਤੋਂ ਉੱਚਾ, ਜਿਸ ਤੇ ਕੋਈ ਮਾਇਆ ਦਾ ਪ੍ਰਭਾਵ ਨਾ ਪੈ ਸਕੇ। (Absolute)

ਸਰਗੁਨੁ : ਸਮਾਇਆ। ਸੰਬੰਧ ਰੱਖਣ ਵਾਲਾ। ਵਿਚਰਨ ਵਾਲਾ।

ਕਲਾ ਧਾਰਿ : ਕਿਸੇ ਕਲਾ (Art) ਨਾਲ। ਕੋਈ ਖਾਸ ਵਿਉਂਤ ਦੁਆਰਾ।

ਮੋਹੀ : ਹੈਰਾਨੀ ਵਿਚ ਪਾਈ ਰੱਖਣਾ।

ਚਰਿਤ : ਕੌਤਕ। ਤਮਾਸ਼ਾ। ਖੇਲ। (Wonders)

ਕੀਮਤਿ : ਅੰਦਾਜ਼ਾ। ਕਦਰ। ਮੁੱਲ। (Worth)

ਨਿਰੰਤਰਿ : ਲਗਾਤਾਰ ਹੋਣਾ। ਬਿਨਾਂ ਰੋਕ। ਅੰਤਰੇ ਤੋਂ ਬਗੈਰ ਹਾਜ਼ਰ।

ਓਤਿ ਪੋਤਿ : ਤਾਣੇ ਬਾਣੇ ਵਿਚ। (Texture)

ਰੂਪ ਰੰਗ : ਭਾਹ ਤੇ ਸ਼ਕਲ ਸੂਰਤ। (Hue and form)

 www.sikhbookclub.com

ਕਲ ਧਾਰੀ : ਕਲਾ ਦਿਖਾਉਣ ਹਿਤ । (To manifest his art)
ਅਨਿਕ : ਕਈ ਵਾਰ । (Again and again) । ੮ । ੧੮ ।

---

## ਉਨ੍ਹੀਵੀਂ ਅਸ਼ਟਪਦੀ

*ਉਨ੍ਹੀਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਪ੍ਰਭੂ ਦੇ ਗੁਣਾਂ ਦੀ ਪੂੰਜੀ ਤੋਂ ਬਗੈਰ ਕੋਈ ਸ਼ੈ ਸਾਥ ਨਹੀਂ ਜਾਣੀ। ਹੋਰ ਸਰੀਰਾਂ ਦੇ ਸੁਆਦ ਸੁਆਹ ਹਨ ਤੇ ਇਨ੍ਹਾਂ ਦਾ ਮਜ਼ਾ ਖਿਨ-ਮਾਤ੍ਰ ਲਈ ਹੈ। ਗੁਣ ਗਾ, ਨਾਮ ਧਨ ਇਕੱਠਾ ਕਰਨਾ ਹੀ ਸਹੀ ਧਨ ਹੈ। **ਸੰਸਾਰੀ ਦੌੜ ਭੱਜ ਭਜਨ ਨੇ ਹੀ ਮੁਕਾਉਣੀ ਹੈ।**

ਇਸ ਦੀ ਪ੍ਰਾਪਤੀ ਸਤਿ ਸੰਗਤ ਵਿਚ ਜਾਂ ਗੁਰਬਾਣੀ ਰਾਹੀਂ ਸਿਫ਼ਤ ਸਲਾਹ ਕੀਤਿਆਂ ਹੀ ਹੋਣੀ ਹੈ। ਮਨੁੱਖ ਭਜਦਾ ਏ ਮਾਇਆ ਲਈ, ਸ਼ੋਭਾ ਲਈ, ਟੱਬਰ ਸੰਬੰਧੀਆਂ ਦੇ ਸੁਖ ਲਈ ਪਰ ਮਾਇਆ, ਸ਼ੋਭਾ ਸੰਬੰਧੀਆਂ ਨੇ ਮਨ ਦਾ ਟਿਕਾ, ਠਹਿਰਾ ਨਹੀਂ ਦੇਣਾ। ਸੋ ਜੇ ਭੱਜ ਦੌੜ ਕਰਨੀ ਆ ਤਾਂ ਕੇਵਲ ਉਨ੍ਹਾਂ ਪੁਰਸ਼ਾਂ ਦੀ ਭਾਲ ਲਈ ਕਰ ਅਤੇ ਉਨ੍ਹਾਂ ਕੋਲੋਂ ਪੁੱਛ ਕਿ ਨਾਮ ਧਨ ਦੀ ਪ੍ਰਾਪਤੀ ਕਿਵੇਂ ਕਰਨੀ ਹੈ ਕਿਉਂਕਿ ਇਸੇ ਨਾਮ ਧਨ ਦੀ ਪ੍ਰਾਪਤੀ ਨੇ ਤੈਨੂੰ ਭਾਗਵਾਨ, ਕਿਸਮਤ ਵਾਲਾ ਬਣਾਉਣਾ ਹੈ। ਨਾਮ ਪ੍ਰਾਪਤੀ ਨਾਲ ਸੰਸਾਰ ਦੇ ਸੁੱਖ ਤਾਂ ਆਪ ਮੁਹਾਰੇ ਮਿਲ ਜਾਣੇ ਹਨ ਤੇ ਵਾਧਾ ਇਹ ਕਿ ਹਉਂ ਦਾ ਵੱਡਾ ਦੁੱਖ ਵੀ ਨਾਲ ਹੀ ਹਟ ਜਾਣਾ ਹੈ।

ਨਿਰੇ ਦੁੱਖ ਨਹੀਂ, ਡਰ ਵੀ ਨਾਸ ਹੋ ਜਾਣੇ ਹਨ ਅਤੇ ਆਤਮ ਗਿਆਨ ਵੀ ਹੋ ਜਾਣਾ ਹੈ। ਆਤਮ ਗਿਆਨ ਗਿਆਂ ਤਪਸ਼ ਮਿਟ ਜਾਂਦੀ ਹੈ ਅਤੇ ਸਭ ਤੋਂ ਵੱਡੀ ਗੱਲ ਜਾਗਿਆ ਮਨ ਅਵੈੜ ਨਹੀਂ ਫਿਰਦਾ, ਟਿਕ ਜਾਂਦਾ ਹੈ। **'ਆਵਹਿ ਠਾਇ।'**

ਇਹ ਕਦੇ ਨਾ ਭੁਲਣਾ ਕਿ ਠਹਿਰੇ ਮਨ ਵਾਲਾ ਤਤ ਵਿਚਾਰ ਪਾਉਣ ਜੋਗ ਹੁੰਦਾ ਹੈ ਤੇ ਅਸਲੀਅਤ ਜਾਣ ਲੈਂਦਾ ਹੈ। ਉਸ ਨੇ ਭਲਾ ਕੀ ਤੱਤ ਵਿਚਾਰ ਪਾਉਣਾ ਹੈ ਜੋ ਜਨਮਿਆ ਤੇ ਸਾਰੀ ਜ਼ਿੰਦਗੀ ਮਾਇਆ ਪਿਛੇ ਭਟਕਦਾ ਰਹਿਆ ਅਤੇ ਮਰ ਗਿਆ। ਵੇਦ ਸਿਮ੍ਰਿਤ ਸ਼ਾਸਤ੍ਰ ਦੇ ਰਾਹ ਟੁਰਨਾ 'ਕਚ' ਵਿਹਾਜਨਾ ਹੈ। ਵੇਦ ਸ਼ਾਸਤ੍ਰ ਤੱਤ ਵਿਚਾਰ ਦੇਣ ਜੋਗੇ ਨਹੀਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਇਆ ਦੀ ਬੜੀ ਕਸ਼ਿਸ਼ ਹੈ, ਮਨ ਮਾਇਆ ਵਲ ਖਿਚਿਆ ਹੀ ਜਾਂਦਾ ਹੈ ਸੋ ਮਨ ਹੋਰ ਕਿਧਰੇ ਨਾ ਜਾਵੇ ਇਸ ਲਈ ਸੁਖਾਲਾ, ਸਹਿਜ ਸੁਭਾਇ ਰਾਹ ਇਹ ਹੈ ਕਿ ਉਸ ਪ੍ਰਭੂ ਦੇ ਗੁਣ ਗਾਏ ਜਾਣ, ਗਾ ਸੁਣਾਏ ਜਾਣ ਅਤੇ ਗੁਰੂ ਦੇ ਕਹੇ ਤੇ ਟੁਰਿਆ ਜਾਏ। **'ਸੁਨਤ ਕਹਤ ਰਹਤ ਗਤਿ ਪਾਵਉ।'** ਇਹ ਪੱਕ ਹੈ ਕਿ ਗੁਣ ਗਾਂਦਿਆਂ ਕੀਰਤਨ ਕਰਦਿਆਂ ਸਭ ਮੈਲਾਂ ਕੱਟੀਆਂ ਜਾਂਦੀਆਂ ਹਨ ਤੇ ਸਹੀ ਖੁਸ਼ੀ ਮਿਲਦੀ ਹੈ। ਆਦਰ ਮਿਲਦਾ ਹੈ। ਇਕ ਹੋਰ ਚੇਤਾਵਨੀ ਕਿ ਗੁਣ ਗਾਂਦਿਆਂ, ਭਜਨ ਕਰਦਿਆਂ ਧਿਆਨ ਨੂੰ ਉਸ 'ਇਕ' ਪ੍ਰਭੂ ਤੋਂ ਲਾਂਭੇ ਨਹੀਂ ਜਾਣ ਦੇਣਾ। ਇਕ ਦੇ ਗੁਣ ਗੁਰਬਾਣੀ ਰਾਹੀਂ ਗਾਇਆਂ 'ਇਕ' ਨੂੰ ਜਾਣ ਲਈਦਾ ਹੈ ਅਤੇ ਸ਼ਖਸੀਅਤ ਵੀ ਖੰਡਿਤ ਨਹੀਂ ਹੁੰਦੀ।

 www.sikhbookclub.com

**ਸਲੋਕੁ ॥**

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ ੧ ॥

**ਵਿਸਥਾਰ**

ਹੋਰ ਸਾਰੇ ਸਰੀਰਾਂ ਦੇ ਸੁਆਦ ਸੁਆਹ ਸਮਾਨ ਹਨ। ਇਨ੍ਹਾਂ ਵਿਚੋਂ ਕੋਈ ਨਾਲ ਜਾਣ ਵਾਲਾ ਨਹੀਂ। ਪ੍ਰਭੂ ਦੇ ਗੁਣ ਗਾਉਣ ਨਾਲ ਜੋ ਇਕਾਗ੍ਰਤਾ ਮਿਲਦੀ ਹੈ, ਰਸ ਆਉਂਦਾ ਹੈ, ਨਾਮ ਧਨ ਇਕੱਠਾ ਹੁੰਦਾ ਹੈ, ਉਸੇ ਨੇ ਨਾਲ ਜਾਣਾ ਹੈ। ਇਹ ਹੀ ਹੈ ਅਸਲ ਕਮਾਈ ਅਤੇ ਜੀਵਨ ਦਾ ਮੰਤਵ। 'ਧਨ ਸਾਰੁ'। ੧।

**ਸ਼ਬਦ ਭਾਵ :**

ਸਾਥਿ : ਨਾਲ ਨਿਭਣ ਵਾਲੀ ਸ਼ੈ। ਕੰਮ ਦੀ ਚੀਜ਼। (Be of avail)
ਬਿਖਿਆ : ਜ਼ਹਿਰ।
ਛਾਰੁ : ਸੁਆਹ।
ਧਨੁ ਸਾਰੁ : ਸਹੀ ਦੌਲਤ। ਕਮਾਈ ਦਾ ਫਲ। ੧।

**ਪਹਿਲੀ ਪਉੜੀ**

ਸੰਤ ਜਨਾ ਮਿਲਿ ਕਰਹੁ ਬੀਚਾਰੁ ॥
ਏਕੁ ਸਿਮਰਿ ਨਾਮ ਆਧਾਰੁ ॥
ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥
ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥
ਕਰਨ ਕਾਰਨ ਸੋ ਪ੍ਰਭੁ ਸਮਰਥੁ ॥
ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥
ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥
ਸੰਤ ਜਨਾ ਕਾ ਨਿਰਮਲ ਮੰਤ ॥
ਏਕ ਆਸ ਰਾਖਹੁ ਮਨ ਮਾਹਿ ॥
ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥

**ਵਿਸਥਾਰ**

ਜਿਸ ਭਜਨ ਨੇ ਨਾਲ ਨਿਭਣਾ ਹੈ, ਉਸ ਦੀ ਕਿਤਨੀ ਲੋੜ ਤੇ ਕੀਮਤ ਹੈ, ਉਸ ਸਬੰਧੀ ਨਿੰਮ੍ਰਤਾ ਵਿਚ ਵਿਚਰਦੇ ਪੁੱਜੇ-ਪੁੱਗੇ (ਸੰਤ ਜਨਾਂ) ਦੀ ਸੰਗਤ ਕਰ, ਵਿਚਾਰ ਕਰ ਤੇ ਵਾਹਿਗੁਰੂ ਦੀ ਯਾਦ ਪਕਾ। ਯਾਦ ਪੱਕ ਗਈ ਤਾਂ ਦੇਖ ਲਵੇਂਗਾ ਕਿ ਹਜ਼ੂਰੀ ਦਾ ਅਨੰਦ ਅੰਦਰ ਆਉਣਾ ਸ਼ੁਰੂ ਹੋਵੇਗਾ ਜੋ ਜੀਵਨ ਦਾ ਸਹੀ ਸਹਾਰਾ ਹੈ। ਨਾਮ ਆਧਾਰ ਰੱਖਿਆਂ ਮਾਯਾ ਦੀ ਦੌੜ ਭੱਜ ਖ਼ਤਮ ਹੋ ਜਾਂਦੀ ਹੈ।

ਸੋ ਮਿਤ੍ਰਾ ! ਹੋਰ ਸਭ ਤਪ-ਤਰੱਦਦ, ਰੀਤੀ-ਰਿਵਾਜ, ਕਰਮ ਕਾਂਡ ਛੱਡ ਕੇ ਅੰਦਰ ਨਿੰਮ੍ਰਤਾ ਧਾਰ, ਚਾਅ ਨਾਲ ਜਪੀ ਜਾਹ। ਇਸ ਤਰ੍ਹਾਂ ਹਿਰਦਾ ਖਿੜ ਪਵੇਗਾ। ਸਿਮਰਨ

 www.sikhbookclub.com

ਕਰਦਿਆਂ ਤੇ ਪ੍ਰਭੂ ਦੀ ਹਜ਼ੂਰੀ ਵਿਚ ਰਹਿਆਂ ਤੈਨੂੰ ਸਾਫ ਦਿੱਸ ਪਵੇਗਾ ਕਿ ਵਾਹਿਗੁਰੂ ਪਾਸ ਸ਼ਕਤੀ ਹੈ ਕਰਨ ਤੇ ਕਰਾਵਨ ਦੀ, ਸੋ ਹਜ਼ੂਰੀ ਨਾ ਛੱਡੀਂ। ਇਹ ਹੀ ਕੀਮਤੀ ਸ਼ੈ ਹੈ। ਜਿਸ ਨੇ ਇਹ ਕੀਮਤੀ ਧਨ (ਹਜ਼ੂਰੀ ਦਾ ਅਨੰਦ ਪਾਉਣ ਦਾ) ਪਾ ਲਿਆ, ਪੂਰਨ ਇਕਾਗ੍ਰਤਾ ਮਿਲ ਗਈ, ਉਹ ਹੀ ਭਾਗਵਾਨ ਹੈ। ਸੰਤ ਜਨ ਇਹ ਹੀ ਜਗਤ ਨੂੰ ਪਕ ਪਕਾਉਂਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਨ ਵਿਚ ਹੋਰ ਕਿਸੇ ਆਸਰੇ ਤੱਕ ਦਾ ਖ਼ਿਆਲ ਨਾ ਲਿਆਇਆਂ ਸਭ ਰੋਗ ਭਾਵੇਂ ਉਹ ਕਿਤਨੇ ਹੀ ਮਾਰੂ ਹਨ, ਦੂਰ ਹੋ ਜਾਂਦੇ ਹਨ। ਇਹ ਨਿਰਮਲ ਉਪਦੇਸ਼ ਹੈ ਜੋ ਸੰਤ ਜਨ ਦੇਂਦੇ ਹਨ ਇਸੇ ਲਈ ਇਸ ਪਉੜੀ ਦੀ ਪਹਿਲੀ ਤੁਕ ਵਿਚ ਫ਼ਰਮਾਇਆ ਸੀ ਕਿ 'ਸੰਤ ਜਨਾ ਮਿਲਿ ਕਰਹੁ ਬੀਚਾਰੁ। ੧।

*ਸ਼ਬਦ ਭਾਵ :*

**ਸੰਤ ਜਨਾ** : ਨਿੰਮ੍ਰਤਾ ਦੀ ਮੂਰਤ, ਭਲੇ ਪੁਰਸ਼।
**ਆਧਾਰ** : ਆਸਰਾ। (Prop)
**ਅਵਰਿ** : ਹੋਰ। ਦੂਜੇ।
**ਚਰਨ ਕਮਲ** : ਵਾਹਿਗੁਰੂ ਦਾ ਖੇੜੇ ਵਾਲਾ ਰੂਪ। ਜਿਸ ਨੂੰ ਅੰਦਰ ਟਿਕਾਉਣ ਨਾਲ ਨਿੰਮ੍ਰਤਾ ਆਉਂਦੀ ਹੈ ਅਤੇ ਖੇੜਾ ਮਿਲਦਾ ਹੈ।
**ਸਮਰਥੁ** : ਸਭ ਕੁਝ ਕਰਨ ਜੋਗ। (Almighty)
**ਗਹਹੁ** : ਪਕੜ ਲਵੋ। (Grasp)
**ਭਗਵੰਤ** : ਭਾਗਾਂ ਵਾਲਾ। ਖੁਸ਼ਕਿਸਮਤ।
**ਨਿਰਮਲ ਮੰਤ** : ਸਹੀ ਉਪਦੇਸ਼ (Clear advice)। ੧।

## ਦੂਜੀ ਪਉੜੀ

**ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥**
**ਸੋ ਧਨੁ ਹਰਿ ਸੇਵਾ ਤੇ ਪਾਵਹਿ ॥**
**ਜਿਸੁ ਸੁਖ ਕਉ ਨਿਤ ਨਿਤ ਬਾਛਹਿ ਮੀਤ ॥**
**ਸੋ ਸੁਖੁ ਸਾਧੂ ਸੰਗਿ ਪਰੀਤਿ ॥**
**ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥**
**ਸਾ ਸੋਭਾ ਭਜੁ ਹਰਿ ਕੀ ਸਰਨੀ ॥**
**ਅਨਿਕ ਉਪਾਵੀ ਰੋਗੁ ਨ ਜਾਇ ॥**
**ਰੋਗੁ ਮਿਟੈ ਹਰਿ ਅਵਖਧੁ ਲਾਇ ॥**
**ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥**
**ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥**

**ਵਿਸਥਾਰ**

ਜਿਸ ਧਨ ਦੀ ਪ੍ਰਾਪਤੀ ਲਈ ਤੂੰ ਧਰਤੀ ਦਾ ਹਰ ਕੋਨਾ ਛਾਨਣ ਲਈ ਤਿਆਰ ਹੈਂ ਕਿ ਉਸ ਨੂੰ ਪਾ ਕੇ ਜ਼ਿੰਦਗੀ ਸੌਖੀ ਤਰ੍ਹਾਂ ਗੁਜ਼ਾਰੇਂਗਾ, ਭਲੇ ਲੋਕਾ! ਉਹ ਧਨ ਜਿਸ ਨੇ ਤੇਰੀ ਭਟਕਣਾ ਮੁਕਾਉਣੀ ਹੈ, ਉਹ ਧਰਤੀ

 www.sikhbookclub.com

ਦੀ ਖਾਕ ਛਾਣਿਆਂ ਨਹੀਂ ਮਿਲਣਾ, ਉਹ ਤੈਨੂੰ ਮਿਲੇਗਾ ਪ੍ਰਭੂ ਦਾ ਲਗਾਤਾਰ ਧਿਆਨ ਧਰਨ ਨਾਲ।

ਜਿਸ ਸੁੱਖ (ਸ਼ਾਂਤੀ) ਨੂੰ ਪ੍ਰਾਪਤ ਕਰਨ ਲਈ ਮਿਤ੍ਰਾ! ਤੂੰ ਦੁਨਿਆਵੀ ਸ਼ੈਆਂ ਇਕੱਠੀਆਂ ਕਰਨ ਲਈ ਰੁੱਝਿਆ ਹੋਇਆ ਹੈਂ, ਸਰੀਰਕ ਸੁੱਖ (Comforts) ਤਾਂ ਸ਼ਾਇਦ ਮਿਲ ਜਾਣ ਪਰ ਟਿਕਾ ਸ਼ਾਂਤੀ (Peace) ਨਹੀਓਂ ਮਿਲਣੀ। ਇਹ ਮਿਲੇਗੀ ਕੇਵਲ ਸਤਿਸੰਗ ਨਾਲ ਪਿਆਰ ਪਾਇਆਂ।

ਜਿਸ ਸੋਭਾ ਲਈ ਤੂੰ ਭਲੇ ਕੰਮ ਕਰਦਾ ਹੈਂ ਉਹ ਕਰਦਿਆਂ ਖਿਨ ਭਰ ਲਈ ਤਾਂ ਵਾਹ ਵਾਹ ਬੇਸ਼ਕ ਮਿਲ ਜਾਏ ਪਰ ਜੇ ਚਾਹੁਣਾ ਹੈਂ ਕਿ ਹਰ ਕੋਈ 'ਭਲਾ ਭਲਾ' ਆਖੇ ਤਾਂ ਇਹ ਪ੍ਰਾਪਤ ਹੋਵੇਗਾ ਵਾਹਿਗੁਰੂ ਦੀ ਸ਼ਰਨ ਗਿਆਂ ਹੀ। ਭਲੇ ਕੰਮ ਕਰਕੇ ਨਿਮ੍ਰ ਭਾਵ ਵਿਚ ਰਹਿਣ ਵਾਲੇ ਦੀ ਹਰ ਵੇਲੇ ਸ਼ੋਭਾ ਹੁੰਦੀ ਹੈ। ਦੂਜੇ ਦਾ ਭਲਾ ਕਰਦੇ ਜੇ ਹੰਕਾਰ ਦੇ ਦਾਅ ਨਾ ਖਾਈਏ ਤਾਂ ਉਹ ਸ਼ੋਭਾ ਮਿਲਦੀ ਹੈ ਜੋ ਮਿਟਦੀ ਨਹੀਂ। ਲੱਖ ਜਤਨ ਕਰ ਲੈ ਵੀਰਾ! ਹਉਮੈ ਦਾ ਰੋਗ ਨਹੀਂ ਜਾਣਾ। ਨਾ ਇਹ ਤੀਰਥਾਂ ਤੇ ਗਇਆਂ ਜਾਂਦਾ ਹੈ, ਨਾ ਕਿਸੇ ਤਪ ਨਾਲ ਅਤੇ ਨਾ ਹੀ ਕਿਸੇ ਵੇਦ ਚਰਚਾ ਨਾਲ। ਇਹ ਜਾਏਗਾ ਸਿਰਫ ਵਾਹਿਗੁਰੂ ਦੇ ਗੁਣ ਸਾਧ ਸੰਗਤ ਵਿਚ ਜਾ ਕੇ ਗਾਉਣ ਦਾ ਦਾਰੂ ਲਿਆਂ। ਸੰਸਾਰ ਵਿਚ ਹੋਰ ਖਜ਼ਾਨਿਆਂ ਨਾਲੋਂ ਜੇ ਕੋਈ ਸਭ ਤੋਂ ਵੱਡਾ ਖ਼ਜ਼ਾਨਾ ਹੈ ਤਾਂ ਉਹ ਹੈ, ਵਾਹਿਗੁਰੂ ਦੀ ਯਾਦ ਸਦੀਵੀ ਕਰ, ਹਜ਼ੂਰੀ ਦਾ ਅਨੰਦ ਮਾਣਦੇ ਰਹਿਣਾ। ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਹਜ਼ੂਰੀ ਦਾ ਅਨੰਦ ਕਾਇਮ ਵੀ ਰਹਿ ਸਕਦਾ ਹੈ ਤੇ ਉਸ ਦੇ ਦਰ ਪਰਵਾਨ ਵੀ ਹੋ ਜਾਈਦਾ ਹੈ ਜੇ ਉਸ ਦਾ ਸਿਮਰਨ ਨਾ ਟੁੱਟਣ ਦਈਏ।

ਜੀਵ ਧਨ, ਸੁੱਖ, ਸ਼ੋਭਾ, ਰੋਗ ਰਹਿਤ ਤੇ ਖ਼ਜ਼ਾਨਾ ਪ੍ਰਾਪਤੀ ਲਈ ਜਤਨਾਂ ਵਿਚ ਲਗਾ ਰਹਿੰਦਾ ਹੈ ਪਰ ਉਹ ਨਹੀਂ ਜਾਣਦਾ ਕਿ ਇਨ੍ਹਾਂ ਨੂੰ ਪਾਉਣ ਦਾ ਰਾਹ ਸਿਮਰਨ, ਸੇਵਾ, ਸਾਧ ਸੰਗਤ, ਸ਼ਰਨ ਅਤੇ ਨਾਮ ਵਿਚ ਹੈ।

**ਸ਼ਬਦ ਭਾਵ :**

**ਧਨ** : ਦੌਲਤ। ਇਥੇ ਉਸ ਧਨ ਵਲ ਇਸ਼ਾਰਾ ਕਰ ਰਹੇ ਹਨ ਜਿਸ ਨੂੰ ਪਾਇਆਂ ਹੋਰ ਦੁਨਿਆਵੀ ਫਿਕਰ ਹਟ ਜਾਂਦੇ ਹਨ। ਉਹ ਹੈ ਨਾਮ ਧਨ।

**ਚਾਰਿ ਕੁੰਟ** : ਚਾਰੇ ਤਰਫਾਂ। (Four Directions)

**ਧਾਵਹਿ** : ਦੌੜਦਾ। ਭੱਜਦਾ ਹੈ।

**ਸੁਖ** : ਸ਼ਾਂਤੀ। ਕਿਸ ਸਹਿਜ ਨਾਲ ਦੁਨਿਆਵੀ ਸੁਖਾਂ (Comforts) ਤੇ ਅੰਦਰ ਦੀ ਸ਼ਾਂਤੀ (Peace) ਦਾ ਨਿਖੇੜਾ ਕਰ ਰਹੇ ਹਨ।

**ਬਾਛਹਿ** : ਲੋੜਦਾ ਹੈ। (Yearns for)

**ਸੋਭਾ** : ਮਾਨ। ਇਥੇ ਵੀ ਫੋਕੀ ਵਾਹ ਵਾਹ ਤੇ ਸਹੀ ਇੱਜ਼ਤ ਦਾ ਫਰਕ ਸਮਝਾ ਰਹੇ ਹਨ। (Repute)

**ਭਲੀ ਕਰਨੀ** : ਚੰਗੇ। ਪਰਉਪਕਾਰੀ ਕੰਮ। (Pious works)

**ਸਰਨੀ** : ਪਨਾਹ। (Shelter) ਇਹ ਦੱਸ ਰਹੇ ਹਨ ਕਿ ਭਲੇ ਕੰਮ ਕਰਨ ਨਾਲ ਜੇ

 www.sikhbookclub.com

ਨਿਰੀ ਵਾਹ ਵਾਹ ਖੱਟ ਲਈ, ਉਹ ਤਾਂ ਹਉਮੈ ਵਧਾਉਣ ਦਾ ਕਾਰਨ ਬਣੀ, ਪਰ ਜੇ ਨਾਲ ਨਿੰਮ੍ਰਤਾ ਧਾਰ ਲਈ ਹੈ ਤਾਂ ਅੰਦਰ ਹਉਮੈਂ ਕਟੇਗੀ ਨਹੀਂ।

**ਅਨਿਕ ਉਪਾਵੀ** : ਹੋਰ ਢੰਗਾਂ ਨਾਲ। ਤੀਰਥਾਂ, ਤਪਾਂ, ਜਾਂ ਚਰਚਾਵਾਂ ਨਾਲ।

**ਰੋਗੁ** : ਹਉਮੈ ਦੀ ਬੀਮਾਰੀ।

**ਹਰਿ ਅਵਖਧੁ ਲਾਇ** : ਵਾਹਿਗੁਰੂ ਦੇ ਗੁਣ ਗਾਉਣ ਦੀ ਕਾਟ ਕਰਨ ਵਾਲੀ ਦਵਾਈ।

**ਪਰਵਾਨੁ** : ਕਬੂਲ ਹੋਣਾ। (Approval)। ੨।

## *ਤੀਜੀ ਪਉੜੀ*

ਮਨੁ ਪਰਬੋਧਹੁ ਹਰਿ ਕੈ ਨਾਇ ॥
ਦਹਿ ਦਿਸਿ ਧਾਵਤ ਆਵੈ ਠਾਇ ॥
ਤਾ ਕਉ ਬਿਘਨੁ ਨ ਲਾਗੈ ਕੋਇ ॥
ਜਾ ਕੈ ਰਿਦੈ ਬਸੈ ਹਰਿ ਸੋਇ ॥
ਕਲਿ ਤਾਤੀ ਠਾਂਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥
ਭਉ ਬਿਨਸੈ ਪੂਰਨ ਹੋਇ ਆਸ ॥
ਭਗਤਿ ਭਾਇ ਆਤਮ ਪਰਗਾਸ ॥
ਤਿਤੁ ਘਰਿ ਜਾਇ ਬਸੈ ਅਬਿਨਾਸੀ ॥
ਕਹੁ ਨਾਨਕ ਕਾਟੀ ਜਮ ਫਾਸੀ ॥ ੩ ॥

**ਵਿਸਥਾਰ**

ਮਨ ਜੋ ਹਰ ਵੇਲੇ ਭਟਕਦਾ ਰਹਿੰਦਾ ਹੈ, ਜਾਗ ਜਾਏਗਾ, ਟਿਕ ਜਾਏਗਾ, ਜੇ ਇਸ ਨੂੰ ਇਹ ਕਹੀਏ ਕਿ ਤੂੰ ਜੋਤ ਸਰੂਪ ਹੈਂ; ਪ੍ਰਭੂ ਪਾਸੇ ਲਗ। ਦੇਖ ਲਈਂ: ਜਿਸ ਦੇ ਰਿਦੈ ਪ੍ਰਭੂ ਆ ਵਸਿਆ ਜੀਵਨ ਭਰ ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਨਹੀਂ ਆਵੇਗੀ। ਇਸ ਖ਼ੁਦਗਰਜ਼ੀ ਦੇ ਤਪਦੇ ਸੰਸਾਰ ਅੰਦਰ ਠੰਢ ਪਾਉਣ ਵਾਲਾ ਕੇਵਲ ਪ੍ਰਭੂ ਦਾ ਨਾਮ ਹੈ। ਉਸ ਦੀ ਯਾਦ ਪਕਾਉਣ ਨਾਲ ਠੰਢ ਨਾਲ, ਮਿੱਠਾ ਮਿੱਠਾ ਸੁੱਖ ਵੀ ਮਿਲ ਜਾਏਗਾ। ਪ੍ਰਭੂ ਹਿਰਦੇ ਵਸ ਜਾਣ ਨਾਲ; ਡਰ, ਭਾਵੇਂ ਉਹ ਮੌਤ ਦਾ ਵੀ ਹੈ, ਹਟ ਜਾਏਗਾ। ਜੀਵਨ-ਆਸ਼ਾ ਹੀ ਬਦਲ ਜਾਏਗਾ। ਆਸ਼ਾਵੰਦ ਹੋ ਜਾਏਗਾ ਅਤੇ ਮਕਸਦ ਪਾਉਣਾ ਸਹਿਲਾ ਹੋ ਜਾਏਗਾ। ਸਿਮਰਨ ਤੇ ਪ੍ਰੀਤੀ ਸਦਕਾ ਆਤਮਾ ਰੌਸ਼ਨ ਹੋ ਜਾਏਗੀ ਤੇ ਰਾਹ ਸਹੀ ਦਿਸਦਾ ਰਵ੍ਹੇਗਾ। ਐਸੀ ਡਰ-ਰਹਿਤ ਰੌਸ਼ਨ ਹੋਈ ਆਤਮਾ ਵਾਲਾ ਜੀਵ ਸਦਾ ਅਮਰ ਰਹਿਣ ਵਾਲੇ ਪ੍ਰਭੂ ਦੇ ਘਰ ਜਾ ਵਸਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੌਤ ਦਾ ਡਰ ਮੁਢੋਂ ਹੀ ਮੁੱਕ ਜਾਂਦਾ ਹੈ।

ਸਮਝਾ ਰਹੇ ਹਨ ਕਿ ਸਿਮਰਨ ਸਦਕਾ ਪਹਿਲਾਂ ਮਨ ਜਾਗਦਾ ਹੈ, ਫਿਰ ਟਿਕ ਜਾਂਦਾ ਹੈ, ਟਿਕੇ ਹੋਏ ਮਨ ਨੂੰ ਨਿਰਾਲਾ ਜਿਹਾ ਸੁੱਖ ਮਿਲਿਆ ਮਹਿਸੂਸ ਹੁੰਦਾ ਹੈ ਅਤੇ ਫਿਰ ਕੋਈ ਡਰ ਨਹੀਂ ਪੁਹੰਦੇ ਤੇ ਆਤਮਾ ਰੌਸ਼ਨ ਹੋ ਜਾਂਦੀ ਹੈ ਤੇ ਜੋ ਪੈਂਡਾ ਬਿਖੜਾ

 www.sikhbookclub.com

ਲਗਦਾ ਸੀ ਸੁਖਾਲਾ ਜਿਹਾ ਦਿੱਸਣ ਲਗ ਜਾਂਦਾ ਹੈ ਤੇ ਮੌਤ ਦਾ ਡਰ ਫਿਰ ਸਤਾਂਦਾ ਹੀ ਨਹੀਂ। ੩।

**ਸ਼ਬਦ ਭਾਵ :**

**ਪਰਬੋਧਹੁ :** ਜਗਾਓ। ਸੁੱਤਾ ਹੋਇਆ ਮਨ ਕੇਵਲ ਜਾਗਦਾ ਹੈ ਨਾਮ ਨਾਲ। ਜਾਗੇ ਮਨ ਦੀ ਨਿਸ਼ਾਨੀ ਗੁਰੂ ਹਰਿ ਰਾਇ ਜੀ ਨੇ ਦੱਸੀ ਸੀ ਕਿ ਜਾਗੇ ਮਨ ਬਾਣੀ ਮਿੱਠੀ ਲਗੇਗੀ।

**ਮਨ ਜਾਗੇ ਕੀ ਇਹ ਨਿਸ਼ਾਨੀ।**
**ਤਉ ਪ੍ਰਭੁ ਲਾਗੇ ਮੀਠੀ ਬਾਨੀ।**

**ਧਾਵਤ :** ਨਸਦਾ ਭਜਦਾ। ਭੌਂਦਾ। (Wanderings)

**ਆਵੈ ਠਾਇ :** ਆਪਣੀ ਥਾਂ ਆ ਜਾਣਾ। ਟਿਕ ਜਾਣਾ। ਦੌੜ ਭੱਜ ਦਾ ਖ਼ਤਮ ਹੋਣਾ। (Beat rest)

**ਬਿਘਨੁ :** ਰੁਕਾਵਟ। ਔਕੜਾਂ।

**ਕਲਿ :** ਉਹ ਸਮਾਂ ਜਦ ਹਰ ਕੋਈ ਧਾਤ, ਮਾਦਾ ਜਾਂ ਮਸ਼ੀਨ ਵਲ ਹੀ ਦੇਖਦਾ ਹੈ। (Machine age)

**ਠਾਂਢਾ :** ਠੰਢ ਦੇਣ ਵਾਲਾ (Cooling)

**ਸੁਖ :** ਮਿੱਠਾ ਮਿੱਠਾ ਆਰਾਮ ਤੇ ਖ਼ੁਸ਼ੀ। (A soft and silent joy)

**ਪੂਰਨ ਹੋਇ ਆਸ :** ਆਸ਼ਾ ਦਾ ਪੂਰਨ ਹੋਣਾ। ਮਕਸਦ ਦੇ ਪੂਰੇ ਹੋਣ ਦੀ ਉਮੀਦ ਬੱਝ ਜਾਣੀ। ਜੀਵਨ ਨਜ਼ਰੀਆ ਹੀ ਬਦਲ ਜਾਣਾ, ਮਾਯੂਸੀ ਦਾ ਹਟ ਜਾਣਾ।

**ਭਾਇ :** ਪ੍ਰੇਮ, ਪ੍ਰੀਤੀ।

**ਘਰਿ ਅਬਿਨਾਸੀ :** ਪ੍ਰਭੂ ਦੀ ਅਟਲ ਦਰਗਾਹ। (House eternal)

**ਜਮ ਫਾਸੀ :** ਮੌਤ ਦੀ ਫਾਹੀ। ਮੌਤ ਦਾ ਡਰ ਜੋ ਹਰ ਵੇਲੇ ਸਤਾਂਦਾ ਹੈ।

**ਕਾਟੀ :** ਮੁੱਕ ਗਈ। ਖ਼ਤਮ ਹੋ ਗਈ। ਟੁੱਟ ਗਈ। (Snapped) ੩.

## ਚੌਥੀ ਪਉੜੀ

**ਤਤੁ ਬੀਚਾਰੁ ਕਹੈ ਜਨੁ ਸਾਚਾ ॥**
**ਜਨਮਿ ਮਰੈ ਸੋ ਕਾਚੋ ਕਾਚਾ ॥**
**ਆਵਾ ਗਵਨੁ ਮਿਟੈ ਪ੍ਰਭ ਸੇਵ ॥**
**ਆਪੁ ਤਿਆਗਿ ਸਰਨਿ ਗੁਰਦੇਵ ॥**
**ਇਉ ਰਤਨ ਜਨਮ ਕਾ ਹੋਇ ਉਧਾਰੁ ॥**
**ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥**
**ਅਨਿਕ ਉਪਾਵ ਨ ਛੂਟਨਹਾਰੇ ॥**
**ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥**

 www.sikhbookclub.com

ਹਰਿ ਕੀ ਭਗਤਿ ਕਰਹੁ ਮਨੁ ਲਾਇ ॥
ਮਨ ਬਂਛਤ ਨਾਨਕ ਫਲ ਪਾਇ ॥ ੪ ॥

**ਵਿਸਥਾਰ**

ਉਹ ਹੀ ਹੈ ਸਹੀ ਪੂਜ-ਪਾਵਨ-ਪੁਰਸ਼ ਜੋ ਪ੍ਰਭੂ ਦੀ ਸਿਫ਼ਤ ਰੂਪੀ ਸੋਚ ਸੋਚਦਾ ਤੇ ਸੁਣਾਂਦਾ ਹੈ ਪਰ ਜਿਸ ਜਨਮ ਲਿਆ ਤੇ ਫਿਰ ਸਾਰੀ ਉਮਰ ਇਸ ਪਾਸੇ ਰਤਾ ਭਰ ਵੀ ਧਿਆਨ ਨਾ ਦਿਤਾ, ਉਹ ਕੱਚਾ (Raw) ਹੀ ਰਹਿੰਦਾ ਹੈ। ਨਾਮ ਫਲ ਨਾ ਲੱਗਣ ਕਾਰਨ ਜੀਵਨ ਕਉੜਾ ਤੇ ਜ਼ਹਿਰੀਲਾ ਹੀ ਰਹਿੰਦਾ ਹੈ। ਇਹ ਕੱਚਾਪਨ, ਭਟਕਣਾ ਕੇਵਲ ਪ੍ਰਭੂ ਸਿਮਰਨ (ਪ੍ਰਭ ਸੇਵ) ਨਾਲ ਹੀ ਮੁੱਕਣੀ ਹੈ ਤੇ ਜੋ ਸਤਾਂਦੀ ਰਹਿੰਦੀ ਹੈ, ਵਾਹਿਗੁਰੂ ਦੀ ਸ਼ਰਨ ਗਇਆਂ ਹਟ ਜਾਏਗੀ।

ਇਸ ਤਰ੍ਹਾਂ ਰਤਨ ਰੂਪੀ ਕੀਮਤੀ ਜੀਵਨ ਚਮਕ ਉੱਠਦਾ ਹੈ, ਸਫ਼ਲ ਹੋ ਜਾਂਦਾ ਹੈ, ਜੀਵਨ ਦਾ ਸਹਾਰਾ ਸਿਮਰਨ ਬਣ ਜਾਂਦਾ ਹੈ। ਹੋਰ ਸਹਾਰੇ ਨਹੀਂ ਤੱਕਦਾ ਅਤੇ ਇਹ ਜਾਣ ਲੈਂਦਾ ਹੈ ਕਿ ਹੋਰ ਉਪਾਵਾਂ ਸਿਮ੍ਰਿਤ, ਸ਼ਾਸਤ੍ਰ ਤੇ ਵੇਦਾਂ ਦੇ ਪਾਠ ਪੜ੍ਹਣ ਨਾਲ ਪਕੜ ਨਹੀਂ ਜਾਣੀ।

ਸੋ ਦਿਲ ਲਗਾ ਕੇ ਪ੍ਰਭੂ ਦਾ ਸਿਮਰਨ ਕਰੀ ਚੱਲ ਤੇ ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਨ ਇਛਤ ਫਲ ਮਿਲ ਜਾਣਗੇ। ੪।

**ਸ਼ਬਦ ਭਾਵ :**

ਤਤੁ : ਨਿਚੋੜ। ਅਸਲ। ਸਹੀ। (Essence)
ਜਨੁ : ਪ੍ਰਭੂ ਦਾ ਸੇਵਕ।
ਕਾਚੋ ਕਾਚਾ : ਓਪਣੀ। ਪਕਿਆਈ-ਰਹਿਤ। (False)
ਰਤਨ ਜਨਮ : ਮੁਲਵਾਨ ਜੀਵਨ।
ਆਧਾਰੁ : ਸਹਾਰਾ।
ਅਨਿਕ : ਅਨੇਕਾਂ। (Numerous)
ਉਪਾਵ : ਢੰਗ। ਤਰੀਕੇ।
ਮਨੁ ਲਾਇ : ਦਿਲ ਲਗਾ ਕੇ।
ਮਨ ਬੰਛਤ : ਮਨ ਇਛਤ। (Heart's desire) ੪.

**ਪੰਜਵੀਂ ਪਉੜੀ**

ਸੰਗਿ ਨ ਚਾਲਿਸ ਤੇਰੈ ਧਨਾ ॥
ਤੂੰ ਕਿਆ ਲਪਟਾਵਹਿ ਮੂਰਖ ਮਨਾ ॥
ਸੁਤ ਮੀਤ ਕੁਟੰਬ ਅਰੁ ਬਨਿਤਾ ॥
ਇਨ ਤੇ ਕਹਹੁ ਤੁਮ ਕਵਨ ਸਨਾਥਾ ॥
ਰਾਜ ਰੰਗ ਮਾਇਆ ਬਿਸਥਾਰ ॥
ਇਨ ਤੇ ਕਹਹੁ ਕਵਨ ਛੁਟਕਾਰ ॥
ਅਸੁ ਹਸਤੀ ਰਥ ਅਸਵਾਰੀ ॥
ਝੂਠਾ ਡੰਫੁ ਝੂਠੁ ਪਾਸਾਰੀ ॥


www.sikhbookclub.com

ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥

ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥

**ਵਿਸਥਾਰ**

ਤੂੰ ਦੇਖ ਤਾਂ ਰਹਿਆ ਹੈਂ ਕਿ ਇਸ ਮਾਇਆ ਨੇ ਤੇਰੇ ਨਾਲ ਨਹੀਂ ਜਾਣਾ ਪਰ ਫਿਰ ਵੀ ਕਿਉਂ ਇਸ ਪਿੱਛੇ ਲੱਟੂ ਹੋ ਰਹਿਆ ਹੈਂ। ਇਹ ਮਾਇਆ ਤਾਂ ਤੈਨੂੰ ਪ੍ਰਭੂ ਤੋਂ ਦੂਰ ਲੈ ਜਾ ਰਹੀ ਹੈ। ਰਤਾ ਕੁ ਸੋਚ! ਪੁੱਤਰ, ਮਿਤ੍ਰ, ਟੱਬਰ ਤੇ ਇਸਤਰੀ ਜਿਨ੍ਹਾਂ ਦੇ ਸਾਥ ਦਾ ਬੜਾ ਆਸਰਾ ਗਿਣਦਾ ਹੈਂ, ਤੂੰ ਹੀ ਦੱਸ, ਇਨ੍ਹਾਂ ਵਿਚੋਂ ਕੌਣ ਟਿਕਵਾਂ ਸਾਥੀ ਹੈ। ਮਾਲਕ ਪ੍ਰਭੂ ਦੇ ਟਾਕਰੇ ਇਨ੍ਹਾਂ ਦੀ ਕਿਤਨੀ ਕੁ ਕੂੜ ਹੈ। ਹਕੂਮਤ ਦਾ ਨਸ਼ਾ ਤੇ ਮਾਇਆ ਦੀ ਬਹੁਤਾਤ, ਤੂੰ ਆਪ ਹੀ ਦਸ, ਕੀ ਇਨ੍ਹਾਂ ਰਾਹੀਂ ਤੂੰ ਮੁਕਤ ਹੋ ਸਕਦਾ ਹੈਂ। ਇਹ ਤਾਂ ਸਗੋਂ ਹੋਰ ਲਪੇਟ ਵਿਚ ਲੈ ਲੈਂਦੇ ਹਨ। ਘੋੜੇ, ਹਾਥੀ, ਰਥਾਂ ਦੀ ਸਵਾਰੀ ਅਤੇ ਸ਼ਾਨ ਸ਼ੌਕਤ ਨਿਰਾ ਝੂਠਾ ਵਿਖਾਵਾ ਤੇ ਫ਼ਰੇਬ ਹੈ। ਕੈਸਾ ਅਵੈੜਾ ਹੈ ਇਹ ਇਨਸਾਨ ਜਿਸ ਨੇ ਇਹ ਦਾਤਾਂ ਬਖਸ਼ੀਆਂ ਉਸ ਨੂੰ ਤਾਂ ਜਾਣਦਾ ਤਕ ਨਹੀਂ ਅਤੇ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਯਾਦ ਰੱਖ ਪ੍ਰਭੂ ਦੀ ਹਜ਼ੂਰੀ ਨਾ ਪਾਏ ਬਗੈਰ ਜ਼ਰੂਰ ਪਛਤਾਏਂਗਾ। ੫।

**ਸ਼ਬਦ ਭਾਵ :**

ਸੰਗਿ : ਸਾਥ, ਨਾਲ ਨਿਭਣਾ।

ਲਪਟਾਵਹਿ : ਗਲਤਾਨ ਹੋਣਾ।

ਬਨਿਤਾ : ਇਸਤ੍ਰੀ।

ਕਹਹੁ : ਤੂੰ ਹੀ ਦੱਸ।

ਸਨਾਥਾ : ਪੱਕਾ ਸਾਥੀ। ਰੱਖਿਆ ਵਿਚ ਚਲੇ ਜਾਣਾ। ਸੁਆਮੀ ਵਾਲਾ ਹੋਣਾ। (Protection)

"ਤਿਨ ਦੇਖੇ ਹਉ ਭਇਆ ਸਨਾਥ' ਗੁਰੂ ਅਮਰਦਾਸ ਜੀ ਨੇ ਤੁਖਾਰੀ ਰਾਗ ਵਿਚ ਫਰਮਾਇਆ ਹੈ।

ਰਾਜ ਰੰਗ : ਹਕੂਮਤ ਦਾ ਨਸ਼ਾ।

ਅਸੁ : ਘੋੜੇ। (Steed)

ਹਸਤੀ : ਹਾਥੀ।

ਡੰਫੁ : ਦਿਖਾਵਾ। ਪਾਜ। (Show trumpery)

ਬਿਗਾਨਾ : ਅਵੇੜਾ। ਬੇ ਧਿਆਨਾ। ਪ੍ਰਭ ਵਲੋਂ ਦੂਰ ਹੋ, ਅਪਣੱਤ ਵਿਚ ਫਸਣ ਵਾਲਾ। (Estranged) ੫.

## ਛੇਵੀਂ ਪਉੜੀ

ਗੁਰ ਕੀ ਮਤਿ ਤੂੰ ਲੇਹਿ ਇਆਨੇ ॥

ਭਗਤਿ ਬਿਨਾ ਬਹੁ ਡੂਬੇ ਸਿਆਨੇ ॥

 www.sikhbookclub.com

ਹਰਿ ਕੀ ਭਗਤਿ ਕਰਹੁ ਮਨ ਮੀਤ ॥
ਨਿਰਮਲ ਹੋਇ ਤੁਮਾਰੋ ਚੀਤ ॥
ਚਰਨ ਕਮਲ ਰਾਖਹੁ ਮਨ ਮਾਹਿ ॥
ਜਨਮ ਜਨਮ ਕੇ ਕਿਲਬਿਖ ਜਾਹਿ ॥
ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥
ਸਾਰ ਭੂਤ ਸਤਿ ਹਰਿ ਕੋ ਨਾਉ ॥
ਸਹਜਿ ਸੁਭਾਇ ਨਾਨਕ ਗੁਨ ਗਾਉ ॥ ੬ ॥

**ਵਿਸਥਾਰ**

ਪ੍ਰਭੂ ਤੋਂ ਦੂਰ ਹੋਏ, ਹੇ ਅਣਜਾਣ ਪੁਰਸ਼ ! ਸ਼ਬਦ ਦੇ ਲੜ ਲੱਗ। ਅਲਾਹ ਦੀ ਨਿਰਾਲੀ ਭਗਤ, ਜੋ ਸ਼ਬਦ ਵਿਚਾਰ ਦੀ ਕਮਾਈ ਨਾਲ ਹੁੰਦੀ ਹੈ, ਤੋਂ ਬਗ਼ੈਰ ਕਿਤਨੇ ਹੀ ਚਤੁਰ ਹੁਸ਼ਿਆਰ, ਆਪਣੇ ਤੇ ਮਾਣ ਰੱਖਣ ਵਾਲੇ ਗ਼ਰਕ ਹੋ ਗਏ।

ਸੋ ਮਿਤ੍ਰਾ ! ਚਤੁਰਾਈਆਂ ਛੱਡ ਕੇ ਦਿਲ ਲਗਾ ਕੇ ਸ਼ਬਦ ਰਾਹੀਂ ਪ੍ਰਭੂ ਦੇ ਗੁਣ ਗਾ। ਇਸ ਤਰ੍ਹਾਂ ਤੇਰੀ ਸੋਚ ਸਵੱਛ ਹੋ ਜਾਏਗੀ ਅਤੇ ਚਿਤ ਵੀ ਖਿੰਡੇਗਾ ਨਹੀਂ। ਨਿੰਮ੍ਰਤਾ ਧਾਰਿਆਂ ਮਨ ਖਿੜ ਖਲੋਂਦਾ ਹੈ ਅਤੇ ਜੋ ਜਨਮਾਂ ਦੇ ਰੋਗ ਮਨ ਨੂੰ ਲੱਗੇ ਹੋਏ ਹਨ ਉਹ ਦੂਰ ਹੋ ਜਾਣਗੇ।

ਮਨ ਸਵੱਛ ਅਤੇ ਇਕਾਗ੍ਰ ਹੋਣ ਨਾਲ ਹੁਣ ਤੂੰ ਆਪ ਵੀ ਜਪ ਅਤੇ ਦੂਜਿਆਂ ਨੂੰ ਨਾਮ ਦੀ ਲਾਗ ਜਪਾਈ ਜਾ। ਇਹ ਇਕ ਅਟੱਲ ਸਚਾਈ ਹੈ ਕਿ ਇਕ ਟਿਕ ਸੁਣਦਿਆਂ, ਸੰਗਤ ਵਿਚ ਵਿਚਾਰ ਕਰਦਿਆਂ ਤੇ ਸੁਣੇ ਕਹੇ ਤੇ ਅਮਲ ਕਰਦਿਆਂ ਮਾਇਆ ਦੇ ਹੱਲਿਆਂ ਤੋਂ ਬਚ ਨਿਕਲ ਜਾਈਦਾ ਹੈ। ਚਲਾਕੀਆਂ, ਸਿਆਣਪਾਂ ਤੇ ਚਤੁਰਾਈਆਂ ਨਾਲ ਪਾਰ ਨਹੀਂ ਹੋਇਆ ਜਾ ਸਕਦਾ। 'ਸੁਨਤ ਕਹਤ ਰਹਤ ਗਤਿ ਪਾਵਹੁ।'

ਇਹ ਵੀ ਇਕ ਨਿਰੋਲ ਸੱਚ (ਸਾਰ ਭੂਤ) ਹੈ ਕਿ ਪ੍ਰਭੂ ਦਾ ਨਾਮ ਹੀ ਸਦਾ ਰਹਿਣ ਵਾਲਾ ਹੈ। ਇਸ ਲਈ ਗੁਰ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਵਾਹਿਗੁਰੂ ਦੇ ਗੁਣ ਸ਼ਬਦ ਰਾਹੀਂ ਟਿਕਵੇਂ ਨਿਰਮਲ ਹੋਇ ਚੀਤ ਨਾਲ ਗਾਂਦਾ ਰਵ੍ਹੀਂ। ਹੋਰ ਸਿਆਣਪਾਂ ਤੇ ਚਤੁਰਾਈਆਂ ਨਾ ਕਰੀਂ। ੬।

*ਸ਼ਬਦ ਭਾਵ :*

**ਗੁਰੂ ਕੀ ਮਤਿ** : ਗੁਰਸ਼ਬਦ ਵਿਚ ਦਿਤਾ ਉਪਦੇਸ਼।

**ਇਆਨੇ** : ਨਾ ਸਮਝ।

**ਭਗਤਿ** : ਸਬਦ-ਵਿਚਾਰ ਦੀ ਲਗਨ।

ਕੋਈ ਭੁਲੇਖਾ ਨਾ ਰਹਿ ਜਾਏ ਇਸ ਲਈ ਗੁਰੂ ਅਮਰਦਾਸ ਜੀ ਨੇ **'ਭਗਤ ਨਿਰਾਲੀ ਅਲਾਹ ਦੀ ਜਾਪੈ ਗੁਰ ਬੀਚਾਰੁ'** ਉਚਾਰ ਕੇ ਗੁਰੂ ਘਰ ਵਿਚ ਭਗਤੀ ਦਾ ਵੱਖਰਾ ਤੇ ਨਿਆਰਾਪਣ ਦਰਸਾ ਦਿੱਤਾ ਹੈ। ਆਮ ਤੌਰ ਤੇ ਭਗਤ ਜੋ ਭਗਤੀ ਕਰਦਾ ਹੈ ਉਹ ਪ੍ਰਭੂ ਦੇ ਚੌਵ੍ਹੀ ਅਵਤਾਰਾਂ ਵਿਚੋਂ ਇਕ

 www.sikhbookclub.com

ਦਾ ਧਿਆਨ ਧਾਰ ਕਰਦਾ ਹੈ। ਅਵਤਾਰ ਦੀ ਭਗਤੀ ਤੋਂ ਵਰਜ ਰਹੇ ਹਨ ਤੇ ਉਸ ਤਬਾਹੀ ਵਲ ਇਸ਼ਾਰਾ ਕਰ ਰਹੇ ਹਨ ਜੋ ਇਸ ਭਗਤੀ ਦੇ ਸਿੱਟੇ ਵਜੋਂ ਹੁੰਦੀ ਹੈ। ਹੋਰ ਭਗਤ ਵੱਧ ਤੋਂ ਵੱਧ ਵਾਹਿਗੁਰੂ ਦੀਆਂ ਗੱਲਾਂ ਕਰਨ ਜੋਗ ਹੋਏਗਾ ਅਤੇ ਨਿਰਾਲੀ ਭਗਤ ਅਲਾਹ ਦੀ ਕਰਨ ਵਾਲਾ ਵਾਹਿਗੁਰੂ ਨਾਲ ਗੱਲਾਂ ਕਰਨ ਜੋਗ ਹੋ ਜਾਏਗਾ।

**ਬਹੁ** : ਕਈ।

**ਨਿਰਮਲ** : ਸਵੱਛ।

**ਚੀਤ** : ਸੋਚ-ਸੁਰਤਿ। (Thinking)

**ਚਰਨ ਕਮਲ** : ਨਿੰਮ੍ਰਤਾ ਧਾਰਿਆਂ ਜੋ ਖੇੜਾ ਪ੍ਰਾਪਤ ਹੁੰਦਾ ਹੈ 'ਚਰਨ ਕਮਲ' ਉਸ ਦਾ ਚਿੰਨ੍ਹ ਹੈ।

**ਜਨਮ ਕੇ ਕਿਲਬਿਖ** : ਕਈ ਜਨਮਾਂ ਦੇ ਚੰਬੜੇ ਪਾਪ।

**ਅਵਰਾ** : ਹੋਰਨਾਂ ਨੂੰ।

**ਰਹਤ** : ਗੁਰੂ ਦੀ ਦੱਸੀ ਮਰਯਾਦਾ ਨੂੰ ਅਪਣਾਉਣਾ। (Living by Guru's teaching)

**ਗਤਿ** : ਬਚ ਨਿਕਲ ਜਾਣਾ। (Saved)

**ਸਾਰ ਭੂਤ** : ਤੱਤ ਦੀ ਬਾਤ, ਅਵੱਸ਼ਕ ਸ਼ੈ। ਸਹੀ ਸਚਾਈ। (Essential truth)

**ਸਹਜਿ ਸੁਭਾਇ** : ਬਿਨਾਂ ਤਰੱਦਦ ਆਪ ਮੁਹਾਰੇ। ਟਿਕੇ ਮਨ ਦੁਆਰਾ। ੬।

## *ਸਤਵੀਂ ਪਉੜੀ*

**ਗੁਨ ਗਾਵਤ ਤੇਰੀ ਉਤਰਸਿ ਮੈਲੁ ॥**
**ਬਿਨਸਿ ਜਾਇ ਹਉਮੈ ਬਿਖੁ ਫੈਲੁ ॥**
**ਹੋਹਿ ਅਚਿੰਤੁ ਬਸੈ ਸੁਖ ਨਾਲਿ ॥**
**ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥**
**ਛਾਡਿ ਸਿਆਨਪ ਸਗਲੀ ਮਨਾ ॥**
**ਸਾਧ ਸੰਗਿ ਪਾਵਹਿ ਸਚੁ ਧਨਾ ॥**
**ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥**
**ਈਹਾ ਸੁਖੁ ਦਰਗਹ ਜੈਕਾਰੁ ॥**
**ਸਰਬ ਨਿਰੰਤਰਿ ਏਕੋ ਦੇਖੁ ॥**
**ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥ ੭ ॥**

**ਵਿਸਥਾਰ**

ਸ਼ਬਦ ਰਾਹੀਂ ਗੁਣ ਗਾਇਆਂ ਮਨ ਤੋਂ ਜਨਮਾਂ ਜਨਮਾਂਤ੍ਰਾਂ ਦੀ ਲੱਗੀ ਮੈਲ ਉਤਰ ਜਾਂਦੀ ਹੈ। ਹਉਮੈ ਖਹਿੜਾ ਛੱਡ ਜਾਂਦੀ ਹੈ ਅਤੇ ਜੋ ਝੂਠ ਵਾਲਾ ਜ਼ਹਿਰ (ਬਿਖੁ ਫੈਲੁ) ਅੰਦਰਲਾ ਸੱਚ ਮਾਰ ਰਹਿਆ ਹੁੰਦਾ ਹੈ ਅਤੇ ਹਉਮੈ ਵਧਾਉਂਦਾ ਰਹਿੰਦਾ ਹੈ, ਮੂਲੋਂ ਹੀ ਮੁੱਕ ਜਾਂਦਾ ਹੈ। ਹੁਣ ਬੇਫਿਕਰ ਹੋ ਕੇ,

 www.sikhbookclub.com

ਕਿਉਂਕਿ ਹਉਮੈ ਤੇ ਝੂਠ, ਜਿਨ੍ਹਾਂ ਸਤਾਈ ਰਖਿਆ ਸੀ ਮੁੱਕ ਗਏ ਹਨ; ਸੁੱਖ ਨਾਲ ਜ਼ਿੰਦਗੀ ਗੁਜ਼ਾਰ ਤੇ ਹਰ ਲਏ ਸਾਹ ਨਾਲ ਯਾਦ ਕਰਦੇ ਹਜ਼ੂਰੀ ਦਾ ਅਨੰਦ ਮਾਣ। ਮਨਾ! ਹੁਣ ਕੋਈ ਚਤੁਰਾਈਆਂ ਨਾ ਕਰੀਂ। ਕਰਮਾਂ ਕਾਂਡਾਂ ਵਿਚ ਨਾ ਪਵੀਂ। ਗਿਣਤੀ ਮਿਣਤੀ ਕਰਨ ਨਾ ਲੱਗ ਪਵੀਂ। ਸਿਰਫ ਸਾਧ ਸੰਗ ਕਰ ਸੱਚਾ ਨਾਮ ਧਨ ਇਕੱਠਾ ਕਰੀ ਜਾਈਂ। ਵਾਹਿਗੁਰੂ ਦੀ ਹੋਂਦ ਦੀ ਪੂੰਜੀ ਇਕੱਠੀ ਕਰਕੇ ਜੀਵਨ ਗੁਜ਼ਾਰੀਂ। ਦੁਨੀਆਂ ਵਿਚ ਵਿਚਰਦੇ ਪਕੜ ਨਾ ਰਖੀਂ, ਇਥੇ ਵੀ ਸੁੱਖ ਪਾਏਂਗਾ ਅਤੇ ਦਰਗਾਹ ਵਿਚ ਵੀ ਆਦਰ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕੋਈ ਭਾਗਾਂ ਵਾਲਾ ਉਸਦੀ ਸਮੁੱਚੀ ਰਚੀ ਰਚਨਾ ਵਿਚ ਉਸ ਇਕ ਨੂੰ ਤੱਕਦਾ ਹੈ। ਸੰਸਾਰ ਤਾਂ ਕਰਮਾਂ ਦੀ ਟੇਕ ਜਾਂ ਪੂਜਾ ਪਾਠ ਦੇ ਲੇਖਿਆਂ ਵਿਚ ਹੀ ਪਿਆ ਹੈ, ਇਸ ਕਰਕੇ ਹਉਮੈ ਤੋਂ ਉੱਚਾ ਨਹੀਂ ਹੋ ਸਕਿਆ। ੭।

**ਸ਼ਬਦ ਭਾਵ :**

**ਬਿਖੁ** : ਜ਼ਹਿਰ।
**ਫੈਲੁ** : ਝੂਠ। (Falsehood)
**ਅਚਿੰਤੁ** : ਬੇਫਿਕਰ। (Care-free)
**ਸਾਸਿ ਗ੍ਰਾਸਿ** : ਹਰ ਅੰਦਰ ਖਿੱਚੇ ਸਾਹ ਨਾਲ।
**ਸਿਆਨਪ** : ਚਤੁਰਾਈਆਂ। ਲੇਖਾ ਜੋਖਾ। (Calculation)
**ਹਰਿ ਪੂੰਜੀ** : ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਦਾ ਖ਼ਜ਼ਾਨਾ। (WAHEGURU-Awareness)
**ਜੈਕਾਰੁ** : ਆਦਰ ਨਾਲ ਬੁਲਾਉਣਾ।
**ਸਰਬ ਨਿਰੰਤਰਿ** : ਸਾਰੀ ਰਚਨਾ ਦੇ ਅੰਦਰ।
**ਲੇਖੁ** : ਨਸੀਬ। ਭਾਗ। (Fortune) ੭.

## ਅਠਵੀਂ ਪਉੜੀ

ਏਕੋ ਜਪਿ ਏਕੋ ਸਾਲਾਹਿ ॥
ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥
ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥
ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥

 www.sikhbookclub.com

**ਵਿਸਥਾਰ**

ਤੂੰ ਦੇਖ ਹੀ ਲਿਆ ਹੈ ਕਿ ਸਭ ਰਚਨਾ ਵਿਚ ਉਸੇ ਦਾ ਚਮਤ-ਕਾਰ ਵਰਤ ਰਹਿਆ ਹੈ, ਸੋ ਮਿਤ੍ਰਾ ! ਸਭ ਪਾਸਿਓਂ ਧਿਆਨ ਹਟਾ ਇਕ ਦਾ ਚਿੰਤਨ (ਜਪਿ) ਕਰ ਤੇ ਇਕ ਦੀ ਹੀ ਸਿਫਤ ਸਲਾਹ ਕਰ। ਇਕ ਦੀ ਹੀ ਯਾਦ ਪਕਾ (ਸਿਮਰਿ) ਅਤੇ ਇਕੋ ਦੀ ਹੀ ਤਾਂਘ ਕਰ। ਦੁਨਿਆਵੀ ਖ਼ਾਹਿਸ਼ਾਂ ਦੀ ਇੱਛਾ ਲਈ ਐਂਜੇ ਨਾ ਪਿਆ ਭਟਕ। ਜਿਸ ਦਾ ਕੋਈ ਅੰਤ ਨਹੀਂ ਹੈ, ਉਸੇ ਦੇ ਗੁਣ ਗਾਈ ਜਾ ਅਤੇ ਤਨ ਮਨ ਵਿਚ ਉਸ ਦਾਤਾਂ ਦੇਣ ਵਾਲੇ ਭਗਵਾਨ ਦੀ ਹਜ਼ੂਰੀ ਮਹਿਸੂਸ ਕਰ। ਇਹ ਅਵਸਥਾ ਨਾ ਟੁਟੇ, ਸੋ ਗੁਣਾਂ ਨੂੰ ਅੰਦਰ ਸਮਾਈ ਜਾ।

ਇਹ ਦ੍ਰਿੜ੍ਹ ਕਰ ਲੈ ਕਿ ਸਿਰਫ ਵਾਹਿਗੁਰੂ ਹੀ ਇਕ ਅਸਲੀਅਤ ਹੈ ਅਤੇ ਹਰ ਇਕ ਵਿਚ ਸਮਾਇਆ ਵੀ ਹੈ ਅਤੇ ਪ੍ਰਗਟ ਵੀ ਹੈ। ਸਿਰਫ ਉਸ ਇਕ ਤੋਂ ਹੀ ਤਰ੍ਹਾਂ ਤਰ੍ਹਾਂ ਦਾ ਜਗਤ ਪਸਾਰਾ ਹੋਆ ਹੈ ਅਤੇ ਉਸ ਇਕ ਤੇ ਹੀ ਨਿਸ਼ਚਾ ਰਖਿਆਂ (ਆਰਾਧਿਆਂ) ਕੀਤੇ ਪਾਪਾਂ ਦਾ ਪਸਚਾਤਾਪ ਹੋ ਜਾਂਦਾ ਹੈ। ਹੋਰ ਕਰਮ ਆਦਿ ਕਰਨ ਦੀ ਲੋੜ ਨਹੀਂ ਰਹਿੰਦੀ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਗੁਰੂ ਸ਼ਬਦ ਰਾਹੀਂ ਹੁਣ ਗਾ ਗਾ ਕੇ ਉਸ ਇਕ ਨੂੰ ਪਛਾਣਿਆ ਹੈ। ਜਿੰਦ-ਜਿਸਮ ਵਿਚ ਉਹ ਹੀ ਪ੍ਰੋਤਾ ਗਿਆ ਹੈ। ਹੁਣ ਪਿਆਰ ਇਕ ਤੋਂ ਪਰ੍ਹਾਂ ਨਹੀਂ ਜਾਂਦਾ। ੮। ੧੯।

**ਸ਼ਬਦ ਭਾਵ :**

**ਜਪਿ** : ਚਿੰਤਨ ਕਰਨਾ। ਧਿਆਨ ਵਿਚ ਰਖਣਾ। (Contemplate)

**ਸਿਮਰਿ** : ਯਾਦ ਨੂੰ ਪਕਾਉਣਾ। (Remembrance)

**ਆਹਿ** : ਇੱਛਾ ਕਰਨੀ। ਤਾਂਘ ਕਰਨੀ। (Yearn)

**ਗੁਨ ਗਾਉ** : ਜਦ ਤਾਂਘ ਪੂਰੀ ਹੋਏ ਤਾਂ ਵਿਸਰ ਨਾ ਜਾਏ, ਗੁਣ ਗਾਂਦੇ ਰਵ੍ਹਾਂ।

**ਜਾਪਿ** : ਗੁਣ ਗਾਂਦੇ ਰਹਿਆਂ, ਉਸ ਦੇ ਗੁਣ ਆਪਣੇ ਵਿਚ ਵੀ ਆ ਜਾਂਦੇ ਹਨ। ਇਹ ਜਾਪਿ ਹੈ। ਜਪ ਤੇ ਜਾਪ ਦਾ ਫ਼ਰਕ ਸਮਝਾ ਰਹੇ ਹਨ।

**ਅਨੰਤ** : ਜਿਸ ਦੀ ਗਿਣਤੀ ਨਾ ਹੋ ਸਕੇ।

**ਪੂਰਨ ਪੂਰਿ** : ਸਮਾਇਆ ਹੋਆ। ਭਰਪੂਰ। (Fully pervasive)

**ਬਿਆਪਿ** : ਪਰਗਟ। (Manifest)

**ਅਨਿਕ** : ਤਰ੍ਹਾਂ ਤਰ੍ਹਾਂ ਦਾ। ਕਈ ਪ੍ਰਕਾਰ ਦਾ।

**ਬਿਸਥਾਰ** : ਪਸਾਰਾ। (Expansion)

**ਆਰਾਧਿ** : ਯਾਦ ਦਾ ਇਕ ਟਿਕ ਹੋ ਜਾਣਾ। ਇਕਾਗ੍ਰ ਚਿਤ।

**ਪਰਾਛਤ** : ਪਾਪ ਹੋ ਜਾਣ ਪਿਛੋਂ ਜੋ ਕਰਮ ਸ਼ਾਸਤ੍ਰਾਂ ਦੇ ਕਹਿਣ ਅਨੁਸਾਰ ਕੀਤੇ ਜਾਣ। ਦਸ ਕਿਸਮ ਦੇ ਇਹ ਕਰਮ ਹਨ ਜਿਨ੍ਹਾਂ ਵਿਚ ਤੀਰਥਾਂ ਤੇ ਜਾਣਾ, ਉਪਾਜਨ ਆਦਿ ਸ਼ਾਮਲ ਹਨ। ਉਹ ਤਪ ਜੋ ਕੋਈ ਨਿਸ਼ਚਾ ਰੱਖ ਕੇ ਕੀਤਾ ਜਾਏ ਉਸ ਨੂੰ ਵੀ ਪਰਾਛਤ ਕਹਿੰਦੇ ਹਨ।

**ਰਾਤਾ** : ਪਰੋਤਾ ਹੋਆ।

**ਜਾਤਾ** : ਸਹੀ ਤਰ੍ਹਾਂ ਪਹਿਚਾਣ ਲੈਣਾ। (Realized)। ੮। ੧੯।

---


www.sikhbookclub.com

## ਵੀਹਵੀਂ ਅਸ਼ਟਪਦੀ

***ਵੀਹਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਨੱਠ ਭੱਜ, ਕਰਮਾਂ ਦੀ ਦੌੜ ਤੇ ਅਵਤਾਰ ਪੂਜਾ ਕਰ ਕੇ ਤੱਕ ਲਿਆ, ਨਾ ਪ੍ਰੀਤ ਉਪਜੀ, ਨਾ ਪ੍ਰੇਮ ਰਸ ਆਇਆ ਜੋ ਜੀਵਨ ਦਾ ਮਨੋਰਥ ਹੈ। ਸੋ ਪ੍ਰਭੂ ਆਪ ਜੀ ਦੀ ਸ਼ਰਨ ਤੱਕੀ ਹੈ ਕਿ ਹੁਣ ਆਪਣੀ ਭਗਤੀ ਜੋ ਨਿਰਾਲੀ ਹੈ, ਉਸ ਵਲ ਲਗਾਓ।

ਪਹਿਲੀ ਅਸ਼ਟਪਦੀ ਵਿਚ ਉਸ ਨਿਰਾਲੀ ਭਗਤੀ ਦੇ ਅੰਗ ਦਰਸਾਏ ਹਨ ਕਿ ਇਸ ਭਗਤੀ ਵਿਚ ਪੂਜਾ ਦੀ ਥਾਂ ਜਾਚਨਾ ਕ੍ਰਿਪਾ ਦ੍ਰਿਸ਼ਟੀ ਦੀ ਕਰਨੀ ਹੈ ਤੇ ਸਾਧ ਸੰਗਤ ਜਾਇ ਬੈਠਣਾ ਹੈ। ਸ਼ਰਧਾ ਧਾਰਨੀ ਹੈ। ਗੁਣ ਗਾਂਦੇ ਰਹਿਣਾ ਹੈ ਤਾਂ ਕਿ ਉਹ ਕਦੇ ਨਾ ਵਿਸਰੇ। ਇਸ ਤਰ੍ਹਾਂ ਚਰਨ ਕਮਲ ਨਾਲ ਪ੍ਰੀਤੀ ਉਪਜੇਗੀ। ਅੰਦਰ ਨਿੰਮ੍ਰਤਾ ਤੇ ਖੇੜਾ ਆਵੇਗਾ।

ਫਿਰ ਪਵੇਗੀ ਮਿਹਰ ਦੀ ਨਜ਼ਰ ਤੇ ਅੰਦਰ ਰਸ ਦੀ ਝੜੀ ਲੱਗੇਗੀ। ਮਨ ਰੱਜਿਆ ਰੱਜਿਆ ਰਵ੍ਹੇਗਾ, ਡੋਲਨਾ ਨਹੀਂ ਹੋਣ ਲੱਗੀ। ਚਾਉ ਚੜ੍ਹਿਆ ਰਵ੍ਹੇਗਾ ਤੇ ਅੰਦਰ ਚਾਨਣ ਹੋ ਜਾਵੇਗਾ। ਫਿਰ ਤੀਜੀ ਪਉੜੀ ਵਿਚ ਕਹਿੰਦੇ ਹਨ ਕਿ ਫੁਰਨੇ ਨਹੀਂ ਉਠਣਗੇ। ਮੱਥਾ ਖਿੜਿਆ (ਨਿਹਾਲ) ਰਵ੍ਹੇਗਾ। ਸ਼ੁਕਰ ਦੀ ਭਾਵਨਾ ਬਣੀ ਰਵ੍ਹੇਗੀ। ਇਸ ਨਿਰਾਲੀ ਭਗਤੀ ਦੁਆਰਾ ਹਜ਼ੂਰੀ ਦਾ ਅਨੰਦ ਮਿਲ ਜਾਏਗਾ।

ਇਹ ਅਨੰਦ ਪਾ ਫਿਰ ਵੀ ਮਨ ਨੂੰ ਸਮਝਾਂਦੇ ਰਹਿਣਾ ਹੈ ਕਿ ਉਸ ਨੂੰ ਕਿਉਂ ਵਿਸਾਰਾਂ ਜਿਸ ਨੇ ਘਾਲ ਥਾਇ ਪਾਈ। ਨਿਰੇ ਸਵਾਸ ਨਹੀਂ ਬਖਸ਼ੇ ਸਗੋਂ ਜ਼ਿੰਦਗੀ ਗੁਜ਼ਾਰਨ ਦੀ ਜਾਚ ਦੱਸੀ (ਜੀਵਨ ਜੀਆ)। ਮਾਇਆ ਦੇ ਹੱਲਿਆਂ ਤੋਂ ਰਖਿਆ ਕੀਤੀ ਅਤੇ ਇਕਾਗ੍ਰਤਾ ਬਖਸ਼ੀ। ਜਨਮ ਜਨਮ ਦਾ ਟੁੱਟਾ ਗੰਢਿਆ। ਯਾਦ ਹੋਰ ਪਕੇ ਸੋ ਆਪ ਜਪਦੇ, ਹੋਰਨਾਂ ਨੂੰ ਵੀ ਵੱਲ ਸਿਖਾਲਣਾ ਹੈ ਤੇ ਨਿਰਾਲੀ ਭਗਤੀ ਵਲ ਲਗਾਉਣਾ ਹੈ ਤੇ ਯਕੀਨ ਦਿਲਵਾਨਾ ਹੈ ਕਿ ਗੁਣਾਂ ਦਾ ਖਜ਼ਾਨਾ ਭਗਤੀ ਰਾਹੀਂ ਹੀ ਮਿਲਦਾ ਹੈ।

ਜੀਵਨ ਦਾ ਮਕਸਦ (ਸੁਆਉ) ਹੈ ਕਿ ਅੰਦਰੋਂ ਪ੍ਰੇਮ ਦਾ ਫੁਹਾਰਾ ਫੁੱਟ ਪਵੇ, ਉਹ ਭਗਤੀ ਰਾਹੀਂ ਪ੍ਰਾਪਤ ਹੋ ਜਾਏਗਾ ਅਤੇ ਪ੍ਰਭੂ ਦਾ ਪ੍ਰਤੱਖ ਨਜ਼ਾਰਾ ਹੋ ਜਾਏਗਾ ਤੇ ਹਉਮੈ ਦਾ ਪੂਰਨ ਅਭਾਵ ਹੋ ਜਾਏਗਾ ਅਤੇ ਦੇਖ ਲਵੇਗਾ ਕਿ ਉਸ ਸਰਬ ਸਮਾਇ ਦੇ ਗੁਣਾਂ ਦਾ ਕੋਈ ਅੰਤ ਨਹੀਂ। ਹਉਮੈ ਦਾ ਸਦਾ ਅਭਾਵ ਰਹੇ ਇਸ ਲਈ ਅਰਦਾਸ ਕਰਦੇ ਰਹਿਣਾ ਹੈ ਕਿ ਇਹ ਸਭ ਤੇਰੀ ਮਿਹਰ ਕਰਕੇ ਹੀ ਹੋਇਆ ਹੈ, ਮੇਰੇ ਕਿਸੇ ਕਰਮ ਕਰਕੇ ਨਹੀਂ ਹੋਇਆ। ਅਰਦਾਸ ਇਹ ਹੈ ਕਿ ਮਨ ਨੂੰ ਪ੍ਰੀਤੀ ਦੀ ਦਾਤ ਦੇਈ ਰਖੀਂ। ਕਿਤਨੀਆਂ ਬਰਕਤਾਂ (ਬੈਕੁੰਠ ਦਾ ਸੁੱਖ, ਮੁਕਤੀ, ਰਾਜ ਦਾ ਸੁਖ, ਖਾਣ ਪਾਣ ਦਾ ਚੰਗੇਰਾ ਜੀਵਨ ਤੇ ਹੋਰ ਦਾਤਾਂ) ਮਿਲਦੀਆਂ ਹਨ ਜੇ ਇਕ ਟਿਕ ਜ਼ਰਾ ਕੁ ਉਸ ਦੇ ਗੁਣ ਗਾਈਏ। ਉਸ ਦੇ ਗੁਣਾਂ ਦੀ ਵਿਚਾਰ (ਕਥਾ) ਕਰੀਏ, ਹਰ ਵੇਲੇ ਜਪੀਏ, ਮਨ ਨੂੰ ਗੁਰੂ ਸ਼ਬਦ ਅਨੁਸਾਰ ਟੋਰੀਏ ਤੇ ਸਾਧ ਸੰਗ ਨ ਛੱਡੀਏ। ਨਿਰਾਲੀ ਭਗਤੀ ਦੇ ਪੰਜ ਅੰਗ ਹਨ : **ਗੁਣ ਗਾਂਦੇ ਰਹਿਣਾ, ਕਥਾ ਵਿਚ ਚਿਤ ਜੋੜਨਾ, ਕੀਰਤਨ ਕਰਨਾ, ਮਨ ਨੂੰ ਸ਼ਬਦ ਰਾਹੀਂ ਟਿਕਾਣੇ ਰੱਖਣਾ ਤੇ ਸਾਧ ਸੰਗਤ ਸਦਾ ਕਰਦੇ ਰਹਿਣਾ।**


www.sikhbookclub.com

**ਸਲੋਕੁ ॥**

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥

**ਵਿਸਥਾਰ**

ਮੈਂ ਬੜੀ ਨੱਠ, ਭੱਜ, ਭਟਕ ਭਟਕ, ਕਰਮ ਕਾਂਡ ਕਰ, ਪੂਜਾ ਅਵਤਾਰਾਂ ਦੀ ਕਰ, ਤਪ ਕਰ ਕੇ ਤੱਕ ਲਿਆ ਪਰ ਟਿਕਾ ਨਹੀਂ ਮਿਲਿਆ। ਹੁਣ ਤੁਹਾਡੀ ਸ਼ਰਨ ਆਇਆ ਹਾਂ। ਵਾਹਿਗੁਰੂ! ਆਪਣੀ ਭਗਤੀ ਵਿਚ ਲਗਾਓ ਕਿਉਂਕਿ ਪੂਰਨ ਟਿਕਾ, ਮਨ ਬਿਸ੍ਰਾਮ, ਇਸੇ ਤੁਹਾਡੀ ਭਗਤੀ ਨੇ ਹੀ ਬਖ਼ਸ਼ਣਾ ਹੈ।

**ਸ਼ਬਦ ਭਾਵ :**

**ਫਿਰਤ ਫਿਰਤ** : ਭਟਕ ਭਟਕ। ਥਾਂ ਥਾਂ ਜਾ। ਫ਼ਜ਼ੂਲ ਫਿਰ ਥਕ ਹਾਰ ਹੁਟ। ਕਰਮ ਕਾਂਡ ਕਰ। (Wandering)

**ਪਰਿਆ** : ਆ ਡਿਗਾ ਹਾਂ।

**ਸਰਨਾਇ** : ਪਨਾਹ। (Shelter)

**ਅਪਨੀ ਭਗਤੀ** : ਵਾਹਿਗੁਰੂ ਦੀ ਯਾਦ। ਅਵਤਾਰ ਪੂਜਾ ਤੋਂ ਹਟਵੀਂ ਨਿਰਾਲੀ ਭਗਤੀ ਜੋ ਨਿਰੋਲ ਅਲਾਹ ਦੀ ਹੈ, ਜਿਸ ਵਿਚ ਕਿਸੇ ਅਵਤਾਰ, ਦੇਵੀ ਦੇਵਤੇ ਦਾ ਦਖ਼ਲ ਨਹੀਂ। ੧।

SIKHBOOKCLUB.COM

**ਪਹਿਲੀ ਪਉੜੀ**

ਜਾਚਕ ਜਨੁ ਜਾਚੈ ਪ੍ਰਭ ਦਾਨੁ ॥
ਕਰਿ ਕਿਰਪਾ ਦੇਵਹੁ ਹਰਿ ਨਾਮੁ ॥
ਸਾਧ ਜਨਾ ਕੀ ਮਾਗਉ ਧੂਰਿ ॥
ਪਾਰਬ੍ਰਹਮ ਮੇਰੀ ਸਰਧਾ ਪੂਰਿ ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥
ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥
ਚਰਨ ਕਮਲ ਸਿਉ ਲਾਗੈ ਪ੍ਰੀਤਿ ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥
ਏਕ ਓਟ ਏਕੋ ਆਧਾਰੁ ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥ ੧ ॥

**ਵਿਸਥਾਰ**

ਇਹ ਮਾਂਗਤ ਤੁਹਾਡੇ ਕੋਲੋਂ, ਪ੍ਰਭੂ! ਇਹ ਹੀ ਦਾਤ ਮੰਗਦਾ ਹੈ ਕਿ ਕ੍ਰਿਪਾ ਕਰ ਕੇ ਆਪਣੀ ਹਜ਼ੂਰੀ ਦਾ ਅਨੰਦ ਬਖ਼ਸ਼ੋ। ਨਾਲ ਹੀ ਇਕ ਇਹ ਅੰਤ੍ਰੀਵ ਇੱਛਾ ਵੀ ਪੂਰੀ ਕਰੋ ਕਿ ਜਿਨ੍ਹਾਂ ਦੀ ਤੁਹਾਡੇ ਤਕ ਰਸਾਈ ਹੈ ਉਨ੍ਹਾਂ ਪਾਸ ਨਿੰਮ੍ਰਤਾ ਨਾਲ ਬੈਠ ਸੰਗਤ ਮਾਣਦਾ ਰਵ੍ਹਾਂ ਤਾਂਕਿ ਹੰਕਾਰ ਦਾ ਦਾਅ ਨਾ ਪਵੇ। ਸਾਧੂ ਦੀ ਸੰਗਤ ਕੀਤਿਆਂ ਇਹ ਖ਼ਿਆਲ ਰਹਿੰਦਾ ਹੈ ਕਿ ਉਹ ਇਕੱਲਾ ਨਹੀਂ


www.sikhbookclub.com

ਜਿਸ ਨੂੰ ਨਾਮ ਦੀ ਦਾਤ ਮਿਲੀ ਹੈ। ਕਿਤਨੇ ਹੀ ਹੋਰ ਹਨ। ਸੋ ਹਉਮੈ ਨਹੀਂ ਉੱਠਦੀ।

ਕਦੇ ਕਰਮ ਕਾਂਡ, ਤਪ, ਤਰੱਦਦ, ਤੀਰਥਾਂ ਤੇ ਜਾਣ ਤਕ ਦਾ ਖ਼ਿਆਲ ਨਾ ਆਵੇ ਸੋ ਬਖ਼ਸ਼ਿਸ਼ ਕਰਨੀ ਕਿ ਹਮੇਸ਼ਾ ਤੁਹਾਡੇ ਹੀ ਗੁਣ ਗਾਂਦਾ ਰਵ੍ਹਾਂ ਤੇ ਸੁਆਸ ਲੈਂਦੇ ਵੀ ਧਿਆਨ ਨਾ ਉਖੜੇ।

ਐਸਾ ਕਰਦੇ ਕਦੇ ਮਾਯੂਸੀ ਨਾ ਘੇਰੇ, ਹਰ ਸਮੇਂ ਖਿੜਿਆ ਰਵ੍ਹਾਂ ਤੇ ਹਰ ਸਮੇਂ ਤੇਰੀ ਹੀ ਭਗਤੀ ਕਰਾਂ। ਇਕੋ ਤੇਰਾ ਆਸਰਾ ਰਵ੍ਹੇ ਤੇ ਇਕੋ ਤੇਰਾ ਸਹਾਰਾ। ਤੇਰੇ ਕੋਲੋਂ; ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਇਹ ਹੀ ਮੰਗਦਾ ਹੈ ਕਿ ਆਪਣੀ ਹਜ਼ੂਰੀ ਦਾ ਅਨੰਦ ਬਖ਼ਸ਼ੋ ਕਿਉਂਕਿ ਪ੍ਰਭੂ, ਤੁਹਾਡਾ ਤਤੁ ਇਹ ਨਾਮ ਹੀ ਹੈ।੧।

*ਸ਼ਬਦ ਭਾਵ :*

**ਜਾਚਕ** : ਮਾਂਗਤ। (Beggar)

**ਦਾਨੁ** : ਤੁਹਫਾ। ਦਾਤ। (Boon)

**ਸਰਧਾ** : ਅੰਤ੍ਰੀਵ ਇੱਛਾ। (Desire)

ਚਰਨ ਕਮਲ : ਖਿੜੇ ਹੋਏ ਚਰਨ। ਮਿਠਤ ਨੀਵੀਂ। ਜਦ ਨਿੰਮ੍ਰਤਾ ਆਉਂਦੀ ਹੈ ਤ੍ਹਾਂ ਨਾਲ ਖੇੜਾ ਵੀ ਆ ਜਾਂਦਾ ਹੈ।

ਨਿਤ ਨੀਤਿ : ਹਰ ਸਮੇਂ। (Ever)

ਨਾਮੁ ਪ੍ਰਭੁ ਸਾਰੁ : ਵਾਹਿਗੁਰੂ ਦੇ ਮਿਲਣ ਦਾ ਤਾਤਪਰਜ ਹੈ, ਉਸ ਦੀ ਹਜ਼ੂਰੀ ਦਾ ਪ੍ਰਾਪਤ ਹੋਣਾ।੧।

## ਦੂਜੀ ਪਉੜੀ

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥
ਹਰਿ ਰਸੁ ਪਾਵੈ ਬਿਰਲਾ ਕੋਇ ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥
ਪੂਰਨ ਪੁਰਖ ਨਹੀ ਡੋਲਾਨੇ ॥
ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੈ ਸੰਗਿ ॥
ਪਰੇ ਸਰਨਿ ਆਨ ਸਭ ਤਿਆਗਿ ॥
ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥
ਬਡਭਾਗੀ ਜਪਿਆ ਪ੍ਰਭੁ ਸੋਇ ॥
ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥

**ਵਿਸਥਾਰ**

ਹਜ਼ੂਰੀ ਦਾ ਅਨੰਦ ਤਾਂ ਬਹੁਤ ਹੀ ਉੱਚੀ ਚੀਜ਼ ਹੈ ਪਰ ਜੇ ਕਦੇ ਕਿਸੇ ਤੇ ਪ੍ਰਭ ਦੀ ਦ੍ਰਿਸ਼ਟੀ ਹੀ ਪੈ ਜਾਏ ਤਾਂ ਬੜਾ ਸੁੱਖ ਮਿਲਦਾ ਹੈ। ਇਸ ਹਰਿ ਰਸ ਨੂੰ ਪੀ ਕੇ ਜੋ ਸੁੱਖ ਮਿਲਦਾ ਹੈ ਕੋਈ ਵਿਰਲਾ ਹੀ ਪਾਉਂਦਾ ਹੈ ਕਿਉਂਕਿ ਬਹੁਤ ਤਾਂ ਜਗਤ ਦੇ ਸੁੱਖਾਂ ਵਿਚ ਹੀ ਲੱਗੇ ਰਹਿੰਦੇ ਹਨ ਜਿਨ੍ਹਾਂ ਦੀ ਤ੍ਰਿਪਤੀ ਕਦੇ ਹੋਣੀ ਨਹੀਂ। ਜਿਸ ਨੇ ਪ੍ਰਭੂ ਦੇ ਸੁੱਖ-ਦਾਇਕ ਰਸ ਨੂੰ ਪਾ ਲਿਆ ਉਹ ਰੱਜ ਜਾਂਦਾ ਹੈ, ਹਰ

 www.sikhbookclub.com

ਸਮੇਂ ਪੂਰਨ ਹੋ ਜਾਂਦਾ ਹੈ। ਪੂਰਨ ਪੁਰਖ ਨੂੰ ਕੋਈ ਮਾਇਆ ਦਾ ਹੱਲਾ ਡੁਲਾ ਨਹੀਂ ਸਕਦਾ ਕਿਉਂਕਿ ਉਹ ਪ੍ਰੇਮਾ ਭਗਤੀ ਦੇ ਰਸ ਨਾਲ ਹਰ ਵੇਲੇ ਹੀ ਭਰੇ ਰਹਿੰਦੇ ਹਨ। ਇਹ ਰਸ ਮੱਠਾ ਨਾ ਪਵੇ, ਚਾਅ ਸਦਾ ਚੜ੍ਹਿਆ ਰਵ੍ਹੇ, ਉਹ ਸਾਧੂ ਦਾ ਸੰਗ ਨਹੀਂ ਛੱਡਦੇ।

ਸਾਧੂ ਦੀ ਸੰਗਤ ਪਾ, ਭਗਤੀ ਪਾਇਆਂ ਜੀਵ ਹੋਰ ਪਾਸਿਆਂ ਵਲ ਤੱਕਦਾ ਹੀ ਨਹੀਂ। ਅੰਦਰਲਾ ਰੌਸ਼ਨ ਹੋ ਜਾਂਦਾ ਹੈ ਤੇ ਸਾਰੀਆਂ ਸ਼ਕਤੀਆਂ ਕੇਵਲ ਪ੍ਰਭੂ ਪਾਉਣ ਵਿਚ ਲਗਾ ਦੇਂਦਾ ਹੈ। **'ਲਿਵ ਲਾਗਿ'**। ਇੰਜੇ ਹੋਰ ਹੋਰ ਕਰਮ ਕਾਂਡਾਂ ਤੇ ਵਿਅਰਥ ਸ਼ੈਆਂ ਵਿਚ ਆਪਣੀਆਂ ਮਨ ਸ਼ਕਤੀਆਂ (Faculties) ਜ਼ਾਇਆ ਨਹੀਂ ਕਰਦਾ।

ਵੱਡੇ ਭਾਗ ਹੋਣ ਤਾਂ ਇਹ ਪ੍ਰਭੂ ਦੀ ਨਿਰਾਲੀ ਭਗਤੀ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਦ ਇਸ ਭਗਤੀ ਰਾਹੀਂ ਸਦੀਵੀ ਹਜ਼ੂਰੀ ਮਿਲ ਜਾਂਦੀ ਹੈ ਤਾਂ ਸੁੱਖ ਜਾਂਦਾ ਹੀ ਨਹੀਂ। ਨਾ ਵਿਛੋੜੇ ਦਾ ਦੁੱਖ ਸਤਾਂਦਾ ਹੈ ਤੇ ਨਾ ਹੀ ਦੁੱਖ ਘੇਰਦੇ ਹਨ। ੨।

*ਸ਼ਬਦ ਭਾਵ :*

**ਦ੍ਰਿਸਟਿ :** ਨਜ਼ਰ। ਮਿਹਰ ਦੀ ਤੱਕਣੀ।
**ਮਹਾ ਸੁਖੁ :** ਜਿਸ ਸੁੱਖ ਦੇ ਆਉਣ ਨਾਲ ਹੋਰ ਸੰਸਾਰੀ ਸੁੱਖ ਤੁੱਛ ਲਗਣ। (Supreme bliss)
**ਬਿਰਲਾ :** ਵਿਰਲਾ। (Rare)
**ਚਾਖਿਆ :** ਚੱਖਿਆ। (Tasted)
**ਤ੍ਰਿਪਤਾਨੇ :** ਰੱਜ ਗਏ। ਤ੍ਰਿਪਤ ਹੋ ਗਏ।
**ਸुਭਰ ਭਰੇ :** ਨੱਕੋ ਨਕ। ਲਬਾ ਲਬ।
**ਚਾਉ :** ਚਾਅ। ਉਮੰਗ। (Inspired)
**ਆਨ :** ਹੋਰ। (Else)
**ਲਿਵ ਲਾਗਿ :** ਪੂਰੀ ਤਰ੍ਹਾਂ ਧਿਆਨ ਦਾ ਕੇਂਦਰਤ ਹੋ ਜਾਣਾ। ਪੂਰਨ ਇਕਾਗ੍ਰਤਾ। ਇਹ ਮਿਲਦੀ ਹੈ ਜਦ ਸਾਰੀਆਂ ਮਨ ਸ਼ਕਤੀਆਂ ਇਕ ਪ੍ਰਭੂ ਦੇ ਪਿਆਰ ਵਿਚ ਲਗਾਈਆਂ ਜਾਣ।
**ਰਤੇ :** ਰੰਗੇ ਹੋਏ। ੨।

## *ਤੀਜੀ ਪਉੜੀ*

**ਸੇਵਕ ਕੀ ਮਨਸਾ ਪੂਰੀ ਭਈ ॥**
**ਸਤਿਗੁਰ ਤੇ ਨਿਰਮਲ ਮਤਿ ਲਈ ॥**
**ਜਨ ਕਉ ਪ੍ਰਭੁ ਹੋਇਓ ਦਇਆਲੁ ॥**
**ਸੇਵਕੁ ਕੀਨੋ ਸਦਾ ਨਿਹਾਲੁ ॥**
**ਬੰਧਨ ਕਾਟਿ ਮੁਕਤਿ ਜਨੁ ਭਇਆ ॥**
**ਜਨਮ ਮਰਨ ਦੂਖੁ ਭ੍ਰਮੁ ਗਇਆ ॥**

 www.sikhbookclub.com

**ਇਛਾ ਪੂਨੀ ਸਰਧਾ ਸਭ ਪੂਰੀ ॥**
**ਰਵਿ ਰਹਿਆ ਸਦ ਸੰਗਿ ਹਜੂਰੀ ॥**
**ਜਿਸ ਕਾ ਸਾ ਤਿਨਿ ਲੀਆ ਮਿਲਾਇ ॥**
**ਨਾਨਕ ਭਗਤੀ ਨਾਮਿ ਸਮਾਇ ॥ ੩ ॥**

**ਵਿਸਥਾਰ**

ਐਸੀ ਪਾਵਨ ਸੂਝ ਗੁਰੂ ਸ਼ਬਦ ਰਾਹੀਂ ਮਿਲੀ ਹੈ ਕਿ ਹੁਣ ਮਨੋਂ ਫੁਰਨੇ ਨਹੀਂ ਉੱਠਦੇ। ਰੂਹ ਖਿੜੀ ਰਹਿੰਦੀ ਹੈ। ਪੂਰੀ ਤਸੱਲੀ ਬਣੀ ਰਹਿੰਦੀ ਹੈ।

ਸੇਵਕ ਤੇ ਗੁਰੂ ਨੇ ਐਸੀ ਕਿਰਪਾ ਕੀਤੀ ਕਿ ਹੁਣ ਆਤਮਕ ਸੁੱਖ ਟੁੱਟਦਾ ਹੀ ਨਹੀਂ 'ਸਦਾ ਨਿਹਾਲੁ' ਜਗਤ ਦੀ ਪਕੜ ਨਾ ਰਹਿਣ ਕਾਰਨ ਹੌਲਾ ਫੁੱਲ ਹੋਇਆ ਵਿਰਦਾ ਹਾਂ ਜਨਮ ਮਰਨ ਵਿਚ ਪੈਣ ਦਾ ਭੈ ਜੋ ਸਤਾਂਦਾ ਸੀ ਮੂਲੋਂ ਹੀ ਹਟ ਗਿਆ। ਜੋ ਚਾਹ ਪੂਰਨ ਮਿਲਾਪ ਦੀ ਸੀ, ਉਹ ਸ਼ਰਧਾ ਪੂਰੀ ਹੋ ਗਈ ਅਤੇ ਜੋ ਵਾਹਿਗੁਰੂ ਹਰ ਥਾਂ ਵਿਆਪਕ ਸੀ, ਪਰ ਨਾਲ ਦਿਸਦਾ ਨਹੀਂ ਸੀ, ਹੁਣ ਉਸ ਦੀ ਸਦੀਵੀ ਹਜ਼ੂਰੀ ਮਿਲ ਗਈ। ਜਿਸ ਦਾ ਸਾਂ ਉਸੇ ਨੇ ਮਿਹਰ ਕੀਤੀ ਹੈ ਅਤੇ ਨਾਲ ਮਿਲਾ ਲਿਆ ਹੈ। ਨਾਨਕ ਨਾਂ ਦੀ ਛਾਪ ਲਗਾ ਕੇ ਗੁਰੂ ਅਰਜਨ ਜੀ ਕਹਿੰਦੇ ਹਨ ਕਿ ਇਹ ਹੈ ਅੱਲਾਹ ਦੀ ਨਿਰਾਲੀ ਭਗਤੀ ਦਾ ਕਮਾਲ ਕਿ ਪ੍ਰਭੂ ਦੀ ਸਦੀਵੀ ਹਜ਼ੂਰੀ ਮਿਲ ਗਈ। **'ਭਗਤੀ ਨਾਮਿ ਸਮਾਇ'**। ੩।

*ਸ਼ਬਦ ਭਾਵ :*

SIKHBOOKCLUB.COM

**ਮਨਸਾ** : ਮਨ ਦੀ ਅੰਤ੍ਰੀਵ ਇੱਛਾ। (Spiritual Desire)
**ਨਿਰਮਲ** : ਪਾਵਨ।
**ਨਿਹਾਲੁ** : ਅੰਤ੍ਰੀਵ ਖ਼ੁਸ਼ੀ ਜੋ ਖੁਸਦੀ ਨਹੀਂ।
**ਮੁਕਤਿ** : ਪਕੜਾਂ ਤੋਂ ਉਤਾਂਹ ਹੋਣ ਨਾਲ ਜੋ ਆਤਮਾ ਨੂੰ ਹੁਲਾਰਾ ਮਿਲਦਾ ਹੈ, ਉਸੇ ਦਾ ਨਾਂ ਮੁਕਤੀ ਹੈ।
**ਇਛ** : ਇੱਛਾ।
**ਪੂਨੀ** : ਪੂਰੀ ਹੋ ਗਈ।
**ਰਵਿ ਰਹਿਆ** : ਹਰ ਥਾਂ ਜੋ ਮੌਜੂਦ ਹੈ।
**ਸੰਗਿ** : ਆਪਣੇ ਨਾਲ ਪ੍ਰਤੀਤ ਕਰਨਾ। ੩।

## ਚੌਥੀ ਪਉੜੀ

**ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥**
**ਸੋ ਕਿਉ ਬਿਸਰੈ ਜਿ ਕੀਆ ਜਾਨੈ ॥**
**ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥**
**ਸੋ ਕਿਉ ਬਿਸਰੈ ਜਿ ਜੀਵਨ ਜੀਆ ॥**
**ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥**
**ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥**


www.sikhbookclub.com

**ਸੋ ਕਉ ਬਿਸਰੈ ਜਿ ਬਿਖੁ ਤੇ ਕਾਢੈ ॥**
**ਜਨਮ ਜਨਮ ਕਾ ਟੂਟਾ ਗਾਢੈ ॥**
**ਗੁਰਿ ਪੂਰੈ ਤਤੁ ਇਹੈ ਬੁਝਾਇਆ ॥**
**ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥ ੪ ॥**

**ਵਿਸਥਾਰ**

ਐਸੇ ਪ੍ਰਭੂ ਦੀ ਹਜ਼ੂਰੀ ਤੋਂ ਵਾਂਝਿਆਂ ਕਿਉਂ ਹੋਵਾਂ ਜੋ ਕਿਸੇ ਦੀ ਘਾਲ ਵੀ ਵਿਅਰਥ ਨਹੀਂ ਜਾਣ ਦੇਂਦਾ ਤੇ ਮਿਹਰਾਂ ਕਰਦਾ ਹੈ ਅਤੇ ਵੱਡੀ ਗੱਲ ਕਿ ਯਾਦ ਕਰੀਏ ਤਾਂ ਅਗੋਂ ਪੂਰਾ ਹੁੰਗਾਰਾ ਦੇਂਦਾ ਹੈ, ਚੰਗੇ ਕੰਮ ਦੀ ਕਦਰ ਕਰਦਾ ਹੈ। 'ਜਿ ਕੀਆ ਜਾਨੈ'।

ਉਸ ਨੂੰ ਕਿਉਂ ਵਿਸਾਰੀਐ ਜਿਸ ਨੇ ਅਣਗਿਣਤ ਦਾਤਾਂ ਦਿੱਤੀਆਂ ਹਨ ਤੇ ਵੱਡੀ ਦਾਤ ਕਿ ਜੀਵਾਂ ਨੂੰ ਜ਼ਿੰਦਗੀ ਦਿੱਤੀ ਹੈ ਅਤੇ ਫਿਰ ਜੀਵਨ ਦੀ ਜਾਚ ਵੀ ਦੱਸੀ ਹੈ। 'ਜੀਵਨ ਜੀਆ'।

ਉਸ ਨੂੰ ਕਿਉਂ ਵਿਸਾਰੀਐ ਜੋ ਸੰਸਾਰਕ ਲਾਲਸਾਵਾਂ ਦੀ ਅਗਨੀ ਵਿਚ ਵੀ ਸ਼ਾਂਤ ਚਿੱਤ ਰਖਦਾ ਹੈ। ਇਸ ਦੀ ਸੂਹ ਉਸ ਵਿਰਲੇ ਨੂੰ ਹੀ ਪੈਂਦੀ ਹੈ ਜਿਸ ਗੁਰ ਸ਼ਬਦ ਦੀ ਓਟ ਲਈ ਹੈ।

ਉਸ ਨੂੰ ਕਿਉਂ ਵਿਸਾਰੀਐ ਜਿਸ ਨੇ ਆਤਮਾ ਨੂੰ ਮਾਇਆ ਜ਼ਹਿਰ ਵਿਚ ਪੈਣ ਨਹੀਂ ਦਿੱਤਾ ਅਤੇ ਜੋ ਜਨਮਾਂ ਜਨਮਾਂਤ੍ਰਾਂ ਦੇ ਵਿਛੋੜੇ ਪਏ ਹਨ ਉਸ ਨੂੰ ਦੂਰ ਕਰਨ ਨਾਲ ਗੰਢ ਲੈਂਦਾ ਹੈ। ਗੁਰੂ-ਸ਼ਬਦ ਨੇ ਇਹ ਮੂਲ ਸੱਚ ਸਮਝਾ ਦਿੱਤਾ ਹੈ ਕਿ ਉਸ ਨੂੰ ਕਦੇ ਨਹੀਂ ਵਿਸਾਰਨਾ ਚਾਹੀਦਾ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਸੇਵਕ ਨੇ ਇਹ ਗੱਲ ਪੱਲੇ ਬੰਨ੍ਹ ਲਈ ਹੈ ਤੇ ਉਸ ਨੂੰ ਧਿਆਈ ਜਾ ਰਹਿਆ ਹਾਂ। ੪।

*ਸ਼ਬਦ ਭਾਵ :*

**ਘਾਲ** : ਕਮਾਈ। (Endeavour)
**ਭਾਨੈ** : ਜ਼ਾਇਆ ਨਹੀਂ ਜਾਣ ਦਿੰਦਾ।
**ਜੀਵਨ ਜੀਆ** : ਜੀਵਾਂ ਨੂੰ ਜ਼ਿੰਦਗੀ ਦੇਂਦਾ ਹੈ। ਜੀਵਨ ਜਾਚ ਸਿਖਾਲਦਾ ਹੈ। (Life of living)
**ਅਗਨਿ** : ਮਾਇਆ ਦੀ ਤਪਸ਼।
**ਲਾਖੈ** : ਸੂਝ ਪੈਂਦੀ ਹੈ।
**ਬਿਖੁ** : ਮਾਇਆ। ਜ਼ਹਿਰ।
**ਤਤੁ** : ਲਾਜ਼ਮੀ ਮੂਲ ਸੱਚ। (Fundamental truth)
**ਜਨ** : ਸੇਵਕ ਨੇ। ੪

*ਪੰਜਵੀਂ ਪਉੜੀ*

**ਸਾਜਨ ਸੰਤ ਕਰਹੁ ਇਹੁ ਕਾਮੁ ॥**
**ਆਨ ਤਿਆਗਿ ਜਪਹੁ ਹਰਿ ਨਾਮੁ ॥**

 www.sikhbookclub.com

ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥
ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥
ਭਗਤਿ ਭਾਇ ਤਰੀਐ ਸੰਸਾਰੁ ॥
ਬਿਨੁ ਭਗਤੀ ਤਨੁ ਹੋਸੀ ਛਾਰੁ ॥
ਸਰਬ ਕਲਿਆਣ ਸੂਖ ਨਿਧਿ ਨਾਮੁ ॥
ਬੂਡਤ ਜਾਤ ਪਾਏ ਬਿਸ੍ਰਾਮੁ ॥
ਸਗਲ ਦੂਖ ਕਾ ਹੋਵਤ ਨਾਸੁ ॥
ਨਾਨਕ ਨਾਮੁ ਜਪਹੁ ਗੁਨ ਤਾਸੁ ॥ ੫ ॥

**ਵਿਸਥਾਰ**

ਪਿਆਰੇ ਮਿਤਰੋ, ਵਾਹਿਗੁਰੂ ਦੇ ਪਿਆਰ ਵਾਲਿਓ ! ਕਰਨ ਜੋਗ ਕੰਮ ਇਹ ਹੀ ਹੈ ਅਤੇ ਇਹ ਹੀ ਕਰੋ ਤਾਂ ਕਿ ਆਤਮਾ ਉਚਿਆਈ ਜਾਏ। ਇਸ ਲਈ ਹੋਰ ਆਹਰ ਛੱਡ-ਕੇ ਪ੍ਰਭੂ ਦੇ ਨਾਮ ਨੂੰ ਧਿਆਓ।

ਹਰ ਸਮੇਂ ਲਗਾਤਾਰ ਉਸ ਰੂਹਾਨੀਅਤ ਦੇ ਸੋਮੇ ਨਾਲ ਸੁਚੇਤ ਹੋਏ ਜੁੜੇ ਰਵ੍ਹੋ ਤੇ ਆਤਮਿਕ ਸੁੱਖ ਪਾਵੋਂ। ਇਹ ਦਾਤ, ਸੁਚੇਤ ਹੋ ਸਿਮਰਨ ਕਰਨ ਦੀ, ਪਾ ਕੇ ਹੋਰਨਾਂ ਨੂੰ ਵੀ ਇਸ ਪਾਸੇ ਲਗਾਓ। ਇਸ ਤਰ੍ਹਾਂ ਲਗਾਤਾਰ ਸਿਮਰਨ ਕਰਿਆਂ ਨਿਰੋਲ ਪਿਆਰ ਵਾਲੀ ਨਿਰਾਲੀ ਭਗਤੀ ਮਿਲਦੀ ਹੈ ਅਤੇ ਨਾ ਤਰਿਆ ਜਾਣ ਵਾਲਾ ਸੰਸਾਰ ਤਰ ਜਾਈਦਾ ਹੈ। ਇਹ ਗੱਲ ਚੰਗੀ ਤਰ੍ਹਾਂ ਸਮਝ ਲਵੋ ਪਿਆਰਿਓ ਕਿ ਜੇ ਸਰੀਰ ਨੇ ਪ੍ਰਭੂ ਦੇ ਪਿਆਰ ਵਾਲੀ ਨਿਰਾਲੀ ਭਗਤੀ ਨ ਕੀਤੀ ਤਾਂ ਇਹ ਜਿਸਮ ਜੋ ਅੱਗੇ ਹੀ ਮਿੱਟੀ ਹੈ, ਮਿੱਟੀ ਹੀ ਰਵ੍ਹੇਗਾ।

ਪ੍ਰਭੂ ਦੀ ਹਜ਼ੂਰੀ ਵਿਚ ਸਭ ਸੁੱਖਾਂ ਦੇ, ਖ਼ਜ਼ਾਨੇ ਤੇ ਦਾਤਾਂ ਦੇਣ ਜੋਗ ਸ਼ਕਤੀ ਹੈ। ਸਭ ਤੋਂ ਵੱਡੀ ਦਾਤ ਪ੍ਰਭੂ ਦੀ ਹਜ਼ੂਰੀ ਪਾਇਆਂ ਇਹ ਮਿਲਦੀ ਹੈ ਕਿ ਮਨ ਜੋ ਗੋਤੇ ਖਾਂਦਾ ਰਹਿੰਦਾ ਹੈ ਪੂਰੀ ਤਰ੍ਹਾਂ ਟਿਕ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਪ੍ਰਭੂ ਦੀ ਹਜ਼ੂਰੀ, ਜਿਸ ਵਿਚ ਗੁਣਾਂ ਦੇ ਖ਼ਜ਼ਾਨੇ ਹਨ, ਮਾਣਦਿਆਂ ਸਭ ਦੁੱਖ, ਭਾਵੇਂ ਉਹ ਵਿਛੋੜੇ ਦੇ ਹਨ ਜਾਂ ਸਰੀਰ ਜਾਂ ਸੰਸਾਰਕ ਮੂਲੋਂ ਹੀ ਨਸ਼ਟ ਹੋ ਜਾਂਦੇ ਹਨ। ੫ ।

**ਸ਼ਬਦ ਭਾਵ :**

**ਸਾਜਨ** : ਮਿੱਤਰੋ।

**ਸੰਤ** : ਪ੍ਰਭੂ ਦੇ ਪਿਆਰ ਵਿਚ ਰਹਿਣ ਵਾਲੇ।

**ਕਰਹੁ ਇਹੁ ਕਾਮੁ** : ਕਰਨ ਜੋਗ ਕੰਮ ਇਹ ਜਾਣੋ। (Act this wise)

**ਆਨ** : ਹੋਰ।

**ਸਿਮਰਿ ਸਿਮਰਿ ਸਿਮਰਿ** : ਗੁਰਬਾਣੀ ਵਿਚ ਸੁਚੇਤ ਹੋ ਸਦਾ ਉਸ ਨਾਲ ਜੁੜੇ ਰਹਿਣ ਨੂੰ ਹੀ ਸਿਮਰਨ ਕਹਿਆ ਹੈ। ਇਹਸਾਸ ਰਹਿੰਦਾ ਹੈ ਕਿ ਕੋਈ ਅਗੋਂ ਹੁੰਗਾਰਾ ਭਰ ਰਹਿਆ ਹੈ, ਫਿਰ ਉਸ ਵਿਚ ਹੀ ਸਮਾ ਜਾਈਦਾ ਹੈ। (Live in constant

 www.sikhbookclub.com

consciousness of His divinity)

ਭਗਤਿ ਭਾਇ : ਪ੍ਰਭੂ ਪਿਆਰ ਵਾਲੀ ਨਿਰਾਲੀ ਭਗਤੀ ।
ਛਾਰੁ : ਮਿੱਟੀ ।
ਕਲਿਆਣ : ਖੁਸ਼ੀਆਂ ਦੇ ਸਾਮਾਨ । (Weal)
ਬੂਡਤ ਜਾਤ : ਗੋਤੇ ਖਾਂਦੇ ਨੂੰ ।
ਬਿਸ੍ਰਾਮੁ : ਟਿਕਾ । ਕਿਨਾਰਾ ।
ਨਾਸੁ : ਮੂਲੋਂ ਮੁੱਕ ਜਾਣਾ । (Annulled)
ਗੁਨ ਤਾਸੁ : ਗੁਣਾਂ ਦਾ ਖ਼ਜਾਨਾ । ੫ ।

## ਛੇਵੀਂ ਪਉੜੀ

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥
ਮਨ ਤਨ ਅੰਤਰਿ ਇਹੀ ਸੁਆਉ ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥
ਮਨੁ ਬਿਗਸੈ ਸਾਧ ਚਰਨ ਧੋਇ ॥
ਭਗਤ ਜਨਾ ਕੈ ਮਨਿ ਤਨਿ ਰੰਗੁ ॥
ਬਿਰਲਾ ਕੋਊ ਪਾਵੈ ਸੰਗੁ ॥
ਏਕ ਬਸਤੁ ਦੀਜੈ ਕਰਿ ਮਇਆ ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥
ਤਾ ਕੀ ਉਪਮਾ ਕਹੀ ਨ ਜਾਇ ॥
ਨਾਨਕ ਰਹਿਆ ਸਰਬ ਸਮਾਇ ॥ ੬ ॥

**ਵਿਸਥਾਰ**

ਜਿਸ ਵੇਲੇ ਕਦੇ ਅੰਦਰ ਤੜਪ (ਪ੍ਰੀਤ) ਉੱਠਦੀ ਹੈ ਅਤੇ ਅਗੋਂ ਹੁੰਗਾਰਾ ਵੀ ਮਿਲਦਾ ਹੈ ਤਾਂ ਅੰਦਰ ਇਕ ਪ੍ਰੇਮ ਰਸ ਝਰਨ ਲੱਗ ਪੈਂਦਾ ਹੈ ਤੇ ਫਿਰ ਉਤਸ਼ਾਹ ਮੱਠਾ ਨਹੀਂ ਪੈਂਦਾ ਅਤੇ ਜਿੰਦ ਜਾਨ ਹੀ ਰਸ ਰੂਪ ਹੋ ਜਾਂਦਾ ਹੈ । ਇਹ ਹੀ ਹੈ ਜੀਵਨ ਦਾ ਮਕਸਦ ਕਿ ਪ੍ਰੀਤ ਉੱਠੇ ਤੇ ਪ੍ਰੇਮ ਰਸ ਅੰਦਰ ਝਰਦਾ ਰਵ੍ਹੇ ।

ਪ੍ਰੇਮ ਰਸ ਪਾਇਆਂ ਦਾ ਦੀਦਾਰ ਹੀ ਇਕ ਨਿਰਾਲਾ ਜਿਹਾ ਸੁੱਖ ਬਖਸ਼ਦਾ ਹੈ ਅਤੇ ਜੇ ਪੁੱਗੇ ਹੋਏ ਪੁਰਸ਼ਾਂ ਦੀ ਨਿੰਮ੍ਰਤਾ ਧਾਰ ਆਪਾ ਤਿਆਗ ਸੇਵਾ ਕੀਤੀ ਜਾਏ ਤਾਂ ਮਨ ਖਿੜ ਖੜੋ ਪੈਂਦਾ ਹੈ । ਪ੍ਰਭੂ ਪਿਆਰਿਆਂ ਦਾ ਮਨ ਤਨ ਪ੍ਰਭੂ ਪਿਆਰ ਵਿਚ ਰੰਗਿਆ ਹੁੰਦਾ ਹੈ । ਐਸਿਆਂ ਦੀ ਸੰਗਤ ਕਿਸੇ ਵਿਰਲੇ ਨੂੰ ਭਾਗਾਂ ਨਾਲ ਮਿਲਦੀ ਹੈ ਕਿਉਂਕਿ ਸੰਗਤ ਪਾਉਣ ਲਈ ਪਹਿਲਾਂ ਅੰਦਰ ਪ੍ਰੇਮ ਰਸ ਪੈਦਾ ਕਰ ਹਉਮੈ ਮਾਰਨੀ ਪੈਂਦੀ ਹੈ । ਜੇ ਪ੍ਰਭੂ ਤੁਠੇ ਹੋ ਤਾਂ ਇਕ ਦਾਤ ਦਿਓ ਕਿ ਮਨ ਗੁਰ ਉਪਦੇਸ਼ ਦੀ ਕਮਾਈ ਸਦਕਾ, ਤੁਹਾਡੀ ਹਜ਼ੂਰੀ ਦਾ ਅਨੰਦ ਮਾਣਦਾ ਰਵ੍ਹੇ । ਸ਼ਬਦ-ਕਿਰਪਾ ਸਦਕਾ ਇਤਨੀ ਸੂਝ ਤਾਂ ਮਿਲ ਗਈ ਹੈ ਕਿ ਵਾਹਿਗੁਰੂ ਦੇ ਬੇਅੰਤ ਗੁਣ ਹਨ ਤੇ ਕੋਈ ਗੁਣ ਗਾ ਨਹੀਂ ਸਕਦਾ । ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਹਰ ਥਾਂ ਸਮਾਇਆ ਹੈ, ਉਸ ਦੀ ਹਜ਼ੂਰੀ ਪਾਈ ਜਾ ਸਕਦੀ ਹੈ । ੬ ।

 www.sikhbookclub.com

ਸ਼ਬਦ ਭਾਵ :

**ਪ੍ਰੀਤਿ** : ਤੜਪ । (Yearning)
**ਸੁਆਉ** : ਸੁਆਦ ਤੇ ਮਕਸਦ । (Objective)
**ਬਿਗਸੈ** : ਖਿੜ ਪੈਣਾ । (Bloom)
**ਬਸਤੁ** : ਵਸਤੂ । ਸ਼ੈ । ਚੀਜ਼ ।
**ਮਇਆ** : ਮਿਹਰ ਕਰਕੇ । ੬ ।

## ਸਤਵੀਂ ਪਉੜੀ

**ਪ੍ਰਭ ਬਖਸੰਦ ਦੀਨ ਦਇਆਲ ॥**
**ਭਗਤਿ ਵਛਲ ਸਦਾ ਕਿਰਪਾਲ ॥**
**ਅਨਾਥ ਨਾਥ ਗੋਬਿੰਦ ਗੁਪਾਲ ॥**
**ਸਰਬ ਘਟਾ ਕਰਤ ਪ੍ਰਤਿਪਾਲ ॥**
**ਆਦਿ ਪੁਰਖ ਕਾਰਣ ਕਰਤਾਰ ॥**
**ਭਗਤ ਜਨਾ ਕੇ ਪ੍ਰਾਨ ਅਧਾਰ ॥**
**ਜੋ ਜੋ ਜਪੈ ਸੁ ਹੋਇ ਪੁਨੀਤ ॥**
**ਭਗਤਿ ਭਾਇ ਲਾਵੈ ਮਨਿ ਹੀਤ ॥**
**ਹਮ ਨਿਰਗੁਨੀਆਰ ਨੀਚ ਅਜਾਨ ॥**
**ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ ੭ ॥**

## ਵਿਸਥਾਰ

ਜਿਸ ਦੀ ਹਜ਼ੂਰੀ ਮੰਗ ਰਹੇ ਹਾਂ ਉਹ ਪ੍ਰਭੂ ਬਖ਼ਸ਼ਿਸ਼ ਕਰਨ ਵਾਲਾ ਹੈ ਕਿਰਪਾ ਦਾ ਘਰ ਹੈ। ਖਿਮਾ ਦਾਤਾ ਹੈ ਤੇ ਜਿਸ ਦਾ ਕੋਈ ਨਹੀਂ; ਉਸ ਤੇ ਦਇਆ ਕਰਦਾ ਹੈ। ਭਗਤਾਂ ਦੇ ਵੱਸ ਹੈ, ਪਿਆਰੇ ਨੂੰ ਪਿਆਰ ਕਰਦਾ ਹੈ ਤੇ ਹਰ ਵੇਲੇ ਰਹਿਮਤਾਂ ਕਰਦਾ ਹੈ। ਇਹ ਨਹੀਂ ਕਿ ਹੁਣ ਤਾਂ ਰਹਿਮਤ ਕਰੇ ਤੇ ਪਿਛੋਂ ਪਛਤਾਉਣ ਲੱਗੇ ਕਿ ਮਿਹਰਾਂ ਕਿਉਂ ਕੀਤੀਆਂ ਸਨ ? ਸਦਾ ਕਿਰਪਾਲੂ ਹੈ।

ਜਿਸ ਦੇ ਸਿਰ ਤੇ ਕੋਈ ਨਹੀਂ ਵਾਹਿਗੁਰੂ ਉਨ੍ਹਾਂ ਦੀ ਬਾਂਹ ਪਕੜਦਾ ਹੈ। ਛੇੜੂ ਜਿਵੇਂ ਗਾਂਵਾਂ ਨੂੰ ਆਪਣੀ ਨਜ਼ਰ ਹੇਠ ਰੱਖ ਕੇ ਚਾਰਾ ਖਵਾਲਦਾ ਤੇ ਪਾਲਦਾ ਹੈ ਤਿਵੇਂ ਧਰਤੀ ਦਾ ਮਾਲਕ ਸਹਾਰਾ ਬਣ ਪਾਲਣ ਕਰਦਾ ਹੈ। ਠੀਕ ਗੱਲ ਤਾਂ ਇਹ ਹੈ ਕਿ ਨਿਰੀ ਭਗਤਾਂ ਦੀ ਨਹੀਂ, ਹਰ ਇਕ ਦੀ ਪ੍ਰਤਿਪਾਲਣਾ ਕਰਦਾ ਹੈ।

ਮੁੱਢ ਤੋਂ ਹਰ ਇਕ ਵਿਚ ਸਮਾਇਆ ਹੋਣ ਕਾਰਨ ਸਾਰੀ ਰਚਨਾ ਦਾ ਪਾਸਾਰ ਉਸ ਕਰਕੇ ਹੋਇਆ ਹੈ। **'ਕਾਰਣ ਕਰਤਾਰ'**। ਭਗਤ ਜਨ ਇਹ ਗੱਲ ਜਾਣ ਗਏ ਹਨ ਤੇ ਉਹ ਉਸੇ ਨੂੰ ਆਪਣੇ ਜੀਵਨ ਦਾ ਆਸਰਾ ਸਮਝਦੇ ਹਨ।

ਜਿਸ ਨੇ ਐਸੇ ਦਇਆ ਵਾਲੇ ਕਿਰਪਾਲੂ ਪਿਆਰੇ ਨੂੰ ਜਪਿਆ ਹੈ, ਉਹ ਪਾਵਨ ਹੋ ਗਿਆ। ਭਗਤ-ਭਾਵ ਨਾਲ ਹੀ ਮਨ ਵਿਚ ਪਿਆਰ ਉੱਠਦਾ ਹੈ ਤੇ ਮਨ ਪਿਆਰੇ ਨਾਲ ਬੱਝ ਜਾਂਦਾ ਹੈ। ਜਿਸ ਕਾਰਨ ਸਾਰੀ ਜ਼ਿੰਦਗੀ ਹੀ ਰਸਦਾਇਕ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਸਾਡੇ ਜੀਵਾਂ ਲਈ ਪੂਰਨੇ ਪਾਂਦੇ ਕਹਿੰਦੇ ਹਨ ਕਿ ਸਾਡੇ ਵਿਚ ਕੋਈ ਗੁਣ ਨਹੀਂ, ਕੋਈ ਸਮਝ ਵੀ ਨਹੀਂ, ਕੋਈ ਮਾਨ ਤੱਕ


www.sikhbookclub.com

ਵੀ ਕਿਧਰੋਂ ਨਹੀਂ ਮਿਲਦਾ, ਆਦਤਾਂ ਤਾਂ ਮਾੜੀਆਂ ਹਨ ਪਰ ਦੁਨੀਆਂ ਦੇ ਮਾਲਕ, ਦਾਤਾਂ ਦੇ ਭੰਡਾਰ ਤੇਰੀ ਸ਼ਰਨ ਆਏ ਹਾਂ, ਮਿਹਰ ਕਰਕੇ ਰੱਖ ਲਵੋ ਤੇ ਭਟਕਨਾ ਦੂਰ ਕਰੋ । ੭ ।

**ਸ਼ਬਦ ਭਾਵ :**

**ਪ੍ਰਭ** : ਮਾਲਕ ।

**ਬਖਸੰਦ** : ਖਿਮਾ ਕਰ ਛੁਟਕਾਰਾ ਕਰਨ ਵਾਲਾ ।

**ਦੀਨ** : ਗ਼ਰੀਬ ।

**ਭਗਤਿ ਵਛਲ** : ਭਗਤਾਂ ਨਾਲ ਪਿਆਰ ਕਰਨ ਵਾਲਾ । ਭਗਤਾਂ ਦੇ ਵੱਸ । ਪੂਜਾ ਤੇ ਭਗਤੀ ਦਾ ਫ਼ਰਕ ਇਹੀ ਹੈ ਕਿ ਪੂਜਾ ਵਿਚ ਪਤਾ ਹੀ ਨਹੀਂ ਲਗਦਾ ਕਿ ਅਗੋਂ ਕੋਈ ਪਿਆਰ ਕਰ ਰਹਿਆ ਹੈ ਜਾ ਨਹੀਂ ਪਰ ਭਗਤੀ ਵਿਚ ਅਗੋਂ ਪੂਰਾ ਹੁੰਗਾਰਾ ਮਿਲਦਾ ਹੈ ।

**ਅਨਾਥ** : ਜਿਸ ਦਾ ਕੋਈ ਹੱਥ ਪਕੜਨ ਵਾਲਾ ਨਾ ਹੋਵੇ । ਬਗ਼ੈਰ ਸਹਾਰੇ ।

**ਸਰਬ ਘਟਾ** : ਸਭ ਸਰੀਰਾਂ ਦੀ । ਹਰ ਜੀਵ ਦੀ ।

**ਆਦਿ ਪੁਰਖ** : ਮੁੱਢ ਤੋਂ ਹੀ ਹਰ ਇਕ ਵਿਚ ਵਿਆਪਕ ।

**ਕਾਰਣ ਕਰਤਾਰ** : ਉਹ ਆਪ ਹੀ ਕਾਰਨ ਹੈ ਤੇ ਉਹ ਹੀ ਰਚਨਹਾਰ ਹੈ। ਉਸ ਨੂੰ ਕਿਸੇ ਨੇ ਉਤੇਜਿਤ ਨਹੀਂ ਕੀਤਾ ਕਿ ਸੰਸਾਰ ਰਚੇ । ਉਸ ਦਾ ਇਹ ਖੇਲ੍ਹ ਹੈ ।

SIKHBOOKCLUB.COM

**ਪੁਨੀਤ** : ਪਾਵਨ । ਪਵਿਤ੍ਰ । (Holy)

**ਭਗਤਿ ਭਾਇ** : ਭਗਤੀ ਦੇ ਪਿਆਰ ਰਾਹੀਂ । ਹੋਰ ਕਿਸੇ ਕਰਮ ਕਾਂਡ ਰਾਹੀਂ ਨਹੀਂ । (Loving devotion)

**ਮਨਹੀਤ** : ਮਨ ਪਿਆਰ ਨਾਲ ਬੰਨ੍ਹ ਦੇਂਦਾ ਹੈ । (Yokes mind)

**ਨਿਰਗੁਨੀਆਰ** : ਬਗ਼ੈਰ ਗੁਣਾਂ ਤੋਂ । (Devoid of virtues)

**ਭਗਵਾਨ** : ਸਭ ਦਾਤਾਂ ਦੇ ਭੰਡਾਰ । ੭ ।

## ਅਠਵੀਂ ਪਉੜੀ

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥**
**ਏਕ ਨਿਮਖ ਹਰਿ ਕੇ ਗੁਨ ਗਾਏ ॥**
**ਅਨਿਕ ਰਾਜ ਭੋਗ ਬਡਿਆਈ ॥**
**ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥**
**ਬਹੁ ਭੋਜਨ ਕਾਪਰ ਸੰਗੀਤ ॥**
**ਰਸਨਾ ਜਪਤੀ ਹਰਿ ਹਰਿ ਨੀਤ ॥**
**ਭਲੀ ਸੁ ਕਰਨੀ ਸੋਭਾ ਧਨਵੰਤ ॥**
**ਹਿਰਦੈ ਬਸੈ ਪੂਰਨ ਗੁਰ ਮੰਤ ॥**
**ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥**
**ਸਰਬ ਸੂਖ ਨਾਨਕ ਪਰਗਾਸ ॥ ੮ ॥ ੨੦ ॥**

**ਵਿਸਥਾਰ** ਇਕ ਪਲ ਜਗਤ ਤੋਂ ਉਦਾਸ ਹੋ ਕੇ, ਆਪਾ ਪ੍ਰਭੂ ਹਵਾਲੇ ਕਰਕੇ, ਖਿਨ ਭਰ ਇਕਾਗਰ ਹੋ, ਵਾਹਿਗੁਰੂ ਦਾ ਗੁਣ ਗਾ ਤਾਂ ਦੁੱਖਾਂ ਤੋਂ ਰਹਿਤ, ਬੰਧਨਾਂ ਤੋਂ ਆਜ਼ਾਦ ਅਤੇ ਸਾਰੇ ਸਵਰਗਾਂ ਦਾ ਸੁੱਖ ਪ੍ਰਾਪਤ ਹੋਇਆ ਮਹਿਸੂਸ ਕਰੇਂਗਾ। ਰਸਨਾ ਨਾਲ ਗੁਣ ਗਾਉਣ ਦੀ ਕਿਤਨੀ ਮਹਿਮਾ ਹੈ ਇਸ ਦਾ ਵਰਨਣ ਕਰ ਰਹੇ ਹਨ। ਜੇ ਕੇਵਲ ਪ੍ਰਭੂ ਦੀ ਹਜ਼ੂਰੀ ਦੀਆਂ ਵਿਚਾਰਾਂ ਤੇ ਬਾਤਾਂ ਮਨ ਨੂੰ ਚੰਗੀਆਂ ਲੱਗਣ ਲੱਗ ਪਈਆਂ ਤਾਂ ਦੇਖ ਲਵੇਂਗਾ ਕਿ ਕਥਾ ਵਿਚ ਹੀ ਰਾਜਸੀ ਭੋਗਾਂ ਦੇ ਸੁਆਦ ਤੇ ਜੋ ਰਾਜਸੀ ਪਦਵੀ ਪਾ ਆਦਰ ਮਿਲਦਾ ਹੈ, ਦਾ ਮਜ਼ਾ ਆ ਗਿਆ।

ਪਹਿਲਾਂ ਏਕ ਨਿਮਖ ਗੁਣ ਗਾਉਣ ਦੀ ਬਰਕਤ ਦੱਸੀ ਸੀ, ਹੁਣ ਕਥਾ ਦੀ ਮਹਿਮਾ ਦੱਸ ਰਹੇ ਹਨ। ਜੇ ਉਸ ਦੀ ਮਿਹਰ ਸਦਕਾ ਜੀਭਾ ਤੇ ਸਿਵਾਇ ਉਸ ਤੋਂ ਕਿਸੇ ਹੋਰ ਦਾ ਜ਼ਿਕਰ ਨਾ ਆਇਆ, ਸਿਮਰਨ ਟੁਰ ਪਿਆ ਤਾਂ ਪ੍ਰਤੀਤ ਕਰੇਂਗਾ ਕਿ ਜੋ ਅਨੇਕ ਪ੍ਰਕਾਰ ਦੇ ਖਾਣੇ ਖਾ, ਪੋਸ਼ਾਕਾਂ ਪਾ ਅਤੇ ਗੀਤ ਸੁਣ ਮਜ਼ਾ ਆਉਂਦਾ ਹੈ, ਮਿਲ ਰਹਿਆ ਹੈ। ਸਿਮਰਨ ਦੇ ਸੁਆਦ ਦੀ ਮਹਿਮਾ ਪ੍ਰਗਟਾ ਰਹੇ ਹਨ।

ਜਿਸ ਦਾ ਚਿੱਤ ਗੁਰੂ ਦੇ ਅਮੋਘ ਸ਼ਬਦ ਵਿਚ ਖੁੱਭ ਗਿਆ ਤੇ ਉਸ ਨੇ ਜੀਵਨ ਸ਼ਬਦ ਮੁਤਾਬਕ ਢਾਲ ਲਿਆ ਅਤੇ ਧਿਆਨ ਨਾ ਉਖੜਿਆ ਤਾਂ ਉਸ ਦੀ ਕਰਨੀ ਸ਼ੁੱਭ ਹੋ ਗਈ, ਸ਼ੋਭਾ ਆਪ ਮੁਹਾਰੇ ਮਿਲਣ ਲੱਗ ਪਈ ਤੇ ਹਿਰਦਾ ਸੰਤੁਸ਼ਟ ਹੋ ਗਿਆ। ਹੁਣ ਗੁਰ-ਸ਼ਬਦ ਦੀ ਸ਼ਕਤੀ ਦਸ ਰਹੇ ਹਨ।

ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਾਧ ਸੰਗਤ ਬਖਸ਼ੋ ਤਾਂ ਕਿ ਆਤਮਕ, ਮਾਨਸਿਕ, ਸਰੀਰਕ ਸੁੱਖਾਂ ਦਾ ਫੁਹਾਰਾ ਫੁੱਟ ਪਵੇ।

ਸਾਨੂੰ ਸਮਝਾ ਰਹੇ ਹਨ ਕਿ ਜਿਤਨੇ ਸੁੱਖਾਂ (ਬੈਕੁੰਠ, ਮੋਖ, ਰਾਜਸੀ, ਖਾਣਿਆਂ, ਪੋਸ਼ਾਕਾਂ ਜਾਂ ਸ਼ੋਭਾ) ਦਾ ਜ਼ਿਕਰ ਕੀਤਾ ਹੈ, ਇਹ ਸਭਨਾਂ ਦਾ ਸੋਮਾ ਸਾਧ ਸੰਗਤ ਹੈ ਅਤੇ ਨਾਲ ਹੀ ਕਥਾ, ਇਕਾਗ੍ਰਤਾ, ਕੀਰਤਨ, ਸਿਮਰਨ ਤੇ ਸ਼ਬਦ ਦੀ ਮਹਿਮਾ ਵੀ ਦਰਸਾ ਦਿੱਤੀ ਹੈ ਕਿ ਭਗਤੀ, ਸ਼ਬਦ ਦੀ ਕਮਾਈ ਹੀ ਹੈ। ੮। ੨੦।

**ਸ਼ਬਦ ਭਾਵ :**

**ਬੈਕੁੰਠ** : ਸਵਰਗ। (Paradise)
**ਮੁਕਤਿ** : ਬੰਧਨਾਂ ਤੋਂ ਛੁਟਕਾਰਾ।
**ਮੋਖ** : ਛੁਟਕਾਰਾ ਪਾਇਆਂ ਦੀ ਅਵਸਥਾ। (Salvation)
**ਨਿਮਖ** : ਅੱਖ ਦੇ ਫਰਕਨ ਜਿਤਨਾ ਸਮਾਂ।
**ਰਾਜ ਭੋਗ** : ਰਾਜਸੀ ਸ਼ਕਤੀ ਵਰਤਿਆਂ ਜੋ ਸੁੱਖ ਮਿਲਦਾ ਹੈ। (Joy of exercise royal authority)
**ਭਲੀ ਸੁ ਕਰਨੀ** : ਸ਼ੁੱਭ ਕਰਨੀ। (Noble conduct)
**ਪੂਰਨ ਗੁਰਮੰਤ** : ਗੁਰ ਸ਼ਬਦ ਜਿਸ ਵਿਚ ਅਟੱਲ ਸਚਿਆਈਆਂ ਭਰੀਆਂ ਹਨ।
**ਨਿਵਾਸ** : ਟਿਕਾਣਾ।
**ਸਰਬ ਸੂਖ ਪਰਗਾਸ** : ਸਾਰੇ ਸੁੱਖਾਂ ਦਾ ਪ੍ਰਗਟ ਹੋ ਸੋਮੇ ਵਾਂਗ ਫੁੱਟ ਬਾਹਰ ਆ ਜਾਣਾ। ੮। ੨੦।


www.sikhbookclub.com

## ਇਕੀਵੀਂ ਅਸ਼ਟਪਦੀ

***ਇਕੀਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਵਾਹਿਗੁਰੂ ਦੇ 'ਨਿਰਗੁਣ ਤੇ ਸਰਗੁਣ' ਕੋਈ ਦੋ ਰੂਪ ਨਹੀਂ ਹਨ ਉਹ ਆਪ ਹੀ ਆਪਣੇ ਖਾਸੇ ਛੁਪਾ ਲੈਂਦਾ ਹੈ ਤੇ ਆਪ ਹੀ ਜਗਤ ਵਿਚ ਹਰ ਇਕ ਨੂੰ ਸਾਫ ਦਿਸਦਾ ਹੈ। ਆਪ ਹੀ ਉਸ ਅਵਸਥਾ ਵਿਚ ਚਲਾ ਜਾਂਦਾ ਹੈ ਜਿਥੇ ਨਿਰੋਲ ਆਪੂੰ ਹੀ ਆਪ ਹੈ।

ਇਹ ਤਾਂ ਅਸੀਂ ਵਿਚਾਰੇ ਲੋਕ ਹਾਂ ਜਿਨ੍ਹਾਂ ਵਿਚ ਅਹਿਸਾਸ ਹੁੰਦਾ ਹੈ, ਭਾਵਨਾਵਾਂ ਹੁੰਦੀਆਂ ਹਨ। ਕੋਈ ਵਿਰਲੀ ਆਤਮਾ ਹੁੰਦੀ ਹੈ ਜੋ ਭਾਵਨਾਵਾਂ ਤੋਂ ਉਤਾਂਹ ਹੁੰਦੀ ਹੈ, ਵਾਹਿਗੁਰੂ ਵਿਚ ਸਮਾਈ ਹੁੰਦੀ ਹੈ। ਐਸੀ ਉੱਚ ਅਵਸਥਾ ਨੂੰ ਪਾਈ ਆਤਮਾ ਦੇਖ ਲੈਂਦੀ ਹੈ ਕਿ ਨਿਰਗੁਣ ਤੇ ਸਰਗੁਣ ਇੰਜੇ ਕਹਿਣ ਮਾਤ੍ਰ ਸ਼ਬਦ ਹਨ। ਕੋਈ ਅੰਤਰ ਨਹੀਂ। ਪ੍ਰਭੂ ਵਿਚ ਸਮਾਏ ਤੇ ਉਸਦੀ ਰਚਨਾ ਦੇਖ ਕੇ ਵਿਸਮਾਦ ਤਾਰੀ ਹੋ ਜਾਂਦਾ ਹੈ ਅਤੇ ਵਿਸਮਾਦ ਤੋਂ ਹੀ 'ਅਫੁਰ ਸਮਾਧੀ' (ਸੁੰਨ ਸਮਾਧੀ) ਵਿਚ ਚਲਾ ਜਾਂਦਾ ਹੈ। ਪ੍ਰਭੂ ਵਿਚ ਕੋਈ ਲੀਨ ਹੀ 'ਪਰਗਟ' ਤੇ 'ਗੁਪਤ' ਦੋਵਾਂ ਕੌਤਕਾਂ ਦਾ ਅਨੰਦ ਮਾਣ ਸਕਦਾ ਹੈ।

ਉਸ ਵਿਚ ਲੀਨ ਹੋਆਂ ਪਾਪ ਪੁੰਨ ਤੋਂ ਉੱਚ ਹੋ ਜਾਈਦਾ ਹੈ। ਵੈਰ-ਵਿਰੋਧ ਦੇ ਭਾਵਾਂ ਦਾ ਅਭਾਵ ਹੋ ਜਾਂਦਾ ਹੈ। ਵਰਣ-ਆਸ਼੍ਰਮਾਂ ਦੀਆਂ ਵੰਡੀਆਂ ਨਹੀਂ ਪਾਉਂਦਾ। ਮਾਇਆ ਦੀ ਜਕੜ ਤੇ ਸੰਸਾਰੀ ਪਕੜਾਂ ਤੋਂ ਮੁਕਤ ਹੁੰਦਾ ਹੈ। ਪ੍ਰਭੂ ਦੇ ਖੇਲ੍ਹ ਦੀ ਸਮਝ ਉਸ ਨੂੰ ਆ ਜਾਂਦੀ ਹੈ।

ਇਹ ਵੀ ਪ੍ਰਤੀਤ ਹੋ ਆਂਦਾ ਹੈ ਕਿ ਉਸ ਵਿਚ ਸਮਾਏ ਰਹਿਆਂ, ਜਪਦੇ ਰਹਿਆਂ ਬੰਧਨਾਂ ਦਾ ਡਰ, ਮੁਕਤੀ ਦੀ ਲਾਲਸਾ, ਸੁਰਗ ਦੀ ਚਾਹਣਾ, ਨਰਕਾਂ ਦਾ ਭੈ, ਲਿਵ-ਧਾਤ ਦੀ ਖਿੱਚ ਧੂ, ਡਰਨ ਤੇ ਡਰਾਉਣ ਵਾਲਾ ਕੋਈ ਦਿਸਦਾ ਹੀ ਨਹੀਂ। ਸਭ ਉਸ ਦੇ ਕੌਤਕ ਹੀ ਲਗਦੇ ਹਨ। ਆਪਣੇ ਨਿਜ ਸਰੂਪ ਵਿਚ ਗਿਆਂ ਜਨਮ-ਮਰਨ, ਮੌਤ ਪਿਛੋਂ ਲੇਖੇ ਦਾ ਅਤੇ ਹੋਰ ਭੈ ਮਿਟ ਜਾਂਦੇ ਹਨ। ਜਦ ਨਿਰਮਲ ਸੋਮੇ ਵਿਚ ਸਮਾ ਜਾਈਏ ਤਾਂ ਮੈਲ ਕਿਥੋਂ ਚੰਬੜਨੀ ਹੈ, ਹੰਕਾਰ ਨੇ ਕਿਥੋਂ ਪੁਹਣਾ ਹੈ, ਪਾਪ ਨੇ ਕਿਥੇ ਘੇਰਨਾ ਹੈ, ਤ੍ਰਿਸ਼ਨਾ ਨੇ ਕਿਥੇ ਸਤਾਣਾ ਹੈ ?

ਉਸ ਵਿਚ ਆਤਮਾ ਲੀਨ ਰੱਖਿਆਂ ਐਸੀ ਸ਼ੋਭਾ ਮਿਲਦੀ ਹੈ ਕਿ ਫਿਰ ਹੋਰ ਸ਼ੋਭਾ ਜੋ ਸੰਤਾਨ, ਗਿਆਨ, ਕਰਮ ਅਤੇ ਚਾਕਰ ਰੱਖ ਮਿਲਦੀ ਹੈ, ਨਿਗੂਣੀ ਲਗਦੀ ਹੈ,। ਉਸ ਅਵਸਥਾ ਵਿਚ ਮਾਇਆ, ਚਿੰਤਾ ਜਾਂ ਹੋਰ ਫਿਕਰ ਨਹੀਂ ਪੁੰਹਦੇ। ਸਿਮਰਨ ਟੁਰਦਾ ਰਹਿੰਦਾ ਹੈ।

ਬਸ ਇਤਨਾ ਜਾਣ ਲਵੋ ਕਿ ਜਦ ਇਹ ਛਲ ਵਾਲੇ ਸੰਸਾਰ ਦੀ ਪਕੜ ਵਿਚ ਆਂਦੇ ਹਨ ਤਾਂ ਹੀ ਮਾਇਆ, ਮਾਇਆ ਦੇ ਤ੍ਰੈ ਗੁਣ, ਨਰਕ ਦਾ ਡਰ, ਸੁਰਗ ਦੀ ਲਾਲਸਾ, ਹਉਮੈ-ਮੋਹ, ਭਰਮ ਦਾ ਭਾਰ ਮਹਿਸੂਸ ਕਰਦਾ ਹੈ। ਕਿਥੇ ਉਸ ਵਿਚ ਸਮਾਉਣ ਨਾਲ, ਆਪਾ ਸੰਕੋਚਣ ਨਾਲ ਹਰ ਵੇਲੇ ਹੌਲਾ ਫੁਲ ਤੇ ਕਿਥੇ ਪਕੜ ਵਿਚ ਆਇਆਂ ਭਾਰ ਹੀ ਭਾਰ (Stresses)। ਇਹ ਸੋਝੀ ਕੇਵਲ ਭਗਤ ਨੂੰ ਹੀ ਹੁੰਦੀ ਹੈ ਕਿ ਉਸ ਵਿਚ ਰਹਿਣ ਤੇ ਉਸ ਬਿਨਾਂ ਰਹਿਣ ਵਿਚ ਕਿਤਨਾ ਕੁ ਅੰਤਰ ਹੈ।


www.sikhbookclub.com

## ਸਲੋਕੁ ॥

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥**

ਵਾਹਿਗੁਰੂ ਆਪ ਹੀ ਪਰਗਟ ਰੂਪ ਤੇ ਆਪ ਹੀ ਆਕਾਰ ਰਹਿਤ ਹੈ । ਆਪ ਹੀ ਮਾਇਆ ਦਾ ਪਸਾਰਾ ਕਰਨ ਵਾਲਾ ਤੇ ਮਾਇਆ ਤੋਂ ਉੱਚਾ ਹੈ ਅਤੇ ਅਫੁਰ ਸਮਾਧੀ (ਸੁੰਨ ਸਮਾਧੀ) ਵਿਚ ਚਲਾ ਜਾਂਦਾ ਹੈ । ਉਸ ਨੇ ਹੀ ਰਚਨਾ ਕੀਤੀ ਹੈ ਅਤੇ ਉਸ ਦਾ ਜ਼ਹੂਰ ਹਰ ਸ਼ੈ ਵਿਚ ਹੈ । ਸਿਮਰਨ ਲਈ ਕਿਸੇ ਉਚੇਚ ਦੀ ਲੋੜ ਨਹੀਂ । ਉਸ ਦੀ ਮਿਹਰ ਹੋ ਜਾਏ ਤਾਂ ਸਿਮਰਨ ਟੁਰ ਪੈਂਦਾ ਹੈ । ਸਿਮਰਨ ਕਰਕੇ ਜਦ ਨਿਜ ਸਰੂਪ ਵਿਚ ਚਲੇ ਜਾਈਦਾ ਹੈ ਤਾਂ ਇਹ ਸਮਝ ਪੈਂਦੀ ਹੈ ਕਿ ਮਾਇਆ ਉਸੇ ਨੂੰ ਘੇਰ ਖਲੋਂਦੀ ਹੈ ਜੋ ਆਪਿ ਤੋਂ ਬਾਹਰ ਹੋ ਵਿਚਰਦਾ ਹੈ, ਜੋ ਸਮਾਧੀ ਛੱਡ ਫੁਰਨਿਆਂ ਵਿਚ ਵਿਚਰਦਾ ਹੈ। ਇਸ ਸਲੋਕ ਵਿਚ ਸਰਗੁਨ ਤੋਂ ਆਪਿ ਵਿਚ ਸਮਾਉਂਣ ਦਾ ਪੈਂਡਾ ਤੈਅ ਕਰਨ ਦਾ ਢੰਗ ਵੀ ਦਸਿਆ ਹੈ ਅਤੇ ਜੋ ਪੜਾ ਆਉਂਦੇ ਹਨ ਉਨ੍ਹਾਂ ਦਾ ਵੇਰਵਾ ਵੀ ਦਿੱਤਾ ਹੈ । (ਸਰਗੁਨ ਨਿਰਗੁਨ) ਸਰੂਪ ਵਿਚ ਪੁੱਜਣ ਦਾ ਰਾਹ ਹੈ ਜਾਪਿ ਅਤੇ ਪੜਾ ਹਨ ਪਹਿਲਾਂ ਮਾਇਆ ਦੇ ਹੱਲਿਆਂ ਤੋਂ ਬਚਣਾ । ਦਿਸਦੇ ਜਗਤ ਤੋਂ ਉਤਾਂਹ ਤੱਕਣਾ (ਨਿਰੰਕਾਰ), ਫੁਰਨਿਆਂ ਨੂੰ ਨਾ ਉੱਠਣ ਦੇਣਾ (ਸੁੰਨ) ਅਤੇ ਸਮਾਧੀ ਸਥਿਤ ਹੋ ਜਾਣਾ । ੧ ।

**ਸ਼ਬਦ ਭਾਵ :**

- **ਸਰਗੁਨ** : ਪ੍ਰਗਟ । ਗੁਣਾਂ ਵਾਲਾ । (Attributed)
- **ਨਿਰਗੁਨ** : ਮਾਇਆ ਤੋਂ ਉੱਚਾ ।
- **ਨਿਰੰਕਾਰ** : ਆਕਾਰ ਰਹਿਤ ।
- **ਸੁੰਨ** : ਜਿਥੇ ਫੁਰਨੇ ਵੀ ਉਠਣੇ ਬੰਦ ਹੋ ਜਾਣ ।
- **ਸਮਾਧੀ** : ਪੂਰਨ ਟਿਕਾਉ ।
- **ਆਪਿ** : ਆਪੇ ਨੂੰ ਸੰਕੋਚ । ਨਿਜ ਸਰੂਪ ਵਿਚ ਚਲੇ ਜਾਣਾ ।
- **ਕੀਆ** : ਰਚਿਆ ।
- **ਆਪੇ ਹੀ ਫਿਰਿ ਜਾਪਿ** : ਉਸ ਦੀ ਮਿਹਰ ਸਦਕਾ ਹੀ ਸਿਮਰਨ ਅਰੰਭ ਹੁੰਦਾ ਹੈ । ੧ ।

## ਪਹਿਲੀ ਪਉੜੀ

**ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥**
**ਪਾਪ ਪੁੰਨ ਤਬ ਕਹ ਤੇ ਹੋਤਾ ॥**
**ਜਬ ਧਾਰੀ ਆਪਨ ਸੁੰਨ ਸਮਾਧਿ ॥**
**ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥**
**ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥**
**ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥**

**ਜਬ ਆਪਨ ਆਪ ਆਪਿ ਪਾਰਬ੍ਰਹਮ ॥**
**ਤਬ ਮੋਹ ਕਹਾ ਕਿਸੁ ਹੋਵਤ ਭਰਮ ॥**
**ਆਪਨ ਖੇਲੁ ਆਪਿ ਵਰਤੀਜਾ ॥**
**ਨਾਨਕ ਕਰਨੈਹਾਰੁ ਨ ਦੂਜਾ ॥ ੧ ॥**

**ਵਿਸਥਾਰ**

ਜਦ ਕੋਈ 'ਆਪਿ' ਵਿਚ ਲੀਨ ਹੋਏ, ਵਾਹਿਗੁਰੂ ਵਿਚ ਸਮਾਇਆ ਹੋਵੇ, ਆਕਾਰ ਤੋਂ ਉੱਚਾ ਹੋਵੇ, ਆਕਾਰ ਦੀ ਖਿੱਚ ਉਸ ਨੂੰ ਨਾ ਪਵੇ ਤਾਂ ਦੇਖੇਗਾ ਕਿ ਪਾਪ ਪੁੰਨ ਦੀ ਕੋਈ ਹਕੀਕਤ ਹੀ ਨਹੀਂ। ਪਾਪ ਪੁੰਨ ਉਸ ਨੂੰ ਪਹੁ ਹੀ ਨਹੀਂ ਸਕਣਗੇ।

ਜਦੋਂ ਕੋਈ ਫੁਰਨਿਆਂ ਨੂੰ ਰੋਕ ਕੇ ਪੂਰਨ ਟਿਕਾ ਵਿਚ ਹੋਵੇ (ਸੁੰਨ ਸਮਾਧਿ) ਤਾਂ ਵੈਰ ਵਿਰੋਧ ਦੀ ਭਾਵਨਾ ਮੂਲੋਂ ਹੀ ਮੁੱਕ ਜਾਏਗੀ।

ਪੂਰਨ ਟਿਕਾ ਵਿਚ ਗਿਆਂ ਇਹ ਤੱਕਣ ਜੋਗ ਹੋ ਜਾਵੇਗਾ ਕਿ ਵਾਹਿਗੁਰੂ ਦਾ ਕੋਈ ਰੰਗ ਰੂਪ ਨਹੀਂ ਹੈ ਅਤੇ ਉਸ ਵਿਚ ਸਮਾਏ ਨੂੰ ਰੰਗ ਰੂਪ ਕਾਰਨ ਪੈਦਾ ਹੋਣ ਵਾਲੇ ਖ਼ੁਸ਼ੀ-ਗ਼ਮੀ (ਹਰਖ ਸੋਗ) ਦੇ ਭਾਵ ਹਾਵੀ ਨਹੀਂ ਹੋ ਸਕਣਗੇ। ਜਦ ਇਹ ਸੋਝੀ ਹੋ ਆਈ ਹੈ ਕਿ ਸਭ ਕੁਝ ਉਹ ਪ੍ਰਭੂ ਆਪ ਹੀ ਹੈ ਤਾਂ ਫਿਰ ਨਾ ਪਕੜਾਂ ਰਹਿਣਗੀਆਂ ਅਤੇ ਨਾ ਹੀ ਕੋਈ ਭਰਮ ਘੇਰਣਗੇ।

ਹਰ ਸ਼ੈ ਉਸ ਦਾ ਕੌਤਕ ਲੱਗੇਗੀ। ਉਸ ਵਿਚ ਟਿਕੇ ਨੂੰ ਸਮਝਾਂਦੇ ਹੋਏ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਤੂੰ ਤਾਂ ਦੇਖ ਹੀ ਲਿਆ ਹੈ ਕਿ ਉਸ ਤੋਂ ਬਗ਼ੈਰ ਹੋਰ ਕੋਈ ਇਸ ਖੇਲ੍ਹ ਨੂੰ ਰਚਣ ਵਾਲਾ ਨਹੀਂ ਹੈ। ੧।

**ਸ਼ਬਦ ਭਾਵ :**

**ਅਕਾਰੁ** : ਸੂਰਤ, ਸ਼ਕਲ। (Form)
**ਦ੍ਰਿਸਟੇਤਾ** : ਦਿਸੇ। (Visible)
**ਕਹ ਤੇ** : ਤੂੰ ਦੱਸ ਕੌਣ। (Who then)
**ਸੁੰਨ ਸਮਾਧਿ** : ਪੂਰਨ ਟਿਕਾਉ।
**ਕਿਸ ਸੰਗਿ** : ਕਿਸ ਦੇ ਨਾਲ। (With whom)
**ਬਰਨੁ** : ਰੰਗ।
**ਚਿਹਨੁ** : ਚਿਹਰਾ ਮੁਹਰਾ। ਨੈਣ-ਨਕਸ਼। ਹੁਲੀਆ। (Feature)
**ਬਿਆਪਤ** : ਪੋਂਹਦੇ ਹਨ। (Affect)
**ਪਾਰਬ੍ਰਹਮ** : ਜਿਸ ਤਕ ਸਾਡੀ ਪਹੁੰਚ ਨਹੀਂ।
**ਮੋਹ** : ਝੂਠੀ ਪਕੜ।
**ਕਰਨੈਹਾਰੁ** : ਰਚਨਹਾਰਾ। ਕੌਤਕਹਾਰ। ੧।

## ਦੂਜੀ ਪਉੜੀ

**ਜਬ ਹੋਵਤ ਪ੍ਰਭ ਕੇਵਲ ਧਨੀ ॥**
**ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥**

 www.sikhbookclub.com

ਜਬ ਏਕਹਿ ਹਰਿ ਅਗਮ ਅਪਾਰ ॥
ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥
ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥
ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥
ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥
ਤਬ ਕਵਨ ਨਿਡਰੁ ਕਵਨ ਕਤ ਡਰੈ ॥
ਆਪਨ ਚਲਿਤ ਆਪਿ ਕਰਨੈਹਾਰ ॥
ਨਾਨਕ ਠਾਕੁਰ ਅਗਮ ਅਪਾਰ ॥ ੨ ॥

**ਵਿਸਥਾਰ**

ਜਦ ਇਹ ਸੋਝੀ ਪੈ ਜਾਏ ਕਿ ਉਹ ਹੀ ਹਰ ਸ਼ੈ ਦਾ ਮਾਲਕ ਪ੍ਰਭੂ ਹੈ ਤਾਂ ਕੋਈ ਕਿਸੇ ਸ਼ੈ ਦੀ ਪਕੜ ਕਿਉਂ ਕਰੇਗਾ ਤੇ ਕਰਮ ਕਾਂਡਾਂ ਦਾ ਸਹਾਰਾ ਕਿਉਂ ਲਵੇਗਾ, ਉਨ੍ਹਾਂ ਪਕੜਾਂ ਤੋਂ ਛੁੱਟਣ ਲਈ। ਸਮਝਾ ਰਹੇ ਹਨ ਕਿ ਉਸ ਵਿਚ ਸਮਾਇਆ ਰਹਿਣ ਵਾਲਾ ਹਰ ਵੇਲੇ ਮੁਕਤ ਹੈ ਅਤੇ ਉਹ ਕਦੇ ਕਿਸੇ ਪਕੜ ਵਿਚ ਨਹੀਂ। ਜਿਸ ਤਕ ਸਾਡੀ ਪਹੁੰਚ ਨਹੀਂ, ਜਿਸਦਾ ਕੋਈ ਅੰਤ ਨਹੀਂ ਪਾ ਸਕਦਾ, ਜੋ ਐਸੇ ਵਿਚ ਲੀਨ ਹੋ ਗਏ ਤਾਂ ਉਸ ਵਿਚ ਸਮਾਏ ਨਰਕ ਦਾ ਡਰ ਤੇ ਸਵਰਗ ਦੀ ਇੱਛਾ ਕਿਥੇ ਰਹਿੰਦੀ ਹੈ। ਕੋਈ ਨਰਕ ਸਵਰਗ ਵਿਚ ਜਾਂਦਾ ਹੀ ਨਹੀਂ। ਕੋਈ ਪੁਛੇ ਕਿ ਸੁਰਗ ਨਰਕ ਉਸ ਤੋਂ ਵੱਖਰੇ ਕੀ ਹੋਏ ? ਨਰਕ ਹੈ ਉਸ ਤੋਂ ਬਗ਼ੈਰ ਜੀਣਾ ਤੇ ਸੁਰਗ ਹੈ ਉਸ ਵਿਚ ਟਿਕੇ ਰਹਿਣਾ।

ਜ਼ਰਾ ਸੋਚ ਤਾਂ ਸਹੀ ਜਦੋਂ ਪ੍ਰਭੂ ਆਪਣੇ ਮੌਜ ਵਿਚ ਬੈਠਾ ਸੀ, ਉਸ ਵੇਲੇ ਮਾਇਆ-ਜੀਵ (ਮੈਟਰ-ਮਾਈਂਡ, ਸ਼ਿਵ ਸ਼ਕਤੀ) ਦੀ ਕੋਈ ਵੱਖ ਹੋਂਦ ਕਿਥੇ ਹੋਵੇਗੀ। ਉਸ ਵਿਚ ਸਮਾਇਆ ਹੋਇਆ ਮਾਇਆ ਤੇ ਉਸ ਦੇ ਪ੍ਰਭਾਵਾਂ ਤੋਂ ਉੱਚਾ ਰਹਿੰਦਾ ਹੈ। ਸ਼ਿਵ ਕੀ ਹੈ ਤੇ ਸ਼ਕਤੀ ਦਾ ਕਿਤਨਾ ਕੁ ਪ੍ਰਭਾਵ ਹੈ ਦੀ ਫਜ਼ੂਲ ਚਰਚਾ ਉਹ ਕਰਦਾ ਹੀ ਨਹੀਂ।

ਜਦ ਉਸ ਦੀ ਜੋਤ ਦਾ ਪ੍ਰਕਾਸ਼ ਸੀ, ਸਭ ਕੁਝ ਸਾਫ਼ ਦਿਖਾਈ ਦੇ ਰਹਿਆ ਸੀ ਤਾਂ ਨਾ ਕੋਈ ਡਰਨ ਵਾਲਾ ਸੀ ਤੇ ਨਾ ਡਰਾਉਣ ਵਾਲਾ। ਜਦ ਪੂਰਨ ਆਤਮ-ਪ੍ਰਕਾਸ਼ ਹੋ ਜਾਏ ਤਾਂ ਨਾ ਕਾਇਰ-ਪੁਣਾ ਰਹਿੰਦਾ ਹੈ, ਨਾ ਕਿਸੇ ਤੇ ਹੁਕਮ ਚਲਾਉਣ ਦੀ ਇੱਛਾ। ਇਹ ਹੈ ਪੂਰਨ ਪ੍ਰਕਾਸ਼ ਦਾ ਕ੍ਰਿਸ਼ਮਾ। ਖਸ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਹ ਅੱਛੀ ਤਰ੍ਹਾਂ ਸਮਝ ਲੈ ਕਿ ਜੋ ਸਾਡੀ ਸਮਝ ਤੋਂ ਪਰ੍ਹੇ ਹੈ, ਜਿਸ ਦਾ ਹੱਦ ਬੰਨ੍ਹਾ ਕੋਈ ਨਹੀਂ, ਇਹ ਸਾਰੇ ਕੌਤਕ ਉਸ ਦੇ ਹੋ ਰਹੇ ਹਨ। ਸਾਡੇ ਜੀਵਾਂ ਦੀ ਕੋਈ ਪਾਇਆਂ ਨਹੀਂ। ੨।

**ਸ਼ਬਦ ਭਾਵ :**

ਕੇਵਲ : ਨਿਰੋਲ ਉਹ। (Only)
ਧਨੀ : ਮਾਲਕ। (Lord)
ਬੰਧ : ਪਕੜ ਵਿਚ। (Bondage)
ਮੁਕਤਿ : ਆਜ਼ਾਦ। (Liberated)

 www.sikhbookclub.com

**ਗਨੀ** : ਜਾਣੀਏ ।

**ਅਗਮ** : ਜਿਸ ਤਕ ਸਾਡੀ ਪਹੁੰਚ ਨਹੀਂ ।

**ਅਪਾਰ** : ਜਿਸ ਦਾ ਕੋਈ ਹੱਦ ਬੰਨਾ ਨਹੀਂ ।

**ਅਉਤਾਰ** : ਆਵਣ ਵਾਲਾ । ਉਤਰਨ ਵਾਲੇ ।

**ਸਹਜ ਸੁਭਾਇ** : ਆਪਣੇ ਨਿਜ ਸਰੂਪ ਵਿਚ ਟਿਕਿਆ । ਇਕੋ ਜਹਿਆ । (Profound repose)

**ਸਿਵ** : ਅਕਟ ਟਿਕਵੀਂ ਅਬਦਲ ਮਰਯਾਦਾ ਜਿਸ ਅਨੁਸਾਰ ਜਗਤ ਨੂੰ ਪ੍ਰਭੂ ਹੋਂਦ ਵਿਚ ਲਿਆਂਦਾ ਹੈ । (Eternal principle)

**ਸਕਤਿ** : ਚੰਚਲ ਮਾਇਆ ।

**ਚਲਿਤ** : ਖੇਲ੍ਹ । ਕੌਤਕ । ੨ ।

## ਤੀਜੀ ਪਉੜੀ

**ਅਬਿਨਾਸੀ ਸੁਖ ਆਪਨ ਆਸਨ ॥**
**ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥**
**ਜਬ ਪੂਰਨ ਕਰਤਾ ਪ੍ਰਭੁ ਸੋਇ ॥**
**ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥**
**ਜਬ ਅਬਿਗਤ ਅਗੋਚਰ ਪ੍ਰਭ ਏਕਾ ॥**
**ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥**
**ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥**
**ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥**
**ਆਪਨ ਆਪ ਆਪ ਹੀ ਅਚਰਜਾ ॥**
**ਨਾਨਕ ਆਪਨ ਰੂਪ ਆਪ ਹੀ ਉਪਰਜਾ ॥ ੩ ॥**

SIKHBOOKCLUB.COM

## ਵਿਸਥਾਰ

ਜਦ ਅਕਾਲ ਪੁਰਖ ਆਪਣੇ ਸੁੱਖ ਬਖ਼ਸ਼ਣ ਵਾਲੇ ਨਿਜ ਸਰੂਪ ਵਿਚ ਮਸਤ ਟਿਕਿਆ ਸੀ, ਤਾਂ ਤੂੰ ਦਸ ਭਗਤਾ ! ਕਿਸ ਦਾ ਜਨਮ ਹੁੰਦਾ ਸੀ ਤੇ ਕਿਸ ਨੂੰ ਮੌਤ ਵਾਪਰਦੀ ਸੀ । ਕਿਥੇ ਸੀ ਪਰਲੋ । ਗੁਰੂ ਜੀ ਜੀਵ ਨੂੰ ਨਿਜ ਸਰੂਪ ਵਿਚ ਸਮਾਉਣ ਦੇ ਅਨੰਦ ਦਾ ਵਰਨਣ ਕਰਦੇ ਕਹਿੰਦੇ ਹਨ ਕਿ ਆਪਣੇ ਨਿਜ ਸਰੂਪ ਵਿਚ ਅਕਾਲ ਪੁਰਖ ਦੀ ਮਿਹਰ ਸਦਕਾ ਟਿਕ ਗਿਆ ਤਾਂ ਆਵਾਗਵਣ ਦਾ ਚੱਕਰ ਤਾਂ ਟੁਟੇਗਾ ਹੀ ਪਰ ਸਗੋਂ ਇਹ ਹੈ ਭੈ ਕਿ ਪਰਲੋ ਹੋਣ ਤੇ ਰੋਜ਼ੇ-ਹਸ਼ਰ ਵਾਲੇ ਦਿਨ ਉਸ ਨੂੰ ਮਾਰੂਥਲਾਂ ਵਿਚ ਕੜਕਦੀਂ ਧੁੱਪ ਵਿਚ ਖੜ੍ਹਾ ਹੋਣਾ ਪਵੇਗਾ ਤੇ ਹਿਸਾਬ ਪੁੱਛੇ ਜਾਣਗੇ, ਮੂਲੋਂ ਮੁੱਕ ਜਾਏਗਾ । ਜਦ ਨਿਜ ਸਰੂਪ ਵਿਚ ਟਿਕਿਆਂ, ਇਹ ਸੋਝੀ ਪੈ ਜਾਏ ਕਿ ਉਹ ਵਾਹਿਗੁਰੂ ਹੀ ਸਭ ਕੁਝ ਕਰਨ ਕਾਰਨ ਹੈ ਤਾਂ ਜਨਮਾਂ ਵਿਚ ਪੈਣ ਦਾ ਦੁੱਖ ਤੇ ਮੌਤ ਦਾ ਤ੍ਰਾਸ ਮੁੱਕ ਜਾਂਦਾ ਹੈ । ਜਦੋਂ ਉਸ ਇਕੋ ਇਕ ਪ੍ਰਭੂ, ਜੋ ਸਰੀਰ ਨਹੀਂ ਤੇ ਇੰਦਰੀਆਂ ਦੀ ਪਕੜ ਤੋਂ ਪਰ੍ਹੇ ਹੈ, ਉਸ ਵਿਚ ਟਿਕ ਜਾਈਏ ਤਾਂ ਇਹ ਡਰ ਕਿ ਮੇਰਾ ਕੋਈ ਚਿਤ੍ਰ-ਗੁਪਤ ਹਿਸਾਬ ਰੱਖ ਰਹਿਆ ਹੈ ਅਤੇ ਪਰਲੋ ਪੈਣ ਤੇ ਪੁਛਿਆ ਜਾਏਗਾ, ਉੱਡ ਜਾਂਦਾ ਹੈ । ਜਗਤ ਵਿਚ ਵਿਚਰਦਾ ਐਸਾ ਜੀਵ ਹਰ ਕਾਰਜ ਸਹਿਜ ਸੁਭਾ ਕਰਦਾ ਹੈ ।

 www.sikhbookclub.com

ਪ੍ਰਭੂ ਦੀ ਹਜ਼ੂਰੀ ਵਿਚ ਰਹਿਣ ਵਾਲੇ ਨੂੰ ਉਸ ਦੇ ਦੂਤ (ਚਿਤ੍ਰ ਗੁਪਤ, ਧਰਮ-ਰਾਜ) ਮਜਾਲ ਕੀ ਹੈ ਕਿ ਹਿਸਾਬ ਪੁੱਛਣ। ਜੋ ਜਪੁਜੀ ਦੇ ਪਿਛੇ ਅੰਕਤ ਸਲੋਕ ਵਿਚ 'ਵਾਚੈ ਧਰਮ ਹਦੂਰਿ' ਵਾਲਾ ਸਿਧਾਂਤ ਦਿੱਤਾ ਸੀ, ਉਸੇ ਨੂੰ ਹੀ ਸਮਝਾ ਰਹੇ ਹਨ ਕਿ ਪ੍ਰਭੂ ਦੀ ਹਜ਼ੂਰੀ ਭਰਦੇ ਜੀਵ ਕੋਲ ਕਿਸੇ ਛੋਟੇ ਜਿਹੇ ਦੂਤ ਦੀ ਜੁਰਅਤ ਨਹੀਂ ਕਿ ਪਰ ਮਾਰੇ।

ਜਦੋਂ ਇੰਦ੍ਰੀਆਂ ਤੋਂ ਰਹਿਤ, ਮਾਇਆ ਤੋਂ ਪਰ੍ਹੇ, ਅਥਾਹ ਪ੍ਰਭੂ ਵਿਚ ਹੀ ਲੀਨ ਹੋ ਜਾਈਏ ਤਾਂ ਉਸ ਦੀ ਰਚੀ ਮਾਇਆ ਕਿਵੇਂ ਵਿਆਪ ਸਕਦੀ ਹੈ। ਜੇ ਮਾਇਆ ਵਿਆਪਣੀ ਹੀ ਨਹੀਂ ਤਾਂ ਫਿਰ ਮਾਇਆ ਤੋਂ ਛੁਟਕਾਰਾ ਪਾਉਣ ਲਈ ਕਰਮ ਕਾਂਡ, ਜਾਂ ਜਤਨਾਂ ਦੀ ਕਿੱਥੇ ਲੋੜ ਪੈਂਦੀ ਹੈ। 'ਮਾਇਆ ਵਿਆਪਣ' ਦਾ ਡਰ ਤੇ ਉਸ ਤੋਂ ਬਚਣ ਦਾ ਖ਼ਿਆਲ ਹੀ ਨਹੀਂ ਉਠਦਾ।

ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਕੌਤਕ ਹਾਰ ਵਰਗਾ ਉਹ ਆਪ ਹੀ ਹੈ। ਉਸ ਨੇ ਇਹ ਪਸਾਰਾ ਆਪ ਹੀ ਪੈਦਾ ਕੀਤਾ ਹੈ। ਵੱਡਾ ਅਸਚਰਜ ਇਹ ਹੈ ਕਿ ਉਸ ਨੇ ਐਸਾ ਕਿਉਂ ਕੀਤਾ ? ਇਸ ਦੀ ਸੋਝੀ ਹੋਣੀ ਅਸੰਭਵ ਹੈ। ਸਾਡਾ ਤਾਂ ਇਕ ਹੀ ਫ਼ਰਜ਼ ਹੈ ਕਿ ਉਸ ਦੇ ਕੌਤਕ ਦੇਖ ਵਿਸਮਾਦ ਵਿਚ ਰਹੀਏ। ੩।

*ਸ਼ਬਦ ਭਾਵ :*

**ਅਬਿਨਾਸੀ** : ਅਟੱਲ। ਕਦੇ ਨਾ ਨਾਸ਼ ਹੋਣ ਵਾਲਾ। (Eternal)

**ਸੁਖ** : ਅਨੰਦ ਵਿਚ।

**ਆਪਨ ਆਸਨ** : ਆਪਣੇ ਨਿਜ ਥਾਂ।

**ਬਿਨਾਸਨ** : ਪਰਲੋ। (Destruction)

**ਤ੍ਰਾਸ** : ਕਿਸੇ ਆਉਣ ਵਾਲੇ ਖ਼ਤਰੇ ਤੋਂ ਵਿਆਪਣ ਤੋਂ ਪਹਿਲਾਂ ਹੀ ਡਰੀ ਜਾਣਾ।

**ਅਬਿਗਤ** : ਅਵਯਕਤ। ਸਰੀਰ ਤੋਂ ਉਤਾਂਹ। (Impersonal)

**ਚਿਤ੍ਰ ਗੁਪਤ** : ਮਾੜੇ ਚੰਗੇ ਦਾ ਹਿਸਾਬ ਰੱਖਣ ਵਾਲੇ ਅਖੌਤੀ ਕਾਤਬ।

**ਨਾਥ** : ਮਾਲਕ।

**ਨਿਰੰਜਨ** : ਮਾਇਆ ਤੋਂ ਉੱਚਾ। ਪੂਰਨ ਤੌਰ ਤੇ ਬੇਦਾਗ਼।

**ਅਗਾਧੇ** : ਅਥਾਹ। ਗਹਿਰ-ਗੰਭੀਰ।

**ਅਚਰਜਾ** : ਬਹੁਤ ਹੈਰਾਨ ਬਾਤ। ੩।

### ਚੌਥੀ ਪਉੜੀ

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥
ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥
ਜਹ ਨਿਰੰਜਨ ਨਿਰੰਕਾਰ ਨਿਰਬਾਨ ॥
ਤਹ ਕਉਨ ਕਉ ਮਾਨ ਕਉਨ ਅਭਿਮਾਨ ॥
ਜਹ ਸਰੂਪ ਕੇਵਲ ਜਗਦੀਸ ॥
ਤਹ ਛਲ ਛਿਦ੍ਰ ਲਗਤ ਕਹੁ ਕੀਸ ॥


www.sikhbookclub.com

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥
ਤਹ ਕਿਸਹਿ ਭੁਖ ਕਵਨੁ ਤ੍ਰਿਪਤਾਵੈ ॥
ਕਰਨ ਕਰਾਵਨ ਕਰਨੈਹਾਰੁ ॥
ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥

**ਵਿਸਥਾਰ**

ਕਿਸ ਸਹਿਜ ਢੰਗ ਨਾਲ ਮਾਨੂੰ ਕਰਮ ਕਾਂਡਾਂ ਤੋਂ ਉੱਚਾ ਕਰ ਰਹੇ ਹਨ। ਤੀਰਥਾਂ ਤੇ ਜਾ ਮੈਲ ਧੋਣ ਤੋਂ ਵਰਜ ਰਹੇ ਹਨ। ਸਮਝਾਂਦੇ ਹੋਏ ਕਹਿੰਦੇ ਹਨ ਕਿ ਤੂੰ ਹੀ ਦਸ ਕਿ ਜਦ ਉਹ ਜੀਵਾਂ ਦਾ ਰਚਨਹਾਰ ਤੇ ਪਤਿ ਦਾ ਰਾਖਾ (ਪੁਰਖ ਪਤਿ) ਹਰ ਪਖੋਂ ਪਾਕ, ਪ੍ਰਭੂ ਆਪ ਹੀ ਸੀ ਤਾਂ ਫਿਰ ਮੈਲ ਵਰਗੀ ਕੋਈ ਸ਼ੈ ਕਿਸ ਨੂੰ ਚੰਬੜੀ ਹੋਵੇਗੀ, ਕਿਸ ਮੈਲ ਨੂੰ ਧੋਵਨ ਲਈ ਤਰੱਦਦ ਕਰਦਾ ਹੋਵੇਗਾ। ਇਹ ਜਾਣ ਲੈ ਕਿ ਪ੍ਰਭੂ ਵਿਚ ਸਮਾਏ ਨੂੰ ਨਾ ਮੈਲ ਚੰਬੜਦੀ ਹੈ ਅਤੇ ਨਾ ਫਿਰ ਉਸ ਨੂੰ ਧੋਣ ਲਈ ਕਿਸੇ ਖ਼ਾਸ ਤੀਰਥ ਤੇ ਜਾਣ ਦੀ ਲੋੜ ਹੈ। ਇਹ ਜੋ ਖ਼ਿਆਲ ਦਿੱਤਾ ਜਾ ਰਹਿਆ ਸੀ ਕਿ ਜੀਵ ਨਾਲੋਂ ਆਤਮਾ ਕੋਈ ਅਲਹਿਦਾ ਸ਼ੈ ਹੈ ਅਤੇ ਜੀਵ ਨੂੰ ਮੈਲ ਚੰਬੜ ਜਾਂਦੀ ਹੈ ਨੂੰ ਨਿਰਮੂਲ ਦੱਸ ਰਹੇ ਹਨ। ਜਦ ਉਸ ਮਾਇਆ ਤੋਂ ਰਹਿਤ, ਰੂਪ ਤੇ ਵਿਹੂਣੇ ਵਾਸ਼ਨਾਵਾਂ ਤੋਂ ਮੁਕਤ, ਸਰਬ ਪਖੋਂ ਨਿਰਲੇਪ ਵਿਚ ਸਮਾ ਜਾਈਏ ਤਾਂ ਨਾ ਹੰਕਾਰ ਉਪਜਦਾ ਹੈ ਤੇ ਨਾਂਹ ਹੀ ਹਉ ਨੂੰ ਠੇਸ ਲਗਦੀ ਹੈ। ਹਉਮੈ ਦਾ ਕੰਡਾ ਚੁੱਭਦਾ ਹੀ ਨਹੀਂ।

ਜਦ ਵਾਹਿਗੁਰੂ ਦੇ ਰੂਪ ਨੂੰ ਹੀ ਸਰਬ ਪਾਸੇ ਪਸਰਿਆ ਤੱਕ ਲਈਏ ਤਾਂ ਕਿਸੇ ਨੂੰ ਕੋਈ ਧੋਖਾ ਕਿਵੇਂ ਦੇ ਸਕਦਾ ਹੈ, ਛਲ ਕਰ ਸਕਦਾ ਹੈ ਤੇ ਪਾਪ ਕਮਾ ਸਕਦਾ ਹੈ। ਬੜੇ ਸੂਖਮ ਢੰਗ ਨਾਲ ਉਸ ਖ਼ਿਆਲ ਤੇ ਚੋਟ ਕਰ ਰਹੇ ਹਨ ਕਿ ਸ਼ੈਤਾਨ ਦੇ ਭਰਮਾਏ ਹੋਏ ਆਦਮ ਨੇ ਵਿਵਰਜਤ ਫਲ ਖਾ ਲਿਆ ਤੇ ਸੁਰਗਾਂ ਤੋਂ ਅਜਿਹਾ ਡਿੱਗਾ ਕਿ ਜਗਤ ਵਿਚ ਪਾਪਾਂ ਨੇ ਘੇਰ ਲਿਆ। ਇਹ ਖ਼ਾਮ ਖ਼ਿਆਲੀਆਂ ਹਨ।

ਜਿਸ ਪ੍ਰਭੂ ਦਾ ਕੋਈ ਆਕਾਰ ਨਹੀਂ ਅਤੇ ਜ਼ਾਹਿਰਾ ਸਰੂਪ ਨੂਰ ਹੀ ਹੈ ਅਤੇ ਜੇ ਕੋਈ ਆਕਾਰ ਦੀ ਪੂਜਾ ਛੱਡ ਕੇਵਲ ਜੋਤ ਵਿਚ ਸਮਾ ਜਾਏ ਤਾਂ ਕਿਥੇ ਛੁਹਵੇਗੀ ਉਸ ਨੂੰ ਜਗਤ ਦੀ ਭੁੱਖ ਅਤੇ ਲਗੇਗੀ ਤ੍ਰਿਸ਼ਨਾ ਦੀ ਤ੍ਰੇਹ। ਆਕਾਰ ਦੀ ਪੂਜਾ ਕੀਤਿਆਂ ਇੱਛਾਵਾਂ ਮਰਦੀਆਂ ਨਹੀਂ, ਸਗੋਂ ਵਧਦੀਆਂ ਹਨ। ਵਾਹਿਗੁਰੂ ਆਪ ਹੀ ਕਰਨ ਕਾਰਨ ਹੈ; ਸੋ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਸਾਨੂੰ ਸਮਝਾ ਰਹੇ ਹਨ ਕਿ ਜਦ ਕਰਤੇ ਦਾ ਅਸੀਂ ਅੰਦਾਜ਼ਾ ਤੱਕ ਨਹੀਂ ਲਗਾ ਸਕਦੇ ਤਾਂ ਸਾਨੂੰ ਇਸ ਪਾਸੇ ਪੈਣ ਦੀ ਥਾਂ ਉਸ ਦੇ ਨਿਰਮਲ, ਨਿਰਬਾਨ, ਜੋਤ ਸਰੂਪ ਵਿਚ ਸਮਾਉਣ ਲਈ ਹੀ ਤਰਲਾ ਲੈਣਾ ਚਾਹੀਦਾ ਹੈ। ੪।

**ਸ਼ਬਦ ਭਾਵ :**

ਨਿਰਮਲ : ਪਾਕ। ਸਵੱਛ। (Immaculate)

ਪੁਰਖ ਪਤਿ : ਸਭ ਪਸਾਰੇ ਦਾ ਮਾਲਕ। ਇੱਜ਼ਤਾਂ ਤੱਕ ਰੱਖਣ ਵਾਲਾ।

ਨਿਰੰਜਨ : ਮਾਇਆ ਤੋਂ ਰਹਿਤ।

 www.sikhbookclub.com

ਨਿਰੰਕਾਰ : ਆਕਾਰ ਰਹਿਤ ।

ਨਿਰਬਾਨ : ਵਾਸ਼ਨਾ ਰਹਿਤ ।

ਜਗਦੀਸ : ਜਗਤ ਦਾ ਮਾਲਕ ।

ਛਲ : ਧੋਖਾ । ਛਲਾਵਾ ।

ਛਿਦ੍ਰ : ਪਾਪ ।

ਜੋਤਿ ਸਰੂਪੀ : ਜੋ ਨਿਰਾ ਨੂਰ ਹੈ । ਜਿਸ ਦਾ ਕੋਈ ਆਕਾਰ ਨਹੀਂ । (Manifestation is light)

ਭੂਖ : ਤ੍ਰਿਸ਼ਨਾਵਾਂ ।

ਸੁਮਾਰੁ : ਅਨੁਮਾਨ ਅੰਦਾਜ਼ੇ । ਹਿਸਾਬ-ਕਿਤਾਬ । (Calculations) ੪.

## ਪੰਜਵੀਂ ਪਉੜੀ

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
ਤਬ ਕਵਨ ਮਾਇ ਬਾਪ ਮਿਤ੍ਰੁ ਸੁਤ ਭਾਈ ॥
ਜਹ ਸਰਬ ਕਲਾ ਆਪਹਿ ਪਰਬੀਨ ॥
ਤਹ ਬੇਦ ਕਤੇਬ ਕਹਾ ਕੋਊ ਚੀਨ ॥
ਜਬ ਆਪਨ ਆਪੁ ਆਪਿ ਉਰਿ ਧਾਰੈ ॥
ਤਉ ਸਗਨ ਅਪਸਗਨ ਕਹਾ ਬੀਚਾਰੈ ॥
ਜਹ ਆਪਨ ਊਚ ਆਪਨ ਆਪਿ ਨੇਰਾ ॥
ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥
ਬਿਸਮਨ ਬਿਸਮ ਰਹੇ ਬਿਸਮਾਦ ॥
ਨਾਨਕ ਅਪਨੀ ਗਤਿ ਜਾਨਹੁ ਆਪਿ ॥ ੫ ॥

**ਵਿਸਥਾਰ**

ਜਿਸ ਵੇਲੇ ਕੋਈ ਇਹ ਜਾਣ ਲਵੇ ਕਿ ਸਹੀ ਸੋਭਾ ਤੇ ਸ਼ਾਨ ਉਸ ਦੇ ਨਾਮ ਵਿਚ ਹੈ ਤਾਂ ਫਿਰ ਉਹ ਕਿਸੇ ਹੋਰ ਨੇੜੇ ਤੋਂ ਵੀ ਨੇੜੇ ਤੋਂ ਕਿਸੇ ਸ਼ੋਭਾ ਦੀ ਆਸ ਨਹੀਂ ਰੱਖੇਗਾ । ਇਹ ਗੱਲ ਨਾਮੀ ਪੁਰਸ਼ ਨੂੰ ਜ਼ਾਹਿਰ ਹੋ ਜਾਂਦੀ ਹੈ ਕਿ ਵਾਹਿਗੁਰੂ ਦੀ ਸ਼ਾਨ ਆਪਣੀ ਹੀ ਹੈ । ਉਹ ਨਾ ਫਿਰ ਮਮਤਾ ਵਿਚ ਫਸਦਾ ਹੈ ਤੇ ਨ ਮਾਂ, ਬਾਪ, ਬੇਟੇ ਮਿਤ੍ਰ ਨੂੰ ਆਪਣੀ ਸ਼ਾਨ ਵਧਾਉਣ ਵਾਲਾ ਗਿਣਦਾ ਹੈ। ਇਹ ਖਿਆਲ ਕਿ ਇਹ ਰਿਸ਼ਤੇ ਕੋਈ ਸ਼ੋਭਾ ਵਧਾਉਣ ਦਾ ਕਾਰਨ ਬਣ ਸਕਦੇ ਹਨ ਉਸ ਨੂੰ ਨਿਰਮੂਲ ਲਗਦੇ ਹਨ । ਜੀਵਾਂ ਨੂੰ ਗੁਰੂ ਅਰਜਨ ਦੇਵ ਜੀ ਆਪਣੇ ਨਿਵੇਕਲੇ ਤੇ ਵੱਖਰੇ ਢੰਗ ਨਾਲ ਸਮਝਾ ਰਹੇ ਹਨ ਕਿ ਸ਼ੋਭਾ ਜੋ ਨਾਮ ਤੋਂ ਮਿਲਦੀ ਹੈ, ਉਸ ਦੇ ਤੁਲ ਕੋਈ ਹੋਰ ਸ਼ੈ ਨਹੀਂ ।

ਭਲਾ ਕੋਈ ਪੁਛੇ ਕਿ ਜਦ ਵਾਹਿਗੁਰੂ ਜਿਹਾ ਹੋਰ ਉੱਚ ਸੂਝ ਸਮਝ ਵਾਲਾ (ਪਰਬੀਨ) ਕੋਈ ਨਹੀਂ ਤਾਂ ਵੇਦ, ਕੁਰਾਨ ਆਦਿ ਦਾ ਘੋਖਣਾ (ਚੀਨ) ਉਸ ਤੇ ਕੀ ਰੋਸ਼ਨੀ ਪਾ ਸਕਦਾ ਹੈ । ਵਾਹਿਗੁਰੂ ਵਿਚ ਸਮਾਇਆਂ ਦੀ ਆਪ ਮੁਹਾਰੇ ਹੀ ਮੱਤ ਉੱਚੀ ਹੋ ਜਾਂਦੀ ਹੈ । ਸੋ ਉਸ ਨੂੰ ਵੇਦ ਕਤੇਬ ਫਰੋਲਣ ਦੀ ਲੋੜ ਨਹੀਂ ਰਹਿੰਦੀ ।

 www.sikhbookclub.com

ਜਦ ਕੋਈ ਸਿਮਰਨ ਰਾਹੀਂ ਆਪਾ ਮੁਕੰਮਲ ਤੌਰ ਤੇ ਸੰਕੋਚ ਲਵੇ (ਆਪਨ ਆਪੁ, ਆਪਿ ਉਰਿਧਾਰੈ) ਤਾਂ ਤੁਸੀਂ ਹੀ ਦੱਸੋ ਕਿ ਮੰਦੇ ਚੰਗੇ ਮਹੂਰਤਾਂ ਦਾ ਖਿਆਲ ਕਿਥੋਂ ਉਪਜਣਾ ਹੈ। ਸ਼ਗਨ ਅਪਸ਼ਗਨ ਦਾ ਵਿਚਾਰ ਉਹ ਹੀ ਰਖਦੇ ਹਨ ਜੋ ਨਾਮ ਵਿਹੂਣੇ ਹਨ। ਜੋ ਵਾਹਿਗੁਰੂ ਤੋਂ ਇਲਾਵਾ ਹੋਰ ਕਿਸੇ ਦੀ ਸ਼ਕਤੀ ਨੂੰ ਮੰਨਦੇ ਹਨ । ਜੇ 'ਉਰ ਧਾਰੈ' ਤਾਂ ਫੁਰਨਾ ਤਕ ਨਹੀਂ ਫੁਰੇਗਾ। ਜਦ ਉਸ ਉੱਚ ਕਹੇ ਜਾਂਦੇ ਨੂੰ ਨੇੜੇ ਤੋਂ ਨੇੜੇ ਤੱਕ ਲਈਏ ਤਾਂ ਮਾਲਕ ਤੇ ਸੇਵਕ ਵਾਲੀ ਵਿੱਥ ਵਰਗੀ ਕੋਈ ਵਿਰਲ ਨਹੀਂ ਰਹਿੰਦੀ। ਪੂਜਾ ਦੀ ਥਾਂ ਪ੍ਰੇਮ ਲੈ ਜਾਂਦਾ ਹੈ । ਮਾਲਕੀ-ਸੇਵਕੀ, ਵਿਚ ਭੈ ਹੈ, ਅਦਬ ਨਹੀਂ। ਪੂਜਾ ਹੈ, ਪ੍ਰੇਮ ਨਹੀਂ ।

ਇਹ ਵਿਚਾਰਾਂ ਕਿ ਉਸ ਦੀ ਸ਼ਾਨ ਨਿਰਾਲੀ ਹੈ, ਉਹ ਹੀ ਸੂਝ ਦਾ ਮਾਲਕ ਹੈ, ਉਰਧਾਰਿਆਂ, ਸ਼ਗਨ-ਅਪਸ਼ਗਨ ਫਜ਼ੂਲ ਜਾਪਦੇ ਹਨ ਅਤੇ ਉਹ ਉੱਚੇ ਤੋਂ ਉੱਚਾ, ਨੇੜੇ ਤੋਂ ਨੇੜੇ ਦੇਖਿਆ ਜਾ ਸਕਦਾ ਹੈ, ਇਕ ਵਾਰ ਅਤਿ ਅਸਚਰਜਤਾ ਪੈਦਾ ਕਰਦੇ ਹਨ ਪਰ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਹੈਰਾਨ ਹੋਣ ਦੀ ਲੋੜ ਨਹੀਂ ਸਗੋਂ ਸਿਰਫ਼ ਇਹ ਆਖਣਾ ਬਣਦਾ ਹੈ ਕਿ ਆਪਣੇ ਬਾਰੇ ਕੇਵਲ ਉਹ ਹੀ ਜਾਣਦਾ ਹੈ। ਸਾਡਾ ਫਰਜ਼ ਤਾਂ ਨਿਰੋਲ ਇਹ ਹੈ ਕਿ ਉਸ ਵਿਚ ਸਮਾਈਏ। ੫।

**ਸ਼ਬਦ ਭਾਵ :**

**ਸੋਭਾ** : ਸ਼ਾਨ। (Splendour)

**ਸਰਬ ਕਲਾ** : ਸਭ ਵਿਦਿਆਵਾਂ, ਗਿਆਨ ਮਨੋ-ਸ਼ਕਤੀਆਂ ਦਾ ਮਾਲਕ। (All Faculties)

**ਪਰਬੀਨ** : ਚਤਰ। ਸਿਆਣਾ। (wise)

**ਚੀਨ** : ਅਧਿਐਨ। (Study)

**ਬੇਦ** : ਹਿੰਦੂਆਂ ਦੇ ਧਾਰਮਿਕ ਗ੍ਰੰਥ।

**ਕਤੇਬ** : ਕੁਰਾਨ ਆਦਿ ਪੱਛਮੀ ਪੁਸਤਕਾਂ।

**ਉਰਿ ਧਾਰੈ** : ਹਿਰਦੇ ਵਿਚ ਟਿਕਾਉਣਾ।

**ਸ਼ਗਨ** : ਖ਼ਿਆਲੀ ਚੰਗੇ ਪਲ ਅਤੇ ਮਹੂਰਤ। (So called good omen)

**ਅਪਸਗਨ** : ਮਾੜੇ ਮਹੂਰਤ।

**ਆਪਨ ਊਚ** : ਆਪ ਕਿਤਨਾ ਉੱਚਾ ਹੈ। ਜਿਸ ਤਕ ਸਾਡੀ ਪਹੁੰਚ ਨਹੀਂ।

**ਨੇਰਾ** : ਨੇੜੇ।

**ਬਿਸਮਨ** : ਅਸਚਰਜ।

**ਗਤਿ** : ਹਾਲਤ। ਦਸ਼ਾ। (State). ੫.

## ਛੇਵੀਂ ਪਉੜੀ

**ਜਹ ਅਛਲ ਅਛੇਦ ਅਭੇਦ ਸਮਾਇਆ ॥**
**ਊਹਾ ਕਿਸਹਿ ਬਿਆਪਤ ਮਾਇਆ ॥**


www.sikhbookclub.com

ਆਪਸ ਕਉ ਆਪਹਿ ਆਦੇਸੁ ॥
ਤਿਹ ਗੁਣ ਕਾ ਨਾਹੀ ਪਰਵੇਸੁ ॥
ਜਹ ਏਕਹਿ ਏਕ ਏਕ ਭਗਵੰਤਾ ॥
ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥
ਜਹ ਆਪਨ ਆਪੁ ਆਪਿ ਪਤੀਆਰਾ ॥
ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥
ਬਹੁ ਬੇਅੰਤ ਊਚ ਤੇ ਊਚਾ ॥
ਨਾਨਕ ਆਪਸ ਕਉ ਆਪਹਿ ਪਹੂਚਾ ॥ ੬ ॥

**ਵਿਸਥਾਰ**

ਜਿਸ ਪ੍ਰਭੂ ਨੂੰ ਕੋਈ ਛਲ ਨਹੀਂ ਸਕਦਾ, ਹਾਨੀ ਨਹੀਂ ਪਹੁੰਚਾ ਸਕਦਾ ਅਤੇ ਨਾ ਹੀ ਭੇਦ ਪਾ ਸਕਦਾ ਹੈ, ਐਸੇ ਵਾਹਿਗੁਰੂ ਵਿਚ ਜੇ ਕੋਈ ਸਮਾ ਜਾਏ ਤਾਂ ਤੁਸੀਂ ਦੱਸੋ, ਉਸ ਨੂੰ ਮਾਇਆ ਕਿਵੇਂ ਵਿਆਪੇਗੀ। ਇਹ ਖ਼ਿਆਲ ਕਿ ਮਾਇਆ ਵੱਡੀ ਬਲਵਾਨ ਤੇ ਜੀਵਾਂ ਤੇ ਹਾਵੀ ਹੋ ਸਕਦੀ ਹੈ, ਨੂੰ ਤੋੜ ਰਹੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਬੜੇ ਖ਼ੂਬਸੂਰਤ ਢੰਗ ਨਾਲ ਮਾਇਆ ਦਾ ਸੁਭਾਅ ਵੀ ਦੱਸ ਰਹੇ ਹਨ। ਮਾਇਆ ਨਿਰਾ ਛਲ ਹੈ, ਡੂੰਘਾ ਘਾਉ ਲਗਾਂਦੀ ਹੈ ਤੇ ਮਾਇਆ ਪ੍ਰਾਪਤ ਕਰਨ ਦਾ ਕੋਈ ਨਾ ਕੋਈ ਭੇਦ ਹੈ। ਜਿਵੇਂ ਆਮ ਬੋਲੀ ਵਿਚ ਕਹਿੰਦੇ ਹਨ ਕਿ ਮਾਇਆ ਕਮਾਉਣਾ ਇਕ ਕਸਬ ਹੈ। ਇਸ ਦੇ ਉਲਟ ਵਾਹਿਗੁਰੂ ਨੂੰ ਕਿਸੇ ਕਸਬ ਨਾਲ ਨਹੀਂ ਪਾਇਆ ਜਾ ਸਕਦਾ। ਜਦ ਕੇਵਲ ਵਾਹਿਗੁਰੂ ਦੇ ਹੀ ਗੁਣ ਗਾਏ ਜਾਣ, (ਆਪਸ ਕਉ ਆਪਹਿ ਆਦੇਸੁ) ਕਿਸੇ ਦੇਵੀ ਦੇਵਤੇ ਦੀ ਪੂਜਾ ਦਾ ਖ਼ਿਆਲ ਤਕ ਨਾ ਆਏ ਤਾਂ ਤਿੰਨਾਂ ਗੁਣਾਂ ਵਾਲੇ ਸੰਸਾਰ ਦਾ ਦਖ਼ਲ ਤਕ ਨਹੀਂ ਹੋ ਸਕਦਾ। ਇਹ ਤਿੰਨ ਗੁਣ (ਰਜੋ, ਤਮੋ, ਸਤੋ, ਵਿਤ, ਵਾਹ, ਲੋਕ) ਦਾ ਅਸਰ ਉਨ੍ਹਾਂ ਤੇ ਹੀ ਹੁੰਦਾ ਹੈ ਜੋ ਪ੍ਰਭੂ ਦੇ ਗੁਣ ਛੱਡ ਕੇ ਕਿਸੇ ਅਵਤਾਰ, ਦੇਵੀ ਜਾਂ ਦੇਵਾਂ ਦੀ ਪੂਜਾ ਕਰਦੇ ਹਨ। ਜਦ ਖ਼ੁਸ਼ੀਆਂ ਅਤੇ ਦਾਤਾਂ ਦੇਣ ਵਾਲਾ ਦਾਤਾਰ ਹੀ ਕੇਵਲ ਚਿੱਤ ਆਵੇ ਤਾਂ ਲਗਾਤਾਰ ਇਕੋ ਅਵਸਥਾ ਹੀ ਤਾਰੀ ਹੋ ਜਾਂਦੀ ਹੈ। ਨਾ ਦੁੱਖ ਸਤਾਂਦੇ ਹਨ ਤੇ ਨਾ ਆਏ ਸੁਖ ਅਫਰਾ ਪੈਦਾ ਕਰਦੇ ਹਨ। ਜਦ ਅਨੰਦ ਹੀ ਅਨੰਦ ਪਾਸ ਹੋਵੇ ਤਾਂ ਗ਼ਮੀ ਖ਼ੁਸ਼ੀ ਨਹੀਂ ਘੇਰੇਗੀ।

ਜਦ ਪ੍ਰਭੂ ਵਿਚ ਲੀਨ ਰਹੀਏ ਤਾਂ ਪੂਰਾ ਯਕੀਨ ਬੱਝਾ ਰਹਿੰਦਾ ਹੈ। ਭਰਮ ਨੇੜੇ ਨਹੀਂ ਆਉਂਦੇ ਅਤੇ ਨਾ ਹੀ ਲੋੜ ਭਾਸਦੀ ਹੈ ਕੋਈ ਰਮਾਇਣ, ਮਹਾਂਭਾਰਤ, ਗਰੁੜ ਪੁਰਾਣ ਦੀ ਕਥਾ ਸੁਣ ਯਕੀਨ ਪੱਕਾ ਕਰਨ ਲਈ। ਪ੍ਰਭੂ ਦੇ ਗੁਣ ਗਾਉਣ ਦਾ ਸਵਾਦ ਹੀ ਹੋਰ ਹੈ। ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ । ਊਚ ਤੋਂ ਵੀ ਉਹ ਊਚਾ ਹੈ। ਸੋ ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਤਕ ਪੁੱਜਣ ਲਈ ਐਸੇ ਜਤਨ ਕਿ ਪਹਿਲਾਂ ਮਾਇਆ ਤੇ ਕਾਬੂ ਪਾਇਆ ਜਾਏ, ਫਿਰ ਤਿੰਨ ਗੁਣਾਂ ਤੋਂ ਉੱਚਾ ਹੋਇਆ ਜਾਏ, ਬਾਨਪ੍ਰਸਤੀ ਬਣਿਆ ਜਾਏ ਜਾ ਪਾਠ ਰਖਾਏ ਜਾਣ ਦੀ ਲੋੜ ਨਹੀਂ ਹੈ। ਉਸ ਤਕ ਪਹੁੰਚ, ਉਸ ਰਾਹੀਂ ਹੋਣਾ ਹੈ ਅਤੇ ਉਹ ਰਾਹ ਹੈ: ਸਿਮਰਨ। ੬।


www.sikhbookclub.com

ਸ਼ਬਦ ਭਾਵ :

ਅਛਲ : ਜੋ ਛਲਿਆ ਨਾ ਜਾ ਸਕੇ ।
ਅਛੇਦ : ਜਿਸ ਨੂੰ ਵਿੰਨ੍ਹਿਆ ਨਾ ਜਾ ਸਕੇ ।
ਅਭੇਦ : ਜਿਸ ਦਾ ਰਹੱਸ ਭੇਦ ਨਾ ਪਾਇਆ ਜਾ ਸਕੇ ।
ਆਪਸ ਕਉ
ਆਪਹਿ ਆਦੇਸੁ : ਉਸ ਨੂੰ ਨਮਸਕਾਰ ਕਰਨਾ, ਉਸ ਦੇ ਗੁਣ ਗਾਉਣੇ ਹੀ ਹਨ ।
ਭਗਵੰਤਾ : ਖੁਸ਼ੀਆਂ ਦਾ ਦਾਤਾ । (Auspicious)
ਪਤੀਆਰਾ : ਪੂਰਨ ਤਸੱਲੀ । ਮੁਕੰਮਲ ਯਕੀਨ । (Convinced). ੬.

## ਸਤਵੀਂ ਪਉੜੀ

ਜਹ ਆਪਿ ਰਚਿਓ ਪਰਪੰਚੁ ਅਕਾਰੁ ॥
ਤਿਹ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥
ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥
ਅਨਿਕ ਪ੍ਰਕਾਰ ਕੀਓ ਬਖ੍ਯ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥ ੭ ॥

### ਵਿਸਥਾਰ

ਜਿਸ ਵੇਲੇ ਆਕਾਰ ਤੋਂ ਉੱਚਾ ਹੋਈਏ, ਸੰਸਾਰ ਦੂਰ ਦਿੱਸੇ ਤਾਂ ਕੈਸੀ ਅਵਸਥਾ ਹੁੰਦੀ ਹੈ, ਉਸ ਦਾ ਵਰਨਣ ਛੇ ਅਸ਼ਟਪਦੀਆਂ ਵਿਚ ਕਰ ਆਏ ਹਨ । ਹੁਣ ਦਸਦੇ ਹਨ ਕਿ ਜਦ ਆਕਾਰ ਦਾ ਹੀ ਧਿਆਨ ਰਵ੍ਹੇ, ਪਾਸਾਰੇ ਵਿਚ ਹੀ ਪਿਆ ਰਵ੍ਹੇ, ਜੋ ਉਸੇ ਨੇ ਹੀ ਰਚਿਆ ਹੈ ਉਸ ਵਿਚ ਹੀ ਖਚਿਤ ਰਵ੍ਹੇ ਤਾਂ ਫਿਰ ਤਿੰਨ ਗੁਣਾਂ (ਰਜੋ, ਤਮੋ, ਸਤੋ) ਦੀ ਵਿਆਖਿਆ ਵਿਚ ਹੀ ਲੱਗਾ ਰਹਿੰਦਾ ਹੈ, ਪ੍ਰਭੂ ਦਾ ਧਿਆਨ ਵਿਸਰ ਜਾਂਦਾ ਹੈ ।

ਆਕਾਰੀ-ਸੰਸਾਰੀ ਹੋਇਆ ਪਾਪ ਪੁੰਨ ਦੀਆਂ ਗੱਲਾਂ ਹੀ ਕਰਦਾ ਰਵ੍ਹੇਗਾ । ਪਹਿਲੀਆਂ ਅਸ਼ਟਪਦੀਆਂ ਵਿਚ ਕਹਿਆ ਸੀ ਜਦ ਆਕਾਰ ਤੋਂ ਉਤਾਂਹ ਹੋਈਏ ਤਾਂ ਪਾਪ ਪੁੰਨ ਦੀ ਗੱਲ ਕਿਥੇ ਹੁੰਦੀ ਹੈ । 'ਜਬ ਆਕਾਰ ਇਹੁ ਕਛੁ ਨ ਦ੍ਰਿਸਟੇਤਾ । ਪਾਪ ਪੁੰਨ ਤਬ ਕਹ ਤੇ ਹੋਤਾ' ਅਤੇ ਜਦ ਆਕਾਰੀ ਹੋ ਜਾਈਏ ਤਾਂ ਸਦਾ ਪਾਪ ਪੁੰਨ ਦੀ ਗੱਲ ਹੀ ਹੋਵੇਗੀ । ਕਾਮ ਹਾਵੀ ਹੋ ਜਾਵੇਗਾ । ਨਰਕ ਸੁਰਗ ਦੀ ਵਿਚਾਰ ਹੀ ਘੇਰੀ ਖਲੋਵੇਗੀ । ਸਿਮਰਨ ਕਰ ਹੀ ਨਹੀਂ ਸਕੇਗਾ ।

ਐਸਾ ਸੰਸਾਰ ਵਿਚ ਖਚਿਤ ਪੁਰਸ਼ ਸੁਰਗ ਨਰਕ ਦੀਆਂ ਵਿਚਾਰਾਂ ਵਿਚ ਪਿਆ ਹੋਇਆ ਮਾਇਆ ਦੇ ਝੇੜਿਆਂ ਵਿਚ ਐਸਾ ਫਸੇਗਾ ਕਿ ਬੰਧਨਾਂ (ਆਲ ਜਾਲ) ਵਿਚੋਂ

 www.sikhbookclub.com

ਨਿਕਲ ਹੀ ਨਹੀਂ ਸਕੇਗਾ ਤੇ ਤਣਾਉ-ਖਿਚਾਉ (ਭਾਰ) ਵਾਲਾ ਜੀਵਨ ਗੁਜ਼ਾਰੇਗਾ। ਹਉਮੈ ਸਤਾਏਗੀ, ਪਕੜ ਤੰਗ ਕਰੇਗੀ, ਭਰਮ ਭਟਕਾਉਣਗੇ ਤੇ ਡਰ ਘੇਰੀ ਰੱਖਣਗੇ। ਇਹ ਹਉਮੈ, ਮੋਹ, ਭਰਮ, ਭੈ ਹੀ (ਖਿੱਚਾਅ-ਸਟ੍ਰੈੱਸ) ਪੈਦਾ ਕਰਨ ਦਾ ਕਾਰਨ ਹਨ। ਨਿਰਾ ਆਕਾਰ ਹੀ ਦੇਖਣ ਵਾਲਾ ਦੁੱਖ ਸੁੱਖ ਤੋਂ ਉੱਚਾ ਹੋ ਹੀ ਨਹੀਂ ਸਕਦਾ। ਸੁੱਖ ਆਵੇ ਤਾਂ ਆਫ਼ਰ ਜਾਏਗਾ ਤੇ ਦੁੱਖ ਆਵੇ ਤਾਂ ਨਿੰਮੋਝੂਣਾ ਹੋ ਜਾਏਗਾ। ਮਾਣ ਮਿਲੇ ਤਾਂ ਹੰਕਾਰੀ ਅਤੇ ਜੇ ਹਉਂ ਨੂੰ ਠੇਸ ਲੱਗੇ ਤਾਂ ਲੋਹ-ਲਾਖਾ ਹੋ ਜਾਏਗਾ। ਕਈ ਮਾਨ-ਅਪਮਾਨ, ਸੁੱਖ-ਦੁੱਖ, ਹਉਮੈ, ਮੋਹ ਦੀਆਂ ਕਈ ਪ੍ਰਕਾਰ ਦੀਆਂ ਸੂਖਮ ਵਿਚਾਰਾਂ ਵਿਚ ਪਿਆ ਰਵ੍ਹੇਗਾ। ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਗੱਲ ਤਾਂ ਸਿਰਫ਼ ਇਕ ਹੀ ਸਮਝਣ ਦੀ ਲੋੜ ਹੈ ਕਿ ਇਹ ਸਾਰਾਂ ਆਕਾਰ ਵਾਲਾ ਖੇਲੁ ਉਸ ਨੇ ਹੀ ਰਚਿਆ ਹੈ ਤੇ ਉਹ ਹੀ ਸਭ ਜੀਵਾਂ ਨੂੰ ਖਿਡਵਾ ਰਿਹਾ ਹੈ ਅਤੇ ਜੋ ਉਸ ਦਾ ਖੇਲੁ ਸਮਝਦੇ ਸੰਸਾਰ ਵਿਚ ਵਿਚਰਦੇ ਹਨ, ਉਹ ਤਮਾਸ਼ਾ ਨਹੀਂ ਬਣਦੇ ਤੇ ਖੇਲੁ ਵਿਚ ਵੀ ਉਸ ਤੋਂ ਸਿਵਾ ਹੋਰ ਕਿਸੇ ਨੂੰ ਨਹੀਂ ਦੇਖਦੇ ਕਿਉਂਕਿ ਉਹ ਜਾਣ ਜਾਂਦੇ ਹਨ ਕਿ ਉਸ ਨੇ ਖੇਡ ਸਮੇਟ ਲਈ ਤਾਂ ਆਪ ਹੀ ਆਪ ਹੈ।੭।

**ਸ਼ਬਦ ਭਾਵ :**

- **ਪਰਪੰਚੁ** : ਦਿਸਦਾ ਜਗਤ। ਜਗਤ ਛਲਾਵਾ। (Delusion)
- **ਤਿਹ ਗੁਣ** : ਰਜੋ ਤਮੋ ਸਤੋ।
- **ਬਿਸਥਾਰੁ** : ਖਿਲਾਰਾ।
- **ਕਹਾਵਤ** : ਗੱਲ। ਵਿਚਾਰਾਂ। (Considerations)
- **ਬੰਛਾਵਤ** : ਰੁਝਾਣ। ਰੁਚੀ।
- **ਆਲ ਜਾਲ** ; ਝੇੜੇ। (Complication)
- **ਜੰਜਾਲ** : ਸੰਘਣਾ ਜਾਲ।
- **ਭਾਰ** : ਤਣਾਉ, ਖਿਚਾਉ। (Stress)
- **ਅਨਿਕ ਪ੍ਰਕਾਰ** : ਕਈ ਢੰਗਾਂ ਨਾਲ।
- **ਬਖ੍ਯਾਨ** : ਬਿਆਨ ਕਰਨਾ। ਘੁੰਡਰਾਂ ਕੱਢਣੀਆਂ।
- **ਸੰਕੋਚੈ** : ਸਮੇਟ ਲੈਣਾ। (Gathered). ੭.

## ਅਠਵੀਂ ਪਉੜੀ

**ਜਹ ਅਬਿਗਤੁ ਭਗਤੁ ਤਹ ਆਪਿ ॥
ਜਹ ਪਸਰੈ ਪਾਸਾਰੁ, ਸੰਤ ਪਰਤਾਪਿ ॥
ਦੁਹੂ ਪਾਖ ਕਾ ਆਪਹਿ ਧਨੀ ॥
ਉਨ ਕੀ ਸੋਭਾ ਉਨਹੂ ਬਨੀ ॥
ਆਪਹਿ ਕਉਤਕ ਕਰੈ ਅਨਦ ਚੋਜ ॥
ਆਪਹਿ ਰਸ ਭੋਗਨ ਨਿਰਜੋਗ ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥**

 www.sikhbookclub.com

**ਬੇਸੁਮਾਰ ਅਥਾਹ ਅਗਨਤ ਅਤੋਲੈ ॥**
**ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ ੮ ॥ ੨੧ ॥**

**ਵਿਸਥਾਰ** ਹਰ ਪ੍ਰਕਾਰ ਦੀ ਆਕਾਰ ਦੀ ਪੂਜਾ ਤੋਂ ਵਰਜ ਰਹੇ ਹਨ ਅਤੇ ਕਹਿੰਦੇ ਹਨ ਕਿ ਭਗਤੀ ਤਾਂ ਹੈ ਹੀ ਆਕਾਰ ਰਹਿਤ (ਅਬਿਗਤੁ) ਦੀ ਅਤੇ ਜੋ ਇਸ ਤੱਤ ਨੂੰ ਜਾਣ ਜਾਂਦਾ ਹੈ ਉਹ ਸੰਤ ਇਸ ਦਿਸਦੇ ਸੰਸਾਰ ਨੂੰ ਵਾਹਿਗੁਰੂ ਦੀ ਮਹੱਤਤਾ ਦਰਸਾਉਣ ਦਾ ਰੂਪ ਤੱਕਦਾ ਹੈ। ਸੰਸਾਰ ਦੀ ਤੜਕ ਭੜਕ ਵਿਚ ਨਾ ਫਸ ਕੇ ਸੰਤ ਲੋਕ ਉਸ ਪਿਛੇ ਵਾਹਿਗੁਰੂ ਦੇ ਪਰਤਾਪ ਵਲ ਧਿਆਨ ਜੋੜਦੇ ਹਨ। ਸਿਰਫ਼ ਸੰਤ ਤੇ ਭਗਤ ਹੀ ਜਾਣਦੇ ਹਨ ਕਿ ਇਸ ਦਿਸਦੇ ਜਗਤ ਤੇ ਅਦ੍ਰਿਸ਼ਟ ਪ੍ਰਤਾਪ ਦਾ ਮਾਲਕ ਉਹ ਆਪ ਹੀ ਹੈ। ਇਸ ਲਈ ਵਾਹਿਗੁਰੂ ਦੀ ਕਿਤਨੀ ਸ਼ਾਨ ਹੈ, ਉਹ ਆਪ ਹੀ ਜਾਣਦਾ ਹੈ। ਕੋਈ ਦੂਜਾ ਜਾਣ ਦੱਸ ਨਹੀਂ ਸਕਦਾ। ਇਹ ਅਚਰਜਮਈ ਖੇਡ ਕਿ ਉਹ ਦਿਸਦਾ ਵੀ ਨਹੀਂ ਤੇ ਜ਼ਾਹਿਰ ਵੀ ਹੈ, ਆਪ ਹੀ ਖਿੱਚ ਪਾਉਂਦੇ ਚਮਤਕਾਰ ਕਰੀ ਜਾਂਦਾ ਹੈ। ਇਕ ਹੀ ਅਨੰਦ ਦੇਣ ਵਾਲਾ ਚੋਜ ਤੱਕੋ ਕਿ ਉਹ ਜੀਵਾਂ ਰਾਹੀਂ ਵਿਚਰ ਵੀ ਰਹਿਆ ਹੈ ਅਤੇ ਫਿਰ ਬਿਲਕੁਲ ਅਲਹਿਦਾ (ਨਿਰਜੋਗ) ਵੀ ਹੈ।

ਇਹ ਹੀ ਕਹਿਣਾ ਬਣਦਾ ਹੈ ਕਿ ਇਹ ਉਸ ਦੀ ਮਰਜ਼ੀ ਹੈ ਕਿਸੇ ਨੂੰ ਸੰਸਾਰ ਤੋਂ ਉੱਚਾ ਕਰ ਅਬਿਗਤ ਭਗਤੀ ਦੇ ਆਪਣੀ ਹਜ਼ੂਰੀ ਦਾ ਪ੍ਰਕਾਸ਼ ਕਰ ਦੇਵੇ ਤੇ ਕਿਸੇ ਨੂੰ ਸੰਸਾਰ ਦਾ ਨਿਰਾ ਜਲੌ (ਪਰਤਾਪ) ਦਿਖਾ ਸੰਸਾਰ ਦੀਆਂ ਖੇਡਾਂ ਵਿਚ ਪਾ ਦੇਵੇ। ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਠੀਕ ਗੱਲ ਇਹ ਹੈ ਕਿ ਵਾਹਿਗੁਰੂ ਦਾ ਕੋਈ ਅੰਦਾਜ਼ਾ ਲਗਾ ਹੀ ਨਹੀਂ ਸਕਦਾ। ਸੋ ਜੋ ਕੁਝ ਉਸ ਬਾਰੇ ਕਿਹਾ ਹੈ, ਇਹ ਉਸ ਦੀ ਬਖ਼ਸ਼ੀ ਦਿੱਤੀ ਸੂਝ ਮੁਤਾਬਕ ਹੀ ਹੈ। ਨਹੀਂ ਤਾਂ ਮੇਰੀ ਕੀ ਪਾਇਆਂ ਹੈ ਕਿ ਕੁਛ ਆਖ ਸਕਾਂ। ੮। ੨੧।

**ਸ਼ਬਦ ਭਾਵ :**

**ਅਬਿਗਤੁ** : ਅਵਿਯਕਤ। ਦਿਸਦੇ ਸੰਸਾਰ ਤੋਂ ਉੱਚਾ। ਅਦ੍ਰਿਸ਼ਟ। (Formless Essence)

**ਪਰਤਾਪਿ** : ਜਲਵਾ, ਜਲੌ, ਸ਼ਾਨ। (Glory)

**ਪਾਖ** : ਪੱਖ।

**ਧਨੀ** : ਮਾਲਕ।

**ਉਨ ਕੀ ਸੋਭਾ ਉਨਹੂ ਬਨੀ** : ਉਸ ਦੀ ਜੋ ਸ਼ਾਨ ਹੈ ਉਸ ਬਾਰੇ ਉਹ ਹੀ ਜਾਣਦਾ ਹੈ।

**ਕਉਤਕ** : ਚਮਤਕਾਰ।

**ਅਨਦ** : ਦਿਲ ਲੁਭਾਉਣੇ। (Playful)

**ਨਿਰਜੋਗ** : ਵੱਖ ਰਹਿਣਾ। (Unattached)

**ਅਥਾਹ** : ਜਿਸਦਾ ਥਾਹ ਨਾ ਪਾਇਆ ਜਾ ਸਕੇ। ਅਤਿ ਡੂੰਘਾ। ਗਹਿਰ ਗੰਭੀਰ। ੮। ੨੧।

 www.sikhbookclub.com

## ਬਾਈਵੀਂ ਅਸ਼ਟਪਦੀ

***ਬਾਈਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਅਬਿਗਤ ਭਗਤੀ ਵਾਲਾ, ਅੱਲਾਹ ਦੀ 'ਨਿਰਾਲੀ ਭਗਤੀ' ਕਰਨ ਵਾਲਾ ਉਸ ਥਾਂ ਪੁੱਜ ਗਿਆ ਹੈ ਕਿ ਹਰ ਇਕ ਵਿਚ ਉਸ ਦਾ ਹੀ ਚਮਤਕਾਰ ਤੱਕਦਾ ਹੈ ਅਤੇ ਪਸਾਰੇ ਵਿਚ ਉਸ ਨੂੰ ਹੀ ਦੇਖਦਾ ਹੈ।

ਹੁਣ ਨਿਰਗੁਣ ਜਾਂ ਸਰਗੁਣ ਦੀਆਂ ਨਿਗੂਣੀਆਂ ਵਿਚਾਰਾਂ ਵਿਚ ਪੈ ਸਮਾਂ ਜ਼ਾਇਆ ਨਹੀਂ ਕਰਦਾ ਸਗੋਂ ਹਰ ਸਮੇਂ ਗੁਰੂ ਸ਼ਬਦ ਰਾਹੀਂ ਸਾਧ ਸੰਗਤ ਵਿਚ ਵਿਚਰਦਾ ਹੈ।

ਉਸੇ ਨੂੰ ਸਹੀ ਗਿਆਨ ਵੇਤਾ, ਤੱਤ ਗਿਆਤਾ ਜਾਣੋ ਜਿਸ ਨੇ ਉਸ ਦੀ ਰਚਨਾ ਵਿਚ ਵਿਖੇਵੇਂ ਨਹੀਂ ਪਾਏ। ਸਭ ਦਾ ਮਾਲਕ ਪ੍ਰਭੂ ਨੂੰ ਜਾਣਿਆ ਹੈ ਤੇ ਸਦਾ ਵਾਹਿਗੁਰੂ ਤੋਂ ਸਦਕੇ ਜਾਂਦਾ ਹੈ। ਉਸੇ ਨੂੰ ਜੀਆਂ ਦਾ ਦਾਤਾ ਗਿਣਦਾ ਹੈ ਤੇ ਕੁਝ ਵੀ ਹੋਵੇ ਵਿਸ਼ਵਾਸ ਨੂੰ ਡੋਲਣ ਨਹੀਂ ਦੇਂਦਾ। ਸੇਵਕੀ ਭਾਵ ਵਿਚ ਰਹਿੰਦਾ ਹੈ। ਹੁਕਮ ਵਿਚ ਟੁਰਦਾ ਹੈ। ਪੂਰੀ ਨਿੰਮ੍ਰਤਾ ਧਾਰੀ ਹੁੰਦੀ ਸੂ। (ਪੂਜਹਿ ਗੁਰ ਕੈ ਪੈਰ) ਅਤੇ ਵੈਰ-ਵਿਰੋਧ ਰਹਿਤ ਹੁੰਦਾ ਹੈ। ਨਿੰਮ੍ਰਤਾਧਾਰੀ ਪੁਰਸ਼ ਇਥੇ ਵੀ ਸੁੱਖ ਪਾਂਦਾ ਹੈ ਤੇ ਇਥੋਂ ਜਾਣ ਵੇਲੇ ਦੁਖੀ ਨਹੀਂ ਹੁੰਦਾ ਤੇ ਅਗੇ ਠੇਡੇ ਨਹੀਂ ਖਾਂਦਾ। ਨਿੰਮ੍ਰਤਾ ਨਾ ਗਵਾਚੇ ਸੋ ਸੰਗਤ ਵਿਚ ਜਾ ਕੇ ਬਾਣੀ ਰਾਹੀਂ ਗੁਣ ਗਾਂਦਾ ਰਹਿੰਦਾ ਹੈ ਤੇ ਸਮਝਦਾ ਹੈ ਕਿ ਸੁਆਸਾਂ ਨੂੰ ਸਫਲ ਕਰਨ ਦਾ ਇਹ ਹੀ ਢੰਗ ਹੈ। (ਪ੍ਰਾਨ ਤਰਨ ਕਾ ਇਹੈ ਸੁਆਉ)। ਇਸ ਤਰ੍ਹਾਂ ਪ੍ਰਭੂ ਨੂੰ ਨੇੜੇ ਦੇਖਦਾ ਹੈ ਤੇ ਮਾੜੇ ਪਾਸੇ ਪੈਂਦਾ ਹੀ ਨਹੀਂ। ਕਥਨੀ ਕਰਣੀ ਇਕ ਹੋ ਜਾਂਦੀ ਹੈ। ਝੂਠ ਸੱਚ ਪਰਖਣ ਦੀ ਜਾਚ ਆ ਜਾਂਦੀ ਹੈ ਅਤੇ ਲਿਵ ਨਹੀਂ ਟੁੱਟਦੀ। ਦੁੱਖ ਦੂਰ ਹੋ ਜਾਂਦੇ ਹਨ। ਉਸ ਨੂੰ ਪੱਕਾ ਯਕੀਨ ਹੋ ਜਾਂਦਾ ਹੈ ਕਿ ਉਸ ਤੋਂ ਦੂਰ ਭੱਜ ਕੇ ਇਹ ਮਨੁੱਖ ਜਾ ਕਿਥੇ ਸਕਦਾ ਹੈ। ਵਾਹਿਗੁਰੂ ਦੀਆਂ ਅੱਖਾਂ ਤੋਂ ਕੁਝ ਓਹਲੇ ਨਹੀਂ। ਸੋ ਵਾਹਿਗੁਰੂ ਨੇੜੇ ਹੀ ਹੋਣਾ ਚਾਹੀਦਾ ਹੈ ਤੇ ਨੇੜੇ ਹੋਇਆਂ ਚਿੰਤਾ ਜਾਂਦੀ ਹੈ। ਹੰਕਾਰ ਜ਼ੋਰ ਨਹੀਂ ਫੜਦੇ। ਪ੍ਰਭੂ ਨੇੜੇ ਰਹਿਆਂ ਦੀ ਸ਼ੋਭਾ ਵੀ ਬਹੁਤ ਹੁੰਦੀ ਹੈ। ਐਸੇ ਵਾਹਿਗੁਰੂ ਦੀ ਦ੍ਰਿਸ਼ਟੀ ਪੈ ਜਾਏ ਤਾਂ ਠੰਢ ਮਿਲਦੀ ਹੈ ਅਤੇ ਲਗਾਤਾਰ ਜਪਦੇ ਰਹਿਆਂ ਮੱਤ ਕਦੇ ਡੋਲਦੀ ਨਹੀਂ। ਮਿਲ ਜਾਏ ਤਾਂ ਅਮਰਪਦ ਪ੍ਰਾਪਤ ਹੋ ਜਾਂਦਾ ਹੈ। ਇਹ ਦਾਤਾਂ ਮਿਲਦੀਆਂ ਸਾਧ ਸੰਗਤ ਵਿਚ ਜਾ ਪ੍ਰਭੂ ਦੇ ਗੁਣ ਗਾਇਆਂ ਹੀ ਹਨ।

### ਸਲੋਕੁ ॥

**ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥**
**ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥ ੧ ॥**

### ਵਿਸਥਾਰ

ਤੁਸੀਂ ਹੀ ਸਾਰੀ ਕਾਇਨਾਤ, ਇਨਸਾਨਾਂ, ਪਸ਼ੂ, ਪੰਛੀਆਂ ਦੇ ਜੀਵਨ ਦਾਤਾ ਤੇ ਮਾਲਕ ਹੋ ਅਤੇ ਤੁਹਾਡੀ ਹੀ ਸੱਤਾ ਹਰ ਇਕ ਵਿਚ ਕੰਮ ਕਰ ਰਹੀ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਤੁਸਾਂ ਹੀ ਇਹ ਦ੍ਰਿਸ਼ਟੀ ਦਿੱਤੀ ਹੈ ਅਤੇ ਹੁਣ ਹਰ ਇਕ ਵਿਚ ਤੁਸੀਂ ਹੀ ਦਿਸਦੇ ਹੋ ਅਤੇ ਹੋਰ ਕੋਈ ਨਜ਼ਰੀਂ ਨਹੀਂ ਆਉਂਦਾ ।੧।

 www.sikhbookclub.com

ਸ਼ਬਦ ਭਾਵ :

ਜੀਅ ਜੰਤ : ਸਾਰੀ ਕਾਇਨਾਤ ਜੋ ਪ੍ਰਭੂ ਨੇ ਪੈਦਾ ਕੀਤੀ ਹੈ । (Created beings)
ਠਾਕੁਰਾ : ਮਾਲਕ ।
ਵਰਤਣਹਾਰ : ਕ੍ਰਿਆਸ਼ੀਲ । (Moving)
ਪਸਰਿਆ : ਮੌਜੂਦ । ਪ੍ਰਗਟ । ਖਿਲਰੀ । (Manifest)
ਦ੍ਰਿਸਟਾਰ : ਵੇਖਣ । (Visible). ੧ ।

ਪਹਿਲੀ ਪਉੜੀ

ਆਪਿ ਕਥੈ ਆਪਿ ਸੁਨਨੈਹਾਰੁ ॥
ਆਪਹਿ ਏਕੁ ਆਪਿ ਬਿਸਥਾਰੁ ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥
ਆਪਨੈ ਭਾਣੈ ਲਏ ਸਮਾਏ ॥
ਤੁਮ ਤੇ ਭਿੰਨ ਨਹੀ ਕਿਛੁ ਹੋਇ ॥
ਆਪਨ ਸੂਤਿ ਸਭੁ ਜਗਤੁ ਪਰੋਇ ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥
ਸਚੁ ਨਾਮੁ ਸੋਈ ਜਨੁ ਪਾਏ ॥
ਸੋ ਸਮਦਰਸੀ ਤਤ ਕਾ ਬੇਤਾ ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ੧ ॥

SIKHBOOKCLUB.COM

## ਵਿਸਥਾਰ

ਜਦ ਉਸ ਦੀ ਮਿਹਰ ਸਦਕਾ ਇਤਨੀ ਤੱਕਣੀ ਮਿਲ ਗਈ ਕਿ ਉਸ ਤੋਂ ਬਗੈਰ ਹੋਰ ਕੁਝ ਦਿੱਸੇ ਹੀ ਨਾਂਹ ਤਾਂ ਉਸ ਵੇਲੇ ਐਸੀ ਅਵਸਥਾ ਮਿਲ ਜਾਂਦੀ ਹੈ ਕਿ ਮਹਿਸੂਸ ਹੁੰਦਾ ਹੈ ਕਿ ਉਹ ਹੀ ਬੋਲਣ ਵਾਲਾ ਹੈ ਅਤੇ ਉਹ ਹੀ ਦੂਜੇ ਵਿਚ ਸੁਣਨ ਵਾਲਾ ਹੈ । ਬੜੀ ਸੁਚੇਤੀ ਦੀ ਲੋੜ ਹੁੰਦੀ ਹੈ ਅਗਲੇ ਤੱਕ ਗੱਲ ਪਹੁੰਚਾਣ ਲਈ ਪਰ ਫਿਰ ਵੀ ਜੇ ਅਗਲਾ ਨਹੀਂ ਸਮਝਦਾ ਤਾਂ ਘਬਰਾ ਨਹੀਂ ਜਾਣਾ ਕਿਉਂਕਿ ਇਹ ਵੀ ਉਸ ਦੀ ਖੇਡ ਦਾ ਹਿੱਸਾ ਹੈ । ਇਹ ਜੋ ਵੰਨ ਸੁਵੰਨਤਾ ਤੇ ਭਿੰਨਤਾ ਨਜ਼ਰ ਆ ਰਹੀ ਹੈ, ਅਸਲ ਵਿਚ ਹੈ ਨਹੀਂ, ਉਸੇ ਦਾ ਵਿਸਥਾਰ ਹੈ । **"ਭਿੰਨਤਾ ਵਿਚ ਵੀ ਏਕਤਾ ਰੱਖੀ ਜਾ ਸਕਦੀ ਹੈ"** ਦੇ ਸਿਧਾਂਤ ਵੱਲ ਵੀ ਧਿਆਨ ਦਿਲਵਾ ਰਹੇ ਹਨ । ਉਸ ਦਾ ਜਦ ਜੀਅ ਹੁੰਦਾ ਹੈ, ਰਚਨਾ ਕਰ ਲੈਂਦਾ ਹੈ ਤੇ ਜਦ ਇੱਛਾ ਹੁੰਦੀ ਹੈ ਸਮੇਟ ਲੈਂਦਾ ਹੈ । ਸੋ ਜਗਤ ਵਿਚ ਵਿਚਰਦੇ ਵੀ ਇਕ ਨੂੰ ਹੀ ਤੱਕੋ ਕਿਉਂਕਿ ਆਖਰ ਜੂ ਇਕ ਨੇ ਰਹਿਣਾ ਹੈ । ਹੋਰ ਸ਼ੈਆਂ ਵੱਲ ਧਿਆਨ ਦਿੱਤਿਆਂ ਬ੍ਰਿਤੀ ਉਖੜਦੀ ਹੈ ।

ਤੁਹਾਡੀ ਮਿਹਰ ਸਦਕਾ ਇਤਨੀ ਸੂਝ ਵੀ ਮਿਲ ਗਈ ਹੈ ਪ੍ਰਭੂ ਕਿ ਤੁਹਾਡੇ ਬਿਨਾਂ ਕੁਝ ਵੀ ਵਾਪਰ ਨਹੀਂ ਸਕਦਾ । ਕਿਉਂਕਿ ਸਾਰੀ ਸ੍ਰਿਸ਼ਟੀ ਨੂੰ ਤੁਸਾਂ ਨੇ ਹੀ ਸੂਤਰ ਵਿਚ ਬੰਨ੍ਹਿਆ ਹੋਇਆ ਹੈ । ਜਿਸ ਨੂੰ ਪ੍ਰਭੂ ਜੀ ਤੁਸੀਂ ਇਹ ਸੋਝੀ ਦੇ ਦੇਵੋ ਕਿ ਤੁਹਾਡੇ ਬਗੈਰ ਹੋਰ ਕੁਝ ਨਹੀਂ ਹੈ, ਉਹ ਹੀ ਆਪ ਜੀ ਦੀ ਪ੍ਰਤੱਖ ਹਜ਼ੂਰੀ (ਸਚੁ ਨਾਮੁ) ਦਾ ਅਨੰਦ ਪਾ ਲੈਂਦਾ ਹੈ । ਨਾਮ ਦੀ ਪ੍ਰਾਪਤੀ ਦਾ ਇਕ ਹੋਰ ਸੁਖਾਲਾ ਰਾਹ ਦੱਸ ਰਹੇ ਹਨ ਕਿ ਉਸ ਤੋਂ

ਬਗ਼ੈਰ ਹੋਰ ਕੁਝ ਨਹੀਂ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਨ ਨਾਲ ਨਾਮ ਦੀ ਦਾਤ ਮਿਲ ਜਾਂਦੀ ਹੈ। ਜਿਸ ਨੂੰ ਇਹ ਮੁਢਲੀ ਸੱਚਾਈ ਕਿ ਉਸ ਤੋਂ ਭਿੰਨ ਹੋਰ ਕੁਝ ਨਹੀਂ, ਹਰ ਵਿਚ ਇਕ ਉਹ ਹੀ ਹੈ (ਸਮਦਰਸੀ) ਮਿਲ ਜਾਏ ਤਾਂ ਗੁਰੂ ਨਾਨਕ ਦੀ ਛਾਪ ਲਗਾ ਕੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਐਸੀ ਦ੍ਰਿਸ਼ਟੀ ਪਾਉਣ ਵਾਲੇ ਨੂੰ ਜਾਣੋ ਕਿ ਉਸ ਸ੍ਰਿਸ਼ਟੀ ਜਿੱਤ ਲਈ। ਇਹ ਦੁਬਿਧਾ ਕਿ ਉਸ ਤੋਂ ਬਗ਼ੈਰ ਕੋਈ ਮਾਇਆ ਜਾਂ ਵਜੂਦ ਹੈ, ਹਟਣ ਨਾਲ ਹੀ ਸਾਰੀ ਸ੍ਰਿਸ਼ਟੀ ਦਾ ਮਾਲਕ ਹੋ ਜਾਂਦਾ ਹੈ। ਜਗਤ ਹਾਵੀ ਨਹੀਂ ਹੋ ਸਕਦਾ ਕਿਉਂਕਿ ਪ੍ਰਭੂ ਤੋਂ ਬਾਹਰ ਉਸ ਦੀ ਨਜ਼ਰ ਹੋਰ ਲਾਂਭੇ ਜਾਂਦੀ ਹੀ ਨਹੀਂ।੧।

**ਸ਼ਬਦ ਭਾਵ :**

- **ਸੁਨਨੈਹਾਰੁ :** ਸੁਣਨ ਵਾਲਾ। (Listener)
- **ਬਿਸਥਾਰੁ :** ਪਸਾਰਾ।
- **ਸਮਾਏ :** ਸਮੇਟਣਾ।
- **ਭਿੰਨ :** ਅਲੱਗ।
- **ਸੂਤਿ :** ਧਾਗੇ ਵਿਚ।
- **ਬੁਝਾਏ :** ਸੂਝ ਦੇਵੇ।
- **ਸਚੁ ਨਾਮੁ :** ਪ੍ਰਤੱਖ ਦਰਸ਼ਨ।
- **ਸਮਦਰਸੀ :** ਹਰ ਇਕ ਵਿਚ ਉਸ ਨੂੰ ਹੀ ਦੇਖਣ ਵਾਲਾ।
- **ਤਤ ਕਾ ਬੇਤਾ :** ਮੁਢਲੀ ਸੱਚਾਈ ਨੂੰ ਜਾਣਨ ਵਾਲਾ (Realiser of Fundamental Fact)
- **ਜੇਤਾ :** ਜੇਤੂ।੧।

## ਦੂਜੀ ਪਉੜੀ

ਜੀਅ ਜੰਤ੍ਰ ਸਭ ਤਾ ਕੈ ਹਾਥ ॥
ਦੀਨ ਦਇਆਲ ਅਨਾਥ ਕੋ ਨਾਥੁ ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥
ਸੋ ਮੂਆ ਜਿਸੁ ਮਨਹੁ ਬਿਸਾਰੈ ॥
ਤਿਸੁ ਤਜਿ ਅਵਰ ਕਹਾ ਕੋ ਜਾਇ ॥
ਸਭ ਸਿਰਿ ਏਕੁ ਨਿਰੰਜਨ ਰਾਇ ॥
ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥
ਅੰਤਰਿ ਬਾਹਰਿ ਜਾਨਹੁ ਸਾਥਿ ॥
ਗੁਨ ਨਿਧਾਨ ਬੇਅੰਤ ਅਪਾਰ ॥
ਨਾਨਕ ਦਾਸ ਸਦਾ ਬਲਿਹਾਰ ॥ ੨ ॥

**ਵਿਸਥਾਰ**

ਹਰ ਜੀਵ ਤੇ ਜੰਤ ਦਾ ਜੀਣਾ ਮਰਨਾ ਉਸ ਦੇ ਹੀ ਹੱਥ ਹੈ। ਬੁੜਿਆਂ ਲਈ ਪ੍ਰਭੂ ਦਇਆਲੂ ਅਤੇ ਜਿਸ ਦਾ ਕੋਈ ਨਹੀਂ, ਉਸ ਦੀ ਸੰਭਾਲ ਕਰਨ ਵਾਲਾ ਹੈ। ਬੇਸਹਾਰਿਆਂ ਦਾ ਸਹਾਰਾ ਹੈ।

 www.sikhbookclub.com

ਜਿਸ ਨੂੰ ਉਹ ਆਪਣੀ ਰਖਿਆ ਵਿਚ ਲੈ ਲਵੇ, ਉਸ ਨੂੰ ਕੌਣ ਮਾਰ ਸਕਦਾ ਹੈ। ਅਸਲ ਵਿਚ ਮੋਇਆ ਉਸ ਨੂੰ ਜਾਣੋ ਜਿਸ ਨੂੰ ਵਾਹਿਗੁਰੂ ਵਿਸਾਰ ਦੇਵੇ । ਜ਼ਿੰਦਗੀ ਸਿਮਰਨ ਵਿਚ ਹੈ ।

ਇਹ ਤਾਂ ਭਲਾ ਕੋਈ ਦੱਸੇ ਕਿ ਉਸ ਨੂੰ ਵਿਸਾਰ ਤੇ ਛੱਡ ਕਿਸ ਦਾ ਸਹਾਰਾ ਕੋਈ ਤਕ ਸਕਦਾ ਹੈ ਕਿਉਂਕਿ ਇਕ ਪ੍ਰਮਾਤਮਾ ਹੀ ਐਸਾ ਹੈ ਜੋ ਮਾਇਆ ਦੇ ਪ੍ਰਭਾਵ ਤੋਂ ਉਤਾਂਹ ਹੈ। ਉਹ ਹੀ ਸਹਾਰਾ ਦੇ ਸਕਦਾ ਹੈ ਜਿਸ ਨੂੰ ਆਪ ਮਾਇਆ ਦੀ ਪਕੜ ਨਾ ਹੋਵੇ। ਇਕ ਹੋਰ ਗੱਲ, ਜੀਵਨ ਕਿਵੇਂ ਟੁਰਦਾ ਹੈ । ਇਸ ਦਾ ਭੇਦ ਉਸ ਵਾਹਿਗੁਰੂ ਪਾਸ ਹੀ ਹੈ। ਸੋ ਸਿਮਰਨ ਕਰਦਿਆਂ ਦਿੱਸ ਆਏਗਾ ਕਿ ਅੰਦਰ-ਬਾਹਰ, ਜਿੰਦ-ਜਾਨ, ਹਰ ਥਾਂ ਸਹੀ ਸਾਥੀ ਉਹ ਹੀ ਹੈ। ਉਹ ਹੀ ਹੈ ਗੁਣਾਂ ਦਾ ਖ਼ਜ਼ਾਨਾ, ਅਥਾਹ, ਲਾਇੰਤਹਾ ਅਤੇ ਜਿਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਸੋ ਨਿਮ੍ਰਤਾ ਦੀ ਮੂਰਤ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਅਸੀਂ ਤਾਂ ਸਿਰਫ਼ ਕੁਰਬਾਨ ਹੀ ਜਾ ਸਕਦੇ ਹਾਂ । ਜਦ ਕਿਸੇ ਬਾਰੇ ਕੁਝ ਨਾ ਜਾਣ ਸਕੀਏ ਤਾਂ ਕੇਵਲ ਬਲਿਹਾਰੀ ਹੀ ਜਾਇਆ ਜਾ ਸਕਦਾ ਹੈ। ੨।

*ਸ਼ਬਦ ਭਾਵ :*

**ਜੀਅ** : ਮਨੁੱਖ।

**ਜੰਤ੍ਰ** : ਪਸ਼ੂ-ਪੰਛੀ।

**ਜੀਅ-ਜੰਤ** : ਸਭ ਕਾਇਨਾਤ। ਸਮੁੱਚੀ ਰਚਨਾ। (All creatures)

**ਦੀਨ** : ਗ਼ਰੀਬ।

**ਅਨਾਥ** : ਜਿਸ ਦਾ ਕੋਈ ਨਾ ਹੋਵੇ। (Helpless)

**ਤਜਿ** : ਛੱਡ ਕੇ ।

**ਨਿਰੰਜਨ ਰਾਇ** : ਐਸਾ ਰਾਜਾ ਜੋ ਮਾਇਆ ਦੀ ਪਕੜ ਵਿਚ ਨਹੀਂ।

**ਜੀਅ ਕੀ ਜੁਗਤਿ** : ਸਮੁਚੀ ਰਚਨਾ ਨੂੰ ਚਲਾਉਣ ਦਾ ਭੇਦ । (Scheme of the creation)

**ਅੰਤਰਿ ਬਾਹਰਿ** : ਜੀਂਦੇ ਤੇ ਜੀਵਨ ਉਪ੍ਰੰਤ। ਹਰ ਸਮੇਂ।

**ਗੁਨ ਨਿਧਾਨ** : ਗੁਣਾਂ ਦਾ ਖ਼ਜ਼ਾਨਾ। ੨।

## *ਤੀਜੀ ਪਉੜੀ*

**ਪੂਰਨ ਪੂਰਿ ਰਹੇ ਦਇਆਲ ॥
ਸਭ ਊਪਰਿ ਹੋਵਤ ਕਿਰਪਾਲ ॥
ਅਪਨੇ ਕਰਤਬ ਜਾਨੈ ਆਪਿ ॥
ਅੰਤਰਜਾਮੀ ਰਹਿਓ ਬਿਆਪਿ ॥
ਪ੍ਰਤਿਪਾਲੈ ਜੀਅਨ ਬਹੁ ਭਾਤਿ ॥
ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥**

 www.sikhbookclub.com

ਜਿਸ ਭਾਵੈ ਤਿਸੁ ਲਏ ਮਿਲਾਇ ॥
ਭਗਤ ਕਰਹਿ ਹਰਿ ਕੇ ਗੁਣ ਗਾਇ ॥
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥
ਕਰਨਹਾਰੁ ਨਾਨਕ ਇਕੁ ਜਾਨਿਆ ॥ ੩ ॥

**ਵਿਸਥਾਰ**

ਵਾਹਿਗੁਰੂ ਪੂਰਨ ਦਿਆਲੂ ਹੈ ਤੇ ਹਰ ਇਕ ਤੇ ਦਇਆ ਦੀ ਦ੍ਰਿਸ਼ਟੀ ਪਾ ਰਹਿਆ ਹੈ। ਉਸ ਦੀ ਦਇਆ ਤੋਂ ਕੋਈ ਵਾਂਝਾ ਨਹੀਂ। ਦਇਆ ਕਰਦਿਆਂ, ਮਿਹਰਾਂ ਕਰਦਿਆਂ ਉਸ ਦਾ ਕੁਝ ਘਟਦਾ ਨਹੀਂ। 'ਪੂਰਨ ਪੂਰਿ' ਹੈ। ਉਸ ਦੇ ਚਮਤਕਾਰਾਂ ਦਾ ਉਸ ਨੂੰ ਹੀ ਪਤਾ ਹੈ। ਹਰ ਇਕ ਦੇ ਅੰਦਰ ਕੀ ਵਾਪਰ ਰਹਿਆ ਹੈ, ਉਹ ਹੀ ਜਾਣਦਾ ਹੈ ਪਰ ਅੰਦਰਲਾ ਮਾੜਾ-ਪਣ ਜਾਣਨ ਦੇ ਬਾਵਜੂਦ ਫਿਰ ਵੀ ਕਿਰਪਾ ਕਰੀ ਜਾ ਰਿਹਾ ਹੈ। ਕਿਸੇ ਦਾ ਮਾੜਾਪਣ ਜਾਣ ਵੀ ਦਇਆ ਦਾ ਹੱਥ ਨਹੀਂ ਹਟਾਂਦਾ। ਕਈ ਢੰਗਾਂ ਨਾਲ ਜੀਵਾਂ ਦੀ ਪ੍ਰਤਿਪਾਲਨਾ ਕਰਦਾ ਹੈ ਅਤੇ ਜੋ ਜੀਵ ਉਸ ਨੇ ਰਚਿਆ ਹੈ ਉਹ ਵਾਹਿਗੁਰੂ ਨੂੰ ਕਿਸੇ ਨਾ ਕਿਸੇ ਢੰਗ ਨਾਲ ਧਿਆ ਹੀ ਰਹਿਆ ਹੈ। ਗੁਰੂ ਜੀ ਇਹ ਦ੍ਰਿੜ੍ਹ ਕਰਾਉਣਾ ਚਾਹੁੰਦੇ ਹਨ ਕਿ ਸਿਮਰਨ ਹਰ ਇਕ ਪਾਸ ਹੈ ਤੇ ਹਰ ਕੋਈ ਜਾਣੇ ਅਣਜਾਣੇ ਉਸ ਨੂੰ ਸਿਮਰ ਰਹਿਆ ਹੈ।

ਪਰ ਮਿਲਾਪ ਉਸ ਦੀ ਮਿਹਰ ਸਦਕਾ ਹੀ ਹੋਣਾ ਹੈ। ਸਾਡਾ ਫ਼ਰਜ਼ ਹੈ ਕਿ ਉਸ ਦੀ ਭਗਤੀ ਗੁਣ ਗਾ ਕੇ ਕਰਦੇ ਰਹੀਏ। ਨਾਸ਼ੁਕਰਾਪਣ ਨਾ ਆਵੇ ਤੇ ਉਸ ਨੂੰ ਤਜ ਕਿਸੇ ਹੋਰ ਨੂੰ ਨਾ ਧਿਆਈਏ ਤਾਂ ਮਿਲਾਪ ਹੋ ਜਾਂਦਾ ਹੈ। ਭਗਤੀ, ਉਸ ਦੇ ਗੁਣ ਗਾਉਣੇ ਹਨ ਨਾ ਕਿ ਕਿਸੇ ਅਵਤਾਰ ਦੀ ਪੂਜਾ। ਕਿਸ ਸੁਹਣੇ ਢੰਗ ਨਾਲ ਅਖੌਤੀ ਭਗਤੀ ਲਹਿਰ ਤੋਂ ਸਿੱਖੀ ਨੂੰ ਨਿਖੇੜ ਰਹੇ ਹਨ। ਜਿਸ ਦਾ ਵਿਸ਼ਵਾਸ ਪੱਕਾ ਹੋ ਜਾਂਦਾ ਹੈ ਕਿ ਉਹ ਹਰ ਥਾਂ ਹੈ, ਦਇਆਲੂ ਹੈ, ਪ੍ਰਤਿਪਾਲਨਾ ਕਰਦਾ ਹੈ, ਸਿਰ ਤੇ ਹੈ, ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਦਾ ਧਿਆਨ ਲਾਂਭੇ ਜਾ ਹੀ ਨਹੀਂ ਸਕਦਾ ਕਿਉਂਕਿ ਗੁਣ ਗਾ-ਗਾ, ਉਸ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਤੇ ਪਾਲਕ ਕੇਵਲ ਉਹ ਹੀ ਹੈ, ਹੋਰ ਕੋਈ ਬ੍ਰਹਮਾ ਜਾਂ ਵਿਸ਼ਨੂੰ ਨਹੀਂ। ੩।

**ਸ਼ਬਦ ਭਾਵ :**

**ਪੂਰਨ ਪੂਰਿ** : ਹਰ ਥਾਂ ਹਾਜ਼ਰ ਨਾਜ਼ਰ। (Present every where)

**ਕਰਤਬ** : ਕੌਤਕ। ਚਮਤਕਾਰ। (Wondrous doings)

**ਅੰਤਰਜਾਮੀ** : ਅੰਦਰ ਦੀ ਜਾਣਨ ਵਾਲਾ। (Knower of inwardness of things)

**ਭਾਤਿ** : ਢੰਗਾਂ ਨਾਲ। (Ways)

**ਭਗਤਿ ਕਰਹਿ, ਹਰਿ ਕੇ ਗੁਣ ਗਾਇ** : ਭਗਤੀ ਪ੍ਰਭੂ ਦੇ ਗੁਣ ਗਾ ਕੇ ਹੀ ਕਰਦੇ ਹਨ। ਭਗਤੀ ਇਹ ਨਹੀਂ ਹੈ ਕਿ ਨਚਿਆ ਟਪਿਆ ਜਾਏ ਜਾਂ ਨ੍ਰਿਤ ਕੀਤੇ ਜਾਣ ਜਾਂ ਕਿਸੇ ਖ਼ਾਸ ਅਵਤਾਰ ਦੀ ਪੂਜਾ ਕੀਤੀ ਜਾਏ। ੩।


www.sikhbookclub.com

## ਚੌਥੀ ਪਉੜੀ

ਜਨੁ ਲਾਗਾ ਹਰਿ ਏਕੈ ਨਾਇ ॥
ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥
ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥
ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ੪ ॥

**ਵਿਸਥਾਰ** ਜੋ ਪ੍ਰਭੂ ਦਾ ਹੋ ਜਾਂਦਾ ਹੈ, ਉਹ ਉਸ ਦੀ ਹਜ਼ੂਰੀ ਵਿਚ ਰਹਿੰਦਾ ਹੈ। ਹਜ਼ੂਰੀ ਪ੍ਰਾਪਤ ਕਰਨ ਵਾਲੇ ਦੀ ਕੋਈ ਵੀ ਆਸ ਪੂਰਿਆਂ ਹੋਣ ਤੋਂ ਬਗੈਰ ਨਹੀਂ ਰਹਿ ਸਕਦੀ। ਉਸ ਨੂੰ ਮਾਯੂਸੀ ਦਾ ਮੂੰਹ ਨਹੀਂ ਦੇਖਣਾ ਪੈਂਦਾ। ਪ੍ਰਭੂ ਸਭ ਆਸਾਂ ਪੂਰੀਆਂ ਕਰੀ ਜਾਂਦਾ ਹੈ। ਜੋ ਉਸ ਦਾ ਸੇਵਕ ਹੈ, ਨੇੜੇ ਹੋ ਗਿਆ, ਹਜ਼ੂਰੀ ਦੀ ਦਾਤ ਪ੍ਰਾਪਤ ਹੋ ਗਈ, ਉਸ ਨੂੰ ਇਹ ਹੀ ਫੱਬਦਾ ਹੈ ਕਿ ਸੇਵਾ ਵਿਚ ਜੁਟਿਆ ਰਵ੍ਹੇ, ਧਿਆਨ ਨੂੰ ਲਾਂਭੇ ਨਾ ਜਾਣ ਦੇਵੇ। ਇਸ ਅਵਸਥਾ ਵਿਚ ਟਿਕੇ ਰਹਿਣ ਵਾਲੇ ਨੂੰ ਉਸ ਦੇ ਹੁਕਮਾਂ ਦੀ ਸਮਝ ਪੈ ਜਾਂਦੀ ਹੈ ਤੇ ਆਤਮਿਕ ਉਚਾਈਆਂ ਨੂੰ ਜਾ ਛੂੰਹਦਾ ਹੈ। ਇਸ ਤੇ ਉੱਤੇ ਹੋਰ ਕੋਈ ਸਮਝ, ਅਕਲ, ਸਿਆਣਪ, ਜਾਂ ਵਿਚਾਰ ਨਹੀਂ (ਇਸ ਤੇ ਊਪਰਿ ਨਹੀ ਬੀਚਾਰੁ) ਕਿ ਆਕਾਰ ਤੋਂ ਉੱਚਾ ਹੋਇਆ ਜਾਏ ਤੇ ਜਗਤ ਦੀ ਖਿੱਚ ਨਾ ਪਵੇ ਅਤੇ ਨਿਰੰਕਾਰ ਦਾ ਪਿਆਰ ਅੰਦਰ ਠਾਠਾਂ ਮਾਰਦਾ ਰਵ੍ਹੇ।

ਫਿਰ ਨਾ ਸਾੜਾ ਰਹਿੰਦਾ ਹੈ ਤੇ ਨਾ ਈਰਖਾ ਤੜਪਾਂਦੀ ਹੈ ਤੇ ਨਾ ਪਕੜ ਸਤਾਂਦੀ ਹੈ। ਆਤਮਿਕ ਉਚਾਈ ਨੂੰ ਪਾਏ ਤੇ ਅੰਦਰ ਨਿਰੰਕਾਰ ਹੋਣ ਨਾਲ ਸੁਭਾ ਨਿਰਵੈਰ ਹੋ ਜਾਂਦਾ ਹੈ। ਵੈਰ ਭਾਵਨਾ ਕਿਸੇ ਨਾਲ ਰਹਿੰਦੀ ਹੀ ਨਹੀਂ ਤੇ ਨਿੰਮ੍ਰਤਾ ਵਿਚ ਵਿਚਰਦਾ ਹੈ ਤੇ ਸਦਾ ਸਬਦ ਰਾਹੀਂ ਗੁਣ ਗਾਂਦਾ ਰਹਿੰਦਾ ਹੈ।

'ਅਨਦਿਨੁ ਪੂਜਹਿ ਗੁਰ ਕੇ ਪੈਰ।'

ਨਾ ਪਕੜ, ਨਾ ਸਾੜਾ, ਨਾ ਵੈਰ ਹੋਣ ਕਾਰਨ ਜੀਵਨ ਦਾ ਹਰ ਪਲ ਸੁਖੀ ਲੰਘਦਾ ਹੈ ਤੇ ਅੱਗੇ ਵੀ ਸੁੱਖ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਨੂੰ ਕਿਸੇ ਤਪ-ਤਰੱਦਦ ਕਰਨ ਦੀ ਜ਼ਰੂਰਤ ਹੀ ਨਹੀਂ ਭਾਸਦੀ ਕਿਉਂਕਿ ਉਸ ਨੂੰ ਇਹ ਸੋਝੀ ਮਿਲ ਗਈ ਹੁੰਦੀ ਹੈ ਕਿ ਇਥੋਂ ਸੁੱਖ ਤੇ ਅੱਗੇ ਅਨੰਦ ਉਸ ਦੀ ਮਿਹਰ ਸਦਕਾ ਹੀ ਮਿਲਦਾ ਹੈ।

**ਜੀਵਨ ਦੀ ਕਦਰ ਕਰਨ ਵੱਲ ਵੀ ਗੁਰੂ ਜੀ ਧਿਆਨ ਦਿਲਵਾ ਰਹੇ ਹਨ ਕਿ ਜੇ ਇਥੇ ਜੀਵਨ ਸਹਿਲਾ ਨਹੀਂ ਤਾਂ ਅੱਗੇ ਸੁਹੇਲਾ ਨਹੀਂ ਹੋਣ ਲੱਗਾ।** ਜੋ ਇਥੇ ਜੀਵਨ ਨੂੰ

 www.sikhbookclub.com

ਤਾੜਨਾ ਦੇਂਦੇ ਰਹਿੰਦੇ ਹਨ, ਉਨ੍ਹਾਂ ਨੂੰ ਅਗੇ ਸੁੱਖ ਦੀ ਆਸ ਨਹੀਂ ਕਰਨੀ ਚਾਹੀਦੀ । ੪ ।

**ਸ਼ਬਦ ਭਾਵ :**

**ਜਨੁ** : ਦਾਸ । ਸੇਵਕ ।
**ਬਿਰਥੀ** : ਅਪੂਰਨ । ਵਾਂਝਿਆ । (Unfulfilled)
**ਬਨਿ ਆਈ** : ਸੋਭਦੀ ਹੈ । ਫਬਦੀ ਹੈ ।
**ਪਰਮ ਪਦੁ** : ਉੱਚੀ ਆਤਮਿਕ ਅਵਸਥਾ । (Ethereal Heights)
**ਇਸ ਤੇ ਊਪਰਿ** : ਇਸ ਤੋਂ ਉੱਤਮ ਹੋਰ । ਸਭ ਤੋਂ ਉੱਚੀ । (Higher than this)
**ਨਿਰੰਕਾਰੁ** : ਆਕਾਰ ਰਹਿਤ ਪ੍ਰਭੂ ।
**ਬੰਧਨ** : ਪਕੜ । ਬੇੜੀ । (Bonds)
**ਪੂਜਹਿ ਗੁਰ ਕੇ ਪੈਰ** : ਨਿੰਮ੍ਰਤਾ ਧਾਰ ਗੁਰੂ ਸ਼ਬਦ ਦੇ ਕਹੇ ਤੇ ਟੁਰੀ ਜਾਏ, ਕਿੰਤੂ ਛੱਡ ਗੁਰੂ ਦਾ ਕਹਿਆ ਕਮਾਏ ।
**ਲੋਕ ਸੁਖੀਏ** : ਜੀਵਨ ਭਰ ਅਨੰਦ । (At peace in this world)
**ਪਰਲੋਕ ਸੁਹੇਲੇ** : ਅਗਲੇ ਲੋਕ ਵੀ ਖ਼ੁਸ਼ੀ । ੪ ।

## ਪੰਜਵੀਂ ਪਉੜੀ

ਸਾਧ ਸੰਗਿ ਮਿਲਿ ਕਰਹੁ ਅਨੰਦ ॥
ਗੁਨ ਗਾਵਹੁ ਪ੍ਰਭ ਪਰਮਾਨੰਦ ॥
ਰਾਮ ਨਾਮ ਤਤੁ ਕਰਹੁ ਬੀਚਾਰੁ ॥
ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥
ਪ੍ਰਾਨ ਤਰਨ ਕਾ ਇਹੈ ਸੁਆਉ ॥
ਆਠ ਪਹਰ ਪ੍ਰਭ ਪੇਖਹੁ ਨੇਰਾ ॥
ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥ ੫ ॥

**ਵਿਸਥਾਰ**

ਬੜੀ ਮੁਸ਼ਕਲ ਨਾਲ ਮਿਲੀ ਦੇਹ ਦਾ ਉਧਾਰ ਹੋਰ ਕਿਸੇ ਤਰ੍ਹਾਂ ਨਹੀਂ ਹੋਣਾ । ਸਿਰਫ਼ ਉਸੇ ਵੇਲੇ ਸਹੀ ਤੇ ਨਾ ਮੁੱਕਣ ਵਾਲੀ ਖ਼ੁਸ਼ੀ ਮਿਲਦੀ ਹੈ ਜੇ ਸਾਧ ਸੰਗ ਕੀਤਾ ਜਾਏ ਤੇ ਅਨੰਦ ਦਾਤਾ ਪ੍ਰਭੂ ਦੇ ਗੁਣ ਲਗਾਤਾਰ ਗਾਏ ਜਾਣ ਤੇ ਨਾਲ ਹੀ ਵਿਚਾਰ ਵੀ ਕੀਤੀ ਜਾਏ ਕਿ ਪ੍ਰਾਪਤ ਹਜ਼ੂਰੀ ਦੇ ਅਨੰਦ ਨੂੰ ਕਾਇਮ ਕਿਵੇਂ ਰਖਣਾ ਹੈ । ਸੰਗਤ ਕੀਤਿਆਂ ਹੀ ਇਹ ਵਿਚਾਰ ਦ੍ਰਿੜ੍ਹ ਹੋਵੇਗੀ ਕਿ ਅਨੰਦ ਦਾ ਦਾਤਾ ਪ੍ਰਭੂ ਹੈ ਅਤੇ ਉਸ ਦੀ ਹਜ਼ੂਰੀ ਛੱਡ ਹੋਰ ਕਿਧਰੇ ਜਾਣਾ ਫੱਬਦਾ ਨਹੀਂ । ਹਰ ਸਵਾਸ ਸਕਾਰਥਾ ਤਾਂ ਹੀ ਹੋਣਾ ਹੈ (ਪ੍ਰਾਨ ਤਰਨ) ਅਤੇ ਜੀਵਨ ਦਾ ਮਨੋਰਥ ਵੀ ਤਾਂ

 www.sikhbookclub.com

ਹੀ ਮਿਲਣਾ ਹੈ ਜੇ ਗੁਰਬਾਣੀ ਨੂੰ ਵਸੀਲਾ (ਸੁਆਉ) ਬਣਾ ਕੇ ਹਰੀ ਦੇ ਗੁਣ ਗਾਏ ਜਾਣ। ਇਸ ਢੰਗ ਨਾਲ ਸੁਆਸ ਵੀ ਸਫਲ ਹੋ ਜਾਣਗੇ, ਮਕਸਦ ਵੀ ਪੂਰਾ ਹੋ ਜਾਏਗਾ ਅਤੇ ਸੁਆਦ ਵੀ ਬੜਾ ਆਵੇਗਾ। ਸੁਆਸ ਸੁਆਸ ਉਸ ਨੂੰ ਯਾਦ ਰੱਖਣ ਵਾਲਿਆਂ ਨੂੰ ਕਦੇ ਪ੍ਰਭੂ ਦੂਰ ਨਹੀਂ ਦਿਸਦਾ ਅਤੇ ਐਸਾ ਚਾਨਣ ਹੁੰਦਾ ਹੈ ਕਿ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਜੋ ਹਜ਼ੂਰੀ ਦੇ ਪ੍ਰਕਾਸ਼ ਵਿਚ ਰਹਿ ਕੇ ਅਨੰਦ ਮਾਣਦੇ ਰਹਿੰਦੇ ਹਨ ਉਨ੍ਹਾਂ ਦਾ ਅਗਿਆਨ ਅੰਧੇਰਾ ਮਿਟ ਜਾਂਦਾ ਹੈ, ਰਾਹ ਰੌਸ਼ਨ ਹੋ ਜਾਂਦਾ ਹੈ। ਜੀਵਨ ਦਾ ਮਕਸਦ ਸਪੱਸ਼ਟ ਦਿਖਾਈ ਦੇਣ ਲੱਗ ਪੈਂਦਾ ਹੈ। ਜੀਵਨ ਦਾ ਮਕਸਦ ਹੈ ਉਸ ਦਾ ਸਿਮਰਨ ਕਰਦੇ ਰਹਿਣਾ।

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਭਲੇ ਪੁਰਸ਼ੋ! ਜੋ ਗੁਰਾਂ ਦਾ ਉਪਦੇਸ਼ ਸੁਣਿਆ ਹੈ, ਉਸ ਦੀ ਮਹੱਤਤਾ ਨੂੰ ਜਾਣ ਕੇ ਉਸ ਤੇ ਟੁਰੋ, ਇਸ ਤਰ੍ਹਾਂ ਸਾਰੀਆਂ ਇੱਛਾ ਆਪ ਮੁਹਾਰੇ ਪੂਰੀਆਂ ਹੁੰਦੀਆਂ ਜਾਣਗੀਆਂ ਤੇ ਮਾਯੂਸੀ ਨੇੜੇ ਨਹੀਂ ਆਵੇਗੀ। ੫।

**ਸ਼ਬਦ ਭਾਵ :**

**ਪਰਮਾਨੰਦ** : ਸਭ ਤੋਂ ਉੱਚ ਖ਼ੁਸ਼ੀ ਦਾ ਸਰੋਤ। (Source of supreme bliss)

**ਤਤੁ** : ਸਾਰ। (Essence)

**ਦੁਲਭ** : ਨਾਯਾਬ। ਜਿਸ ਦਾ ਮੁੱਲ ਨਾ ਪਾਇਆ ਜਾ ਸਕੇ। (Priceless)

SIKHBOOKCLUB.COM

**ਉਧਾਰੁ** : ਬੱਚ ਨਿਕਲਣਾ। (Emancipation)

**ਅੰਮ੍ਰਿਤ ਬਚਨ** : ਮਿੱਠੇ ਪਰ ਅਮਰ ਕਰਨ ਵਾਲੇ ਵਾਕ।

**ਸੁਆਉ** : ਪ੍ਰਯੋਜਨ। ਰਾਹ। ਢੰਗ। ਵਸੀਲਾ।
ਢੰਗ ਠੀਕ ਹੋਵੇ ਤਾਂ ਸੁਆਦ ਵੀ ਆਉਂਦਾ ਹੈ ਤੇ ਮਕਸਦ ਵੀ ਛੇਤੀ ਪੂਰਾ ਹੋ ਜਾਂਦਾ ਹੈ। ਸੋ 'ਸੁਆਉ' ਸੁਆਦ ਦੇ ਅਰਥ ਵਿਚ ਵੀ ਆਇਆ ਹੈ। ਪਰ ਇਥੇ **ਵਸੀਲਾ** ਦੇ ਭਾਵ ਵਿਚ ਆਇਆ ਹੈ।

**ਨੇਰਾ** : ਨੇੜੇ।

**ਮਨ ਇਛੇ** : ਮਨ-ਚਾਹੇ। (Heart's desire) ੫.

## ਛੇਵੀਂ ਪਉੜੀ

**ਹਲਤੁ ਪਲਤੁ ਦੁਇ ਲੇਹੁ ਸਵਾਰਿ ॥**
**ਰਾਮ ਨਾਮੁ ਅੰਤਰਿ ਉਰਿ ਧਾਰਿ ॥**
**ਪੂਰੇ ਗੁਰ ਕੀ ਪੂਰੀ ਦੀਖਿਆ ॥**
**ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥**
**ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥**
**ਦੂਖੁ ਦਰਦੁ ਮਨ ਤੇ ਭਉ ਜਾਇ ॥**

ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥
ਏਕਾ ਟੇਕ ਰਖਹੁ ਮਨ ਮਾਹਿ ॥
ਨਾਨਕ ਬਹੁਰਿ ਨ ਆਵਹਿ ਜਾਹਿ ॥ ੬ ॥

**ਵਿਸਥਾਰ** ਵਾਹਿਗੁਰੂ ਦੀ ਹਜ਼ੂਰੀ ਦਾ ਸਵਾਦ ਮਾਣਦਿਆਂ, (ਰਾਮੁ ਨਾਮੁ ਅੰਤਰ ਉਰਧਾਰਿ) ਜੀਵਨ ਦੀ ਸੋਅ ਰਹਿੰਦੀ ਦੁਨੀਆਂ (ਹਲਤੁ ਪਲਤੁ) ਤੱਕ ਰਹਿੰਦੀ ਹੈ। ਹਰ ਕੋਈ ਐਸੇ ਦੀ ਅਗਵਾਈ ਲੋੜਦਾ ਹੈ।

ਗੁਰੂ ਪੂਰੇ ਦੀ ਕਹੀ ਤਜਰਬੇ ਦੀ ਗੱਲ (ਦੀਖਿਆ) ਸਿੱਧੀ ਦਿਲ ਵਿਚ ਉਤਰ ਜਾਂਦੀ ਹੈ ਅਤੇ ਇਹ ਦਾਤ ਮਿਲ ਜਾਂਦੀ ਹੈ ਕਿ ਸੱਚ ਨੂੰ ਪੂਰੀ ਤਰ੍ਹਾਂ ਜਾਣ ਲਈਦਾ ਹੈ। ਝੂਠ-ਸੱਚ ਦਾ ਨਿਰਣਾ ਕਰਨ ਵਿਚ ਰਤਾ ਵੀ ਢਿੱਲ ਨਹੀਂ ਲਗਦੀ। ਜਦ ਜਿੰਦ-ਜਾਨ-ਜਿਸਮ ਨਾਲ ਨਾਮ ਜਪਿਆਂ ਲਗਾਤਾਰ ਨਾਮ ਦੀ ਰੌਂ ਚਲ ਪਵੇ, ਯਾਦ ਸਦੀਵੀ ਹੋ ਜਾਏ, ਹਜ਼ੂਰੀ ਦਾ ਅਨੰਦ ਕਦੇ ਜਾਇ ਨਾਂਹ, ਤਾਂ ਦੁੱਖ ਪੁੰਹਦੇ ਨਹੀਂ, ਦਰਦ ਉੱਠਦੀ ਨਹੀਂ ਅਤੇ ਮਨ ਦੇ ਡਰ ਮੁੱਕ ਜਾਂਦੇ ਹਨ। ਜਦ ਮਨ ਟਿਕ ਗਿਆ ਤਾਂ ਮਨ ਦਾ ਸ਼ੋਰ ਮੁੱਕ ਗਿਆ। 'ਡਰ, ਡਰ ਡਰਨਾ ਹੀ ਮਨ ਕਾ ਸ਼ੋਰ' ਹੈ। ਮਨ ਦਾ ਸ਼ੋਰ ਮੁੱਕਣ ਨਾਲ ਡਰ ਨੱਸ ਜਾਂਦਾ ਹੈ।

ਇਸ 'ਸੱਚ ਝੂਠ' ਦਾ ਨਿਰਣਾ ਕਰਨ ਵਾਲੀ ਸੂਝ ਨੂੰ ਵਰਤੋਂ ਵਿਚ ਲਿਆਇਆਂ, ਜੋ ਸੌਦਾ ਇਕੱਠਾ ਹੁੰਦਾ ਹੈ, ਉਸ ਦਾ ਮੁੱਲ ਪ੍ਰਭੂ ਦੇ ਦਰ ਬਹੁਤ ਪੈਂਦਾ ਹੈ। ਹਰ ਸੁਆਸ ਨੂੰ ਧਿਆਨ ਵਿਚ ਲਗਾਇਆਂ ਅਮਰਤਾ ਮਿਲਦੀ ਹੈ।

ਸਾਰੀਆਂ ਆਸਾਂ ਤੇ ਉਮੀਦਾਂ ਨੂੰ ਪੂਰਨ ਕਰਨ ਵਾਲੇ ਪ੍ਰਭੂ ਨੂੰ ਜਾਣ ਲੈਣ ਨਾਲ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਆਤਮਾ ਬਾਰੇ ਜੋ ਇਹ ਖਿਆਲ ਘੇਰੀ ਰਖਦੇ ਹਨ ਕਿ ਜੀਵਨ ਪਿਛੋਂ ਆਤਮਾ ਨਾਲ ਕੀ ਬੀਤੇਗੀ, ਕਿਹੜੇ ਦੁੱਖਾਂ ਨੂੰ ਜੀਅ ਪਵੇਗਾ, ਹਟ ਜਾਂਦੇ ਹਨ, ਜੀਵਨ ਦਾ ਸੁਆਦ ਬਣਿਆ ਰਹਿੰਦਾ ਹੈ। ੬।

**ਸ਼ਬਦ ਭਾਵ :**

**ਹਲਤੁ ਪਲਤੁ** : ਇਥੇ-ਉਥੇ। ਸਦੀਵੀ। (A thing of Eternity)
**ਉਰ ਧਾਰਿ** : ਹਿਰਦੇ ਅੰਦਰ ਟਿਕਾਉਣਾ। ਦਿਲੋਂ ਯਾਦ ਕਰਨਾ।
**ਦੀਖਿਆ** : ਸਿਖਿਆ ਪੂਰਨ ਹੋਣ ਪਿਛੋਂ, ਉਸਤਾਦ ਜੋ ਤੱਤ ਦੀ ਗੱਲ ਕਹਿੰਦਾ ਹੈ। (Convocational Address)
**ਸਾਚੁ ਪਰੀਖਿਆ** : ਸੱਚ ਨੂੰ ਪਰਖਣ ਦੀ ਵਿਧੀ।
**ਲਿਵ** : ਧਿਆਨ ਦਾ ਇਕ ਥਾਂ ਕੇਂਦਰਤ ਹੋ ਜਾਣਾ। (Devotion of mind)
**ਖੇਪ** : ਵਣਜ। ਸੌਦਾ। ਸੁਆਸਾਂ ਦੀ ਮਿਲੀ ਪੂੰਜੀ ਨੂੰ ਸਿਮਰਨ ਵਿਚ ਲਗਾਉਣ ਵਾਲਾ ਵਣਜ।

 www.sikhbookclub.com

ਬਹੁਰਿ ਨ
ਆਵਹਿ ਜਾਹਿ : ਆਤਮਾ ਸੰਬੰਧੀ ਡਰ, ਤੌਖਲਿਆਂ ਭਟਕਨਾਵਾਂ ਦਾ ਮੁੱਕ ਜਾਣਾ।੬।

## ਸਤਵੀਂ ਪਉੜੀ

ਤਿਸ ਤੇ ਦੂਰਿ ਕਹਾ ਕੋ ਜਾਇ ॥
ਉਬਰੈ ਰਾਖਨਹਾਰੁ ਧਿਆਇ ॥
ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥
ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥
ਨਾਮੁ ਜਪਤ ਮਨਿ ਹੋਵਤ ਸੂਖ ॥
ਚਿੰਤਾ ਜਾਇ ਮਿਟੈ ਅਹੰਕਾਰੁ ॥
ਤਿਸੁ ਜਨ ਕਉ ਨ ਪਹੁਚਨਹਾਰੁ ॥
ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾ ਕੇ ਕਾਰਜ ਪੂਰਾ ॥ ੭ ॥

## ਵਿਸਥਾਰ

ਵਾਹਿਗੁਰੂ ਤੋਂ ਦੂਰ ਜਾ ਕੇ ਕੋਈ ਵੇਖੇ ਤਾਂ ਸਹੀ ਕਿ ਇਸ ਦੀ ਹਾਲਤ ਕੀ ਹੁੰਦੀ ਹੈ। ਗੋਤੇ ਹੀ ਖਾਂਦਾ ਰਵ੍ਹੇਗਾ।

ਭਵ ਸਾਗਰ ਤੋਂ ਬਚ, ਤਰ ਤੇ ਪਾਰ ਤਾਂ ਹੋ ਸਕਦਾ ਹੈ ਜੇ ਉਸ ਰਾਖਣਹਾਰੇ ਵਾਹਿਗੁਰੂ ਨੂੰ ਬੇੜੀ ਸਵਾਰ ਵੇਲੇ ਵੀ ਚੇਤੇ ਰੱਖੇ।

ਪਾਰ ਇਸ ਕਾਰਨ ਹੋ ਜਾਈਦਾ ਹੈ ਕਿਉਂਕਿ ਨਿਰਭਉ ਨੂੰ ਜਪਿਆਂ ਕੋਈ ਡਰ (ਰੋਜ਼ੀ, ਹਿਸਾਬ, ਡੁੱਬਣ ਜਾਂ ਮੌਤ ਦਾ) ਨਹੀਂ ਰਹਿੰਦਾ। ਹਿਸਾਬ ਹੋਣੇ ਹੀ ਕੀ ਹਨ ਜਦ ਉਸ ਦੀ ਕਿਰਪਾ ਸਦਕਾ ਵਿਕਾਰ ਪੁੰਹਦੇ ਹੀ ਨਹੀਂ। **ਵਿਕਾਰਾਂ ਦਾ ਨਾ ਪੁਹਣਾ ਹੀ ਮੁਕਤੀ (ਛੁੱਟੀ) ਹੈ।**

ਜਿਸ ਤੇ ਮਿਹਰ ਕਰ ਹੱਥ ਦੇ ਰੱਖ ਲਵੇ, ਉਸ ਨੂੰ ਸਭ ਤੋਂ ਵੱਡਾ, ਹਉਮੈ ਦਾ ਦੁੱਖ ਵੀ ਨਹੀਂ ਲਗਦਾ। ਵਿਛੋੜਾ ਮੁੱਕ ਜਾਂਦਾ ਹੈ ਅਤੇ ਹਜ਼ੂਰੀ ਦਾ ਪ੍ਰਕਾਸ਼ ਪਾ ਕੇ, ਮਨ ਤਾਂ ਸ਼ਾਂਤ ਹੁੰਦਾ ਹੀ ਹੈ ਨਾਲ ਹੀ ਸਦਾ ਸੁੱਖ ਬਣਿਆ ਰਹਿੰਦਾ ਹੈ। ਚਿੰਤਾ ਭਾਵੇਂ ਆਪਣੇ ਲਈ ਕੀਤੀ ਜਾਏ ਜਾਂ ਕਿਸੇ ਦੂਜੇ ਲਈ, ਇਹ ਵੀ ਹੰਕਾਰ ਦਾ ਦੂਜਾ ਰੂਪ ਹੈ। ਅਸੀਂ ਜੋ ਚਿੰਤਾ ਕਰਦੇ ਹਾਂ ਤਾਂ ਧੁਰ ਅੰਦਰਲੀ ਸਾਡੀ 'ਹਉ' ਹੀ ਕੰਮ ਕਰ ਰਹੀ ਹੁੰਦੀ ਹੈ। ਸੋ ਸਮਝਾ ਰਹੇ ਹਨ ਕਿ ਜਦ ਦੁੱਖ, ਦਰਦ ਦਾ ਅਭਾਵ ਹੋ ਗਿਆ ਤਾਂ ਹੰਕਾਰ ਵੀ ਨਾਲ ਹੀ ਮਿਟ ਗਿਆ। ਦੁਖੀ ਤਾਂ ਆਪਣੀ 'ਹਉ' ਹੀ ਕਰਦੀ ਹੈ। ਇਹ 'ਹਉ' ਕੰਡੇ ਵਾਂਗ ਐਸੀ ਚੁਭਦੀ ਰਹਿੰਦੀ ਹੈ ਕਿ ਜਿਉਂ ਜਿਉਂ ਚੱਲੀ ਜਾਈਏ ਪੀੜਾ ਵਧਾਈ ਜਾਂਦੀ ਹੈ। ਜਿਸ ਵਿਚ ਹੰਕਾਰ ਦਾ ਸੂਖਮ ਰੂਪ, ਚਿੰਤਾ ਤੱਕ ਨਾ ਰਹੀ, ਉਸ ਦੀ ਆਤਮਿਕ ਉਚਾਈ ਨੂੰ ਕੋਈ ਪੁੱਜ ਨਹੀਂ ਸਕਦਾ।

ਆਪਣੀ 'ਨਿਕੀ ਹਉ' ਮੁੱਕਿਆਂ, ਆਤਮਿਕ ਉਚਿਆਈਆਂ ਨੂੰ ਛੁਹਿਆ, ਇਨਸਾਨ ਪ੍ਰਤੱਖ ਦੇਖ ਲੈਂਦਾ ਹੈ ਕਿ ਹਰ ਵੇਲੇ ਸੂਰਮੇ ਗੁਰੂ ਦੀ ਬਾਣੀ ਅਗਵਾਈ ਦੇਣ

ਲਈ ਪਾਸ ਹੈ : 'ਸਿਰ ਊਪਰਿ ਠਾਢਾ ਗੁਰੁ ਸੂਰਾ ।' ਹਰ ਵੇਲੇ ਗੁਰਬਾਣੀ ਦੀ ਅਗਵਾਈ ਮਿਲਣ ਕਾਰਨ ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕੋਈ ਕੰਮ ਅੜਦਾ ਹੀ ਨਹੀਂ ਸਭ ਕਾਰਜ ਸੰਪੂਰਨ ਹੋ ਜਾਂਦੇ ਹਨ।੭।

**ਸ਼ਬਦ ਭਾਵ :**

ਤਿਸ ਤੇ : ਵਾਹਿਗੁਰੂ ਤੋਂ ।
ਦੂਰਿ : ਵਿਛੜ ਜਾਣਾ । ਟੁੱਟ ਜਾਣਾ । (Unlinking)
ਉਬਰੈ : ਤਰ ਜਾਣਾ । ਪਾਰ ਹੋ ਜਾਣਾ । (Salvation)
ਸਗਲ : ਸਾਰੇ ।
ਚਿੰਤਾ : ਮਨ ਚਿਤਵਨੀਆਂ । ਇੰਜੇ ਲਗਾਏ ਫ਼ਿਕਰ । (Worries)
ਪਹੁਚਨਹਾਰੁ : ਆਤਮਿਕ ਉਚਿਆਈ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸ਼ਕਦਾ ।
ਠਾਢਾ : ਖੜ੍ਹਾ । ਹਰ ਵੇਲੇ ਕੋਲ ।੭।

## ਅਠਵੀਂ ਪਉੜੀ

**ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥**
**ਦਰਸਨੁ ਪੇਖਤ ਉਧਰਤ ਸ੍ਰਿਸਟਿ ॥**
**ਚਰਨ ਕਮਲ ਜਾ ਕੇ ਅਨੂਪ ॥**
**ਸਫਲ ਦਰਸਨੁ ਸੁੰਦਰ ਹਰਿ ਰੂਪ ॥**
**ਧੰਨੁ ਸੇਵਾ ਸੇਵਕੁ ਪਰਵਾਨੁ ॥**
**ਅੰਤਰਜਾਮੀ ਪੁਰਖੁ ਪ੍ਰਧਾਨੁ ॥**
**ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥**
**ਤਾ ਕੈ ਨਿਕਟਿ ਨ ਆਵਤ ਕਾਲੁ ॥**
**ਅਮਰ ਭਏ ਅਮਰਾ ਪਦੁ ਪਾਇਆ ॥**
**ਸਾਧ ਸੰਗਿ ਨਾਨਕ ਹਰਿ ਧਿਆਇਆ ॥ ੮ ॥ ੨੨ ॥**

**ਵਿਸਥਾਰ**

ਜਿਸ ਨੂੰ ਸਦਾ ਗੁਰ ਸੂਰਮੇ ਦੇ ਸ਼ਬਦ ਦੀ ਅਗਵਾਈ ਮਿਲਦੀ ਰਵ੍ਹੇ, ਉਸ ਦੀ ਸੂਝ ਮੁਕੰਮਲ ਹੁੰਦੀ ਹੈ, ਕਦੇ ਉਕਾਈ ਨਹੀਂ ਖਾਂਦਾ। ਐਸੇ ਦੀ ਦ੍ਰਿਸ਼ਟੀ ਲੰਮੀ, ਕਦੇ ਨਾ ਮਿਟਣ ਵਾਲੀ (ਅੰਮ੍ਰਿਤ) ਹੋ ਜਾਂਦੀ ਹੈ। ਸਾਰੀ ਸ੍ਰਿਸ਼ਟੀ ਉਸ ਦੀ ਨਜ਼ਰ ਵਿਚ ਹੋਣ ਕਾਰਨ, ਐਸੀ ਸਹੀ ਅਗਵਾਈ ਦੇਵੇਗਾ ਕਿ ਸੰਸਾਰ ਪੁੱਠੇ ਪਾਸੇ ਪਵੇਗਾ ਹੀ ਨਹੀਂ। ਇਤਨੀ ਉਚਿਆਈ ਨੂੰ ਛੂਹ ਕੇ ਨਿੰਮ੍ਰਤਾ ਦਾ ਪੱਲਾ ਨਹੀਂ ਛਡਣਾ ਅਤੇ ਇਸ ਨਿੰਮ੍ਰਤਾ ਕਾਰਨ ਅੰਦਰਲਾ ਐਸਾ ਖਿੜ ਪੈਂਦਾ ਹੈ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਪਾਸ ਬੈਠਣ ਨਾਲ ਹੀ ਪ੍ਰਭੂ ਜਿਤਨਾ ਸਹਾਰਾ ਮਿਲਿਆ ਲਗਦਾ ਹੈ, ਅੰਦਰਲਾ ਖਿੜਾ ਦੇਂਦਾ ਹੈ ਤੇ ਸੁਹਜ ਭਰ ਦੇਂਦਾ ਹੈ। **'ਸਫਲ ਦਰਸਨੁ ਸੁੰਦਰ ਹਰਿ ਰੂਪ'**। ਸ਼ਬਦ ਰਾਹੀਂ ਜੀਵਨ ਢਾਲਣ ਵਾਲੇ ਨੂੰ ਹਰ ਕੋਈ ਧੰਨ ਕਹਿੰਦਾ ਹੈ ਤੇ ਐਸਾ ਸੇਵਕ ਦਰਗਹ ਪ੍ਰਵਾਨ ਹੈ। ਉਸ ਨੂੰ


www.sikhbookclub.com

ਹੋਰਕੋ ਈ ਕਰਮ ਕਰਨ ਦੀ ਲੋੜ ਨਹੀਂ ਪੈਂਦੀ। ਉਹ ਹਰ ਵੇਲੇ ਅੰਦਰ ਟਟੋਲਦਾ ਰਹਿੰਦਾ ਹੈ ਅਤੇ ਇਸ ਤਰ੍ਹਾਂ ਮਨੁੱਖਾਂ ਵਿਚ ਸ੍ਰਿਸ਼ਟਤਮ (ਪੁਰਖ ਪ੍ਰਧਾਨ) ਹੋ ਜਾਂਦਾ ਹੈ।

ਅੰਦਰ ਭਾਲਣ ਵਾਲਾ ਜਦ ਵਾਹਿਗੁਰੂ ਨੂੰ ਹੀ ਅੰਦਰ ਤੱਕ ਮਨ ਨੂੰ ਬਾਹਰ ਭਟਕਣ ਨਹੀਂ ਦੇਂਦਾ ਤਾਂ ਲਗਾਤਾਰ ਚਾਅ (ਨਿਹਾਲ) ਵਿਚ ਰਹਿੰਦਾ ਹੈ। ਸਦਾ ਚਾਅ ਵਿਚ ਰਹਿਣ ਵਾਲੇ ਨੂੰ ਸਮਾਂ ਨਹੀਂ ਖਾਂਦਾ। ਕਦੇ ਮਾਯੂਸੀ ਨਹੀਂ ਘੇਰਦੀ। 'ਨਿਕਟਿ ਨ ਆਵਤ ਕਾਲੁ।' ਸਦੀਵੀ ਭਟਕਣਾ ਤੋਂ ਬਚ ਜਾਈਦਾ ਹੈ ਅਤੇ ਅਤਿ ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਹ ਸਭ ਬਰਕਤਾਂ (ਮੁਕੰਮਲ ਸੂਝ, ਅੰਦਰ ਤੇ ਕਾਬੂ, ਆਤਮਕ ਉਚਿਆਈ) ਸਾਧ ਸੰਗਿ ਵਿਚ ਪ੍ਰਭੂ ਦੇ ਗੁਣ ਗਾਉਣ ਨਾਲ ਹੀ ਮਿਲੀ ਹੈ। ੮। ੨੨।

*ਸ਼ਬਦ ਭਾਵ :*

ਮਤਿ ਪੂਰੀ : ਪੂਰੀ ਸੂਝ। (Perfect wisdom)

ਅੰਮ੍ਰਿਤੁ : ਕਦੇ ਨ ਮਿਟਣ ਵਾਲੀ।

ਦਰਸਨ ਪੇਖਤ

ਉਧਰਤ ਸ੍ਰਿਸਟਿ : ਉਸ ਦੀ ਨਜ਼ਰ ਹੇਠ ਸਾਰੀ ਸ੍ਰਿਸ਼ਟੀ ਹੋਣ ਕਰਕੇ, ਕੋਈ ਵੀ ਉਸ ਤੋਂ ਬਾਹਰਾ ਨਹੀਂ। ਹਰ ਇਕ ਦੇ ਦੁੱਖ ਸੁੱਖ ਦਾ ਜਾਣੂੰ। (Entire universe within his vision)

ਅਨੂਪ : ਬੇਮਿਸਾਲ। ਲਾਸਾਨੀ।

ਸਫਲ ਦਰਸਨੁ : ਜਿਸਦਾ ਦੀਦਾਰ ਕੀਤਿਆਂ ਕਾਮਯਾਬੀ ਮਿਲੇ। ਮਾਯੂਸੀ ਹਟੇ।

ਹਰਿ ਰੂਪ : ਵਾਹਿਗੁਰੂ ਜਿਹਾ। (Waheguru like)

ਪਰਵਾਨੁ : ਕਬੂਲ।

ਨਿਧਾਲੁ : ਸਦਾ ਪ੍ਰਸੰਨ।

ਅਮਰਾ ਪਦੁ : ਅਤਿ ਉੱਚੀ ਆਤਮਿਕ ਪਦਵੀ। ੮। ੨੨।

---

## ਤੇਈਵੀਂ ਅਸ਼ਟਪਦੀ

*ਤੇਈਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :*

ਸ਼ਬਦ ਹੀ ਆਤਮਿਕ ਹਨੇਰਾ ਦੂਰ ਕਰ ਸਕਦਾ ਹੈ ਅਤੇ ਪ੍ਰਭੂ ਦੀ ਮਿਹਰ ਹੋਏ ਤਾਂ ਸਾਧ ਸੰਗਤ ਮਿਲਦੀ ਹੈ ਤੇ ਮਨ ਵਿਚ ਚਾਨਣ ਹੋ ਜਾਂਦਾ ਹੈ।

ਸਤਿ ਸੰਗਤ ਕੀਤਿਆਂ ਹੀ ਪ੍ਰਭੂ ਅੰਦਰ ਹਿਰਦੇ ਵਿਚ ਹੀ ਬੈਠਾ ਦਿਸ ਆਉਂਦਾ ਹੈ ਤੇ ਜੀਵ ਆਪਣੇ ਸਰੂਪ ਵਿਚ ਹੀ ਟਿਕ ਜਾਂਦਾ ਹੈ।

ਆਪਣੇ ਸਰੂਪ ਵਿਚ ਟਿਕਿਆਂ ਹਰ ਪਾਸੇ ਉਸ ਦਾ ਨੂਰ ਡਲ੍ਹਕਾਂ ਮਾਰਦਾ ਦਿਸਦਾ


www.sikhbookclub.com

ਹੈ। ਫਿਰ ਵੇਦਾਂ, ਸ਼ਾਸਤ੍ਰਾਂ ਨੂੰ ਪੜ੍ਹਨ ਵਿਚ ਸਮਾਂ ਜ਼ਾਇਆ ਨਹੀਂ ਕਰਦਾ ਕਿਉਂਕਿ ਇਹ ਸੋਝੀ ਮਿਲ ਜਾਂਦੀ ਹੈ ਕਿ ਉਹ ਵੀ ਤਾਂ ਪ੍ਰਭੂ ਨੂੰ ਦੇਖਣ ਦਾ ਹੀ ਜਤਨ ਕਰਦੇ ਰਹੇ ਹਨ। ਇਹ ਭਰਮ ਕਿ ਵੇਦਾਂ ਵਿਚ 'ਵੇਖਣ ਜੋਗ' ਕੋਈ ਚੀਜ਼ ਹੈ, ਬਾਣੀ ਨੇ ਤੋੜ ਦਿੱਤੀ ਹੈ।

ਇਕੋ ਬ੍ਰਹਮ ਨੂੰ 'ਪੇਖਣਾ' ਹੀ ਜੀਵਨ ਦਾ ਮੰਤਵ ਬਣ ਜਾਂਦਾ ਹੈ ਤੇ ਉਸ ਦੀ ਮਿਰਜੀ ਰਚਨਾ ਪੇਖਦੇ ਪੇਖਦੇ ਹੀ ਵਿਸਮਾਦ ਤਾਰੀ ਹੋ ਜਾਂਦਾ ਹੈ।

ਫਿਰ ਕੁਝ ਵੀ ਮਾੜਾ ਨਹੀਂ ਲੱਗੇਗਾ, ਉਸ ਨੂੰ, ਜਿਸ ਨੂੰ 'ਅੰਦਰ ਝਾਕਣੀ' (ਅੰਤਰਿ ਗਤਿ) ਦੀ ਉਤਮ ਅਵਸਥਾ ਮਿਲ ਜਾਏ।

'ਅੰਤਰ ਗਤਿ' ਪਾਉਣ ਵਾਲਾ ਹੀ ਹੁਕਮੀ ਜੀਊੜਾ ਹੋ ਜਾਏਗਾ ਕਿਉਂਕਿ ਇਹ ਸੋਝੀ ਉਸ ਨੂੰ ਮਿਲ ਗਈ ਹੋਵੇਗੀ ਕਿ ਸਭ ਹਸਤੀਆਂ (ਸਰਬ ਭੂਤ) ਵਿਚ ਉਹ ਹੀ ਵਰਤ ਰਹਿਆ ਹੈ।

ਜਦੋਂ ਇਹ ਸੋਝੀ ਹੋ ਜਾਏ ਕਿ ਪ੍ਰਭੂ ਹਥੋਂ ਕੁਝ ਮਾੜਾ ਹੁੰਦਾ ਹੀ ਨਹੀਂ ਤਾਂ ਸਭ ਕੁਝ ਖਿੜੇ ਮੱਥੇ ਸਹਾਰੇਗਾ (ਤਿਸ ਕਾ ਕੀਆ ਸਭੁ ਪਰਵਾਨੁ)। ਪਹਿਲਾਂ ਅੰਦਰ ਦਾ ਟਿਕਾ ਮਿਲਿਆ, ਫਿਰ 'ਅੰਦਰ ਝਾਕਣੀ' ਦਾ ਵੱਲ ਆਇਆ। 'ਮਨਿ ਬਿਸ੍ਰਾਮ' ਹੋਣ ਨਾਲ ਹੀ 'ਮਨਿ ਪਰਗਾਸੁ' ਹੋਆ। ਕੋਈ ਮਾੜਾ ਨਾ ਦਿੱਸਿਆ ਤੇ ਹੁਣ ਪ੍ਰਭੂ ਦਾ ਕੀਤਾ ਚੰਗਾ ਲੱਗਾ। ਐਸਾ ਇਥੋਂ ਇੱਜ਼ਤ ਪਾ ਕੇ ਗਿਆ। ਆਤਮਿਕ ਤੌਰ ਤੇ ਅਮੀਰ ਹੋ ਕੇ ਗਿਆ ਤੇ ਕੁਲ ਸਵਾਰ ਗਿਆ। ਵੱਡੀ ਗੱਲ ਨਿਜ ਸਰੂਪ ਵਿਚ ਬੈਠੇ, ਇਕੱਲਾ ਹੀ ਅਨੰਦ ਨਹੀਂ ਮਾਣੇਗਾ ਸਗੋਂ ਹੋਰਨਾਂ ਨੂੰ ਵੀ ਸੋਝੀ ਦੇਵੇਗਾ। ਇਹ ਹੈ ਬਰਕਤ 'ਗਿਆਨ ਅੰਜਨੁ' ਪਾਉਣ ਦੀ।

**ਸਲੋਕੁ ॥**

**ਗਿਆਨ ਅੰਜਨੁ ਗੁਰਿ ਦੀਆ, ਅਗਿਆਨ ਅੰਧੇਰ ਬਿਨਾਸੁ ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ ੧ ॥**

**ਵਿਸਥਾਰ**

ਗੁਰੂ ਦੀ ਬਾਣੀ ਐਸਾ ਗਿਆਨ ਦਾ ਸੁਰਮਾ ਅੱਖਾਂ ਵਿਚ ਪਾਉਂਦੀ ਹੈ ਕਿ ਅਗਿਆਨ ਦਾ ਸਭ ਅਨ੍ਹੇਰਾ ਜੋ ਹਰ ਵੇਲੇ ਛਾਇਆ ਰਹਿੰਦਾ ਹੈ, ਛੱਟ ਜਾਂਦਾ ਹੈ। ਅਗਿਆਨ ਦਾ ਅੰਧੇਰਾ ਇਹ ਹੈ ਕਿ ਮੇਰੀ ਕੋਈ ਹਸਤੀ ਹੈ, ਸੰਸਾਰ ਸਦਾ ਰਹਿਣ ਵਾਲਾ ਹੈ ਤੇ ਉਸ ਤੋਂ ਬਗੈਰ ਵੀ ਕੁਝ ਵਾਪਰ ਸਕਦਾ ਹੈ।

ਅਨ੍ਹੇਰਾ ਛੱਟਣ ਨਾਲ ਵਾਹਿਗੁਰੂ ਕਿਰਪਾ ਕਰਕੇ ਪੁੱਜੇ ਪੁਰਸ਼ਾਂ ਦੀ ਪੱਕੀ ਸੰਗਤ ਬਖ਼ਸ਼ਦਾ ਹੈ ਤੇ ਸੁੱਤਾ ਹੋਇਆ ਮਨ ਜਾਗਦਾ ਹੈ ਤੇ ਫਿਰ ਮਨ-ਅੰਦਰ ਚਾਨਣ ਹੋ ਜਾਂਦਾ ਹੈ। ਮਨ ਵਿਚ ਦੌੜਨ ਭੱਜਣ ਦੀ ਸ਼ਕਤੀ ਮੁੱਕ ਜਾਂਦੀ ਹੈ। ੧।

ਸ਼ਬਦ ਭਾਵ :

**ਅੰਜਨੁ** : ਸੁਰਮਾ। ਸੁਰਮਾ ਅੱਖੀਆਂ ਵਿਚ ਪਾਇਆ ਜਾਂਦਾ ਹੈ ਤਾਂ ਕਿ ਅੱਖਾਂ ਵਿਚ ਕੁੱਕਰਾ ਨਾ ਹੋਵੇ। (Unguent)

**ਅਗਿਆਨ**
**ਅੰਧੇਰ** : ਨਾ-ਸਮਝੀ ਦਾ ਅਨ੍ਹੇਰਾ। (Pall of ignorance)

 www.sikhbookclub.com

ਸੰਤ : ਪੁੱਜਾ-ਪੁੱਗਾ ਪੁਰਸ਼ । ਜੋ ਸਦਾ ਕਰਮਸ਼ੀਲ ਰਹਿੰਦਾ ਹੈ । (Holy dynamic man)

ਪਰਗਾਸੁ : ਚਾਨਣ ਦੀ ਰੌ । (Illuminating) ੧.

## ਪਹਿਲੀ ਪਉੜੀ

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥
ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥
ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥

**ਵਿਸਥਾਰ**

ਪੁੱਜੇ-ਪੁੱਗੇ ਪੁਰਸ਼ਾਂ ਦੀ ਸੰਗਤ ਦਾ ਇਹ ਫਲ ਮਿਲਦਾ ਹੈ ਕਿ ਭਟਕਣਾ ਮੁੱਕ ਜਾਂਦੀ ਹੈ ਅਤੇ ਵਾਹਿਗੁਰੂ ਅੰਦਰ ਹੀ ਬੈਠਾ ਦਿੱਸ ਆਉਂਦਾ ਹੈ ਅਤੇ ਉਸ ਦੀ ਹਜ਼ੂਰੀ ਦਾ ਅਨੰਦ ਚੰਗਾ ਲੱਗਣ ਲੱਗ ਪੈਂਦਾ ਹੈ। ਹਜ਼ੂਰੀ ਦਾ ਅਨੰਦ ਮਿਲਿਆਂ ਇਹ ਸਾਫ਼ ਦਿੱਸਣ ਲੱਗ ਪੈਂਦਾ ਹੈ ਕਿ ਸਾਰਿਆਂ ਪਦਾਰਥਾਂ ਦਾ ਸਰੋਤ, ਮੰਬ੍ਹਾ ਇਕ ਉਹ ਹੀ ਹੈ ਭਾਵੇਂ ਅਨੇਕਾਂ ਕਿਸਮਾਂ ਦੇ ਰੰਗ ਤੇ ਰੂਪ ਆਮ ਬੰਦੇ ਨੂੰ ਦਿਸਦੇ ਹੋਣ।

ਪ੍ਰਭੂ ਦੀ ਹਜ਼ੂਰੀ ਵਿਚ ਸਦਾ ਰਹਿਣ ਵਾਲੇ ਨੂੰ ਇਹ ਪ੍ਰਗਟ ਹੋ ਜਾਂਦਾ ਹੈ ਕਿ ਪ੍ਰਭੂ ਦੇ ਅਮਰ ਕਰਨ ਵਾਲੇ ਨਾਮ ਵਿਚ ਹੀ ਸਾਰੀਆਂ ਬਰਕਤਾਂ ਦੇ ਖ਼ਜ਼ਾਨੇ ਹਨ। ਜੋ ਵੀ ਖ਼ੁਸ਼ੀ ਕੋਈ ਸੋਚ ਸਕਦਾ ਹੈ, ਉਹ ਉਸ ਦੀ ਹਜ਼ੂਰੀ ਪਾਇਆਂ ਮਿਲ ਜਾਂਦੀ ਹੈ । ਪ੍ਰਭੂ ਦੀ ਹਜ਼ੂਰੀ ਪ੍ਰਾਪਤ ਕਰਨ ਲਈ ਬਾਹਰ ਭਟਕਣ ਦੀ ਲੋੜ ਨਹੀਂ, ਉਸ ਨੂੰ ਸਰੀਰ ਵਿਚੋਂ ਪਾਉਣਾ ਹੈ ਕਿਉਂਕਿ ਨਾਮੁ ਸਰੀਰ ਵਿਚ ਹੀ ਹੈ।

ਜਦ ਮਨ ਆਪਣੇ ਸਰੂਪ ਵਿਚ ਟਿਕ ਗਿਆ, ਪੂਰਨ ਇਕਾਗ੍ਰਤਾ ਮਿਲ ਗਈ ਤਾਂ ਐਸਾ ਇਕ ਰਸ ਰਾਗ (ਅਨਹਤ ਨਾਦ) ਉਪਜਦਾ ਹੈ ਜਿਸ ਦੀ ਮਸਤੀ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

ਇਹ ਅਨਹਤ ਨਾਦ ਦਾ ਅਨੰਦ ਕਿਸੇ ਕਰਮ ਕਾਂਡ, ਜਤਨ-ਤਰੱਦਦ ਨਾਲ ਨਹੀਂ ਮਿਲਦਾ, ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਆਪ ਮਿਹਰ ਕਰਕੇ ਦਿਲਵਾ ਦੇਵੇ। ਇਹ ਕੋਈ ਗੱਲੀਂ-ਬਾਤੀਂ ਪ੍ਰਾਪਤ ਹੋਈ ਸ਼ੈ ਨਹੀਂ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਸ ਦੀ ਸੂਝ ਨਿਰੋਲ ਸੇਵਕ ਨੂੰ ਦੇਂਦਾ ਹੈ । ੧ ।


www.sikhbookclub.com

ਸ਼ਬਦ ਭਾਵ :

**ਅੰਤਰਿ** : ਅੰਦਰ ਹੀ। (Within)
**ਸਗਲ ਸਮਿਗ੍ਰੀ** : ਸਭ ਪਦਾਰਥ। ਸਭ ਪਸਾਰਾ। (All existence paraphernalia)
**ਅਨਿਕ** : ਅਨੇਕਾਂ।
**ਨਾਨਾ** : ਤਰ੍ਹਾਂ-ਤਰ੍ਹਾਂ ਦੇ। (Various)
**ਸੁੰਨ ਸਮਾਧਿ** : ਜਦੋਂ ਮਨ ਵਿਚ ਸੰਕਲਪ ਉਠਣੇ ਬੰਦ ਹੋ ਜਾਣ ਤਾਂ ਮਨ ਆਪਣੇ ਸਰੂਪ ਵਿਚ ਟਿਕ ਜਾਂਦਾ ਹੈ। ਪੂਰਨ ਟਿਕਾ। (Ultimate silence of ecstacy. Silent recesses)
**ਤਹ** : ਉਥੇ। ਉਸ ਅਫੁਰ ਸਮਾਧੀ ਦੀ ਅਵਸਥਾ ਵਿਚ।
**ਅਨਹਤ ਨਾਦ** : ਅਲਾਹੀ ਸੰਗੀਤ। ਇਕ ਰਸ ਰਾਗ ਜਿਸ ਨੂੰ ਮਨ ਸੁਣ ਕੇ ਬਾਹਰ ਭਟਕਦਾ ਨਹੀਂ। (Endless harmony within mind)
**ਅਚਰਜ** : ਹੈਰਾਨਕੁਨ।
**ਬਿਸਮਾਦ** : ਉਹ ਅਵਸਥਾ ਜਦ ਹੋਸ਼ ਰਹਿੰਦੀ ਹੈ ਪਰ ਹੋਰ ਸੰਸਾਰੀ ਸ਼ੈਆਂ ਵਲੋਂ ਮੂੰਹ ਮੁੜ ਜਾਂਦਾ ਹੈ। (Conscious self-forgetfulness) ੧.

## ਦੂਜੀ ਪਉੜੀ

**ਸੋ ਅੰਤਰਿ ਸੋ ਬਾਹਰਿ ਅਨੰਤ ॥**
**ਘਟਿ ਘਟਿ ਬਿਆਪਿ ਰਹਿਆ ਭਗਵੰਤ ॥**
**ਧਰਨਿ ਮਾਹਿ ਆਕਾਸ ਪਇਆਲ ॥**
**ਸਰਬ ਲੋਕ ਪੂਰਨ ਪ੍ਰਤਿਪਾਲ ॥**
**ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**
**ਜੈਸੀ ਆਗਿਆ ਤੈਸਾ ਕਰਮੁ ॥**
**ਪਉਣ ਪਾਣੀ ਬੈਸੰਤਰ ਮਾਹਿ ॥**
**ਚਾਰਿ ਕੁੰਟ ਦਹ ਦਿਸੇ ਸਮਾਹਿ ॥**
**ਤਿਸ ਤੇ ਭਿੰਨ ਨਹੀ ਕੋ ਠਾਉ ॥**
**ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥**

### ਵਿਸਥਾਰ

ਜਦ ਵਿਸਮਾਦੀ ਅਵਸਥਾ ਮਿਲ ਜਾਏ ਤਾਂ ਸਾਫ਼ ਦਿੱਸ ਪੈਂਦਾ ਹੈ ਕਿ ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ, ਉਹ ਹੀ ਅੰਦਰ ਹਿਰਦੇ ਵਿਚ ਹੈ ਤੇ ਉਸੇ ਦਾ ਹੀ ਬਾਹਰ ਸਾਰਾ ਪਸਾਰਾ ਹੈ। ਉਸੇ ਭਗਵਾਨ ਦੀ ਸੱਤਾ ਕਰਕੇ ਹਰ ਸਰੀਰ ਵਿਚ ਜੀਵਨ ਰੋ ਦੌੜ ਰਹੀ ਹੈ।

ਉਹ ਇਕ ਇਕੱਲੇ ਦੀ ਨਹੀਂ ਸਗੋਂ ਸਾਡੀ ਧਰਤੀ, ਆਕਾਸ਼, ਪਾਤਾਲ ਤੇ ਸਾਰੇ ਭਵਨਾਂ ਦੀ ਬੜੇ ਪਿਆਰ ਨਾਲ ਪਾਲਨਾ ਕਰਦਾ ਹੈ। ਪੂਰੀ ਰਾਖੀ ਰਖਦਾ ਹੈ। ਨਿਰੀਆਂ ਵੱਡੀਆਂ ਥਾਂਵਾਂ ਜੰਗਲਾਂ ਪਹਾੜਾਂ ਦੀ ਹੀ ਪਾਲਨਾ ਨਹੀਂ ਕਰਦਾ, 'ਬਨਿ ਤਿਨਿ


www.sikhbookclub.com

ਪਰਬਤਿ ਹੈ, ਪਾਰਬ੍ਰਹਮੁ।' ਉਸ ਦੀ ਨਜ਼ਰ ਤੋਂ ਘਾਹ ਦਾ ਨਿੱਕਾ ਜਿਹਾ ਤੀਲਾ ਵੀ ਓਹਲੇ ਨਹੀਂ। ਜੋ ਜੋ ਉਸ ਦਾ ਹੁਕਮ ਹੁੰਦਾ ਹੈ, ਵੱਡੇ ਨਿੱਕੇ ਉਸ ਮੁਤਾਬਕ ਕਾਰ ਨਿਭਾ ਰਹੇ ਹਨ। ਹਵਾ, ਪਾਣੀ, ਅਗਨੀ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ। ਚਹੁੰ ਕੂੰਟਾਂ ਤੇ ਦਸ ਪਾਸੀਂ ਉਹ ਹੀ ਵਰਤ ਰਹਿਆ ਹੈ।

ਇਹ ਸੋਝੀ ਕਿ ਉਸ ਪ੍ਰਭੂ ਤੋਂ ਟੁੱਟ ਕੇ ਕੋਈ ਥਾਂ ਟਿਕੀ ਰਹਿ ਹੀ ਨਹੀਂ ਸਕਦੀ, ਉਸ ਦੀ ਹੀ ਸੱਤਾ ਹਰ ਇਕ ਵਿਚ ਕੰਮ ਕਰ ਰਹੀ ਹੈ, ਉਸ ਬਗ਼ੈਰ ਕੁਝ ਵਾਪਰ ਨਹੀਂ ਸਕਦਾ, ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕੇਵਲ ਬਾਣੀ ਰਾਹੀਂ ਮਿਲਦੀ ਹੈ ਤੇ ਇਹ ਸੋਝੀ ਮਿਲਿਆਂ ਹੀ ਸਦੀਵੀ ਸੁੱਖ ਮਿਲ ਜਾਂਦਾ ਹੈ। 'ਗੁਰ ਪਰਸਾਦਿ ਨਾਨਕ ਸੁਖੁ ਪਾਉ'।੨।

**ਸ਼ਬਦ ਭਾਵ :**

**ਅੰਤਰਿ** : ਅੰਦਰ। (within)
**ਬਾਹਰਿ** : ਬਾਹਰ। (without)
**ਅਨੰਤ** : ਬੇਅੰਤ।
**ਘਟਿ ਘਟਿ** : ਹਰ ਹਿਰਦੇ।
**ਧਰਨਿ** : ਧਰਤੀ।
**ਪਇਆਲ** : ਪਾਤਾਲ।
**ਪੂਰਨ** : ਸਮਾਇਆ ਹੋਇਆ। (Fills)
**ਤਿਨਿ** : ਤਿਣਕੇ ਵਿਚ। (Blades of grass)
**ਆਗਿਆ** : ਹੁਕਮ।
**ਕਰਮੁ** : ਕੰਮ। ਕਾਰਜ।
**ਦਹ ਦਿਸੇ** : ਦਸ ਪਾਸੇ।
**ਭਿੰਨ** : ਬਗ਼ੈਰ, ਟੁੱਟ ਕੇ। (Detachment)
**ਠਾਉ** : ਥਾਂ।੨।

## ਤੀਜੀ ਪਉੜੀ

**ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥**
**ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥**
**ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥**
**ਆਪਿ ਅਡੋਲੁ ਨ ਕਬਹੂ ਡੋਲੈ ॥**
**ਸਰਬ ਕਲਾ ਕਰਿ ਖੇਲੈ ਖੇਲ ॥**
**ਮੋਲਿ ਨ ਪਾਈਐ ਗੁਣਹ ਅਮੋਲ ॥**
**ਸਰਬ ਜੋਤਿ ਮਹਿ ਜਾ ਕੀ ਜੋਤਿ ॥**
**ਧਾਰਿ ਰਹਿਓ ਸੁਆਮੀ ਓਤਿ ਪੋਤਿ ॥**

 www.sikhbookclub.com

ਗੁਰ ਪ੍ਰਸਾਦਿ ਭਰਮ ਕਾ ਨਾਸੁ ॥
ਨਾਨਕ ਤਿਨ ਮਹਿ ਏਹੁ ਬਿਸਾਸੁ ॥ ੩ ॥

**ਵਿਸਥਾਰ**

ਉਸ ਪ੍ਰਭੂ ਦੀ ਹੀ ਸੱਤਾ ਸੂਰਜ, ਚੰਦ ਅਤੇ ਤਾਰਿਆਂ ਵਿਚ ਕੰਮ ਕਰ ਰਹੀ ਹੈ ਅਤੇ ਉਸ ਇਕ ਸੱਤਾ ਦੀ ਢੂੰਡ-ਭਾਲ ਵਿਚ ਬੇਦ ਪੁਰਾਨ ਤੇ ਸਿਮ੍ਰਤ ਦੀਆਂ ਪੁਸਤਕਾਂ ਲਿਖਣੀਆਂ ਅਰੰਭ ਹੋਈਆਂ ਪਰ ਲਿਖਣਹਾਰੇ ਲਿਖਦੇ ਲਿਖਦੇ ਹੀ ਭਟਕ ਗਏ। ਹਰੀ ਤੱਕ ਵੇਦਾਂ ਪੁਰਾਨਾਂ ਦੀ ਪਹੁੰਚ ਨਾ ਹੋ ਸਕੀ। ਕਿਉਂਕਿ ਉਹ ਪ੍ਰਤੱਖ ਗੱਲ ਵੀ ਨਾ ਦੇਖ ਸਕੇ ਕਿ ਪ੍ਰਭੂ ਦੀ ਹੀ ਸ਼ਕਤੀ (ਬਾਣੀ) ਹੈ ਜੋ ਹਰ ਇਕ ਨੂੰ ਟੋਰੀ ਫਿਰਦੀ ਹੈ ਪਰ ਉਹ ਵਾਹਿਗੁਰੂ ਆਪ ਨਿਆਰਾ ਤੇ ਬੇਨਿਆਜ਼ ਹੋ ਬੈਠਾ ਹੈ। ਵਾਹਿਗੁਰੂ ਆਪਣੀ ਖੇਡ, ਅਪਾਰ ਜੁਗਤਾਂ ਨਾਲ ਖੇਡ ਰਹਿਆ ਹੈ। ਸੋ ਕਿਸੇ ਇਕ ਜੁਗਤ (ਗੁਣ) ਨਾਲ ਉਸ ਦਾ ਹਾਥ ਨਹੀਂ ਪਾਇਆ ਜਾ ਸਕਦਾ। ਹਰ ਇਕ ਦੀ ਰੂਹ ਉਸੇ ਕਰਕੇ ਹੀ ਰੌਸ਼ਨ ਹੈ ਅਤੇ ਉਸ ਵਾਹਿਗੁਰੂ ਨੇ ਆਪ ਹੀ ਤਾਣਾ ਪੇਟਾ ਹੋ ਕੇ ਸਾਰੀ ਰਚਨਾ ਦੀ ਬਣਤ ਬਣਾਈ ਹੈ।

ਇਹ ਭੁਲੇਖਾ ਕਿ ਉਸ ਤੋਂ ਬਗੈਰ ਵੀ ਕੋਈ ਹੋਰ ਹੈ, ਨਾ ਬੇਦ ਤੇ ਨਾ ਸ਼ਾਸਤ੍ਰ ਤੇ ਨਾ ਸਿਮ੍ਰਤੀ ਰਾਹੀਂ, ਸਿਰਫ਼ ਗੁਰਬਾਣੀ ਦੇ ਰਾਹ ਟੁਰਿਆਂ ਹੀ ਹਟਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਨਿਸ਼ਚਾ ਕਿ ਉਹ ਹਰ ਇਕ ਵਿਚ ਸਮਾਇਆ ਹੈ, ਗੁਰਬਾਣੀ ਰਾਹੀਂ ਪੱਕਾ ਹੋ ਜਾਂਦਾ ਹੈ। ੩।

SIKHBOOKCLUB.COM

*ਸ਼ਬਦ ਭਾਵ :*

**ਬੇਦ ਪੁਰਾਨ**
**ਸਿੰਮ੍ਰਿਤ ਮਹਿ**

**ਦੇਖੁ :** ਬੇਦ ਪੁਰਾਣ ਸਿਮ੍ਰਤੀਆਂ ਦਾ ਲਿਖਣਾ ਤਾਂ ਇਸ ਲਈ ਅਰੰਭ ਹੋਇਆ ਕਿ ਵਾਹਿਗੁਰੂ ਦਾ ਦੀਦਾਰ ਹੋ ਜਾਏ ਪਰ ਰਾਹ ਵਿਚ ਹੀ ਭਟਕ ਗਏ।

**ਬਾਣੀ :** ਸ਼ਕਤੀ। ਸੱਤਾ।

**ਸਭੁ ਕੋ ਬੋਲੈ :** ਹਰ ਇਕ ਵਿਚ ਉਜਾਗਰ ਹੈ। ਪ੍ਰਤੱਖ ਹੈ। ਸਾਫ਼ ਪ੍ਰਗਟ ਹੈ।

**ਸਰਬ ਕਲਾ :** ਅਪਾਰ ਢੰਗਾਂ ਨਾਲ। (Endless arts)

**ਮੋਲਿ :** ਮੁਲ ਤੋਂ। ਕਿਸੇ ਦੀ ਕੀਮਤ ਪਾ ਕੇ ਉਸ ਨੂੰ ਆਪਣਾ ਬਣਾ ਲੈਣਾ। ਅੰਦਾਜ਼ਾ ਕਰ ਲੈਣਾ। ਸਮਝ ਵਿਚ ਆ ਜਾਣਾ।

**ਓਤਿ ਪੋਤਿ :** ਤਾਣਾ ਪੇਟਾ। (Warp and woof)

**ਭਰਮ :** ਭੁਲੇਖਾ। ਇਹ ਭੁਲੇਖਾ ਜੋ ਜੀਵ ਨੂੰ ਸਦਾ ਰਹਿੰਦਾ ਹੈ ਕਿ ਵਾਹਿਗੁਰੂ ਤੋਂ ਬਗੈਰ ਵੀ ਕੋਈ ਹੋਰ ਹੈ। ੩।

## ਚੌਥੀ ਪਉੜੀ

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥

**ਸੰਤ ਜਨਾ ਸੁਨਹਿ ਸੁਭ ਬਚਨ ॥**
**ਸਰਬ ਬਿਆਪੀ ਰਾਮ ਸੰਗਿ ਰਚਨ ॥**
**ਜਿਨਿ ਜਾਤਾ ਤਿਸ ਕੀ ਇਹ ਰਹਤ ॥**
**ਸਤਿ ਬਚਨ ਸਾਧੂ ਸਭਿ ਕਹਤ ॥**
**ਜੋ ਜੋ ਹੋਇ ਸੋਈ ਸੁਖੁ ਮਾਨੈ ॥**
**ਕਰਨ ਕਰਾਵਨਹਾਰੁ ਪ੍ਰਭੁ ਜਾਨੈ॥**
**ਅੰਤਰਿ ਬਸੇ ਬਾਹਰਿ ਭੀ ਓਹੀ ॥**
**ਨਾਨਕ ਦਰਸਨੁ ਦੇਖਿ ਸਭ ਮੋਹੀ ॥ ੪ ॥**

**ਵਿਸਥਾਰ**

ਉੱਚੀਆਂ ਪੁੱਗੀਆਂ ਆਤਮਾਵਾਂ ਸਭਨਾਂ ਵਿਚ ਵਾਹਿਗੁਰੂ ਦੇਖਣ ਵਾਲੀ ਨੀਝ ਪਾ ਲੈਂਦੀਆਂ ਹਨ। ਪੂਰਨ ਤੌਰ ਤੇ ਉਹ ਦਿਲੋਂ ਸਦਾਚਾਰੀ ਹੁੰਦੇ ਹਨ। ਕਦੇ ਅੰਦਰ ਮੰਦਾ ਫੁਰਨਾ ਫੁਰਦਾ ਤੱਕ ਨਹੀਂ। **'ਹਿਰਦੈ ਸਭਿ ਧਰਮ'**।

ਪੁੱਗੀਆਂ ਉੱਚੀਆਂ ਆਤਮਾਵਾਂ ਦੇ ਅੰਦਰ ਦਾ ਟਿਕਾ ਹਰ ਵੇਲੇ ਬਣਿਆ ਹੋਣ ਕਾਰਨ ਪ੍ਰਭੂ ਦੇ ਪਾਵਨ ਬੋਲ ਸਾਫ਼ ਸੁਣੀਂਦੇ ਰਹਿੰਦੇ ਹਨ। ਉਹ ਸਰਬ ਵਿਆਪੀ, ਹਰ ਇਕ ਵਿਚ ਸਮਾਏ ਵਾਹਿਗੁਰੂ, ਨਾਲ ਇਕ ਮਿਕ ਹੋ ਗਏ ਹੁੰਦੇ ਹਨ। ਬੜੀ ਟਿਕੀ ਹੋਈ ਸ਼ਖ਼ਸੀਅਤ ਹੁੰਦੀ ਹੈ ਸੰਤ ਜਨਾਂ ਦੀ। ਜਿਸ ਨੇ ਉਸ ਨੂੰ ਹਰ ਇਕ ਵਿਚ ਸਮਾਇਆ ਦੇਖ ਲਿਆ ਉਸ ਦੀ ਪਹਿਲੀ ਵੱਡੀ ਰਹਿਤ ਇਹ ਹੁੰਦੀ ਹੈ ਕਿ ਉਨ੍ਹਾਂ ਦਾ ਹਰ ਬੋਲ ਕਮਾਇਆ ਅਤੇ ਸਚਿਆਈ ਵਾਲਾ ਹੁੰਦਾ ਹੈ। **'ਸਤਿ ਬਚਨ ਸਾਧੂ ਸਭਿ ਕਹਤ'**। ਦੂਜਾ, ਉਨ੍ਹਾਂ ਦੀ ਧਾਰਨਾ ਇਹ ਬਣ ਜਾਂਦੀ ਹੈ ਕਿ ਜੋ ਕੁਝ ਵੀ ਵਾਪਰ ਰਹਿਆ ਹੈ ਉਸ ਨੂੰ ਖਿੜੇ ਮੱਥੇ ਮੰਨਣਾ ਹੈ। ਉਲਾਹਮੇ, ਸ਼ਿਕਵੇ ਨਹੀਂ ਕਰਨੇ ਕਿਉਂਕਿ ਕਰਨ ਕਰਾਵਨਹਾਰ, ਕੇਵਲ ਪ੍ਰਭੂ ਨੂੰ ਹੀ ਗਿਣਦੇ ਹਨ।

ਉਹ ਸਾਫ਼ ਦੇਖ ਲੈਂਦੇ ਹਨ ਕਿ ਜਿਸ ਪ੍ਰਭੂ ਦੀ ਸੱਤਾ ਹਰ ਜੀਵ ਵਿਚ ਵਰਤ ਰਹੀ ਹੈ, ਉਹ ਹੀ ਬਾਹਰ ਉਸ ਦੀ ਸਿਰਜਨਾ ਵਿਚ ਚਮਤਕਾਰ ਕਰ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਰੂਪ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਇਹ ਨਜ਼ਾਰਾ ਕਿ ਉਹ ਹੀ ਅੰਦਰ ਬਾਹਰ ਵਰਤ ਰਹਿਆ ਹੈ, ਨੂੰ ਜਾਣ ਕੇ ਸੰਤ ਜਨ ਸਦਾ ਹੀ ਮੁਗਧ ਰਹਿੰਦੇ ਹਨ। ੪।

**ਸ਼ਬਦ ਭਾਵ :**

**ਪੇਖਨੁ :** ਨੀਝ। ਨਜ਼ਰ। ਅੱਖ।

**ਹਿਰਦੈ ਸਭਿ ਧਰਮ :** ਅੰਦਰੋਂ ਮੁਕੰਮਲ ਤੌਰ ਤੇ ਸਦਾਚਾਰੀ ਹੋਣਾ। ਮੰਦਾ ਮਾੜਾ ਫੁਰਨਾ ਤਕ ਨਾ ਉਠਣ ਦੀ ਅਵਸਥਾ। (Righteousness solely pervasive)

**ਸੁਭ ਬਚਨ :** ਪਾਵਨ ਬੋਲ ਵਾਹਿਗੁਰੂ ਦੇ। ਟਿਕਿਆ ਹੋਇਆ ਮਨ ਪ੍ਰਭੂ ਦੀ ਪਾਵਨ ਆਵਾਜ਼ ਸਪਸ਼ਟ ਸੁਣ ਲੈਂਦਾ ਹੈ।

 www.sikhbookclub.com

**ਸੰਗਿ ਰਚਨ :** ਕਿਸੇ ਨਾਲ ਇਕ ਮਿੱਕ ਹੋ ਜਾਣਾ। ਵਿੱਥ ਮਿਟ ਜਾਣੀ। (Intimate association)

**ਜਾਤਾ :** ਜਾਣ ਲਿਆ। ਇਸ ਸੂਝ ਦਾ ਮਿਲ ਜਾਣਾ ਕਿ ਵਾਹਿਗੁਰੂ ਸਰਬ ਵਿਆਪੀ ਹੈ।

**ਦਰਸਨੁ :** ਨਜ਼ਾਰਾ। (vision)

**ਸਤਿ ਬਚਨ :** ਕਮਾਇਆ ਹੋਇਆ ਬੋਲ, ਠਹਿਰਿਆ ਤੇ ਸਚਾਈ ਭਰਿਆ। (Cultivated speech)

**ਮੋਹੀ :** ਮਸਤ। ਮੁੱਗਧ। ਆਤਮਿਕ ਹੁਲਾਰਾ। (Enchanted) ੪.

## ਪੰਜਵੀਂ ਪਉੜੀ

ਆਪਿ ਸਤਿ ਕੀਆ ਸਭੁ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥
ਤਿਸੁ ਭਾਵੈ ਤਾ ਏਕੰਕਾਰੁ ॥
ਅਨਿਕ ਕਲਾ ਲਖੀ ਨਹ ਜਾਇ ॥
ਜਿਸੁ ਭਾਵੈ ਤਿਸੁ ਲਏ ਮਿਲਾਇ ॥
ਕਵਨ ਨਿਕਟਿ ਕਵਨ ਕਹੀਐ ਦੂਰਿ ॥
ਆਪੇ ਆਪਿ ਆਪ ਭਰਪੂਰਿ ॥
ਅੰਤਰ ਗਤਿ ਜਿਸੁ ਆਪਿ ਜਨਾਏ ॥
ਨਾਨਕ ਤਿਸੁ ਜਨ ਆਪਿ ਬੁਝਾਏ ॥ ੫ ॥

### ਵਿਸਥਾਰ

ਬਾਹਰ ਅੰਦਰ ਇਕੋ ਦਾ ਹੁਕਮ ਵਰਤਦਾ ਵੇਖ ਸੰਤ ਜਨ ਇਹ ਵੀ ਜਾਣ ਜਾਂਦੇ ਹਨ ਕਿ ਉਹ ਸੱਚਾ ਅਤੇ ਉਸ ਦਾ ਕੀਤਾ ਸਭ ਕੁਝ ਹੀ ਸੱਚ ਹੈ। ਜੋ ਸਾਰੀ ਸਿਰਜਨਾ ਉਸ ਤੋਂ ਹੋਈ ਹੈ ਉਹ ਵੀ ਸੱਚੀ ਹੈ। ਫਿਰ ਇਹ ਸੰਸਾਰ ਝੂਠਾ ਕਿਵੇਂ ਹੋ ਸਕਦਾ ਹੈ, ਨਾਸ਼ਵੰਤ ਬੇਸ਼ੱਕ ਹੋਵੇ। ਉਸ ਦੀ ਮਰਜ਼ੀ ਮੁਤਾਬਕ ਇਹ ਉਪਜੀ ਹੈ ਉਸ ਦੇ ਹੁਕਮ ਨਾਲ ਹੀ ਨਾਸ਼ ਹੋ ਜਾਣੀ ਹੈ ਪਰ ਉਹ ਆਪੂੰ ਸਦਾ ਲਗਾਤਾਰ (ਏਕੰਕਾਰੁ) ਹੈ।

ਉਹ ਆਪਣੀਆਂ ਅਨੇਕਾਂ ਸ਼ਕਤੀਆਂ ਕਿਵੇਂ ਵਰਤਦਾ ਹੈ, ਇਸ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਸੋ ਜੇ ਕੋਈ ਇਹ ਆਖੇ ਕਿ ਉਹ ਤਪ, ਤਰੱਦਦ ਜਾਂ ਹੋਰ ਕਰਮ ਨਾਲ ਉਸ ਦਾ ਮਿਲਾਪ ਕਰ ਸਕਦਾ ਹੈ, ਤਾਂ ਉਹ ਨਿਰਮੂਲ ਬਾਤ ਕਰ ਰਹਿਆ ਹੈ। ਮਿਲਾਪ ਕਿਸੇ ਦੇ ਵੀ ਆਪਣੇ ਵੱਸ ਦੀ ਸ਼ੈ ਨਹੀਂ। ਉਸ ਦੀ ਮਿਹਰ ਨਾਲ ਹੀ ਹੋਣਾ ਹੈ।

ਸੋ ਇਹ ਕਹਿਣਾ ਵੀ ਨਹੀਂ ਫੱਬਦਾ ਕਿ ਕੌਣ ਉਸ ਦੇ ਨੇੜੇ ਹੋ ਗਿਆ ਤੇ ਕੌਣ ਦੂਰ। ਇਹ ਨਿਕਟਿ ਜਾਂ ਦੂਰ ਦੀ ਗੱਲ ਤਾਂ ਕਰੀਏ ਜੇ ਉਹ ਹਰ ਥਾਂ ਸਮਾਇਆ ਨਾ ਹੋਵੇ। ਉਹ ਆਪ ਹਰ ਥਾਂ ਹਰ ਵੇਲੇ ਮੌਜੂਦ ਹੈ।

 www.sikhbookclub.com

ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਇਹ ਰਹੱਸ ਕਿ ਉਹ ਹਰ ਇਕ ਵਿਚ ਹਰ ਥਾਂ ਮੌਜੂਦ ਹੈ, ਉਸ ਤੇ ਹੀ ਖੁਲ੍ਹਦਾ ਹੈ ਜਿਸ ਨੂੰ ਪਹਿਲਾਂ ਮਿਹਰ ਕਰਕੇ ਅੰਦਰ ਝਾਕਣੀ ਬਖਸ਼ ਕੇ ਭਟਕਣਾ ਮੁਕਾ ਕੇ ਆਪਣੀ ਆਤਮਾ ਵਿਚ ਹੀ ਪਰਮ-ਆਤਮਾ ਦਿਖਲਾ ਦੇਂਦਾ ਹੈ। ਪਹਿਲਾਂ ਅੰਦਰ ਹਜ਼ੂਰੀ ਦਾ ਪ੍ਰਕਾਸ਼ ਕਰਦਾ ਹੈ ਤੇ ਫਿਰ ਬਾਹਰ ਸਭਨਾਂ ਵਿਚ ਵੇਖਣ ਦੀ ਨੀਝ ਬਖਸ਼ ਦੇਂਦਾ ਹੈ। ੫।

**ਸ਼ਬਦ ਭਾਵ :**

ਉਤਪਤਿ : ਪੈਦਾਇਸ਼। (Creation)

ਏਕੰਕਾਰੁ : ਸਭ ਉਪਜ ਨੂੰ ਸਮੇਟ ਕੇ ਕੇਵਲ ਇਕੱਲਾ ਇਕ ਆਪ ਰਹਿ ਜਾਂਦਾ ਹੈ। (The sole supreme being)

ਅਨਿਕ ਕਲਾ : ਬੇਅੰਤ ਤੇ ਕਈ ਪਰਕਾਰ ਦੀਆਂ ਤਾਕਤਾਂ। (Manifold powers)

ਲਖੀ : ਬਿਆਨ।

ਅੰਤਰਿ ਗਤਿ : ਅੰਦਰ ਆਤਮਾ, ਆਪਣਾ ਸਰੂਪ ਵੇਖਣਾ। ਅੰਦਰੋਂ ਹੀ ਆਪਣਾ ਗਿਆਨ। ੫।

## ਛੇਵੀਂ ਪਉੜੀ

**ਸਰਬ ਭੂਤ ਆਪਿ ਵਰਤਾਰਾ ॥**
**ਸਰਬ ਨੈਨ ਆਪਿ ਪੇਖਨਹਾਰਾ ॥**
**ਸਗਲ ਸਮਗ੍ਰੀ ਜਾ ਕਾ ਤਨਾ ॥**
**ਆਪਨ ਜਸੁ ਆਪ ਹੀ ਸੁਨਾ ॥**
**ਆਵਨ ਜਾਨੁ ਇਕੁ ਖੇਲੁ ਬਨਾਇਆ ॥**
**ਆਗਿਆਕਾਰੀ ਕੀਨੀ ਮਾਇਆ ॥**
**ਸਭ ਕੈ ਮਧਿ ਅਲਿਪਤੋ ਰਹੈ ॥**
**ਜੋ ਕਿਛੁ ਕਹਣਾ ਸੁ ਆਪੇ ਕਹੈ ॥**
**ਆਗਿਆ ਆਵੈ ਆਗਿਆ ਜਾਇ ॥**
**ਨਾਨਕ ਜਾ ਭਾਵੈ ਤਾ ਲਏ ਸਮਾਇ ॥ ੬ ॥**

**ਵਿਸਥਾਰ**

ਸਾਰੇ ਤੱਤਾਂ ਵਿਚ ਉਸ ਦੀ ਹੀ ਸ਼ਕਤੀ ਕੰਮ ਕਰ ਰਹੀ ਹੈ। ਜੋ ਸਾਡੀਆਂ ਅੱਖਾਂ ਵੇਖਦੀਆਂ ਹਨ ਅਸਲ ਵਿਚ ਅਸੀਂ ਨਹੀਂ ਦੇਖ ਰਹੇ ਹੁੰਦੇ, ਉਹ ਹੀ ਦੇਖ ਰਹਿਆ ਹੁੰਦਾ ਹੈ। ਸਾਰੇ ਜਗਤ ਨੂੰ ਉਸ ਦਾ ਸਰੀਰ ਹੀ ਜਾਣੋ। ਸੋ ਜੇ ਅਸੀਂ ਉਸ ਦੇ ਗੁਣ ਗਾਂਦੇ ਦਿਸਦੇ ਹਾਂ, ਅਸਲ ਵਿਚ ਉਹ ਆਪ ਹੀ ਗਾ ਰਹਿਆ ਹੁੰਦਾ ਹੈ ਅਤੇ ਉਹ ਆਪੇ ਹੀ ਸੁਣ ਰਹਿਆ ਹੁੰਦਾ ਹੈ। ਭਾਵ ਇਹ ਹੈ ਕਿ ਉਸ ਦੀ ਮਿਹਰ ਹੋਵੇ ਤਾਂ ਧਿਆਨ ਪੱਕਦਾ ਹੈ। ਨਹੀਂ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਅਸੀਂ ਕੋਈ ਹੋਰ ਹਾਂ ਅਤੇ ਉਹ ਕੋਈ ਸਾਡੇ ਤੋਂ ਦੂਜਾ ਹੈ। ਆਉਣਾ ਜਾਵਣਾ, ਜੀਵਨ-ਮਰਨ ਉਸ ਦੀ ਤਾਂ ਇਕ ਖੇਡ ਹੀ ਹੈ। ਸਾਰੀ ਸਿਰਜਨਾ ਉਸ ਦੀ ਆਗਿਆ ਵਿਚ ਹੈ। ਮਾਇਆ ਦਾ ਆਪਣਾ ਕੋਈ ਵੱਖਰਾ ਰੂਪ ਨਹੀਂ। ਸੋ

ਜਦ ਕੋਈ ਇਹ ਕਹਿੰਦਾ ਹੈ ਕਿ ਮਾਇਆ ਵਾਪਰ ਗਈ ਹੈ ਤਾਂ ਉਹ ਮੁੱਢਲੀ ਗੱਲ 'ਆਪੇ ਆਪਿ ਆਪ ਭਰਪੂਰਿ' ਨੂੰ ਵਿਸਾਰ ਰਹਿਆ ਹੈ ਤੇ ਠੋਕਰਾਂ ਖਾਏਗਾ । ਵਾਹਿਗੁਰੂ ਦੀ ਕਲਾ ਹੀ ਇਹ ਹੈ ਕਿ ਉਹ ਸਭ ਵਿਚ ਵਰਤਦਾ ਵੀ ਸਭ ਤੋਂ ਅਲੱਗ ਤੇ ਉੱਚਾ ਹੈ। ਜੇ ਮਨੁੱਖ ਇਸ ਜਗਤ ਦੇ ਮੰਚ ਤੇ ਬੋਲਦਾ ਚਾਲਦਾ ਹੈ, ਅਸਲ ਵਿਚ ਉਹ ਹੀ ਬੁਲਾ ਰਹਿਆ ਹੁੰਦਾ ਹੈ। ਉਸ ਦੇ ਹੁਕਮ ਨਾਲ ਹੀ ਅਦਾਕਾਰੀ ਕਰਨ ਆਉਂਦਾ ਹੈ ਤੇ ਉਸ ਦੇ ਹੁਕਮ ਨਾਲ ਹੀ ਸਟੇਜ ਤੋਂ ਹੱਟ ਜਾਂਦਾ ਹੈ। ਆਪਣੇ ਆਪ ਵਿਚ ਇਸ ਦੀ ਕੋਈ ਹਸਤੀ ਨਹੀਂ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਦ ਉਸ ਦਾ ਚਿੱਤ ਖੇਲ੍ਹ ਖ਼ਤਮ ਕਰਨ ਦਾ ਹੁੰਦਾ ਹੈ ਤਾਂ ਸਾਰੇ ਖੇਡਣ ਹਾਰਿਆਂ ਨੂੰ ਵਾਪਸ ਬੁਲਾ ਕੇ ਆਪਣੇ ਵਿਚ ਹੀ ਸਮੇਟ ਲੈਂਦਾ ਹੈ। ੬।

**ਸ਼ਬਦ ਭਾਵ :**

- **ਭੂਤ** : ਤੱਤਾਂ । ਜੀਵਾਂ । ਹਸਤੀਆਂ । (Beings)
- **ਸਮਗ੍ਰੀ** : ਸਿਰਜਣਾ । ਖ਼ੁਦਾਈ । ਰਚਨਾ । (Creation)
- **ਤਨਾ** : ਸਰੀਰ ।
- **ਆਪਨ ਜਸੁ ਆਪ ਹੀ ਸੁਨਾ** : ਵਾਹਿਗੁਰੂ ਦਾ ਜੱਸ ਗਾਂਦੇ ਜਦ ਤਕ ਕੋਈ ਇਹ ਸਮਝਦਾ ਹੈ ਕਿ ਉਹ ਕਿਸੇ ਹੋਰ ਨੂੰ ਸੁਨਾ ਰਹਿਆ ਹੈ ਤਾਂ ਉਸ ਦਾ ਵਾਹਿਗੁਰੂ ਤਕ ਪੁੱਜਣ ਨਹੀਂ ਹੋਣਾ । ਪਰ ਜਦ ਆਪਣੇ ਆਪ ਨੂੰ ਉਸ ਦਾ ਅੰਗ ਜਾਣ ਗਾਈਏ ਤਾਂ ਉਸ ਤਕ ਰਸਾਈ ਹੋ ਜਾਏਗੀ। ਪੂਰਨ ਇਕਾਗ੍ਰਤਾ ਵਿਚ ਗਾਇਆਂ ਅਨੰਦ ਵੀ ਮਿਲਦਾ ਹੈ ਅਤੇ ਇਹ ਪ੍ਰਤੀਤ ਹੁੰਦਾ ਹੈ ਕਿ ਵਾਹਿਗੁਰੂ ਆਪ ਸੁਣ ਰਹਿਆ ਹੈ ।
- **ਆਗਿਆਕਾਰੀ** : ਹੁਕਮ ਵਿਚ ਟੁਰਨ ਵਾਲੀ । ਜਿਸ ਦੀ ਆਪਣੀ ਕੋਈ ਹਸਤੀ ਨਾ ਹੋਵੇ ।
- **ਮਾਇਆ** : ਦਿਸਦਾ ਪਸਾਰਾ ।
- **ਮਧਿ** : ਵਿਚ ਹੁੰਦਾ । ਅੰਦਰ ਵਰਤਦਾ ।
- **ਅਲਿਪਤੋ** : ਬੇਲਾਗ । ਨਿਰਲੇਪ । ਅਲਹਿਦਾ । ਉੱਚਾ । (Detached)
- **ਲਏ ਸਮਾਇ** : ਸਮੇਟ ਲੈਣਾ । ਖੇਲ੍ਹ ਨੂੰ ਖ਼ਤਮ ਕਰ ਦੇਣਾ । (Absorbs) ੬.

## ਸਤਵੀਂ ਪਉੜੀ

ਇਸ ਤੇ ਹੋਇ ਸੁ ਨਾਹੀ ਬੁਰਾ ॥
ਓਰੈ ਕਹਹੁ ਕਿਨੈ ਕਛੁ ਕਰਾ ॥
ਆਪਿ ਭਲਾ ਕਰਤੂਤਿ ਅਤਿ ਨੀਕੀ ॥
ਆਪੇ ਜਾਨੈ ਅਪਨੇ ਜੀ ਕੀ ॥
ਆਪਿ ਸਾਚੁ ਧਾਰੀ ਸਭ ਸਾਚੁ ॥
ਓਤਿ ਪੋਤਿ ਆਪਨ ਸੰਗਿ ਰਾਚੁ ॥
ਤਾ ਕੀ ਗਤਿ ਮਿਤਿ ਕਹੀ ਨ ਜਾਇ ॥
ਦੂਸਰ ਹੋਇ ਤ ਸੋਝੀ ਪਾਇ ॥

 www.sikhbookclub.com

**ਤਿਸ ਕਾ ਕੀਆ ਸਭੁ ਪਰਵਾਨੁ ॥**
**ਗੁਰਪ੍ਰਸਾਦਿ ਨਾਨਕ ਇਹੁ ਜਾਨੁ ॥ ੭ ॥**

**ਵਿਸਥਾਰ**

ਵਾਹਿਗੁਰੂ ਵਲੋਂ ਜੋ ਵੀ ਵਾਪਰਦਾ ਹੈ, ਉਹ ਬੁਰਾ ਹੋ ਹੀ ਨਹੀਂ ਸਕਦਾ ਕਿਉਂਕਿ ਉਸ ਤੋਂ ਇਲਾਵਾ ਕੀ ਕੋਈ ਹੋਰ ਹੈ ਜੋ ਕੁਝ ਵਰਤਾ ਸਕੇ। ਜੇ ਉਸ ਤੋਂ ਇਲਾਵਾ ਹੋਰ ਕੋਈ ਕੁਝ ਵਰਤਾ ਨਹੀਂ ਸਕਦਾ ਤਾਂ ਇਹ ਕੋਈ ਕਿਵੇਂ ਕਹਿ ਸਕਦਾ ਹੈ ਕਿ ਬੁਰਾ ਹੋਇਆ।

ਇਹ ਨਾ ਭੁੱਲੋ ਕਿ ਵਾਹਿਗੁਰੂ ਆਪੂੰ ਭਲਾਈ ਦਾ ਸੋਮਾ ਹੈ ਅਤੇ ਉਸ ਵਲੋਂ ਵਾਪਰੀ ਹਰ ਘਟਨਾ (ਕਰਤੂਤਿ) ਵੀ ਚੰਗੀ ਹੀ ਹੁੰਦੀ ਹੈ। ਵਾਹਿਗੁਰੂ ਦੇ ਹਿਰਦੇ ਕੀ ਹੈ, ਕੇਵਲ ਉਹ ਹੀ ਜਾਣਦਾ ਹੈ। ਅਸੀਂ ਕੌਣ ਵਿਚਾਰੇ ਹਾਂ ਜੋ ਉਸ ਦੇ ਅੰਦਰ ਦੀ ਜਾਣ ਸਕੀਏ। ਇਕ ਹੋਰ ਗੱਲ, ਉਹ ਆਪੂੰ ਸਹੀ ਹੈ ਅਤੇ ਜੋ ਉਸ ਦੇ ਸਹਾਰੇ ਇਹ ਸਾਰੀ ਰਚਨਾ ਟੁਰ ਰਹੀ ਹੈ ਉਹ ਵੀ ਸਹੀ ਹੈ, ਗ਼ਲਤ ਜਾਂ ਭਰਮ ਨਹੀਂ ਹੋ ਸਕਦਾ। ਸਾਰੀ ਰਚਨਾ ਤਾਣੇ ਪੇਟੇ ਵਾਂਗ ਉਸ ਨਾਲ ਜੁੜੀ ਹੋਈ ਹੈ। ਰਚਨਾ ਦੀ ਵਾਹਿਗੁਰੂ ਤੋਂ ਬਗ਼ੈਰ ਕੋਈ ਵੱਖਰੀ ਹੋਂਦ ਹਸਤੀ ਨਹੀਂ।

ਗੁਰੂ ਜੀ ਉਨ੍ਹਾਂ ਸਭ ਖਿਆਲਾਂ ਤੇ ਚੋਟ ਕਰ ਰਹੇ ਹਨ ਜੋ ਇਹ ਪਰਚਾਰ ਕਰਦੇ ਸਨ ਕਿ ਵਾਹਿਗੁਰੂ ਤੋਂ ਇਲਾਵਾ ਕੋਈ ਹੋਰ ਸ਼ੈਤਾਨ ਹੈ ਜਿਸ ਮਨੁੱਖ ਨੂੰ ਭਰਮਾ ਕੇ ਬੁਰੇ ਪਾਸੇ ਲਗਾਇਆ ਹੈ ਤੇ ਇਸ ਤਰ੍ਹਾਂ ਇਨਸਾਨ ਸਜ਼ਾ ਦਾ ਭਾਗੀ ਹੋ ਸੰਸਾਰ ਤੇ ਆਇਆ। ਕੁਝ ਇਹ ਕਹਿੰਦੇ ਹਨ ਕਿ 'ਮਾਇਆ' ਦੀ ਆਪਣੀ ਬੜੀ ਸ਼ਕਤੀ ਹੈ। ਇਹ ਦਿਸਦਾ ਸੰਸਾਰ ਇਕ 'ਭਰਮ ਮਾਤ੍ਰ' ਹੈ, ਭ੍ਰਾਂਤੀ ਹੈ। ਇਹ ਜਾਣ ਲਵੋ ਕਿ ਨਾ ਹੀ ਕੋਈ ਵਾਹਿਗੁਰੂ ਦੀ ਹੱਦ-ਮਾਤ੍ਰਾ ਹੈ ਤੇ ਨਾ ਹੀ ਉਸ ਦੀ ਹੈਸੀਅਤ ਬਾਰੇ ਕੋਈ ਅਨੁਮਾਨ ਲਗਾ ਸਕਦਾ ਹੈ ਕਿਉਂਕਿ ਉਸ ਤੋਂ ਇਲਾਵਾ ਕੋਈ ਹੋਰ ਦੂਜਾ ਨਹੀਂ ਜੋ ਉਸ ਬਾਰੇ ਕੁਝ ਦੱਸ ਕਹਿ ਸਕੇ। ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਕੇਵਲ ਸ਼ਬਦ ਦੇ ਲੜ ਲਗਿਆਂ ਹੀ ਇਹ ਸੋਝੀ ਮਿਲਦੀ ਹੈ ਕਿ ਵਾਹਿਗੁਰੂ ਹੈ (ਇਹੁ ਜਾਨੁ) ਅਤੇ ਜੋ ਕੁਝ ਵੀ ਉਹ ਕਰ ਰਹਿਆ ਹੈ ਉਸ ਨੂੰ ਖਿੜੇ ਮੱਥੇ ਮੰਨਣਾ ਸਾਡਾ ਫ਼ਰਜ਼ ਹੈ। ੭।

**ਸ਼ਬਦ ਭਾਵ :**

**ਇਸ ਤੇ** : ਵਾਹਿਗੁਰੂ ਤੋਂ।
ਓਰੈ : ਹੋਰ ਕਿਸੇ।

ਕਹਹੁ, ਕਿਨੈ

ਕਛੁ ਕਰਾ : ਦੱਸੋ ਭਈ, ਕਹੋ ਕਿਸੇ ਹੋਰ ਨੇ ਉਸ ਤੋਂ ਸਿਵਾ ਕੁਝ ਕਰ ਕੇ ਵਿਖਾਇਆ ਹੈ, ਕਿਸੇ ਨਹੀਂ।
ਕਰਤੂਤਿ : ਕਰਨੀ। ਘਟਨਾ। ਕੰਮ।
ਨੀਕੀ : ਚੰਗੀ। ਠੀਕ। ਭਲੀ। ਸੁਹਣੀ।
ਸਾਚੁ : ਸਹੀ। ਠੀਕ। ਸੱਚਾ।

 www.sikhbookclub.com

**ਗਤਿ ਮਿਤਿ** : ਹੱਦ-ਬੰਨਾ। ਪਾਰਾਵਾਰ। (Extent and condition)

**ਪਰਵਾਨੁ** : ਕਬੂਲ। ਖਿੜੇ ਮੱਥੇ ਮੰਨਣਾ।

**ਇਹੁ ਜਾਨੁ** : ਇਹ ਸੋਝੀ ਕਰ ਲੈ ਕਿ ਉਹ ਹੈ ਅਤੇ ਉਸ ਦੇ ਕੀਤੇ ਨੂੰ ਖਿੜੇ ਮੱਥੇ ਮੰਨਣਾ ਹੈ। (Such awareness)

## ਅਠਵੀਂ ਪਉੜੀ

**ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥**
**ਆਪਿ ਮਿਲਾਇ ਲਏ ਪ੍ਰਭੁ ਸੋਇ ॥**
**ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥**
**ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥**
**ਧੰਨੁ ਧੰਨੁ ਧੰਨੁ ਜਨੁ ਆਇਆ ॥**
**ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥**
**ਜਨ ਆਵਨ ਕਾ ਇਹੈ ਸੁਆਉ ॥**
**ਜਨ ਕੈ ਸੰਗਿ ਚਿਤਿ ਆਵੈ ਨਾਉ ॥**
**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ੮ ॥ ੨੩ ॥**

SIKHBOOKCLUB.COM

## ਵਿਸਥਾਰ

ਜੋ ਵਾਹਿਗੁਰੂ ਦਾ ਕੀਤਾ ਖਿੜੇ ਮੱਥੇ ਮੰਨ ਲਵੇ, ਗਿਲੇ ਗੁਜ਼ਾਰੀਆਂ ਨਾ ਕਰੇ, ਉਸ ਨੂੰ ਪਹਿਲਾਂ ਤਾਂ ਮੁਕੰਮਲ ਸ਼ਾਂਤੀ ਬਖਸ਼ਦਾ ਹੈ ਤੇ ਫਿਰ ਉਸ ਨੂੰ ਵਾਹਿਗੁਰੂ ਆਪ ਹੀ ਆਪਣੇ ਨਾਲ ਮਿਲਾ ਲੈਂਦਾ ਹੈ। ਆਪਣੇ ਹਿਰਦੇ ਨੂੰ ਜੇ ਕੋਈ ਬਰਕਤਾਂ ਦੇ ਦਾਤੇ (ਭਗਵੰਤ) ਦਾ ਟਿਕਾਣਾ ਬਣਾ ਲਵੇ ਤਾਂ ਉਹ ਧਨੀ, ਕੁਲ ਵਾਲਾ, ਇੱਜ਼ਤ ਵਾਲਾ ਤੇ ਜਿਉਂਦਿਆਂ ਹੀ 'ਹਉ' ਤੋਂ ਛੁੱਟ ਜਾਂਦਾ ਹੈ। **'ਵਰਣਾਸ਼੍ਰਮ'** ਦੇ ਮੰਨਣ ਵਾਲਿਆਂ ਤੇ ਬੜੀ ਟਕੋਰ ਕੀਤੀ ਹੈ ਜੋ ਕਹਿੰਦੇ ਸਨ ਕਿ ਕੋਈ ਖ਼ਾਸ ਜਾਤੀ ਵਾਲਾ ਹੀ, ਉੱਚੀ ਕੁਲ ਦਾ, ਇੱਜ਼ਤ ਵਾਲਾ ਜਾਂ ਧਨੀ ਹੋ ਸਕਦਾ ਹੈ। 'ਜੀਵਨ ਮੁਕਤ' ਆਖ ਕੇ ਕਰਮਾਂ ਦੇ ਗੇੜ ਵਿਚੋਂ ਵੀ ਕੱਢ ਰਹੇ ਹਨ।

ਐਸੇ ਸੇਵਕ ਦਾ ਸੰਸਾਰ ਤੇ ਆਉਣਾ ਬਹੁਤ ਹੀ ਮੁਬਾਰਕ ਵਾਲਾ ਹੈ ਕਿਉਂਕਿ ਉਸ ਕਾਰਨ ਸਾਰਾ ਜਗਤ ਹੀ ਭਵ ਸਾਗਰ ਤਰ ਪਾਰ ਹੋ ਜਾਣਾ ਹੈ।

ਐਸੇ ਪ੍ਰਭੂ ਦੇ ਭਾਣੇ ਨੂੰ ਮਿੱਠਾ ਮੰਨਣ ਵਾਲਿਆਂ ਦੇ ਜਨਮ ਧਾਰਨ ਕਰਨ ਦਾ ਇਕ ਹੀ ਮਕਸਦ ਹੈ ਕਿ ਉਨ੍ਹਾਂ ਦੀ ਸੰਗਤ ਕੀਤਿਆਂ ਹੀ ਸਿਮਰਨ ਟੁਰ ਪਵੇ। ਉਨ੍ਹਾਂ ਆਪਣੀ ਹਉ ਮੁਕਾ ਲਈ ਹੁੰਦੀ ਹੈ। ਬੰਧਨਾਂ ਤੋਂ ਆਜ਼ਾਦ ਹੋ ਗਏ ਹੁੰਦੇ ਹਨ। ਮਾਇਆ ਤੋਂ ਅਲਿਪਤ ਹਨ ਅਤੇ ਜਗਤ ਨੂੰ ਵੀ ਇਹ ਵੱਲ ਸਿਖਲਾ ਦੇਂਦੇ ਹਨ। ਕਦੇ ਆਪਾ ਨਹੀਂ ਜਣਾਂਦੇ। ਆਪਣੇ ਨਾਲ ਨਹੀਂ ਜੋੜਦੇ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਐਸੇ 'ਹਉ-ਰਹਿਤ' ਜੀਵਨ ਮੁਕਤੇ ਸੇਵਕ ਨੂੰ ਹਮੇਸ਼ਾ ਹੀ ਹਰ ਇਕ ਦੀ ਨਮਸਕਾਰ ਹੈ। ੮। ੨੩।

**ਸ਼ਬਦ ਭਾਵ :**

**ਸਦਾ ਸੁਖੁ** : ਹਮੇਸ਼ਾ ਲਈ ਪੂਰਨ ਟਿਕਾ ।
**ਕੁਲਵੰਤੁ** : ਕੁਲ ਵਾਲਾ ।
**ਜੀਵਨ ਮੁਕਤਿ** : ਜੋ ਜੀਵਨ ਵਿਚ ਹੀ 'ਹਉ' ਮੁਕਾ ਲਵੇ ਤੇ ਬੰਧਨਾਂ ਤੋਂ ਆਜ਼ਾਦ ਹੋ ਜਾਏ ।
**ਰਿਦੈ** : ਹਿਰਦੇ ।
**ਸੁਆਉ** : ਮਕਸਦ । ਮਨੋਰਥ । (purpose) । ੮ । ੨੩ ।

---

## ਚੌਵੀਵੀਂ ਅਸ਼ਟਪਦੀ

***ਚੌਵੀਵੀਂ ਅਸ਼ਟਪਦੀ ਸਮੇਤ ਸਲੋਕ ਦਾ ਸਾਰ :***

ਨਿਰੋਲ ਇਕੋ ਵਾਹਿਗੁਰੂ (ਪੂਰਾ ਪ੍ਰਭੂ), ਜਿਸ ਦਾ ਪ੍ਰਕਾਸ਼ ਜ਼ਾਹਿਰਾ (ਪੂਰਾ ਨਾਉ) ਹੈ, ਸਿਮਰਿਆਂ, ਮੁਕੰਮਲ ਤੌਰ ਤੇ ਅੰਦਰ ਆ ਵਸਿਆ ਤੇ ਹੁਣ ਉਸ ਖਰੇ ਦੇ ਹੀ ਗੁਣ ਗਾਉਣ ਦਾ ਚਿੱਤ ਕਰਦਾ ਹੈ । ਇਹ ਗੱਲ ਪੱਕੀ ਤਰ੍ਹਾਂ ਜਾਣ ਲਵੋ ਕਿ ਸਿਰਫ ਗੁਰਬਾਣੀ (ਗੁਰ ਪੂਰੇ) ਦੇ ਰਾਹ ਟੁਰਿਆਂ ਹੀ ਪੂਰਾ ਪ੍ਰਭੂ ਦਾ ਨੇੜਪਣ ਮਿਲਦਾ ਹੈ । ਉਸ ਦੀ ਯਾਦ ਪਕਾਇਆਂ ਚਿੰਤਾਵਾਂ ਸਾਥ ਛੱਡ ਦੇਂਦੀਆਂ ਹਨ । ਸਾਧ-ਸੰਗਤ ਕੀਤਿਆਂ ਮਨ ਦੇ ਉਤਾਰ ਚੜ੍ਹਾਅ ਨੂੰ ਠੱਲ੍ਹ ਪੈ ਜਾਂਦੀ ਹੈ । ਮਨ ਉਛਾਲੇ ਨਹੀਂ ਖਾਂਦਾ । ਰੂਹਾਨੀਅਤ ਦਾ ਖ਼ਜ਼ਾਨਾ ਹੱਥ ਆ ਜਾਂਦਾ ਹੈ ਅਤੇ ਸਾਧ ਸੰਗਤ ਵਿਚ ਬਾਣੀ ਰਾਹੀਂ ਗੁਣ ਗਾਇਆਂ ਪੂਰਨ ਟਿਕਾ ਤੇ ਅਟੱਲ ਸੁੱਖ ਮਿਲ ਜਾਂਦਾ ਹੈ । ਬਾਣੀ ਦੀ ਅਗਵਾਈ ਵਿਚ ਟੁਰਦੇ ਰਹਿਆਂ ਆਪ ਤਾਂ ਤਰੀ ਦਾ ਹੀ ਹੈ, ਹੋਰ ਵੀ ਤਰ ਜਾਂਦੇ ਹਨ । ਆਤਮਿਕ ਅਨੰਦ ਤੇ ਚੜ੍ਹਦੀ ਕਲਾ ਬਣੀ ਰਹਿੰਦੀ ਹੈ । **'ਜੈ ਜੈ ਸਬਦੁ ਅਨਾਹਦੁ ਵਾਜੈ'** । ਸਿਰਫ਼ ਵਾਹਿਗੁਰੂ ਗੂੰਜਦਾ ਹੈ । ਮਾਇਆ ਦਾ ਸ਼ੋਰ ਮੁੱਕ ਜਾਂਦਾ ਹੈ । ਨੂਰ ਮੱਥੇ ਤੇ ਡਲ੍ਹਕਾਂ ਮਾਰਦਾ ਹੈ । ਹੋਰ ਕਰਮ ਕਾਂਡ ਕਰਨ ਲਈ ਹੁਣ ਰੁੱਚੀ ਉਪਜਦੀ ਹੀ ਨਹੀਂ । ਵਾਹਿਗੁਰੂ ਦੀ ਸ਼ਰਨ ਵਿਚ ਰਹਿਆਂ, 'ਹਉਂ' ਦਾ ਜ਼ੋਰ ਪੈ ਹੀ ਨਹੀਂ ਸਕਦਾ । ਵੈਰ ਭਾਵ ਮੁੱਕਦਾ ਅਤੇ ਵਿਕਾਰ ਨੇੜੇ ਨਹੀਂ ਆਉਂਦੇ । ਜੀਵਨ ਦੀ ਫ਼ੇਰੀ ਸਫਲ ਹੋ ਜਾਂਦੀ ਹੈ । ਸਾਵਧਾਨਤਾ ਬਣੀ ਰਹਿੰਦੀ ਹੈ । ਪ੍ਰਭੂ ਦੇ ਗੁਣ ਗਾਂਦੇ ਰਹਿਆਂ ਅਨੇਕਾਂ ਫਲ (ਰਿੱਧੀਆਂ, ਸਿੱਧੀਆਂ, ਗਿਆਨ, ਚਾਰੇ ਪਦਾਰਥ ਆਦਿ) ਮਿਲ ਜਾਂਦੇ ਹਨ । ਸਭ ਤੋਂ ਵੱਡੀ ਗੱਲ ਦੁਨੀਆਂ ਵਿਚ ਰਹਿੰਦੇ, ਦੁਨੀਆਂ ਤੋਂ ਉੱਚਾ ਹੋ ਜਾਈਦਾ ਹੈ । ਐਸੇ ਦੇ ਬੋਲ ਮਿੱਠੇ ਤੇ ਸੋਭਾ ਕਦੇ ਘਟਦੀ ਨਹੀਂ । ਰਹਾਉ ਦੀ ਤੁਕ ਵਿਚ ਜੋ ਕਹਿਆ ਸੀ ਕਿ ਵਾਹਿਗੁਰੂ ਦੀ ਹਜ਼ੂਰੀ ਪੱਕੀ ਤਰ੍ਹਾਂ ਪਾ ਲੈਣ ਵਾਲੇ ਅੰਦਰ 'ਸੁੱਖ ਦੇਣ ਵਾਲੀ ਨੈਂ' ਵਹਿਣ ਲੱਗ ਪੈਂਦੀ ਹੈ ਮਨ ਦਾ ਟਿਕਾ ਹਿਲਦਾ ਨਹੀਂ, ਹੁਣ ਅੰਤਲੀ ਤੁਕ ਵਿਚ ਉਸੇ ਵਿਚਾਰ ਨੂੰ ਤੋੜ ਪਹੁੰਚਾ ਰਹੇ ਹਨ ਕਿ ਪ੍ਰਭੂ ਦੀ ਹਜ਼ੂਰੀ ਦਾ ਪ੍ਰਕਾਸ਼ ਹੀ ਸੁੱਖਾਂ ਦੀ ਮਨੀ ਹੈ ਅਤੇ ਸੁਖਮਨੀ ਦੀ ਬਾਣੀ ਪੜ੍ਹਦਿਆਂ ਸੁਣਦਿਆਂ, ਕਮਾਇਆਂ ਹਜ਼ੂਰੀ ਦਾ ਅਨੰਦ ਤੇ ਮਨ ਦਾ ਪੂਰਨ ਟਿਕਾਉ 'ਮਨਿ ਬਿਸ੍ਰਾਮ' ਪ੍ਰਾਪਤ ਹੁੰਦਾ ਹੈ ।

"ਸਭ ਤੇ ਊਚ ਤਾ ਕੀ ਸੋਭਾ ਬਨੀ ॥
ਨਾਨਕ ਇਹ ਗੁਣ ਨਾਮੁ ਸੁਖਮਨੀ ॥ ੮ ॥ ੨੪ ॥


www.sikhbookclub.com

**ਸਲੋਕੁ ॥**

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ੨ ॥

**ਵਿਸਥਾਰ**

ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਰੂਪ ਆਪਣਾ ਤਜਰਬਾ ਸਾਡੇ ਨਾਲ ਸਾਂਝਾ ਕਰ ਰਹੇ ਹਨ ਕਿ ਨਿਰੋਲ ਇਕੋ ਵਾਹਿਗੁਰੂ ਜਿਸ ਦਾ ਪ੍ਰਕਾਸ਼ ਜ਼ਾਹਿਰਾ ਹੈ ਤੇ ਹਰ ਪਾਸੇ, ਹਰ ਥਾਂ, ਹਰ ਕੂੰਟ ਵਿਚ ਹੈ, ਦੀ ਯਾਚਨਾ ਕਰਦੇ ਕਰਦੇ ਉਸ ਦਾ ਪੂਰਾ ਪ੍ਰਕਾਸ਼ ਅੰਦਰ ਹੋ ਗਿਆ ਤੇ ਹੁਣ ਉਸ ਕਾਮਲ ਸੰਪੰਨ, ਪ੍ਰਭੂ ਦੇ ਹੀ ਹਰ ਵੇਲੇ ਗੁਣ ਗਾਂਦਾ ਹਾਂ ਤੇ ਗੁਣ ਗਾ ਗਾ ਕੇ ਹੀ ਜੀਵਨ ਸਫਲ ਕੀਤਾ ਹੈ। ਕਿਸੇ ਕਰਮ ਕਾਂਡ, ਤਪ, ਤੀਰਥ ਰੀਤੀ ਨੂੰ ਨਹੀਂ ਅਪਣਾਇਆ। ਸਿਰਫ ਪੂਰੇ ਪ੍ਰਭੂ ਦੇ ਗੁਣਾਂ ਦਾ ਹੀ ਗਾਇਨ ਕੀਤਾ ਹੈ। ੧।

**ਸ਼ਬਦ ਭਾਵ :**

**ਪੂਰਾ ਪ੍ਰਭੁ** : ਨਿਰਾ ਇਕੋ ਵਾਹਿਗੁਰੂ। (Sole Waheguru)
**ਪੂਰਾ ਨਾਉ** : ਜ਼ਾਹਿਰਾ, ਪ੍ਰਗਟ ਪ੍ਰਕਾਸ਼। (Prefect manifested name)
**ਪੂਰਾ ਪਾਇਆ** : ਮੁਕੰਮਲ ਤੌਰ ਤੇ ਪ੍ਰਾਪਤੀ।
**ਪੂਰੇ ਕੇ** : ਕਾਮਲ ਦੇ। ਸੰਪੰਨ ਦੇ। ਖ਼ੂਬ ਦੇ।

**ਪਹਿਲੀ ਪਉੜੀ**

ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥
ਆਸ ਅਨਿਤ ਤਿਆਗਹੁ ਤਰੰਗ ॥
ਸੰਤ ਜਨਾ ਕੀ ਧੂਰਿ ਮਨ ਮੰਗ ॥
ਆਪੁ ਛੋਡਿ ਬੇਨਤੀ ਕਰਹੁ ॥
ਸਾਧ ਸੰਗਿ ਅਗਨਿ ਸਾਗਰੁ ਤਰਹੁ ॥
ਹਰਿ ਧਨ ਕੇ ਭਰਿ ਲੇਹੁ ਭੰਡਾਰ ॥
ਨਾਨਕ ਗੁਰ ਪੂਰੇ ਨਮਸਕਾਰ ॥ ੧ ॥

**ਵਿਸਥਾਰ**

ਨਾਮ ਦਾ ਪ੍ਰਤੱਖ ਰੂਪ ਜੇ ਕਿਸੇ ਨੇ ਦੇਖਣਾ ਹੈ ਤਾਂ ਉਹ ਗੁਰਬਾਣੀ ਵਿਚੋਂ ਦੇਖਿਆ ਜਾ ਸਕਦਾ ਹੈ। ਉਸ ਦਾ ਇਕ ਨਮੂਨਾ ਸਾਡੇ ਸਾਹਮਣੇ 'ਸੁਖਮਨੀ ਸਾਹਿਬ' ਦੀ ਬਾਣੀ ਹੈ।

ਇਸ ਵਿਚ ਦਿੱਤੇ ਉਪਦੇਸ਼ ਨੂੰ ਧਿਆਨ ਨਾਲ ਸੁਣਿਆਂ ਹੀ ਵਾਹਿਗੁਰੂ ਨੇੜੇ ਦੇਖ ਲਈਦਾ ਹੈ ਅਤੇ ਜੇ ਕਦੇ ਵਾਹਿਗੁਰੂ ਨਾ ਵਿਸਰੇ, ਹਰ ਵੇਲੇ, ਹਰ ਸਾਹ ਨਾਲ ਉਸ ਜਗਤ ਦੇ ਮਾਲਕ ਨੂੰ ਚਿਤਵਦੇ ਰਹੀਏ ਤਾਂ ਜੋ ਵਿਛੋੜੇ ਕਾਰਨ ਆਤਮਿਕ ਤੜਪ ਦੁੱਖ ਦੇਂਦੀ ਹੈ ਦੂਰ ਹੋ ਜਾਂਦੀ ਹੈ। ਜਿਨ੍ਹਾਂ ਨੇ ਬਾਣੀ ਕਮਾਈ (ਸੰਤ ਜਨਾਂ) ਉਨ੍ਹਾਂ ਦੀ ਪੈੜ ਤੇ ਟੁਰੀਏ

 www.sikhbookclub.com

ਤਾਂ ਨਾ ਪੂਰੀਆਂ ਹੋਣ ਵਾਲੀਆਂ ਆਸਾ ਦੀਆਂ ਲਹਿਰਾਂ (ਆਸ ਅਨਿਤ ਤਰੰਗ) ਹੀ ਨਹੀਂ ਉਠਦੀਆਂ। ਸਾਧ ਸੰਗਤ ਵਿਚ ਜਾ ਕੇ, ਹਉਮੈ ਛਡਿਆਂ ਤੇ ਅਰਦਾਸ ਕੀਤਿਆਂ ਅੱਗ ਵਰਗਾ ਤੱਪਦਾ ਸੰਸਾਰ ਸਹਿਲੇ ਤਰਿਆ ਜਾ ਸਕਦਾ ਹੈ। ਸੰਸਾਰ ਤੋਂ ਪਾਰ ਹੋਣ ਲਈ ਸਾਧ ਸੰਗਤ, ਸਿਮਰਨ, ਕੀਰਤਨ ਰਾਹੀਂ ਹਉਂ ਦਾ ਗਵਾਉਣਾ ਜ਼ਰੂਰੀ ਹੈ। ਇਸ ਤਰ੍ਹਾਂ ਰੂਹਾਨੀਅਤ ਦੇ ਭਰੇ ਹੋਏ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਗੁਰ ਪੂਰੇ ਦੇ ਸ਼ਬਦ ਨੂੰ ਨਮਸਕਾਰ ਹੈ ਜਿਸ ਆਸ, ਚਿੰਤਾ, ਹੰਕਾਰ ਗੰਵਾ ਕੇ ਰੂਹਾਨੀਅਤ ਦੇ ਖਜ਼ਾਨਿਆਂ ਨਾਲ ਭਰ ਦਿੱਤਾ ਹੈ।

**ਸ਼ਬਦ ਭਾਵ :**

**ਪੂਰ ਗੁਰ** : ਸਹੀ ਮੁਕੰਮਲ ਰੌਸ਼ਨੀ ਦਾਤਾ। ਗੁਰਬਾਣੀ। (Perfect enlightener)

**ਨਿਕਟਿ** : ਨੇੜੇ। (Close)

**ਮਨ ਅੰਤਰ ਕੀ ਚਿੰਦ** : ਦੁਖਦਾਇਕ ਆਤਮਿਕ ਤੜਪ। (Painful restlessness of soul)

**ਆਸ ਅਨਿਤ** : ਨਾ ਪੂਰੀਆਂ ਹੋਣ ਵਾਲੀਆਂ ਆਸਾਂ।

**ਤਰੰਗ** : ਲਹਿਰਾਂ। (Ups and downs of mind)

**ਹਰਿ ਧਨ** : ਰੂਹਾਨੀ ਦੌਲਤ। (Divine wealth of devotion)

**ਨਮਸਕਾਰ** : ਆਦਰ ਨਾਲ ਸਿਰ ਝੁਕਾਉਣਾ। (Obeisance). ੧.

SIKHBOOKCLUB.COM

## ਦੂਜੀ ਪਉੜੀ

**ਖੇਮ ਕੁਸਲ ਸਹਜ ਆਨੰਦ ॥**
**ਸਾਧ ਸੰਗਿ ਭਜੁ ਪਰਮਾਨੰਦ ॥**
**ਨਰਕ ਨਿਵਾਰਿ ਉਧਾਰਹੁ ਜੀਉ ॥**
**ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥**
**ਚਿਤਿ ਚਿਤਵਹੁ ਨਾਰਾਇਣ ਏਕ ॥**
**ਏਕ ਰੂਪ ਜਾ ਕੇ ਰੰਗ ਅਨੇਕ ॥**
**ਗੋਪਾਲ ਦਾਮੋਦਰ ਦੀਨ ਦਇਆਲ ॥**
**ਦੁਖ ਭੰਜਨ ਪੂਰਨ ਕਿਰਪਾਲ ॥**
**ਸਿਮਰਿ ਸਿਮਰਿ ਨਾਮੁ ਬਾਰੰਬਾਰ ॥**
**ਨਾਨਕ ਜੀਅ ਕਾ ਇਹੈ ਅਧਾਰ ॥ ੨ ॥**

**ਵਿਸਥਾਰ**

ਸਾਧ ਸੰਗਤ ਵਿਚ ਸੁੱਖਾਂ ਦੇ ਸੋਮੇ ਪ੍ਰਭੂ ਦੇ ਗੁਣ ਗਾਇਆਂ ਨਾ ਖੁੱਸਣ ਵਾਲੀ ਖ਼ੁਸ਼ੀ (ਖੇਮ), ਖੇੜਾ, ਇਕਾਗ੍ਰਤਾ ਅਤੇ ਆਤਮਿਕ ਰਸ ਮਿਲਦਾ ਹੈ। ਵਾਹਿਗੁਰੂ ਦੇ ਗੁਣਾਂ ਨੂੰ ਗਾ ਕੇ ਅੰਮ੍ਰਿਤ ਰਸ ਪੀਣ ਨੂੰ ਮਿਲਦਾ ਹੈ ਜਿਸ ਨਾਲ ਵਿਕਾਰ ਜੋ ਨਰਕਾਂ ਨੂੰ ਧਕੇਲਦੇ ਹਨ, ਖਹਿੜਾ ਛੱਡ ਜਾਂਦੇ ਹਨ ਤੇ ਜਿੰਦ ਬੱਚ ਜਾਂਦੀ ਹੈ। ਸੋ ਭਲੇ ਜਨੋ ! ਨਿਰੋਲ ਇਕ ਉਸ ਵਾਹਿਗੁਰ ਨੂੰ ਯਾਦ ਵਿਚ ਟਿਕਾਓ ਜਿਸ ਦੇ ਇਕ ਰੂਪ ਦੀਆਂ ਹੀ ਅਨੇਕਾਂ ਕਸ਼ਸ਼ਾਂ ਸਾਨੂੰ ਖਿੱਚ ਪਾਉਂਦੀਆਂ ਹਨ। 'ਏਕ ਰੂਪ

ਜਾ ਕੇ ਰੰਗ ਅਨੇਕ'। ਜੋ ਪਾਲਦਾ ਵੀ ਹੈ, ਸੰਭਾਲਦਾ ਵੀ ਹੈ, ਗ਼ਰੀਬਾਂ ਦਾ ਹਮਦਰਦ ਵੀ ਹੈ, ਦੁੱਖ-ਨਾਸ਼ਕ ਵੀ ਹੈ ਤੇ ਪੂਰਨ ਤੌਰ ਤੇ ਤਰਸਵਾਨ ਵੀ ਹੈ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਉਸ ਦੀ ਯਾਦ ਲਗਾਤਾਰ ਕਰ ਲੈ ਕਿਉਂਕਿ ਉਹ ਹੀ ਜਿੰਦਾਂ ਦਾ ਆਸਰਾ ਹੈ, ਹੋਰ ਕੋਈ ਦੇਵੀ, ਦੇਵਤਾ ਸਹਾਰਾ ਦੇਣ ਵਾਲਾ ਨਹੀਂ। ੨।

**ਸ਼ਬਦਾਂ ਭਾਵ :**

ਖੇਮ : ਨ ਖੁਸਣ ਵਾਲਾ ਸੁੱਖ। (Weal)
ਕੁਸਲ : ਖੇੜਾ।
ਸਹਜ : ਉਹ ਇਕਾਗ੍ਰਤਾ ਤੇ ਅਡੋਲਤਾ ਜੋ ਗਿਆਨ ਰਾਹੀਂ ਮਿਲਦੀ ਹੈ।
ਆਨੰਦ : ਆਤਮਿਕ ਸੁੱਖ। (Spontaneous Bliss)
ਪਰਮਾਨੰਦ : ਆਨੰਦ ਦਾ ਮਾਲਕ।
ਨਰਕ : ਨਰਕ ਧਕੇਲਣ ਵਾਲੀਆਂ ਬੁਰਾਈਆਂ।
ਨਿਵਾਰਿ : ਹਟਾ ਲਵੇ।
ਰੰਗ ਅਨੇਕ : ਬੇਇੰਤਹਾ ਕਲਸ਼ਾਂ। (Infinite charms)
ਗੋਪਾਲ : ਜਗਤ ਨੂੰ ਪਾਲਣ ਹਾਰਾ। (Sustainer)
ਦਾਮੋਦਰ : ਜਿਸ ਦੇ ਲੱਕ ਤੜਾਗੀ ਹੈ। ਸੰਭਾਲਣ ਵਾਲਾ। (Holder)
ਅਧਾਰ : ਸਹਾਰਾ। ਆਸਰਾ। (Mainstay) ੨.

## ਤੀਜੀ ਪਉੜੀ

ਉਤਮ ਸਲੋਕ ਸਾਧ ਕੇ ਬਚਨ ॥
ਅਮੁਲੀਕ ਲਾਲ ਏਹਿ ਰਤਨ ॥
ਸੁਨਤ ਕਮਾਵਤ ਹੋਤ ਉਧਾਰ ॥
ਆਪਿ ਤਰੈ ਲੋਕਹ ਨਿਸਤਾਰ ॥
ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥
ਜਾ ਕੈ ਮਨਿ ਲਾਗਾ ਹਰਿ ਰੰਗੁ ॥
ਜੈ ਜੈ ਸਬਦੁ ਅਨਾਹਦੁ ਵਾਜੈ ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥
ਨਾਨਕ ਉਧਰੇ ਤਿਨ ਕੈ ਸਾਥੇ ॥ ੩ ॥

**ਵਿਸਥਾਰ**

ਸਾਧ ਸੰਗਤ ਵਿਚ ਜਾ ਕੇ ਪ੍ਰਭੂ ਦੇ ਗੁਣਾਂ ਨੂੰ ਯਾਦ ਕਰਨ ਲਈ ਗੁਰੂ ਵਾਕ ਹੀ ਸਿਫ਼ਤ ਸਲਾਹ ਕਰਨ ਦਾ ਸਹੀ ਰਾਹ ਹੈ।

ਬਾਣੀ ਐਸਾ ਉਮਦਾ ਲਾਲ ਤੇ ਨਫ਼ੀਸ ਰਤਨ ਹੈ ਜਿਸ ਦਾ ਕੋਈ ਮੁੱਲ ਨਹੀਂ ਪਾ ਸਕਦਾ।


www.sikhbookclub.com

ਜੋ ਵੀ ਆਪਣਾ ਜੀਵਨ ਬਾਣੀ ਅਨੁਸਾਰ ਢਾਲਦਾ ਹੈ ਉਹ ਇਸ ਭਵ ਸਾਗਰ ਤੋਂ ਤਰ ਜਾਏਗਾ । ਨਿਰਾ ਆਪ ਨਹੀਂ, ਹੋਰਨਾਂ ਨੂੰ ਤਾਰਨ ਯੋਗ ਹੋ ਜਾਏਗਾ । ਉਸ ਆਪਣਾ ਜੀਵਨ ਤਾਂ ਸਫ਼ਲ ਕਰ ਹੀ ਲਿਆ ਹੁੰਦਾ ਹੈ ਪਰ ਉਸ ਦੇ ਨੇੜੇ ਆਉਣ ਵਾਲਾ ਵੀ ਸੰਸਾਰ ਤੋਂ ਸੁਰਖਰੂ ਹੋ ਜਾਏਗਾ । ਐਸੇ ਦੇ ਮਾਯੂਸੀ ਕਦੇ ਨੇੜੇ ਨਹੀਂ ਆਏਗੀ । ਚੜ੍ਹਦੀ ਕਲਾ ਸਦਾ ਬਣੀ ਰਵ੍ਹੇਗੀ ਕਿਉਂਕਿ ਐਸੀ ਇਕਾਗ੍ਰਤਾ ਨੂੰ ਪਾ ਚੁੱਕਾ ਹੋਵੇਗਾ ਜਿਥੇ ਆਤਮਿਕ ਮੰਡਲ ਦਾ ਸੰਗੀਤ ਹਰ ਵੇਲੇ ਸੁਣਨ ਜੋਗ ਹੋ ਜਾਏਗਾ ਅਤੇ ਉਸ ਨੂੰ ਸੁਣ ਸੁਣ ਕੇ ਹੋਰ ਅਨੰਦਤ ਹੋਈ ਜਾਏਗਾ ਤੇ ਪ੍ਰਭੂ ਦੀ ਆਵਾਜ਼ ਉਸ ਦੇ ਹਿਰਦੇ ਵਿਚ ਗੂੰਜਣ ਲੱਗ ਪਵੇਗੀ । ਪ੍ਰਭੂ ਦਾ ਰੂਪ ਹੀ ਹੋ ਜਾਏਗਾ । ਐਸੇ ਮਹਾਂਪੁਰਸ਼ ਦੇ ਮੱਥੇ ਤੇ ਨੂਰ ਡਲ੍ਹਕਾਂ ਮਾਰਦਾ ਰਵ੍ਹੇਗਾ ਤੇ ਹਰ ਕੋਈ ਨੇੜੇ ਆਉਣ ਵਾਲਾ ਵੀ ਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਦੇਵ ਜੀ ਦੇ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਤਰ ਜਾਏਗਾ । ੩ ।

**ਸ਼ਬਦ ਭਾਵ :**

**ਉਤਮ ਸਲੋਕ** : ਸਿਫ਼ਤ ਸਲਾਹ ਦੇ ਉਮਦਾ ਬੋਲ । (Lofty psalms)

**ਅਮੁਲੀਕ** : ਜਿਸ ਦੀ ਕੀਮਤ ਨਾ ਪਾਈ ਜਾ ਸਕੇ ।

**ਉਧਾਰ** : ਬਚ ਜਾਣਾ । (Saved)

**ਲੋਕਹ** : ਲੋਕਾਂ ਦਾ ।

**ਨਿਸਤਾਰ** : ਪਾਰ ਉਤਾਰਾ ।

**ਜੈ ਜੈ ਸਬਦੁ** : ਅੰਦਰ ਆਤਮਿਕ ਹੁਲਾਰਾ ਬਣਿਆ ਰਹਿਣਾ । ਇੰਜ ਜਾਪਦਾ ਹੈ ਕਿ ਪੂਰੀ ਤਰ੍ਹਾਂ ਕਾਮਯਾਬ ਹੋਇਆ ਹਾਂ । ਸਦਾ ਚੜ੍ਹਦੀ ਕਲਾ ਦਾ ਬਣਿਆ ਰਹਿਣਾ ।

**ਅਨਾਹਦੁ** : ਬਿਨਾਂ ਵਜਾਏ ਜੋ ਰਾਗ ਉਤਪੰਨ ਹੁੰਦਾ ਹੈ । ਜਦ ਆਤਮਿਕ ਅਨੰਦ ਮਿਲਦਾ ਹੈ ਤਾਂ ਇਕ ਰਾਗ ਉੱਠਦਾ ਹੈ ਜੋ ਕੰਨਾਂ ਦਾ ਵਿਸ਼ਾ ਨਹੀਂ ਪਰ ਅੰਦਰਲਾ ਸੁਣਦਾ ਹੈ । ਇਹ ਪੂਰਨ ਇਕਾਗ੍ਰਤਾ ਮਿਲੇ ਤਾਂ ਹੀ ਸੁਣੀਂਦਾ ਹੈ ।

**ਗਾਜੇ** : ਸਾਫ਼ ਸੁਣਾਈ ਦੇਣਾ ।

**ਮਹਾਂਤ** : ਉੱਚੀ ਆਤਮਿਕ ਅਵਸਥਾ ਪਾਏ ਮਹਾਂਪੁਰਸ਼ । ੩ ।

## ਚੌਥੀ ਪਉੜੀ

**ਸਰਨਿ ਜੋਗੁ ਸੁਨਿ ਸਰਨੀ ਆਏ ॥**
**ਕਰਿ ਕਿਰਪਾ ਪ੍ਰਭ ਆਪ ਮਿਲਾਏ ॥**
**ਮਿਟਿ ਗਏ ਬੈਰ ਭਏ ਸਭ ਰੇਨ ॥**
**ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥**
**ਸੁਪ੍ਰਸੰਨ ਭਏ ਗੁਰਦੇਵ ॥**
**ਪੂਰਨ ਹੋਈ ਸੇਵਕ ਕੀ ਸੇਵ ॥**
**ਆਲ ਜੰਜਾਲ ਬਿਕਾਰ ਤੇ ਰਹਤੇ ॥**
**ਰਾਮ ਨਾਮ ਸੁਨਿ ਰਸਨਾ ਕਹਤੇ ॥**
**ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥**
**ਨਾਨਕ ਨਿਬਹੀ ਖੇਪ ਹਮਾਰੀ ॥ ੪ ॥**

 www.sikhbookclub.com

**ਵਿਸਥਾਰ**

ਇਹ ਸੁਣ ਕੇ ਕਿ ਵਾਹਿਗੁਰੂ ਸ਼ਰਨ ਆਏ ਦੀ ਲਾਜ ਰੱਖਦਾ ਹੈ ਤੇ ਆਤਮਿਕ ਉੱਚਤਾ ਬਖ਼ਸ਼ ਕੇ ਆਪਣੀ ਮਿਹਰ ਕਰਕੇ ਨਾਲ ਮਿਲਾ ਲੈਂਦਾ ਹੈ, ਉਸ ਦੀ ਸ਼ਰਨ ਤੱਕੀ। ਵਾਹਿਗੁਰੂ ਨਾਲ ਮਿਲਦੇ ਸਾਰ ਹੀ ਚਮਤਕਾਰ ਇਹ ਹੋਆ ਕਿ ਜੋ ਕਿਸੇ ਪ੍ਰਤੀ ਵੈਰ ਤੇ ਘਿਰਣਾ ਦੇ ਭਾਵ ਅੰਦਰਲੀ ਹਉਂ ਕਾਰਨ ਉੱਠਦੇ ਰਹਿੰਦੇ ਸਨ, ਉਹ ਨਾ ਸਿਰਫ਼ ਮੁੱਕ ਗਏ, ਸਗੋਂ ਨਿਮ੍ਰਤਾ ਨੇ ਥਾਂ ਲੈ ਲਈ ਅਤੇ ਸਾਧ ਸੰਗਤਿ ਵਿਚ ਨਾਮ ਜਪਣ ਦਾ ਨਿਰਾਲਾ ਰਸ ਆਉਣ ਲੱਗਾ। ਰੌਸ਼ਨੀ ਦਾਤਾ, ਵਾਹਿਗੁਰੂ ਪ੍ਰਸੰਨ ਹੋਆ ਅਤੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਸੇਵਕ ਦੀ ਘਾਲ 'ਸਿਰੇ ਚੜ੍ਹੇ' ਦੀ ਅਸੀਸ ਦਿੱਤੀ। ਫਿਰ ਸੰਸਾਰੀ ਪਕੜਾਂ ਨਾ ਰਹੀਆਂ ਅਤੇ ਪਕੜਾਂ ਦੂਰ ਹੋ ਜਾਣ ਕਾਰਨ ਵਿਕਾਰ ਖਹਿੜਾ ਛੱਡ ਗਏ। ਹੁਣ ਦੂਹਰੀ ਸ਼ਖ਼ਸੀਅਤ ਵੀ ਖ਼ਤਮ ਹੋ ਗਈ। ਜੋ ਅੰਦਰ ਸੀ, ਉਹ ਹੀ ਰਸਨਾ ਤੇ ਆ ਗਿਆ। ਮਨ-ਚਿਤ-ਬੁਧ-ਬੋਲ ਇਕਸੁਰ ਹੋ ਗਏ। ਸਾਰੀ ਜ਼ਿੰਦਗੀ ਇਕਸੁਰ ਹੋ ਗਈ। ਆਪ ਮੁਹਾਰੇ ਸਿਮਰਨ ਟੁਰ ਪਿਆ। **'ਰਾਮ ਨਾਮ ਸੁਨ ਰਸਨਾ ਕਹਤੇ'**। ਵਾਹਿਗੁਰੂ ਨੇ ਕ੍ਰਿਪਾ ਕਰਕੇ ਐਸੀ ਮਿਹਰ ਕੀਤੀ ਕਿ ਗੁਰੂ ਨਾਨਕ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸੌਦਾ ਲਾਹੇਵੰਦ ਹੋਆ। ਜੀਵਨ ਦੀ ਫੇਰੀ ਸਫਲ ਹੋ ਗਈ। ਜੀਵਨ ਦਾ ਫੇਰਾ ਤਦ ਹੀ ਸਫਲ ਗਿਣਿਆ ਜਾਣਾ ਚਾਹੀਦਾ ਹੈ ਜਦ ਸ਼ਖ਼ਸੀਅਤ ਵਿਚੋਂ ਦੁਹਰਾਪਣ ਮੁੱਕ ਜਾਏ। ਮਨ ਹੋਰ ਤੇ ਮੁਖ ਹੋਰ ਨਾ ਹੋਏ। ਜਿਸ ਨੂੰ ਪਹਿਲਾਂ **'ਕਰਤੂਤਿ ਪਸੂ ਕੀ ਮਾਣਸ ਜਾਤਿ'** ਕਿਹਾ ਸੀ, ਉਹ ਹੁਣ ਮੁੱਕ ਗਿਆ। ੪।

SIKHBOOKCLUB.COM

**ਸ਼ਬਦ ਭਾਵ :**

**ਸਰਨਿ ਜੋਗੁ** : ਜਿਸ ਵਿਚ ਸ਼ਰਨ ਲੈਣ ਦੀ ਸ਼ਕਤੀ ਹੈ। ਜੋ ਕਾਮਾਦਿਕ ਹੱਲਿਆਂ ਤੋਂ ਬਚਾ ਸਕਣ ਦੀ ਸ਼ਕਤੀ ਰਖਦਾ ਹੈ। (Capable of giving refuge)

**ਸੁਨਿ** : ਇਹ ਸਿਫ਼ਤ ਸੁਣ ਕੇ ਕਿ ਸ਼ਰਨ ਆਇਆਂ ਦੀ ਲਾਜ ਰਖਦਾ ਹੈ।

**ਸਭ ਰੇਨ** : ਹੰਕਾਰ ਆਦਿ ਨੂੰ ਮੁਕੰਮਲ ਨਿਮ੍ਰਤਾ ਧਾਰਨ ਕਰ ਲਈ। ਨਿਮ੍ਰਤਾ ਦਾ ਚਿੰਨ੍ਹ ਦਰਸਾਣ ਲਈ ਵਰਤਦੇ ਹਨ।

**ਸੁਪ੍ਰਸੰਨ** : ਬਹੁਤ ਹੀ ਖ਼ੁਸ਼ ਹੋਣਾ। (Well pleased)

**ਗੁਰ ਦੇਵ** : ਰੂਹਾਨੀ ਰੌਸ਼ਨੀ ਬਖਸ਼ਣ ਵਾਲਾ। ਪ੍ਰਭੂ।

**ਪੂਰਨ ਹੋਈ** : ਕਿਸੇ ਚੀਜ਼ ਵਿਚ ਸਫਲਤਾ ਮਿਲਣੀ। ਘਾਲ ਦਾ ਥਾਇ ਪੈਣਾ।

**ਆਲ ਜੰਜਾਲ** : ਸੰਸਾਰੀ ਬੰਧਨ। ਗ੍ਰਿਹਸਤ ਦੀਆਂ ਪਕੜਾਂ।

**ਰਹਤੇ** : ਖਹਿੜਾ ਛੱਡ ਗਏ। (Bereft)

**ਰਾਮ ਨਾਮ ਸੁਨਿ ਰਸਨਾ ਕਹਤੇ** : ਵਾਹਿਗੁਰੂ ਦੀ ਆਵਾਜ਼ ਸਾਫ਼ ਸੁਣਨ ਲੱਗ ਪਈ ਤੇ ਜੀਭਾ ਉਸ ਦੀ ਉਸਤਤ ਵਿਚ ਲੱਗ ਪਈ। ਸਿਮਰਨ ਆਪ ਮੁਹਾਰੇ ਹੋਣ ਲੱਗਾ। (Contemplations of his holy presence)

**ਨਿਬਹੀ** : ਸਿਰੇ ਚੜ੍ਹ ਗਈ। ਲਾਹੇਵੰਦ ਹੋਈ।

 www.sikhbookclub.com

**ਖੇਪ** : ਲੱਦਿਆ ਹੋਇਆ ਸੌਦਾ। ਸੌਦੇ ਦਾ ਭਰਿਆ ਜੀਵਨ ਰੂਪੀ ਜਹਾਜ਼। (Cargo of life). ੪.

## ਪੰਜਵੀਂ ਪਉੜੀ

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥**
**ਸਾਵਧਾਨ ਏਕਾਗਰ ਚੀਤ ॥**
**ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥**
**ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥**
**ਸਰਬ ਇਛਾ ਤਾ ਕੀ ਪੂਰਨ ਹੋਇ ॥**
**ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥**
**ਸਭ ਤੇ ਊਚ ਪਾਏ ਅਸਥਾਨੁ ॥**
**ਬਹੁਰਿ ਨ ਹੋਵੈ ਆਵਨ ਜਾਨੁ ॥**
**ਹਰਿ ਧਨੁ ਖਾਟਿ ਚਲੈ ਜਨੁ ਸੋਇ ॥**
**ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥**

**ਵਿਸਥਾਰ**

ਹੇ ਰੰਗ-ਰੱਤੜੇ ਮਿਤ੍ਰ! ਵਾਹਿਗੁਰੂ ਦੀ ਲਗਾਤਾਰ ਸਿਫ਼ਤ ਕਰਦੇ ਰਹਿਆਂ ਤੂੰ ਦੇਖ ਹੀ ਲਿਆ ਹੈ ਕਿ ਕੈਸੀ ਬਿਰਤੀ ਟਿਕਦੀ ਹੈ ਤੇ ਸਾਵਧਾਨਤਾ ਕਾਇਮ ਰਹਿੰਦੀ ਹੈ। ਮਨ ਉੱਡ ਲਾਂਭੇ ਜਾਂਦਾ ਹੀ ਨਹੀਂ। ਇਕ ਸਾਵਾਂ ਰਹਿੰਦਾ ਹੈ। ਜਗਤ ਦੇ ਮਾਲਕ ਦੇ ਗੁਣ ਗਾਂਦਿਆਂ ਅੰਦਰਲਾ ਐਸਾ ਰੌਸ਼ਨ ਹੁੰਦਾ ਹੈ ਕਿ ਪੂਰਨ ਟਿਕਾ ਮਿਲ ਜਾਂਦਾ ਹੈ। **ਇਹ ਪੂਰਨ ਟਿਕਾ ਦੀ ਪ੍ਰਾਪਤੀ ਹੀ ਸੁੱਖਾਂ ਦੀ ਮਨੀ ਹੈ।** ਹੋਰ ਕਿਸੇ ਥਾਵੋਂ ਮਨ ਨੂੰ ਸੁੱਖ-ਸ਼ਾਂਤੀ ਸਹਿਜ ਨਹੀਂ ਮਿਲਣੀ। ਜਿਸ ਦਾ ਅੰਦਰਲਾ ਹਜ਼ੂਰੀ ਦਾ ਅਨੰਦ ਪਾ ਲੈਂਦਾ ਹੈ ਉਹ ਸਭ ਖ਼ੂਬੀਆਂ ਦਾ ਮੁਜੱਸਮਾ ਬਣ ਜਾਂਦਾ ਹੈ। ਉਸ ਦੀ ਜੋ ਚਿਤਵਨੀ ਤੱਕ ਵੀ ਹੁੰਦੀ ਹੈ, ਉਹ ਪੂਰਨ ਹੋਈ ਜਾਂਦੀ ਹੈ, ਉਹ ਮਨੁੱਖ ਸਾਰਿਆਂ ਵਿਚ ਸ੍ਰੇਸ਼ਟ ਗਿਣਿਆ ਜਾਂਦਾ ਹੈ ਅਤੇ ਸਾਰੇ ਸੰਸਾਰ ਤੇ ਉਸ ਦੀ ਵਡਿਆਈ ਦਿਨ ਵਾਂਗ ਰੌਸ਼ਨ ਹੁੰਦੀ ਹੈ।

ਉਸ ਨੂੰ ਐਸੀ ਉੱਚਤਮ ਆਤਮਿਕ ਅਵਸਥਾ ਮਿਲ ਜਾਂਦੀ ਹੈ ਕਿ ਫਿਰ ਮਨ ਵਿਚ ਤਰੰਗਾਂ ਨਹੀਂ ਉਠਦੀਆਂ, ਉਤਾਰ ਚੜ੍ਹਾਅ ਨਹੀਂ ਹੁੰਦੇ। ਜਿਸ ਨੂੰ ਪਹਿਲਾਂ 'ਕਬਹੂ ਸੋਇ ਰਹੈ ਦਿਨ ਰਾਤ, ਕਬਹੂ ਸਰਬ ਕੀ ਹੋਤ ਰਵਾਲ' ਕਿਹਾ ਸੀ, ਹੁਣ ਮਨ ਕਦੇ ਊਚ ਤੇ ਕਦੇ ਪਇਆਲ ਨਹੀਂ ਹੁੰਦਾ।

ਗੁਰੂ ਨਾਨਕ ਦੇਵ ਜੀ ਦਾ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਸ ਨੂੰ ਮਿਹਰ ਕਰਕੇ ਐਸੀ ਉੱਚ ਅਵਸਥਾ, ਮਨ ਦਾ ਟਿਕਾ, (ਸੁੱਖਾਂ ਦੀ ਮਨੀ) ਮਿਲ ਜਾਏ ਉਹ ਸੇਵਕ ਹੀ ਇਥੋਂ ਨਾਮ-ਧਨ ਖੱਟ ਲੈ ਜਾ ਕੇ ਜੀਵਨ ਦਾ ਲਾਹ ਪਾਂਦਾ ਹੈ। ੫।

**ਸ਼ਬਦ ਭਾਵ :**

**ਸੰਤ-ਮੀਤ** : ਪੁੱਜ ਪੁੱਗੇ ਰੰਗ ਰੱਤੜੇ ਮਿਤ੍ਰ। (Spirit-Born friends)

**ਸਾਵਧਾਨ** : ਖ਼ਬਰਦਾਰੀ। ਚੌਕਸੀ। (Attentiveness)

ਗੋਬਿੰਦ ਗੁਨ,

**ਨਾਮ** : ਵਾਹਿਗੁਰੂ ਦੀ ਸਿਫਤ ਸਲਾਹ ਹੀ ਅੰਦਰ ਹਜ਼ੂਰੀ ਦਾ ਪ੍ਰਕਾਸ਼ ਕਰਦੀ ਹੈ।

**ਹੋਤ ਨਿਧਾਨ** : ਖੂਬੀਆਂ ਦਾ ਮੁਜੱਸਮਾ ਹੋ ਜਾਂਦਾ ਹੈ। (Embodyment of excell-ences)

**ਪ੍ਰਧਾਨ ਪੁਰਖੁ** : ਮਨੁੱਖਾਂ ਵਿਚੋਂ ਸਰੇਸ਼ਟ ਪੁਰਸ਼। (Chairman)

**ਲੋਇ** : ਜਗਤ। ਸੰਸਾਰ (Universe)

**ਅਸਥਾਨੁ** : ਆਤਮਿਕ ਉਚਿਆਈ ਦੀ ਟੀਸੀ। (Loftiest of their station) ੫.

## ਛੇਵੀਂ ਪਉੜੀ

ਖੇਮ ਸਾਂਤਿ ਰਿਧਿ ਨਵ ਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥

**ਵਿਸਥਾਰ**

ਨਾ ਗਵਾਚਣ ਵਾਲੀ ਖ਼ੁਸ਼ੀ, ਆਤਮਿਕ ਟਿਕਾ, ਸੰਸਾਰੀ ਸੰਪਦਾ, ਸੁਹਜ ਸਵਾਦ ਦੇ ਸਾਰੇ ਖਜ਼ਾਨੇ, ਸਭ ਪਦਾਰਥਾਂ ਦੇ ਭੰਡਾਰ (ਨਵ ਨਿਧਿ), ਸੂਝ ਸਿਆਣਪ, ਸਹੀ ਸੋਚਣੀ, ਸਭ ਕਰਾਮਾਤੀ ਸ਼ਕਤੀਆਂ, ਇਲਮ, ਡੂੰਘੀ ਭਗਤੀ ਜੋ ਤਪਾਂ ਰਾਹੀਂ ਪ੍ਰਾਪਤ ਹੁੰਦੀ ਹੈ, ਸਰੀਰ ਤੇ ਪੂਰਨ ਤੌਰ ਤੇ ਕਾਬੂ, ਜੋ ਜੋਗ ਰਾਹੀਂ ਮਿਲਿਆ ਕਹਿਆ ਜਾਂਦਾ ਹੈ, ਅਕਾਲ ਪੁਰਖ ਨਾਲ ਲਿਵ, ਆਹਲਾ ਉੱਤਮ ਚੱਜ ਆਚਾਰ (ਗਿਆਨ ਸ੍ਰੇਸਟ), ਪੂਰਨ ਅੰਦਰਲੀ ਪਵਿੱਤ੍ਰਤਾ ਸਾਰੇ ਜ਼ਿੰਦਗੀ ਦੇ ਮਕਸਦ (ਚਾਰ ਪਦਾਰਥ), ਅੰਦਰ ਦਾ ਖੇੜਾ, ਜਗਤ ਵਿਚ ਵਿਚਰਦੇ ਵੀ ਕਾਮਾਦਿਕ ਤੋਂ ਉੱਚਾ, ਖੂਬਸੂਰਤ ਸ਼ਖ਼ਸੀਅਤ, ਹੁਸਿਆਰ, ਜਗਤ ਦੀ ਅਸਲੀਅਤ ਤੋਂ ਜਾਣੂੰ, ਸਭ ਨੂੰ ਇਕੋ ਜਿਹਾ ਪਿਆਰ ਕਰਨ ਵਾਲੀ ਦ੍ਰਿਸ਼ਟੀ ਤੇ ਹਰ ਇਕ ਵਿਚ ਉਸ ਪ੍ਰਭੂ ਦੀ ਜੋਤ ਕੰਮ ਕਰਦੀ ਦੇਖਣ ਵਾਲੀ ਨਜ਼ਰ, ਇਹ ਸਾਰੇ ਫਲ ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਉਸ ਨੂੰ ਮਿਲ ਜਾਂਦੇ ਹਨ, ਜੋ ਮੁੱਖੋਂ ਵਾਹਿਗੁਰੂ ਦੇ ਲਾਇੰਤਹਾ ਗੁਣਾਂ ਨੂੰ ਬੋਲਦਾ (ਮੁਖਿ ਭਨੇ ਨਾਮ) ਅਤੇ ਬਾਣੀ ਨੂੰ ਟਿਕ ਕੇ ਸੁਣਦਾ ਹੈ। ਜੀਵਨ ਗੁਰਬਾਣੀ-ਅਨੁਸਾਰੀ ਬਣਾ ਲੈਂਦਾ ਹੈ (ਬਚਨ ਮਨਿ ਸੁਨੇ)। ੬।

**ਸ਼ਬਦ ਭਾਵ :**

**ਖੇਮ** : ਨਾ ਗਵਾਚਣ ਵਾਲੀ ਖੁਸ਼ੀ।

**ਰਿਧਿ** : ਧਨ ਸੰਪਦਾ।

**ਨਵ-ਨਿਧਿ** : ਸਾਰੇ ਸੁੱਖ ਸਵਾਦ ਦੇਣ ਵਾਲੇ ਖ਼ਜ਼ਾਨੇ ਜੋ ਨੌਂ ਕਹੇ ਜਾਂਦੇ ਹਨ।

**ਸਿਧਿ** : ਕਰਾਮਾਤੀ ਸ਼ਕਤੀਆਂ ਜੋ ਅੰਦਰਲੀ ਇਕਾਗ੍ਰਤਾ ਨਾਲ ਮਿਲਦੀਆਂ ਹਨ।

**ਤਪੁ** : ਪ੍ਰਚੰਡ ਭਗਤੀ। (Intense Devotion)

**ਗਿਆਨੁ ਸ੍ਰੇਸਟ** : ਉੱਚਤਮ ਚੱਜ-ਆਚਾਰ। ਸਭਿਆਚਾਰ।

**ਚਾਰਿ ਪਦਾਰਥ** : ਧਰਮ, ਅਰਥ, ਕਾਮ, ਮੋਖ ਜੋ ਜੀਵਨ ਦੇ ਮਕਸਦ ਕਹੇ ਜਾਂਦੇ ਹਨ। (All the objectives of life)

**ਕਮਲ ਪ੍ਰਗਾਸ** : ਹਿਰਦੇ ਕੰਵਲ ਦਾ ਖਿੜ ਜਾਣਾ।

**ਤਤ ਕਾ ਬੇਤਾ** : ਅਸਲੇ ਨੂੰ ਜਾਨਣ ਵਾਲਾ। ਜਗਤ ਦੇ ਮੂਲ ਨੂੰ ਜਾਨਣਾ ਕਿ ਇਹ ਨਾਸ਼ਵੰਤ ਹੈ।

**ਸਮਦਰਸੀ** : ਹਰ ਇਕ ਨੂੰ ਇਕੋ ਜਿਹਾ ਵੇਖਣਾ। ਘਿਰਣਾ ਤੇ ਵਿਤਕਰਾ ਕਿਸੇ ਨਾਲ ਨਾ ਕਰਨਾ।੬।

## *ਸਤਵੀਂ ਪਉੜੀ*

**ਇਹ ਨਿਧਾਨੁ ਜਪੈ ਮਨਿ ਕੋਇ ॥**
**ਸਭ ਜੁਗ ਮਹਿ ਤਾ ਕੀ ਗਤਿ ਹੋਇ ॥**
**ਗੁਣ ਗੋਬਿੰਦ ਨਾਮ ਧੁਨਿ ਬਾਣੀ ॥**
**ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥**
**ਸਗਲ ਮਤਾਂਤ ਕੇਵਲ ਹਰਿਨਾਮ ॥**
**ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥**
**ਕੋਟਿ ਅਪ੍ਰਾਧ ਸਾਧ ਸੰਗਿ ਮਿਟੈ ॥**
**ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥**
**ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥**
**ਸਾਧ ਸਰਣਿ ਨਾਨਕ ਤੇ ਆਏ ॥੭॥**

### *ਵਿਸਥਾਰ*

ਜੋ ਵੀ ਪ੍ਰਭੂ ਦੇ ਬੇਅੰਤ ਗੁਣਾਂ ਨੂੰ ਗੁਰਬਾਣੀ ਰਾਹੀਂ ਟਿਕ ਕੇ ਜਪਦਾ ਰਹਿੰਦਾ ਹੈ, ਉਸ ਨੂੰ ਕੈਸੇ ਵੀ ਹਾਲਾਤ ਦਾ ਸ਼ਿਕਾਰ ਹੋਣਾ ਪਵੇ, ਕੈਸੀ ਦਸ਼ਾ ਵਿਚ ਪੈ ਜਾਏ ਤੇ ਕਿਹੋ ਜਿਹੀ ਅਵਸਥਾ ਹੋਵੇ, ਉਸ ਨੂੰ ਅਵੱਸ਼ ਕਾਮਯਾਬੀ ਮਿਲੇਗੀ।

ਸਿਮ੍ਰਿਤ ਸਾਸਤ੍ਰ ਵੇਦ ਨਿਰੀ ਵਿਆਖਿਆ ਹੀ ਕਰਦੇ ਰਹੇ, ਇਹ ਜਾਣ ਨਾ ਸਕੇ ਕਿ ਜਗਤ ਦੇ ਮਾਲਕ (ਗੋਬਿੰਦ) ਦੇ ਗੁਣ ਬਾਣੀ ਨਾਲ ਗਾਂਦੇ ਰਹਿਆਂ ਹਜ਼ੂਰੀ ਦਾ ਅਨੰਦ ਲਗਾਤਾਰ ਮਿਲਦਾ ਰਹਿੰਦਾ ਹੈ। ਜੀਵਨ ਰੱਸਮਈ ਹੋ ਜਾਂਦਾ ਹੈ ਤੇ ਕਦੇ ਫਿੱਕਾ ਨਹੀਂ ਪੈਂਦਾ। 'ਨਾਮ ਧੁਨਿ।' ਇਸ ਨੂੰ ਪਹਿਲਾਂ ਇਕ ਪੂਰੀ ਅਸ਼ਟਪਦੀ ਵਿਚ 'ਬਹੁ ਸ਼ਾਸਤ੍ਰ ਬਹੁ ਸਿਮ੍ਰਤੀ ਪੇਖੇ ਸਰਬ ਢੰਡੋਲ। ਪੂਜਸ ਨਾਹੀ ਹਰ ਹਰੇ, ਨਾਨਕ ਨਾਮ ਅਮੋਲ' ਆਖ ਕੇ ਵੇਦਾਂ ਤੇ ਸ਼ਾਸਤ੍ਰਾਂ ਤੋਂ ਉੱਚਾ ਹੋਣ ਲਈ ਕਿਹਾ ਸੀ। ਜਿਤਨੀ ਮਰਜ਼ੀ ਅਕਲ ਦੌੜਾ ਲਵੋ, ਕਿਤਨੀ ਵਿਆਖਿਆ ਕਰ ਲਵੋ, ਆਖ਼ਰ ਤਸੱਲੀ, ਨਿਸ਼ਾ ਨਾਮ ਨੇ ਹੀ ਕਰਨੀ


www.sikhbookclub.com

ਹੈ । **'ਸਗਲ ਮਤਾਂਤ ਕੇਵਲ ਹਰਿ ਨਾਮ'** । ਵਾਹਿਗੁਰੂ ਦੀ ਯਾਦ ਵਿਚ ਜੁੜੇ ਵਿਚ ਹੀ ਵਾਹਿਗੁਰੂ ਨੇ ਮਲਕੜੇ ਜਿਹੇ ਆ ਟਿਕਣਾ ਹੈ । ਮਨ ਦਾ ਟਿਕਾ ਭਗਤੀ ਰਾਹੀਂ ਹੀ ਹੋਣਾ ਹੈ । ਡਰ ਹੈ ਕਿ ਕਿਧਰੇ ਹੰਕਾਰ ਦਾ ਦਾਅ ਨਾ ਪੈ ਜਾਏ ਸੋ ਚਿਤਾਵਨੀ ਦੇਂਦੇ ਹਨ ਕਿ ਉਸ ਨੂੰ ਪਾ ਕੇ ਵੱਖਰਾ ਨਾ ਹੋ ਬੈਠੀਂ । ਹਰ ਅਪਰਾਧ ਦਾ ਨਾਸ ਸਾਧ ਸੰਗਤ ਵਿਚ ਹੋਣਾ ਹੈ । ਕਿਸੇ ਯੱਗ, ਤਪ, ਕਰਮ ਜਾਂ ਤਰੱਦਦ ਨਾਲ ਨਹੀਂ ਹੋਣਾ । ਮੌਤ ਦਾ ਡਰ ਵੀ ਸਾਧ ਸੰਗਤ ਦੀ ਕ੍ਰਿਪਾ ਨਾਲ ਹਟਣਾ ਹੈ । ਸਾਧ-ਸੰਗ ਕੀਤਿਆਂ ਹੀ ਇਹ ਨਿਰਭੈਤਾ ਤੇ ਬੇ-ਪ੍ਰਵਾਹ ਹੋਣ ਦਾ ਤੁਹਫਾ (ਦਾਨ) ਮਿਲਣਾ ਹੈ । 'ਨਿਰਭਉ ਹੋਇ ਭਜਹੁ ਭਗਵਾਨ । ਸਾਧ ਸੰਗਤਿ ਮਿਲਿ ਕੀਨੋ ਦਾਨੁ ।' ਦਾ ਹੁਕਮ ਵੀ ਗੁਰੂ ਅਰਜਨ ਦੇਵ ਜੀ ਨੇ ਹੀ ਕੀਤਾ ਹੈ । ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਜਿਸ ਦੇ ਮਸਤਕ ਦੇ ਭਾਗ ਵਾਹਿਗੁਰੂ ਕ੍ਰਿਪਾ ਕਰਕੇ ਜਗਾ ਦੇਵੇ, ਉਸ ਨੂੰ ਹੀ ਸਾਧ ਸੰਗਤ ਬਖ਼ਸ਼ਦਾ ਹੈ । ਸੰਗਤ ਮਿਲ ਜਾਣੀ ਹੀ ਪ੍ਰਭੂ ਦੀ ਕ੍ਰਿਪਾ ਤੇ ਮੱਥੇ ਦੇ ਭਾਗ ਜਾਗਣੇ ਹਨ । ੭ ।

**ਸ਼ਬਦ ਭਾਵ :**

**ਨਿਧਾਨੁ :** ਖ਼ਜ਼ਾਨਾ ਗੁਣਾਂ ਦਾ । ਨਾਮ ਦਾ ।

**ਸਭ ਜੁਗ ਮਹਿ :** ਕੋਈ ਵੀ ਦਸ਼ਾ ਹੋਵੇ, ਕੈਸੇ ਵੀ ਹਾਲਾਤ ਹੋਣ, ਕੋਈ ਅਵਸਥਾ ਹੋਵੇ । (How ever circumstanced man may be)

**ਨਾਮ ਧੁਨਿ :** ਹਰ ਵੇਲੇ ਹਜ਼ੂਰੀ ਦੇ ਅਨੰਦ ਦਾ ਸੁਆਦ ਮਿਲਦੇ ਰਹਿਣਾ । ਮਿੱਠੀ ਮਿੱਠੀ ਧੁਨੀ ਅੰਦਰੋਂ ਉਠਦੀ ਰਹਿਣੀ । ਰਸ ਦਾ ਲਗਾਤਾਰ ਹੋ ਜਾਣਾ । ਅਮੁਕ ਅਨੰਦ । (**M**usic of holy name).

**ਸਗਲ ਮਤਾਂਤ :** ਸਭ ਅਕਲਾਂ ਦੀ ਦੌੜ-ਭੱਜ ।

**ਕਰਮ :** ਰਹਿਮਤ । ਬਖ਼ਸ਼ਸ਼ । ੭ ।

## *ਅਠਵੀਂ ਪਉੜੀ*

**ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥**
**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**
**ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥**
**ਦੁਲਭ ਦੇਹ ਤਤਕਾਲ ਉਧਾਰੈ ॥**
**ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥**
**ਏਕੁ ਨਾਮੁ ਮਨ ਮਾਹਿ ਸਮਾਨੀ ॥**
**ਦੂਖ ਰੋਗ ਬਿਨਸੇ ਭੈ ਭਰਮ ॥**
**ਸਾਧ ਨਾਮ ਨਿਰਮਲ ਤਾ ਕੇ ਕਰਮ ॥**
**ਸਭ ਤੇ ਊਚ ਤਾ ਕੀ ਸੋਭਾ ਬਨੀ ॥**
**ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥**

 www.sikhbookclub.com

### ਵਿਸਥਾਰ

ਜਿਸ ਜੀਵ ਦੇ ਹਿਰਦੇ ਹਜ਼ੂਰੀ ਦਾ ਪ੍ਰਕਾਸ਼ ਹੋ ਜਾਂਦਾ ਹੈ ਉਹ ਪ੍ਰੇਮ ਨਾਲ ਟਿਕ ਕੇ ਬਾਣੀ ਨੂੰ ਸੁਣਦਾ ਹੈ। ਫਿਰ ਪ੍ਰਭੂ ਉਸ ਦੇ ਚੇਤੇ ਵਿਚ ਅਜਿਹਾ ਢਲ ਜਾਂਦਾ ਹੈ ਕਿ ਕਦੇ ਵਿਸਰਦਾ ਨਹੀਂ।

ਵਾਹਿਗੁਰੂ ਨਾ ਵਿਸਰਨ ਕਰਕੇ ਜੀਵਨ ਭਰ ਦੁੱਖ ਨੇੜੇ ਨਹੀਂ ਆਉਂਦੇ ਤੇ ਮਰਨ ਉਪਰੰਤ ਵੀ ਕਿਸੇ ਦੁੱਖ ਨੂੰ ਨਹੀਂ ਪੈਂਦਾ। ਵਿਛੋੜੇ ਦਾ ਦੁੱਖ ਨਾ ਇਥੇ ਤੇ ਨਾ ਮਰਨ ਉਪਰੰਤ ਸਹਾਰਨਾ ਪੈਂਦਾ ਹੈ। ਇਹ ਮਨੁੱਖਾ ਸਰੀਰ ਜੋ ਬੜੀ ਮੁਸ਼ਕਲ ਨਾਲ ਮਿਲਦਾ ਹੈ, ਵਿਛੋੜਾ ਦੂਰ ਹੋ ਜਾਣ ਕਾਰਨ ਉਸੇ ਵੇਲੇ ਮਨੁੱਖਾ ਸਰੀਰ ਵਿਚ ਹੀ (ਤਤ-ਕਾਲ) ਪੂਰਨਤਾ ਨੂੰ ਜਾ ਪਹੁੰਚਦਾ ਹੈ। ਭਟਕਣਾ ਮੁੱਕ ਜਾਂਦੀ ਹੈ। 'ਪੂਰਨ ਕਦੇ ਨ ਡੋਲਤਾ'। ਜਿਸ ਨੂੰ ਵਾਹਿਗੁਰੂ ਦੀ ਹਜ਼ੂਰੀ ਦਾ ਅਨੰਦ ਮਿਲ ਜਾਏ, ਉਸ ਦੀ ਸੋਭਾ ਬੇਦਾਗ ਹੋ ਜਾਂਦੀ ਹੈ। ਬੋਲ ਅਤਿ ਮਿੱਠੇ ਪਰ ਅਟੱਲ ਸਚਾਈਆਂ ਨਾਲ ਭਰੇ ਹੁੰਦੇ ਹਨ।

ਨਾ ਉਸ ਨੂੰ ਕੋਈ ਆਤਮਿਕ ਦੁੱਖ ਸਤਾਂਦਾ ਹੈ, ਨਾ ਸਰੀਰਕ ਰੋਗ ਚੰਬੜਦੇ ਹਨ, ਨਾ ਹੀ ਕੋਈ ਡਰ ਪੁੰਹਦਾ ਹੈ ਤੇ ਨਾ ਹੀ ਭਰਮ ਘੇਰਦੇ ਹਨ। ਐਸੇ ਪੁੱਜੇ, ਪੁੱਗੇ ਪਾਵਨ ਪੁਰਸ਼ਾਂ ਦਾ ਨਾਮ ਸਾਧ ਪੈ ਜਾਂਦਾ ਹੈ ਉਨ੍ਹਾਂ ਵਿਚ ਬਣਾਵਟ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਹਰ ਕਰਮ ਪਾਜ-ਰਹਿਤ ਹੁੰਦਾ ਹੈ।

ਐਸੇ ਸਾਧੂਆਂ ਦੀ ਸ਼ਖਸੀਅਤ ਅਤਿ ਉੱਚੀ ਹੁੰਦੀ ਹੈ, ਸੋਭਾ ਸਿਖਰਾਂ ਨੂੰ ਜਾ ਛੂੰਹਦੀ ਹੈ। ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਰੂਪ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਸੇ ਕਾਰਨ ਪ੍ਰਭੂ ਦੀ ਹਜ਼ੂਰੀ ਮਾਣਨ ਨੂੰ ਸੁੱਖ ਦੇਣ ਵਾਲਾ ਕੀਮਤੀ ਗੌਹਰ ਕਿਹਾ ਹੈ।

SIKHBOOKCLUB.COM

ਭਾਵ 'ਸੁਖਮਨੀ' ਨਾਂ ਦੀ ਬਾਣੀ ਨੂੰ ਪੜ੍ਹਦਿਆਂ, ਸੁਣਦਿਆਂ, ਕਮਾਂਵਦਿਆਂ ਸੁੱਖਾਂ ਦੀ ਪ੍ਰਾਪਤੀ, ਵਾਹਿਗੁਰੂ ਦੀ ਹਜ਼ੂਰੀ ਦਾ ਅਨੰਦ ਅਤੇ ਐਸਾ ਪੂਰਨ ਪ੍ਰਕਾਸ਼ ਹੁੰਦਾ ਹੈ ਕਿ ਮਨ ਦਾ ਟਿਕਾ ਕਦੇ ਜਾਂਦਾ ਹੀ ਨਹੀਂ। ੮। ੨੪।

**ਸ਼ਬਦ ਭਾਵ :**

ਪ੍ਰੀਤਿ : ਪ੍ਰੇਮ ਨਾਲ। ਸ਼ਰਧਾ ਪਿਆਰ। (Loving Devotion)
ਦੁਲਭ ਦੇਹ : ਬੜੀ ਮੁਸ਼ਕਿਲ ਨਾਲ ਮਿਲਿਆ ਇਹ ਸਰੀਰ। ਕੀਮਤੀ ਮਨੁੱਖਾ ਜੀਵਨ।
ਤਤਕਾਲ : ਉਸੇ ਵੇਲੇ। ਇਸੇ ਜਨਮ ਵਿਚ। ਇਹ ਨਹੀਂ ਕਿ ਫਲ ਅਗਲੇ ਜਨਮ ਜਾ ਕੇ ਮਿਲੇਗਾ। (Instantly)
ਨਿਰਮਲ ਸੋਭਾ : ਬੇਦਾਗ ਸਿਫ਼ਤ। (Spotless fame)
ਅੰਮ੍ਰਿਤ : ਮਿੱਠੀ ਪਰ ਅਟੱਲ ਸਚਾਈ ਭਰੀ। (Sweet and immortal)
ਦੂਖ : ਆਤਮਿਕ ਪੀੜ ਜੋ ਵਿਛੋੜੇ ਕਾਰਨ ਉਠਦੀ ਹੈ। (Sorrow)
ਰੋਗ : ਜੋ ਸਰੀਰ ਨੂੰ ਆ ਚੰਬੜਦੇ ਹਨ। (Pains)
ਭੈ : ਹਰ ਪ੍ਰਕਾਰ ਦੇ ਡਰ।
ਭਰਮ : ਵਹਿਮ।
ਸੁਖਮਨੀ : ਸੁੱਖਾਂ ਦਾ ਗੌਹਰ ਹੀਰਾ। (Jewel of Bliss)